# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਦੀ ਵਿਸ਼ੇਸ਼ਤਾ

# SHRI GURU GRANTH SAHIB WICH BHAGAT BANI THE VISESHTA

**THESIS**

SUBMITTED TO THE PANJAB UNIVERSITY,
CHANDIGARH
FOR THE DEGREE OF

**DOCTOR OF PHILOSOPHY**

IN THE FACULTY OF LANGUAGES

1987

**Hakam Singh**
Lecturer in Panjabi
Government College,
ZIRA

## ਭੂਮਿਕਾ

ਮੱਧ-ਕਾਲੀਨ ਭਗਤੀ-ਕਾਵਿ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਵਿਸ਼ੇਸ ਸਥਾਨ ਰਖਦਾ ਹੈ । ਇਹ ਭਗਤੀ-ਕਾਵਿ ਪੰਜਾਬੀ ਜਗਤ ਨੂੰ ਭਾਰਤੀ ਚਿੰਤਨ ਨਾਲ ਜੋੜਦਾ ਹੈ । ਜੈ ਦੇਵ ਭਗਤ ਦੀ ਬਾਣੀ ਤੋਂ ਲੈਕੇ ਸੂਰਦਾਸ ਆਦਿ ਪੰਦਰਾਂ ਭਗਤ ਕਵੀਆਂ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਆਪਣੇ ਸਮਕਾਲੀ ਜੀਵਨ ਤੇ ਪਿਛਲੇਰੇ ਸਮੇਂ ਲਈ ਸਮਾਜਿਕ ਅਧਿਆਤਮਕ ਤੇ ਸਾਹਿੱਤਕ ਖੇਤਰ ਵਿਚ ਅਦੁੱਤੀ ਦਰਜੇ ਦੇ ਪਾਤਰ ਹਨ । ਇਹੋ ਕਾਰਨ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਇਹਨਾਂ ਭਗਤਾਂ ਦੀ ਉਸ ਬਾਣੀ ਨੂੰ ਦਰਜ ਕੀਤਾ ਜੋ ਜੀਵਨ-ਮੁਖੀ ਤੇ ਗੁਰਮਤਿ ਆਸ਼ੇ ਅਨੁਕੂਲ ਸੀ ।

ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਅਸਲੀ ਤੇ ਸ਼ੁੱਧ ਰੂਪ ਵਿਚ ਦਰਜ ਹੈ । ਪ੍ਰੰਤੂ ਅੱਜ ਤੱਕ ਇਸ ਸਮੁੱਚੀ ਬਾਣੀ ਦੀ ਕੋਈ ਸਰਬ-ਪੱਖੀ ਅਧਿਐਨ ਨਹੀਂ ਕੀਤਾ ਗਿਆ । ਜਾਂ ਤਾਂ ਕਿਸੇ ਇਕ ਹੀ ਭਗਤ ਕਵੀ ਤੇ ਕੰਮ ਕੀਤਾ ਗਿਆ ਹੈ ਜਾਂ ਫਿਰ ਦੋ ਭਗਤ ਕਵੀਆਂ ਦਾ ਤੁਲਨਾਤਮਕ ਅਧਿਐਨ । ਭਗਤੀ ਲਹਿਰ ਨੂੰ ਸਮਝਣ ਲਈ ਤੇ ਗੁਰੂ ਗ੍ਰੰਥ ਵਿਚ ਦਰਜ ਸਮੁੱਚੀ ਬਾਣੀ ਨੂੰ ਮਧਕਾਲੀਨ ਭਾਰਤੀ ਜੀਵਨ ਦਾ ਦਰਪਨ ( ਵਿਸ਼ੇਸ ਕਰਕੇ ਅਧਿਆਤਮਕ, ਸਾਹਿੱਤਕ ਤੇ ਸਮਾਜਿਕ ਪ੍ਰਕਰਣ ਵਿਚ ) ਲਈ ਅਜਿਹੇ ਅਧਿਐਨ ਦੀ ਲੋੜ ਖਟਕਦੀ ਸੀ । ਦੂਸਰੇ ਜਿਤਨੇ ਵੀ ਗ੍ਰੰਥ ਜਾਂ ਸੋਧ-ਪ੍ਰਬੰਧ ਲਿਖੇ ਗਏ ਹਨ, ਉਹਨਾਂ ਵਿਚ ਅਲੌਕਿਕਤਾ ਨੂੰ ਪ੍ਰਧਾਨ ਥਾਂ ਦੇਣ ਦਾ ਯਤਨ ਕੀਤਾ ਗਿਆ ਹੈ । ਤਾਰਕਿਕ ਤੇ ਕਰਾਮਾਤ ਮੁਕਤ ਅਧਿਐਨ ਦੀ ਵੀ ਲੋੜ ਭਾਸਦੀ ਹੈ, ਪ੍ਰੰਤੂ ਕਈ ਥਾਈਂ ਭਗਤ ਕਵੀਆਂ ਦੀ ਬਾਣੀ ਨੂੰ ਛੁਟਿਆਉਣ ਦਾ ਯਤਨ ਕੀਤਾ ਗਿਆ ਹੈ ( ਡਾ. ਮੋਹਨ ਸਿੰਘ ਦੀਵਾਨਾ )

ਭਗਤਾਂ ਦੀ ਬਾਣੀ ਵਲ ਸਾਡੇ ਪੰਜਾਬੀ ਸਾਹਿੱਤ ਦੇ ਵਿਦਿਵਾਨਾਂ ਦਾ ਧਿਆਨ ਬਹੁਤ ਘਟ ਗਿਆ ਹੈ । ਜੇ ਕਿਸੇ ਵਿਦਿਵਾਨ ਨੇ ਇਧਰ ਰੁੱਖ ਕੀਤਾ ਵੀ ਹੈ ਤਾਂ ਉਸ ਨੇ ਭਗਤਾਂ ਦੀ ਬਾਣੀ ਦੀ ਖੁਦਹੋਂਦ ਤੋਂ ਵੀ ਟਪਲਾ ਖਾਧਾ । ਉਹ ਧਾਰਮਿਕ ਵਿਸ਼ਵਾਸ ਦੇ ਅਨ੍ਹੇਰੇ ਪੱਖ ਦਾ ਸ਼ਿਕਾਰ ਹੋ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ

ਦੀ ਬਾਣੀ ਨੂੰ ਉਹਨਾਂ ਦੀ ਬਾਣੀ ਨਾ ਮੰਨ ਕੇ ਸਗੋਂ ਇਹ ਬਾਣੀ ਵੀ ਗੁਰੂ ਅਰਜਨ ਦੇਵ ਜੀ ਰਾਹੀਂ ਰਚੀ ਸਿੱਧ ਕਰਕੇ ਸਾਹਿਤ ਦੀ ਸੇਵਾ ਕਰਨ ਦੀ ਬਜਾਏ ਗੁਰੂਆਂ ਅਤੇ ਭਗਤਾਂ ਦੋਹਾਂ ਪ੍ਰਤੀ ਨਿਰਾਦਰ ਦਾ ਪ੍ਰਗਟਾਵਾ ਕਰਦੇ ਹਨ । ਉਦਾਹਰਣ ਵਜੋਂ ਪੰਡਤ ਤਾਰਾ ਸਿੰਘ ਜੀ ਨਰੋਤਮ ਦਾ ਨਾਮ ਲਿਆ ਜਾ ਸਕਦਾ ਹੈ । ਭਗਤਾਂ ਦੀ ਬਾਣੀ ਦੀ ਖੋਜ ਕਰਨ ਦਾ ਦੂਜਾ ਮਨੋਰਥ ਇਹੋ ਜਿਹੇ ਟਪਲੇ ਦੂਰ ਕਰਕੇ ਭਗਤਾਂ ਦੇ ਦਸੇ ਗਾਡੀ ਰਾਹ ਤੇ ਚਲ ਕੇ ਹੋਰ ਸੰਗਤਾਂ ਨੂੰ ਵੀ ਇਸੇ ਰਾਹ ਲਾਉਣ ਲਈ ਇਹ ਜਤਨ ਅਰੰਭਿਆ ਹੈ ।

ਪੰਜਾਬੀ ਸਾਹਿਤ ਵਿੱਚ ਕੁਝ ਵਿਦਵਾਨਾਂ ਨੇ ਭਗਤ-ਬਾਣੀ ਦੇ ਪ੍ਰਸੰਗ ਵਿਚ ਬਹੁਤ ਸ਼ਲਾਘਾ ਯੋਗ ਕੰਮ ਕੀਤਾ ਹੈ । ਪਰ ਉਹਨਾਂ ਨੇ ਭੀ ਕੁਝ ਪ੍ਰਮੁੱਖ ਭਗਤ ਕਵੀਆਂ, ਜਿਵੇਂ ਕਬੀਰ, ਰਵਿਦਾਸ ਆਦਿ ਭਗਤਾਂ ਸੰਬੰਧੀ ਹੀ ਲਿਖਿਆ ਹੈ। ਰਹਿੰਦੇ ਭਗਤ ਜਿਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹਨਾਂ ਬਾਰੇ ਵੀ ਉਸੇ ਸ਼ਰਧਾ ਲਗਨ ਤੇ ਮਿਹਨਤ ਨਾਲ ਕੰਮ ਕਰਨਾ ਜਿਤਨਾ ਕਿ ਗੁਰੂਆਂ ਬਾਰੇ ਹੋਇਆ ਹੈ, ਇਹ ਖੋਜ-ਕਾਰਜ ਦਾ ਤੀਸਰਾ ਮਨੋਰਥ ਹੈ ।

ਅਜੋਕੇ ਹਾਲਾਤ ਦੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਦਾ ਮਹੱਤਵ ਹੋਰ ਵੱਧ ਜਾਂਦਾ ਹੈ ਇਹਨਾਂ ਦੀ ਬਾਣੀ ਨਾਲ ਗੁਰੂ ਗ੍ਰੰਥ ਸਾਹਿਬ ਦੀ ਅਪੀਲ ਪੰਜਾਬ ਤੇ ਖਾਸ ਕਰ ਸਿੱਖਾਂ ਤਕ ਹੀ ਸੀਮਿਤ ਨਹੀਂ ਰਹਿੰਦੀ ਸਗੋਂ ਸਮੁੱਚੀ ਮਾਨਵਤਾ ਨੂੰ ਆਪਣੇ ਘੇਰੇ ਵਿਚ ਲਿਆਉਣ ਦੀ ਸਮਰੱਥਾ ਰਖਦੀ ਹੈ। ਇਸ ਲਈ ਭਗਤਾਂ ਦੀ ਬਾਣੀ ਦੀ ਉਸ ਮਹੱਤਤਾ ਨੂੰ ਉਜਾਗਰ ਕਰਨਾ ਵੀ ਇਸ ਖੋਜ-ਕਾਰਜ ਦਾ ਉਦੇਸ਼ ਹੈ। ਜਿਸ ਨਾਲ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਰਾਸ਼ਟਰੀ ਗ੍ਰੰਥ ਦੀ ਪਦਵੀ ਹੀ ਪ੍ਰਾਪਤ ਨਹੀਂ ਹੁੰਦੀ ਸਗੋਂ ਇਹ ਦੁਨੀਆਂ ਦੇ ਮਹਾਨ ਫਿਲਾਸਫਰ ਬਰਟਰੰਡ ਰਸਲ ਨੇ ਵੀ ਦਿੜ੍ਹਾਇਆ ਹੈ ਕੇ ਗੁਰਬਾਣੀ ਦੇ ਆਧਾਰ ਤੇ ਮਨੁੱਖਤਾ ਇਕ ਹੋ ਸਕਦੀ ਹੈ ਇਸ ਦੇ ਸਰਬਸਾਂਝੇ ਲਛਣਾਂ ਦੀ ਧੁੰਨੀ ਸਾਰੇ ਸੰਸਾਰ ਦੇ ਬ੍ਰਹਿਮੰਡ ਵਿੱਚ ਗੂੰਜਦੀ ਹੈ। ਜਿਸ ਵਿਚ ਨਾ ਕੋਈ ਧਰਮਾਂ ਦਾ ਵਖਰੇਵਾ ਨਾ ਊਚ-ਨੀਚ ਦੀ ਲਾਹਨਤ ਨਾਲ ਇਸਤਰੀ ਪੁਰਖ ਤੇ ਧਾਰਮਿਕ ਅਜ਼ਾਦੀ ਵਿੱਚ ਅੰਤਰ, ਨਾ ਜ਼ੁਲਮ ਕਰਨ ਤੇ ਜ਼ੁਲਮ ਸਹਿਣ ਜਿਹੇ ਸਾਰਥਕ ਸਿਧਾਂਤ ਇਹਨਾਂ ਭਗਤਾਂ ਦੀ ਬਦੌਲਤ ਮਰੇ ਹੋਏ ਸਮਾਜ ਵਿੱਚ ਜੀਂਦੇ ਰਹੇ ।

ਪੰਜਾਬੀ ਸਹਿੱਤ ਦੇ ਇਤਿਹਾਸਕਾਰਾਂ ਨੇ ਇਹਨਾਂ ਭਗਤ-ਕਵੀਆਂ ਨੂੰ ਵੀ ਉਹ ਮਹਤੱਤਾ ਨਹੀਂ ਦਿੱਤੀ ਜਿਸ ਦੇ ਇਹ ਹਕਦਾਰ ਸੀ । ਬਾਬਾ ਫਰੀਦ, ਕਬੀਰ ਜਾਂ ਰਵਿਦਾਸ ਬਿਨਾਂ ਕਿਸੇ ਵੀ ਭਗਤ ਕਵੀ ਤੇ ਬਹੁਤੀ ਚਰਚਾ ਨਹੀ ਹੋਈ ।

ਸਹੀ ਇਹ ਹੈ ਕਿ ਅਜੇ ਤਕ ਸਮੁੱਚੀ ਭਗਤ ਬਾਣੀ ਦਾ ਕੋਈ ਸਰਵ ਪੱਖੀ ਤੇ ਸੁਤੰਤਰ ਅਧਿਐਨ ਹੋਇਆ ਹੀ ਨਹੀਂ ਜਿਸ ਵਿਚ ਭਗਤ ਬਾਣੀ, ਭਗਤ-ਕਵੀਆਂ ਦੇ ਜੀਵਨ, ਭਗਤੀ-ਕਾਵਿ ਦੀ ਰੂਪਕ ਵਿਸ਼ੇਸਤਾ ਤੇ ਉਹਨਾਂ ਦੀ ਗੁਰੂ ਕਵੀਆਂ ਦੀ ਮੁਹਰ-ਛਾਪ ਤੇ ਗੁਰਮਤਿ ਨੇੜਤਾ ਉਜਾਗਰ ਹੁੰਦੀ ਹੋਵੇ । ਮੈਂ ਆਪਣੇ ਇਸ ਸੋਧ-ਪ੍ਰਬੰਧ ਵਿਚ ਸਾਰੇ ਭਗਤ-ਕਵੀਆਂ ਨੂੰ ਇਕੋ ਜਿਹਾ ਮਹਤੱਵ ਦਿੰਦਿਆਂ ਹੋਇਆ ਸਾਰਿਆ ਉਪਲਬਧ ਸੋਮਿਆਂ ਗੁਰ-ਆਸੇ ਤੇ ਪੂਰੇ ਉਤਰਦੇ ਤੱਥਾਂ ਨੂੰ ਧਿਆਨ'ਚ ਰੱਖਕੇ ਪ੍ਰਸਤੁੱਤ ਕਰਨ ਦਾ ਯਤਨ ਕੀਤਾ ਹੈ । ਇਸ ਅਧਿਐਨ ਨੂੰ ਸੰਪਨ ਕਰਨ ਲਈ ਪ੍ਰਸਤੁਤ ਸੋਧ-ਪ੍ਰਬੰਧ ਦੀ ਅਧਿਆਵਾਂ ਅਨੁਸਾਰ ਰੂਪ-ਰੇਖਾ ਅਤੇ ਸਾਰ ਇਸ ਪ੍ਰਕਾਰ ਹੈ ।

ਪਹਿਲੇ ਅਧਿਆਏ ਵਿਚ ਭਗਤੀ-ਲਹਿਰ ਦੇ ਪਿਛੋਕੜ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਵਿਚਾਰ ਕੀਤੀ ਜਾਵੇਗੀ ਤਾਂ ਜੋ ਮੱਧਕਾਲੀਨ ਲਹਿਰ ਦੇ ਹੇਤੂ ਕਾਰਨਾਂ ਤੇ ਕਾਰਕਾਂ ਦਾ ਸਹੀ ਸਥਾਨ ਨਿਰਧਾਰਿਤ ਕੀਤਾ ਜਾ ਸਕੇ । ਦੂਸਰੇ ਅਧਿਆਇ ਵਿਚ ਭਗਤ-ਕਵੀਆਂ ਦੇ ਜੀਵਨ ਤੇ ਰਚਨਾਂ ਤੇ ਸਮਕਾਲੀਨਤਾ ਬਾਰੇ ਚਰਚਾ ਕੀਤੀ ਜਾਵੇਗੀ ਤਾਂ ਜੋ ਹਰੇਕ-ਭਗਤ ਕਵੀ ਦਾ ਪੂਰਵਜਾਂ ਤੋਂ ਗ੍ਰਹਿਣ ਕੀਤਾ ਪ੍ਰਭਾਵ ਤੇ ਉਤਰਾਧਿਕਾਰੀਆਂ ਤੇ ਪਏ ਪ੍ਰਭਾਵਾਂ ਦਾ ਜਾਇਜ਼ਾ ਲਿਆ ਜਾ ਸਕੇ । ਤੀਸਰੇ ਅਧਿਆਇ ਵਿਚ ਭਗਤ ਬਾਣੀ ਤੇ ਗੁਰਬਾਣੀ ਨੂੰ ਤੁਲਨਾਤਿਮਕ ਰੂਪ ਵਿਚ ਵਿਚਾਰਿਆ ਜਾਏਗਾ । ਗੁਰਮਤਿ ਦੇ ਸਿਧਾਂਤਾ ਅਨੁਸਾਰ ਭਗਤ ਬਾਣੀ ਦਾ ਵਿਵੇਚਨ ਵੀ ਕੀਤਾ ਜਾਵੇਗਾ ।

ਚੌਥੇ ਅਧਿਆਇ ਵਿਚ ਭਗਤ ਬਾਣੀ ਦੇ ਵਿਸ਼ੇ ਵਸਤੂ ਤੇ ਚਰਚਾ ਕੀਤੀ ਜਾਵੇਗੀ ਤਾਂ ਜੋ ਸਮੁੱਚੇ ਧਾਰਮਿਕ ਸਾਹਿਤ ਵਿਚ ਇਸ ਬਾਣੀ ਦਾ ਸਥਾਨ ਤੇ ਮਹਤੱਵ ਦਰਸਾਇਆ ਜਾ ਸਕੇ ।

ਪੰਜਾਵੇਂ ਅਧਿਆਏ ਵਿਚ ਭਗਤ-ਬਾਣੀ ਦੇ ਰੂਪਕ ਪੱਖ ਨੂੰ ਵਿਚਾਰਿਆ ਜਾਵੇਗਾ । ਇਸ ਤੋ ਇਹ ਜਾਨਣ'ਚ ਸਹਾਇਤਾ ਮਿਲੇਗੀ ਕਿ ਭਗਤੀ ਕਾਵਿ ਦੇ ਰੂਪਕ ਪੱਖੋ ਉਹ ਕਿਹੜੇ ਤੱਤਵ ਹਨ ਜੋ ਇਸ ਨੂੰ ਕਲਾਸਕੀ ਬਣਾਉਦੇ ਹਨ ।

ਮੈਂ ਇਹ ਸੋਧ-ਪ੍ਰਬੰਧ ਡਾ. ਧਰਮ ਪਾਲ ਸਿੰਗਲ, ਮੁਖੀ ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਦੇ ਸੁਯੋਗ ਨਿਰਦੇਸ਼ਨ ਤੇ ਅਗਵਾਈ ਹੇਠ ਤਿਆਰ ਕੀਤਾ ਹੈ । ਡਾਕਟਰ ਸਾਹਿਬ ਦੀ ਤਾਰਕਿਕ ਦ੍ਰਿਸ਼ਟੀ ਤੇ ਵਿਗਿਆਨਕ ਪਹੁੰਚ ਨੇ ਮੇਰੇ ਇਸ ਸੋਧ-ਪ੍ਰਬੰਧ ਨੂੰ ਵਿਸ਼ਲੇਸ਼ਣਾਤਮਕ ਤੇ ਤੱਥ-ਯੁਕਤ ਤੇ ਤਰਕਸ਼ੀਲ ਬਣਾਉਣ'ਚ ਮੇਰਾ ਮਾਰਗ-ਦਰਸ਼ਨ ਕੀਤਾ ਹੈ । ਉਹਨਾਂ ਦਾ ਮੈਂ ਬਹੁਤ ਹੀ ਰਿਣੀ ਹਾਂ । ਉਹਨਾਂ ਦੀ ਅਗਵਾਈ ਬਿਨਾਂ ਇਹ ਕਾਰਜ ਸੰਪੂਰਨ ਨ ਹੋ ਸਕਦਾ । ਮੈਂ ਡਾ. ਹਰਮਿੰਦਰ ਸਿੰਘ ਬੇਦੀ --- ਸ੍ਰੀ ਮਤੀ ਡਾ. ਗੁਰਨਾਮ ਕੌਰ --- ਗਿਆਨੀ ਲਾਲ ਸਿੰਘ --- ਡਾ. ਗੁਰਚਰਨ ਸਿੰਘ --- ਪ੍ਰੋ. ਅਤੇ ਸਿੰਘ, ਡਾ. ਤਰਸੇਮ ਧਾਰੀਵਾਲ ਆਦਿ ਦਾ ਵੀ ਸਮੇਂ ਸਮੇਂ ਮਿਲੇ ਸੁਝਾਵਾਂ ਲਈ ਬਹੁਤ ਸ਼ੁਕਰ ਗੁਜ਼ਾਰ ਹਾਂ ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ --- ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਭਾਸ਼ਾ ਵਿਭਾਗ, ਪਟਿਆਲਾ, ਗੁਰੂ ਰਾਮਦਾਸ ਲਾਇਬ੍ਰੇਰੀ, ਖਾਲਸਾ ਕਾਲਜ, ਅੰਮ੍ਰਿਤਸਰ, ਸਿੱਖ ਰੈਫਰੈਂਸ ਲਾਇਬ੍ਰੇਰੀ, ਸਰਕਾਰੀ ਕਾਲਜ ਜ਼ੀਰਾ ਦੇ ਪੁਸਤਕਾਲਿਆ ਤੋਂ ਵੀ ਮੈਨੂੰ ਅਧਿਐਨ ਲਈ ਸਾਮਗ੍ਰੀ ਵੇਲੇ ਸਿਰ ਪ੍ਰਾਪਤ ਹੁੰਦੀ ਰਹੀ ਹੈ, ਇਸ ਲਈ ਮੈਂ ਸੰਬਧਿਤ ਪੁਸਤਕਾਲਯ ਦੇ ਲਾਇਬ੍ਰੇਰੀਅਨਾਂ ਦਾ ਵੀ ਰਿਣੀ ਹਾਂ ।

*****
***
**
*

# ਤਤਕਰਾ

ਭੂਮਿਕਾ — ਪੰਨਾ ਨੰ :

## ਅਧਿਆਇ ਪਹਿਲਾ

### ਭਗਤੀ ਮਤ ਦਾ ਪਿਛੋਕੜ


| | | |
|---|---|---|
| 1.1 | ਵੇਦਾਂ ਵਿਚ ਭਗਤੀ | 12 - 16 |
| 1.2 | ਉਪਨਿਸਦਾਂ ਵਿਚ ਭਗਤੀ | 16 - 17 |
| 1.3 | ਪੁਰਾਣਾਂ ਵਿਚ ਭਗਤੀ | 17 - 19 |
| 1.4 | ਭਗਵਤ ਗੀਤਾ ਵਿਚ ਭਗਤੀ | 19 - 21 |
| 1.5 | ਸੂਤਰ ਗ੍ਰੰਥਾਂ ਵਿਚ ਭਗਤੀ | 21 - 22 |
| 1.6 | ਜੈਨ ਮਤ ਵਿਚ ਭਗਤੀ | 22 - |
| 1.7 | ਬੁੱਧ ਮਤ ਵਿਚ ਭਗਤੀ | 23 - 25 |
| 1.8 | ਸੰਕਰਾਚਾਰਯ ਤੇ ਭਗਤੀ | 26 - 27 |
| 1.9 | ਭਗਤੀ ਮਾਰਗ ਤੇ ਭਗਤ | 27 - 28 |
| 1.10 | ਗੁਰਮਤਿ ਤੇ ਭਗਤੀ | 28 - 30 |
| | ਪੈਰ ਟਿਪਣੀਆਂ ਤੇ ਹਵਾਲੇ | 31 - 33 |

ਪੰਨਾ ਨੰ :

## ਅਧਿਆਇ ਦੂਸਰਾ:

### ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਗਤਾਂ ਦੇ ਜੀਵਨ ਸੰਬੰਧੀ ਜਾਣਕਾਰੀ


| | | |
|---|---|---|
| 2.1 | ਭਗਤ ਜੈ ਦੇਵ | 35 - 42 |
| 2.2 | ਸ਼ੇਖ ਫਰੀਦ ਜੀ | 43 - 51 |
| 2.3 | ਭਗਤ ਤ੍ਰਿਲੋਚਨ ਜੀ | 52 - 56 |
| 2.4 | ਭਗਤ ਨਾਮਦੇਵ ਜੀ | 57 - 62 |
| 2.5 | ਭਗਤ ਸਧਨਾ ਜੀ | 62 - 66 |
| 2.6 | ਭਗਤ ਬੇਣੀ ਜੀ | 66 - 69 |
| 2.7 | ਭਗਤ ਰਾਮਾਨੰਦ ਜੀ | 69 - 74 |
| 2.8 | ਭਗਤ ਕਬੀਰ ਜੀ | 74 - 82 |
| 2.9 | ਭਗਤ ਰਵਿਦਾਸ ਜੀ | 82 - 90 |
| 2.10 | ਭਗਤ ਪੀਪਾ ਜੀ | 90 - 94 |
| 2.11 | ਭਗਤ ਸੈਣ ਜੀ | 94 - 97 |
| 2.12 | ਭਗਤ ਧੰਨਾ ਜੀ | 97 - 101 |
| 2.13 | ਭਗਤ ਭੀਖਣ ਜੀ | 101 - 103 |
| 2.14 | ਭਗਤ ਪਰਮਾਨੰਦ ਜੀ | 103 - 106 |
| 2.15 | ਭਗਤ ਸੂਰ ਦਾਸ ਜੀ | 106 - 109 |
| | ਪੈਰ ਟਿਪਣੀਆਂ ਤੇ ਹਵਾਲੇ | 110 - 121 |

ਪੰਨਾ ਨੰ :

## ਅਧਿਆਇ ਤੀਸਰਾ

### ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ ਦੀ ਬਾਣੀ


| | | |
|---|---|---|
| 3.1 | ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਬਾਣੀ ਦਾ ਸੰਕਲਨ | 123 - 131 |
| 3.2 | ਭਗਤ ਬਾਣੀ ਤੇ ਗੁਰਮਤਿ ਸਿਧਾਂਤ | 131 - 137 |
| 3.3 | ਭਗਤ ਬਾਣੀ ਅਤੇ ਗੁਰਮਤਿ ਸਾਹਿੱਤ : ਇਕ ਤੁਲਨਾਤਮਕ ਅਧਿਐਨ | 137 - 231 |
| | ਪੈਰ ਟਿਪਣੀਆਂ ਤੇ ਹਵਾਲੇ | 232 - 245 |


## ਅਧਿਆਇ ਚੌਥਾ

### ਭਗਤ-ਬਾਣੀ ਦਾ ਵਿਸ਼ਾ-ਪੱਖ


| | | |
|---|---|---|
| 4.1 | ਭਗਤ ਬਾਣੀ ਦੇ ਮੂਲ ਵਿਸ਼ੇ | 246 - 247 |
| 4.2 | ਭਗਤ ਬਾਣੀ ਦਾ ਅਧਿਆਤਮਕ ਪੱਖ | 247 - 259 |
| | ਮਾਇਆ | 259 - 262 |
| | ਜਗਤ | 262 - 264 |
| | ਸਰੀਰ | 264 - 265 |
| | ਮੌਤ | 265 - 268 |
| | ਕਰਮ | 268 - 270 |
| | ਆਵਾਗਵਨ | 270 - 271 |
| | ਸਵਰਗ-ਨਰਕ | 271 - 272 |
| | ਮੁਕਤੀ | 272 - 273 |

| | | |
|---|---|---|
| 4.3 | ਭਗਤਾਂ ਦੀ ਭਗਤੀ ਦੇ ਸਾਧਨ | 273-276 |
| | ਸਾਧ ਸੰਗਤ | 276-278 |
| | ਗੁਰੂ | 278-281 |
| | ਵੈਰਾਗ | 281- |
| | ਗਿਆਨ | 282- |
| | ਨਾਮ ਸਿਮਰਨ | 282-283 |
| | ਕੀਰਤਨ | 283-284 |
| | ਅਰਦਾਸ | 284-285 |
| 4.4 | ਭਗਤ ਬਾਣੀ ਦਾ ਸਮਾਜਿਕ ਪੱਖ | 285-290 |
| | ਪੈਰ ਟਿੱਪਣੀਆਂ ਤੇ ਹਵਾਲੇ | 291-294 |
| **ਅਧਿਆਇ ਪੰਜਵਾਂ :** | | |
| | **ਭਗਤ ਬਾਣੀ ਦਾ ਰੂਪਕ ਪੱਖ** | 296-298 |
| 5.1 | ਸੰਗੀਤ ਪ੍ਰਬੰਧ ਅਥਵਾ ਰਾਗ | 298-301 |
| 5.2 | ਛੰਦ - ਪ੍ਰਬੰਧ | 301-302 |
| 5.3 | ਕਾਵਿ - ਰੂਪ | 302-304 |
| 5.4 | ਰਸ | 304-309 |
| 5.5 | ਬਿੰਬ ਪ੍ਰਤੀਕ ਤੇ ਅਲੰਕਾਰ | 310-314 |
| 5.6 | ਭਾਸ਼ਾ | 314-324 |
| | ਪੈਰ ਟਿੱਪਣੀਆਂ ਤੇ ਹਵਾਲੇ | 325-326 |
| **ਸਾਰ ਤੇ ਸਿੱਟੇ** | | 327-339 |
| **ਪੁਸਤਕ ਸੂਚੀ** | | 340-348 |


*****

***

*

## ਅਧਿਆਇ ਪਹਿਲਾ

### ਭਗਤੀ ਮਤ ਦਾ ਪਿਛੋਕੜ

1.1 ਵੇਦਾਂ ਵਿਚ ਭਗਤੀ ।

1.2 ਉਪਨਿਸਦਾਂ ਵਿਚ ਭਗਤੀ ।

1.3 ਪੁਰਾਣਾਂ ਵਿਚ ਭਗਤੀ ।

1.4 ਭਗਵਤ ਗੀਤਾ ਵਿਚ ਭਗਤੀ ।

1.5 ਸੂਤਰ ਗ੍ਰੰਥਾਂ ਵਿਚ ਭਗਤੀ ।

1.6 ਜੈਨ ਮਤ ਵਿਚ ਭਗਤੀ ।

1.7 ਬੁੱਧ ਮਤ ਵਿਚ ਭਗਤੀ ।

1.8 ਸੰਕਰਾਚਾਰਯ ਤੇ ਭਗਤੀ ।

1.9 ਭਗਤੀ ਮਾਰਗ ਤੇ ਭਗਤ ।

1.10 ਗੁਰਮਤਿ ਤੇ ਭਗਤੀ ।

## ਭਗਤੀ ਮਤ ਦਾ ਪਿਛੋਕੜ

ਮਨੁੱਖੀ ਸੋਚ ਕੁਦਰਤ ਨੂੰ ਆਪਣੇ ਅਨੁਸਾਰ ਢਾਲਣ ਦੀ ਸਮਰਥਾ ਰਖਦੀ ਹੈ। ਕੁਦਰਤ ਦੇ ਰਹੱਸਾਂ ਨੂੰ ਜਦੋ ਮਨੁੱਖੀ ਚਿੰਤਨ ਬੇ-ਪਰਦ ਕਰਦਾ ਹੈ ਤਾਂ ਵਿਗਿਆਨਿਕ ਸੋਚ ਸਮਾਜਿਕ ਜੀਵਨ ਵਿੱਚ ਉਭਰ ਕੇ ਸਾਹਮਣੇ ਆਉਂਦੀ ਹੈ। ਭਾਵੇਂ ਸਮਾਜਿਕ ਚਿੰਤਨ ਸਮਾਜਿਕ ਕ੍ਰਿਆ ਦੇ ਮੂਲ ਸੋਮਿਆਂ ਦੀ ਗੁੱਥੀ ਨੂੰ ਸੁਲਝਾਉਣ ਵਿੱਚ ਕਾਫੀ ਹਦ ਤਕ ਸਫਲ ਹੋਇਆ ਹੈ ਪਰ ਅਜੇ ਵੀ ਅਜਿਹਾ ਬਹੁਤ ਕੁਝ ਹੈ ਜਿਹੜਾ ਕੁਦਰਤ ਦੇ ਗੈਬੀ ਪਰਦੇ ਪਿਛੇ ਲੁਕਿਆ ਹੋਇਆ ਹੈ। ਮਨੁੱਖੀ ਜੀਵਨ ਦਾ ਇਸ ਤੋ ਵੱਡਾ ਰਹੱਸ ਹੋਰ ਕੀ ਹੋ ਸਕਦਾ ਹੈ ਕਿ ਮਨੁੱਖੀ ਹੋਂਦ ਦੀ ਛਿਣਭੰਗਰਤਾ ਦੀ ਸਪਸ਼ਟ ਵਿਆਖਿਆ ਵੱਡੇ ਤੋ ਵੱਡਾ ਵਿਗਿਆਨੀ ਵੀ ਨਹੀਂ ਕਰ ਸਕਿਆ। ਆਪਣੀ ਹੋਂਦ ਦਾ ਦਰਸ਼ਨ ਕੀ ਹੋ ਸਕਦੈ ਜਾਂ ਸੰਸਾਰ ਦੀ ਸਹੀ ਵਿਆਖਿਆ ਕੀ ਹੋ ਸਕਦੀ ਹੈ? ਇਹੋ ਕੁਝ ਸਵਾਲ ਹਨ ਜਿਹੜੇ ਮਨੁੱਖੀ ਸੋਚ ਨੂੰ ਅਧਿਆਤਮਿਕ ਚਿੰਤਨ ਦੇ ਰਸਤੇ ਤੇ ਲੈ ਤੁਰਦੇ ਹਨ।

ਅਧਿਆਤਮ ਵਾਦ ਦੀ ਚਰਮ ਸੀਮਾ ਕਿਸੇ ਅਲੌਕਿਕ ਸ਼ਕਤੀ ਤੇ ਵਿਸ਼ਵਾਸ ਹੈ। ਮਨੁੱਖ ਵੀ ਆਪਣੀ ਸਭਿਅਤਾ ਦੇ ਪਹਿਲੇ ਪੜਾਅ ਤੇ ਕੁਦਰਤ ਦੀਆਂ ਗੈਬੀ ਸ਼ਕਤੀਆਂ ਤੋਂ ਜਾਣੂ ਨਹੀਂ ਸੀ। ਕੁਦਰਤ ਦੇ ਵਿਨਾਸ਼ਕਾਰੀ ਰੂਪ ਸਾਹਮਣੇ ਜਦੋ ਉਸ ਨੇ ਆਪਣੇ ਆਪ ਨੂੰ ਬੇਵਸ ਪਾਇਆ ਤਾਂ ਉਸਨੇ ਦੇਵੀ ਦੇਵਤਿਆ ਦੀ ਕਲਪਨਾ ਕੀਤੀ। "ਜਿਹਨਾਂ ਵਿਦਵਾਨਾਂ ਨੇ ਮਾਨਵੀ ਮਨੋਬਿਰਤੀਆਂ ਦਾ ਅਧਿਐਨ ਕੀਤਾ ਹੈ, ਉਹਨਾਂ ਦਾ ਕਹਿਣਾ ਹੈ ਕਿ ਮਨੁੱਖ ਨੇ ਭੈ-ਸੰਚਾਲਕ ਸ਼ਕਤੀਆਂ ਤੋਂ ਆਤਮ ਰਖਿਆ ਦੇ ਉਦੇਸ਼ ਹਿਤ ਅਤਿ-ਮਨੁੱਖੀ ਤਾਕਤਾਂ ਦੀ ਕਲਪਨਾ ਤੇ ਉਪਾਸ਼ਨਾ ਸ਼ੁਰੂ ਕੀਤੀ।" [1]

ਮਨੁੱਖ ਦੀ ਆਤਮ ਰਖਿਆ ਸਦਕਾ ਕੀਤੀਆਂ ਪਰਾ-ਮਨੁੱਖੀ ਤਾਕਤਾਂ ਦੇ ਸਿਰਜਣ ਦੀਆਂ ਕਲਪਨਾਵਾਂ ਨੇ ਜਿਸ ਵਿਸ਼ਵਾਸ ਨੂੰ ਜਨਮ ਦਿੱਤਾ, ਜਦੋ ਉਸ ਵਿਚ ਸ਼ਰਧਾ ਤੇ ਪ੍ਰੇਮ ਦੇ ਤੱਤ ਵੀ ਆ ਮਿਲੇ ਤਾਂ ਸਮਾਜਿਕ ਜੀਵਨ ਵਿੱਚ 'ਭਗਤੀ' ਦੀ ਧਾਰਨਾ ਹੋਂਦ ਵਿਚ ਆ ਗਈ।

'ਭਗਤੀ' ਭਾਰਤੀ ਸੰਸਕ੍ਰਿਤੀ ਤੇ ਸਭਿਆਚਾਰ ਦਾ ਅੰਗ ਕਦੋਂ ਬਣੀ ਜਾਂ ਦੂਜਰੇ ਸ਼ਬਦਾਂ ਵਿਚ ਭਾਰਤ ਵਿਚ 'ਭਗਤੀ' ਦੀ ਸ਼ੁਰੂਆਤ ਕਦੋਂ ਹੋਈ ? ਇਸ ਬਾਰੇ ਵੱਖ ਵੱਖ ਵਿਦਵਾਨਾਂ ਦੀ ਵੱਖ ਵੱਖ ਰਾਇ ਹੈ । ਪਛਮੀ ਵਿਦਵਾਨਾਂ ਦਾ ਕਥਨ ਹੈ ਕਿ 'ਭਗਤੀ' ਆਪਣੇ ਮੂਲ ਰੂਪ ਵਿਚ 'ਭਾਰਤੀ ਜ਼ਮੀਨ' ਦੀ ਉਪਜ ਨਹੀਂ - ਸਗੋਂ ਈਸਾਈ ਧਰਮ ਦੀ ਦੇਣ ਹੈ । ਅਜਿਹੇ ਵਿਦਵਾਨਾਂ ਵਿੱਚੋਂ ਵੇਵਰ, ਕੀਥ ਤੇ ਗ੍ਰੀਅਰਸਨ ਦਾ ਨਾਂ ਲਿਆ ਜਾ ਸਕਦਾ ਹੈ । " ਵੇਵਰ ਸਾਹਿਬ ਨੇ ਮਹਾਂ ਭਾਰਤ ਦਾ ਬਿਆਨ ਕੀਤਾ, ਉਹ ਸਫੈਦ ਟਾਪੂ ਨੂੰ ਗੋਰੀਆਂ ਜਾਤਾਂ ਦਾ ਨਿਵਾਸ ਅਸਥਾਨ ਮੰਨਦੇ ਹੋਏ ਭਾਰਤੀ ਭਗਤੀ ਪੱਧਤੀ ਤੇ ਈਸਾਈ ਧਰਮ ਦੀ ਛਾਪ ਸਵੀਕਾਰ ਕਰਦੇ ਹਨ । ਡਾਕਟਰ ਗ੍ਰੀਅਰਸਨ ਨੇ ਤੁਲਸੀ, ਸੂਰਦਾਸ, ਮੀਰਾਂ ਆਦਿ ਭਗਤ ਕਵੀਆਂ ਤੇ ਈਸਾਈ ਧਰਮ ਦਾ ਪ੍ਰਭਾਵ ਮੰਨਿਆ ਹੈ। ਉਹਨਾਂ ਨੇ ਇਹ ਪ੍ਰਮਾਣਤ ਕੀਤਾ ਹੈ ਕਿ ਈਸਾ ਦੀ ਦੂਜੀ ਤੇ ਤੀਜੀ ਸ਼ਤਾਬਦੀ ਵਿਚ ਈਸਾਈ ਮਦਰਾਸ ਵਿਚ ਰਹਿਣ ਲਗ ਪਏ ਸਨ ਤੇ ਉਹਨਾਂ ਦੇ ਅਸਰ ਤੋਂ ਹੀ ਭਾਰਤ ਵਿਚ 'ਭਗਤੀ' ਦਾ ਵਿਕਾਸ ਹੋਇਆ । ਕਈ ਪਛਮੀ ਵਿਦਵਾਨ ਤਾਂ ਕ੍ਰਿਸ਼ਨ ਨੂੰ ( ਕ੍ਰਾਈਸਟ ) ਦਾ ਰੂਪਾਂਤਰ ਮੰਨਦੇ ਹੋਏ ਕ੍ਰਿਸ਼ਨ ਭਗਤੀ ਪਰੰਪਰਾ ਨੂੰ ਈਸਾਈ ਧਰਮ ਤੋਂ ਪ੍ਰਭਾਵਤ ਮੰਨਦੇ ਹਨ । "[2]

ਪਰ " ਭਾਰਤੀ ਵਿਦਵਾਨਾਂ ਨੇ ਦਲੀਲ ਸਹਿਤ ਉਪਰੋਕਤ ਮਾਨਤਾਵਾਂ ਦਾ ਖੰਡਨ ਕਰਦੇ ਹੋਏ ਇਹ ਸਿੱਧ ਕੀਤਾ ਹੈ ਕਿ ਭਾਰਤੀ 'ਭਗਤੀ' ਸੰਪਰਦਾਇ ਤੇ ਈਸਾਈ ਧਰਮ ਦਾ ਪ੍ਰਭਾਵ ਮੰਨਣਾ ਠੀਕ ਨਹੀਂ । ਭਾਰਤੀ ਭਗਤੀ ਦਾ ਮੂਲ ਨਿਕਾਸ ਭਾਰਤੀ ਸੋਮਿਆਂ ਤੋਂ ਹੀ ਲਭਿਆ ਜਾ ਸਕਦਾ ਹੈ । ਇਸ ਦੇ ਪ੍ਰਮਾਣ ਵਜੋਂ ਅਸੀਂ ਆਦਿ - ਗ੍ਰੰਥ ਨੂੰ ਆਧਾਰ ਮੰਨਕੇ ਠੋਸ ਸਬੂਤ ਲੈ ਸਕਦੇ ਹਾਂ । ਭਾਰਤੀ ਵਿਦਵਾਨ ਤਾਂ ਏਥੋਂ ਤੱਕ ਮੰਨਦੇ ਹਨ ਕਿ ਆਦਿ ਗ੍ਰੰਥ ਇਕ ਨਿਰਗੁਣ ਸੰਤ-ਕਾਵਿ ਦਾ ਗ੍ਰੰਥ ਹੈ ਜਿਸ ਵਿਚ ਵੈਦਿਕ ਕਾਲ ਤੋਂ ਲੈਕੇ 17 ਵੀਂ ਸਦੀ ਈ: ਤੱਕ ਦੇ ਧਾਰਮਿਕ ਵਿਚਾਰ ਤੇ ਸਾਧਨਾਂ ਦੇ ਪਰੰਪਰਾਗਤ ਵਿਕਾਸ ਦੀ ਰੂਪ ਰੇਖਾ ਅੰਕਿਤ ਹੈ ।[3] ਇਸ ਆਧਾਰ ਤੇ ਦਾਅਵੇ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਪਛਮੀ ਵਿਦਵਾਨਾਂ ਦੀਆਂ ਉਪਰੋਕਤ ਮਾਨਤਾਵਾਂ ਭੁਲੇਖਿਆਂ ਨਾਲ ਭਰੀਆਂ ਹੋਈਆਂ ਹਨ । ਉਹ ਠੋਸ ਸਬੂਤਾਂ ਤੇ ਆਧਾਰਿਤ ਨਹੀਂ, ਕੋਰੀ ਕਲਪਣਾ ਤੇ ਟਿਕੀਆਂ ਹਨ। ਭਾਰਤੀ ਪ੍ਰਾਚੀਨ ਸਾਹਿਤ ਵਿੱਚ ਜੋ ਠੋਸ ਪ੍ਰਮਾਣ ਮਿਲਦੇ ਹਨ ਉਹਨਾਂ ਨੂੰ ਹੀ ਅਭਾਰਤੀ ਤੱਤਾਂ

ਤੇ ਈਸਾਈ ਧਰਮ ਦੀ ਦੇਣ ਮੰਨ ਲੈਣਾ ਅਗਿਆਨਤਾ ਦਾ ਹੀ ਸਬੂਤ ਹੈ । ਅਸਲ ਵਿਚ ਈਸਾਈਆਂ ਦੇ ਭਾਰਤ ਵਿੱਚ ਆਉਣ ਤੋਂ ਬਹੁਤ ਪਹਿਲਾਂ ਹੀ ਭਾਰਤ ਵਿਚ ਭਗਤੀ ਦਾ ਵਿਕਾਸ ਹੋ ਚੁੱਕਿਆ ਸੀ ।"[4]

ਹੋਰ ਵੀ ਭਾਵੇਂ ਪੱਛਮੀ ਵਿਦਵਾਨਾਂ ਨੇ ਬੜੇ ਉਤਸ਼ਾਹ ਨਾਲ ਭਾਰਤੀ ਭਗਤੀ ਧਾਰਾ ਦਾ ਈਸਾਈ ਧਰਮ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ, ਪਰ ਜਿਵੇਂ ਕਿ ਡਾਕਟਰ ਦਰਸ਼ਨ ਸਿੰਘ ਜੀ ਲਿਖਦੇ ਹਨ --- " ਇਹ ਗਲ ਕੁਝ ਵਜ਼ਨਦਾਰ ਨਹੀਂ ਜਾਪਦੀ ਹੈ ਕਿ ਭਗਤੀ ਨੂੰ ਇਕ ਥਾਂ ਤੋ ਪੁਟਕੇ ਹੋਰ ਥਾਂ ਲਾਇਆ ਜਾ ਸਕਦਾ ਹੈ ਜਾਂ ਗ੍ਰਹਿਣ ਕੀਤਾ ਜਾ ਸਕਦਾ ਹੈ। ਅਸਲੀਅਤ ਤਾਂ ਇਹ ਹੈ ਕਿ ਭਗਤੀ ਇਕ ਆਤਮਕ ਅਵੱਸਥਾ ਹੈ ਤੇ ਇਹ ਕੁਦਰਤੀ ਤੌਰ ਤੇ ਬਾਹਰਲੇ ਪ੍ਰਭਾਵਾਂ ਕਾਰਨ ਜਨਮ ਨਹੀਂ ਲੈਂਦੀ ਸਗੋਂ ਹਰ ਸਰੀਰ ਦੇ ਅੰਦਰ ਮੌਜੂਦ ਹੁੰਦੀ ਹੈ । ਇਹ ਵੱਖਰੀ ਗਲ ਹੈ ਕਿ ਅਜਿਹੀ ਕੁਦਰਤੀ ਪ੍ਰਤਿਭਾ ਆਪਣੇ ਪ੍ਰਗਟਾ ਦਾ ਮਾਧਿਅਮ ਲਭ ਲਵੇ ਜੋ ਮੁਖ ਤੌਰ ਤੇ ਕਿਸੇ ਵਿਸ਼ੇਸ਼ ਮੁਲਕ ਵਿੱਚ ਪ੍ਰਚਲਤ ਸਭਿਤੀ ਦੇ ਅਨੁਕੂਲ ਹੀ ਹੋਵੇ । ਪ੍ਰੰਤੂ ਇਹ ਸਿੱਧ ਕਰਨਾ ਜਿਆਦਾ ਨਹੀਂ ਹੈ ਕਿ ਕਿਸੇ ਵਿਸ਼ੇਸ਼ ਮੁੱਲਕ ਨੇ ਕਿਸੇ ਹੋਰ ਮੁੱਲਕ ਤੋਂ ਜਾਂ ਸਭਿਆਚਾਰ ਤੋਂ ਭਗਤੀ ਨੂੰ ਉਧਾਰ ਲੈ ਕੇ ਗ੍ਰਹਿਣ ਕੀਤਾ ਹੈ ।"[5]

## 1.1 ਵੇਦਾਂ ਵਿਚ ਭਗਤੀ :

ਵੇਦਾਂ ਨੂੰ ਸੰਸਾਰ ਸਾਹਿਤ ਦੇ ਮੁਢਲੇ ਧਾਰਮਿਕ ਗ੍ਰੰਥ ਮੰਨਿਆ ਜਾਂਦਾ ਹੈ । ਭਾਰਤੀ ਸੰਸਕ੍ਰਿਤੀ ਤੇ ਸਭਿਆਚਾਰ ਦਾ ਸਭ ਤੋਂ ਮੁਢਲਾ ਲਿਖਤ ਰੂਪ ਸਾਨੂੰ ਵੈਦਿਕ ਸਾਹਿਤ ਵਿਚ ਹੀ ਮਿਲਦਾ ਹੈ । ਇਸ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ' ਭਗਤੀ ' ਦੇ ਤੱਤਾਂ ਤੋ ਵਾਂਝਾ ਨਹੀਂ ।

ਪਰ ਕੁਝ ਵਿਦਵਾਨ ਵੇਦਾਂ ਵਿਚ ' ਭਗਤੀ ' ਦਾ ਹੋਣਾ ਨਹੀਂ ਮੰਨਦੇ, " ਉਹਨਾਂ ਦੇ ਮਤ ਅਨੁਸਾਰ ਵੇਦ ਮੰਤਰਾਂ ਦਾ ਸੰਬੰਧ ਮੁਖ ਰੂਪ ਵਿਚ ਯਗ ਵਿਧਾਨ ਤੇ ਕਰਮਕਾਂਡ ਨਾਲ ਹੀ ਹੈ । ਵੇਦਾਂ ਵਿਚ ਭਿੰਨ-ਭਿੰਨ ਦੇਵਤਿਆ ਦੀ ਉਸਤਤ ਨਾਲ ਜੁੜੇ ਅਨੇਕ ਮੰਤਰ ਜ਼ਰੂਰ ਪਾਏ ਜਾਂਦੇ ਹਨ ਪਰ ਉਹਨਾਂ ਵਿਚ ਕੇਵਲ ਰਚਨਹਾਰੇ ਮਹਾਂ ਰਿਸ਼ੀਆਂ ਦੇ ਹਾਰਦਿਕ ਸ਼ਰਧਾ ਮਿਲੇ ਅਨੁਰਾਗ ਦਾ ਪ੍ਰਗਟਾਵਾ ਨਹੀਂ ਪਾਇਆ ਜਾਂਦਾ । ਵੇਦਾਂ ਦੇ ਮੁਤਾਬਕ ਈਸ਼ਵਰ ਦਾ ਕੋਈ ਆਕਾਰ ਜਾਂ ਉਪਮਾਨ ਨਹੀਂ ਹੈ । ਈਸ਼ਵਰ ਦੇ ਸਾਕਾਰ ਰੂਪ ਦੀ

ਕਲਪਨਾ ਦੀ ਘਾਟ ਕਾਰਨ ਉਸਦੇ ਨਾਲ ਵਿਅਕਤੀਗਤ ਸੰਬੰਧਾਂ ਦੀ ਘਾਟ ਵਿਚ ਕੁਝ ਵਿਦਵਾਨਾਂ ਦੇ ਮੁਤਾਬਕ ਵੇਦਾਂ ਵਿਚ ਭਗਤੀ ਨੂੰ ਮੰਨਣਾ ਤਰਕ ਸੰਗਤ ਨਹੀਂ ਹੈ।"[6]

ਪਰ ਅਜਿਹੇ ਵਿਦਵਾਨਾਂ ਦੇ ਇਸ ਕਥਨ ਨੂੰ ਨਿਰਮੂਲ ਸਿੱਧ ਕਰਨ ਲਈ ਅਸੀਂ ਪੰਡਤ ਬਲਦੇਵ ਉਪਾਧਿਆਇ ਦਾ ਹੇਠ ਲਿਖਿਆ ਕਥਨ ਪੇਸ਼ ਕਰਨਾ ਯੋਗ ਸਮਝਦੇ ਹਾਂ। ਵੈਦਿਕ ਕਾਲ ਵਿਚ ਭਗਤੀ ਦੇ ਤੱਤ ਮਿਲਦੇ ਹਨ - ਇਸ ਸੰਦਰਭ ਵਿਚ ਉਹ ਲਿਖਦੇ ਹਨ- " ਵੈਦਿਕ ਸਾਹਿਤ ਦੀ ਗੰਭੀਰ ਖੋਜ ਤੋਂ ਇਹੋ ਸਪਸ਼ਟ ਸਿੱਟਾ ਨਿਕਲਦਾ ਹੈ ਕਿ ਵੇਦ ਜਿਸ ਤਰ੍ਹਾਂ ਕਰਮ ਤੇ ਗਿਆਨ ਦਾ ਸੋਮਾ ਹਨ ਉਸੇ ਤਰ੍ਹਾਂ ਇਹ ਭਗਤੀ ਦਾ ਵੀ ਮੂਲ ਸਰੋਤ ਹਨ। ਇਸ ਮੌਕੇ ਤੇ ਇਹ ਖਾਸ ਧਿਆਨ ਦੇਣ ਯੋਗ ਗਲ ਇਹ ਹੈ ਕਿ ਧਰਮ ਦੇ ਸਿਧਾਂਤਾਂ ਦੇ ਇਤਿਹਾਸ ਦੀ ਆਲੋਚਨਾ ਕਰਨ ਤੇ ਅਕਸਰ ਦੇਖਿਆ ਜਾਂਦਾ ਹੈ ਕਿ ਕਿਸੇ ਕਾਲ ਵਿਚ ਕਿਸੇ ਸਿਧਾਂਤ ਵਿਸ਼ੇਸ਼ ਦੀ ਜਾਣਕਾਰੀ ਦੇਣ ਵਾਲੀ ਸਮੱਗਰੀ ਮੌਜੂਦ ਰਹਿੰਦੀ ਹੈ, ਭਾਵੇਂ ਉਸ ਸਿਧਾਂਤ ਦਾ ਪ੍ਰਤਿ-ਪਾਦਕ ਸ਼ਬਦ ਨਹੀਂ ਮਿਲਦਾ। ਅਜਿਹੀ ਹਾਲਤ ਵਿਚ ਨਿਯਮ ਦੀ ਘਾਟ ਵਿਚ ਅਸੀਂ ਲਾ-ਪਰਵਾਹੀ ਵਰਤ ਜਾਂਦੇ ਹਾਂ। ਉਪਲਬਧ ਸਮੱਗਰੀ ਬਾਰੇ ਵੀ ਉਪੇਖਿਆ ਵਰਤਦੇ ਹਾਂ। ਇਹ ਠੀਕ ਹੈ ਕਿ ਸੰਹਿਤਾਵਾਂ ਤੇ ਬ੍ਰਾਹਮਣ ਗ੍ਰੰਥਾਂ ਵਿਚ ਅਨੁਰਾਗ ਸੂਚਕ 'ਭਗਤੀ' ਸ਼ਬਦ ਦੀ ਬਿਲਕੁਲ ਹੀ ਘਾਟ ਹੈ- ਪਰ ਇਹ ਮੰਨਣਾ ਠੀਕ ਨਹੀਂ ਕਿ ਇਸ ਘਾਟ ਦੇ ਕਾਰਣ ਉਸ ਕਾਲ ਵਿਚ ਭਗਤੀ ਦੀ ਕਲਪਨਾ ਨੇ ਅਜੇ ਤਕ ਜਨਮ ਹੀ ਨਹੀਂ ਸੀ ਲਿਆ। ਸੰਹਿਤਾਵਾਂ ਵਿਚ ਕਰਮਕਾਂਡ ਦੀ ਬਹੁਲਤਾ ਸੀ - ਪਰ ਇਸ ਦਾ ਇਹ ਮਤਲਬ ਨਹੀਂ ਕਿ ਉਸ ਸਮੇਂ ਗਿਆਨ ਤੇ ਭਗਤੀ ਦੀ ਕਲਪਨਾ ਦਾ ਉਦੇ ਨਹੀਂ ਸੀ ਹੋਇਆ। ਮੰਤਰਾਂ ਵਿਚ ਖਾਸ ਦੇਵਤਿਆਂ ਦੀ ਉਸਤਤ ਕੀਤੀ ਗਈ ਹੈ ਪਰ ਇਹ ਉਸਤਤ ਇਨੇ ਦਿਲ ਟੁੰਬਵੇਂ ਸ਼ਬਦਾਂ ਵਿਚ ਕੀਤੀ ਗਈ ਹੈ ਕਿ ਉਸ ਵਿਚ ਉਸਤਤ ਕਰਨ ਵਾਲੇ ਦੇ ਹਿਰਦੇ ਵਿਚ ਅਨੁਰਾਗ ਦੀ ਘਾਟ ਮੰਨਣਾਂ ਅਤਿਅੰਤ ਹਾਸੋਹੀਣੀ ਗੱਲ ਹੈ। ਸਾਡਾ ਤਾਂ ਕਹਿਣਾ ਹੈ ਕਿ ਬਿਨੌਂ ਭਗਤੀ ਭਰੇ ਹਿਰਦੇ ਦੇ ਇਸ ਤਰ੍ਹਾਂ ਦੀ ਕੋਮਲ ਤੇ ਭਾਵੁਕ ਉਸਤਤ ਦਾ ਨਿਕਾਸ ਹੋ ਹੀ ਨਹੀਂ ਸਕਦਾ। ਸੁੱਕੇ ਹਿਰਦੇ ਵਿਚ ਨਾ ਤਾਂ ਇਤਨੀ ਕੋਮਲਤਾ ਆ ਸਕਦੀ ਹੈ ਨਾ ਹੀ ਇਤਨੀ ਭਾਵੁਕਤਾ। ਦੇਵਤਿਆਂ ਦੀ ਉਸਤਤ ਕਰਦੇ ਸਮੇਂ ਸਾਧਕ ਉਹਨਾਂ ਨਾਲ ਮਾਤਾ, ਪਿਤਾ, ਪਿਆਰੇ ਭਾਈ ਬੰਧੂ ਆਦਿ ਅਤਿਅੰਤ ਮਨ ਭਾਉਣੇ ਤੇ ਦਿਲ ਛੁਹਲੈਣ ਵਾਲੇ ਸੰਬਧ ਸਥਾਪਿਤ ਕਰਦਾ ਹੈ

ਤੇ ਇਹ ਸਪਸ਼ਟ ਪ੍ਰਮਾਣ ਹੈ ਕਿ ਉਸਤਤ ਕਰਨ ਵਾਲੇ ਦੇ ਦਿਲ ਵਿਚ ਦੇਵਤਿਆਂ ਦੇ ਪ੍ਰਤੀ ਸਭ ਨੂੰ ਭਾਉਣ ਵਾਲਾ ਪ੍ਰੇਮ ਤੇ ਅਨੁਰਾਗ ( ਸਰਧਾ ) ਮੌਜੂਦ ਹੈ ।" [7]

ਏਥੇ ਇਕ ਹੋਰ ਪਹਿਲੂ ਵੀ ਸਪੱਸ਼ਟ ਕਰਨ ਦੀ ਲੋੜ ਹੈ । ਸੰਤਾਂ / ਭਗਤਾਂ ਨੇ ਵੇਦਾਂ ਪ੍ਰਤੀ ਅਥਾਹ ਸ਼ਰਧਾ ਜਾਂ ਅੰਧ-ਵਿਸ਼ਵਾਸ ਦੀ ਹਿਮਾਇਤ ਨਹੀਂ ਕੀਤੀ ਸਗੋਂ ਉਹਨਾਂ ਨੇ ਵੇਦਾਂ ਨੂੰ ਸਮਝਣ ਦੀ ਲੋੜ ਉਪਰ ਜ਼ੋਰ ਦਿਤਾ ਹੈ। ਇਸੇ ਵਿਚਾਰ ਨੂੰ ਡਾ. ਸੁਰੇਣ ਸਿੰਘ ਵਿਲਖੂ ਦੇ ਇਹਨਾਂ ਸ਼ਬਦਾਂ ਰਾਹੀਂ ਹੋਰ ਸਪਸ਼ਟ ਕੀਤਾ ਜਾ ਸਕਦਾ ਹੈ — " ਸੰਤਾਂ ਨੇ ਵੇਦਾਂ ਪ੍ਰਤੀ ਸ਼ਰਧਾ ਦੀ ਦੁਹਾਈ ਦੇਕੇ ਵਿਅਕਤ ਕਰਦਿਆਂ ਕਿਹਾ ਕਿ ਵੇਦ-ਕਤੇਬ ਝੂਠੇ ਨਹੀਂ ਹਨ, ਪਰ ਝੂਠਾ ਉਹ ਹੈ ਜੋ ਉਹਨਾਂ ਨੂੰ ਵਿਚਾਰ ਕੇ ਨਹੀਂ ਪੜ੍ਹਦਾ ।" [8] ਜਿਵੇਂ ਸੰਤ ਕਬੀਰ ਨੇ ਫਰਮਾਇਆ ਹੈ – " ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ।" [9]

ਵੇਦਾਂ ਵਿਚ ਮੰਤਰਾਂ ਦੁਆਰਾ ਮਨੁੱਖ ਤੇ ਦੇਵਤਿਆਂ ਵਿਚਕਾਰ ਮਾਤਾ - ਪਿਤਾ ਆਦਿ ਦਾ ਸੰਬੰਧ ਸਥਾਪਤ ਕੀਤਾ ਗਿਆ ਹੈ, ਇਸ ਦਾ ਪ੍ਰਮਾਣ ਅਸੀਂ ਰਿੱਗਵੇਦ ਦੇ ਇਕ ਸਤੋਤਰ ਜਾਂ ਸਲੋਕ ਦੁਆਰਾ ਦੇ ਸਕਦੇ ਹਾਂ – 6 ਖੁਸੀਆਂ ਪ੍ਰਦਾਨ ਕਰਨ ਵਾਲੇ (ਈਸ਼ਵਰ) ਤੂੰ ਹੀ ਸਾਡਾ ਪਿਤਾ ਅਤੇ ਤੂੰ ਹੀ ਸਾਡੀ ਮਾਤਾ ਹੈ । ਤੇ ਸੈਂਕੜੇ ਪੁੰਨ ਕਰਮਾਂ ਦੇ ਨਿਰਮਾਤਾ ਅਸੀਂ ਉਸ ਖੁਸ਼ੀ ਲਈ ਪਰਾਰਥਨਾ ਕਰਦੇ ਹਾਂ ਜਿਹੜੀ ਤੇਰੀ (ਆਪਣੀ) ਰਜ਼ਾ ਹੈ ।" [10]

' ਭਗਤੀ ' ਦਾ ਇਕ ਤੱਤ ਉਪਾਸਨਾ ਵੀ ਹੈ । ਵੇਦਾਂ ਵਿਚ ਇਸ ਦਾ ਵਿਧਾਨ ਹੈ । ਇਸ ਬਾਰੇ ਲਿਖਦੇ ਹੋਏ ਸ੍ਰੀ ਰਮਨ ਲਾਲ ਗੋਇਲ ਕਹਿੰਦੇ ਹਨ –" ਇਕ ਈਸ਼ਵਰ ਤੇ ਵਿਸ਼ਵਾਸ, ਭਗਤੀ ਲਈ ਉਸ ਦੀ ਅਨਿੱਤਤਾ, ਪ੍ਰਭੂ ਦੀ ਕ੍ਰਿਪਾ, ਪ੍ਰਭੂ ਨਾਲ ਪ੍ਰੇਮ ਆਦਿ ਭਗਤੀ ਦੇ ਤੱਤ ਸਾਨੂੰ ਵੇਦਾਂ ਵਿਚ ਹੀ ਮਿਲ ਜਾਂਦੇ ਹਨ । ਵੇਦਾਂ ਵਿਚ ਪ੍ਰਮਾਤਮਾ ਨੂੰ ਕਈ ਨਾਵਾਂ ਨਾਲ ਸੰਬੋਧਨ ਕੀਤਾ ਹੈ, ਪਰ ਹਰ ਨਾਂ ਉਸ ਇਕ ਬ੍ਰਹਮ ਵਾਸਤੇ ਹੀ ਹੈ। ਜਿਵੇਂ ਰਿੱਗਵੇਦ ਤੇ ਅਥਰਵ ਵੇਦ ਦੀਆਂ ਰਚਨਾਵਾਂ ਤੋ ਵੀ ਇਹੋ ਹੀ ਸਪਸ਼ਟ ਹੁੰਦਾ ਹੈ ।

ਗਿਆਨੀ ਵਿਦਵਾਨ ਉਸੇ ਇਕ ਸਰਵ ਈਸ਼ਵਰ ਨੂੰ ਹੀ ਇੰਦਰ ਮਿਤਰ, ਵਰੁਣ ਅਤੇ ਅਗਨੀ ਆਦਿਕ ਨਾਵਾਂ ਨਾਲ ਪੁਕਾਰਦੇ ਹਨ। ਇਕੋ ਹੀ ਬ੍ਰਹਮ ਨੂੰ ਸਾਕਾਰ-ਨਿਰਾਕਾਰ ਆਦਿ ਅਨੇਕ ਨਾਵਾਂ ਨਾਲ ਯਾਦ ਕਰਦੇ ਹਨ।

ਤੱਤ ਨੂੰ ਜਾਨਣ ਵਾਲੇ ਵਿਦਵਾਨ ਗਿਆਨੀ ਉਸੇ ਇਕ ਬ੍ਰਹਮ ਦੀ ਅਨੇਕ ਵਰਨਾਂ ਰਾਹੀ ਅਨੇਕ ਪ੍ਰਕਾਰ ਨਾਲ ਕਲਪਨਾ ਕਰਦੇ ਹਨ।[11]

ਜਿਥੋਂ ਤੱਕ 'ਭਗਤੀ' ਸ਼ਬਦ ਦਾ ਸੰਬੰਧ ਹੈ ਭਾਵੇਂ ਵੇਦਾਂ ਵਿਚ ਇਸ ਦੇ ਦਰਸ਼ਨ ਸਾਨੂੰ ਨਹੀਂ ਹੁੰਦੇ ਪਰ ਵੇਦਾਂ ਦੇ ਸੰਹਿਤਾ ਭਾਗ ਵਿਚ 'ਭਜ'[12] ਸ਼ਬਦ ਦਾ ਪ੍ਰਯੋਗ ਆਮ ਵੇਖਣ ਨੂੰ ਮਿਲਦਾ ਹੈ। ਇਸ ਦੇ ਨਾਲ ਹੀ ਭਗਤੀ ਦੇ ਦੂਸਰੇ ਅੰਗਾਂ ਕੀਰਤਨ ਤੇ ਨਾਮ ਆਦਿਕ ਨੂੰ ਵੀ ਵੈਦਿਕ ਸਾਹਿਤ ਵਿਚ ਵੇਖਿਆ ਜਾ ਸਕਦਾ ਹੈ। ਮੰਤਰਾਂ ਦੁਆਰਾਂ ਭਗਵਾਨ ਤੇ ਪਵਿੱਤਰ ਨਾਮ ਨੂੰ ਸਿਮਰਣ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਤੱਥ ਦੇ ਪ੍ਰਮਾਣ ਲਈ ਰਿਗਵੇਦ ਦਾ ਇਕ ਮੰਤਰ ਸਾਖੀ ਹੈ —

ਏ ਗਿਆਨ ਦੇ ਭਗਵਾਨ ! ਤੁਹਾਡੇ ਪਵਿੱਤਰ ਨਾਂ ਦਾ ਰੋਹਾਂ ਬਾਣੀਆਂ ਰਾਹੀ ਭਗਤੀ ਦੇ ਨਾਲ ਅਸੀਂ ਉਚਾਰਣ ਕਰਦੇ ਰਹਿੰਦੇ ਹਾਂ। ਅਵਿਨਾਸ਼ੀ ਭਗਵਾਨ ਦੇ ਮਹਿਮਾਂ-ਸ਼ਾਲੀ ਨਾਂ ਦਾ ਬੜੀ ਸ਼ਰਧਾ ਨਾਲ ਜਾਪ ਅਤੇ ਕੀਰਤਨ ਕਰਦੇ ਹਾਂ।[13]

ਉਪਰੋਕਤ ਕਥਨ ਦੀ ਪੁਸ਼ਟੀ ਗੁਰਬਾਣੀ ਸਮੇਤ ਭਗਤਾਂ ਦੀ ਬਾਣੀ ਵੀ ਕਰਦੀ ਹੈ। ਇਸ ਸੰਬੰਧ ਵਿਚ ਗੁਰੂ ਅਮਰ ਦਾਸ ਜੀ ਵਲੋ ਰਚੀ ਬਾਣੀ ਰਾਮਕਲੀ ਮਹਲਾ 3 ਅਨੰਦੁ ਵਿਚ ਵੀ ਵੇਦਾਂ ਦੀ ਨਾਮ ਸਿਮਰਨ ਦੀ ਮਹਿਮਾ ਸਪਸ਼ਟ ਗਾਈ ਗਈ ਹੈ। ਉਹਨਾਂ ਅਨੁਸਾਰ ਪਰਮਾਤਮਾ ਦੇ ਮਿਲਾਪ ਲਈ ਨਾਮ ਜਪਣਾ ( ਸਿਮਰਣ ) ਭਗਤ ਦੀ ਪਹਿਲੀ ਕ੍ਰਿਆ ਹੈ। ਵੇਦਾਂ ਵਿਚ ਇਸ ਨੂੰ ਨਾਮ ਭਗਤੀ ਤੇ ਰੂਪ ਭਗਤੀ ਵਜੋ ਵਿਚਾਰਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਹਿਬ ਵਿਚੋ ਸ਼ਬਦ ਸਾਖੀ ਹੈ —

" ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥"[14]

ਅਰਥਾਤ ਵੇਦ ਆਦਿਕ ਧਰਮ-ਪੁਸਤਕਾਂ ਵਿਚ ਜੋ ਪ੍ਰਭੂ ਦਾ ਨਾਮ ਜਪਣ ਦਾ ਉੱਤਮ ਉਪਦੇਸ਼ ਹੈ ਉਸ ਵਲ ਧਿਆਨ ਨਹੀਂ ਕਰਦੇ ਤੇ ਭੂਤਾਂ ਵਾਂਗ ਹੀ ਜਗਤ ਵਿਚ ਵਿਚਰਦੇ

ਹਨ ਅਰਥਾਤ ਜੀਵਨ-ਤਾਲ ਤੋਂ ਖੁੰਝੇ ਰਹਿੰਦੇ ਹਨ ।

ਸੰਹਿਤਾਵਾਂ ਵਿਚ 'ਭਗਤੀ' ਦੇ ਤੱਤ ਵਿੱਦਮਾਨ ਹਨ - ਇਸ ਦਾ ਪਤਾ ਸਾਨੂੰ ਸ਼ਾਂਡਿਲਯ ਦੇ ਭਗਤੀ ਸੂਤਰ ਤੋਂ ਵੀ ਮਿਲਦਾ ਹੈ । 'ਭਗਤੀ' ਸਰੂਤੀ ਗ੍ਰੰਥ ਵਿਚ ਸਪਸ਼ਟ ਤੌਰ ਤੇ ਵਿਦਮਾਨ ਹੈ ।[15]

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ –

" ਬੇਦ ਪੁਕਾਰੈ ਭਗਤਿ ਸਰੋਤਿ ।"[16]

ਅਰਥਾਤ - ਵੇਦ ਆਦਿਕ ਹਰੇਕ ਧਰਮ-ਪੁਸਤਕ ਭਗਤੀ ਦੀ ਸਿਖਿਆ ਹੀ ਪੁਕਾਰ ਪੁਕਾਰ ਕੇ ਦੱਸਦੀ ਹੈ । ਜੋ ਜੋ ਜੀਵ ਇਸ ਸਿੱਖਿਆ ਨੂੰ ਸੁਣ ਸੁਣ ਕੇ ਸ਼ਰਧਾ ਲਿਆਉਂਦਾ ਹੈ ਉਹ ਰੱਬੀ ਜੋਤਿ ਨੂੰ ਹਰ ਥਾਂ ਵੇਖਦਾ ਹੈ ।

ਵੈਦਿਕ ਸਾਹਿੱਤ ਵਿਚ ਮਨੁੱਖ ਦੀ ਮੁਕਤੀ ਦੇ ਤਿੰਨ ਸੋਮੇ ਮੰਨੇ ਗਏ ਹਨ । ਇਹ ਸੋਮੇ ਹਨ - ਕਰਮ, ਗਿਆਨ, ਤੇ ਉਪਾਸਨਾ ਜਾਂ ਭਗਤੀ । ਭਗਤੀ ਦੇ ਤਿੰਨ ਵਿਸ਼ੇਸ਼ ਤੱਤਾਂ - ਉਸਤਤ, ਪ੍ਰਾਰਥਨਾ ਤੇ ਉਪਾਸਨਾ ਦੇ ਵਿਚੋ ਉਪਾਸਨਾ ਕਾਂਡ ਦੇ ਅੰਤਰਗਤ ਉਪਾਸਨਾ ਵੀ ਮਨੁੱਖੀ ਮੁਕਤੀ ਦਾ ਇਕ ਮੂਲ ਅਧਾਰ ਸੀ। ਜਿਥੇ ਉਸਤਤੀ ਤੋ ਸਰਬ ਜਗਤ ਕਰਤਾਰ ਇਕ ਓਂਕਾਰ ਈਸ਼ਵਰ ਦੇ ਗੁਣ, ਕਰਮ ਤੇ ਸੁਭਾ ਦਾ ਸਹੀ ਗਿਆਨ ਹੁੰਦਾ ਹੈ - ਪ੍ਰਾਰਥਨਾ ਰਾਹੀਂ ਹਉਮੈ ਦਾ ਨਾਸ਼ ਹੁੰਦਾ ਹੈ ਉਥੇ ਮਨੁੱਖ ਦੀ ਆਤਮਾ ਅਤੇ ਅੰਤਹਿਕਰਣ ਦੇ ਪਵਿੱਤਰ ਕਰਨ ਲਈ ਉਪਾਸਨਾ ਦੀ ਜ਼ਰੂਰਤ ਹੁੰਦੀ ਹੈ । ਉਪਾਸਨਾ ਸ਼ਬਦ ਦਾ ਅਰਥ ਹੀ ਹੈ –

> " ਦੇਵਤੇ ਦੇ ਨੇੜੇ ਬੈਠਣਾ ਤੇ ਨਿਰੰਤਰ ਜਾਪ ਕਰਨਾ, ਇਹ ਜਾਪ ਸ਼ਬਦ 'ਭਜ' ਦਾ ਹੀ ਪਰਿਆਇ ਹੈ ਤੇ ਇਸ ਤਰ੍ਹਾਂ ਭਗਤੀ ਦਾ ਵੀ ਪਰਿਆਇ ਹੋ ਜਾਂਦਾ ਹੈ । "[17]

## 1.2 ਉਪਨਿਸਦਾਂ ਵਿਚ ਭਗਤੀ :

ਸੰਹਿਤਾਵਾਂ ਵਿਚ ਭਗਤੀ ਤੱਤ ਦਾ ਅੰਸ਼ ਵਿਦਮਾਨ ਸੀ - ਇਹ ਜਾਨਣ ਤੋਂ ਬਾਅਦ ਹੁਣ ਅਸੀਂ ਵੇਦਾਂ ਦੇ ਬਾਕੀ ਤਿੰਨ ਹਿੱਸਿਆਂ - ਬ੍ਰਾਹਮਣ ਗ੍ਰੰਥ, ਆਰਣਯੱਕ ਤੇ ਉਪਨਿਸ਼ਦਾਂ ਦੀ ਚਰਚਾ ਕਰਾਂਗੇ । ਬ੍ਰਾਹਮਣ ਗ੍ਰੰਥਾਂ ਦਾ ਸੰਬੰਧ ਕਰਮ ਕਾਂਡ ਨਾਲ ਹੈ। ਕਰਮ ਕਾਂਡ ਨਾਲ ਸੰਬੰਧਤ ਹੋਣ ਕਾਰਨ ਇਸ ਵਿਚ ਉਹਨਾਂ ਨਿਯਮਾਂ ਦੀ ਚਰਚਾ ਹੈ

ਜਿਸ ਨਾਲ ਕਿ ਧਾਰਮਿਕ ਕ੍ਰਿਆਵਾਂ ਸੰਪੰਨ ਕੀਤੀਆਂ ਜਾ ਸਕਣ । ਇਹਨਾਂ ਗ੍ਰੰਥਾਂ ਵਿਚ ਕਰਮ ਹੀ ਮਨੁੱਖੀ ਮੁਕਤੀ ਦਾ ਅੰਤਿਮ ਮਾਰਗ ਹੈ ਨਿਬੜਦਾ ਹੈ ਤੇ ਭਗਤੀ ਬਾਰੇ ਇਹਨਾਂ ਵਿਚ ਕੋਈ ਚਰਚਾ ਨਹੀਂ । ਆਰਣਿਅਕ ਗ੍ਰੰਥ ਗੁਪਤ ਕਿਰਿਆਵਾਂ ਦਾ ਹੀ ਕੋਸ਼ ਹਨ । ਜਿੱਥੇ ਤਕ ਉਪਨਿਸ਼ਦਾਂ ਦਾ ਸੰਬੰਧ ਹੈ ਉਹਨਾਂ ਨੂੰ ਤਾਂ 'ਵੇਦਾਂਤ' ਦਾ ਨਾਂ ਭੀ ਦਿੱਤਾ ਗਿਆ ਹੈ ਜਿਸਦਾ ਅਰਥ ਹੈ ਵੇਦਾਂ ਦਾ ਅੰਤਿਮ ਭਾਗ । ਇਹਨਾਂ ਦੀ 'ਭਗਤੀ' ਦੇ ਨੁਕਤੇ ਤੋਂ ਆਪਣੀ ਖਾਸ ਅਹਿਮੀਅਤ ਹੈ। ਵੇਦਾਂ ਦੇ ਉਪਰ ਦਿੱਤੇ ਭਾਗਾਂ ਵਿਚ ਭਾਵੇਂ ਕਰਮ ਕਾਂਡ ਨੂੰ ਹੀ ਜ਼ਿਆਦਾ ਮਹੱਤਾ ਦਿੱਤੀ ਗਈ ਸੀ- ਪਰ ਉਪਨਿਸ਼ਦਾਂ ਵਿਚ ਪ੍ਰਮੁੱਖ ਮਹੱਤਾ 'ਗਿਆਨ' ਨੂੰ ਮਿਲੀ । ਉਪਨਿਸ਼ਦਾਂ ਵਿਚ 'ਆਤਮਾ' ਤੇ 'ਬ੍ਰਹਮ' ਬਾਰੇ ਚਿੰਤਨ ਕੀਤਾ ਗਿਆ ਹੈ। ਉਪਨਿਸ਼ਦ, ਜਿਹਨਾਂ ਦਾ ਸ਼ਾਬਦਿਕ ਅਰਥ ਹੀ ਨੇੜੇ ਹੋ ਕੇ ਬੈਠਣਾ ਹੈ, ਇਹ ਮੰਨਕੇ ਚਲਦਾ ਹੈ ਕਿ ਬ੍ਰਹਮ ਅਨਸ਼ਵਰ ਹੈ ਤੇ ਸਾਧਕ ਵਿਸ਼ਵਾਸ ਤੇ ਸ਼ਰਧਾ ਨਾਲ ਆਪਣੀ ਸਾਧਨਾ ਵਿਅੱਕਤੀਗਤ ਦੇਵਤੇ ਤੋਂ ਸ਼ੁਰੂ ਕਰਕੇ ਅੰਤ ਵਿਚ ਆਪਣੇ ਆਪ ਨੂੰ ਬ੍ਰਹਮੰਡੀ ਈਸ਼ਵਰ ਵਿਚ ਲੀਨ ਕਰ ਲੈਂਦਾ ਹੈ ਤੇ ਇਸ ਤਰ੍ਹਾਂ ਗਿਆਨ ਦੇ ਤੱਤ ਦੀ ਬਜਾਏ ਇਹਨਾਂ ਵਿਚ ਭਗਤੀ ਦਾ ਤੱਤ ਅਹਿਮੀਅਤ ਹਾਸਿਲ ਕਰ ਲੈਂਦਾ ਹੈ ।"[18]

ਇਹ ਗੱਲ ਬਹੁਤ ਮਹੱਤਵ ਪੂਰਨ ਹੈ ਕਿ ਉਪਨਿਸ਼ਦਾਂ ਵਿਚ ਹੀ ਪਹਿਲੀ ਵਾਰ 'ਭਗਤੀ' ਸ਼ਬਦ ਦਾ ਪ੍ਰਯੋਗ ਕੀਤਾ ਗਿਆ । ਸ਼ਵੇਤ ਉਪਨਿਸ਼ਦ ਵਿਚ ਇਕ ਸ਼ਲੋਕ ਆਉਂਦਾ ਹੈ ਜਿਹੜਾ ਦਸਦਾ ਹੈ ਕਿ 'ਜੋਤੀ' ਨੂੰ ਉਹੀ ਸਮਝ ਸਕਦਾ ਹੈ ਜਿਹੜਾ ਪਰਾ-ਭਗਤੀ (Super Bhakti ) ਵਿਚ ਲੀਨ ਹੋਵੇ - ਇਹ ਭਗਤੀ ਦੇਵਤਿਆਂ ਦੇ ਨਾਲ ਨਾਲ ਗੁਰੂ ਦੀ ਵੀ ਹੈ ।"[19]

'ਭਗਤੀ' ਦਾ ਇਹ ਪਹਿਲਾ ਸ਼ਬਦ ਇਸ ਤੱਥ ਦਾ ਪ੍ਰਮਾਣ ਹੈ ਕਿ ਉਪਨਿਸ਼ਦ ਵੀ ਭਗਤੀ ਦੇ ਤੱਤਾਂ ਤੋਂ ਵਾਂਝੇ ਨਹੀਂ ਹਨ ।

**1.3 ਪੁਰਾਣਾਂ ਵਿਚ ਭਗਤੀ :**

ਵੈਦਿਕ ਕਾਲ ਦਾ ਦਰਸ਼ਨ ਸੂਖਮ ਸੀ ਜਿਹੜਾ ਆਮ ਆਦਮੀ ਦੀ ਸਮਝ ਤੋਂ ਪਰੇ, ਸੀ । ਪਰ ਪੁਰਾਣਾਂ ਤੱਕ ਆਉਂਦਿਆਂ ਹੀ ਵੇਦਾਂ ਦਾ ਦਰਸ਼ਨ ਸਰਲ ਰੂਪ

ਧਾਰਨ ਕਰ ਗਿਆ ਸੀ । ਪੁਰਾਣਕਾਰਾਂ ਨੇ ਧਾਰਮਿਕ ਸਿਧਾਂਤਾਂ ਦੀ ਵਿਆਖਿਆ ਜੀਵਿਤ ਪਾਤਰਾਂ ਦੁਆਰਾ ਪੁਰਾਣ ਦੇ ਮਾਧਿਅਮ ਅਨੁਸਾਰ ਕੀਤੀ । ਮਨੁੱਖੀ ਮੁਕਤੀ ਦੇ ਤਿੰਨ ਸਾਧਨਾਂ ਕਰਮ, ਗਿਆਨ ਤੇ ਭਗਤੀ ਵਿਚੋਂ, 'ਪੁਰਾਣਾਂ ਵਿਚ ਕਰਮਯੋਗ ਤੇ ਗਿਆਨਯੋਗ ਇਹਨਾਂ ਦੋਹਾਂ ਦੀ ਸਿਖਿਆ ਤੇ ਚਰਚਾ ਵੀ ਵਧੇਰੇ ਹੈ, ਪਰ ਵਿਸ਼ੇਸ਼ ਜ਼ੋਰ ਭਗਤੀ ਤੇ ਹੀ ਮਿਲਦਾ ਹੈ। ਇਸ ਦਾ ਸਭ ਤੋ ਵੱਡਾ ਕਾਰਨ ਇਹ ਹੈ ਕਿ ਇਸ ਭਗਤੀ ਨੂੰ ਬਿਨਾਂ ਕਿਸੇ ਲਿੰਗ-ਭੇਦ ਅਤੇ ਜਾਤੀ-ਭੇਦ ਦੇ ਸਹਿਜੇ ਹੀ ਅਪਣਾਇਆ ਜਾ ਸਕਦਾ ਹੈ ਤੇ ਇਸ ਦਾ ਫਲ ਵੀ ਤਰੰਤ ਮਿਲਦਾ ਹੈ । ਭਗਵਤ ਪੁਰਾਣ ਵਿਚ ਇਸ ਦੀ ਪੁਸ਼ਟੀ ਕਰਦਿਆਂ ਗੀਤਾ ਵਿਚ ਆਪ ਸ੍ਰੀ ਕ੍ਰਿਸ਼ਨ ਦੇ ਮੂੰਹੋ ਅਖਵਾਇਆ ਗਿਆ ਹੈ --" ਕਰਮ, ਤਪ, ਗਿਆਨ, ਵੈਰਾਗ, ਯੋਗਦਾਨ, ਧਰਮ ਅਤੇ ਹੋਰ ਅਜਿਹੇ ਤੀਰਥ ਵਰਤਾਂ ਆਦਿ ਉਪਾਵਾਂ ਨਾਲ ਮਨੁੱਖ ਨੂੰ ਜੋ ਕੁਝ ਪ੍ਰਾਪਤ ਹੁੰਦਾ ਹੈ ਉਹੋ ਕੁਝ ਭਗਤ ਨੂੰ ਭਗਤੀ ਰਾਹੀਂ ਪ੍ਰਾਪਤ ਹੋ ਜਾਂਦਾ ਹੈ ।"[20]

ਜਿਥੇ ਵੇਦਾਂ ਤੇ ਉਪਨਿਸ਼ਦਾਂ ਵਿਚ ਬ੍ਰਾਹਮਣ ਭਗਤੀ ਪੱਥ ਦੇ ਵਿਰੋਲੇ ਦਾ ਕੰਮ ਕਰਦੇ ਸਨ ਉੱਥੇ ਪੁਰਾਣਾਂ ਵਿਚ ( ਜਿਹਨਾਂ ਨੂੰ ਪੰਜਵਾਂ ਵੇਦ ਵੀ ਕਿਹਾ ਜਾਂਦਾ ਹੈ ) ਭਗਤੀ ਦੀ ਮਹੱਤਾ ਇੰਨੀ ਵਧ ਗਈ ਸੀ ਕਿ ਭਗਤੀ ਲਈ ਹਰ ਰਾਹ ਖੁਲ੍ਹਾ ਸੀ । ਭਗਤੀ ਕੋਈ ਬਾਹਰੀ ਕਰਮ ਕਾਂਡ ਨਹੀਂ ਸੀ, ਬਲਕਿ ਇਹ ਇਕ ਵਿਅਕਤੀਗਤ ਵਿਸ਼ਾ ਬਣ ਗਿਆ । ਜੋ ਵੀ ਮਨੁੱਖ ਚਾਹੇ ਉਹ ਕਿਸੇ ਵੀ ਜਾਤ ਦਾ ਕਿਉਂ ਨਾ ਹੋਵੇ ਉਹ ' ਭਗਤੀ ' ਕਰ ਸਕਦਾ ਸੀ ਬਸ਼ਰਤੇ ਕਿ ਉਹ ਆਪਣੇ ਆਪ ਨੂੰ ਸੱਚੇ ਮਨੋ ਪਰਮਾਤਮਾ ਦੇ ਚਰਨਾਂ ਵਿਚ ਸਮਰਪਿਤ ਕਰ ਦੇਵੇ । ਪੁਰਾਣਾਂ ਵਿਚ ਮਨੁੱਖ ਲਈ ਗਿਆਨ ਪ੍ਰਾਪਤ ਕਰਨਾ ਜਾਂ ਕਰਮ ਕਾਂਡ ਕਰਨਾ ਵੀ ਜ਼ਰੂਰੀ ਨਹੀਂ । ਡਾਕਟਰ ਦਰਸ਼ਨ ਸਿੰਘ ਜੀ ਵੀ ਲਿਖਦੇ ਹਨ --

" ਪੁਰਾਣਾਂ ਦੀ ਭਗਤੀ ਵਿਚ ਭਗਤ ਲਈ ਇਹ ਕੋਈ ਲਾਜ਼ਮੀ ਨਹੀਂ ਸੀ ਕਿ ਉਹ ਕਿਸੇ ਖਾਸ ਕਿਸਮ ਦਾ ਗਿਆਨ ਪ੍ਰਾਪਤ ਕਰੇ ਜਾਂ ਕੋਈ ਕਰਮ ਕਾਂਡ ਕਰੇ । ਇਹ ਤਾਂ ਆਤਮਾ ਦੀ ਇਕ ਪ੍ਰਵਿਰਤੀ ਸੀ ਤੇ ਮਨ ਦੀ ਤਰਫ ਇਕ ਤਰ੍ਹਾਂ ਦਾ ਝੁਕਾਅ

ਸੀ । ਪਾਪੀ ਹੋਵੇ ਜਾਂ ਪਵਿੱਤਰ, ਗਿਆਨੀ ਹੋਵੇ ਜਾਂ ਅਗਿਆਨੀ, ਨਿਰਸੰਦੇਹ ਸਾਰੇ ਹੀ ਉਸਦੀ ਕ੍ਰਿਪਾ ਨਾਲ ਮੁਕਤੀ ਪ੍ਰਾਪਤ ਕਰ ਸਕਦੇ ਸਨ । ਇਥੋ ਤਕ ਕਿ ਚਾਹੇ ਭਗਤ ਇਸ ਦੇ ਯੋਗ ਵੀ ਨਾ ਹੋਵੇ, ਭਗਵਾਨ ਆਪਣੇ ਦਿਆਲਤਾ ਕਾਰਨ ਉਸਦੇ ਸਾਰੇ ਪਾਪਾਂ ਦਾ ਨਾਸ਼ ਕਰ ਦਿੰਦਾ ਸੀ ਤੇ ਉਸ ਨੂੰ ਆਪਣੇ ਗਲੇ ਨਾਲ ਲਾ ਲੈਂਦਾ ਸੀ ।"[21]

ਪੁਰਾਣਾਂ ਵਿਚ ਭਗਤੀ ਬਾਰੇ ਹੀ ਨਹੀਂ ਦਸਿਆ ਗਿਆ ਸਗੋਂ ਇਸ ਯੁਗ ਵਿਚ ਬ੍ਰਹਮ ਦੇ ਸਰਗੁਣ ਸਰੂਪ ਦੀ ਵੀ ਚਰਚਾ ਕੀਤੀ ਗਈ ਹੈ । ਪੁਰਾਣਕਾਰਾਂ ਨੇ ਇਹ ਵੀ ਦਸਿਆ ਹੈ ਕਿ ਭਗਵਾਨ ਭਗਤਾਂ ਦੀ ਭਲਾਈ ਲਈ ਇਸ ਧਰਤੀ ਤੇ ਅਵਤਾਰ ਵੀ ਧਾਰ ਲੈਂਦਾ ਹੈ । ਇਹ ਕਹਿਣ ਵਿਚ ਸਾਨੂੰ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਇਸੇ ਯੁਗ ਵਿਚ ਅਵਤਾਰ ਵਾਦ ਦੀ ਸਥਾਪਨਾ ਹੋਈ । ਜਿਵੇਂ ਕਿ ਡਾਕਟਰ ਸ਼ਿਵ ਕੁਮਾਰ ਸ਼ਰਮਾ ਲਿਖਦੇ ਹਨ - "ਵਾਸਦੇਵ ਧਰਮ ਜਾਂ ਵੈਸ਼ਣਵ ਧਰਮ ਵਿਚ ਅਵਤਾਰ ਵਾਦ ਦੀ ਭਾਵਨਾ ਨੇ ਆਪਣੀ ਥਾਂ ਬਣਾ ਲਈ ਸੀ" ਤੇ ਇਸ ਵਾਸਦੇਵ ਧਰਮ ਦਾ ਅਧਾਰ ਗ੍ਰੰਥ ਭਾਗਵਤ ਪੁਰਾਣ ਹੀ ਹੈ । ਇਸ ਤਰ੍ਹਾਂ ਇਹ ਸਵੈ-ਪ੍ਰਮਾਣਤ ਹੈ ਕਿ ਪੁਰਾਣਾਂ ਵਿਚ ਅਵਤਾਰਵਾਦ ਦੀ ਸਥਾਪਨਾ ਹੋ ਗਈ ਸੀ ।"[22]

ਕੁਲ ਮਿਲਾਕੇ ਪੁਰਾਣਾਂ ਵਿਚ ਭਗਤੀ ਮੁਕਤੀ ਦਾ ਆਖਰੀ ਸਾਧਨ ਬਣ ਗਈ ਸੀ । ਹਾਂ ਇੰਨਾਂ ਜ਼ਰੂਰ ਹੈ ਕਿ ਭਗਤ ਦਾ ਉਦੇਸ਼ ਭਗਤੀ ਦੁਆਰਾ ਕਿਸੇ ਫਲ ਦੀ ਪ੍ਰਾਪਤੀ ਨਹੀਂ ਸੀ ਬਲਕਿ ਭਗਵਾਨ ਦੀ ਨੇੜਤਾ ਹੀ ਸੀ । ਉਂਜ ਵੀ ਸੰਤਾਂ ਦਾ ਧਰਮ ਦਲੀਲ ਦਾ ਧਰਮ ਨਹੀਂ ਸੀ, ਸਗੋਂ ਇਹ ਆਚਰਣ ਸ਼ੀਲ ਅਤੇ ਚਰਿਤ੍ਰ ਦਾ ਧਰਮ ਸੀ ।[23]

**1.4 ਭਗਵਤ ਗੀਤਾ ਵਿਚ ਭਗਤੀ :**

ਭਾਰਤੀ ਵਿਚਾਰਧਾਰਾ ਦੇ ਖੇਤਰ ਵਿਚ ਭਗਵਤ ਗੀਤਾ ਦੀ ਲੋਕ - ਪ੍ਰਿਯਤਾ ਕਿਸੇ ਵੀ ਧਾਰਮਿਕ ਗ੍ਰੰਥ ਨਾਲੋ ਘਟ ਨਹੀਂ । ਇਸ ਦੇ ਦੋ ਪਾਤਰ ਮਨਮੋਹਣੇ ਵਿਅਕਤਿੱਤਵ ਵਾਲੇ ਹਨ ਤੇ ਇਕ ਅਜਿਹੀ ਨਾਜ਼ੁਕ ਘੜੀ ਵਿਚ ਇਸ ਦਾ ਉਪਦੇਸ਼ ਕੀਤਾ ਗਿਆ ਸੀ ਜਦ ਨਾ ਕੇਵਲ ਦੇਸ ਹੀ ਬਲਕਿ ਖੁਦ ਧਰਮ ਦੀ ਹੋਂਦ ਖਤਰੇ ਵਿਚ ਪੈ ਗਈ ਸੀ ।

ਗੀਤਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਕਰਮ, ਗਿਆਨ ਤੇ ਭਗਤੀ ਦਾ ਸੰਗਮ ਕਰ ਦੇਣਾ ਹੈ । ਇਸ ਵਿਚ ਕਿਸੇ ਖਾਸ ਤੱਤ ਤੇ ਵਧੇਰੇ ਜ਼ੋਰ ਨਹੀਂ ਦਿਤਾ ਗਿਆ । ਗਿਆਨ, ਕਰਮ ਤੇ ਭਗਤੀ ਕ੍ਰਮਵਾਰ ਗੀਤਾ ਨੂੰ ਗਿਆਨ ਯੋਗ, ਕਰਮ ਯੋਗ ਤੇ ਭਗਤੀ ਯੋਗ ਇਹਨਾਂ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ । ਪਰ ਤਿੰਨੇ ਅੰਗ ਗੀਤਾ ਵਿਚ ਇਕ ਦੂਜੇ ਦੇ ਵਿਰੋਧੀ ਨਹੀਂ - ਨਾ ਹੀ ਇਕ ਦੂਜੇ ਤੋਂ ਵਖਰੇ ਤੇ ਉਪਰਵੇਂ ਹਨ - ਬਲਕਿ ਹਰ ਇਕ ਦੂਜੇ ਦਾ ਪੂਰਕ ਹੈ । ਆਦਮੀ ਇਕ ਗੁੰਝਲ ਦਾਰ ਪ੍ਰਾਣੀ ਹੈ - ਇਸ ਸੱਚਾਈ ਨੂੰ ਸਾਹਮਣੇ ਰਖਦੇ ਹੋਏ ਗੀਤਾਕਾਰ ਭਗਤ ਲਈ ਗਿਆਨ, ਕਰਮ ਤੇ ਭਗਤੀ ਵਿਚੋਂ ਕਿਸੇ ਅਲੱਗ ਰਾਹ ਦੀ ਚੋਣ ਕਰਨ ਦੀ ਪ੍ਰੇਰਨਾ ਨਹੀਂ ਦਿੰਦਾ ਬਲਕਿ ਮਨ ਇੱਛਤ ਨਿਸ਼ਾਨੇ ਦੀ ਪ੍ਰਾਪਤੀ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰਨ ਦਾ ਉਪਦੇਸ਼ ਦਿੰਦਾ ਹੈ। ਜਿਵੇ ਕਿ ਅਰਵਿੰਦੋ ਘੋਸ਼ ਲਿਖਦੇ ਹਨ -- " ਸਾਧਕ ਲਈ ਇਕੱਲਾ ਗਿਆਨ ਤੇ ਕਰਮ ਹੀ ਜ਼ਰੂਰੀ ਨਹੀਂ, ਬਲਕਿ ਭਗਤੀ ਵੀ ਜ਼ਰੂਰੀ ਹੈ ।"[24]

ਗਿਆਨ, ਕਰਮ ਤੇ ਭਗਤੀ ਮਾਰਗ ਦੀ ਮਹੱਤਾ ਨੂੰ ਪ੍ਰਤਿਪਾਦਤ ਕਰਦੇ ਹੋਏ ਵੀ ਗੀਤਾਕਾਰ ਨੇ ਜਿਸ ਤੱਤ ਤੇ ਜ਼ਿਆਦਾ ਜ਼ੋਰ ਦਿੱਤਾ ਹੈ ਉਹ ਭਗਤ ਦੁਆਰਾ ਭਗਵਾਨ ਦੇ ਚਰਨਾਂ ਵਿਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਤ ਕਰ ਦੇਣਾ ਹੈ । ਗੀਤਾ 'ਚ ਸੱਚੇ ਯੋਗ ਦਾ ਜ਼ਿਕਰ ਕਰਦੇ ਹੋਏ ਭਗਵਾਨ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ --

" ਮੇਰੇ ਵਿਚ ਮਨ ਨੂੰ ਇਕਾਗਰ ਕਰਕੇ ਲਗਾਤਾਰ ਮੇਰੇ ਹੀ ਧਿਆਨ ਵਿਚ ਲਗਾ ਹੋਇਆ ਜਿਹੜਾ ਭਗਤ ਅਤਿ ਸਰੇਸ਼ਠ ਸ਼ਰਧਾ ਨਾਲ ਮੇਰਾ ਭਜਨ ਕਰਦਾ ਹੈ, ਅਜਿਹਾ ਭਗਤ ਮੈਨੂੰ ਯੋਗੀਆਂ ਵਿਚੋਂ ਵੀ ਅਤਿ ਉਤਮ ਯੋਗੀ ਸਵੀਕਾਰ ਹੈ ਅਰਥਾਤ ਉਸ ਨੂੰ ਮੈਂ ਅਤਿ ਸਰੇਸ਼ਠ ਮੰਨਦਾ ਹਾਂ ।"[25]

" ਹੇ ਅਰਜਨ ਉਹਨਾਂ ਮੇਰੇ ਵਿਚ ਮਨ ਲਾਉਣ ਵਾਲੇ । ਪ੍ਰੇਮੀ ਭਗਤਾਂ ਦਾ ਮੈਂ ਜਲਦੀ ਹੀ ਮੌਤ ਰੂਪੀ ਸੰਸਾਰ ਸਾਗਰ ਵਿਚੋ ਉਧਾਰ ਕਰਨ ਵਾਲਾ ਹਾਂ।" [26]
ਗੀਤਾ ਅਨੁਸਾਰ ਭਗਤ ਨੂੰ ਭਗਤੀ ਮਾਰਗ ਤੇ ਚਲਦਿਆਂ ਫਲ ਦੀ ਇੱਛਾ ਕਰਨ ਤੋ ਬਿਲਕੁਲ ਵਰਜਿਆ ਗਿਆ ਹੈ । ਭਗਤ ਦਾ ਮੁਖ ਕਰਤੱਵ ਉਸ ਪਰਮਾਤਮਾ ਦੇ ਚਰਨਾਂ ਵਿਚ ਆਪਣੇ ਆਪ ਨੂੰ ਨਿਛਾਵਰ ਕਰ ਦੇਣਾ ਹੀ ਹੁੰਦਾ ਹੈ। ਇਸ ਸੰਦਰਭ ਵਿਚ ਭਗਵਾਨ ਕ੍ਰਿਸ਼ਨ ਜੀ ਗੀਤਾ ਵਿਚ ਹੋਰ ਥਾਂ ਕਹਿੰਦੇ ਹਨ --

" ਜੋ ਵਿਅੱਕਤੀ ਧਿਆਨ ਯੋਗ ਵਿਚ ਲੱਗਿਆ ਹੋਇਆ ਮਨ ਇੰਦਰੀਆਂ ਨੂੰ ਪੂਰਨ ਵਸ ਵਿਚ ਕਰਕੇ ਮੇਰੇ ਪ੍ਰਤਿ ਦ੍ਰਿੜ੍ਹ ਵਿਸ਼ਵਾਸ ਰਖਦਾ ਹੈ ਉਹ ਮੈਨੂੰ ਅਤਿ ਪਿਆਰਾ ਹੈ ।" [27]

**1.5 ਸੂਤਰ ਗ੍ਰੰਥਾਂ ਵਿਚ ਭਗਤੀ :**

ਸੂਤਰ ਗ੍ਰੰਥਾਂ ਵਿਚ ਭਗਤੀ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੀ ਸੀ। ਸੂਤਰਕਾਲ ਤੋਂ ਪਹਿਲਾਂ ਬੇਸ਼ਕ ਭਗਤੀ ਵਿਹਾਰਕ ਰੂਪ ਵਿਚ ਹੀ ਨਜ਼ਰ ਆਉਂਦੀ ਹੈ । ਪਰ ਸੂਤਰਕਾਲ ਤੱਕ ਆਉਂਦੇ ਆਉਂਦੇ ਭਗਤੀ ਦਾ ਸਿਧਾਂਤਕ ਪੱਖ ਵੀ ਉਭਰ ਕੇ ਸਾਹਮਣੇ ਆ ਚੱਕਾ ਸੀ । ਇਸ ਕਾਲ ਵਿਚ ਦੋ ਪ੍ਰਮੁਖ ਸੂਤਰਕਾਰ ਹੋਏ । ਇਕ ਸਨ ਸਾਂਡਿਲਿਆ ਤੇ ਦੂਜੇ ਨਾਰਦ । ਨਾਰਦ ਨੇ ਆਪਣੇ ਗ੍ਰੰਥ 'ਨਾਰਦ ਭਗਤੀ ਸੂਤ੍ਰ' ਵਿਚ ਹੋਰ ਵੀ ਆਚਾਰੀਆਂ ਦਾ ਜ਼ਿਕਰ ਕੀਤਾ ਹੈ । ਉਹਨਾਂ ਵਿਚ ਪਰਾਸ਼ਰ ਨੰਦਨ ਸ੍ਰੀ ਵਿਆਸ ਗਰਗ ਦਾ ਨਾਂ ਪ੍ਰਮੁਖ ਹੈ। ਕਹਿਣ ਦੀ ਲੋੜ ਨਹੀਂ ਕਿ ਨਾਰਦ ਤੇ ਸਾਂਡਿਲਿਆ ਤੋਂ ਪਹਿਲਾਂ ਭਗਤੀ ਮਤ ਬਾਰੇ ਕਾਫੀ ਚਿੰਤਨ ਹੋ ਚੁੱਕਾ ਸੀ " ਸਾਂਡਿਲਿਆ ਨੇ ਭਗਤੀ ਦੇ ਦੋ ਭੇਦ ਮੰਨੇ ਹਨ -- ਪਹਿਲਾ ਅਪਰਾ-ਭਗਤੀ ਜਿਹੜੀ ਸਾਧਨਾ ਅਵਸਥਾ ਵਿਚ ਰਹਿੰਦੀ ਹੈ ਤੇ ਦੂਜੀ ਪਰਾ-ਭਗਤੀ ਜਿਸਦਾ ਉਦੈ ਵਿਸ਼ੁੱਧ ਭਾਵ ਭੂਮੀ ਵਿਚ ਹੁੰਦਾ ਹੈ । ਨਾਰਦ ਭਗਤੀ ਸੂਤਰ ਵਿਚ ਭਗਤੀ ਦੇ ਸਰੂਪ ਦਾ ਵਿਵੇਚਨ ਸਾਂਡਿਲਿਆ ਦੀ ਬਜਾਏ ਜ਼ਿਆਦਾ ਪ੍ਰੌੜ੍ਹ ਤੇ ਪੂਰਨ ਹੈ ।" [28]

" ਨਾਰਦ ਦੇ ਮਤ ਅਨੁਸਾਰ ਆਪਣੇ ਸਭ ਕਰਮਾਂ ਨੂੰ ਪ੍ਰਭੂ ਅਗੇ ਅਰਪਣ ਕਰਨਾ ਅਤੇ ਪ੍ਰਭੂ ਨੂੰ ਥੋੜਾ ਜਿਹਾ ਵੀ ਭੁਲ ਜਾਣ ਤੇ ਅਤਿਅੰਤ ਵਿਆਕੁਲ ਹੋਣਾ ਹੀ ਭਗਤੀ ਹੈ । ਪ੍ਰਭੂ ਦੀ ਪੂਜਾ ਕਰਨਾ, ਉਸਦੇ ਗੁਣ ਗਾਣ ਕਰਨਾ ਅਤੇ ਸਰਵੋਤਮ ਰੂਪ ਵਿਚ ਪ੍ਰਭੂ ਨਾਲ ਪ੍ਰੇਮ ਕਰਨਾ ਉਚਿਤ ਅਤੇ ਜ਼ਰੂਰੀ ਹੈ ।

ਨਾਰਦ ਨੇ ਭਗਤੀ ਦੇ ਹਰ ਪੱਖ ਦੀ ਭਰਪੂਰ ਵਿਆਖਿਆ ਕੀਤੀ ਹੈ । ਉਹ ਦੱਸਦੇ ਹਨ ਕਿ ਅਸਲ ਵਿਚ ਭਗਤੀ ਪ੍ਰੇਮਾ ਸਰੂਪਾ ਹੈ ।" [29]

ਨਾਰਦ ਨੇ ਭਗਤੀ ਨੂੰ ਨਾ ਕੇਵਲ ਦਰਸ਼ਨ ਦੀ ਸ਼੍ਰੇਣੀ ਤੱਕ ਪੁਚਾ ਦਿਤਾ, ਉਸਨੇ ਆਪਣੇ ਸੂਤਰ ਗ੍ਰੰਥ ਵਿਚ ਇਸ ਰਹੱਸ ਦਾ ਵੀ ਜ਼ਿਕਰ ਕੀਤਾ ਕਿ ਭਗਤੀ ਦੀ ਪ੍ਰਾਪਤੀ ਮਹਾਂ ਪੁਰਸ਼ਾਂ ਦੇ ਸਤਿਸੰਗ ਕਰਨ ਨਾਲ ਹੀ ਮਿਲਦੀ ਹੈ ਤੇ ਮਹਾਂ ਪੁਰਸ਼ਾਂ ਦਾ ਸੰਗ

ਬਿਨਾ ਪ੍ਰਭੂ ਦੀ ਕ੍ਰਿਪਾ ਤੋਂ ਪ੍ਰਾਪਤ ਨਹੀਂ ਹੁੰਦਾ । ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸੂਤਰਕਾਲ ਤਕ ਭਗਤੀ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੀ ਸੀ ।

ਵੈਦਿਕ ਕਾਲ ਦਾ ਕਰਮ ਕਾਂਡ ਜਦ ਸੱਚੀ ਭਗਤੀ ਨਾਲੋਂ ਨਿਖੜ ਗਿਆ ਤਾਂ ਉਸਦੀ ਪ੍ਰਤਿਕ੍ਰਿਆ ਦੇ ਸਿਟੇ ਵਜੋ ਦੋ ਧਰਮ ਭਗਤੀ ਸਮਾਜ ਵਿਚ ਉਭਰ ਕੇ ਸਾਹਮਣੇ ਆਏ । ਇਹ ਧਰਮ ਸਨ ਜੈਨ ਧਰਮ ਤੇ ਬੁੱਧ ਧਰਮ । ਜਿਨ੍ਹਾਂ ਨੇ ਸਦੀਆਂ ਤਕ ਭਾਰਤੀ ਜਨ ਮਾਨਸ ਨੂੰ ਅੰਦੋਲਿਤ ਕੀਤਾ ।

**1.6 ਜੈਨ ਮਤ ਵਿਚ ਭਗਤੀ :**

ਜੈਨ ਧਰਮ ਆਪਣੇ ਮੁਢਲੇ ਰੂਪ ਵਿਚ ਨਾਸਤਕ ਧਰਮ ਸੀ । ਇਹ ਉਪਨਿਸ਼ਦਾਂ ਦੇ ਕਿਸੇ ਵੀ ' ਬ੍ਰਹਮ ' ਨੂੰ ਨਹੀਂ ਮੰਨਦਾ ਸੀ । ' ਰੱਬ ' ਜਾਂ ' ਬ੍ਰਹਮ ' ਇਸ ਅਨੁਸਾਰ ਮਨੁੱਖੀ ਵਿਕਾਸ ਦੇ ਕਿਸੇ ਵੀ ਪੜਾਅ ਵਿਚ ਆਪਣੀ ਕੋਈ ਵੀ ਭੂਮਿਕਾ ਨਹੀਂ ਨਿਭਾਉਂਦਾ ਸੀ । ਨਾ ਤਾਂ ਇਹ ਇਸ ਸੰਸਾਰ ਦਾ ਰਚਣਹਾਰਾ ਸੀ ਨਾ ਹੀ ਪਾਲਣਹਾਰਾ ਤੇ ਨਾ ਹੀ ਵਿਨਾਸ਼ ਕਰਨ ਵਾਲਾ । ਕਿਸੇ ਰੱਬ ਜਾਂ ਦੇਵਤੇ ਦੀ ਹੋਂਦ ਦੀ ਘਾਟ ਹੋਣ ਕਾਰਨ ਸਪਸ਼ਟ ਹੈ ਕਿ ਇਸ ਧਰਮ ਵਿਚ ਭਗਤੀ ਲਈ ਕੋਈ ਥਾਂ ਨਹੀਂ ਸੀ ਪਰ ਜੈਨ ਧਰਮ ਦੇ ਪਹਿਲਾਂ ਦੇ ਰੂਪ ਵਿਚ ਬੇਸ਼ਕ ਰੱਬ ਲਈ ਥਾਂ ਨਹੀਂ ਸੀ । ਪਰ ਜੈਨ ਅਚਾਰੀਆਂ ਨੂੰ ਖੁਦ ਜੈਨ ਧਰਮੀਆਂ ਨੇ ਰੱਬ ਦਾ ਦਰਜਾ ਦੇ ਦਿਤਾ ਤੇ ਸ਼ਰਧਾ ਵਿਸ਼ਵਾਸ ਤੇ ਪ੍ਰੇਮ ਨੇ ਜੈਨ ਤੀਰਥੰਕਰ ਦੀ ਪੂਜਾ ਦਾ ਪ੍ਰਚਲਨ ਇਸ ਧਰਮ ਵਿਚ ਸ਼ੁਰੂ ਹੋ ਗਿਆ । ਜਿਵੇਂ ਡਾਕਟਰ ਦਰਸ਼ਨ ਸਿੰਘ ਜੀ ਕਹਿੰਦੇ ਹਨ -- " ਸਪਸ਼ਟ ਸ਼ਬਦਾਂ ਵਿਚ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਜੈਨ ਧਰਮ ਜਾਂ ਇਸਦੀ ਕਿਸੇ ਹੋਰ ਸਾਖਾਂ ਜਿਵੇਂ ਦਿਗੰਬਰ ਅਤੇ ਸਵੇਤੰਬਰ ਵਿਚ ਭਗਤੀ ਦਾ ਕੋਈ ਸਪਸ਼ਟ ਪ੍ਰਗਟਾਅ ਨਹੀਂ । ਪਰ ਫਿਰ ਵੀ ਕੁਝ ਅਜਿਹੀਆਂ ਖਾਸ ਗੱਲਾਂ ਹਨ ਜਿਹੜੀਆਂ ਇਹ ਨਿਸਚਿਤ ਕਰਦੀਆਂ ਹਨ ਕਿ ਜੈਨ ਧਰਮ ਵਿਚ ਵੀ ਭਗਤੀ ਬਿਲਕੁਲ ਹੀ ਲਭੀ ਨਾ ਜਾ ਸਕਣ ਵਾਲੀ ਨਹੀਂ । ਜੈਨ ਸਾਧਕ --- " ਭਾਵੇਂ ਉਹ ਕਿਸੇ ਰੱਬ ਦੀ ਹੋਂਦ ਨਹੀਂ ਮੰਨਦੇ - ਫਿਰ ਵੀ ਪੂਰਣ ਜਿਨ ਬਰਾਬਰ ਪੂਜੇ ਜਾਂਦੇ ਸਨ । ਉਹ ਰੱਬ ਨੂੰ ਉਚਤਮ ਸ਼ਕਤੀ ਨਹੀਂ ਮੰਨਦੇ - ' ਪੂਰਣ ਜਿਨ ' ਤੇ ਉਹਨਾਂ ਦਾ ਵਿਸ਼ਵਾਸ ਰੱਬ ਵਰਗਾ ਹੀ ਸੀ । ਉਹਨਾਂ ਦੀ ਇਹ ਭਾਵਨਾ ਇਸ ਤਰ੍ਹਾਂ ਬਿਨਾਂ ਸ਼ਕ ਭਗਤੀ ਦੇ ਤੱਤ ਨੂੰ ਹੀ ਸਥਾਪਤ ਕਰਦੀ ਹੈ ।"[30]

## 1.7 ਬੁੱਧ ਮਤ ਵਿਚ ਭਗਤੀ :

ਵੈਦਿਕ ਧਰਮ ਦੇ ਕਰਮ ਕਾਂਡ ਦੀ ਪ੍ਰਤਿਕ੍ਰਿਆ ਦੇ ਫਲਸਰੂਪ ਹੀ ਬੁੱਧ ਮਤ ਦਾ ਜਨਮ ਹੋਇਆ ਸੀ । ਮਹਾਤਮਾ ਬੁੱਧ ਨੇ ਸੰਸਾਰ ਦੁਖਾਂ ਨਾਲ ਗ੍ਰਸਤ ਵੇਖਿਆ ਤੇ ਗਿਆਨ ਪ੍ਰਾਪਤੀ ਤੋਂ ਬਾਅਦ ਉਸਨੇ ਮਨੁੱਖੀ ਜੀਵਨ ਨੂੰ ਦੁੱਖਾਂ ਤੋਂ ਛੁਟਕਾਰਾ ਦਿਵਾਉਣ ਲਈ ਆਪਣੇ ਗਿਆਨ ਦਾ ਪ੍ਰਚਾਰ ਕੀਤਾ ।

" ਉਹਨਾਂ ਨੇ ਚਾਰ ਸਦੀਵੀ ਸਚਿਆਈਆਂ ਨੂੰ ਪਰਗਟ ਕੀਤਾ ਹੈ ਕਿ ਜੀਵਨ ਵਿਚ ਦੁੱਖ ਹੈ, ਦੁੱਖ ਦਾ ਕਾਰਨ ਹੈ, ਦੁੱਖ ਦੂਰ ਕੀਤਾ ਜਾ ਸਕਦਾ ਹੈ ਤੇ ਦੁੱਖ ਨੂੰ ਦੂਰ ਕਰਨ ਦਾ ਢੰਗ ਹੈ ।"[31]

ਦੁੱਖ ਦੂਰ ਕਰਨ ਲਈ ਕਿਸੇ ਪਰਮਾਤਮਾ ਜਾਂ ਦੇਵਤੇ ਦੀ ਪੂਜਾ ਦੀ ਲੋੜ ਨਹੀਂ, ਸਗੋਂ ਮਨੁੱਖ ਖੁਦ ਹੀ ਆਪਣੇ ਦੁੱਖ ਤੋਂ ਛੁਟਕਾਰਾ ਪਾ ਸਕਦਾ ਹੈ। ਜ਼ਰੂਰਤ ਤਾਂ ਮਨ ਦੀ ਸ਼ੁੱਧਤਾ ਦੀ ਹੈ ।

ਸਪਸ਼ਟ ਹੈ ਆਪਣੇ ਉਦੈਕਾਲ ਵਿਚ ਬੁੱਧ ਧਰਮ 'ਕਰਮ' ਦੇ ਸਿਧਾਂਤ ਨੂੰ ਮੰਨਦਾ ਸੀ - ਪਰ ਕਿਸੇ ਬ੍ਰਹਮ ਦੀ ਭਗਤੀ ਤੋਂ ਇਹ ਇਨਕਾਰ ਕਰਦਾ ਸੀ । ਗੌਤਮ ਬੁੱਧ ਦੇ ਨਿਰਵਾਣ ਤੋਂ ਕੋਈ ਢਾਈ ਸੌ ਸਾਲ ਬਾਅਦ ਅਰਥਾਤ ਈਸਾ ਤੋਂ ਕੋਈ ਢਾਈ ਸਾਲ ਪਹਿਲਾਂ ਬੁੱਧ ਧਰਮ ਦੀਆਂ ਦੋ ਮੁੱਖ ਸ਼ਾਖਾਵਾਂ ਮਹਾਂ ਸੰਘਿਕ ਅਤੇ ਥੇਰਵਾਦੀ ਹੋਂਦ ਵਿਚ ਆਈਆਂ । ਇਹਨਾਂ ਦਾ ਸਦਕਾ ਹੀ " ਹੀਨ ਯਾਨ ਤੇ ਮਹਾ ਯਾਨ " ਸ਼ਾਖਾਵਾਂ ਬੁੱਧ ਧਰਮ ਵਿਚ ਫੁਟੀਆਂ । ਹੀਨ ਯਾਨ ਵਾਲੇ ਆਪਣੇ ਆਪ ਨੂੰ ਛੋਟੇ ਰੱਬ ਵਾਲਾ ਸਮਝਦੇ ਸਨ ਤੇ ਸਾਧਨਾਂ ਦੇ ਖੇਤਰ ਵਿਚ ਵਿਅਕਤੀਗਤ ਮੁਕਤੀ ਨੂੰ ਹੀ ਪ੍ਰਮੁਖਤਾ ਦਿੰਦੇ ਸਨ। ਇਹਨਾਂ ਦੇ ਸਿਧਾਂਤ ਵੀ ਮਹਾਤਮਾ ਬੁੱਧ ਦੇ ਵਾਸਤਵਿਕ ਸ਼ਬਦਾਂ ਦਾ ਹੀ ਸਾਕਾਰ ਰੂਪ ਸਨ । ਮਹਾਯਾਨ ਵਾਲੇ ਆਪਣੇ ਆਪ ਨੂੰ 'ਵੱਡੇ ਰੱਬ' ਜਾਂ ਗਤੀ ਵਾਲਾ ਸਮਝਦੇ ਸਨ । ਉਹਨਾਂ ਹਰ ਇਕ ਸੰਪ੍ਰਦਾਇ ਵਾਲੇ ਨੂੰ ਆਪਣੇ ਸੰਪ੍ਰਦਾਇ ਵਿਚ ਆਉਣ ਦਾ ਸੱਦਾ ਦਿੱਤਾ । ਉਹਨਾਂ ਨੇ ਤਾਂ ਇਥੋ ਤਕ ਆਪਣੇ ਆਪ ਨੂੰ ਆਜ਼ਾਦ ਕਰ ਲਿਆ ਕਿ ਬ੍ਰਾਹਮਣ ਧਰਮ ਦੇ ਸਿਧਾਂਤਾਂ ਨੂੰ ਵੀ ਆਪਣੇ ਵਿਚ ਸਮੋ ਸਕਣ ਦੇ ਕਾਬਲ ਬਣਾ ਲਿਆ। ਇਸ ਤਰ੍ਹਾਂ ਮਹਾਯਾਨ ਸ਼ਾਖਾ ਤੇ ਵੈਦਿਕ ਧਰਮ ਦੀਆਂ ਬ੍ਰਾਹਮਣ ਵੈਸ਼ਨਵ ਆਦਿ ਹੋਰ ਸ਼ਾਖਾਵਾਂ ਦਾ ਵੀ ਪ੍ਰਭਾਵ ਪਿਆ

ਅਤੇ ਸਿਟੇ ਵਜੋ ਇਸ ਸ਼ਾਖਾ ਵਿਚੋ ਭਗਤੀ ਅਤੇ ਹੋਰ ਰਹੱਸਮਈ ਰੂਪ ਦੀਆਂ ਪੁੰਗਰਾਂ ਫੁਟੀਆਂ । ਭਗਤੀ ਆਦਿ ਇਹਨਾ ਪੁੰਗਰਾਂ ਦਾ ਸਦਕਾ ਵਿਹਾਰ ਵਾਸੀ ਬੁੱਧ ਮਤ ( Monastic Budhism ) ਇਕ ਅਨੁਸ਼ਠਾਨਿਕ ਧਰਮ ( Ritualistic Religion ) ਬਣ ਗਿਆ । ਮਹਾਂਯਾਨ ਦੀ ਧਰਮ ਸ਼ਾਸਤਰਿਕਤਾ ਦਾ ਵਿਕਾਸ ਹੋਣ ਲਗਾ । ਗੌਤਮ ਬੁੱਧ ਨੂੰ ਮਹਾਂ ਪੁਰਸ਼ ( Super - Man ) ਸਮਝਿਆ ਜਾਣ ਲਗ ਪਿਆ । ਉਸ ਦੇ ਵਾਸਤੇ ਭਗਤੀ ਭਾਵ ਲੋਕਾਂ ਵਿਚ ਲਹਿਰਾਉਣ ਲਗ ਪਿਆ ।"[32]

ਈਸਾ ਦੀ ਅਠਵੀਂ ਤੇ ਨੌਵੀਂ ਸਦੀ ਦੇ ਨੇੜੇ ਨੇੜੇ ਪਹੁੰਚਕੇ ਮਹਾਂਯਾਨ ਸ਼ਾਖਾਂ ਨੂੰ ਵਿਰੋਧੀ ਧਰਮਾਂ ਦਾ ਮੁਕਾਬਲਾ ਕਰਨਾ ਪਿਆ ਤੇ ਜਨ ਮਾਨਸ ਨੂੰ ਆਪਣੇ ਵਲ ਖਿਚਣ ਲਈ ਇਸ ਸ਼ਾਖ ਨੇ ਜੰਤਰ ਮੰਤਰ ਤੰਤਰ ਤੇ ਹੋਰ ਵੀ ਕਿੰਨੀਆਂ ਹੀ ਰਹੱਸ ਮਈ ਵਿਧੀਆਂ ਅਪਨਾ ਲਈਆਂ ।

ਫਲ ਸਰੂਪ ਬੁੱਧ ਧਰਮ ਦੀ ਇਕ ਹੋਰ ਨਵੀਂ ਸ਼ਾਖਾਂ ਵਜਯਾਨ ਦਾ ਜਨਮ ਹੋਇਆ । ਇਸੇ ਸੰਪ੍ਰਦਾਇ ਦੇ ਸਾਧਕ ਸਿੱਧ ਅਖਵਾਏ ਜਿਹਨਾਂ ਦੀ ਗਿਣਤੀ 84 ਦੱਸੀ ਜਾਂਦੀ ਹੈ ਇਹਨਾਂ ਸਿੱਧਾਂ ਦੀ ਬਦੋਲਤ ਹੀ " ਨਿਰੀਸ਼ਵਰਵਾਦੀ ਬੋਧ ਧਰਮ ਵਿਚ ਈਸ਼ਵਰਵਾਦ ਦੀ ਪ੍ਰਤਿਸਠਾ ਹੋਈ । ਸ਼ੁਰੂ ਵਿਚ ਵੱਜਯਾਨ ਸਪ੍ਰਦਾਇ ਦੀ ਧਰਮ ਸਾਧਨਾਂ ਵਿਚ ਮਾਸ, ਮਦਿਰਾ, ਮੈਥੁਨ ਦਾ ਪ੍ਰਯੋਗ ਜਿਆਦਾ ਹੁੰਦਾ ਰਿਹਾ, ਪਰ ਹੋਲੀ ਹੋਲੀ ਇਹਨਾਂ ਦੀ ਮਹੱਤਾ ਘਟਦੀ ਗਈ । ਇਹਨਾਂ ਸਿਧਾਂ ਨੇ ਜਿੰਦਗੀ ਦੀਆਂ ਸੁਭਾਵਕ ਪ੍ਰਵਿਰਤੀਆਂ ਵਿਚ ਵਿਸ਼ਵਾਸ ਪਰਗਟ ਕਰਦੇ ਹੋਏ ਜੀਵਨ ਦੇ ਸੁਭਾਵਕ ਭੋਗਾ ਵਿਚ ਲੀਨ ਹੋ ਕੇ ਨਿਰਵਾਣ ਪ੍ਰਾਪਤ ਕਰਨ ਦਾ ਰਸਤਾ ਮਜ਼ਬੂਤ ਕੀਤਾ ।"[33]

ਵੱਜਯਾਨ ਹੋਲੀ ਹੋਲੀ ਆਪਣੇ ਆਪ ਨੂੰ ਸੁਧਾਰ ਦੇ ਰਸਤੇ ਵਲ ਲੈ ਜਾਂਦਾ ਰਿਹਾ ਤੇ ਇਸ ਦੇ ਸੁਧਾਰ ਤੇ ਆਤਮ ਸ਼ੁੱਧੀ ਦਾ ਹੀ ਨਤੀਜਾ ਸੀ ਕਿ ' ਸਹਿਜਯਾਨ ' ਸ਼ਾਖਾ ਦਾ ਉਦੈ ਹੋਇਆ । ਇਹਨਾਂ ਸਹਿਜਯਾਨੀਆਂ ਵਿਚ " ਸੈਵਾਂ ਦੇ ਰਲੇ ਤੇ ਗੋਰਖ ਪੰਥੀਆ ਦਾ ਜਨਮ ਹੋਇਆ ।"[34] ਜਾਂ ਦੂਸਰੇ ਸ਼ਬਦਾਂ ਵਿਚ ਸ਼ਹਿਰਯਾਨੀ ਸ਼ਾਖਾ ਵਿਚ ਜਦੋਂ ਸੈਵ ਮਤ ਦਾ ਦਰਸ਼ਨ ਵੀ ਆ ਮਿਲਿਆ ਤਾਂ ਇਕ ਨਵੇ ਸੰਪਰਦਾਇ ਨੇ

ਜਨਮ ਲਿਆ ਜਿਸ ਨੂੰ ਨਾਥ ਸੰਪ੍ਰਦਾਇ ਆਖਿਆ ਜਾਂਦਾ ਹੈ ਤੇ ਜਿਸਦਾ ਮੋਢੀ ਗੁਰੂ ਗੋਰਖਨਾਥ ਨੂੰ ਹੀ ਮੰਨਿਆ ਜਾਂਦਾ ਹੈ। ਭਾਵੇਂ ਈਸ਼ਵਰ ਸੰਬੰਧੀ ਇਹਨਾਂ ਨਾਥ, ਯੋਗੀਆਂ ਦੀ ਧਾਰਨਾ ਸ਼ੂੰਨਵਾਦੀ ਹੈ ਤੇ ਹਠਯੋਗ ਨੂੰ ਇਹ ਸਾਧਨਾਂ ਦੇ ਖੇਤਰ ਵਿਚ ਪ੍ਰਮੁਖਤਾ ਦਿੰਦੇ ਹਨ -- ਪਰ ਇਸ ਗੱਲ ਤੋ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਧਕਾਲ ਦੇ ਸੰਤ ਸਾਧਕਾਂ ਨੇ ਇਹਨਾਂ ਯੋਗੀਆਂ ਦੁਆਰਾ ਵਿਖਾਏ ਰਾਹ ਨੂੰ ਹੀ ਚੁਣਿਆ ।

ਦਰਅਸਲ ਭਗਤੀ ਮਾਰਗ ਕਿਸੇ ਇੱਕਲੇ ਵਿਅਕਤੀ ਦੁਆਰਾ ਸਥਾਪਿਤ ਕੀਤਾ ਮਾਰਗ ਨਹੀਂ ਇਹ ਤਾਂ ਵੱਖ ਵੱਖ ਭਗਤਾਂ ਦੀ ਆਪਣੀ ਆਪਣੀ ਸਾਧਨਾਂ ਦੁਆਰਾ ਲੱਭਿਆਂ ਤੇ ਮਨੁੱਖ ਨੂੰ ਲਭਾਇਆ ਗਿਆ ਲੁਪਤ ਮਾਰਗ ਹੈ। ਇਸੇ ਤਰ੍ਹਾਂ ਭਾਰਤੀ ਭਗਤੀ ਮਤ ਵੀ ਕਿਸੇ ਇਕੱਲੇ ਭਗਤ ਦੀ ਵਿਚਾਰਧਾਰਾ ਨਹੀਂ ਸਗੋਂ ਵੱਖ ਵੱਖ ਭਗਤਾ ਦੇ ਅਨੁਭਵਾਂ ਦੁਆਰਾ ਪ੍ਰਚਲਤ ਹੋਇਆ ਇਕ ਮੱਤ ਹੈ ਜਾਂ ਇੰਞ ਕਿਹਾ ਜਾ ਸਕਦਾ ਹੈ ਕਿ ਵੱਖ ਵੱਖ ਮੱਤਾ ਦਾ ਸੁਮੇਲ ਹੈ। ਇਸ ਪ੍ਰਸੰਗ ਵਿਚ ਡਾਕਟਰ ਪਰਮਪਾਲ ਮੈਨੇ ਦਾ ਇਹ ਕਥਨ ਵੀ ਮਹੱਤਵ ਪੂਰਨ ਹੈ -- " **ਸੱਚ** ਤਾਂ ਇਹ ਹੈ ਕਿ ਧਰਮ ਸਾਧਨਾ ਐਸੀ ਜੀਵਤ ਵਸਤੂ ਹੈ ਜੋ ਆਪਣੇ ਉਪਜਾਊ ਤੱਤਾ ਦਾ ਸੰਗ੍ਰਹਿ ਆਸਪਾਸ ਦੇ ਮੱਤਾ-ਮੱਤਾਂਤਰਾਂ ਦੁਆਰਾ ਕਰਦੀ ਰਹਿੰਦੀ ਹੈ ।"[35]

**1.8 ਸੰਕਰਾਚਾਰਯ ਤੇ ਭਗਤੀ :**

ਬੁੱਧ ਮਤ ਜਦੋ ਤੰਤਰ ਮੰਤਰ ਵਿਚ ਪੈ ਕੇ ਕੁਰਾਹੇ ਪੈ ਚੁੱਕਿਆ ਸੀ ਤਾਂ ਇਸ ਧਰਮ ਨੂੰ ਜੜੋ ਹਿਲਾ ਦੇਣ ਵਾਲੇ ਮਹਾਨ ਆਚਾਰੀਆ ਸ਼ੰਕਰ ਹੋਏ । ਸ਼ੰਕਰ ਨੇ ਨੌਵੀਂ ਸਦੀ ਦੇ ਆਸ ਪਾਸ 'ਬ੍ਰਹਮ ਸੂਤਰ' ਨੂੰ ਆਧਾਰ ਬਣਾਕੇ ਭਗਤੀ ਦੇ ਖੇਤਰ ਵਿਚ ਅਦ੍ਵੈਤਵਾਦ ਮੱਤ ਦੀ ਸਥਾਪਨਾ ਕੀਤੀ । ਸ਼ੰਕਰ ਅਨੁਸਾਰ ਆਤਮਾ ਤੇ ਪਰਮਾਤਮਾ ਇਕ ਹੀ ਹਨ। ਫਿਰ ਵੀ ਜੀਵ ਤੇ ਜਗਤ ਨੂੰ ਉਹਨਾਂ ਨੇ 'ਮਾਇਆ' ਦੇ ਨਾਲ ਜੁੜਿਆ ਹੋਣ ਕਾਰਣ 'ਝੂਠ' ਦੱਸਿਆ ਤੇ ਜਗਤ ਨੂੰ ਉਹਨਾਂ ਨੇ 'ਮਾਇਆ' ਦੇ ਨਾਲ ਜੁੜਿਆ ਹੋਣ ਕਾਰਣ 'ਝੂਠ' ਦੱਸਿਆ ਤੇ ਭਗਤੀ, ਗਿਆਨ ਤੇ ਕਰਮ ਵਿਚੋਂ ਗਿਆਨ ਨੂੰ ਹੀ ਜਿਆਦਾ ਮਹੱਤਾ ਦਿਤੀ । ਸੰਕਰਾਚਾਰੀਆ ਦਾ ਮਤ ਸੀ ਕਿ ਆਤਮਾ

ਤੇ ਪਰਮਾਤਮਾ ਦਾ ਮੇਲ ਗਿਆਨ ਸਦਕਾ ਹੀ ਹੋ ਸਕਦਾ ਹੈ। ਜਿਵੇਂ ਕਿ ਡਾਕਟਰ ਗਣਪਤੀ ਚੰਦਰ ਗੁਪਤ ਲਿਖਦੇ ਹਨ –

" ਉਹਨਾਂ ( ਸ਼ੰਕਰਾਚਾਰਯ ) ਨੇ ਉਪਨਿਸ਼ਦਾਂ ਦੀ ਪਰੰਪਰਾਗਤ ਵਿਚਾਰਧਾਰਾ ਦੀ ਹੋਰ ਜਿਆਦਾ ਸਪਸ਼ਟ ਤੇ ਨਵੇਂ ਰੂਪ ਵਿਚ ਵਿਆਖਿਆ ਕਰਦੇ ਹੋਏ ਉਸ ਅਦ੍ਵੈਤਵਾਦ ਦਾ ਪ੍ਰਚਾਰ ਕੀਤਾ ਜਿਹੜਾ ਭਗਤੀ ਮਤ ਦੇ ਉਲਟ ਸੀ । "[36]

ਭਾਵੇਂ ਸਿਧਾਂ ਤੇ ਨਾਥ ਪੰਥੀ ਜੋਗੀਆਂ ਦੀ ਰਹੱਸਮਈ ਸਾਧਨਾ ਤੋਂ ਨਿਰਾਸ਼ ਹੋਕੇ ਜਨਤਾ ਨੇ ਸ਼ੰਕਰ ਦੇ ਗਿਆਨ ਨੂੰ ਖਿੜੇ ਮੱਥੇ ਅਪਣਾ ਲਿਆ । ਫਿਰ ਵੀ ਇਹ ਤਾਂ ਮੰਨਣਾ ਹੀ ਪਵੇਗਾ ਕਿ ਸ਼ੰਕਰ ਦੇ ਮੱਤ ਵਿਚ ਭਗਤੀ ਭਗਵਾਨ ਦੀ ਪ੍ਰਾਪਤੀ ਦਾ ਸਾਧਨ ਮਾਤਰ ਸੀ, ਅੰਤਮ ਨਿਸ਼ਾਨਾ ਨਹੀਂ ਸੀ । ਅੰਤਮ ਨਿਸ਼ਾਨਾ ਤਾਂ ਗਿਆਨ ਹੀ ਸੀ । ਇਸ ਲਈ ਭਗਤੀ ਨੂੰ ਨਵੇਂ ਸਿਰਿਓਂ ਪ੍ਰਮੁੱਖ ਥਾਂ ਦੇਣ ਦੀ ਕੋਸ਼ਿਸ਼ ਵਿਚ ਵੱਖ ਵੱਖ ਸੰਪ੍ਰਦਾਇ ਹੋਂਦ ਵਿਚ ਆਏ । ਆਚਾਰਯ ਹਜ਼ਾਰੀ ਪ੍ਰਸ਼ਾਦ ਦਿਵੇਦੀ ਦਾ ਕਹਿਣਾ ਹੈ ਕਿ ਚਾਰ ਸ਼ਕਤੀ ਸ਼ਾਲੀ ਸੰਪ੍ਰਦਾਇ ਅਦ੍ਵੈਤਵਾਦ ਦੇ ਵਿਰੋਧ ਵਿਚ ਉਠ ਖੜੇ ਹੋਏ, ਜਿੰਨਾਂ ਨੇ ਅੱਗੇ ਚਲ ਕੇ ਭਗਤੀ ਸਾਧਨਾ ਦੇ ਰੂਪ ਨੂੰ ਬਦਲ ਦਿਤਾ । ਇਹ ਹਨ – ਰਾਮਾਨੁਜ ਆਚਾਰਯ ਦਾ ਸ੍ਰੀ ਸੰਪ੍ਰਦਾਇ, ਮਧਵਾਚਾਰਯ ਦਾ ਬ੍ਰਹਮ ਸੰਪ੍ਰਦਾਇ, ਵਿਸ਼ਨੂੰ ਸਵਾਮੀ ਦਾ ਰੁਦ੍ਰ ਸੰਪ੍ਰਦਾਇ, ਨਿੰਬਕਾਚਾਰਯ ਦਾ ਸਨਕਾਦੀ ਸੰਪ੍ਰਦਾਇ । ਇਹਨਾਂ ਸੰਪ੍ਰਦਾਵਾਂ ਨੇ ਪਰਿਸਥਤੀਆਂ ਦੇ ਅਨੁਕੂਲ ਜਨ-ਸੁਧਾਰਨ ਦਾ ਮਾਰਗ ਦਰਸ਼ਨ ਕੀਤਾ । ਭਗਤੀ ਦਾ ਜਿਹੜਾ ਸਰੋਤ ਦੱਖਣ ਵਲ ਵਹਿੰਦਾ ਸੀ, ਕਈ ਰਾਜਨੀਤਕ ਕਾਰਣਾਂ ਕਰਦੇ ਉਹ ਉਤਰ ਵਲ ਆ ਗਿਆ ।"[37] ਇਹਨਾਂ ਦਾ ਸੰਖੇਪ ਵਿਚ ਵਰਨਣ ਇਸ ਪ੍ਰਕਾਰ ਹੈ :

ਸ਼ੰਕਰ ਦੇ ਅਦਵੈਤ ਵਾਦ ਪ੍ਰਤਿਕ੍ਰਿਆ ਵਜੋਂ ਰਾਮਾਨੁਜਚਾਰਯ ਨੇ ਵਿਸਿਸ਼ਟ -ਅਦ੍ਵੈਤਵਾਦ ਮੱਤ ਦੀ ਸਥਾਪਨਾ ਕੀਤੀ । ਇਸ ਮੱਤ ਅਨੁਸਾਰ ਬ੍ਰਹਮ ਤੇ ਜੀਵ ਇਕ ਤਾਂ ਹਨ - ਪਰ ਤਾਕਤ ਤੇ ਅਧਾਰ ਤੇ ਦੋਵੇ ਵੱਖ ਵੱਖ ਹਨ । ਬ੍ਰਹਮ ਵੱਡਾ ਹੈ ਤੇ ਜੀਵ ਛੋਟਾ । ਛੋਟੇ ਨੂੰ ਵੀ ਤਾਕਤ ਵਿਚ ਆਉਣ ਲਈ ਵੱਡੇ ਦੀ ਭਗਤੀ ਕਰਨੀ ਜ਼ਰੂਰੀ ਹੈ । ਇਸ ਤਰ੍ਹਾਂ ਰਾਮਾਨੁਜਚਾਰਯ ਨੇ ਆਪਣੇ ਮੱਤ ਵਿਚ ਭਗਤੀ ਨੂੰ ਪ੍ਰਮੁੱਖ ਥਾਂ ਦਿਤੀ । ਇਸ ਪ੍ਰਕਾਰ ਇਹਨਾਂ ਨੇ ਸ਼ੰਕਰ ਦੇ ਇਸ ਮਤ ਦਾ ਵੀ ਖੰਡਨ ਕਰ ਦਿਤਾ ਕਿ ਜੀਵ ਤੇ ਜਗਤ ਦੋਵੇਂ ਮਿਥਿਆ ਹਨ। ਉਹਨਾਂ ਕਿਹਾ ਕਿ ਜੀਵ ਬ੍ਰਹਮ

ਦਾ ਅੰਸ਼ ਹੈ ਇਸ ਲਈ ਮਿਥਿਆ ਨਹੀਂ ਹੋ ਸਕਦਾ । ਬ੍ਰਹਮ ਜੇ ਸਮੁੰਦਰ ਹੈ ਤਾਂ ਜੀਵ ਬੂੰਦ । ਪਰਮਾਤਮਾ ਵੱਡਾ ਹੈ ਤੇ ਜੀਵ ਛੋਟਾ । ਆਪਣੀ ਇਸੇ ਕਮਜ਼ੋਰੀ ਕਾਰਣ ਹੀ ਉਸ ਨੂੰ ਬ੍ਰਹਮ ਤੇ ਨਿਰਭਰ ਰਹਿਣਾ ਪੈਂਦਾ ਹੈ ।

ਰਾਮਾਨੁਜ ਦੀ ਪਰੰਪਰਾ ਵਿਚ ਹੀ ਰਾਘਵਾ ਨੰਦ ਹੋਏ ।

ਰਾਘਵਾ ਨੰਦ ਰਾਮਾ ਨੰਦ ਨੂੰ ਦੀਖਿਆ ਦੇਕੇ ਨਿਸਚਿੰਤ ਹੋਏ ।

### 1.9 ਭਗਤੀ ਮਾਰਗ ਤੇ ਭਗਤ :

ਰਾਮ ਨੰਦ ਨੇ ਦੇਸ ਵਿਆਪੀ ਯਾਤਰਾਵਾਂ ਕੀਤੀਆਂ ਤੇ ਆਪਣੇ ਸੰਪਰਦਾਇ ਦਾ ਪ੍ਰਚਾਰ ਕੀਤਾ । ਇਹਨਾਂ ਦੇ ਦੋ ਗ੍ਰੰਥ ਮਿਲਦੇ ਹਨ-- ' ਵੈਸਣਵ ਮਤਾਵਜ ਭਾਸਕਰ ' ਤੇ ਰਾਮਾਰਚਨ ਪੱਧਤੀ । ਇਹਨਾਂ ਨੇ ਰਾਮਾ ਨੁਜਚਾਰਯ ਦੇ ਮਤ ਦਾ ਹੋਣ ਦੇ ਬਾਵਜੂਦ ਵੀ ਆਪਣੀ ਉਪਾਸ਼ਨਾ ਪੱਧਤੀ ਦਾ ਵਿਸ਼ੇਸ ਰੂਪ ਰਖਿਆ । ਇਹਨਾਂ ਨੇ ਉਪਾਸਨਾ ਦੇ ਲਈ ਬੈਕੁੰਠ ਵਾਸੀ ਵਿਸ਼ਨੂੰ ਦਾ ਰੂਪ ਨਾ ਲੈ ਕੇ ਲੋਕ ਵਿਚ ਲੀਲਾ ਕਰਨ ਵਾਲੇ ਉਸ ਦੇ ਅਵਤਾਰ ਰਾਮ ਦਾ ਸਹਾਰਾ ਲਿਆ । ਇਹਨਾਂ ਦੇ ਇਸ਼ਟ ਦੇਵ ਹੋਏ ਰਾਮ ਦੇ ਮੂਲ ਮੰਤਰ ਰੰ ਰਾਮਾਇ ਨਮ: ਸੀ ।"[38]

ਰਾਮ ਨਾਮ :

ਰਾਮਾ ਨੰਦ ਦੇ ਸੰਪਰਦਾਇ ਦੀ ਇਕ ਹੋਰ ਵੀ ਵਿਸ਼ੇਸਤਾ ਸੀ । ਉਹ ਇਹ ਕਿ ਇਸ ਨੇ ਆਪਣੇ ਸੰਪ੍ਰਦਾਇ ਵਿਚ ਜਾਤ-ਪਾਤ ਨੂੰ ਨਾ ਮੰਨਿਆ –

" ਜਾਤਿ - ਪਾਤਿ ਪੂਛੇ ਨਹੀਂ ਕੋਈ
ਹਰਿ ਕੋ ਭਜੈ ਸੋ ਹਰਿ ਦਾ ਹੋਇ "

" ਨਾਭਾ ਦਾਸ ਦੇ ' ਭਗਤ ਮਲ ' ਅਨੁਸਾਰ ਉਹਨਾਂ ਦੇ (ਰਾਮਾਨੰਦ ਦੇ) ਅਨੰਤਾ ਨੰਦ, ਕਬੀਰ, ਸੁਖਾਨੰਦ, ਸੁਰ ਸੁਰਾ ਨੰਦ, ਪਦਮਾਵਤੀ, ਨਰਹਰੀ, ਪੀਪਾ, ਭਾਵਾ ਨੰਦ, ਰੈਦਾਸ, ਧੰਨਾ, ਸੈਨਾ, ਸੁਰਾ ਨੰਦ ਦੀ ਪਤਨੀ ਆਦਿ ਅਨੇਕ ਸਿੱਧ ਪ੍ਰਸਿੱਧ ਹੋਏ ।" [39]

ਉਪਰੋਕਤ ਦਸੇ ਰਾਮਾਨੰਦ ਦੇ ਚੇਲਿਆ ਨੇ ਅਗੇ ਚਲਕੇ ਰਾਮਾਨੰਦ ਦੀ ਭਗਤੀ ਪਰੰਪਰਾ ਨੂੰ ਦੋ ਸ਼ਾਖਾਵਾਂ ਵਿਚ ਵੰਡ ਦਿੱਤਾ । ਇਕ ਸਰਗੁਣ ( ਸਗੁਣ )

ਜਿਹੜੀ ਭਗਵਾਨ ਦੇ ਅਵਤਾਰ ਵਾਦੀ ਮਤ ਨੂੰ ਮੰਨਦੀ ਸੀ । ਦੂਜੀ ਨਿਰਗੁਣ - ਜਿਹੜੀ ਮਨਦੀ ਸੀ ਕਿ ਰੱਬ ਨਿਰਾਕਾਰ ਵਾਦੀ ਹੈ । ਉਸ ਦਾ ਕੋਈ ਰੂਪ-ਰੰਗ ਰੇਖ ਨਹੀਂ ਉਹ ਕਦੀ ਜੰਮਦਾ ਮਰਦਾ ਨਹੀਂ ।

ਸਰਗੁਣ ਨਾਲ ਸੰਬੰਧ ਰਖਣ ਵਾਲੇ ਭਗਤ ਵੈਸ਼ਨਵ ਧਰਮ ਨਾਲ ਸੰਬੰਧ ਰਖਦੇ ਸਨ । ਇਹਨਾਂ ਦੀ ਪ੍ਰੇਰਣਾ ਦਾ ਸਰੋਤ ' ਭਗਵਤ ਪੁਰਾਣ ' ਸੀ । ਵਿਸ਼ਨੂੰ ਦੇ ਅਵਤਾਰ ਰੂਪ ਨੂੰ ਇਸ ਵਿਚ, ,ਮੰਨ ਕੇ ਚਲਿਆ ਗਿਆ । ਅਗੇ ਚਲ ਕੇ ਵਿਸ਼ਨੂੰ ਦੇ ਅਵਤਾਰ ਦੇ ਦੋ ਰੂਪ ਹੋ ਗਏ । ਇਕ ਰਾਮ ਤੇ ਦੂਸਰਾ ਕ੍ਰਿਸ਼ਨ । ਇਹਨਾਂ ਦੋਹਾਂ ਅਵਤਾਰਾਂ ਨੂੰ ਸਾਮਣੇ ਰਖ ਕੇ ਹੀ ਮੱਧ ਕਾਲ ਵਿਚ ਰਾਮ ਭਗਤੀ ਤੇ ਕ੍ਰਿਸ਼ਨ ਭਗਤੀ ਦੀ ਧਾਰਾ ਫੁੱਟ ਪਈ ।

ਨਿਰਗੁਣ ਸ਼ਾਖਾ ਨਾਲ ਸੰਬੰਧ ਰਖਣ ਵਾਲੇ ਭਗਤ ਦੋ ਤਰ੍ਹਾਂ ਦੀ ਵਿਚਾਰਧਾਰਾ ਲੈ ਕੇ ਚੱਲੇ । ਇਕ ਗਿਆਨ ਨੂੰ ਹੀ ਮੁਕਤੀ ਦਾ ਅਧਾਰ ਮੰਨਣ ਵਾਲੇ ਦੂਜੇ ਪ੍ਰੇਮ ਨੂੰ ਭਗਤੀ ਦਾ ਸਰੋਤ ਮੰਨਣ ਵਾਲੇ । ਗਿਆਨ ਨੂੰ ਹੀ ਸਭ ਕੁਝ ਮੰਨਣ ਵਾਲਾ ਸੰਪ੍ਰਦਾਇ " ਸੰਤ ਸੰਪਰਦਾਇ " ਅਖਵਾਇਆ ਜਿਸ ਦੇ ਮੁੱਖ ਭਗਤ ਕਬੀਰ ਜੀ ਹੋਏ ਹਨ । ਇਹਨਾਂ ਭਗਤਾਂ ਨੇ ਬੇਸ਼ਕ ਰਾਮ ਨਾਮ ਆਪਣਾ ਮੂਲ ਮੰਤਰ ਰਖਿਆ ਪਰ ਇਹਨਾਂ ਦਾ ਰਾਮ ਕੋਈ ਦਸਰਥ ਦਾ ਬੇਟਾ ਰਾਮ ਨਹੀਂ ਸੀ । ਬਲਕਿ ਨਿਰੰਕਾਰ ਤੇ ਅਜੂਨੀ ਈਸ਼ਵਰ ਸੀ ।

## 1.10 ਗੁਰਮਤਿ ਤੇ ਭਗਤੀ :

ਪ੍ਰੇਮ ਮਾਰਗੀ ਭਗਤ ਸੂਫੀ ਸਾਧਕ ਸਨ । ਇਹਨਾਂ ਸੂਫੀ ਸਾਧਕਾਂ ਨੇ ਹਿੰਦੂ ਘਰਾਂ ਦੀਆਂ ਪ੍ਰੇਮ ਕਹਾਣੀਆਂ ਤੇ ਰੀਤੀ ਰਿਵਾਜ ਦਾ ਪ੍ਰਯੋਗ ਫਾਰਸੀ ਮਸਨਵੀ ਸ਼ੈਲੀ ਵਿਚ ਕਰਕੇ ਆਪਣੇ ਪ੍ਰਬੰਧ ਕਾਵਿ ਰਚੇ । ਫਰੀਦ ਜਿਹੇ ਸੂਫੀ ਭਗਤ ਕਵੀਆਂ ਨੇ ਵੀ ਆਪਣੇ ਕਾਵਿ ਵਿਚ ਹਿੰਦੂ ਬਿੰਬ ਵਿਧਾਨਾਂ ਦੀ ਸਿਰਜਣਾ ਕੀਤੀ – ਜਿਵੇਂ ਉਹ ਲਿਖਦੇ ਹਨ –

> " ਫਰੀਦਾ ਦਰਿ ਦਰਵਾਜੈ ਜਾਇ ਕੇ ਕਿਉਂ ਡਿਠੋ ਘੜੀਆਲੁ ।
> ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ।।

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1379

ਇਹਨਾਂ ਭਗਤ ਕਵੀਆਂ ਦਾ ਜਿਹੜੇ ਜਿਆਦਾਤਰ ਮੁਸਲਮਾਨ ਸਨ । ਆਪਣੀ ਕਵਿਤਾ ( ਬਾਣੀ ) ਵਿਚ ਹਿੰਦੂ ਬਿੰਬ ਦਾ ਪ੍ਰਯੋਗ ਕਰਨਾ ਇਸ ਤੱਥ ਨੂੰ ਪਰਗਟ ਕਰਦਾ ਹੈ ਕਿ ਸੂਫੀ ਭਗਤਾ ਨੇ ਹਿੰਦੂ ਤੇ ਮੁਸਲਮਾਨ ਦੋਹਾਂ ਸੰਸਕ੍ਰਿਤੀਆ ਨੂੰ ਇਕੱਠੇ ਕਰਨ ਦੀ ਕੋਸ਼ਿਸ ਕੀਤੀ ਸੀ ।

ਏਥੇ ਇਹ ਉਲੇਖ ਵੀ ਅਨੁਚਿਤ ਨਹੀਂ ਹੋਵੇਗਾ ਕਿ ਗੁਰਬਾਣੀ ਦਾ ਸਮੁੱਚਾ ਆਸ਼ਾ ਅਤੇ ਪੰਜਾਬ ਦਾ ਅਧਿਆਤਮਕ ਪ੍ਰਵਾਹ ਵੀ ਅਜਿਹੇ ਭਾਵਨਾ ਆਪਣੇ ਅੰਦਰ ਸਮੋਈ ਬੈਠਾ ਹੈ । ਸੋ ਗੁਰੂ ਗ੍ਰੰਥ ਸਹਿਬ ਵਿਚ ਕਈ ਵਿਚਾਰ ਇਸਲਾਮ ਨਾਲ ਨੇੜਤਾ ਦਰਸਾਉਂਦੇ ਹਨ, ਜਿਸ ਕਰਕੇ ਮੁਸਲਮਾਨ ਵੀ ਗੁਰੂ ਗ੍ਰੰਥ ਸਹਿਬ ਨੂੰ ਸਤਿਕਾਰ ਦੀ ਦ੍ਰਿਸ਼ਟੀ ਤੋਂ ਦੇਖਦੇ ਹਨ । ਇਸ ਪ੍ਰਸਤੁਤ ਵਿਚਾਰ ਅਤੇ ਉਪਰੋਕਤ ਭਗਤ ਕਵੀਆਂ ਸੰਬੰਧੀ ਉਪਰੋਕਤ ਧਾਰਨਾ ਨੂੰ ਸਪਸ਼ਟ ਕਰਨ ਲਈ ਡਾਕਟਰ ਮਨਮੋਹਨ ਸਹਿਗਲ ਦੇ ਨਿਮਨ ਲਿਖਤ ਵਿਚਾਰ ਸਹਾਈ ਹੋ ਸਕਦੇ ਹਨ – ਗੁਰੂ ਨਾਨਕ ਦੀ ਸਿਖਿਆ ਵਿਚ ਕਈ ਗੱਲਾਂ ਮੁਸਲਮਾਨਾਂ ਨਾਲ ਮਿਲਦੀਆਂ ਸਨ । ਸੋ ਹਿੰਦੂ - ਧਰਮ ਦੇ ਕਟੜ ਦੁਸਮਣ ਹੁੰਦੇ ਹੋਏ ਵੀ ਮੁਸਲਮਾਨ ਗੁਰੂ ਨਾਨਕ ਨੂੰ ਆਦਰ ਸਤਿਕਾਰ ਦੀ ਦ੍ਰਿਸ਼ਟੀ ਨਾਲ ਵੇਖਣ ਲਗੇ । [40]

ਪੰਜਾਬ ਦਾ ਪ੍ਰਸਤੁਤ ਅਧਿਆਤਮਕ ਪ੍ਰਵਾਹ ਮਧਕਲੀਨ ਸੰਤ ਧਾਰਾ ਦਾ ਹੀ ਸੁਵਿਵਸਥਿਤ ਰੂਪ ਹੈ । ਬਰਾਬਰਤਾ, ਸੁਤੰਤਰਤਾ ਅਤੇ ਭਗਤੀਭਾਵ ਇਸ ਦੇ ਤਿੰਨ ਹਿੱਸੇ ਹਨ ਜਿੰਨਾਂ ਨੂੰ ਪ੍ਰਦੇਸ਼ਕ ਹੱਦਾ ਦਾ ਬੰਧਨ ਕਦੀ ਬੰਨ ਨਹੀਂ ਸਕਿਆ । [41]

ਉਪਰੋਕਤ ਸਰਵੇਖਣ ਤੋਂ ਇਹ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਭਗਤੀ ਮਤ ਦਾ ਪਿਛੋਕੜ ਕਿਸੇ ਨਾ ਕਿਸੇ ਰੂਪ ਵਿਚ ਗੁਰੁਮਤਿ ਆਸ਼ੇ ਨਾਲ ਜਾ ਮਿਲਦਾ ਹੈ ਜਿਥੇ ਜਾਤ ਪਾਤ ਦੇ ਸਾਰੇ ਵਿਤਕਰੇ ਮਿਟ ਜਾਂਦੇ ਹਨ ।

ਅੰਤ ਵਿਚ ਅਸੀ ਆਪਣੇ ਵਿਸ਼ੇ ਨੂੰ ਸੰਖੇਪ ਵਿਚ ਦਸਣ ਲਈ ਇਥੇ ਡਾਕਟਰ ਧਰਮਪਾਲ ਸਿੰਗਲ ਜੀ ਦੀ ਟਿੱਪਣੀ ਦੇਣਾ ਚਾਹਾਂਗੇ – ਉਹ ਭਗਤੀ ਦੀ ਵੰਡ ਇਹਨਾਂ ਚਾਰ ਭਾਗਾਂ ਵਿਚ ਸਵੀਕਾਰ ਕਰਦੇ ਹਨ –

" 1. ਵੈਦਿਕ ਭਗਤੀ, 2. ਔਪਨਿਸ਼ਦਿਕ ਭਗਤੀ, 3. ਭਾਗਵਤ ( ਅਥਵਾ ਪੌਰਾਣਿਕ ) ਭਗਤੀ ਅਤੇ, 4. ਮੱਧਕਾਲੀਨ ਭਗਤੀ । — ਭਗਤੀ ਸਾਧਨਾ ਦਾ ਬੀਜ ਸੰਹਿਤਾਵਾਂ ਵਿਚ ਨਿਹਿਤ ਹੈ । ਉਪਨਿਸ਼ਦਾ ਵਿਚ ਉਹ ਫੁਟਿਆ ਅਤੇ ਪਲਿਆ ਹੈ ਅਤੇ ਪੁਰਾਣਾਂ ਵਿਚ ਟਹਿਣੀ ਟਹਿਣੀ ਭਰਕੇ ਫੁੱਲਾਂ ਫੱਲਾਂ ਨਾਲ ਲੱਦੇ ਬ੍ਰਿਛ ਦੇ ਰੂਪ ਵਿਚ ਵਿਕਸਿਤ ਹੋਇਆ ਹੈ । ਮੱਧਕਾਲ ਵਿਚ ਉਹ ਇਕ ਅਜਿਹੇ ਰੁੱਖ ਦਾ ਮਹਾਵਣ ਬਣਿਆ ਜਿਸਦੇ ਨਿਸ਼ਾਨ ਅਜ ਵੀ ਇਥੇ - ਉਥੇ ਦੇਖਣ ਲਈ ਮਿਲ ਜਾਂਦੇ ਹਨ ।" [42]

## ਪੈਰ ਟਿੱਪਣੀਆਂ ਤੇ ਹਵਾਲੇ

1. ਧਰਮ ਪਾਲ ਮੈਣੀ (ਡਾ.), ਪੰਜਾਬੀ ਭਗਤੀ ਸਾਹਿੱਤ, ਪੰਨਾ 2
2. ਗੋਬਿੰਦ ਰਾਮ ਸਰਮਾ (ਡਾ.), ਹਿੰਦੀ ਸਾਹਿਤ ਤੇ ਉਸਦੀਆਂ ਪਰਵਿਰਤੀਆਂ, ਪੰਨਾ 76
3. ਸੁਰੈਣ ਸਿੰਘ ਵਿਲਖੂ, ਆਦਿ ਗ੍ਰੰਥ ਕੇ ਪਰੰਪਰਾਗਤ ਤਤੋਂ ਕਾ ਅਧਿਐਨ ਪੰਨਾ 5
4. ਗੋਬਿੰਦ ਰਾਮ ਸ਼ੁਰਮਾ (ਡਾ.), ਹਿੰਦੀ ਸਾਹਿਤ ਤੇ ਉਸਦੀਆ ਪਰਵਿਰਤੀਆਂ, ਪੰਨਾ 76 - 77
5. ਦਰਸ਼ਨ ਸਿੰਘ (ਡਾ.), ਇੰਡੀਅਨ ਭਗਤੀ ਟਰੇਡੀਸਨਜ਼, ਪੰਨਾ 5
6. ਗੋਬਿੰਦ ਰਾਮ ਸ਼ੁਰਮਾ (ਡਾ.) ਹਿੰਦੀ ਸਾਹਿਤ ਤੇ ਉਸਦੀਆਂ ਪਰਵਿਰਤੀਆਂ, ਪੰਨਾ 77
7. ਬਲਦੇਵ ਉਪਾਧਿਆਇ, ਭਾਗਵਤ ਸੰਪਰਦਾਇ, ਪੰਨਾ 64
8. ਸੁਰੈਣ ਸਿੰਘ ਵਿਲਖੂ (ਡਾ.) ਆਦਿ ਗ੍ਰੰਥ ਕੇ ਪਰੰਪਰਾਗਤ ਤਤੋਂ ਕਾ ਅਧਿਐਨ, ਪੰਨਾ 11
9. [illegible] (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1350
10. ਰਿਗ ਵੇਦ, ਭਾਗ ਦਸ, 8 : 98 : 11 ,ਪੰਨਾ 3418
11. ਚਮਨ ਲਾਲ ਗੋਇਲ, ਲੇਖ- ਵੇਦਾਂ ਵਿਚ ਭਗਤੀ ਦਾ ਸਰੂਪ, ਭਗਤੀ ਅੰਕ , ਪੰਜਾਬੀ ਦੁਨੀਆਂ 1965, ਪੰਨਾ 1
12. ਰਿਗ ਵੇਦ, ਭਾਗ ਤੀਜਾ, 1 : 156 : 3 , ਪੰਨਾ 668
13. ਰਿਗ ਵੇਦ, ਭਾਗ ਚੌਥਾ, 3 : 37 : 3 , ਪੰਨਾ 1190

14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919

15. ਸਾਂਡਿਲਿਆ, ਭਗਤੀ ਸੂਤਰ 1 : 2 : 9

16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 831

17. ਦਰਸ਼ਨ ਸਿੰਘ (ਡਾ.), ਇੰਡੀਅਨ ਭਗਤੀ ਟਰੀਡੀਸ਼ਨਜ਼ ਪੰਨਾ 6

18. ਦਰਸ਼ਨ ਸਿੰਘ (ਡਾ.) ਇੰਡੀਅਨ ਭਗਤੀ ਟਰੀਡੀਸ਼ਨਜ਼ ਪੰਨਾ 9

19. ਵਿਸਤਾਰ ਲਈ ਵੇਖੋ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ 68 - 85

20. ਓਮ ਪ੍ਰਕਾਸ਼ ਅਨੰਦ, ਲੋਕ-ਪੁਰਾਣ ਵਿਚ ਭਗਤੀ, ਭਗਤੀ ਅੰਕ ਪੰਜਾਬੀ ਦੁਨੀਆਂ, ਪੰਨਾ 32

21. ਦਰਸ਼ਨ ਸਿੰਘ (ਡਾ.), ਇੰਡੀਅਨ ਭਗਤੀ ਟਰੀਡੀਸ਼ਨਜ਼ ਪੰਨਾ 9 - 10

22. ਸ਼ਿਵ ਕੁਮਾਰ ਸ਼ਰਮਾ (ਡਾ.), ਹਿੰਦੀ ਸਾਹਿੱਤ ਯੁਗ ਤੇ ਪਰਵਿਰਤੀਆਂ ਪੰਨਾ 214

23. ਧਰਮ ਪਾਲ ਮੈਨੀ (ਡਾ.), ਪੰਜਾਬੀ ਭਗਤੀ ਸਾਹਿੱਤ, ਪੰਨਾ 34

24. ਵਿਤਾਰ ਲਈ ਵੇਖੋ ਅਰਵਿੰਦੋ ਘੋਸ਼, ਗੀਤਾ ਪ੍ਰਬੰਧ ਸ੍ਰੀ ਅਰਵਿੰਦ ਆਸ਼ਰਮ, ਪਾਂਡਿਚਰੀ, ਪੰਨਾ 334 - 49

25. ਸ੍ਰੀ ਮਦ ਭਾਗਵਤ ਗੀਤਾ, ਪੰਜਵੀ ਸੰ: 2025 ਬਿਕਰਮੀ ਪੰਨਾ 384 12 : 2

26. ਉਹੀ ਪੰਨਾ 387 12 : 2

27. ਉਹੀ ਪੰਨਾ 393 12 : 14

28. ਗੋਬਿੰਦ ਰਾਮ ਸ਼ਰਮਾ (ਡਾ.), ਹਿੰਦੀ ਸਾਹਿਤ ਤੇ ਉਸ ਦੀਆਂ ਪ੍ਰਵਿਰਤੀਆਂ, ਪੰਨਾ 80

29. ਹਰਚਰਨ ਸਿੰਘ ਕੈਮਲਪੁਰੀ, ਲੇਖ-ਨਾਰਦੀ ਪ੍ਰੇਮਾ ਭਗਤੀ, ਭਗਤੀ ਅੰਕ ਪੰਜਾਬੀ ਦੁਨੀਆਂ, ਪੰਨਾ 46 - 47

30. ਦਰਸ਼ਨ ਸਿੰਘ ( ਡਾ. ), ਇੰਡੀਅਨ ਭਗਤੀ ਟਰੇਡੀਸਨਜ਼ ਪੰਨਾ 14 - 15

31. ਹਰੀ ਚੰਦ ਪਰਾਸ਼ਰ, ਬੁਧ ਮਤ ਅਤੇ ਭਗਤੀ, ਭਗਤੀ ਅੰਕ, ਪੰਜਾਬੀ ਦੁਨੀਆਂ, ਪੰਨਾ 24 - 25

32. ਉਹੀ ਪੰਨਾ 26

33. ਗੋਬਿੰਦ ਰਾਮ ਸ਼ਰਮਾ, ਹਿੰਦੀ ਸਾਹਿਤ ਤੇ ਉਸ ਦੀਆਂ ਪਰਵਿਰਤੀਆਂ, ਪੰਨਾ 87

34. ਹਰੀ ਚੰਦ ਪਰਾਸਰ, ਲੇਖ ਬੁਧਮਤ ਅਤੇ ਭਗਤੀ, ਭਗਤੀ ਅੰਕ, ਪੰਜਾਬੀ ਦੁਨੀਆਂ, ਪੰਨਾ 31

35. ਧਰਮਪਾਲ ਮੈਨੀ (ਡਾ.), ਸਤੋਂ ਕੇ ਧਾਰਮਿਕ ਵਿਸਵਾਸ, ਪੰਨਾ 48

36. ਗਣਪਤੀ ਚੰਦਰ ਗੁਪਤ (ਡਾ.), ਹਿੰਦੀ ਸਾਹਿਤ ਦਾ ਵਿਗਿਆਨਕ ਇਤਿਹਾਸ, ਪੰਨਾ 159

37. ਹਜਾਰੀ ਪ੍ਰਸਾਦ ਦਵੇਦੀ, ਹਿੰਦੀ ਸਾਹਿਤਯ ਕੀ ਭੂਮਿਕਾ, ਪੰਨਾ 55 - 56

38. ਸਿਵ ਕੁਮਾਰ ਸ਼ਰਮਾ ( ਡਾ. ) ਹਿੰਦੀ ਸਾਹਿਤ ਜੁਗ ਤੇ ਪ੍ਰਵਿਰਤੀਆਂ ਪੰਨਾ 215

39. ਉਹੀ ਪੰਨਾ 216

40. ਮਨਮੋਹਨ ਸਹਿਗਲ (ਡਾ.) ਗੁਰੂ ਗ੍ਰੰਥ ਸਾਹਿਬ ਏਕ ਸਰਵੇਖਣ, ਪੰਨਾ 20

41. ਉਹੀ ਪੰਨਾ 21

42. ਧਰਮਪਾਲ ਸਿੰਗਲ (ਡਾ.) ਸੰਤ ਸਿਰੋਮਣੀ ਰਵਿਦਾਸ, ਪੰਨਾ 43

## ਅਧਿਆਇ ਦੂਜਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਭਗਤਾਂ ਦੇ ਜੀਵਨ ਸੰਬੰਧੀ ਜਾਣਕਾਰੀ ।

2. 1. ਭਗਤ ਜੈ ਦੇਵ ਜੀ ।
2. 2. ਸ਼ੇਖ ਫਰੀਦ ਜੀ ।
2. 3. ਭਗਤ ਤ੍ਰਿਲੋਚਨ ਜੀ ।
2. 4. ਭਗਤ ਨਾਮ ਦੇਵ ਜੀ ।
2. 5. ਭਗਤ ਸਧਨਾ ਜੀ ।
2. 6. ਭਗਤ ਬੇਣੀ ਜੀ ।
2. 7. ਸੁਆਮੀ ਰਾਮਾਨੰਦ ਜੀ ।
2. 8. ਭਗਤ ਕਬੀਰ ਜੀ ।
2. 9. ਭਗਤ ਰਵਿਦਾਸ ਜੀ ।
2. 10. ਭਗਤ ਪੀਪਾ ਜੀ ।
2. 11. ਭਗਤ ਸੈਣ ਜੀ ।
2. 12. ਭਗਤ ਧੰਨਾ ਜੀ ।
2. 13. ਭਗਤ ਭੀਖਨ ਜੀ ।
2. 14. ਭਗਤ ਪਰਮਾਨੰਦ ਜੀ ।
2. 15. ਭਗਤ ਸੂਰਦਾਸ ਜੀ ।

## 2.1 ਭਗਤ ਜੈ ਦੇਵ

ਜਿਥੇ ਇਸਲਾਮ ਦੇ ਮੁਢਲੇ ਜੇਤੂਆਂ ਨੇ ਮਜ਼ਬੀ ਜੋਸ਼ ਵਿਚ ਆ ਕੇ ਬੜੇ ਜ਼ੁਲਮ ਢਾਹੇ । ਹਿੰਦੂਆਂ ਉਪਰ ਬੜੀਆਂ ਬੇਸ਼ਰਮ ਤੇ ਮਨੁੱਖਤਾ - ਹੀਨ ( ਸਭਿਅਤਾ ਹੀਨ ) ਵਧੀਕੀਆਂ ਕੀਤੀਆਂ ਉਥੇ ਹਿੰਦੂਆਂ ਨੇ ਹਿੰਦੂਆਂ ਨਾਲ ਵੀ ਘਟ ਨ ਕੀਤੀ । ਵੱਖ ਵੱਖ ਜਾਤਾਂ ਵਿਚ ਵੰਡੇ ਹਿੰਦੂ, ਵੱਖ ਵੱਖ ਦੇਵਤਿਆਂ, ਅਵਤਾਰਾਂ ਤੇ ਮਨੁੱਖਾਂ ਦੀ ਪੂਜਾ ਦੇ ਅਡੰਬਰਾਂ ਦਾ ਸ਼ਿਕਾਰ, ਵਿਦਿਆ ਤੋਂ ਸਖਣੇ ਇਕ ਪ੍ਰਭੂ ਦੀ ਪੂਜਾ ਤੋ ਕੋਹਾਂ ਦੂਰ ਭਟਕਦੇ ਫਿਰਦੇ ਸਨ । ਜਿੰਨਾਂ ਦਾ ਰਹਿੰਦਾ ਖੂਹਦਾ ਖੂਨ ਚੂਸਣ ਲਈ ਬ੍ਰਾਹਮਣ ਜੋਕਾਂ ਵਾਂਗ ਲਗੇ ਹੋਏ ਸਨ। ਕੌਮ ਅੰਧਕਾਰ ਵਿਚ ਗਰਕ ਸੀ । ਨਾਂ ਤਾਂ ਆਪਣੇ ਵਿਸ਼ਵਾਸ ਵਿਚ ਤੇ ਨਾਂ ਹੀ ਧਰਮ ਕਰਕੇ ਉਨ੍ਹਾਂ ਵਿਚ ਕੋਈ ਏਕਤਾ ਸੀ, ਨਾਂ ਸਮਾਜ ਵਿਚ, ਨਾ ਕਿਸੇ ਰਸਮ ਰਿਵਾਜ ਵਿਚ, ਨਾਂ ਖਾਣ ਪੀਣ ਵਿਚ, ਨਾਂ ਰਹਿਣ ਸਹਿਣ ਵਿਚ । ਭਾਵ ਇਹ ਕਿ ਹਿੰਦੂ ਕੌਮ ਨੂੰ ਹਰ ਪਾਸਿਉਂ ਢਾਹ ਲਗੀ ਹੋਈ ਸੀ । ਇਸ ਨਿਘਰੀ ਹੋਈ ਦਸ਼ਾ ਵਿਚ ਜਿਥੇ ਆਪ ਦੇ ਸਮਕਾਲੀ ਫਰੀਦ ਜੀ ਨੇ ਭਟਕੀ ਦੁਨੀਆਂ ਨੂੰ ਬੰਦਗੀ ਵਾਲਾ ਰਾਹ ਦਸ ਸਿਧੇ ਰਸਤੇ ਲਾਇਆ, ਉਥੇ ਭਗਤ ਜੈ ਦੇਵ ਜੀ ਨੇ ਖਾਸ਼ ਤੌਰ ਤੇ ਹਿੰਦੂ ਜਨਤਾਂ ਦਾ ਕਲਿਆਣ ਕੀਤਾ । ਆਪ ਜੀ ਨੇ ਸਭ ਕਰਮ ਕਾਂਡ ਛਡ ਕੇਵਲ ਇਕ ਗੋਬਿੰਦ ਦਾ ਨਾਮ ਜਪਣ ਦਾ ਉਪਦੇਸ਼ ਦਿਤਾ । ਆਪ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ :-

> ਹੇ ਭਾਈ ! ਕੇਵਲ ਪਰਮਾਤਮਾ ਦਾ ਸੁੰਦਰ ਨਾਮ ਸਿਮਰ,
> ਜੋ ਅੰਮ੍ਰਿਤ ਭਰਪੂਰ ਹੈ, ਜੋ ਅਸਲੀਅਤ-ਰੂਪ ਹੈ ਅਤੇ ਜਿਸ
> ਦੇ ਸਿਮਰਨ ਨਾਲ ਜਨਮ ਮਰਨ, ਬੁਢੇਪਾ, ਚਿੰਤਾ ਫਿਕਰ ਅਤੇ
> ਮੌਤ ਦਾ ਡਰ ਦੁੱਖ ਨਹੀਂ ਦੇਂਦਾ । ਰਹਾਉ ।

ਉਹ ਪ੍ਰਮਾਤਮਾ ਸਭ ਤੋਂ ਉਚੀ ਹਸਤੀ ਹੈ, ਸਭ ਦਾ ਮੂਲ ਹੈ, ਸਭ ਵਿਚ ਵਿਆਪਕ ਹੈ, ਉਸ ਵਰਗਾ ਹੋਰ ਕੋਈ ਨਹੀਂ, ਉਸ ਵਿਚ ਥਿਰਤਾ ਆਦਿਕ

( ਸਾਰੇ ) ਗੁਣ ਮੌਜੂਦ ਹਨ; ਉਹ ਪ੍ਰਭੂ ਬਹੁਤ ਹੀ ਅਸਚਰਜ ਹੈ, ਮਾਇਆ ਤੋਂ ਪਰੇ ਹੈ, ਉਸ ਦਾ ਮੁਕੰਮਲ ਸਰੂਪ ਹੈ, ਸੋਚ ਮੰਡਲ ਵਿਚ ਨਹੀਂ ਆ ਸਕਦਾ ਅਤੇ ਉਹ ਹਰ ਥਾਂ ਅੱਪੜਿਆ ਹੋਇਆ ਹੈ ।

ਹੇ ਭਾਈ ! ਜੇ ਤੂੰ ਜਮ ਆਦਿਕ ਨੂੰ ਜਿਤਣਾ ਚਾਹੁੰਦਾ ਹੈ, ਜੇ ਤੂੰ ਸੋਭਾ ਤੇ ਸੁਖ ਚਾਹੁੰਦਾ ਹੈ ਤਾਂ ਲੋਭ ਆਦਿਕ ( ਵਿਕਾਰ ) ਛਡ ਦੇਹ, ਪਰਾਏ ਘਰ ਵਲ ਤਕਣਾ ਛੱਡ ਦੇ, ਉਹ ਆਚਰਨ ਤਜ ਦੇਹ ਜੋ ਮਰਯਾਦਾ ਦੇ ਉਲਟ ਹੈ ਸਾਰੇ ਮੰਦੇ ਕੰਮ ਛੱਡ ਦੇਹ, ਦੁਰਮਤਿ ਤਿਆਗ ਦੇਹ ਅਤੇ ਉਸ ਪ੍ਰਭੂ ਦੀ ਸ਼ਰਨ ਪਉ ਜੋ ਸਭ ਨੂੰ ਨਾਸ਼ ਕਰਨ ਦੇ ਸਮੱਰਥ ਹੈ, ਜੋ ਗੁਣ ਪਿਛਲੇ ਸਮੇਂ ਤੇ ਅਗਾਂਹ ਲਈ ਸਦਾ ਹੀ ਪੂਰਨ ਤੌਰ ਤੇ ਨਾਸ਼ ਰਹਿਤ ਹੈ ਜੋ ਸਭ ਤੋਂ ਉਚੀ ਹਸਤੀ ਹੈ ਤੇ ਜੋ ਸਦਾ ਖਿੜਿਆ ਰਹਿੰਦਾ ਹੈ ।[2,3]

ਪਰਮਾਤਮਾ ਦੇ ਪਿਆਰੇ ਭਗਤ ਮਨ ਬਚਨ ਅਤੇ ਕਰਮ ਤੋਂ ਪਵਿੱਤ੍ਰ ਹੁੰਦੇ ਹਨ । ( ਭਾਵ ਭਗਤਾਂ ਦਾ ਮਨ ਪਵਿਤ੍ਰ, ਬੋਲ ਪਵਿੱਤ੍ਰ ਅਤੇ ਕੰਮ ਵੀ ਪਵਿਤ੍ਰ ਹੁੰਦੇ ਹਨ ) ਉਹਨਾਂ ਨੂੰ ਜੋਗ ਨਾਲ ਕੀਹ ਵਾਸਤਾ ? ਉਹਨਾਂ ਨੂੰ ਜੱਗ ਨਾਲ ਕੀਹ ਪ੍ਰਯੋਜਨ ? ਉਹਨਾਂ ਨੂੰ ਦਾਨ ਤੇ ਤਪ ਨਾਲ ਕੀਹ ? ( ਭਾਵ ਭਗਤ ਜਾਣਦੇ ਹਨ ਕਿ ਜੋਗ ਸਾਧਨ, ਜੱਗ ਦਾਨ ਅਤੇ ਤਪ ਕਰਨ ਤੋਂ ਕੋਈ ਆਤਮਿਕ ਲਾਭ ਨਹੀਂ ਹੋ ਸਕਦਾ, ਪ੍ਰਭੂ ਦੀ ਭਗਤੀ ਹੀ ਅਸਲ ਕਰਣੀ ਹੈ )।[4]

ਹੇ ਭਾਈ ! ਗੋਬਿੰਦ ਦਾ ਭਜਨ ਕਰ, ਗੋਬਿੰਦ ਨੂੰ ਜਪ, ਉਹੀ ਸਾਰੀਆਂ ਸਿੱਧੀਆਂ ਦਾ ਖਜ਼ਾਨਾ ਹੈ। ਜੈ ਦੇਵ ਭੀ ਹੋਰ ਸਾਰੇ ਆਸਰੇ ਛੱਡ ਕੇ ਉਸੇ ਦੀ ਸਰਨ ਆਇਆ ਹੈ, ਉਹ ਹੁਣ ਭੀ, ਪਿਛਲੇ ਸਮੇਂ ਵੀ ( ਅਗਾਂਹ ਨੂੰ ਭੀ ) ਹਰ ਵੇਲੇ ਹਰ ਥਾਂ ਮੌਜੂਦ ਹੈ ।[5] ।

ਕਲਿਆਣ ਕਾਰੀ " ਭਗਤ ਜੈ ਦੇਵ ਜੀ ਦਾ ਉਦੈ ( ਜਨਮ ) 1201 ਈਸਵੀ ਵਿਚ ਜ਼ਿਲਾ ਬੀਰ ਭੂਮਿ ਦੇ ਪਿੰਡ ਕੇਂਦਲੀ ਵਿਚ ਪਿਤਾ ਭੋਜ ਦੇਵ ਤੇ ਮਾਤਾ ਬਾਮ ਦੇਵੀ ਦੀ ਕੁਖੋਂ ਹੋਇਆ । ਇਥੇ ਇਕ ਯਾਦਗਾਰੀ ਮੰਦਿਰ ਬਣਿਆ ਹੋਇਆ ਹੈ, ਜਿਥੇ ਹਰ ਸਾਲ ਮਾਘ ਦੀ ਸੰਗ੍ਰਾਂਦ ਨੂੰ ਮੇਲਾ ਲਗਦਾ ਹੈ । "[2]

ਭਗਤ ਜੈ ਦੇਵ ਜੀ ਦੇ ਜਨਮ ਸੰਬੰਧੀ ਇਤਿਹਾਸਕਾਰਾਂ ਵਿਚ ਮਤ ਭੇਦ ਹਨ। " ਕਈ ਲੇਖਕ ਇਹਨਾਂ ਨੂੰ ਰਾਮਾਂ ਨੰਦ ਜੀ ਤੋਂ ਕੁਝ ਚਿਰ ਪਹਿਲੇ ਹੋਇਆ ਮੰਨਦੇ ਹਨ। ਰਾਧਾ ਕ੍ਰਿਸ਼ਨ ਦਾਸ ਜੀ ਨੇ ਆਪਣੀ ਪੁਸਤਕ ' ਭਗਤ ਨਾਮਾਵਲੀ ' ਵਿਚ ਭਗਤ ਜੀ ਦੇ ਮਾਤਾ ਪਿਤਾ ਦਾ ਸਮਿਤ 1025 ਈਸਵੀ ਤੋਂ 1050 ਈਸਵੀਂ ( 1082 ਬਿਕਰਮੀ ਤੋਂ 1107 ) ਦਿਤਾ ਹੈ।" [3]

ਮੈਕਾਲਿਫ ਸਾਹਬ ਅਨੁਸਾਰ " ਭਗਤ ਜੈ ਦੇਵ ਜੀ ਬੰਗਾਲ ਦੇ ਰਾਜਾ ਲਕਛਮਣ ਸੈਨ ਦੇ ਪੰਜ ਮਸ਼ਹੂਰ ਦਰਬਾਰੀ ਕਵੀਆਂ ਵਿਚੋਂ ਸਨ। ਉਹ 1170 ਈ. ਵਿਚ ਹੋਏ। ਉਸ ਦੇ ਦਰਬਾਰ ਵਿਚ ਇਹਨਾਂ ਨੂੰ ' ਪੰਜ ਰਤਨ ' ਕਹਿ ਕੇ ਸਨਮਾਨਿਆ ਜਾਂਦਾ ਸੀ।" [4]

ਉਪਰੋਕਤ ਚਰਚਾ ਤੋਂ ਅਸੀ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਭਗਤ ਜੈ ਦੇਵ ਜੀ ਦਾ ਜਨਮ 1201 ਵਿਚ ਹੋਇਆ ਸੰਭਵ ਨਹੀਂ ਹੋ ਸਕਦਾ ਕਿਉਂਕਿ ਜੇ ਉਹ ਰਾਜਾ ਲਛਮਣ ਸੈਨ ਦੇ ਦਰਬਾਰੀ ਕਵੀ ਸਨ ਤਾਂ ਉਹਨਾਂ ਦਾ ਰਾਜ 1170 ਦੇ ਲਗਭਗ ਸੀ। ਇਸ ਲਈ ਉਹਨਾਂ ਦਾ ਜਨਮ 1100 ਤੋਂ 1050 ਵਿਚਕਾਰ ਹੋਇਆ ਹੋ ਸਕਦਾ ਹੈ। ਦੂਸਰੇ ਭਗਤ ਨਾਮਾਵਲੀ ਵਿਚ ਲਿਖੇ ਸਮਿਤ 1025 ਤੋ 1050 ਤਕ ਆਪ ਦੇ ਮਾਤਾ ਪਿਤਾ ਦੀ ਉਮਰ ਮੁਤਾਬਕ ਵੀ ਜੇ ਹਿਸਾਬ ਲਾਇਆ ਜਾਵੇ ਤਾਂ 1170 ਤਕ ਆਪ ਦੀ ਉਮਰ 145 ਬਰਸ ਦੀ ਬਣਦੀ ਹੈ ਜੋ ਠੀਕ ਨਹੀਂ ਜਾਪਦੀ। ਇਸ ਲਈ ਆਪ ਜੀ ਦਾ ਜਨਮ 1100 ਤੋਂ 1150 ਦੇ ਵਿਚਕਾਰ ਹੋਇਆ ਹੀ ਸਮਝਿਆ ਜਾ ਸਕਦਾ ਹੈ।

ਡਾਕਟਰ ਵਿਲਖੂ ਨੇ ਵੀ ਆਪਣੇ ' ਖੋਜ-ਪ੍ਰਬੰਧ ਆਦਿ ਗ੍ਰੰਥ ਦੇ ਪਰੰਪਰਾਗਤ ਤੱਤੋ ਕਾ ਅਧਿਐਨ ' ਵਿਚ ਲਿਖਿਆ ਹੈ ਕਿ ਸੰਤ ਮਤ ਵਿਚ ਜਿਸ ਰਾਮ ਨਾਮ ਦਾ ਪ੍ਰਤਿਸ਼ਠਾ ਹੋਈ ਹੈ, ਉਸਦਾ ਪਹਿਲਾ ਬਾਨੀ ਜੈ ਦੇਵ ਨੂੰ ਵੀ ਮੰਨਣ ਵਿਚ ਕੋਈ ਆਪੱਤੀ ਨਹੀਂ ਹੋਣੀ ਚਾਹੀਦੀ। ਉਹਨਾਂ ਨੇ ਸੰਤ ਮਤ ਨੂੰ ਪਹਿਲਾ ਸੰਕੇਤ ਇਹ ਦਿੱਤਾ ਕਿ ਸਿਰਫ ਰਾਮ ਨਾਮ ਹੀ ਮਨੋਰਮ ਹੈ। [5]

ਇਸ ਤੱਥ ਦੀ ਪੁਸ਼ਟੀ ਕਰਦੇ ਹੋਏ ਹਰੀਣ ਸਿੰਘ ਜੀ ਗਿਆਨੀ ਲਿਖਦੇ ਹਨ " ਆਪ ਦਾ ਜਨਮ ਪਿੰਡ ਕੇਂਦਲੀ ਜ਼ਿਲਾ ਬੀਰ ਭੂਮ( ਬੰਗਾਲ ) ਵਿਚ ਹੋਇਆ । ਆਪ ਦੇ ਮਾਤਾ ਪਿਤਾ ਗਰੀਬ ਸਨ । ਮਾਂ ਬਾਮ ਦੇਵੀ ਸੀ ਤੇ ਪਿਤਾ ਭੋਜ ਦੇਵ ਜੀ ਸੀ । ਉਹ ਜਾਤੀ ਕਰਕੇ ਬ੍ਰਾਹਮਣ ਸਨ । ਗਰੀਬੀ ਹੋਣ ਦੇ ਨਾਲ ਨਾਲ ਆਪ ਕੋਲ ਸਿਆਣਪ ਸੀ । ਇਸ ਵਾਸਤੇ ਜੈ ਦੇਵ ਜੀ ਨੂੰ ਉਹਨਾਂ ਨੇ ਪਾਠਸ਼ਾਲਾ ਵਿਚ ਬੰਗਲਾ ਤੇ ਸੰਸਕ੍ਰਿਤ ਪੜ੍ਹਨ ਵਾਸਤੇ ਭੇਜ ਦਿਤਾ। ਯਾਰਵੀਂ ਸਦੀ ਵਿਚ ਬੰਗਾਲ ਵਿਚ ਹਿੰਦੂ ਰਾਜ ਸੀ । ਸੰਸਕ੍ਰਿਤ ਆਮ ਪੜ੍ਹਾਈ ਜਾਂਦੀ ਸੀ। ਇਕ ਬ੍ਰਾਹਮਣ ਦੇ ਪੁਤ੍ਰ ਵਾਸਤੇ ਸੰਸਕ੍ਰਿਤ ਪੜ੍ਹਨੀ ਆਮ ਜ਼ਰੂਰੀ ਸੀ । ਸੰਸਕ੍ਰਿਤ ਪੜ੍ਹਨ ਦੇ ਨਾਲ ਨਾਲ ਆਪ ਰਾਗ ਵੀ ਸਿਖਦੇ ਰਹੇ ਤੇ ਆਪ ਮੁਹਾਰੇ ਗੀਤ ਗਾਉਣ ਲਗ ਪਿਆ ਕਰਦੇ ਸਨ । "[6]

ਭਗਤ ਜੈ ਦੇਵ ਜੀ ਅਜੇ ਬੱਚੇ ਹੀ ਸਨ ਜਦ ਕੁਦਰਤ ਦਾ ਭਾਣਾ ਉਹਨਾਂ ਦੇ ਮਾਤਾ ਪਿਤਾ ਦਾ ਸਾਇਆ ਓਹਨਾਂ ਦੇ ਸਿਰ ਉਤੋਂ ਉਠ ਗਿਆ । ਆਪ ਦੀ ਵਿਦਿਆ ਵੀ ਅਜੇ ਅਧੂਰੀ ਹੀ ਸੀ । ਮਾਤਾ ਪਿਤਾ ਦੇ ਅਕਾਲ ਚਲਾਣੇ ਦਾ ਭਗਤ ਜੈ ਦੇਵ ਜੀ ਦੇ ਮਨ ਉਤੇ ਬਹੁਤ ਅਸਰ ਪਿਆ। ਦੁੱਖ ਨੂੰ ਨਾ ਸਹਾਰਦੇ ਹੋਏ ਵੈਰਾਗਮਈ ਗੀਤ ਰਚ ਉਹਨਾਂ ਨੂੰ ਗਾਉਂਦੇ ਫਿਰਦੇ । ਲੋਕ ਵੀ ਸੁਣ ਸੁਣ ਕੇ ਵੈਰਾਗ ਵਿਚ ਆ ਜਾਂਦੇ ।

ਏਹੀ ਮੁਸ਼ਕਿਲਾਂ - ਭਰਿਆ ਬਚਪਨ ਤੇ ਦੁੱਖਾਂ ਨੂੰ ਸ਼ੁਰੂ ਤੋਂ ਹੀ ਸਹਾਰਨ ਦੀ ਸ਼ਕਤੀ ਨੇ ਜੈ ਦੇਵ ਨੂੰ ਇਕ ਕਠਿਨ ਮਾਰਗ ਵਲ ਤੋਰਿਆ । ਜਿਸਤੇ ਤੁਰਨ ਵਾਲੇ ਸਭ ਕਠਿਨਾਈਆਂ ਸਹਾਰਦੇ ਹੋਏ ਵੀ ਕਦੀ ਪਿੱਛੇ ਨਹੀਂ ਮੁੜਦੇ । ਇਹ ਮਾਰਗ ਭਗਤੀ-ਮਾਰਗ ਸੀ, ਜਿਸ ਉਪਰ ਚੱਲਕੇ ਭਗਤ ਜੈ ਦੇਵ ਨੇ ਅਦੁੱਤੀ ਭਗਤ-ਬਾਣੀ ਦੀ ਸਰੇਸ਼ਟ ਰਚਨਾ ਕੀਤੀ । ਇਸ ਭਗਤੀ ਮਾਰਗ ਬਾਰੇ ਡਾ. ਵਿਲਖੂ ਦੇ ਇਹ ਸ਼ਬਦ ਬੜੇ ਸਲਾਹੁਣ ਯੋਗ ਹਨ -

" ਇਸ ਮਾਰਗ ਦੇ ਅਨੁਯਾਈਆਂ ਨੇ ਅਨੇਕ ਕਠਿਨਾਈਆਂ ਝੱਲ ਕੇ ਵੀ ਇਸ ਮਾਰਗ ਤੋਂ ਪੈਰ ਪਿੱਛੇ ਨਹੀਂ ਹਟਾਇਆ । "[7]

ਭਾਵੇਂ ਰਿਸ਼ਤਿਆਂ ਦਾ ਛਿਣ ਭੰਗਰਤਾ ਤੋਂ ਤਾਂ ਭਗਤ ਜੀ ਦਾ ਮਨ ਉਚਾਟ ਹੋ ਗਿਆ ਤੇ ਉਹਨਾਂ ਦੀ ਬਿਰਤੀ ਵੈਰਾਗੀਆਂ ਵਾਲੀ ਹੋ ਗਈ । ਪਰ ਉਹਨਾਂ ਦਾ ਮਨ ਵਿਦਿਆ ਪ੍ਰਾਪਤੀ ਤੋ ਉਚਾਟ ਨਾ ਹੋਇਆ । ਉਹ ਰਿਸ਼ਤੇ ਦਾਰਾਂ ਤੇ ਘਰ ਦੀ ਪੂੰਜੀ ਦੀ ਮੱਦਦ ਨਾਲ ਆਪਣੀ ਵਿਦਿਆ ਜਾਰੀ ਰਖ ਸਕੇ । ਆਪ ਸੰਸਕ੍ਰਿਤ ਦੇ ਚੰਗੇ ਵਿਦਵਾਨ ਸਨ ।

ਮੈਕਾਲਿਫ ਸਾਹਿਬ ਭਗਤ ਜੈ ਦੇਵ ਬਾਰੇ ਲਿਖਦੇ ਹਨ – " ਜੈ ਦੇਵ ਦੀ ਪਹਿਲੀ ਜਿੰਦਗੀ ਬਾਰੇ ਬਹੁਤ ਥੋੜਾ ਪਤਾ ਲਗਦਾ ਹੈ। ਇਹ ਯਕੀਨੀ ਹੈ ਕਿ ਉਹ ਸੰਸਕ੍ਰਿਤ ਸਾਹਿਤ ਦੇ ਸੂਝਵਾਨ ਵਿਦਿਆਰਥੀ ਸਨ ਉਹਨਾਂ ਨੇ ਕਾਵਿਕ ਗੁਣਾਂ ਨੂੰ ਉਭਾਰਿਆ । ਭਗਤ ਮਾਲ ਦੇ ਕਰਤਾ ਨੇ ਆਪ ਨੂੰ ਕਾਵਯ ਦਾ ਅਵਤਾਰ ਤੇ ਰਾਗ ਦਾ ਖਜ਼ਾਨਾ ਲਿਖਿਆ ਹੈ । "[8]

ਦਰਬਾਰੀ ਕਵੀ ਹੋਣ ਦੇ ਬਾਵਜੂਦ ਵੀ ਆਪ ਨੇ ਜ਼ਿੰਦਗੀ ਫਕੀਰੀ ਰੰਗ ਵਿਚ ਗੁਜ਼ਾਰੀ । ਸਭ ਕੁਝ ਛਡ ਫਕੀਰੀ ਬਾਣੇ ਵਿਚ ਦੇਸ ਦੇਸਾਂਤਰਾਂ ਦੀ ਯਾਤਰਾ ਕਰਨ ਲਈ ਤੁਰ ਪਏ । ਆਪ ਦੇ ਕਾਵਿਕ ਹਿਰਦੇ ਨੇ ਕੁਦਰਤੀ ਨਜ਼ਾਰਿਆਂ ਵਿਚੋਂ ਉਸ ਪ੍ਰਭੂ ਦੇ ਦਰਸ਼ਨ ਕੀਤੇ । ਭਗਤੀ ਰਸ ਨਾਲ ਖੀਵੇਂ ਉਸ ਪ੍ਰਭੂ ਵਿਚ ਰੰਗੇ ਆਪਣੇ ਮਨੋ ਭਾਵਾਂ ਨੂੰ ਕਵਿਤਾ ਵਿਚ ਅੰਕਤ ਕਰਦੇ ਕਰਕੇ ' ਚੰਦਰ ਲੋਕ ' ' ਰਸਨਾ ਰਾਘਵਾ ' ਤੇ ਆਪ ਨੂੰ ਅਮਰ ਕਰ ਦੇਣ ਵਾਲੇ ' ਗੀਤ ਗੋਬਿੰਦ ' ਗ੍ਰੰਥ ਲਿਖ ਅਮਰ ਹੋ ਗਏ ।

ਭਗਤ ਜੈ ਦੇਵ ਜੀ ਦਾ ਵਿਸ਼ਵਾਸ ਪਕਾ ਸੀ ਉਹ ਪ੍ਰਮਾਤਮਾ ਤੋਂ ਬਿਨਾਂ ਕਿਸੇ ਚੀਜ਼ ਨੂੰ ਪਿਆਰ ਨਹੀਂ ਕਰਦੇ ਸਨ । ਇਥੋਂ ਤਕ ਕਿ ਉਹ ਇਕ ਦਰਖਤ ਥਲੇ ਵੀ ਦੋ ਰਾਤਾਂ ਨਹੀਂ ਠਹਿਰਦੇ ਸਨ ਕਿਉਂਕਿ ਪ੍ਰਮਾਤਮਾ ਤੋ ਬਿਨਾਂ ਹੋਰ ਕਿਸੇ ਚੀਜ਼ ਨੂੰ ਲੋੜੋਂ ਤਰਜੀਹ ਨਹੀਂ ਸਨ ਦਿੰਦੇ ।"[9]

ਆਪ ਜੀ ਦੀ ਸ਼ਕਲ ਸੂਰਤ ਪ੍ਰਮਾਤਮਾ ਦੀ ਇਕ ਬਣਾਈ ਅਤਿਅੰਤ ਸੁੰਦਰ ਮੂਰਤ ਸੀ । ਜਵਾਨੀ ਦੀ ਅਵਸਥਾ ਨੇ ਵੀ ਆਪ ਦੇ ਵੈਰਾਗ ਤੇ ਭਗਤੀ ਮਈ

ਹਿਰਦੇ ਉਪਰ ਕੋਈ ਆਪ ਹੁਦਰਾ ਅਸਰ ਨਾ ਕੀਤਾ । ਜਿਵੇਂ ਆਮ ਕਰਕੇ ਜਵਾਨੀ ਵਿਚ ਮਨ ਵਧੇਰੇ ਵਿਸ਼ੇ ਵਿਕਾਰਾਂ ਵਲ ਜਾਂਦਾ ਹੈ। ਇਸ ਅਵਸਥਾ ਵਾਲੇ ਪੁਰਸ਼ ਭਗਵਾਨ ਦਾ ਹੀ ਰੂਪ ਹੋ ਨਿਬੜਦੇ ਹਨ ।

ਕਿਹਾ ਜਾਂਦਾ ਹੈ ਕਿ ਪ੍ਰਮਾਤਮਾ ਦੀ ਖੋਜ ਮਨ ਦੇ ਅੰਦਰੋ ( ਭੀਤਰ ) ਹੀ ਹੁੰਦੀ ਹੈ। ਭਗਤ ਜੈ ਦੇਵ ਨੂੰ ਵੀ ਪ੍ਰਭੂ-ਪ੍ਰਾਪਤੀ ਆਪਣੇ ਮਨ ਅੰਦਰੋ ਹੀ ਹੋਈ। [10]

ਪ੍ਰਭੂ ਭਗਤੀ ਵਿਚ ਲੀਨ ਭਗਤ ਜੈ ਦੇਵ ਤੁਰਦਾ ਤੁਰਦਾ ਜਗਨ ਨਾਥ ਪੁਰੀ ਪਹੁੰਚ ਗਿਆ । ਪ੍ਰਮਾਤਮਾ ਦੀ ਲੀਲਾ ਆਪਣੇ ਨਾ ਚਾਹੁੰਣ ਦੇ ਬਾਵਜੂਦ ਵੀ" ਇਥੇ ਇਕ ਅਗਨੀ ਹੋਤਰੀ ਬ੍ਰਾਹਮਣ ਨੇ ਆਪਣੀ ਲੜਕੀ ' ਪਦਮਾ ਵਤੀ ' ਦੀ ਸ਼ਾਦੀ ਸ੍ਰੀ ਜੈ ਦੇਵ ਜੀ ਨਾਲ ਕਰਨੀ ਚਾਹੀ । ਲੜਕੀ ਬੜੀ ਸੁੰਦਰ, ਗੁਣਵਾਨ ਤੇ ਸ਼ੀਲਵੰਤ ਸੀ । ਪਰ ਜੈ ਦੇਵ ਜੀ ਨੂੰ ਬੜਾ ਤੀਬਰ ਵੈਰਾਗ ਸੀ " ਭਗਤ ਜੀ ਦੇ ਨਾ ਨੁਕਰ ਕਰਨ ਦੇ ਬਾਵਜੂਦ ਵੀ ਲੜਕੀ ਦੇ ਪਿਤਾ ਉਸ ਨੂੰ ਜੈ ਦੇਵ ਕੋਲ ਛਡ ਕੇ ਚਲੇ ਗਏ ਤੇ ਪਦਮਾਵਤੀ ਦੇ ਸ਼ਰਧਾ-ਪ੍ਰੇਮ ਤੇ ਅਰਧੰਗੀ ਵਾਲੇ ਭਾਵ ਨੇ ਆਪ ਜੀ ਨੂੰ ਪਦਮਾਵਤੀ ਨਾਲ ਸ਼ਾਦੀ ਕਰਨ ਲਈ ਰਾਜੀ ਕਰ ਲਿਆ । [11]

ਸ਼ਾਦੀ ਉਪਰੰਤ ਆਪ ਇਕ ਵਾਰ ਗੀਤ ਰਚਨਾ ਕਰ ਰਹੇ ਸਨ । ਐਸੀ ਗਲ ਹੋਈ ਕਿ ਛੰਦ ਸੰਪੂਰਨ ਹੋਣ ਵਿਚ ਨਹੀ ਸੀ ਆਉਂਦਾ; ਇਕ ਤੁਕ ਰਚਣੀ ਬਾਕੀ ਸੀ । ਇਸੇ ਭਗਤੀ ਰੰਗ ਵਿਚ ਉਠ ਕੇ ਬਾਹਰ ਚਲੇ ਗਏ । ਜਦੋ ਮੁੜ ਵਾਪਸ ਆਏ ਤਾਂ ਹੋਰ ਹੈਰਾਨ ਹੋਏ, ਉਥੇ ਰਹਿੰਦੀ ਤੁਕ ਪਾ ਕੇ ਛੰਦ ਸੰਪੂਰਨ ਕੀਤਾ ਹੋਇਆ ਸੀ । ਇਸ ਗੁੰਝਲ ਨੂੰ ਸਮਝਣ ਲਈ ਉਨ੍ਹਾਂ ਆਪਣੀ ਧਰਮ ਪਤਨੀ ਪਦਮਾਵਤੀ ਪਾਸੋਂ ਪੁਛਿਆ ਕਿ ਇਹ ਕੌਣ ਲਿਖ ਗਿਆ ਹੈ ? ਉਸ ਨੇ ਜਵਾਬ ਦਿਤਾ; ਸੁਆਮੀ ਜੀ ! ਹੁਣ ਤੁਸੀਂ ਹੀ ਆਪ ਲਿਖਦੇ ਸੀ, ਹੋਰ ਤਾਂ ਇਥੇ ਕੋਈ ਨਹੀਂ ਆਇਆ । ਕਹਿੰਦੇ ਹਨ ਭਗਵਾਨ ਆਪ ਜੈ ਦੇਵ ਦਾ ਰੂਪ ਧਾਰ ਕੇ ਇਸ ਛੰਦ ਨੂੰ ਪੂਰਾ ਕਰ ਗਏ ਸਨ । ਇਸ ਘਟਨਾ ਨੇ ਜੈ ਦੇਵ ਦੇ ਭਗਤੀ ਭਾਵ ਨੂੰ ਹੋਰ ਦ੍ਰਿੜ ਕੀਤਾ ਤੇ ਉਹ ਮਸਤ ਹੋਏ ਜੰਗਲ ਵਿਚ ਚਲੇ ਗਏ । ਅਗੇ ਕੀ ਦੇਖਦੇ ਹਨ ਇਕ ਅਜੀਬ ਅਨੋਖਾ ਬ੍ਰਿਛ ਹੈ ਜਿਸ ਦੇ ਪੱਤੇ ਪੱਤੇ

ਉਤੇ ਸਾਰਾ ' ਗੀਤ-ਗੋਬਿੰਦ ' ਲਿਖਿਆ ਹੋਇਆ ਹੈ । ਇਸ ਝਾਕੀ ਨੇ ਜੈ ਦੇਵ ਦੇ ਕਪਾਟ ਖੋਲ ਦਿਤੇ ਤੇ ਉਹ ਉਮਰ ਭਰ ਇਸੇ ਰੰਗ ਵਿਚ ਰਹੇ ।[12]

ਸ਼ਾਇਦ ਭਗਤ ਜੈ ਦੇਵ ਦਾ ਏਹੋ ਰੰਗ ਸੀ ਜਿਸ ਕਰਕੇ ਉਸਦੀ ਬਾਣੀ ਵਿਚ ਸੰਤ ਮੱਤ ਦੇ ਏਨੇ ਤੱਤ ਪ੍ਰਾਪਤ ਹੁੰਦੇ ਹਨ । ਡਾ. ਵਿਲਖੂ ਨੇ ਵੀ ਆਪਣੇ ' ਖੋਜ-ਪ੍ਰਬੰਧ ' ਆਦਿ ਗ੍ਰੰਥ ਦੇ ਪਰੰਪਰਾਗਤ ਤੱਤੋ ਕਾ ਅਧਿਐਨ ਵਿਚ ਇਹ ਉਲੇਖ ਕੀਤਾ ਹੈ ਕਿ ਜੈ ਦੇਵ ਦੇ ਆਦਿ ਗ੍ਰੰਥ ਦੇ ਦੋ ਪਦਾਂ ਵਿਚ ਹੀ ਸੰਤ ਮਤ ਦੇ ਅਨੁਕੂਲ ਲਗਭਗ ਸਾਰੇ ਤੱਤ ਉਪਲਬਧ ਹਨ ।[13]

ਗੀਤ ਗੋਬਿੰਦ ਦੀ ਮਹਿਮਾ ਕਰਦੇ ਹੋਏ ਭਾਈ ਗੁਰਦਾਸ ਜੀ ਆਪਣੀ ਦਸਵੀ ਵਾਰ ਦੀ ਦਸਵੀ ਪਾਉੜੀ ਵਿਚ ਲਿਖਦੇ ਹਨ :-

ਪ੍ਰੇਮ ਭਗਤਿ ਜੈ ਦੇਉ ਕਰ ਗੀਤ ਗੋਬਿੰਦ ਸਹਜ ਧੁਨਿ ਗਾਵੈ ।
ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈਂ ।
ਅਖਰ ਇਕ ਨ ਆਵੜੈ ਪੁਸਤਕ ਬੰਨ ਸੰਧਿਆ ਕਰ ਆਵੈ ।
ਗੁਣ ਨਿਧਾਨ ਘਰ ਆਇਕੈ ਭਗਤ ਰੂਪ ਲਿਖ ਲੇਖ ਬਣਾਵੈ ।
ਅਖਰ ਪੜ੍ਹ ਪਰਤੀਤ ਕਰ ਹੁਇ ਵਿਸਮਾਦ ਨ ਅੰਗ ਸਮਾਵੈ ।
ਵੇਖੈ ਜਾਇ ਉਜਾੜ ਵਿਚ ਬਿਰਖ ਇਕ ਅਚਰਜ ਸੁਹਾਵੈ ।
ਗੀਤ ਗੋਬਿੰਦ ਸੰਪੂਰਣੋਂ ਪਤੁ ਪਤੁ ਲਿਖਿਆ ਅੰਤ ਨ ਆਵੈ ।
ਭਗਤ ਹੇਤ ਪ੍ਰਗਾਸ ਕਰ ਹੋਇ ਦਇਆਲ ਮਿਲੈ ਗਲ ਲਾਵੈ ।
ਸੰਤ ਅਨੰਤ ਨ ਭੇਦ ਗਣਾਵੈ । (ਵਾਰ 10-10)[14]

ਭਗਤ ਕਬੀਰ ਜੀ ਆਪ ਜੀ ਉਪਰ ਪਰਮਾਤਮਾ ਦੀ ਕ੍ਰਿਪਾ ਦਾ ਜ਼ਿਕਰ ਬਿਲਾਵਲ ਰਾਗ ਵਿਚ ਕਰਦੇ ਹਨ :-

" ਤੂੰ ਸਭ ਦਾਤਾਂ ਦੇਣ ਜੋਗਾ ਦਾਤਾਰ ਹੈ। ਜੀਵਾਂ ਨੂੰ ਚਾਰੇ ਪਦਾਰਥ ਦੇਂਦਿਆਂ ਤੈਨੂੰ ਰਤਾ ਢਿੱਲ ਨਹੀ ਲੱਗਦੀ । ਜੈ ਦੇਵ, ਨਾਮ ਦੇਵ, ਸੁਦਾਮਾ

ਸੁਦਾਮਾ ਬ੍ਰਾਹਮਣ - ਇਹਨਾਂ ਉਤੇ ਤੇਰੀ ਹੀ ਬੇਅੰਤ ਕ੍ਰਿਪਾ ਹੋਈ ਸੀ ।"

ਭਗਤ ਜੈ ਦੇਵ ਜੀ ਨੇ ਨ ਵਿਦਵਤਾ ਦਾ, ਨ ਕੁਲ ਦਾ ਅਤੇ ਨ ਹੀ ਪ੍ਰਸਿੱਧੀ ਦਾ ਮਾਣ ਕੀਤਾ । ਸਗੋਂ ਨਿਮਰਤਾ ਦਾ ਜੀਵਨ ਜੀਅ ਪ੍ਰਭੂ ਨੂੰ ਪ੍ਰਾਪਤ ਕੀਤਾ । ਗੁਰੂ ਅਰਜਨ ਦੇਵ ਜੀ ਆਪ ਬਾਰੇ ਲਿਖਦੇ ਹਨ, " ਜੈ ਦੇਵ ਭਗਤ ਨੇ ਮਾਣ ਛਡਿਆ ਤੇ ਭਵ ਸਾਗਰ ਨੂੰ ਪਾਰ ਕਰ ਗਏ ।"[15]

ਰਾਜਾ ਲਛਮਨ ਸੈਨ ਨੇ ਭਗਤ ਜੈ ਦੇਵ ਦੀ ਇਛਾ ਅਨੁਸਾਰ ਬੜੇ ਸਤਿਕਾਰ ਨਾਲ ਉਹਨਾਂ ਨੂੰ ਕੇਂਦਲੀ ਲਈ ਵਿੱਦਾ ਕੀਤਾ । " ਆਪਣੇ ਨਗਰ ਆ ਕੇ ਭਗਤ ਜੀ ਭਗਵਾਨ ਦਾ ਜਸ ਕਰ-ਦੇ ਰਹੇ, ਗੰਗਾ ਉਹਨਾਂ ਦੇ ਘਰ ਤੋਂ ਦੂਰ ਵਗਦੀ ਸੀ, ਪਰ ਭਗਤ ਦੀ ਐਸੀ ਮਹਿਮਾ ਹੋਈ ਕਿ ਇਕ ਹੜ੍ਹ ਨਾਲ ਗੰਗਾ ਨੇੜੇ ਆ ਗਈ ।

ਕੇਂਦਲ ਨਗਰ ਵਿਚ ਰਹਿੰਦਿਆਂ ਹੋਇਆਂ ਭਗਤ ਜੀ ਦੀ ਆਯੂ ਬਹੁਤ ਵਡੇਰੀ ਹੋ ਗਈ । ਆਪ 1245 ਈਸਵੀ ਨੂੰ ਇਕ ਦਿਨ ਭਜਨ ਕਰਦੇ ਹੋਏ ਜੋਤੀ ਜੋਤ ਸਮਾ ਗਏ । [16] ਆਪ ਜੀ ਦੀ ਮਹਾਨ ਮਹਿਮਾ ਦਾ ਪ੍ਰਤੱਖ ਪ੍ਰਮਾਣ ਇਸ ਗੱਲ ਤੋਂ ਲਗਦਾ ਹੈ ਕਿ ਆਪ ਜੀ ਦੇ ਦੋ ਸ਼ਬਦ ਗੁਜਰੀ ਤੇ ਮਾਰੂ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ।[17]

---

## 2.2 ਸ਼ੇਖ ਫਰੀਦ

ਮੁਸਲਮਾਨ ਹਮਲਾਵਰਾਂ ਦਾ ਭਾਰਤ ਵਿਚ ਪਹਿਲਾ ਪ੍ਰਵੇਸ਼ 712 ਈਸਵੀ ਵਿਚ ਸਿੰਧ ਉਪਰ ਮੁਹੰਮਦ ਬਿਨ ਕਾਸਿਮ ਦੇ ਹਮਲੇ ਨਾਲ ਹੋਇਆ ਸੀ । ਇਹ ਠੀਕ ਹੈ ਕਿ ਇਸ ਹੱਲੇ ਨਾਲ ਮੁਸਲਮਾਨ ਭਾਰਤ ਦੇ ਧੁਰ ਅੰਦਰ ਤਕ ਜਾਣ ਵਿਚ ਸਫਲ ਨ ਹੋਏ ਤਾਂ ਵੀ ਉਹਨਾਂ ਨੇ ਸਿੰਧ ਤੇ ਮੁਲਤਾਨ ਦੇ ਖੇਤਰਾਂ 'ਚ ਕੁਝ ਪ੍ਰਭਾਵਮਈ ਵਸਤੀਆਂ ਕਾਇਮ ਕਰ ਲਈਆਂ ਸਨ । ਦਸਵੀਂ ਸਦੀ ਵਿਚ ਮੁਸਲਮਾਨਾਂ ਦਾ ਦੂਸਰਾ ਹੜ੍ਹ ਗਜ਼ਨੀ ਤੇ ਕਾਬਲ ਰਾਹੀਂ ਆਇਆ । ਅਲਪਤਗੀਨ ਦੇ ਪੁੱਤਰ ਸਬੁਕਤਗੀਨ ( 976-97) ਦੇ ਪਹਿਲਾ ਹੱਲਾ ਦੱਰਾ ਖੈਬਰ ਰਾਹੀਂ ਕੀਤਾ ਤੇ ਕਈ ਵਾਰ ਲਾਹੌਰ ਦੇ ਰਾਜੇ, ਜੈਪਾਲ ਨੂੰ ਹਾਰ ਦਿੱਤੀ । ਸਬੁਕਤਗੀਨ ਦੇ ਲੜਕੇ ਮੁਹੰਮਦ ਗਜ਼ਨੀ ਨੇ ਭਾਰਤ ਦੇ ਉਪਰ 17 ਹਮਲੇ ਕੀਤੇ । ਮੁਸਲਮਾਨ ਹਾਕਮ ਤਲਵਾਰ ਦੇ ਜ਼ੋਰ ਨਾਲ ਇਸਲਾਮ ਦਾ ਪ੍ਰਚਾਰ ਕਰਦੇ ਸਨ ਪਰ ਰਾਜਿਆਂ ਨਾਲ ਪ੍ਰਚਾਰਕ ਵੀ ਆਏ ਜਿਹਨਾਂ ਨੇ ਪਿਆਰ ਨਾਲ ਤੇ ਉਪਦੇਸ਼ ਦੇ ਬਲ ਹਿੰਦੂਆਂ ਨੂੰ ਇਸਲਾਮੀ ਸਰਨ੍ਹਾਂ'ਚ ਲੈ ਆਂਦਾ । ਅਜਿਹਾ ਇਕ ਪ੍ਰਚਾਰਕ ਸ਼ੇਖ ਜਮਾਲੁੱਦੀਨ ਸੁਲੇਮਾਨ ਸੀ, ਜੋ ਮਹਿਮੂਦ ਗਜ਼ਨਵੀ ਦਾ ਭਾਣਜਾ ਸੀ। ਇਹ ਸੁਲੇਮਾਨ ਸ਼ਹਾਬੁੱਦੀਨ ਗੌਰੀ ਦੇ ਰਾਜ ਸਮੇਂ ਕਾਬਲ ਤੋ ਨਿਕਲ ਕੇ ਪਹਿਲਾ ਲਾਹੌਰ ਤੇ ਫਿਰ ਕਸੂਰ ਵਸ ਗਿਆ । ਮਗਰੋਂ ਮੁਲਤਾਨ ਗਏ । ਮੁਲਤਾਨ ਦੇ ਨੇੜੇ ਹੀ ਪਿੰਡ ਖੋਤਵਾਲ 'ਚ ਉਹਨਾਂ ਦੀ ਸ਼ਾਦੀ ਹੋਈ । ਇਹਨਾਂ ਦੇ ਘਰ ਹੀ ਫਰੀਦੁੱਦੀਨ ਮਸਊਦ ਬਾਬਾ ਫਰੀਦ ਦਾ ਜਨਮ ਹੋਇਆ ।[18]

ਬਾਬਾ ਫਰੀਦ ਦਾ ਜੀਵਨ ਇਸ ਬੰਜਰ ਯੁੱਗ ਦੀ ਚਮਤਕਾਰੀ ਘਟਣਾ ਹੈ ਰੂਹਾਨੀਅਤ, ਸਮਾਜਿਕ, ਧਾਰਮਿਕ, ਤੇ ਸਾਹਿੱਤਕ ਖੇਤਰ ਵਿਚ ਫਰੀਦ ਦੀ ਆਮਦ ਨਵੀਂ ਰੋਸ਼ਨੀ ਸੀ । ਇਹ ਨਵੀ ਰੋਸ਼ਨੀ ਉਹਨਾਂ ਦੇ ਜੀਵਨ ਤੇ ਰਚਨਾਵਾਂ 'ਚ ਨਿਸ਼ਲਿਸ਼ ਕਰਦੀ ਹੈ । ਵਿਆਕਰਣ ਦੇ ਹਿਸਾਬ ਨਾਲ ਫਰੀਦ ਇਕ ਵਿਸ਼ੇਸ਼ਣ ਹੈ ਜਿਸ ਦਾ ਅਰਥ ਲਾਸਾਨੀ ਹੈ । ਪਰ ਫਰੀਦ ਸੰਗਿਆ ਭੀ ਹੈ ਜਿਸਦਾ ਅਰਥ ਮਹਾਤਮਾ ਹੈ ।[19]

ਭਗਤਾਂ, ਪੀਰਾਂ - ਫਕੀਰਾਂ ਦਾ ਵਿਅਕਤੀਗਤ ਜੀਵਨ ਅਤੇ ਰਚਨਾ ਇਕਮਿਕ ਇਕਸੁਰ ਹੁੰਦੇ ਹਨ ਅਤੇ ਹੋਣੇ ਚਾਹੀਦੇ ਵੀ ਹਨ; ਪਰ ਜਿਸ ਰੂਪ ਵਿਚ ਸ਼ੇਖ ਫਰੀਦ ਦੇ ਜੀਵਨ ਅਤੇ ਉਸ ਦੀ ਰਚਨਾ ਵਿਚ ਇਕਰੂਪਤਾ ਹੈ, ਇਸ ਦੀ ਮਿਸਾਲ ਸ਼ਾਇਦ ਹੀ ਕਿਧਰੇ ਮਿਲਦੀ ਹੋਵੇ । ਏਹੀ ਕਾਰਨ ਹੈ ਕਿ ਸ਼ੇਖ ਫਰੀਦ ਦੀ ਰਚਨਾ ਦੀ ਚਰਚਾ ਕਰਦਿਆਂ ਵਿਦਿਵਾਨ ਉਸਨੂੰ ਬੁਢੇਪੇ ਅਤੇ ਮੌਤ ਦੇ ਅਨੁਭਵ ਦਾ ਕਵੀ ਕਹਿੰਦੇ ਹਨ । ਦਰਅਸਲ ਸ਼ੇਖ ਫਰੀਦ ਨੇ ਜਿਹੜੀ ਰਚਨਾ ਰਚੀ ਹੈ, ਉਹ ਏਨੀ ਪ੍ਰੋਢ ਹੈ ਕਿ ਇਹ ਵਿਚਾਰ ਸੁਭਾਵਕ ਹੀ ਹਰ ਵਿਅਕਤੀ ਦੇ ਮਨ ਵਿਚ ਆ ਸਕਦਾ ਹੈ ਕਿ ਅਜਿਹੀ ਰਚਨਾ ਸਿਰਫ ਪ੍ਰੋਢ ਅਵੱਸਥਾ ਵਿਚ ਹੀ ਸੰਭਵ ਹੋ ਸਕਦੀ ਹੈ ਅਜਿਹੀ ਉਚ - ਪੱਧਰੀ ਰਚਨਾ ਦੇ ਰਚਨਹਾਰੇ ਦੇ ਜੀਵਨ ਉਪਰ ਸੰਖੇਪ-ਝਾਤ ਅਤਿ ਜ਼ਰੂਰੀ ਹੋ ਜਾਂਦੀ ਹੈ ।

ਬਾਬਾ ਫਰੀਦ ਦਾ ਜਨਮ 1175 ਈਸਵੀ ਨੂੰ ਪਿੰਡ ਖੋਤਵਾਲ ਵਿਚ ਸ਼ੇਖ ਜਮਾਲੁਦੀਨ ਦੇ ਘਰ ਬੀਬੀ ਕੁਰਸਮ ਦੇ ਉਦਰ ਤੋ ਹੋਇਆ ।[20]

ਫਰੀਦ ਜੀ ਦੇ ਜੀਵਨ ਦੀ ਅਲੌਕਿਕਤਾ ਬਾਰੇ ਅਨੇਕ ਕਥਾਵਾਂ ਪ੍ਰਚਲਿਤ ਹਨ । ਸਪਸ਼ਟ ਹੈ ਕਿ ਉਹ ਬਹੁਤ ਹੀ ਘਾਲਣਾ ਘਾਲਣ ਵਾਲੇ ਫਕੀਰ ਸਨ। ਉਹਨਾਂ ਦਾ ਜੀਵਨ ਮਾਖਿਓ ਭਰੀ ਸਖਸ਼ੀਅਤ ਦੇ ਝਲਕਾਰੇ ਦੇਂਦਾ ਹੈ । ਇਹ ਫਰੀਦ ਜਿਹੇ ਮਹਾ ਪੁਰਸ਼ ਦਾ ਪ੍ਰੇਮ ਮਈ ਜੀਵਨ ਤੇ ਜੀਵਨ ਆਦਰਸ਼ ਹੀ ਸੀ ਜਿਸਨੇ ਇਸਲਾਮ ਦੀਆਂ ਜੜ੍ਹਾਂ ਭਾਰਤ ਵਿਚ ਡੂੰਘੀਆਂ ਲਾਈਆਂ, ਨਹੀਂ ਤਾਂ ਜਾਬਰ ਮੁਸਲਮਾਨ ਹਮਲਾਵਰਾਂ ਨੇ ਤਾਂ ਇਸਲਾਮ ਨੂੰ ਬਦਨਾਮ ਹੀ ਕਰ ਦਿੱਤਾ ਸੀ ।

ਕਿਹਾ ਜਾਂਦਾ ਹੈ ਕਿ ਜਦ ਆਪ ਦੀ ਮਾਤਾ ਨੇ ਆਪ ਨੂੰ ਦੁੱਧ ਚੁੰਘਾਇਆ ਤਾਂ ਆਪ ਨੇ ਦੁੱਧ ਨ ਚੁੰਘਿਆ, ਜਿਸ ਤੋਂ ਇਹ ਸਮਝਿਆ ਗਿਆ ਕਿ ਇਹਨਾਂ ਨੇ ਸ਼ੁਰੂ ਤੋ ਹੀ ਰੋਜ਼ਾ ਰੱਖਿਆ ਹੋਇਆ ਸੀ । ਇਹ ਸਿਰਫ ਸਵੇਰੇ ਸ਼ਾਮ ਹੀ ਦੁੱਧ ਚੁੰਘਦੇ ਸਨ ।

ਸ਼ੇਖ ਫਰੀਦ ਦੀ ਮਾਤਾ ਧਾਰਮਿਕ ਵਿਚਾਰਾਂ ਵਾਲੀ ਸੀ, ਜਿਸਨੇ

ਨਮਾਜ਼ ਵੱਲ ਪ੍ਰੇਰਨ ਲਈ ਕਈ ਵਾਰ ਚੌਂਕੀ ਹੇਠ ਸ਼ੱਕਰ ਦੀ ਪੋਟਲੀ ਰੱਖ ਦੇਣੀ ਅਤੇ ਆਖਣਾ ਕਿ ਅੱਲਾ ਨਮਾਜ਼ ਪੜ੍ਹਨ ਪਿੱਛੋਂ ਸ਼ੱਕਰ ਦੇਂਦਾ ਹੈ । ਇਕ ਵਾਰ ਮਾਤਾ ਨੂੰ ਸ਼ੱਕਰ ਰਖਣੀ ਭੁੱਲ ਗਈ ਪਰ ਜਦੋਂ ਫ਼ਰੀਦ ਜੀ ਨਮਾਜ਼ ਪੜ੍ਹ ਹਟੇ ਤਾਂ ਰੋਜ਼ ਵਾਂਗ ਉਥੇ ਸ਼ੱਕਰ ਪਈ ਸੀ । ਇਸ ਘਟਨਾਂ ਨੇ ਆਪ ਦੇ ਕਰਾਮਾਤੀ ਅੰਸ਼ ਨੂੰ ਪ੍ਰਗਟ ਕੀਤਾ। ਇਸ ਤੋਂ ਆਪਦੇ ਨਾਂ ਨਾਲ 'ਸ਼ੁਕਰਗੰਜ ' ਸ਼ਬਦ ਵੀ ਜੁੜ ਗਿਆ ਅਤੇ ਕੁਰਾਨ ਸ਼ਰੀਫ਼ ਦਾ ਪਾਠ ਕਰਦਿਆਂ ਆਪ ਨੂੰ ਬਾਰਾਂ ਸਾਲ ਦੀ ਉਮਰ ਤੱਕ ਸਾਰਾ ਕੁਰਾਨ ਸ਼ਰੀਫ਼ ਵੀ ਜ਼ੁਬਾਨੀ ਯਾਦ ਹੋ ਗਿਆ । ਸ਼ੇਖ਼ ਫ਼ਰੀਦ ਰੋਜ਼ੀ ਘੰਟਿਆਂ ਵਿਚ ਕੁਰਾਨ ਸ਼ਰੀਫ਼ ਦਾ ਮੁਕੰਮਲ ਪਾਠ ਕਰਨਾ ਆਪਣੀ ਰੂਹਾਨੀ ਖ਼ੁਰਾਕ ਸਮਝਦੇ ਸਨ । [21]

ਪ੍ਰੋ. ਰਾਮ ਸਿੰਘ ਸ਼ੇਖ਼ ਫ਼ਰੀਦ ਦੀ ਦਰਵੇਸ਼ੀ ਬਾਰੇ ਲਿਖਦੇ ਹਨ - ' ਫ਼ਰੀਦ - ਬਾਣੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਸਦੇ ਅੰਦਰ ਦੁਬਿਧਾ ਨਹੀਂ ।"[22]

ਸ਼ੇਖ਼ ਫ਼ਰੀਦ ਇਕ ਦਰਵੇਸ਼ ਸੀ ਅਤੇ ਸਾਰੀ ਉਮਰ ਆਪਨੇ ਦਰਵੇਸ਼ੀ ਨਿਭਾਹੀ, ਬੇਸ਼ਕ ਇਸ ਨੂੰ ਨਿਭਾਹੁਣ ਲਈ ਉਹਨਾਂ ਨੂੰ ਕਈ ਤਰ੍ਹਾਂ ਦੇ ਕਸ਼ਟ ਵੀ ਸਹਿਣੇ ਪਏ । ਦੁਨੀਆਦਾਰੀ ਫ਼ਕੀਰੀ ਦੇ ਉਲਟ ਇਕ ਕਠੋਰ ਹਕੀਕਤ ਹੈ, ਪਰ ਜਿਹੜੇ ਇਸਨੂੰ ਠੁਕਰਾ ਕੇ ਫ਼ਕੀਰੀ ਅਪਨਾਉਂਦੇ ਹਨ, ਉਹ ਮੁੜ ਦੁਨੀਆਂ ਵੱਲ ਨਹੀਂ ਪਰਤਦੇ - ਨਾ ਪਰਤ ਸਕਦੇ ਹਨ। ਸ਼ੇਖ਼ ਫ਼ਰੀਦ ਦੀ ਜ਼ਿੰਦਗੀ ਵਿਚ ਅਜਿਹੀਆਂ ਸੰਕਟਮਈ ਘੜੀਆਂ ਕਈ ਵਾਰ ਆਈਆਂ, ਜਦੋਂ ਉਹਨਾਂ ਦੀ ਫ਼ਕੀਰੀ ਦੇ ਰਾਹ ਵਿਚ ਦੁਨੀਆਦਾਰੀ ਰੁਕਾਵਟ ਬਣਦੀ ਰਹੀ, ਪਰ ਪ੍ਰੋ. ਰਾਮ ਸਿੰਘ ਦੇ ਉਪਰੋਕਤ ਕਥਨ ਅਨੁਸਾਰ ਉਹਨਾਂ ਨੇ ਫ਼ਕੀਰੀ ਹਰ ਹਾਲ ਨਿਭਾਹੀ । ਅਜਿਹਾ ਫ਼ਰੀਦ ਦੇ ਨਿਮਨ ਲਿਖਿਤ ਸਲੋਕ ਤੋਂ ਵੀ ਸਪੱਸ਼ਟ ਹੈ :--

ਫ਼ਰੀਦਾ ਦਰ ਦਰਵੇਸੀ ਗਾਖੜੀ ਚੱਲਾਂ ਦੁਨੀਆਂ ਭਤਿ ।
ਬੰਨ੍ਹ ਉਠਾਈ ਪੋਟਲੀ ਕਿਥੈ ਵੰਞਾਂ ਘਤਿ ।

ਸ਼ੇਖ਼ ਫ਼ਰੀਦ ਦੀ ਜ਼ਿੰਦਗੀ ਨਾਲ ਜੁੜੇ ਨਿੱਕੇ-ਵੱਡੇ ਸਭ ਵੇਰਵੇ ਆਪ ਦੀ ਰਚਨਾ ਦੇ ਅੰਗ ਬਣੇ । ਆਪ ਨੇ ਜੀਵਨ-ਅਨੁਭਵ ਦੇ ਹਰ ਅੰਸ਼ ਨੂੰ ਆਪਣੀ ਰਚਨਾ ਵਿਚ ਸਮੋਇਆ । ਜਿਵੇਂ ਲੰਮੇਰੀ ਭਗਤੀ ਉਪਰੰਤ ਘਰ ਮੁੜਨ ਤੇ ਭਰਜਾਈਆਂ ਵਲੋਂ ਸਿਰ ਵਾਹੇ ਜਾਣ ਤੇ ਹੋਈ ਪੀੜ, ਘੜਿਆਲ ਨੂੰ ਬੇਦੋਸ਼ਾ ਕੁਟੀਂਦਾ ਵੇਖਕੇ, ਊਠਾਂ ਨੂੰ ਸਿਰਫ਼ ਖਰਬੂਜ਼ਿਆਂ ਦੀਆਂ ਛਿੱਲਾਂ ਖਾਣ ਕਾਰਨ ਪਈ ਕੁੱਟ ਵੇਖਕੇ, ਖ਼ੂਬਸੂਰਤ ਔਰਤ ਦੀਆਂ ਅੱਖਾਂ ਉਸਦੇ ਮਰਨ ਉਪਰੰਤ ਵੇਖਕੇ -- ਆਦਿ ।

ਸ਼ੇਖ ਫਰੀਦ ਦਾ ਜੀਵਨ ਸਾਦਗੀ ਤੇ ਨਿਮਰਤਾ ਦੀ ਅਦੁੱਤੀ ਮਿਸਾਲ ਮੰਨਿਆ ਜਾਂਦਾ ਹੈ। ਆਪ ਦੀ ਰਚਨਾ ਅਤੇ ਜੀਵਨ ਵਿਚ ਜਿੱਥੇ ਮੌਤ ਦਾ ਭੈਅ, ਭਗਤੀ ਦਾ ਉਪਦੇਸ਼ ਅਤੇ ਬਿਰਹਾ ਦਾ ਵਰਣਨ ਹੈ । ਉਥੇ ਨਿਮਰਤਾ, ਸਾਦਗੀ ਅਤੇ ਮਿਠਾਸ ਉਪਰ ਵੀ ਐਤਾਂ ਦਾ ਬਲ ਮਿਲਦਾ ਹੈ। ਆਪ ਨਾ ਸਿਰਫ ਸਾਦਾ ਖਾਂਦੇ, ਪਹਿਨਦੇ, ਰਹਿੰਦੇ ਸਨ ਸਗੋਂ ਬਹੁਤ ਥੋੜ੍ਹਾ ਖਾਂਦੇ, ਹੰਢਾਉਂਦੇ ਅਤੇ ਹਰ ਗੱਲ ਵਿਚ ਸੰਜਮ ਸੰਕੋਚ ਵਰਤਦੇ ਸਨ । ਕਿਹਾ ਜਾਂਦਾ ਹੈ ਕਿ ਭਗਤੀ ਕਰਦਿਆਂ ਆਪ ਨੇ ਗਲ ਵਿਚ ਕਾਠ ਦੀ ਰੋਟੀ ਪੋਕੇ ਪਾਈ ਹੁੰਦੀ ਸੀ ਅਤੇ ਭੁੱਖ ਮਹਿਸੂਸ ਹੋਣ ਤੇ ਇਸ ਨੂੰ ਚੱਕ ਮਾਰ ਲੈਂਦੇ ਸਨ। ਸੰਤ ਸਿੰਘ ਸੇਖੋਂ ਦਾ ਵਿਚਾਰ ਹੈ ਕਿ ਇਹ ਰੋਟੀ ਬਾਜਰੇ ਜਾਂ ਜਵਾਰ ਆਦਿ ਦੀ ਹੋ ਸਕਦੀ ਹੈ, ਜੋ ਸਾਦਾ ਖਾਣ ਦਾ ਚਿੰਨ੍ਹ ਹੈ । ਏਸੇ ਤਰ੍ਹਾਂ ਰੋਜ਼ਾ ਖੋਹਲਣ ਵੇਲੇ ਵੀ ਆਪ ਬਹੁਤ ਥੋੜ੍ਹਾ ਖਾਂਦੇ ਸਨ । ਇਸ ਦਾ ਜ਼ਿਕਰ " ਲਾਈਫ ਐਂਡ ਟਾਈਮਜ਼ ਆਫ ਸ਼ੇਖ ਫਰੀਦ" ਦਾ ਹਵਾਲਾ ਦੇਕੇ ਡਾ. ਜੀਤ ਸਿੰਘ ਸੀਤਲ ਨੇ ਇਸ ਤਰ੍ਹਾਂ ਕੀਤਾ ਹੈ :-

" ਅੱਧਾ ਜਾਂ ਤੀਜਾ ਹਿੱਸਾ ਸ਼ਰਬਤ ਦੇ ਪਿਆਲੇ ਦਾ ਕੁਝ ਇਕ ਮੁੱਠੀ ਦੇ ਦਾਣੇ ਅਤੇ ਅੱਧੀ ਰੋਟੀ ਜਵਾਰ ਦੀ ਇਹ ਸੀ ਸ਼ੇਖ ਫਰੀਦ ਦੀ ਖੁਰਾਕ ਚਵੀਆਂ ਘੰਟਿਆਂ ਦੀ ਸੀ ।" [23]

ਏਸੇ ਤਰ੍ਹਾਂ ਫਰੀਦ ਵਿਚ ਮਿਠਾਸ ਦਾ ਗੁਣ ਇਤਨਾ ਬਲਵਾਨ ਸੀ ਕਿ ਕਈ ਵਿਦਵਾਨ ਇਸ ਤਰ੍ਹਾਂ ਵੀ ਸੋਚਦੇ ਹਨ ਕਿ ਸ਼ੇਖ ਫਰੀਦ ਨਾਲ ' ਸ਼ਕਰਗੰਜ ' ਸ਼ਬਦ ਆਪ ਦੇ ਮਿਠਾਸ ਦੀ ਇਸ ਭਾਵਨਾ ਕਰਕੇ ਜੁੜਿਆ । ਫਰੀਦ ਜੀ ਆਮ ਤੌਰ ਤੇ ਇਕ ਸਾਦਾ ਜਿਹਾ ਕੁਰਤਾ ਪਹਿਨਦੇ ਸਨ ਅਤੇ ਮੋਢੇ ਉਪਰ ਇਕ ਕੰਬਲੀ ਰੱਖਦੇ ਸਨ। ਜੰਗਲ ਵਿਚ ਏਹੀ ਕੰਬਲੀ ਵਿਛਾਕੇ ਇਬਾਦਤ ਵਿਚ ਲੀਨ ਹੋ ਜਾਂਦੇ ਅਤੇ ਰਾਤ ਨੂੰ ਜੇ ਸਰਦੀ ਹੁੰਦੀ ਤਾਂ ਏਹੀ ਕੰਬਲੀ ਉਪਰ ਲੈ ਲੈਂਦੇ । ਅਜਿਹਾ ਸਰਲ - ਸਾਦਾ ਜੀਵਨ ਬਤੀਤ ਕਰਨ ਵਾਲੇ ਸ਼ੇਖ ਫਰੀਦ ਨੇ ਜੋ ਅਨੁਭਵ ਕੀਤਾ, ਉਸੇ ਦਾ ਵਰਣਨ ਆਪਣੀ ਬਾਣੀ ਵਿਚ ਕੀਤਾ । ਇਸ ਸੰਬੰਧੀ ਪਾਕਿਸਤਾਨੀ ਪੰਜਾਬੀ ਸਮੀਖਿਆਕਾਰ ਨਜ਼ਮ ਹੁਸੈਨ ਸਈਅਦ ਨੇ ਲਿਖਿਆ ਹੈ, " ਫਰੀਦ ਦੀ ਰਚਨਾ ਦਾ ਧਰਾਤਲ ਉਸਦੇ ਆਪਣੇ ਹੱਡ ਵਰਤੇ, ਤਨ ਝਾਗੇ ਅਨੁਭਵ ਹਨ ਜਿਹੜੇ ਅਸਲ ਵਿਚ ਸਾਧਾਰਣ ਮਨੁੱਖ ਦੇ ਨਿੱਤ ਦੇ ਅਨੁਭਵ ਹਨ ।"[24]

ਸ਼ੇਖ ਫਰੀਦ ਜੀ ਨੇ ਗ੍ਰਹਿਸਤ ਵਿਚ ਰਹਿੰਦਿਆਂ ਹੋਇਆਂ ਇਬਾਦਤ ਰਾਹੀਂ ਜੋਗ ਕਮਾਇਆ । ਫਕੀਰਾਂ ਦੀ ਮਜਲਸ ਵਿਚ ਖੁਦਾ ਦਾ ਜ਼ਿਕਰ ਕਰਦੇ ਕਈ ਵਾਰ ਰੋ ਪੈਂਦੇ । ਸੁਬ੍ਹਾ ਦੀ ਨਿਮਾਜ਼ ਪਿੱਛੋ ਜਦੋਂ ਆਪ ਸਿਜਦੇ ਵਿਚ ਸੀਸ ਝੁਕਾਉਂਦੇ ਤਾਂ ਕਈ ਘੰਟੇ ਉਸੇ ਹਾਲਤ ਵਿਚ ਪਏ ਰਹਿੰਦੇ । ਸਾਰਾ ਦਿਨ ਕੁੰਡਾ ਬੰਦ ਕਰਕੇ ਆਪਣੇ ਹੁਜਰੇ ਵਿਚ

ਖੁਦਾ ਦੀ ਇਬਾਦਤ ਵਿਚ ਲੀਨ ਰਹਿੰਦੇ । ਜ਼ੁਹਰ ਦੀ ਨਮਾਜ਼ ਉਪਰੰਤ ਆਪਣੇ ਮੁਰੀਦਾਂ ਨੂੰ ਅਤੇ ਸ਼ਰਧਾਲੂਆਂ ਨੂੰ ਮਿਲਦੇ ਅਤੇ ਫੇਰ ਕੁਟੀਆ ਵਿਚ ਚਲੇ ਜਾਂਦੇ । ਜੋ ਕੁਝ ਵੀ ਫਰੀਦ ਜੀ ਕੋਲ ਚੜ੍ਹਾਵੇ ਵਜੋਂ ਆਉਂਦਾ, ਉਹ ਸਾਰਾ ਲੋੜਵੰਦਾਂ ਵਿਚ ਵੰਡ ਦੇਂਦੇ ਅਤੇ ਖੁਦ ਗਰੀਬੀ ਵਿਚ ਰਹਿਕੇ ਖੁਸ਼ ਰਹਿੰਦੇ । ਇੰਜ ਫਰੀਦ ਜੀ ਇਕ ਸੱਚੇ ਸੂਫੀ ਹੁੰਦੇ ਹੋਏ ਸੂਫੀਮਤ ਦੇ ਸਾਰੇ ਪੜਾਂ ਆਪਣੇ ਵਿਹਾਰਕ ਜੀਵਨ ਵਿਚ ਨਿਭਾਉਂਦੇ ਅਤੇ ਹੰਢਾਉਂਦੇ ਹਨ ।

ਸ਼ੇਖ ਫਰੀਦ ਨੇ ਮੁਢਲੀ ਵਿਦਿਆ ਆਪਣੇਂ ਪਿੰਡ ਖੋਤੇਵਾਲ ਤੋਂ ਹੀ ਪ੍ਰਾਪਤ ਕੀਤੀ । ਫਿਰ ਮੁਲਤਾਨ ਵਿਚ ਦੀਨੀ ਤਾਲੀਮ ਮੌਲਾ ਮਿਨਹਾਜੁਦੀਨ ਤਿਰਮਜੀ ਤੋਂ ਹਾਸਿਲ ਕੀਤੀ ਤੇ ਫਿਰ ਦਿੱਲੀ ਦੇ ਬਾਦਸ਼ਾਹ ਦੇ ਪੀਰ, ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਮੁਰਸ਼ਦ ਬਣੇ । ਆਪ 15-20 ਸਾਲ ਹਾਂਸੀ ਰਹੇ, ਫਿਰ ਅਜੋਧਨ ( ਪਾਕਪਟਨ ) ਨਿਵਾਸ ਕੀਤਾ । ਉਚੇਰੀ ਪੜ੍ਹਾਈ ਲਈ ਬਗਦਾਦ ਵੀ ਗਏ ਤੇ ਅਰਬੀ ਫਾਰਸੀ ਦੇ ਚੋਟੀ ਦੇ ਵਿਦਵਾਨ ਬਣਕੇ ਮੁੜੇ । " ਤਹਿਕੀਕਾਤਿ - ਚਿਸਤੀ " ਅਨੁਸਾਰ ਉਹਨਾਂ ਨੂੰ ਖਵਾਜਾ ਬਖਤਿਆਰ ਕਾਕੀ ਨੇ ਇਸਲਾਮ ਦੇ ਪ੍ਰਚਾਰ ਲਈ ਪੰਜਾਬ ਦਾ ਖਲੀਫਾ ਨਿਯੁਕਤ ਕੀਤਾ। ਉਦੋ ਤਕ ਆਪ ਤਪ ਤੇ ਭਗਤੀ ਦੀਆਂ ਆਖਰੀ ਮੰਜ਼ਿਲਾਂ ਤੈਅ ਕਰ ਚੁਕੇ ਸਨ ਤੇ ਆਪ ਇਕ ਕਰਾਮਾਤੀ ਮਹਾਂ ਪੁਰਸ਼ ਪ੍ਰਸਿੱਧ ਹੋ ਚੁਕੇ ਸਨ । ਆਪ ਆਪਣੇ ਮੁਰਸ਼ਦ ਦੀ ਵਫਾਤ ਉਪਰੰਤ ਸੂਫੀਆ ਦੇ ਚਿਸਤੀ ਸਿਲਸਿਲੇ ਦੇ ਵਾਰਿਸ ਬਣੇ । ਆਪ ਦਾ ਰਹਿਣ ਸਹਿਣ ਸਬਰ ਸੰਤੋਖ ਤੇ ਗਰੀਬੀ ਵਾਲਾ ਸੀ । ਉਹਨਾਂ ਦੀ ਦੌਲਤ ਜੁਆਰ ਦੀ ਰੋਟੀ, ਰਹਿਣ ਲਈ ਕੱਚਾ ਕੋਠਾ ਤੇ ਸਾਧਾਰਣ ਕਪੜੇ ਹੀ ਸਨ । ਆਪ ਦੇ ਵੱਡੇ - ਪਰਵਾਰੇ ਗ੍ਰਹਿਸਤੀ ਸਨ । ਆਪ ਦੇ ਚਾਰ ਵਿਆਹ ਸਨ ।[25] ਜਵਾਹਿਰਿ ਫਰੀਦੀ ਅਨੁਸਾਰ ਉਹਨਾਂ ਦੀ ਇਕ ਪਤਨੀ ਦਿਲੀ ਦੇ ਬਾਦਸ਼ਾਹ ਬਲਬਨ ਦੀ ਲੜਕੀ ਸੀ । ਉਹਨਾਂ ਦੇ ਤਿੰਨ ਪੁਤਰ ਤੇ 5 ਧੀਆਂ ਸਨ ।[26] ਫਕੀਰੀ ਸੁਭਾ ਅਨੁਸਾਰ ਹੀ ਉਹਨਾ ਆਪਣੀ ਗੱਦੀ ਆਪਣੇ ਪੁੱਤਰਾਂ ਨੂੰ ਨਹੀ ਸਗੋਂ ਮੁਸੱਲਾ ਤੇ ਤਸਬੀ ਸਮੇਤ ਕਿਰਮਾਨੀ ਦੇ ਹਥ ਸ਼ੇਖ ਨਿਜ਼ਾਮੁਦੀਨ ਔਲੀਆ ਪਾਸ ਭੇਜ ਦਿੱਤੇ ।[27]

ਸ਼ੇਖ ਫਰੀਦ ਦਾ ਜੀਵਨ ਹਰ ਤਰ੍ਹਾਂ ਦੀ ਐਸ਼ - ਇਸ਼ਰਤ ਅਤੇ ਅਮੀਰੀ ਦੇ ਤਿਆਗ ਉਪਰ ਜ਼ੋਰ ਦੇਂਦਾ ਹੈ। ਆਪਨੇ ਇਕ ਅਮੀਰ ਖਾਨਦਾਨ ਨਾਲ ਸੰਬੰਧਤ

ਹੁੰਦਿਆਂ ਵੀ ਕਿਸੇ ਪ੍ਰਕਾਰ ਦੀ ਅਮੀਰੀ ਨੂੰ ਆਪਣੇ ਜੀਵਨ - ਕਿਰਿਆ ਦੇ ਨੇੜੇ ਨਹੀਂ ਲੱਗਣ ਦਿੱਤਾ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਸੁਖ - ਆਰਾਮ ਨੂੰ ਆਪਣੀ ਜ਼ਿੰਦਗੀ ਵਿਚ ਮਹੱਤਵ ਦਿੱਤਾ । ਜਿੱਥੇ ਇਹ ਇਕ ਸੂਫ਼ੀ ਦੀ ਤਿਆਗ-ਭਾਵਨਾ ਦਾ ਚਿੰਨ੍ਹ ਹੈ, ਉਥੇ ਇਕ ਸੰਤ ਵਿਅਕਤੀ ਦੇ ਲੋਕਾਂ ਦੇ ਦੁਖਾਂ ਨਾਲ ਸਾਂਝ ਪਾਉਣ ਲਈ ਦੁਖੀ ਲੋਕਾਂ ਦੇ ਦੁੱਖ ਨੂੰ ਉਹਨਾਂ ਦੇ ਦੁੱਖਾਂ ਦੇ ਧਰਾਤਲ ਉਪਰ ਅਨੁਭਵ ਕਰਨ ਦੀ ਸੱਚੀ-ਸੁੱਚੀ ਭਾਵਨਾ ਦਾ ਲਖਾਇਕ ਵੀ ਹੈ । ਡਾ. ਅਤਰ ਸਿੰਘ ਤਾਂ ਏਥੋਂ ਤੱਕ ਲਿਖਦੇ ਹਨ, " ਜੇ ਫਰੀਦ ਬਾਣੀ ਦਾ ਸੂਤਰ ਉਸਦੇ ਅੰਦਰੋਂ ਹੀ ਟੋਲਣਾ ਹੋਵੇ ਤਾਂ ਮੇਰੇ ਵਿਚਾਰ ਵਿਚ ਜਿਸ ਸ਼ਬਦ ਜਾਂ ਸੰਕਲਪ ਉਤੇ ਧਿਆਨ ਟਿਕਾਣਾ ਪਏਗਾ, ਉਹ ਹੈ ' ਦੁਖ ' । [28]

ਜੇ ਕਰ ਸ਼ੇਖ ਫਰੀਦ ਦੇ ਜੀਵਨ ਦੇ ਨਿੱਕੇ ਨਿੱਕੇ ਵੇਰਵਿਆਂ ਨੂੰ ਜੋੜਕੇ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਆਪ ਨੇ ਦੁੱਖ ਦਾ ਅਨੁਭਵ ਵਾਸਤਵਿਕ ਰੂਪ ਵਿਚ ਕੀਤਾ । ਆਪ ਜਨਮ ਤੋਂ ਲੈਕੇ ਮੌਤ ਤੱਕ ਮਨੁੱਖ ਨੂੰ ਵਾਪਰਨ ਵਾਲੇ ਹਰ ਦੁੱਖ ਦਾ ਵਰਣਨ ਆਪਣੀ ਰਚਨਾ ਵਿਚ ਕਰਦੇ ਹਨ, ਜਿਹੜਾ ਅਸਲ ਵਿਚ ਆਪ ਦਾ ਵਿਅਕਤੀਗਤ ਜੀਵਨ - ਅਨੁਭਵ ਹੀ ਹੈ । ਇਸ ਦਾ ਪ੍ਰਮਾਣ ਸ਼ੇਖ ਫਰੀਦ ਦੇ ਇਸ ਸਲੋਕ ਤੋਂ ਸਪਸ਼ਟ ਰੂਪ ਵਿਚ ਮਿਲਦਾ ਹੈ। ਜਿਸ ਵਿਚ ਫਰੀਦ ਜੀ ਨੇ ਆਪਣੇ ਨਿੱਜੀ-ਜੀਵਨ - ਢੰਗ ਦਾ ਚਿਤਰ ਵੀ ਉਕਰਿਆ ਹੈ ਅਤੇ ਮਨੁੱਖੀ - ਹੋਂਦ ਨੂੰ ਵਾਪਰਨ ਵਾਲੇ ਸਦੀਵੀ ਦੁੱਖ ਦਾ ਵਰਣਨ ਵੀ ਇਸ ਵਿਚ ਸਮੋਇਆ ਹੈ :-

> ਫਰੀਦਾ ਇਟ ਸਿਰਹਾਣੇ ਭੁਇ ਸਵਣ ਕੀੜਾ ਲੜਿਓ ਮਾਸ ।
> ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ।

ਡਾ. ਹਰਿਭਜਨ ਸਿੰਘ ਦਾ ਸ਼ੇਖ ਫਰੀਦ ਦੇ ਜੀਵਨ ਤੇ ਰਚਨਾ ਸੰਬੰਧੀ ਮਤ ਹੈ :-

> ਬਿਰਧ - ਬਿੰਦੂ ਉਤੇ ਪਹੁੰਚ ਕੇ
> ਉਸਨੇ ਬੀਤ ਚੁੱਕੇ ਇਹ ਲੋਕ ਅਤੇ
> ਆਉਣ ਵਾਲੇ ਪਰਲੋਕ ਦੋਹਾਂ ਉਪਰ
> ਝਾਤੀ ਪਾਈ ਹੈ । [29]

ਸ਼ੇਖ ਫਰੀਦ ਦੇ ਜੀਵਨ ਦਾ ਇਹ ਵਿਸ਼ੇਸ਼ ਪੱਖ ਮੰਨਿਆ ਜਾ ਸਕਦਾ ਹੈ ਕਿ ਉਸਨੇ ਜੀਵਨ ਸੰਬੰਧੀ ਜਿਹੜਾ ਅਨੁਭਵ ਪੇਸ਼ ਕੀਤਾ, ਉਹ ਬੇਸ਼ਕ ਮੌਤ ਨਾਲ ਸੰਬੰਧਿਤ ਪ੍ਰਤੀਤ ਹੁੰਦਾ ਹੈ ਪਰ ਉਸ ਵਿਚ ਗੱਲ ਮਨੁੱਖੀ - ਜੀਵਨ ਦੀ ਵਾਸਤਵਿਕਤਾ ਦੀ ਹੀ ਕੀਤੀ ਗਈ ਹੈ। ਦਰਅਸਲ, ਮੌਤ ਵੀ ਮਨੁੱਖ - ਜੀਵਨ ਦੀ ਇਕ ਅਟੱਲ ਸੱਚਾਈ ਹੈ। ਫਰੀਦ ਨੇ ਆਪਣੇ ਜੀਉਣ - ਢੰਗ ਨੂੰ ਆਪਣੀ ਕਰੜੀ ਸਾਧਨਾ ਦੁਆਰਾ ਜਿਸ ਸੱਚੇ ਵਿਚ ਢਾਲਿਆ, ਉਥੇ ਇਕੋ ਵੇਲੇ ਦੂਹਰੇ ਅਨੁਭਵ ਦੀ ਅਭਿਵਿਅਕਤੀ ਹੋ ਜਾਣਾ ਅਸੰਭਵ ਨਹੀਂ ਰਹਿ ਜਾਂਦਾ।

ਫਰੀਦ ਜੀ ਦੀ ਤਪੱਸਿਆ ਤੇ ਸਾਧਨਾ ਬਾਰੇ ਅਨੇਕ ਕਥਾਵਾਂ ਪ੍ਰਚਲਿਤ ਹਨ ਜਿਵੇਂ ਚਿੜੀਆਂ ਨੂੰ 'ਮਰ ਜਾਓ' ਆਖਣਾ ਤੇ ਉਹਨਾਂ ਦਾ ਮਰਨਾ ਤੇ 'ਉਡ ਜਾਓ' ਆਖਣ ਤੇ ਉਹਨਾਂ ਦਾ ਉਡ ਜਾਣਾ। ਰਸਤੇ ਵਿਚ ਪਾਣੀ ਦੀ ਪਿਆਸ ਵੇਲੇ ਇਕ ਖੂਹ ਤੇ ਔਰਤ ਦਾ ਪਾਣੀ ਡੋਲਣਾ ਤੇ ਉਸ ਦਾ ਉਪਦੇਸ ਕਿ ਹਉਮੈ ਨਹੀਂ ਕਰਨੀ ਆਦਿ ਘਟਨਾਵਾਂ ਨੇ ਫਰੀਦ ਜੀ ਨੂੰ ਉਲਝਣ ਵਿਚ ਪਾ ਦਿਤਾ। ਇਸ ਉਲਝਣ ਵਿਚੋਂ ਨਿਕਲਣ ਲਈ ਮੁਰਸ਼ਦ ਦੀ ਭਾਲ ਵਿਚ ਨਿਕਲੇ। ਉਹ ਬਾਰ ਵਿਚੋਂ ਚਲ ਅਜਮੇਰ ਪਹੁੰਚੇ ਉਸ ਵੇਲੇ ਅਜਮੇਰ ਵਿਚ ਸੂਫੀ ਫਕੀਰ ਬੜੇ ਕਰਨੀ ਵਾਲੇ ਸਨ। ਉਹਨਾਂ ਦਾ ਨਾਂ ਖੁਆਜਾ ਕੁਤਬਦੀਨ ਬਖਤਿਆਰ ਕਾਕੀ ਚਿਸ਼ਤੀ ਸਾਹਿਬ ਸੀ।

ਆਪ ਅਜਮੇਰ ਹਜਰਤ ਚਿਸ਼ਤੀ ਸਾਹਿਬ ਦੇ ਡੇਰੇ ਪੁਜ ਕੇ ਖੁਆਜਾ ਕੁਤਬਦੀਨ ਬਖਤਿਆਰ ਕਾਕੀ ਦੇ ਮਰੀਦ ਬਣੇ ਅਤੇ ਉਹਨਾਂ ਦੀ ਸੇਵਾ ਵਿਚ ਜੁਟ ਗਏ। ਸੇਵਾ ਤੇ ਸਰਧਾ ਹੀ ਭਗਤੀ ਦਾ ਵੱਡਾ ਗੁਣ ਹੈ।[30] ਇਸ ਦੀ ਸਿਖਰ ਜਦ ਔਰਤ ਲੈਣ ਲਈ ਅੱਖ ਦੇਣ ਲਈ ਤਿਆਰ ਹੋਣਾ ਤੇ ਮੁਰਸ਼ਦ ਦਾ ਇਸ ਘਟਨਾ ਨਾਲ ਪ੍ਰਸੰਨ ਹੋ ਕਿ ਆਪ ਨੂੰ ਸਾਰੀਆਂ ਅਜਮਤਾਂ ਬਖਸਣਾ ਆਪ ਦੀ ਸਰਧਾ ਤੇ ਪ੍ਰੇਮ ਦਾ ਸਬੂਤ ਹੈ। ਉਸ ਪਿਛੋਂ ਆਪਨੇ ਪਾਕ ਪਟਨ ਡੇਰਾ ਲਾਇਆ। ਇਹਨਾਂ ਵਿਚਾਰਾਂ ਦੀ ਪੁਸ਼ਟੀ ਕਰਦੇ ਹੋਏ ਗਿਆਨੀ ਪ੍ਰਤਾਪ ਸਿੰਘ ਜੋਤਸੀ ਜੀ ਲਿਖਦੇ ਹਨ :-

" ਆਪ ਚਲਦੇ ਚਲਦੇ ਅਜਮੇਰ ਨਗਰ ਵਿਚ ਪਹੁੰਚ ਗਏ। ਉਸ ਜਗਾ ਆਪ ਨੇ ਖਵਾਜਾ - ਕੁਤਬਦੀਨ ਬਖਤਿਆਰ ਕਾਕੀ ਜੀ ਨੂੰ ਆਪਣਾ ਗੁਰੂ ਬਣਾਇਆ ਤੇ

ਉਹਨਾਂ ਦੀ ਖਿਦਮਤ ਰਾਤ ਦਿਨ ਕਰਨੀ ਪਈ । ਆਪ ਜੀ ਦੇ ਗੁਰੂ ਇਕ ਪਹੁੰਚੇ ਹੋਏ ਵਹਿਗੁਰੂ ਦੇ ਪਿਆਰੇ ਫਕੀਰ ਸਨ । [31]

ਉਪਰੋਕਤ ਲੇਖਕਾਂ ਦੇ ਵਿਚਾਰ ਨਾਲ ਅਸਹਿਮਤੀ ਪ੍ਰਗਟਾਉਂਦੇ ਹੋਏ ਡਾਕਟਰ ਦੀਵਾਨ ਸਿੰਘ ਬਾਬਾ ਫਰੀਦ ਜੀ ਦਾ ਮੁਰਸ਼ਦ ਨਾਲ ਮਿਲਾਪ ਅਜਮੇਰ ਦੀ ਬਜਾਏ ਮੁਲਤਾਨ ਹੋਇਆ ਦਸਦੇ ਹਨ ਆਪ ਲਿਖਦੇ ਹਨ – " ਇਕ ਦਿਨ ਫਰੀਦ ਜੀ ਮੁਲਤਾਨ ਦੀ ਇਕ ਮਸੀਤ ਵਿਚ ਇਸਲਾਮੀ ਫ਼ਿਕਾ ( ਕਨੂੰਨ ) ਦੀ ਇਕ ਪੁਸਤਕ ਪੜ੍ਹ ਰਹੇ ਸਨ ਕਿ ਪ੍ਰਸਿੱਧ ਚਿਸ਼ਤੀ ਫਕੀਰ ਖ੍ਵਾਜਾ ਮੁਈਨੁੱਦੀਨ ਅਜਮੇਰੀ ਦੇ ਮੁਰੀਦ ਖ੍ਵਾਜਾ ਕੁਤਬੁਦੀਨ ਬਖਤਿਆਰ ਕਾਕੀ ਅਚਾਨਕ ਆਏ ਤੇ ਬਾਬੇ ਫਰੀਦ ਦੇ ਮਸਤਕ ਤੇ ਰੂਹਾਨੀ ਚਾਨਣ ਦੇਖ ਕੇ ਉਹਨਾਂ ਨੂੰ ਅਸੀਰਵਾਦ ਦਿਤੀ । ਫਰੀਦ ਜੀ ਉਹਨਾਂ ਦੇ ਮੁਰੀਦ ਹੋ ਗਏ ਤੇ ਕੁਝ ਸਮੇਂ ਪਿਛੋਂ ਦਿੱਲੀ ਜਾ ਕੇ ਉਨ੍ਹਾਂ ਪਾਸੋ ਆਤਮਕ ਸਿਖਿਆ ਪ੍ਰਾਪਤ ਕੀਤੀ। ਖ੍ਵਾਜਾ ਕੁਤਬੁਦੀਨ ਦੇ ਦੇਹਾਂਤ ਉਪਰੰਤ ਫਰੀਦ ਜੀ ਚਿਸ਼ਤੀ ਸੂਫੀਆਂ ਦੀ ਗੱਦੀ ਤੇ ਬੈਠੇ । ਕੁਝ ਸਾਲ ਹਾਂਸੀ ( ਹਰਿਆਣਾ ਪ੍ਰਾਂਤ ਦਾ ਇਕ ਸਹਿਰ ) ਵਿਚ ਰਹਿ ਕੇ ਫਿਰ ਪਾਕ ਪਟਨ ( ਪਾਕਿਸਤਾਨ ) ਆ ਵੱਸੇ, ਜਿਥੇ ਹੁਣ ਤਕ ਉਨ੍ਹਾਂ ਦੀ ਫਕੀਰੀ ਦੀ ਗੱਦੀ ਚਲ ਰਹੀ ਹੈ । [32]

ਆਪ ਦੀ ਘਾਲ ਕਮਾਈ ਤੇ ਰੂਹਾਨੀ ਸੁਯੋਗਤਾ ਨੂੰ ਦੇਖ ਕੇ ਖੁਆਜਾ ਕੁਤਬਦੀਨ ਬਖਤਿਆਰ ਕਾਕੀ ਨੇ ਆਪ ਨੂੰ ਚਿਸਤੀ ਸਿਲਸਲੇ ਦਾ ਆਗੂ ਨੀਅਤ ਕੀਤਾ । ਆਪ ਦਾ ਰਹਿਣ ਸਹਿਣ ਬੜਾ ਸਬਰ, ਸੰਤੋਖ ਤੇ ਗਰੀਬੀ ਵਾਲਾ ਸੀ, ਉਹ ਮਸਾਂ ਗੁਜ਼ਾਰਾ ਕਰਦੇ ਸਨ । ਕੱਚਾ ਕੋਠਾ ਜੁਆਰ ਦੀ ਰੋਟੀ ਤੇ ਸਧਾਰਣ ਕਪੜੇ ਉਹਨਾਂ ਦੀ ਦੌਲਤ ਸੀ । ਜੋ ਚੜ੍ਹਾਵਾ ਆਉਂਦਾ ਸੀ, ਉਸ ਦੀ ਉਹ ਘਰੇਲੂ ਲੋੜਾਂ ਲਈ ਕਦੀ ਵਰਤੋਂ ਨਹੀਂ ਸੀ ਕਰਦੇ ।

ਫਰੀਦ ਜੀ ਦਾ ਜੀਵਨ ਅਦਭੁਤ ਤੇ ਰਹੱਸ ਮਈ ਤੇ ਰਸਮਈ ਸੀ । ਵਿਸ਼ਵਾਸੀਆਂ ਦਾ ਖਿਆਲ ਹੈ ਕਿ ਉਹ ਅਣਹੋਂਦ ਵਿਚੋ ਸ਼ੱਕਰ ਦਾ ਭੰਡਾਰ ਕੱਢ ਵਿਖਾਉਂਦੇ ਸਨ ਤੇ ਇਸੇ ਕਾਰਨ ਉਹਨਾਂ ਦਾ ਨਾਮ ਸ਼ੱਕਰ - ਗੰਜ ਪੈ ਗਿਆ ਸੀ । ਕਾਠ ਦੀ ਰੋਟੀ ਦੀ ਰਵਾਇਤ ਵੀ ਆਮ ਹੀ ਪ੍ਰਚਲਿਤ ਹੈ ਪਰ ਸਭ ਤੋਂ ਵਧੇਰੇ ਪ੍ਰਚਲਤ ਤੇ ਪ੍ਰਸਿੱਧ ਘਟਨਾਂ ਜਿਦਾ ਇਤਿਹਾਸ ' ਫਰੀਦਕੋਟ ' ਨਾਂ ਦੇ ਸ਼ਹਿਰ ' ਦੀ ਬੁੱਕਲ 'ਚ ਹੈ, ਮੋਕਲ ਹਰ ਰਾਜੇ ਵਲੋ ਕਿਲੇ ਦੀ ਉਸਾਰੀ ਸਮੇਂ ਵਾਪਰੀ ਟੋਕਰੀ ਢੋਦੇ ਫਰੀਦ ਤੇ

ਕਿ ਕਿਸ ਤਰ੍ਹਾਂ ਸਭ ਅੱਖਾਂ ਲਗਾ ਚਾੜ੍ਹੀਆਂ ਹਨ ਤੇ ਸਭ ਨੂੰ ਉਹ ਕਰਤਾਰੀ ਤੇ ਕਰਾਮਾਤੀ ਪੁਰਸ਼ ਲਗਦਾ ਹੈ । ਰਾਜਾ ਆਪਣੀ ਵਧੀਕੀ ਤੇ ਪਛਤਾਉਂਦਾ ਹੈ ਤੇ ਕਿਲੇ ਦਾ ਨਾਮ ਫਰੀਦ ਦੇ ਨਾਮ ਤੇ ਧਰਦਾ ਹੈ ਤੇ ਫਿਰ ਪਿਛੋਂ ਸ਼ਹਿਰ ਹੀ ਫਰੀਦ ਦੇ ਨਾਮ ਨਾਲ ਸਦੀਂਦਾ ਹੈ। ਰੱਬੀ ਰੰਗ 'ਚ ਰੰਗੇ ਜੀਵਨ ਅਜਿਹੇ ਅਦਭੁਤ ਹੀ ਹੁੰਦੇ ਹਨ ।

ਜਿਸ ਤਰ੍ਹਾਂ ਸ਼ੇਖ ਫਰੀਦ ਦਾ ਸਮੁੱਚਾ ਜੀਵਨ ਅਸਚਰਜ ਅਨੁਭਵਾਂ ਨਾਲ ਭਰਪੂਰ ਹੈ ਅਤੇ ਮਨੁੱਖ ਲਈ ਇਕ ਅਦੁੱਤੀ ਆਦਰਸ਼ਕ ਜੀਵਨ ਦ੍ਰਿਸ਼ਟਾਂਤ ਪੇਸ਼ ਕਰਨ ਵਾਲਾ ਹੈ ਇਸੇ ਤਰ੍ਹਾਂ ਸ਼ੇਖ ਫਰੀਦ ਦਾ ਅੰਤਿਮ ਸਮਾਂ ਵੀ ਵਿਸ਼ੇਸ਼ ਮਹੱਤਾ ਰੱਖਦਾ ਹੈ । ਸ਼ੇਖ ਫਰੀਦ ਦੀ ਮ੍ਰਿਤੂ 5 ਮੁਹੱਰਮ, 644 ਈ. ਅਰਥਾਤ 15 ਅਕਤੂਬਰ 1265 ਈ. ਨੂੰ ਹੋਈ । ਇਸ ਦਿਨ ਆਪ ਤਿੰਨ ਵੇਰ ਇਸ਼ਾਂ ਦੀ ਨਮਾਜ਼ ਪਿੱਛੇ ਬੇਸੁੱਧ ਹੋਕੇ ਡਿੱਗੇ ਅਤੇ 'ਯਾ ਹਈ ਯਾ ਕਯੂਮ ' ( ਐ ਸਦਾ ਰਹਿਣ ਵਾਲੇ ਅਬਿਨਾਸ਼ੀ ਖ਼ੁਦਾ ) ਆਖਦਿਆਂ ਇਸ ਦੁਨੀਆਂ ਤੋਂ ਤੁਰ ਗਏ । ਆਪ ਦਾ ਮਜ਼ਾਰ ਆਪਦੇ ਘਰ ਵਿਚ ਬਣਾਇਆ ਗਿਆ । ਕਿਹਾ ਜਾਂਦਾ ਹੈ ਕਿ ਆਪ ਦੇ ਘਰ ਕਫਨ ਜੋਗਾ ਕੱਪੜਾ ਵੀ ਨਹੀਂ ਸੀ । ਆਪ ਦੇ ਮਕਬਰੇ ਦੀ ਉਸਾਰੀ ਘਰ ਦੇ ਦਰਵਾਜ਼ੇ ਦੀਆਂ ਇੱਟਾਂ ਉਖੇੜ ਕੇ ਕੀਤੀ ਗਈ । ਇਸ ਮਕਬਰੇ ਨੂੰ ਬਾਦ ਵਿਚ ਫੀਰੋਜ਼ਸ਼ਾਹ ਤੁਗਲਕ ਨੇ ਮੁਰੰਮਤ ਕਰਾਕੇ ਪੱਕਿਆ ਕਰਵਾਇਆ ।

ਸ਼ੇਖ. ਫਰੀਦ ਨੇ ਪੰਜਾਬੀ ਤੋਂ ਇਲਾਵਾ ਅਰਬੀ ਤੇ ਫਾਰਸੀ ਵਿਚ ਵੀ ਕਲਾਮ ਉਚਾਰਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 112 ਸਲੋਕ ਤੇ 4 ਸ਼ਬਦ ਦਰਜ ਹਨ । ਦੋ ਸ਼ਬਦ ਸੂਹੀ ਰਾਗ ਤੇ ਦੋ ਆਸਾ ਰਾਗ ਵਿਚ - ਸੂਹੀ ਰਾਗ ਮੁਸਲਮਾਨ ਫਕੀਰਾਂ ਦਾ ਅਤੇ ਆਸਾ ਰਾਗ ਲਹਿੰਦੇ ਪੰਜਾਬ ਦਾ ਲੋਕ-ਪ੍ਰਿਯ ਰਾਗ ਹੈ ।

ਸ਼ੇਖ ਫਰੀਦ ਦਾ ਸਮੁੱਚਾ ਜੀਵਨ ਸਮੁੱਚੀ ਮਾਨਵਤਾ ਦੇ ਉਚੇਰੇ ਤੇ ਸਾਂਝੇ ਆਦਰਸ਼ ਲਈ ਸਮਰਪਿਤ ਸੀ ।

## 2.3 ਭਗਤ ਤ੍ਰਿਲੋਚਨ

ਕੁਦਰਤ ਦੇ ਕਮਾਲ ਦੇ ਰੰਗ ਹਨ । ਕਦੇ ਜ਼ੁਲਮ ਦੀਆਂ ਅਨ੍ਹੇਰੀਆਂ ਝੁਲਦੀਆਂ ਹਨ ਕਦੇ ਉਸ ਨੂੰ ਠੰਡ ਪਾਣ ਵਾਲੇ ਪਾਪੀਆਂ ਦੇ ਬੱਚੇ ਸਹਿਣਸ਼ੀਲਤਾ ਦਾ ਪੁੰਜ ਬਣ ਇਥੇ ਵਿਚਰਦੇ ਹਨ । ਭਾਵੇਂ ਦਿਲੋਂ ਉਹ ਉਹੀ ਕੁਝ ਹੁੰਦੇ ਹਨ । ਜੋ ਉਹਨਾਂ ਦੇ ਪਿਉ ਦਾਦੇ, ਪਰ ਉਪਰੋਂ ਉਹ ਮਨੁੱਖਤਾ ਦੀ ਏਕਤਾ ਦੀ ਗੱਲ ਕਰਦੇ ਹਨ । ਭਾਵੇ ਹਿੰਦੂ ਮੁਸਲਮਾਨਾਂ ਨੂੰ ਇਕੱਠੇ ਕਰ ਉਹਨਾਂ ਵਿੱਚੋ ਘਿਰਣਾ ਕਢ ਸਹਿਣਸ਼ੀਲ ਪ੍ਰਵਿਰਤੀਆਂ ਦੇ ਮਾਲਕ ਬਣਾਉਣਾ ਲੋਚਦੇ ਹਨ । ਕੁਝ ਇਸ ਤਰ੍ਹਾਂ ਦੇ ਪਾਖੰਡੀ ਵਾਤਾਵਰਣ ਵਿਚ ਭਗਤ ਤ੍ਰਿਲੋਚਨ ਜੀ ਨੇ ਮਹਾਰਾਸ਼ਟਰ ਵਿਚ ਸੰਨ 1267 ਈ. ਨੂੰ ਪਿੰਡ ਬਾਰਸੀ ਜ਼ਿੱਲਾ ਸੋਲਾਪੁਰ ਵਿਚ ਜਨਮ ਲੈ ਉਪਰੋਕਤ ਪਾਖੰਡਾਂ ਤੋਂ ਬਚ ਸਹੀ ਅਰਥਾਂ ਵਿਚ ਭਗਤ ਬਨਣ ਦਾ ਉਪਦੇਸ਼ ਦਿੱਤਾ । — " ਭਗਤ ਤ੍ਰਿਲੋਚਨ ( ਜਨਮ 1267 ਈ : ) ਵੈਸ਼ ਕੁਲ ਵਿਚੋ ਸਨ ! ਕੁਝ ਵਿਦਵਾਨ ਆਪ ਦਾ ਜਨਮ ਸਥਾਨ ਮਹਾਰਾਸ਼ਟਰ ਵਿਚ ਸੋਲਾਪੁਰ ਲਾਗੇ ਪਿੰਡ ਬਾਰਸੀ ਦਸਦੇ ਹਨ ਤੇ ਕਈਆਂ ਦੇ ਖਿਆਲ ਅਨੁਸਾਰ ਆਪ ਉੱਤਰ ਪ੍ਰਦੇਸ਼ ਦੇ ਜਮ ਪਲ ਸਨ ਪਰ ਰਹਾਇਸ਼ ਵਧੇਰੇ ਮਹਾਰਾਸ਼ਟਰ ਵਲ ਰਖੀ ।" [33]

ਇਤਿਹਾਸਕਾਰ ਆਪ ਜੀ ਦੇ ਮਾਤਾ ਪਿਤਾ ਬਾਰੇ ਦਸਣ ਤੋ ਅਸਮੱਰਥ ਰਹੇ ਹਨ । ਭਾਈ ਗੁਰਦਾਸ ਜੀ ਆਪ ਬਾਰੇ ਲਿਖਦੇ ਹੋਏ ਨਾਮ ਦੇਵ ਜੀ ਦਾ ਵੀ ਵਰਨਣ ਕਰਦੇ ਹਨ –

" ਦਰਸਨ ਦੇਖਣ ਨਾਮ ਦੇਵ ਭਲਕੇ ਉਠਿ ਤ੍ਰਿਲੋਚਨ ਆਵੈ ।
ਭਗਤ ਕਰਨਿ ਮਿਲਿ ਦੁਇ ਜਣੇ ਨਾਮ ਦੇਉ ਹਰਿ ਚਲਿਤ ਸੁਣਾਵੈ ।
ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ ।
ਠਾਕਰ ਜੀ ਨੋ ਪੁਛਿਓਸੁ ਦਰਸਨ ਕਿਵੇਂ ਤ੍ਰਿਲੋਚਨ ਪਾਵੈ ।
ਹਸਿ ਕੈ ਠਾਕੁਰ ਬੋਲਿਆ ਨਾਮ ਦੇਉ ਨੋਂ ਕਹਿ ਸਮਝਾਵੈ ।
ਹਥਿ ਨ ਆਵੈ ਭੇਟੁ ਸੋ ਤੁਸ ਤ੍ਰਿਲੋਚਨ ਮੈ ਮੁਹਿ ਲਾਵੈ ।
ਹਉ ਅਧੀਨ ਹਾਂ ਭਗਤ ਦੇ ਪਹੁੰਚਿ ਨ ਹਘਾਂ ਭਗਤੀ ਦਾਵੈ ।
ਇਹੋ ਵਿਚੋਲਾ ਆਣਿ ਮਿਲਾਵੈ । " [34]

ਭਗਤ ਤ੍ਰਿਲੋਚਨ ਜੀ ਬਾਰੇ ਗਿਆਨੀ ਨਰੈਣ ਸਿੰਘ ਜੀ ਲਿਖਦੇ ਹਨ—

" ਇਹ ਭਗਤ ਜੀ ਵੀ ਦੱਖਣ ਦੇਸ਼ ਵਲ ਹੋਏ ਹਨ ਤੇ ਭਗਤ ਨਾਮ ਦੇਵ ਜੀ ਦੇ ਗੁਰ ਭਾਈ ਵੈਸ਼ ਜਾਤੀ ਵਿੱਚੋ ਸਨ ਤੇ ਗਿਆਨ ਦੇਵ (ਗਯਾਨੇਸ਼ਰ) ਜੀ ਦੇ ਚੇਲੇ ਸਨ । ਉਹਨਾਂ ਕੋਲੋ ਦੀਖਿਆ ਪ੍ਰਾਪਤ ਕੀਤੀ ਸੀ । ਦੱਖਣ ਵਿੱਚ ਆਪ ਦੀ ਪ੍ਰਸਿਧਤਾ ਵੀ ਭਗਤ ਨਾਮਦੇਵ ਜੀ ਵਾਂਗ ਬਹੁਤ ਹੋਈ ਤੇ ਜੀਵਨ ਕਲਿਆਨ ਦਾ ਉਪਦੇਸ਼ ਕਰਦੇ ਰਹੇ ।"[35]

ਭਗਤ ਤ੍ਰਿਲੋਚਨ ਜੀ ਤੇ ਨਾਮਦੇਵ ਜੀ ਸਮਕਾਲੀ ਸਨ । ਦੋਵੇਂ ਪਹੁੰਚੇ ਹੋਏ ਭਗਤ ਸਨ । ਆਪਸ ਵਿਚ ਮਿਲ ਪ੍ਰਭੂ ਭਗਤੀ ਕਰਦੇ ਤੇ ਉਸ ਨੂੰ ਪਾਉਣ ਦੇ ਰਸਤੇ ਬਾਰੇ ਬਚਨ ਬਲਾਸ ਕਰਦੇ ।

" ਇਕ ਦਿਨ ਤ੍ਰਿਲੋਚਨ ਜੀ ਉਠ ਨਾਮਦੇਵ ਜੀ ਦੇ ਦਰਸਨ ਕਰਨ ਚਲੇ ਗਏ । ਦੋਵੇਂ ਭਗਤ ਮਿਲੇ । ਦਰਸ਼ਨ ਕੀਤੇ, ਬਚਨ ਬਿਲਾਸ ਹੋਏ ਤਾਂ ਭਗਤ ਨਾਮਦੇਵ ਜੀ ਨੇ ਭਗਵਾਨ ਦਾ ਜਸ, ਉਹਨਾਂ ਦੀ ਕੀਰਤੀ ਤੇ ਦਰਸ਼ਨ ਦੇਣ ਬਾਬਤ ਕੁਝ ਵਾਰਤਾ ਸੁਣਾ ਦਿਤੀਆ । ਵਾਰਤਾਵਾਂ ਨੂੰ ਸੁਣ ਭਗਤ ਤ੍ਰਿਲੋਚਨ ਜੀ ਦੇ ਮਨ ਵਿਚ ਆਇਆ ਕਿ ਉਹ ਵੀ ਦਰਸ਼ਨ ਕਰਨ । ਉਹਨਾਂ ਨੇ ਨਾਮ ਦੇਵ ਜੀ ਅਗੇ ਬੇਨਤੀ ਕੀਤੀ, ਮੇਰੀ ਵੀ ਇੱਛਾ ਹੈ ਕਿ ਮੈਨੂੰ ਵੀ ਪ੍ਰਭੂ ਦੇ ਦਰਸ਼ਨ ਹੋਣ ਤਾਂ ਚੰਗਾ ਹੈ ।"[36]

ਤ੍ਰਿਲੋਚਨ ਜੀ ਦੀ ਜ਼ਬਾਨੋਂ ਐਸੀ ਬੇਨਤੀ ਸੁਣਕੇ ਭਗਤ ਨਾਮ ਦੇਵ ਜੀ ਨੇ ਕਿਹਾ ਜੋ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਬਾਰਵੀ ਪਾਉੜੀ ਵਿਚ ਲਿਖਿਆ ਹੈ ਕਿ ਨਾਮਦੇਵ ਦੀ ਬੇਨਤੀ ਪ੍ਰਵਾਨ ਕਰ ਭਗਵਾਨ ਹਸਕੇ ਬੋਲੇ ਪੁੰਨ ਦਾਨ ਕਰਨ ਤੇ ਅਸੀ ਨਹੀਂ ਰੀਝ ਤੇ । ਤੇਰੀ ਭਗਤੀ ਤੇ ਪ੍ਰੇਮ ਭਾਵਨਾ ਤੇ ਰੀਝੇ ਹਾਂ । ਤੇਰੇ ਆਖੇ ਦਰਸ਼ਨ ਦੇ ਦਿਆਂਗੇ । ਇਤ ਤੇ ਨਾਮਦੇਵ ਜੀ ਨੇ ਤ੍ਰਿਲੋਚਨ ਨੂੰ ਕਿਹਾ ਸ਼ਰਧਾ ਭਾਵਨਾ ਰਖ - ਪੁੰਨ ਦਾਨ ਕਰ, ਇਕ ਦਿਨ ਦਰਸ਼ਨ ਜ਼ਰੂਰ ਹੋ ਜਾਣਗੇ ।

ਭਗਤ ਤ੍ਰਿਲੋਚਨ ਕੋਲ ਗੁਜਾਰੇ ਜੋਗੀ ਮਾਇਆ ਬਹੁਤ ਸੀ । ਆਪ ਭਗਤਾਂ ਦੀ ਸੇਵਾ ਕਰਿਆ ਕਰਦੇ ਸਨ । ਆਏ ਗਏ ਭਗਤਾਂ ਨੂੰ ਭੋਜਨ ਛਕਾਉਂਦੇ ਤੇ

ਲੀੜੇ ਕਪੜੇ ਦੀ ਸੇਵਾ ਵੀ ਕਰਦੇ । — " ਭਗਤ ਮਾਲਾ ਵਿਚ ਲਿਖਿਆ ਹੈ ਕਿ ਤ੍ਰਿਲੋਚਨ ਜੀ ਦੇ ਘਰ ਪ੍ਰਾਹੁਣੇ ਬਹੁਤ ਆਉਂਦੇ ਸਨ । ਕਈ ਸਾਧੂ - ਮਹਾਤਮਾ ਤੇ ਸਤਸੰਗੀ ਆ ਫਿਰਦੇ ਸਨ ਇਸ ਲਈ ਘਰ ਵਿਚ ਆਪ ਦੀ ਪਤਨੀ ਲਈ ਬਹੁਤ ਕੰਮ ਰਹਿੰਦਾ ਸੀ । ਉਸ ਨੂੰ ਇਕ ਪੱਲ ਵੇਹਲ ਨਹੀਂ ਸੀ ਲਗਦਾ । ਉਹ ਥੱਕ ਗਈ । ਇਕ ਦਿਨ ਪਤੀ ਨੂੰ ਕਹਿਣ ਲਗੀ, ਮਹਾਰਾਜ ! ਕੋਈ ਨੌਕਰ ਰੱਖ ਦਿਉ । ਘਰ ਦਾ ਕੰਮ ਬਹੁਤ ਹੋ ਗਿਆ ਹੈ । ਭਗਤ ਜੀ ਨੇ ਉਤਰ ਦਿੱਤਾ, " ਕੋਈ ਚੰਗਾ ਨੌਕਰ ਲਭਦੇ ਹਾਂ, ਉਹ ਚੰਗੇ ਆਚਰਣ ਦਾ ਹੋਵੇ । ਭਜਨ ਸਿਮਰਨ ਕਰਨ ਵਾਲਾ, ਨਾਲ ਹੀ ਸੇਵਾ ਸੁਭਾਵ ਦਾ ਹੋਣਾ ਚਾਹੀਦਾ ਹੈ ।" [37]

ਭਗਤ ਤ੍ਰਿਲੋਚਨ ਦੇ ਘਰ ਕੋਈ ਬੱਚਾ ਨਾ ਹੋਇਆ । ਦੋਵੇਂ ਜੀਅ ਸਾਧਾਂ ਸੰਤਾ ਦੀ ਸੇਵਾ ਵਿਚ ਹੀ ਖੁਸ਼ੀ ਮਨਾਉਂਦੇ ਸਨ । ਪ੍ਰਮਾਤਮਾ ਨੇ ਭਗਤ ਦੇ ਹਿਰਦੇ ਦੀ ਸੁਣ ਇਕ ਅੰਤਰ ਜਾਮੀ ਨਾਂ ਦੇ ਵਿਅਕਤੀ ਦਾ ਆਪ ਨਾਲ ਮੇਲ ਕਰਾ ਦਿੱਤਾ । ਉਹ ਵੇਖਣ ਨੂੰ ਬਹੁਤ ਗਰੀਬੜਾ ਜਿਹਾ ਲਗਦਾ ਸੀ ਉਸ ਦੇ ਬਸਤਰ ਫਟੇ ਹੋਏ ਸਨ । ਬੋਲਣ ਤੇ ਪਤਾ ਲਗਾ ਕਿ ਉਹ ਬਹੁਤ ਕੋਮਲ ਸੁਭਾ ਤੇ ਸੇਵਾ ਭਾਵ ਵਾਲਾ ਜੀਵ ਸੀ । ਭਗਤ ਜੀ ਨੇ ਉਸ ਨੂੰ ਨੌਕਰ ਰਹਿਣ ਬਾਰੇ ਪੁਛਿਆ । ਉਸ ਨੇ ਨੌਕਰੀ ਤਾਂ ਕਰਨੀ ਕਬੂਲ ਕਰ ਲਈ ਪਰ ਆਪਣੇ ਵਲੋਂ ਇਸ ਦੇ ਇਵਜ਼ ਵਿਚ ਤਨਖਾਹ ਨਹੀਂ ਸਗੋਂ ਮੇਰਾ ਖਾਣ ਪੀਣ ਨਾ ਤੋਲਿਆ ਜਾਏ ਤੇ ਨਾ ਹੀ ਇਸ ਬਦਲੇ ਮੇਰੀ ਭੰਡੀ ਚੁਗਲੀ ਆਦਿ ਕੀਤੀ ਜਾਵੇ, ਕੰਮ ਜੋ ਕਹੋਗੇ ਕਰਾਂਗਾ ।

ਤ੍ਰਿਲੋਚਨ ਜੀ ਨੇ ਇਹ ਗੱਲ ਮੰਨ ਲਈਆ ਤੇ ਨਾਲ ਹੀ ਆਪਣੀ ਧਰਮ ਪਤਨੀ ਨੂੰ ਭੀ ਇਹਨਾਂ ਤੋ ਜਾਣੂ ਕਰਵਾ ਦਿੱਤਾ । ਅੰਤਰਜਾਮੀ ਜੀ ਨੇ ਘਰ ਦਾ ਕੰਮ ਕਾਰ ਕਰਨਾ ਸ਼ੁਰੂ ਕਰ ਦਿੱਤਾ । ਉਹ ਅਕਦਾ ਨਹੀਂ ਸੀ ਥੱਕਦਾ ਨਹੀਂ ਸੀ । ਆਏ ਗਏ ਭਗਤ ਜਨਾਂ ਨੂੰ ਇਸ਼ਨਾਨ ਪਾਣੀ ਕਰਾਉਂਦਾ ਫਿਰ ਪ੍ਰਸ਼ਾਦੇ ਛਕਾਉਂਦਾ । ਸਾਧੂ ਜਨ-ਭਗਤ ਤ੍ਰਿਲੋਚਨ ਜੀ ਦੀ ਮਹਿਮਾ ਕਰਦੇ ਨਾ ਰਜਦੇ । ਭਗਤ ਜੀ ਨੂੰ ਪਤਾ ਹੀ ਨਾਂ ਲਗਾ ਇਹ ਸਮਾਂ ਕਦੋ ਬੀਤ ਗਿਆ ।

ਕੁਦਰਤ ਦੇ ਖੇਲ ਇਕ ਦਿਨ ਭਗਤ ਤ੍ਰਿਲੋਚਨ ਦੀ ਧਰਮ ਪਤਨੀ ਜ਼ਨਾਨੀਆਂ ਦੇ ਸੁਭਾਅ ਤੋਂ ਮਜਬੂਰ ਹੋ ਆਪਣੇ ਪਤੀ ਦੇ ਕਹਿਣ ਦੇ ਉਲਟ ਆਪਣੇ " ਗਵਾਂਢਣ ਕੋਲ ਅੰਤਰਜਾਮੀ ਦੇ ਬਹੁਤੀਆਂ ਰੋਟੀਆਂ ਖਾਣ ਕਰਕੇ ਆਪਣੇ ਸਾਰੇ ਦਿਨ ਦੇ ਰਝੇਵੇਂ ਆਟਾ ਪੀਹਣ ਤੇ ਪਕਾਉਣ ਆਦਿ ਦੇ ਝੁਰੇਵੇ ਕਰਨ ਲਗੀ । ਬਸ ਫੇਰ ਕੀ ਸੀ ਭਗਵਾਨ ਦੇ ਰੂਪ ਵਿਚ ਆਇਆ ਅੰਤਰਜਾਮੀ ਚਲਦਾ ਬਣਿਆ ।"[38] ਜਦ ਸ਼ਾਮ ਨੂੰ ਤ੍ਰਿਲੋਚਨ ਜੀ ਨੂੰ ਪਤਾ ਲਗਿਆ ਤਾਂ ਉਹ ਬਹੁਤ ਦੁੱਖੀ ਹੋਏ । ਜਿਵੇਂ ਕਿਸੇ ਨੇਕ ਇਨਸਾਨ ਦੇ ਮਰਨ ਉਪਰੰਤ ਗੁਣਾਂ ਦਾ ਅਹਿਸਾਸ ਹੁੰਦਾ ਹੈ। ਇੰਝ ਹੀ ਆਪ ਦੀ ਪਤਨੀ ਭੀ ਆਪਣੀ ਭੁੱਲ ਉਤੇ ਝੁਰਨ ਲਗੀ । ਪਰ ਸਮਾਂ ਬੀਤਣ ਤੇ ਭੁੱਲ ਸੁਧਾਰਨ ਨਾਲ ਕੁਛ ਨਹੀਂ ਬਣਦਾ ਇੰਝ ਹੀ ਮੁੜ ਅੰਤਰਜਾਮੀ ਜੀ ਹੋਰਾ ਕਿਥੋਂ ਆਉਣਾ ਸੀ । ਉਹ ਤਾਂ ਨਾਮ ਦੇਵ ਜੀ ਦੇ ਕਹਿਣ ਉਤੇ ਅੰਤਰਜਾਮੀ ਦੇ ਭੇਸ ਵਿਚ ਭਗਵਾਨ ਸੇਵਾਂ ਕਰਨ ਆਇਆ ਸੀ । ਕਰਕੇ ਚਲਦਾ ਬਣਿਆ ।

" ਸ੍ਰੀ ਗ੍ਰੰਥ ਸਹਿਬ ਵਿਚ ਭਗਤ ਤ੍ਰਿਲੋਚਨ ਜੀ ਦੀ ਬਾਣੀ ਦੇ 4 ਸ਼ਬਦ ਹਨ । ਇਕ ਸ੍ਰੀ ਰਾਗ ਵਿਚ, ਦੋ ਗੂਜਰੀ ਵਿਚ ਤੇ ਇਕ ਧਨਾਸਰੀ ਰਾਗ ਵਿਚ, ਇਹਨਾਂ ਵਿਚ ਮੋਹ ਮਾਇਆ ਤੋਂ ਨਿਰਲੇਪ ਹੋਣ । ਪਖੰਡ ਤੋ ਬਚਣ, ਆਵਾਗਉਣ ਤੇ ਕਰਮ ਦੀ ਗਤੀ ਨਾਹ ਟਲਣ ਦਾ ਉਪਦੇਸ਼ ਕੀਤਾ ਹੈ । ਨਿਸ਼ਕਾਮ ਪ੍ਰੇਮ ਭਗਤੀ ਹੈ । "[39]

ਭਗਤ ਕਬੀਰ ਜੀ ਆਪਣੀ ਬਾਣੀ ਵਿਚ ਸ੍ਰੀ ਨਾਮ ਦੇਵ ਜੀ ਤੇ ਤ੍ਰਿਲੋਚਨ ਜੀ ਵਿਚਕਾਰ ਹੋਏ ਬਚਨ ਬਿਲਾਸ ਦਾ ਵਰਨਣ ਕਰਦੇ ਹੋਏ ਲਿਖਦੇ ਹਨ – " ਕਿ ਤ੍ਰਿਲੋਚਨ ਭਗਤ ਨਾਮ ਦੇਵ ਜੀ ਨੂੰ ਘਰ ਦੇ ਕੰਮ ਕਾਰ ਵਿਚ ਰੁਝਾ ਵੇਖ ਕੇ ਕਹਿੰਦੇ ਹਨ ਕਿ ਹੇ ਮਿੱਤਰ ! ਤੁਸੀ, ਤਾਂ ਮਾਇਆ ਵਿਚ ਰੁਝ ਗਏ ਹੋ । ਛੀਬਿਆਂ ਦਾ ਕੰਮ ਕਰਦੇ ਹੋ ਕਪੜੇ ਨੂੰ ਪਏ ਛਾਪਦੇ ਹੋ । ਰਾਮ ਨਾਲ ਚਿਤ ਕਿਉਂ ਨਹੀਂ ਜੋੜਦੇ ?

ਸ੍ਰੀ ਨਾਮ ਦੇਵ ਜੀ ਨੇ ਸੰਖੇਪ ਉਤਰ ਦਿੰਦੇ ਹੋਏ ਕਿਹਾ, ਹੇ ਭਾਈ !

ਤ੍ਰਿਲੋਚਨ ਜੀ ਹੱਥਾਂ ਨਾਲ ਕੰਮ-ਕਾਜ ਕਰਨਾ ਚਾਹੀਦਾ ਹੈ । ਮਨ ਨੂੰ ਈਸ਼ਵਰ ਨਾਲ ਜੋੜਣਾ ਹੀ ਭਗਤੀ ਹੈ ।" [40]

ਭਗਤ ਤ੍ਰਿਲੋਚਨ ਜੀ ਦਿਖਾਵੇ ਪਾਖੰਡ ਤੇ ਪਰਪੰਚ ਦੇ ਵਿਰੋਧੀ ਸਨ । ਆਪ ਨੇ ਬਾਹਰਲੇ ਕਰਮ ਕਾਂਡ ਤੇ ਖਾਸ ਕਰ ਝੂਠੇ ਤਿਆਗ ਦਾ ਖੰਡਨ ਕਰਕੇ ਪ੍ਰਭੂ ਦੀ ਪਛਾਣ ਉਤੇ ਜੋਰ ਦੇਣ ਵਲ ਲਾਇਆ ।

ਆਪ ਜੈ ਚੰਦ ਨੂੰ ਸਮਝਾਉਂਦੇ ਹੋਏ ਲਿਖਦੇ ਹਨ – ਹੇ ਭਾਈ ! ਜੇ ਜੀਵ ਨੇ ਅੰਦਰਲਾ ਮਨ ਸਾਫ ਨਹੀ ਕੀਤਾ, ਭੇਸ ਭਾਵੇਂ ਸਾਧੂਆਂ ਵਾਲਾ ਹੋਵੇ, ਜੇ ਉਸ ਨੇ ਆਪਣੇ ਹਿਰਦੇ ਰੂਪ ਕਉਲ ਨੂੰ ਨਹੀਂ ਪਰਖਿਆ, ਜੇ ਉਸ ਨੇ ਆਪਣੇ ਅੰਦਰ ਪ੍ਰਮਾਤਮਾ ਨਹੀਂ ਵੇਖਿਆ ਤਾਂ ਸੰਨਿਆਸ ਧਾਰਨ ਕਰਨ ਦਾ ਕੋਈ ਲਾਭ ਨਹੀਂ ।[41]

ਇਹ ਸੁਣ ਜੈ ਚੰਦ ਆਪ ਜੀ ਦੇ ਚਰਨਾ ਉਤੇ ਢਹਿ ਪਿਆ ਤੇ ਸਿਧੇ ਰਸਤੇ ਲਾਉਣ ਲਈ ਲਗਾ ਜੋਦੜੀਆਂ ਕਰਨ । ਭਗਤ ਜੀ ਨੇ ਉਸ ਸੰਨਿਆਸੀ ਜੈ ਚੰਦ ਨੂੰ ਭਗਤੀ ਮਾਰਗ ਤੇ ਤੋਰਿਆ । ਇਹਨਾ ਦੀ ਕ੍ਰਿਪਾ ਨਾਲ ਉਸ ਦੰਭੀ ਪਾਖੰਡੀ ਦਾ ਵੀ ਕਲਿਆਣ ਹੋ ਗਿਆ ।

ਭਗਤ ਤ੍ਰਿਲੋਚਨ ਜੀ ਜਿਥੇ ਸੰਗਤਾਂ ਨੂੰ ਤਾਰਦੇ ਸਨ ਉਥੇ ਉਹਨਾਂ ਦੀ ਭਗਤੀ ਪ੍ਰਵਾਨ ਹੋਣ ਬਾਰੇ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਸੰਕੇਤ ਦਿੱਤਾ ਹੈ :-

" ਨਾਮ ਦੇਵ ਕਬੀਰ ਤ੍ਰਿਲੋਚਨ ਸਧਨਾ ਸੈਨੁ ਤਰੈ ।
ਕਹਿ ਰਵਿ ਦਾਸ ਸੁਨਹੁ ਰੇ ਸੰਤਹੁ ਹਰ ਜੀਉ ਤੇ ਸਭੈ ਸਰੈ ।"[42]

ਭਗਤ ਤ੍ਰਿਲੋਚਨ ਜੀ ਦੇ ਅਕਾਲ ਚਲਾਣੇ ਦੇ ਸੰਬੰਧ ਵਿਚਆਮ ਇਤਿਹਾਸ-ਕਾਰ ਚੁਪ ਹਨ । ਗੁਰੂ ਗ੍ਰੰਥ ਰਤਨਾਵਲੀ ਵਿਚ ਆਪ ਜੀ ਦਾ ਦੇਹਾਂਤ 1335 ਈਸਵੀ ਵਿਚ ਹੋਇਆ ਦਸਿਆ ਗਿਆ ਹੈ। [43] ਆਪ ਭੁੱਲੇ ਹੋਏ ਸੰਸਾਰਿਕ ਜੀਵਾਂ ਨੂੰ ਹਰੀ ਨਾਮ ਦਾ ਜਾਪ ਜਪਾਉਂਦੇ ਹੋਏ ਇਸ ਸੰਸਾਰ ਤੇ ਅਲੋਪ ਹੋ ਗਏ ।

—

## 2.4 ਭਗਤ ਨਾਮ ਦੇਵ ਜੀ

ਧਾਰਮਕ ਪੱਖ ਤੋਂ ਬ੍ਰਾਹਮਣ ਦੇ ਅਧਿਕਾਰ ਖੇਤਰ ਵਿਚ ਹਰ ਚੀਜ਼ ਕੈਦ ਸੀ । ਉਹਨਾਂ ਦਾ ਅਖ਼ਤਿਆਰ ਤਾਂ ਦੇਵਤੇ ਪੈਦਾ ਕਰਨ ਦਾ ਵੀ ਮੰਨ ਲਿਆ ਗਿਆ ਸੀ । ਉਹ ਆਪਣਾ ਉੱਲੂ ਸਿਧਾ ਕਰਨ ਲਈ, ਲੋੜ ਪੈਣ ਤੇ ਧਰਮ-ਸ਼ਾਸਤਰਾਂ ਦੇ ਮੰਤ੍ਰਾਂ ਨੂੰ ਤੋੜ ਮੋੜ ਕੇ ਆਪਣੇ ਪਖ ਪੂਰਤੀ ਦਾ ਮਤਲਬ ਕਢ ਲੈਂਦੇ । ਉਹੀ ਰਸਮਾਂ ਲਾਗੂ ਕਰਦੇ ਜਿਹੜੀਆਂ ਮਾਇਆ ਦੇ ਗੱਫੇ ਉਹਨਾਂ ਨੂੰ ਦਵਾਉਂਦੀਆਂ । ਆਪਣੇ ਸੁਆਰਥ ਲਈ ਉਹਨਾਂ ਆਪ ਹਿੰਦੂਆਂ ਨੂੰ ਸੰਸਕ੍ਰਿਤ ਦੀ ਵਿਦਿਆ ਤੋ ਤਾਂ ਰੋਕਿਆ ਸੀ, ਅਰਬੀ ਫ਼ਾਰਸੀ ਸਿਖਣ ਤੋਂ ਵੀ ਮਨਾਂ ਕਰ, ਇਸ ਨੂੰ ਮਲੇਛ ਭਾਸ਼ਾ ਦੀ ਸਿਖਲਾਈ ਕਹਿ ਧਰਮ-ਸ਼ਾਸਤਰਾਂ ਵਿਰੁੱਧ ਕਰਾਰ ਦੇ ਦਿੱਤਾ । ਇਸ ਦਾ ਨਤੀਜਾ ਕਿ ਹਿੰਦੂ ਪੂਰਨ ਤੌਰ ਤੇ ਬ੍ਰਾਹਮਣਾਂ ਦੇ ਦਿਮਾਗੀ ਪੱਧਰ ਤੇ ਗੁਲਾਮ ਹੋ ਗਏ । ਦੂਸਰੇ ਪਾਸੇ ਮੁਸਲਮਾਨ ਰਾਜੇ ਇਹਨਾਂ ਤੇ ਜ਼ੁਲਮ ਢਾਹੁੰਦੇ ਨਾ ਥਕਦੇ । ਹਰ ਇਕ ਨੂੰ ਜੋ ਉਹਨਾਂ ਦੇ ਅਗੇ ਅੜਦਾ ਇਕੋ ਹੀ ਸਜ਼ਾ ਕਿ ਜਾਂ ਇਸਲਾਮ ਕਬੂਲ ਕਰ ਲੈ ਨਹੀਂ ਤਾਂ ਕਤਲ ਹੋਣਾ ਮਨਜ਼ੂਰ ਕਰ ਲੈ । ਇਸ ਤਰ੍ਹਾਂ ਦੇ ਵਾਤਾਵਰਣ ਵਿਚ ਹਿੰਦੂ ਇਕ ਪਾਸੇ ਬ੍ਰਾਹਮਣਾਂ ਦੇ ਦਿਮਾਗੀ ਪੱਧਰ ਤੇ ਗੁਲਾਮ ਸਨ ਤੇ ਦੂਜੇ ਪਾਸੇ ਇਸਲਾਮ ਤੇ ਸਰੀਰਕ ਤੌਰ ਤੇ ਗੁਲਾਮ ਸਨ ।

ਉਪਰੋਕਤ ਘੁੰਮਣ ਘੇਰੀਆਂ ਵਿਚੋਂ ਫਸੀ ਜਨਤਾ ਨੂੰ ਕਢਣ ਲਈ ਭਗਤ ਨਾਮ ਦੇਵ ਜੀ ਦਾ ਜਨਮ 1270 ਈਸਵੀ ਨੂੰ ਮਹਾਰਾਸ਼ਟਰ ਵਿਚ ਜ਼ਿਲਾ ਸਤਾਰਾ ਦੇ ਪਿੰਡ ਨਰਸੀ ਬਾਮਨੀ ਵਿਚ ਪਿਤਾ ਦਾਮਾ ਸੇਠ ਦੇ ਘਰ ਮਾਤਾ ਗੋਨਾ ਬਾਈ ਦੀ ਕੁਖੋ ਹੋਇਆ ।[44] ਆਪ ਜੀ ਦੇ ਪਿਤਾ ਧਾਰਮਕ ਬਿਰਤੀ ਵਾਲੇ ਮਨੁੱਖ ਸਨ । ਪ੍ਰਭੂ ਭਗਤੀ ਉਹਨਾਂ ਦੀ ਜਿੰਦਗੀ ਦਾ ਨਿਤ ਦਾ ਕਰਮ ਸੀ । ਉਹ ਵਿਠਲ ( ਵਿਸ਼ਨੂੰ ) ਭਗਵਾਨ ਦੀ ਪੂਜਾ ਕਰਕੇ ਉਹਨੂੰ ਭੋਗ ਲਾ ਫਿਰ ਕੁਝ ਛਕਦੇ । ਪਿਤਾ ਤੋਂ ਪ੍ਰੇਮ - ਭਗਤੀ ਦੀ ਗੁੜ੍ਹਤੀ ਮਿਲੀ ਤੇ ਫਿਰ ਵਿਸ਼ੋਭਾ ਖੇਚਰ ਨੂੰ ਗੁਰੂ ਧਾਰਨ ਕੀਤਾ ।[45]

ਭਗਤ ਨਾਮ ਦੇਵ ਜੀ ਦੇ ਪੁਰਖੇ ਦਰਜ਼ੀਆਂ ਦਾ ਕੰਮ ਕਰਦੇ ਸਨ । ਜੋ ਨੀਵੀਂ ਜਾਤ ਦੇ ਛੀਬੇ ਕਹੇ ਜਾਂਦੇ ਸਨ । ਨਾਮ ਦੇਵ ਜੀ ਦੇ ਖਾਨਦਾਨ ਵਿਚ ਵਿਠਲ ਭਗਤੀ ਸ਼ੁਰੂ ਤੋ ਚਲੀ ਆਈ, ਵਿਠਲ ਵਿਠਲ ਜਪਣਾ ਇਹਨਾਂ ਦੇ ਘਰ ਦਾ ਪੁਰਾਣਾ ਤਰੀਕਾ ਸੀ । ਵਿਠਲ ਦਾ ਅਰਥ ਭਗਵਾਨ ਵਿਸ਼ਨੂੰ ਜੀ ਹੈ । ਜਿਸ ਨੂੰ ਉਤਰ ਭਾਰਤੀ ਸ੍ਰੀ ਵਿਸ਼ਨੂੰ ਭਗਵਾਨ ਆਖਦੇ ਹਨ, ਉਸੇ ਨੂੰ ਦਖਣ ਭਾਰਤ ਵਿਚ ਸ੍ਰੀ ਵਿਠਲ ਆਖਕੇ ਪੂਜਾ ਕੀਤੀ ਜਾਂਦੀ ਹੈ । ਆਪਣੇ ਮਾਤਾ ਪਿਤਾ ਨੂੰ ਪ੍ਰਭੂ ਭਗਤੀ ਕਰਦਿਆਂ ਦੇਖ ਕੇ ਨਾਮ ਦੇਵ ਦੇ ਕੋਮਲ ਮਨ ਉਤੇ ਉਹੋ ਹੀ ਛਾਪ ਛਪ ਗਈ ।[46]

ਭਗਤ ਜੀ ਦੇ ਪਿੰਡ ਵਿਚ ਇਕ ਦੇਵਤੇ ਦਾ ਮੰਦਰ ਸੀ ਜਿਸ ਨੂੰ ਵਿਸੋਭਾ ਦੇਵ ਦਾ ਮੰਦਰ ਕਿਹਾ ਜਾਂਦਾ ਸੀ । ਉਥੇ ਆਪ ਜੀ ਦੇ ਪਿਤਾ ਨਿਤ ਪੂਜਾ ਕਰਨ ਜਾਇਆ ਕਰਦੇ ਸਨ । 'ਜਿਹੇ ਕੋਕੇ ਤਿਹੇ ਬੱਚੇ' ਦੀ ਅਖੋਤ ਅਨੁਸਾਰ ਮਾਤਾ ਪਿਤਾ ਦੇ ਸ਼ੁਭ ਸੰਸਕਾਰਾਂ ਦਾ ਪ੍ਰਭਾਵ ਸ੍ਰੀ ਨਾਮ ਦੇਵ ਜੀ ਤੇ ਪਿਆ। ਉਹ ਬਚਪਨ ਤੋ ਹੀ ਰੱਬ ਦੀ ਭਗਤੀ ਵਲ ਲਗ ਪਏ । ਪੰਜ ਵਰ੍ਹੇ ਦੀ ਉਮਰ ਵਿਚ ਆਪ ਨੂੰ ਸਕੂਲ ਪੜ੍ਹਨ ਪਾਇਆ ਗਿਆ । ਪਰ ਇਨ੍ਹਾਂ ਨੇ ਪੜ੍ਹਾਈ ਵਲ ਕੋਈ ਖਾਸ ਖਿਆਲ ਨਾ ਦਿਤਾ । ਜੇ ਕਦੀ ਸਕੂਲ ਦਾ ਉਸਤਾਦ ਬਾਹਰ ਜਾਂਦਾ ਤਾਂ ਨਾਮ ਦੇਵ ਜੀ ਇਸ ਮੌਕੇ ਨੂੰ ਦੁਰਲਭ ਸਮਝਦੇ ਦੂਜੇ ਵਿਦਿਆਰਥੀਆਂ ਨੂੰ ਨਾਲ ਲੈਕੇ ਰੱਬ ਦੀ ਭਗਤੀ ਵਲ ਲਗ ਜਾਂਦੇ। ਆਪ ਸੁਰ ਤਾਲ ਨਾਲ ਈਸ਼ਵਰ ਦੇ ਗੀਤ ਗਾਉਂਦੇ ਤੇ ਸਾਥੀਆਂ ਨੂੰ ਗਾਉਣ ਦੀ ਪ੍ਰੇਰਨਾ ਕਰਦੇ ।[47]

ਉਸੇ ਵੇਲੇ ਦੇ ਰਿਵਾਜ ਮੁਤਾਬਕ ਨਾਮਦੇਵ ਦਾ ਵਿਆਹ ਨੌ ਬਰਸਾਂ ਦੀ ਉਮਰ ਵਿਚ ਹੀ ਆਪ ਦੇ ਮਾਤਾ ਪਿਤਾ ਨੇ 'ਗੋਬਿੰਦ ਸੇਠ ਦੀ ਲੜਕੀ ਰਾਜਾ ਬਾਈ ਨਾਲ ਕਰ ਦਿਤਾ ।"[48]

" ਇਨ੍ਹਾਂ ਦੇ ਘਰ ਚਾਰ ਪੁੱਤਰ ਤੇ ਇਕ ਲੜਕੀ ਪੈਦਾ ਹੋਈ । ਪੁਤਰਾਂ ਦੇ ਜਵਾਨ ਹੋਣ ਉਤੇ ਉਨ੍ਹਾਂ ਦੇ ਵਿਆਹ ਵੀ ਕੀਤੇ ਤੇ ਆਪ ਦੇ ਘਰ ਨੂੰਹਾਂ

ਭੀ ਆਇਆਂ । ਪਰ ਇਹ ਸਾਰੇ ਪਰਿਵਾਰ ਵਿਚ ਰਹਿੰਦੇ ਹੋਏ ਵੀ ਕੰਮਲ ਵਾਂਗਰ ਰਹੇ ।" [49]

ਇਕ ਦਿਨ ਭਗਤ ਨਾਮ ਦੇਵ ਦੇ ਪਿਤਾ ਨੂੰ ਕਿਸੇ ਜ਼ਰੂਰੀ ਕੰਮ ਲਈ ਬਾਹਰ ਜਾਣਾ ਪੈ ਗਿਆ । ਉਹਨਾਂ ਜਾਣ ਲੱਗਿਆਂ ਭਗਤ ਜੀ ਨੂੰ ਆਪਣੇ ਰੋਜ਼ਾਨਾਂ ਦੀ ਜ਼ਿਮੇਂਵਾਰੀ ਸੌਂਪਦਿਆਂ ਕਿਹਾ ਕਿ ਉਹਨਾਂ ਤੋਂ ਪਿਛੋਂ ਮੰਦਰ ਵਿਚ ਠਾਕਰ ਦੀ ਪੂਜਾ ਕਰ ਉਹਨਾਂ ਨੂੰ ਭੋਗ ਲਵਾਂ ਫਿਰ ਕੁਝ ਛਕਣਾ । ਉਹ ਤਾਂ ਸਰਸਰੀ ਹਦਾਇਤ ਕਰ ਚਲੇ ਗਏ । ਬੜੀ ਸਰਧਾ ਤੇ ਪ੍ਰੇਮ ਨਾਲ ਅਗਲੇ ਦਿਨ ਨਾਮ ਦੇਵ ਨੇ ਗਊ ਦਾ ਦੁੱਧ ਚੋਇਆ, ਮੰਦਰ ਪਹੁੰਚ ਦੁੱਧ ਮੂਰਤੀ ਦੇ ਸਾਹਮਣੇ ਰਖ ਭਜਨ - ਬੰਦਗੀ ਵਿਚ ਰੁਝ ਗਏ । ਜਦ ਦੇਖਿਆ ਦੁੱਧ ਉੱਝ ਹੀ ਪਿਆ ਹੈ ਠਾਕੁਰ ਨੇ ਪੀਤਾ ਨਹੀਂ । ਭੋਲੇ ਭਾ ਆਪਣੇ ਕੋਈ ਕਸਰ ਰਹੀ ਸਮਝ ਲਗੇ ਮੂਰਤੀ ਅਗੇ ਅਰਜੋਈਆਂ ਕਰਨ । ਪਿਤਾ ਦੀ ਸਰਸਰੀ ਕਹੀ ਗੱਲ ਹੁਣ ਭਗਤ ਜੀ ਲਈ ਜਿੰਦਗੀ ਮੌਤ ਦਾ ਸੁਆਲ ਬਣ ਗਿਆ । ਸ਼ਰਧਾ ਤੇ ਪ੍ਰੇਮ ਵਸ ਨਾਮਦੇਵ ਬੱਚਿਆਂ ਵਾਲੀ ਅੜੀ ਫੜ ਭੋਲੀ ਭਾਲੀ ਸੂਰਤ ਨਾਲ ਪਰਮਾਤਮਾ ਨੂੰ ਕਿਹਾ ਕਿ ਜੇ ਤੁਸੀ ਦੁੱਧ ਨਹੀਂ ਪੀਉਗੇ ਤਾਂ ਮੈਂ ਮਰ ਭਾਵੈ ਜਾਵਾ ਕਿਸੇ ਚੀਜ਼ ਨੂੰ ਮੂੰਹ ਤਕ ਨਹੀ ਲਾਉਣਾ "। [50] " ਭਗਤ ਮਾਲ ਦਾ ਜਿਕਰ ਕਰਦੇ ਹੋਏ ਮੈਕਾਲਿਫ ਸਾਹਿਬ ਲਿਖਦੇ ਹਨ ਕਿ ਨਾਮਦੇਵ ਦੀ ਪ੍ਰੇਮ - ਭਗਤੀ ਨੂੰ ਦੇਖਕੇ ਮੂਰਤੀ ਨੇ ਉਹ ਦੁੱਧ ਪੀ ਲਿਆ ।" [51] ਉਪਰੋਕਤ ਕਥਨ ਦੀ ਪੁੱਸਟੀ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ -

ਕੰਮ ਕਿਤੇ ਪਿਉ ਚਲਿਆ ਨਾਮ ਦੇਵ ਨੂੰ ਆਖ ਸਿਧਾਇ ।
ਠਾਕਰ ਦੀ ਸੇਵਾ ਕਰੀ ਦੁਧ ਪੀਆਵਣ ਕਹਿ ਸਮਝਾਇਆ ।

– – –

ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ ।
ਭਗਤ ਜਨਾਂ ਦਾ ਕਰੇ ਕਰਾਇਆ ।" [52]

ਜਾਤ ਅਭਿਮਾਨੀ ਬ੍ਰਹਮਣ ਆਦਿ ਕਾਲ ਤੋਂ ਹੀ ਪਰਮਾਤਮਾ ਤੋਂ ਬੇਮੁਖ

ਹੋ ਕਰਮਕਾਂਡ ਦੇ ਚੱਕਰ ਵਿਚ ਆਪ ਫਸੇ ਸੰਸਾਰਕ ਜੀਵਾਂ ਨੂੰ ਭੀ ਫਸਾ ਰਹੇ ਸਨ। ਭਗਤ ਨਾਮ ਦੇਵ ਨੇ ਬਾਹਰਲੇ ਕਰਮ - ਕਾਂਡਾਂ ਨੂੰ ਵਿਅਰਥ ਹੀ ਨਹੀਂ ਸਗੋਂ ਸਾਧਕ ਲਈ ਭਰਮਾਂ ਦਾ ਜਾਲ ਦਸਦੇ ਹੋਏ ਫੁਰਮਾਇਆ -

" ਕਹਤ ਨਾਮ ਦੇਉ ਬਾਹਰਿ ਕਿਆ ਭਰਮਹੁ, ਇਹ ਸੰਜਮ ਹਰਿ ਪਾਈਐ ।" [53]

ਇਸ ਤਰ੍ਹਾਂ ਇਕ ਵਾਰਐਸੀ ਦੁਰਘਟਨਾ ਵਾਪਰੀ ਕਿ ਜਾਤ ਅਭਿਮਾਨੀ ਬ੍ਰਾਹਮਣਾਂ ਨੇ ਭਗਤੀ ਵਿਚ ਲਿਵਲੀਨ ਨਾਮਦੇਵ ਨੂੰ ਧੱਕੇ ਮਾਰਕੇ ਮੰਦਰ ਵਿਚੋਂ ਕੱਢ ਦਿਤਾ। ਬ੍ਰਾਹਮਣਾਂ ਦਾ ਵਿਚਾਰ ਸੀ। ਸੂਦਰ ਹੋਣ ਦੇ ਨਾਤੇ ਨਾਮਦੇਵ ਨੂੰ ਮੰਦਰ ਵਿਚ ਆਉਣ ਤੇ ਭਗਤੀ ਕਰਨ ਦਾ ਅਧਿਕਾਰ ਪ੍ਰਾਪਤ ਨਹੀਂ। ਇਸ ਵਤੀਰੇ ਤੇ ਨਾਮਦੇਵ ਨਿਰਾਸ਼ ਨਹੀਂ ਹੋਏ, ਮੰਦਰ ਦੇ ਦੂਸਰੇ ਪਾਸੇ ਬੈਠ ਸਿਮਰਨ ਵਿਚ ਲਗੇ ਰਹੇ। ਅਖੀਰ ਇਸ ਭਾਉ ਭਗਤੀ ਤੇ ਸਿਦਕ ਦਾ ਇਹ ਨਤੀਜਾ ਹੋਇਆ ਕਿ ਭਗਵਾਨ ਨੇ ਮੰਦਰ ਦਾ ਦਰਵਾਜਾ ਨਾਮਦੇਵ ਵਲ ਘੁਮਾ ਦਿਤਾ ਜਿਸ ਤੇ ਬ੍ਰਾਹਮਣਾਂ ਨੂੰ ਬਹੁਤ ਹੈਰਾਨੀ ਹੋਈ ਤੇ ਉਹ ਸਾਰੇ ਹੀ ਭਗਤ ਜੀ ਦੇ ਚਰਨੀ ਆਣ ਲਗੇ ।[54]

ਭਗਤ ਨਾਮਦੇਵ ਜੀ ਨੂੰ ਜਿਥੇ ਬ੍ਰਾਹਮਣ ਨੀਵੀਂ ਜਾਤੀ ਦਾ ਸੂਦਰ ਸਮਝਕੇ ਚਿੜਦੇ ਸਨ ਉਥੇ ਬਾਦਸ਼ਾਹ ਮੁਹੰਮਦ-ਬਿਨ-ਤੁਗਲਕ ਇਕ ਹਿੰਦੂ ਦੀ ਵਧੀ ਮਹਿਮਾ ਨੂੰ ਸੁਣ ਉਸ ਨੂੰ ਇਸਲਾਮ ਧਰਮ ਵਿਚ ਆਉਣ ਲਈ ਕਸ਼ਟ ਤੇ ਤਸੀਹੇ ਦਿੰਦਾ ਹੈ। ਇਸ ਦਾ ਜ਼ਿਕਰ ਗੁਰੂ ਗ੍ਰੰਥ ਰਤਨਾਵਲੀ ਵਿਚ ਕਰਦੇ ਹੋਏ ਲਿਖਦੇ ਹਨ ਕਿ - " ਇਕ ਵਾਰ ਮੁਸਲਮਾਨ ਬਾਦਸ਼ਾਹ ਦੇ ਹੁਕਮ ਨਾਲ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਇਸਲਾਮ ਵਿਚ ਆ ਜਾਣ ਲਈ ਕਹਿਆ ਗਿਆ। ਪਰ ਆਪ ਨੇ ਕਈ ਸਖਤੀਆਂ ਝਲਣ ਦੇ ਬਾਵਜੂਦ ਐਸਾ ਕਰਨਾ ਪ੍ਰਵਾਨ ਨ ਕੀਤਾ। ਫਿਰ ਇਹ ਕਿਹਾ ਗਿਆ, ਜੇ ਤੁਸੀਂ ਪ੍ਰਭੂ ਭਗਤ ਹੋ ਤੇ ਰਿਧੀ ਸਿਧੀ ਦਾ ਮਾਲਕ ਹੋ ਤਾਂ ਇਸ ਮੁਰਦਾ ਗਊ ਨੂੰ ਜਿੰਦਾ ਕਰੋਂ, ਨਹੀਂ ਤਾਂ ਤੁਹਾਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ। ਨਾਮ ਦੇਵ ਨੇ ਕਿਹਾ ਕਿ ਮੁਰਦੇ ਨੂੰ ਜੀਉਂਦਾ ਕਰਨਾ ਮੇਰਾ ਕੰਮ ਨਹੀਂ, ਇਹ ਭਗਵਾਨ ਦਾ ਕੰਮ ਹੈ। ਭਗਤ ਪ੍ਰਭੂ ਦੀ ਖੇਡ ਵਿਚ ਦਖਲ ਅੰਦਾਜ਼ੀ

ਕਰਨ ਦਾ ਹੱਕ ਨਹੀਂ ਰਖਦਾ । ਬਾਵਜੂਦ ਅਜੇਹੇ ਜਵਾਬਾਂ ਦੇ ਬਾਦਸ਼ਾਹ ਨੇ ਸਖਤੀ ਜਾਰੀ ਰੱਖੀ । ਕਹਿੰਦੇ ਹਨ ਅਖੀਰ ਭਗਵਾਨ ਨੇ ਆਪਣੇ ਭਗਤ ਦੀ ਲਾਜ ਰੱਖਣ ਲਈ ਗਊ ਜਿੰਦਾ ਕਰ ਦਿਤੀ । ਜਿਸ ਤੇ ਸੁਲਤਾਨ ਬਹੁਤ ਖੁਸ਼ ਹੋਇਆ ਤੇ ਉਸ ਨੇ ਨਾਮਦੇਵ ਨੂੰ ਰਿਹਾ ਕਰ ਦਿਤਾ ।[55]

ਮੈਕਾਲਿਫ ਸਾਹਿਬ ਲਿਖਦੇ ਹਨ ਕਿ ਪੰਡਰ ਪੁਰ ਵਿਖੇ ਇਕ ਗਿਆਨ ਦੇਵ ਵਿਸੋਖਾ ਖੇਚਰ ਦਾ ਸਿਖ ਨਾਮਦੇਵ ਦੀ ਮਹਿਮਾ ਸੁਣ ਉਹਨਾਂ ਨੂੰ ਮਿਲਣ ਗਿਆ । ਗਿਆਨ ਦੇਵ ਵੇਦਾਂਤੀ ਹੋਣ ਕਰਕੇ ਬਹੁਤਾ ਗਿਆਨ ਨੂੰ ਮੁਖ ਮੰਨਦੇ ਸਨ ਪਰ ਨਾਮਦੇਵ ਜੀ ਪ੍ਰੇਮ ਭਗਤੀ ਨੂੰ ਮੁਖ ਮੰਨਦੇ ਸਨ ।[56]

ਇਹਨਾਂ ਦੋਹਾਂ ਭਗਤਾਂ ਨੇ ਇਕੱਠਿਆਂ ਤੀਰਥ ਯਾਤਰਾ ਕੀਤੀ । ਕਈ ਸਾਖੀਆਂ ਇਹਨਾਂ ਦੇ ਵਿਚ ਵਾਪਰੀਆਂ । ਇਕ ਵਾਰ ਸੁਕੇ ਖੂਹ ਵਿਚੋਂ ਯੋਗ ਦੇ ਬਲ ਨਾਲ ਗਿਆਨ ਦੇਵ ਨੇ ਪਾਣੀ ਪੀਤਾ । ਪਰ ਨਾਮਦੇਵ ਨੇ ਉਸ ਪ੍ਰਭੂ ਤੇ ਸ਼ਾਕਰ ਰਹਿ ਮਰਨ ਪ੍ਰਵਾਨ ਕਰ ਲਿਆ ਪਰ ਗਿਆਨ ਦੇਵ ਤੋ ਪਾਣੀ ਨਾ ਪੀਤਾ । ਭਗਤ ਦੀ ਸਰਧਾ ਨੂੰ ਵੇਖ ਕਹਿੰਦੇ ਹਨ ਖੂਹ ਦਾ ਪਾਣੀ ਉਪਰ ਆ ਗਿਆ ਤੇ ਭਗਤ ਨਾਮਦੇਵ ਨੇ ਪੀ ਉਸ ਪ੍ਰਭੂ ਦਾ ਸ਼ੁਕਰ ਕੀਤਾ । ਇਸ ਯਾਤਰਾ ਸਮੇਂ ਆਪ ਪੰਜਾਬ ਵਲ ਵੀ ਆਏ । ਘੁਮਾਣ ਪਿੰਡ ਜ਼ਿਲਾ ਗੁਰਦਾਸਪੁਰ ਵਿਚ ਆਪ ਜੀ ਨੇ ਕਾਫੀ ਸਮਾਂ ਬਤੀਤ ਕੀਤਾ । ਇਥੇ ਹੀ 1350 ਈਸਵੀਂ ਨੂੰ ਆਪ ਅਕਾਲ ਚਲਾਣਾ ਕਰ ਗਏ । ਇਥੇ ਇਹਨਾਂ ਦੀ ਸਮਾਧ ਬਣੀ ਹੋਈ ਹੈ । ਹਰ ਸਾਲ ਮੇਲੇ ਨੂੰ ਸੰਗਤਾਂ ਬਹੁਤ ਉਤਸਾਹ ਨਾਲ ਮਨਾਉਂਦੀਆਂ ਹਨ ।

ਭਗਤ ਨਾਮਦੇਵ ਜੀ ਮਹਾਰਾਸ਼ਟਰ ਵਿਚ ਭਗਤੀ ਲਹਿਰ ਦੇ ਮੋਢੀ ਅਤੇ ਅਭੰਗ ਨਾਮੀ ਕਾਵਿ-ਰੂਪ ਨੂੰ ਸ਼ੁਰੂ ਕਰਨਵਾਲਾ ਸੰਤ ਕਵੀ ਮੰਨਿਆ ਜਾਂਦਾ ਹੈ। ਨਾਮਦੇਵ ਅਤੇ ਕਬੀਰ ਦੋਹਾਂ ਦੇ ਮੂਰਤੀ ਪੂਜਾ, ਕਰਮ ਕਾਂਡ ਅਤੇ ਜਾਤ ਪਾਤ ਪ੍ਰਤੀ ਦ੍ਰਿਸ਼ਟੀਕੋਣ ਨੂੰ ਅਤੇ ਦੋਹਾਂ ਦੁਆਰਾ ਇਨ੍ਹਾਂ ਦੀ ਕੀਤੀ ਗਈ ਕਰੜੀ ਵਿਰੋਧਤਾ ਨੂੰ ਦੇਖਦੇ ਹੋਏ ਕੁਝ ਵਿਦਵਾਨਾਂ ਨੇ ਨਾਮਦੇਵ ਨੂੰ ਕਬੀਰ ਦਾ ਰੂਹਾਨੀ ਅਤੇ ਸਾਹਿਤਕ ਪੂਰਵ-ਵਰਤੀ

ਜਾਂ ਆਗੂਆ ਕਿਹਾ ਹੈ। [57] ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਵਖੋ ਵਖ ਅਠਾਰਾਂ ਰਾਗਾਂ ਅੰਦਰ ਆਪ ਦੇ 61 ਸ਼ਬਦ ਹਨ।ਜਿੰਨਾਂ ਦਾ ਵਿਸ਼ਾ ਭਗਤ ਜੀ ਦੇ ਵੰਨ-ਸੁਵੰਨੇ ਅਧਿਆਤਮਕ ਅਨੁਭਵ ਹਨ,। ਇਨ੍ਹਾਂ ਦੀ ਭਗਤੀ ਲਹਿਰ ਨਾਲ ਪੂਰੀ ਪੂਰੀ ਸਾਂਝ ਹੈ ।[58]

## 2.5 ਭਗਤ ਸਧਨਾ ਜੀ

ਚੋਜੀ ਪ੍ਰੀਤਮ ਪ੍ਰਮਾਤਮਾ ਦੇ ਰੰਗ ਨਿਆਰੇ ਹਨ । ਕਿਤੇ ਉਹ ਬ੍ਰਾਹਮਣਾਂ ਨੂੰ ਜੋ ਹਉਮੈ ਅਧੀਨ ਆਪਣੇ ਆਪ ਨੂੰ ਪ੍ਰਮਾਤਮਾ ਦੀ ਸੰਤਾਨ ਮੰਨ ਪ੍ਰਭੂ ਭਗਤੀ ਤੋਂ ਦੂਰ ਹੋ ਜਾਂਦੇ ਹਨ ਡੋਬ ਦਿੰਦਾ ਹੈ ਤੇ ਕਿਤੇ ਉਹ ਜੀਵ ਹਤਿਆ ਕਾ ਦਿੱਤਾ ਕਰਨ ਵਾਲੇ ਕਸਾਈ ਸਧਨੇ ਨੂੰ ਆਪਣੇ ਨਾਲ ਲਾ ਭਗਤਾਂ ਦੀ ਕਤਾਰ ਵਿਚ ਲਿਆ ਖੜਾ ਕਰਦਾ ਹੈ । ਇਤਨਾ ਮਾਣ ਤੇ ਸਤਿਕਾਰ ਦਿੰਦਾ ਹੈ ਕਿ ਉਸ ਦੀ ਬਾਣੀ ਗੁਰੂ ਗ੍ਰੰਥ ਸਹਿਬ ਵਿਚ ਦਰਜ ਹੁੰਦੀ ਹੈ । ਪ੍ਰਮਾਤਮਾ ਨੇ ਸਧਨੇ ਦੇ ਜੀਵਨ ਨੂੰ ਤਬਦੀਲ ਕਰਕੇ ਆਮ ਜਨਤਾ ਨੂੰ ਵੀ ਇਹ ਉਤਸ਼ਾਹ ਦਿੱਤਾ ਕਿ ਹੇ ਭਾਈ ! ਕੋਈ ਇਨਸਾਨ ਕਿੱਤੇ ਨਾਲ ਚੰਗਾ ਜਾ ਮਾੜਾ ਨਹੀਂ ਬਣਦਾ ਸਗੋਂ ਉਸ ਦੇ ਅੰਦਰ ਪ੍ਰਮਾਤਮਾ ਵਸਣ ਲਈ ਸਾਫ ਸਵਛ ਤੇ ਕੋਮਲ ਹਿਰਦਾ ਹੋਣਾ ਚਾਹੀਦਾ ਹੈ । ਜਿਵੇਂ ਸਧਨਾ ਕਿੱਤੇ ਵਜੋਂ ਭਾਵੇਂ ( ਕਸਾਈ ) ਮਾਸ ਵੇਚਣ ਦਾ ਕੰਮ ਕਰਦਾ ਸੀ ਪਰ ਹਿਰਦੇ ਵਜੋਂ ਉਹ ਭਗਤ ਦੇ ਰੂਪ ਵਿਚ ਪ੍ਰਭੂ ਦਾ ਸਿਮਰਨ ਕਰਦਾ ਸੀ ।

ਭਗਤ ਸਧਨਾ ਜੀ ਦੇ ਮਾਂ ਬਾਪ ਦੇ ਨਾਮ ਦਾ ਪਤਾ ਕੁਝ ਨਹੀਂ ਮਿਲਦਾ, ਪਰ ਕਰਮ ਕਸਾਈ ਦਾ ਸੀ । ਨਗਰ ਸੇਵਾਨ ( ਹੈਦਰਾਬਾਦ ਸਿੰਧ ) ਵਿਚ ਆਪ ਦਾ ਜਨਮ ਹੋਇਆ ਤੇ ਉਸੇ ਨਗਰ ਵਿਚ ਰਹਿੰਦੇ ਰਹੇ । ਬਚਪਨ ਤੋਂ ਹੀ ਸੰਤਾਂ ਫਕੀਰਾਂ ਤੇ ਮਹਾਂ - ਪੁਰਸ਼ਾਂ ਕੋਲ ਬੈਠ ਕੇ ਗਿਆਨ ਚਰਚਾ ਸੁਨਣ ਦੀ ਸ਼ਰਧਾ ਸੀ, ਆਪ ਮੂਰਤੀ ਪੂਜਕ ਸਨ । ਇਹਨਾਂ ਨੂੰ ਕਿਤਿਓਂ ਸਾਲ ਗਰਾਮ ਦਾ ਪੱਥਰ ਮਿਲ ਗਿਆ ਸੀ, ਉਸ ਨੂੰ ਮਾਸ ਤੋਲਣ ਵਾਸਤੇ ਵਟਾ ਬਣਾ ਬੈਠੇ, ਜਿਸ ਤੋਂ ਲੋਕੀਂ ਬੁਰਾ ਸਮਝਦੇ ਪਰ ਲੋਕਾਂ ਨੂੰ ਨਹੀਂ ਸੀ ਪਤਾ ਕਿ ਸਧਨਾ ਜੀ ਸਾਲ ਗਰਾਮ ਨੂੰ ਦੇਵਤਾ ਕਰਕੇ ਪੂਜਦੇ ਤੇ ਉਸ ਦੇ ਆਸਰੇ ਕਾਰ ਵਿਹਾਰ ਕਰਦੇ ਸਨ ।[59]

PUNJABI UNIVERSITY LIBRARY
457492

ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਭਗਤ ਸਧਨਾ ਸੇਹਵਾਨ ( ਇਲਾਕਾ ਸਿੰਧ ) ਦਾ ਵਸਨੀਕ ਕਸਾਈ ਸੀ , ਇਸ ਨੂੰ ਆਤਮਗਿਆਨੀਆਂ ਦੀ ਸੰਗਤਿ ਦਵਾਰਾ ਕਰਤਾਰ ਦੇ ਪ੍ਰੇਮ ਅਤੇ ਭਗਤੀ ਦੀ ਪ੍ਰਾਪਤੀ ਹੋਈ। ਇਹ ਨਾਮ ਦੇਵ ਜੀ ਦਾ ਸਮਕਾਲੀ ਸੀ ।[60]

ਭਗਤ ਸਧਨੇ ਜੀ ਦਾ ਜਿਥੇ ਮਾਤਾ ਪਿਤਾ ਦਾ ਪਤਾ ਨਹੀਂ ਮਲੂਮ ਹੁੰਦਾ ਉਥੇ ਵਿਦਵਾਨਾਂ ਵਿਚ ਉਹਨਾਂ ਦੇ ਕਾਲ ਦਾ ਵੀ ਮਤਭੇਦ ਹੈ । ਪਹਿਲੇ ਵਿਦਵਾਨ ਜਿਵੇਂ ਭਾਈ ਕਾਨ੍ਹ ਸਿੰਘ ਜੀ, ਗਿਆਨੀ ਪ੍ਰਤਾਪ ਸਿੰਘ ਜੀ ਤੇ ਮੈਕਾਲਿਫ ਆਦਿ ਨੇ ਸਧਨੇ ਜੀ ਨੂੰ ਨਾਮਦੇਵ ਦਾ ਸਮਕਾਲੀ ਕਿਹਾ ਹੈ । ਪਰ ਗੁਰੂ ਗ੍ਰੰਥ ਰਤਨਾਵਲੀ ਵਿਚ ਲਿਖਿਆ ਹੈ :- ਭਗਤ ਸਧਨਾ ਸਿੰਧ ਦੇ ਇਲਾਕੇ ਸੇਹਵਾਨ ਦਾ ਵਸਨੀਕ ਸੀ । ਕਈਆਂ ਇਸ ਨੂੰ ਨਾਮਦੇਵ ਦਾ ਸਮਕਾਲੀ ਲਿਖਿਆ ਹੈ ਪਰ ਇਸ ਦੀ ਪੁਸ਼ਟੀ ਨਹੀਂ ਹੁੰਦੀ ।[61]

ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦੇਣ ਵੇਲੇ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਦਾ ਅਖੀਰਲਾ ਇਮਤਿਹਾਨ ਹੀ ਇਹ ਲਿਆ ਸੀ ਕਿ ਉਹ ਗੁਰੂ ਜੀ ਦੇ ਕਹਿਣ ਤੇ ਮੁਰਦਾ ਖਾਣ ਜਦ ਉਹ ਖਾਣ ਨੂੰ ਤਿਆਰ ਹੋ ਇਹ ਪੁਛਣ ਲਗੇ ਕਿ ਹੇ ਮਹਾਰਾਜ ਦਸੋ ਕਿਸੇ ਪਾਸੇ ਤੋਂ ਖਾਣਾ ਸ਼ੁਰੂ ਕਰਾਂ ਤਾਂ ਗੁਰੂ ਜੀ ਨੇ ਉਸ ਨੂੰ ਗਲਵਕੜੀ ਵਿਚ ਲੈ ਕੇ ਗੁਰ ਗੱਦੀ ਦੇ ਕਾਬਲ ਸਮਝ ਭਾਈ ਲਹਿਣਾ ਜੀ ਤੋ ਗੁਰੂ ਅੰਗਦ ਦੇਵ ਬਣਾ ਦਿਤੇ । ਇਵੇਂ ਹੀ ਭਗਤ ਸਧਨਾ ਜੀ ਦੀ ਮਾਸ ਵੇਚਣ ਦਾ ਕਿੱਤਾ ਕਰਦਾ ਤੇ ਫਿਰ ਮਾਸ ਨੂੰ ਤੋਲਣ ਲਈ ਵਟੇ ਦੀ ਜਗ੍ਹਾ ਸਾਲਗਰਾਮ ਦੀ ਵਰਤੋਂ ਕਰਨ । ਸਾਲਗਰਾਮ ਦੀ ਪੂਜਾ ਕਰਨ ਵਾਲਿਆ ਨੂੰ ਚੰਗਾ ਨ ਲਗਾ । ਉਹ ਇਸ ਭੇਦ ਨੂੰ ਸਮਝਣ ਦੇ ਕਾਬਲ ਨਹੀਂ ਸਨ । ਭਗਤ ਸਧਨਾ ਜੀ ਤਾਂ ਉਹ ਪ੍ਰੀਤਮ ਤੋ ਇਕ ਪਲ ਵੀ ਵਖ ਨਹੀਂ ਸਨ ਹੁੰਦੇ । ਉਹਨਾਂ ਨੂੰ ਤਾਂ ਹਰ ਚੀਜ਼ ਵਿਚ ਉਹ ਪ੍ਰਭੂ ਸਮਾਇਆ ਦਿਸਦਾ ਸੀ ।

ਭਾਣਾ ਵਾਹਿਗੁਰੂ ਦਾ ਸਾਧੂ ਰਸਤੇ ਤੋਂ ਲੰਘ ਰਿਹਾ ਸੀ ਤਾਂ ਉਸ ਨੇ ਸਧਨੇ ਨੂੰ ਸਾਲਗਰਾਮ ਨਾਲ ਮਾਸ ਤੋਲਦੇ ਵੇਖ ਬੜਾ ਕ੍ਰੋਧ ਕੀਤਾ । ਉਸ ਮਨ

ਵਿਚ ਵਿਚਾਰਿਆ ਕਿ ਇਹ ਕਸਾਈ ਸਧਨੇ ਪਾਸ ਨਹੀਂ ਰਹਿਣੇ ਚਾਹੀਦੇ । ਉਸ ਨੇ ਮੰਗ ਕੀਤੀ, ਸਧਨਾ ਜੀ ਨੇ ਖੁਸ਼ੀ ਨਾਲ ' ਸਾਲਗ੍ਰਾਮ ' ਦੇ ਦਿਤੇ । ਕਿਉਂਕਿ ਇਨ੍ਹਾਂ ਦੇ ਅੰਤ੍ਰੀਵ ਨੇਤ੍ਰ ਖੁਲ ਚੁਕੇ ਸਨ । ਇਨਾਂ ਨੂੰ ਪੱਥਰਾਂ ਵਿਚ ਰੱਬ ਦਿਸਣ ਦੀ ਬਜਾਏ ਸਾਰੇ ਵਿਸ਼ਵ ਵਿਚ ਦਿਸ ਰਿਹਾ ਸੀ । ਸਾਧੂ ਸਾਲਗ੍ਰਾਮ ਲੈ ਕੇ ਚਲਾ ਗਿਆ । ਕੁਝ ਚਿਰ ਉਹ ਧੂਪ ਦੀਪ ਪੂਜਾ ਕਰਦਾ ਰਿਹਾ, ਪਰ ਅੰਤ ਨੂੰ ਉਸ ਨੂੰ ਪਤਾ ਲਗਾ ਕਿ ਸਧਨੇ ਦੀ ਪ੍ਰੇਮ ਭਗਤੀ ਨਾਲ ਮੇਰੀ ਇਹ ਬਾਹਰੀ ਪੂਜਾ ਨਹੀਂ ਮਿਲਦੀ । ਇਹ ਸੋਚਦੇ ਸਾਧੂ ਸਾਲਗ੍ਰਾਮ ਨੂੰ ਲਿਆਇਆ, ਪਰ ਸਧਨੇ ਨੇ ਉਸ ਨੂੰ ਕੀ ਕਰਨਾ ਸੀ । ਉਸ ਦੀ ਨਜ਼ਰ ਵਿਚ ਤਾਂ ਠਾਕੁਰ ਵਿਸ਼ਵ ਵਿਆਪੀ ਸੀ।[62]

ਗਰਮੀ ਦਾ ਮੌਸਮ ਸੀ । ਇਕ ਸ਼ਾਮ ਨੂੰ ਕੋਈ ਗਾਹਕ ਆ ਗਿਆ । ਦੋ ਸੇਰ ਮਾਸ ਲੈਣ ਵਾਸਤੇ ਸਧਨਾ ਜੀ ਕੋਲ । ਉਹ ਮਾਸ ਸਾਰਾ ਵੇਚ ਚੁਕੇ ਸਨ । ਉਹਨਾਂ ਕੋਲ ਹੁਣ ਇਕ ਜਿਉਂਦਾ ਬੱਕਰਾ ਸੀ । ਗਾਹਕ ਦੇ ਜੋਰ ਦੇਣ ਤੇ ਉਹਨਾਂ ਅੰਦਰ ਲਾਲਚ ਆ ਗਿਆ । ਪਰ ਜੇ ਉਹ ਬੱਕਰਾ ਵੱਢ ਕੇ ਦੋ ਸੇਰ ਮਾਸ ਉਸ ਨੂੰ ਦਿੰਦੇ ਤਾਂ ਬਾਕੀ ਗਰਮੀ ਨਾਲ ਖਰਾਬ ਹੋ ਜਾਣਾ ਸੀ । ਇਸ ਲਈ ਉਹਨਾਂ ਨੇ ਚਾਹਿਆ ਕਿ ਇਸ ਦੀ ਪਿਛਲੀ ਲੱਤ ਵੱਖ ਕਰ ਕੇ ਦੇ ਦਿੰਦੇ ਹਾਂ ਰਾਤ ਨੂੰ ਬੱਕਰਾ ਮਰੇਗਾ ਨਹੀਂ ਤੇ ਨਾ ਹੀ ਮਾਸ ਖ਼ਰਾਬ ਹੋਏਗਾ । ਜਦ ਇਹ ਕਰਮ ਕਰਨ ਲਗੇ ਤਾਂ ਬੱਕਰਾ ਹੱਸ ਪਿਆ ਤੇ ਕਹਿਣ ਲਗਾ, ' ਸਧਨਿਆ ! ਇਹ ਨਵੀਂ ਭਾਜੀ ਪਾਣ ਲਗਾ ਹੈ ? ' ਇਸ ਪਰ ਸਧਨਾਂ ਜੀ ਨੂੰ ਵੈਰਾਗ ਹੋ ਗਿਆ । ਪਰ ਇਹ ਸਾਖੀ ਰੋਚਕ ਹੈ । ਬੱਕਰੇ ਕੀ ਕਹਿਣਾ ਸੀ ? ਸਧਨਾਂ ਜੀ ਦੇ ਆਪਣੇ ਮਨ ਨੇ ਹੀ ਮੋੜ ਖਾਧਾ।[63]

ਭਗਤ ਸਧਨਾ ਜੀ ਨੂੰ ਜਦ ਪੂਰਨ ਗਿਆਨ ਹੋ ਗਿਆ ਕਿ ਪ੍ਰਭੂ ਨਾਮ ਜਪਣ ਵਿਚ ਹੀ ਭਲਾ ਹੈ ਤਾਂ ਉਹ ਪੁਰਸ਼ੋਤਮ ਜੀ ਦੇ ਦਰਸ਼ਨ ਵਾਸਤੇ ਜਗਨ ਨਾਥ ਪੁਰੀ ਦੀ ਯਾਤਰਾ ਵਾਸਤੇ ਸਿੰਧ ਵਿਚੋਂ ਚਲ ਪਏ । ਰਸਤੇ ਵਿਚ ਰਾਤ ਕਟਣ ਤੇ ਭੋਜਨ ਛਕਣ ਲਈ ਉਹਨਾਂ ਨੇ ਗ੍ਰਹਿਸਤੀ ਘਰ ਦਾ ਦਰਵਾਜਾ ਖੜਕਾਇਆ । ਉਸ ਘਰੋਂ ਇਕ ਔਰਤ ਨੇ ਘਰ ਦਾ ਦਰਵਾਜਾ ਖੋਲਿਆ । ਜਦ ਉਸ ਇਸਤਰੀ ਨੇ ਸਧਨਾ ਜੀ ਨੂੰ ਵੇਖਿਆ ਤਾਂ ਬੜੀ ਨਿਮਰਤਾ ਤੇ ਪ੍ਰੇਮ ਨਾਲ ਅੰਦਰ ਆਉਣ ਲਈ ਬੇਨਤੀ ਕਰਦੇ ਹੋਏ ਕਿਹਾ ਕਿ ਤੁਹਾਡੇ ਆਉਣ ਨਾਲ ਤਾਂ ਇਹ ਘਰ ਪਵਿੱਤਰ ਹੋ ਗਿਆ । ਭੋਜਨ ਛਕੋ, ਬਿਸਤਰਾ ਮੰਜਾ ਲੈ ਕੇ ਅਰਾਮ ਕਰੋ ।

ਉਸ ਦੀ ਇਹ ਸ਼ਰਧਾ ਦੇਖ ਕੇ ਸਧਨਾ ਜੀ ਉਹਦੇ ਵੇਹੜੇ ਵਿਚ ਪੁਜ ਗਏ ਤੇ ਮੰਜੇ ਉਤੇ ਬੈਠ ਗਏ । ਓਸ ਮੁਟਿਆਰ ਇਸਤ੍ਰੀ ਨੇ ਬੜੇ ਸ਼ਰਧਾ ਨਾਲ ਭੋਜਨ ਤਿਆਰ ਕੀਤਾ ਤੇ ਛਕਾਇਆ । ਰਾਤ ਨੂੰ ਅਰਾਮ ਕਰਨ ਲਈ ਬਿਸਤਰਾ ਵਿਛਾ ਦਿਤਾ । ਪ੍ਰਭੂ ਨਾਮ ਦਾ ਸਿਮਰਨ ਕਰਦਾ ਹੋਇਆ ਭਗਤ ਸੌਂ ਗਿਆ । ਜਾ ਅੱਧੀ ਰਾਤ ਦਾ ਵੇਲਾ ਆਇਆ ਤਾਂ ਉਹੋ ਮੁਟਿਆਰ ਸ਼ਿੰਗਾਰ ਕਰਕੇ ਸਧਨਾ ਜੀ ਦੇ ਮੰਜੇ ਉਤੇ ਆ ਗਈ । ਉਸਦੇ ਹਿਰਦੇ ਵਿਚ ਵਾਸ਼ਨਾ ਮੰਦੀ ਸੀ । ਕਾਮ ਨੇ ਉਹਦੇ ਖ਼ੂਨ ਨੂੰ ਉਬਾਲਾ ਦਿਤਾ ਸੀ । ਉਹ ਅੰਨ੍ਹੀ ਹੋਈ ਹੋਈ ਸੀ । ਉਸ ਦਾ ਇਹ ਪਾਗਲਾਂ ਵਾਲਾ ਵਤੀਰਾ ਦੇਖਕੇ ਸਧਨਾ ਜੀ ਨੇ ਕਿਹਾ, ' ਭੈਣ ! ਆਪ ਮੇਰੇ ਕੋਲੋ ਜਾਈਏ !. ਹਰ ਇਸਤਰੀ ਨੂੰ ਪਤੀਬ੍ਰਤਾ ਰਹਿਣਾ ਚਾਹੀਦਾ ਹੈ । ਪਰ ਉਸ ਦੀ ਪੁਠੀ ਮਤ ਵਾਸ਼ਨਾ ਦੇ ਮੰਦ ਕਾਰਨ ਉਸ ਨੇ ਪੁਠਾ ਸੋਚਿਆ ਸ਼ਾਇਦ ਸੰਤ ਉਹਦੇ ਪਤੀ ਕੋਲੋ ਡ ਡਰਦਾ ਹੈ। ਉਹ ਪਿਛੇ ਮੁੜੀ ਤੇ ਦਸਾਂ ਕੁ ਮਿੰਟਾਂ ਪਿਛੋ ਆਪਣੇ ਪਤੀ ਦਾ ਸਿਰ ਵੱਢਕੇ ਸਧਨਾ ਜੀ ਕੋਲ ਲੈ ਆਈ । ਸਧਨਾ ਜੀ ਨੂੰ ਆਪਣੇ ਪਤੀ ਦਾ ਸਿਰ ਦਿਖਾਲ ਕੇ ਬੋਲੀ, ' ਹੇ ਪਿਆਰੇ ! ਜੇ ਤੈਨੂੰ ਮੇਰੇ ਪਤੀ ਦਾ ਭੈ ਸੀ ਤਾਂ ਇਹ ਲੈ ਉਸ ਦਾ ਸਿਰ, ਮੈ ਉਸ ਨੂੰ ਪਤੀ ਨਹੀਂ ਸਾਂ ਮੰਨਦੀ । ਮੇਰੇ ਮਾਂ ਬਾਪ ਨੇ ਮਲੋ ਮਲੀ ਮੇਰਾ ਵਿਆਹ ਕਰ ਦਿਤਾ । ਇਹ ਨਿਕੰਮਾ ਰੋਗੀ ਸੀ, ਇਸ ਨੂੰ ਮਾਰਨਾ ਹੀ ਚਾਹੀਦਾ ਸੀ । ਹੁਣ ਮੈ ਆਪ ਨੂੰ ਪਤੀ ਮੰਨਦੀ ਹਾਂ । ਇਹ ਸਭ ਕੁਝ ਸੁਣ ਭਗਤ ਜੀ ਬੋਲੇ, ' ਚੰਡਾਲਣ ! ਪਾਪਣ !. ਤੂੰ ਘੋਰ ਪਾਪ ਕੀਤਾ ਹੈ । ਇਸ ਦਾ ਫਲ ਤੈਨੂੰ ਭੋਗਣਾ ਪਵੇਗਾ । ਮੈ ਪਾਪ ਕਰਨ ਵਾਸਤੇ ਤਿਆਰ ਨਹੀਂ । ਮੈਂ ਤੇਰੇ ਘਰੋਂ ਹੁਣੇ ਚਲਿਆ ਹਾਂ ਤੂੰ ਜਹਿਰ ਦੀ ਗੰਦਲ ਹੈ ਨਾਗਨ ਹੈ, ਜਿਸਨੇ ਆਪਣੇ ਪਤੀ ਦਾ ਖ਼ੂਨ ਕੀਤਾ ਹੈ । ਉਹ ਇਹ ਆਖਦੇ ਹੋਏ ਉਠਣ ਲਗੇ ਤਾਂ ਉਸ ਪਾਪਣ ਨੇ ਰੋਲਾ ਪਾ ਦਿਤਾ ਕਿ ਮੇਰੇ ਪਤੀ ਨੂੰ ਮਾਰਕੇ ਮੇਰੇ ਨਾਲ ਪਾਪ ਕਰਨਾ ਚਾਹੁੰਦਾ ਹੈ । ਇਹ ਸੰਤ ਨਹੀਂ ਖ਼ੂਨੀ ਹੈ ।[64] ਲੋਕ ਆ ਗਏ ਭਗਤ ਸਧਨਾ ਜੀ ਫੜ ਕੇ ਰਾਜੇ ਦੇ ਪੇਸ਼ ਕੀਤਾ ਗਿਆ । ਅੰਤ ਉਸ ਦੇ ਹੱਥ ਪੈਰ ਕੱਟਣ ਦੀ ਸਜ਼ਾ ਸੁਣਾ ਦਿਤੀ । ਭਗਤ ਜੀ ਦੇ ਹੱਥ ਪੈਰ ਕੱਟ ਦਿਤੇ ।

ਮੈਕਾਲਿਫ ਸਾਹਿਬ ਲਿਖਦੇ ਹਨ ਕਿ ਉਸ ਔਰਤ ਨੇ ਆਪਣੇ ਆਪ ਨੂੰ ਆਪਣੇ ਪਤੀ ਦੀ ਚਿਖਾ ਦੇ ਵਿਚ ਹੀ ਜਲਾ ਦਿਤਾ ਤੇ ਸਤੀ ਹੋ ਗਈ । ਇਹ ਵੇਖ ਕੇ ਸਧਨਾ ਜੀ ਕਹਿੰਦੇ ਹਨ, ' ਕੋਈ ਵੀ ਔਰਤ ਦੇ ਰਾਹ ਨੂੰ ਨਹੀਂ ਜਾਣ ਸਕਦਾ, ਉਹ ਆਪ ਆਪਣੇ ਪਤੀ ਨੂੰ ਮਾਰਦੀ ਹੈ ਅਤੇ ਆਪ ਹੀ ਉਸ ਨਾਲ ਸਤੀ ਭੀ ਜੋ ਜਾਂਦੀ ਹੈ ।[65]

ਸਧਨਾ ਜੀ ਦੇ ਜੀਵਨ ਵਿਚ ਇਹ ਬ੍ਰਿਤਾਂਤ ਵੀ ਆਉਂਦਾ ਹੈ ਕਿ ਇਕ ਵਾਰ ਰਾਜਾ ਨੇ ਆਪ ਨੂੰ ਧਾਰਮਿਕ ਮਤਭੇਦ ਕਾਰਨ ਫੜ ਲਿਆ ਤੇ ਹੁਕਮ ਦਿਤਾ ਕਿ ਤੂੰ ਕਸਾਈ ਹੋਣ ਕਰਕੇ ਭਗਤੀ ਨਹੀਂ ਕਰ ਸਕਦਾ। ਇਸ ਲਈ ਰਾਤ ਨੂੰ ਮੇਰੇ ਲਈ ਮੀਟ ਬਣਾਇਆ ਕਰ । ਸਧਨਾ ਜੀ ਇਹ ਕੰਮ ਛਡ ਚੁਕੇ ਸਨ । ਇਸ ਲਈ ਉਹਨਾਂ ਨੇ ਇਹ ਹੁਕਮ ਮੰਨਣੋ ਇਨਕਾਰ ਕਰ ਦਿਤਾ । ਰਾਜੇ ਨੇ ਕ੍ਰੋਧ ਵਿਚ ਆਕੇ ਉਹਨਾਂ ਨੂੰ ਜਿਉਂਦੇ ਕੰਧ ਵਿਚ ਚਿਣੇ ਜਾਣ ਦੀ ਸਜਾ ਦਿਤੀ ।[66]

ਭਗਤ ਸਧਨਾ ਜੀ ਦਾ ਦੇਹਾਂਤ ਪੰਜਾਬ ਵਿਚ ਹੋਇਆ, ਇਹਨਾਂ ਦਾ ਦੇਹਰਾ ਸਰਹਿੰਦ ਦੇ ਪਾਸ ਹੈ । ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਆਪ ਦਾ ਇਕ ਸ਼ਬਦ ਬਿਲਾਵਲ ਰਾਗ ਵਿਚ ਦਰਜ ਹੈ । ਜਿਸ ਕਾਰਨ ਸਧਨਾ ਜੀ ਨੂੰ ਗੁਰੂ ਸਹਿਬਾਨ ਨਾਲ ਹੀ ਸਤਿਕਾਰ ਦਿਤਾ ਜਾਂਦਾ ਹੈ ।

## 2.6 ਭਗਤ ਬੈਣੀ ਜੀ

ਭਗਤਾਂ ਦੀ ਦੁਨੀਆਂ ਹੀ ਨਿਰਾਲੀ ਹੈ । ਉਹਨਾਂ ਦੀ ਜੀਵਨ - ਜੁਗਤੀ ਵਖਰੀ ਹੀ ਹੁੰਦੀ ਹੈ । ਉਹਨਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ ।ਇਹਨਾਂ ਅੱਖਾਂ ਤੇ ਸਮਝ ਨਾਲ ਉਹਨਾਂ ਨੂੰ ਵੇਖਿਆ ਤੇ ਸਮਝਿਆ ਨਹੀਂ ਜਾ ਸਕਦਾ । ਇਸ ਦੁਨੀਆਂ ਵਿਚ ਅਣਗਿਣਤ ਮਹਾਂ - ਪੁਰਸ਼ ਹੋਏ ਹਨ ਜਿਹਨਾਂ ਦਾ ਜੀਵਨ ਅਹਾਰ ਹੀ ਪ੍ਰਭੂ ਦਾ ਨਾਮ ਹੋਇਆ । ਉਹ ਇਸ ਸੰਸਾਰ ਵਿਚ ਅਮਰ ਹੋਏ ਜਦੋਂ ਕੇ ਮਾਇਆ ਦੇ ਪਸਾਰੇ ਵਿਚ ਉਲਝ ਮਾਇਆਧਾਰੀ ਇਹ ਲੋਕ ਤੇ ਪ੍ਰਲੋਕ ਦੋਹਾਂ ਤੋ ਮਾਰੇ ਗਏ ।

ਐਸੇ ਮਹਾਂ - ਪੁਰਸ਼ਾਂ ਵਿਚੋਂ ਭਗਤ ਬੇਣੀ ਜੀ ਹੋਏ ਹਨ ਜੋ ਪ੍ਰਭੂ - ਸਿਮਰਨ ਨਾਲ ਸਭ ਉਰਕਤਾ ਪ੍ਰਾਪਤ ਕਰ ਨਾਮ ਸਿਮਰਨ ਵਾਲਿਆਂ ਨੂੰ ਪਰਪੱਕ ਵਿਸਵਾਸ ਪ੍ਰਦਾਨ ਕਰ ਗਏ ਹਨ ।

ਭਗਤ ਬੇਣੀ ਜੀ ਦਾ ਅਸਲ ਨਾਮ ਬ੍ਰਹਮ ਭਾਟ ਬੇਣੀ ਸੀ । ਆਪ ਦਾ ਜਨਮ ਸੰਮਤ 1670 ਬਿ: ਵਿਚ ' ਅਧਨੀ ' ਪਿੰਡ ਵਿਚ ਹੋਇਆ। ਆਪ ਜਾਤੀ ਦੇ ਬ੍ਰਾਹਮਣ ਸਨ।[67]

ਘਰੇਲੂ ਨਿਰਵਾਹ ਲਈ ਲੋੜੀਂਦੇ ਸਾਧਨ ਪ੍ਰਾਪਤ ਨ ਹੋਣ ਦੇ ਬਾਵਜੂਦ ਆਪ ਇਕ ਪਰਮੇਸ਼ਰ ਤੇ ਟੇਕ ਰਖਦੇ ਤੇ ਸਬਰ ਸੰਤੋਖ ਨਾਲ ਦਿਨ ਲੰਘਾਉਂਦੇ ਸਨ।[68]

ਕਹਿੰਦੇ ਹਨ ਪ੍ਰਮਾਤਮਾ ਭਗਤਾਂ ਦਾ ਇਮਤਿਹਾਨ ਲੈਂਦਾ ਹੈ । ਇਸ ਕਥਨ ਮੁਤਾਬਕ ਭਗਤ ਬੇਣੀ ਜੀ ਤੇ ਗਰੀਬੀ ਨੇ ਇਤਨਾਂ ਮਾਰੂ ਹਲਾ ਕੀਤਾ ਕਿ ਉਹ ਬਹੁਤ ਉਦਾਸ ਹੋ ਗਏ । ਰਾਤ ਦਿਨੇ ਏਹੋ ਵਿਚਾਰਦੇ ਰਹਿੰਦੇ ਸਨ ਕਿ ਮਾਨਵ ਜੀਵਨ ਦਾ ਅੰਤ ਕਰ ਲੈਣ, ਅਗਲੇ ਜੀਵਨ ਨੂੰ ਕੀ ਪਤਾ ਕੈਸਾ ਹੋਏ । ਹੋ ਸਕਦਾ ਹੈ ਕਿ ਜੇ ਇਸ ਜਨਮ ਦੁੱਖੀ ਹਨ ਤਾਂ ਅਗਲੇ ਵਿਚ ਸੁਖੀ ਹੋ ਜਾਣਗੇ । ਐਸੀ ਹੀ ਦਲੀਲਾ ਕਰਿਆ ਕਰਦੇ ਸਨ । ਕਿਉਂਕਿ ਬੱਚਿਆਂ ਦਾ ਭੁਖਿਆਂ ਵਿਲਕਣਾ ਨਾ ਦੇਖਿਆ ਜਾਂਦਾ । ਹਰ ਰੋਜ ਇਸਤ੍ਰੀ ਲੜਦੀ । ਉਹ ਐਸੀ ਮਾਯਾ ਘਾਟੇ ਦੇ ਦੁਖਾਂ ਤੇ ਤੰਗ ਆ ਗਿਆ ਤੇ ਹਰ ਰੋਜ਼ ਮਨ ਹੀ ਮਨ ਕਲੇਸ਼ ਕਰਨ ਲਗਾ ।[69] ਕੁਦਰਤ ਦੀ ਕ੍ਰਿਪਾ ਹੋਈ ਸੱਬਬ ਨਾਲ ਇਕ ਮਹਾਂ ਪੁਰਸ਼ ਮਿਲੇ ਉਹਨਾਂ ਪ੍ਰਭੂ ਭਗਤੀ ਕਰਨ ਦੀ ਸਲਾਹ ਦਿੱਤੀ ਤੇ ਕਿਹਾ ਜੋ ਪ੍ਰਭੂ ਭਗਤੀ ਕਰਦਾ ਹੈ ਪ੍ਰਮਾਤਮਾ ਉਸਦੇ ਸਭ ਪਰਦੇ ਕਜਦਾ ਹੈ । ਇਹ ਆਲਸੀ ਬੇਣੀ ਦੇ ਮਨ ਨੂੰ ਗੱਲ ਲਗ ਗਈ । ਬਸ ਫਿਰ ਕੀ ਸੀ ਜੰਗਲ ਨੂੰ ਚਲੇ ਜਾਂਦੇ ਤੇ ਉਥੇ ਪ੍ਰਭੂ ਭਗਤੀ ਕਰਨ ਵਿਚ ਰੁਝ ਜਾਂਦੇ, ਸਭ ਕਲੇਸ਼ ਮਿਟ ਜਾਂਦੇ ।

ਭਾਈ ਗੁਰਦਾਸ ਜੀ ਲਿਖਦੇ ਹਨ – ਚੋਰੀ ਛਿਪੇ ਬੰਦਗੀ ਕਰਦੇ ਇਥੇ ਤਕ ਕੇ ਆਪਣੇ ਘਰ ਵਾਲੇ ਨੂੰ ਭੀ ਨਹੀਂ ਦਸਦੇ ਕਿ ਉਹ ਕਿਥੇ ਜਾਂਦੇ ਹਨ । ਸਵੇਰੇ ਤੁ ਜਾਣਾ ਤੇ ਸ਼ਾਮ ਨੂੰ ਘਰ ਆਣਾ । ਘਰ ਵਾਲੀ ਨੇ ਪੁਛਣਾ ਸੁਵਾਮੀ ਜੀ ਸਵੇਰੇ ਦੇ ਗਏ ਸੀ ਖਾਲੀ ਹਥ ਘਰ ਆਏ ਹੋ ਕਿਥੇ ਗਏ ਸੀ । ਕਹਿਣਾ ਕਿ ਮੈਂ

ਰਾਜੇ ਦੇ ਦਰਬਾਰ ਕਥਾ ਕਰਨ ਜਾਣਾ । ਜਦੋਂ ਕਥਾ ਦਾ ਭੋਗ ਪਏਗਾ । ਰਾਜਾ ਸਾਨੂੰ ਬਹੁਤ ਸਾਰੀ ਮਾਇਆ ਦੇਵੇਗਾ । ਬੜੇ ਦਿਨ ਬੀਤ ਗਏ ਜੋ ਕੁਝ ਘਰ ਸੀ ਉਹ ਖਤਮ ਹੋ ਗਿਆ ਕਿਉਂਕਿ ਖਾਲੀ ਹੱਥ ਜਾਣਾ ਤੇ ਖਾਲੀ ਹੱਥ ਵਾਪਸ ਆ ਜਾਣਾ । ਹੁਣ ਬੱਚਿਆਂ ਜੇ ਰੋਟੀ ਮੰਗਣੀ, ਘਰ ਵਾਲੀ ਨੇ ਕਹਿਣਾ ਕਿ ਅਜ ਐਹ ਚੀਜ਼ ਚਾਹੀਦੀ ਅਜ ਐਹ ਚੀਜ਼ ਚਾਹੀਦੀ ਤੇ ਕੋਈ ਨਾ ਕੋਈ ਬਹਾਨਾ ਕਰਕੇ ਸਮਾਂ ਪਾਸ ਕਰੀ ਜਾਣਾ । ਕੋਈ ਨਾ ਕੋਈ ਬਹਾਨਾ ਕਰੀ ਜਾਣਾ ਪਰ ਕਦੋਂ ਤਕ ਚਲਦਾ । ਇਕ ਦਿਨ ਭਗਤ ਜੀ ਦੇ ਮਾਤਾ ਜੀ ਨੇ ਫੈਸਲਾ ਕਰ ਲਿਆ ਕਿ ਅਜ ਭਗਤ ਜੀ ਆਣ ਤਾਂ ਇਹਨਾਂ ਦੀ ਚੰਗੀ ਤਰ੍ਹਾਂ ਖਬਰ ਲੈਣੀ । ਕਿ ਆਪ ਤਾਂ ਜਿਉਂ ਸਵੇਰੇ ਨਿਕਲਦੇ ਹਨ ਤਾਂ ਰਾਤ ਨੂੰ ਆਉਂਦੇ ਨੇ ਤੇ ਸਾਰਾ ਦਿਨ ਬੱਚੇ ਮੈਨੂੰ ਵਢ ਵਢ ਖਾਂਦੇ ਨੇ । ਪੂਰਾ ਫੈਸਲਾ ਕਰ ਲਿਆ । ਸ਼ਾਮ ਨੂੰ ਭਗਤ ਜੀ ਘਰ ਆਏ । ਭਗਤ ਜੀ ਤਾਂ ਕਿਸੇ ਰੰਗ ਵਿਚ ਸਨ । ਬੱਚੇ ਜਿਹੜੇ ਨੇ ਭੁਖੇ ਸੁੱਤੇ ਨੇ । ਮਾਤਾ ਜੀ ਨੂੰ ਬੜਾ ਗੁੱਸਾ ਚੜ੍ਹਿਆ । ਭਗਤ ਜੀ ਨੂੰ ਪਾਣੀ ਪੁਛਿਆ ਨਹੀਂ ਕਹਿਣ ਲਗੀ ਸਵਾਮੀ ਜੀ ਪਤਾ ਨਹੀਂ ਤੁਹਾਡਾ ਰਾਜਾ ਕੌਣ ਹੈ ? ਕੀਹਦੇ ਦਰਬਾਰ ਵਿਚ ਕਥਾ ਕਰਦੇ ਹੋ ? ਕਦੋਂ ਭੋਗ ਪੈਣਾ ਹੈ ਤੇ ਕਦੋਂ ਕੁਛ ਮਿਲਣਾ ਹੈ ਪਰ ਇਹ ਜੋ ਬੱਚੇ ਨੇ ਮੈਨੂੰ ਵੱਢੂ ਵੱਢੂ ਖਾਂਦੇ ਨੇ ਤੇ ਇੰਝ ਕਰੋ ਮੈਂ ਵੀ ਫੈਸਲਾ ਕਰ ਲਿਆ ਹੈ ਜਦੋਂ ਸਵੇਰੇ ਕਥਾ ਕਰਨ ਜਾਉਗੇ । ਇਹ ਚੋਣਾ ਮੈਂ ਤੁਹਾਡੇ ਨਾਲ ਤੋਰ ਦੇਣਾ । ਮੇਰਾ ਜਿਦਰ ਦਿਲ ਕਰੇਗਾ ਚਲੇ ਜਾਣਾ । ਤੁਸੀਂ ਜਾਣੋ ਤੁਹਾਡਾ ਰਾਜਾ ਜਾਣੇ ਤੇ ਤੁਹਾਡੇ ਬੱਚੇ ਜਾਨਣ । ਭਗਤ ਜੀ ਕਹਿਣ ਲਗੇ ਇਹ ਕੰਮ ਤਾਂ ਖਰਾਬ ਹੋ ਗਿਆ । ਪਰ ਕੰਨ ਵਲੇਟ ਕੇ ਲੰਮੇ ਪੈ ਗਏ ।ਕਿਉਂਕਿ ਆਦਤ ਬਣ ਚੁੱਕੀ ਸੀ ਘਰ ਵਾਲੀ ਦੀਆਂ ਝਿੜਕਾਂ ਸੁਨਣ ਦੀ । ਘਰ ਵਿਚ ਜਿਆਦਾ ਹੀ ਕਲੇਸ਼ ਪੈ ਗਿਆ । ਪਰ ਘਰ ਵਾਲੀ ਨੂੰ ਕੀ ਪਤਾ ਸੀ ਕਿ ਭਗਤ ਜੀ ਕੀ ਕਰਦੇ ਹਨ । ਅੱਧੀਰਾਤ ਦਾ ਵੇਲਾ ਘਰ ਵਾਲੀ ਵੀ ਸੁਤੀ ਬੱਚੇ ਵੀ ਸੁੱਤੇ । ਹੁਣ ਭਗਤ ਬੇਣੀ ਜੀ ਕਹਿਣ ਲਗੇ ਕਿ ਜੇ ਬੱਚੇ ਉਠ ਪਏ ਤਾਂ ਘਰ ਵਾਲੀ ਜਾਗ ਪਈ ਤਾਂ ਹੁਣ ਉਹਨੇ ਬੱਚੇ ਨਾਲ ਤੋਰ ਦੇਣੇ ਨੇ ਤੇ ਰਾਜਾ ਤਾਂ ਕੋਈ. ਹੈ ਨਹੀਂ ਮੈਂ ਕਿਥੇ ਲੈ ਜਾਵਾਂਗਾ । ਚਾਦਰ ਦੇ ਨਾਲ ਮੂੰਹ ਸਿਰ ਲਪੇਟਿਆ ਦਬੇ ਪੈਰੀ ਉਠੇ ਨੇ ਰੋਜ਼ ਬੰਦਗੀ ਕਰਦੇ ਸਨ ਉਥੇ ਬੈਠ ਜਾਂਦੇ ਨੇ । ਹੁਣ

ਪ੍ਰਮੇਸ਼ਵਰ ਨੇ ਵੀ ਵੇਖ ਲਿਆ ਕਿ ਹੁਣ ਅੰਤ ਹੋ ਗਈ ਹੈ । ਬੰਦਗੀ ਵੀ ਪ੍ਰਵਾਨ ਹੋ ਗਈ ਹੈ । ਅਕਾਲ ਪੁਰਖ ਨੇ ਰਾਜੇ ਦਾ ਭੇਸ ਧਾਰਿਆ । ਗੱਡੇ ਸਮਾਨ ਦੇ ਭਰੇ ਸੋਨਾ ਚਾਂਦੀ ਕਪੜੇ ਖਾਣ ਦੀਆਂ ਚੀਜ਼ਾਂ । ਭਗਤ ਬੇਣੀ ਜੀ ਦੇ ਘਰ ਆ ਗਏ । ਆ ਕੇ ਬੂਹਾ ਖੜਕਾਇਆ । ਭਗਤ ਦੀ ਪਤਨੀ ਨੇ ਦਰਵਾਜ਼ਾ ਖੋਲਿਆ । ਸਾਹਮਣੇ ਭਗਵਾਨ ਰਾਜੇ ਦੇ ਰੂਪ ਵਿਚ ਖਲੋਤਾ । ਕਹਿਣ ਲਗੇ ਬੇਣੀ ਦਾ ਘਰ ਇਹ ਹੀ ਹੈ । ਅਗੋ ਪਤਨੀ ਨੇ ਕਿਹਾ ਹਾਂ ਮਹਾਰਾਜ ! ਭਗਵਾਨ ਕਹਿਣ ਲਗੇ ਬੇਣੀ ਦੀ ਕਥਾ ਦਾ ਭੋਗ ਮੇਰੇ ਦਰਬਾਰ ਵਿਚ ਪੈ ਗਿਆ । ਇਹ ਸਭ ਸਮਾਨ ਉਹਨਾਂ ਨੇ ਭੇਜਿਆ । ਘਰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ । ਉਥੋ ਤੁਰੇ ਭਗਵਾਨ ਜਿਥੇ ਭਗਤ ਬੇਣੀ ਬੰਦਗੀ ਕਰਦੇ ਸਨ ਉਥੇ ਪਹੁੰਚ ਗਏ । ਬੇਣੀ ਨੇ ਅੱਖਾਂ ਖੋਹਲੀਆਂ ਭਗਵਾਨ ਦੇ ਦਰਸ਼ਨ ਕਰ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ । ਉਹ ਭਗਤ ਬੇਣੀ ਜਿਹਨਾਂ ਦੀ ਪੂਰੀ ਨਹੀਂ ਸੀ ਪੈਂਦੀ ਉਹਨਾਂ ਦੀ ਜੈ ਜੈ ਕਾਰ ਹੋ ਗਈ ।[70]

ਬੇਣੀ ਜੀ ਚੰਗੇ ਪੜ੍ਹੇ ਲਿਖੇ ਵਿਦਵਾਨ ਸਨ ਤੇ ਸਮਕਾਲੀ ਮਤ ਮਤਾਂਤਰਾਂ ਦੀ ਉਨ੍ਹਾਂ ਨੂੰ ਚੰਗੀ ਜਾਣਕਾਰੀ ਸੀ । ਇਸੇ ਕਰਕੇ ਉਨ੍ਹਾਂ ਆਪਣੇ ਸਮੇਂ ਦੇ ਕਰਮ ਕਾਂਡੀ ਬ੍ਰਾਹਮਣੀ ਧਰਮ ਤੇ ਯੋਗ ਮਤ ਦੀ ਚੰਗੀ ਆਲੋਚਨਾ ਕੀਤੀ ਹੈ ।[71]

ਗੁਰੂ ਗ੍ਰੰਥ ਸਹਿਬ ਵਿਚ ਆਪ ਦੇ ਤਿੰਨ ਸ਼ਬਦ, ਸਿਰੀ, ਰਾਮਕਲੀ ਤੇ ਪ੍ਰਭਾਤੀ ਰਾਗ ਵਿਚ ਮਿਲਦੇ ਹਨ । ਅਜ ਉਨ੍ਹਾਂ ਦੇ ਨਗਰ ਅਧਨੀ ਵਿਚ ਉਨ੍ਹਾਂ ਦੀ ਯਾਦ ਮਨਾਈ ਜਾਂਦੀ ਹੈ ।[72]

## 2.7 ਭਗਤ ਰਾਮਾ ਨੰਦ ਜੀ

ਭਾਰਤ ਉਪਰ ਮੁਸਲਮਾਨਾਂ ਦੇ ਰਾਜ ਨੇ ਤੇ ਇਸਲਾਮ ਧਰਮ ਦੇ ਪ੍ਰਚਾਰ ਨੇ ਜਿਥੇ ਇਥੋਂ ਦੇ ਵਸਨੀਕਾਂ ਨੂੰ ਜਬਰ ਜ਼ੁਲਮ ਦਾ ਸ਼ਿਕਾਰ ਬਣਾਇਆ ਉਥੇ

ਲੋਕਾਂ ਦੀ ਜੀਵਨ ਮਰਯਾਦਾ ਉਪਰ ਵੀ ਬਹੁਤ ਮਾਰੂ ਹਮਲੇ ਕੀਤੇ । ਹਿੰਦੂ ਸਮਾਜ ਜਿਥੇ ਬਾਹਰੋ ਜਰਵਾਣਿਆ ਦੇ ਹਥੋ ਮਾਰ ਖਾਹ ਰਿਹਾ ਸਹ ਉਥੇ - ਇਸ ਨੂੰ ਅੰਦਰੋਂ ਘੁਣ ਦੀ ਤਰ੍ਹਾਂ ਬ੍ਰਾਹਮਣਾਂ ਦੇ ਕਰਮ ਕਾਂਡਾ ਤੇ ਜਾਤ ਪਾਤ ਦੇ ਵਿਤਕਰੇ ਖੋਖਲਾ ਕਰੀ ਜਾ ਰਹੇ ਸਨ । ਅਜੇਹੀ ਦੁਰਦਸ਼ਾ ਵਿਚ ਇਸ ਦੇ ਜ਼ਖਮਾਂ ਤੇ ਮਹਰਮ ਧਰਨ ਲਈ, ਇਸ ਨੂੰ ਰਹਾਨੀ ਸੁੱਖ ਸ਼ਾਂਤੀ ਦੇਣ ਲਈ, ਇਸ ਨੂੰ ਭਗਤੀ ਦਾ ਨਵਾਂ-ਨਵੇਕਲਾ ਰਾਹ ਦਸਣ ਲਈ ਅਤੇ ਸਭ ਤੇ ਵਧਕੇ ਆਰਥਿਕ ਤੇ ਰਾਜਨੀਤਕ ਨਿਰਾਸ਼ਾ ਦੇ ਡੂੰਘੇ ਟੋਇਆ ਵਿਚੋਂ ਬਾਹਰ ਕੱਢਣ ਲਈ ਸੁਆਮੀ ਰਾਮਾ ਨੰਦ ਜੀ ਦੀ ਅਗਵਾਈ ਹੇਠ ਇਕ ਜ਼ੋਰਦਾਰ ' ਭਗਤੀ ਅੰਦੋਲਨ ' ਜਨਮ ਲੈਂਦਾ ਹੈ । ਰਾਮਾ ਨੰਦ ਨੇ ਆਮ ਲੋਕਾਂ ਦੀ ਦੁਖਦੀ ਰਗ ਤੇ ਹੱਥ ਰਖਿਆ ਅਤੇ ਉਸ ਲਈ ' ਰਾਮ ਨਾਮ ' ਦੀ ਔਖਧੀ ਤਿਆਰ ਕਰਕੇ ਉਸਨੂੰ ਏਕਤਾ, ਸਮਾਨਤਾ, ਭ੍ਰਾਤੀਅਤਾ ਅਤੇ ਪਿਆਰ - ਮਿਲਵਰਤਨ ਦਾ ਸ਼ੁਭ ਸੰਦੇਸ ਦਿਤਾ ।[73]

ਆਪ ਜੀ ਦੇ ਜਨਮ ਸੰਬੰਧੀ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਕਾਨਯਕੁਬਜ ਬ੍ਰਾਹਮਣ ਭੂਰਿ ਕਰਮਾ ਦੇ ਘਰ ਸੁਸੀਲਾ ਦੇ ਉਦਰ ਤੋਂ ਇਸ ਦਾ ਜਨਮ ਸੰਮਤ 1423 ਵਿਚ ਪ੍ਰਯਾਗ ਹੋਇਆ, ਮਾਤਾ ਪਿਤਾ ਨੇ ਇਸ ਦਾ ਨਾਮ ਰਾਮ ਦੱਤ ਰਖਿਆ ।[74] ਰਾਮਾ ਨੰਦ ਜੀ ਦੇ ਜਨਮ ਸੰਮਤ ਪਿਤਾ ਦੇ ਨਾਮ ਤੇ ਟਿਕਾਣੇ ਸੰਬੰਧੀ ਇਤਿਹਾਸਕਾਰਾਂ ਵਿਚਕਾਰ ਕੁਝ ਮਤ ਭੇਦ ਹਨ । ਮਿਸਟਰ ਮੈਕਾਲਫ ਨੇ ਆਪ ਦਾ ਜਨਮ ਗੌੜ੍ਹ ਬ੍ਰਾਹਮਣਾਂ ਦੇ ਘਰ ' ਮੇਲ ਕੋਟ ' ਵਿਖੇ ਹੋਇਆ ਲਿਖਿਆ ਹੈ ।

ਜਿਥੇ ਕਿ ਰਾਮਾ ਨੇ ਵਿਸ਼ਨੂੰ ਦੀ ਮੂਰਤੀ ਸਥਾਪਤ ਕਰਕੇ, ਬ੍ਰਾਹਮਣਾਂ ਨੂੰ ਵਿਸ਼ਨੂੰ - ਪੂਜਕ ਦਾ ਉਪਦੇਸ਼ ਕੀਤਾ ਸੀ ।[75]

ਡਾਕਟਰ ਧਰਮ ਪਾਲ ਸਿੰਗਲ ਜੀ ਆਪ ਦਾ ਜਨਮ ਸੰਮਤ 1356 ਜਾਂ ਸਨ 1299 ਵਿਚ ਪ੍ਰਯਾਗ ਵਿਚ ਹੋਇਆ ਮੰਨਦੇ ਹਨ ।[76]

ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਕਈਆ ਨੇ ਜਨਮ ਸੰਮਤ 1356 ਅਤੇ ਦੇਹਾਂਤ 1467 ਲਿਖਿਆ ਹੈ, ਜੋ ਭਾਰੀ ਭੁਲ ਹੈ ।[77]

ਇਸ ਸੰਬੰਧ ਵਿਚ ਗਿਆਨੀ ਪ੍ਰਤਾਪ ਸਿੰਘ ਜੀ ਲਿਖਦੇ ਹਨ ਕਿ ਰਾਮਾ ਨੰਦ ਦਾ ਜਨਮ ਸੰਮਤ 1356 ਬਿ: ਠੀਕ ਨਹੀਂ ਪ੍ਰਤੀਤ ਹੁੰਦਾ। ਕਿਉਂਕਿ ਪ੍ਰਸਿਧ ਇਤਿਹਾਸਕਾਰਾਂ ਦੀ ਇਹ ਨਿਸਚਿਤ ਰਾਇ ਹੈ ਕਿ ਕਬੀਰ ਜੀ ਦਾ ਜਨਮ 1451-55 ਵਿਚ ਹੋਇਆ ਹੈ। ਇਸ ਹਾਲਤ ਵਿਚ ਉਸ ਸਮੇਂ ਰਾਮਾਨੰਦ ਜੀ ਦੀ ਉਮਰ ਸੌ ਵਰ੍ਹੇ ਦੀ ਬਣਦੀ ਹੈ। ਫਿਰ ਜੇ ਕਦੀ ਕਬੀਰ ਜੀ ਨੇ 20-25 ਵਰ੍ਹੇ ਦੀ ਉਮਰ ਵਿਚ ਆਪ ਪਾਸੋ ਉਪਦੇਸ਼ ਲੀਤਾ ਹੋਵੇ ਤਾਂ ਇਸ ਹਿਸਾਬ ਨਾਲ 125 ਬਰਸ ਹੁੰਦੀ ਹੈ। ਜਿਸ ਸਮੇਂ ਕਬੀਰ 25 ਵਰ੍ਹੇ ਦੇ ਹੁੰਦੇ ਹਨ, ਉਸ ਸਮੇਂ ਰਾਮਾ ਨੰਦ ਜੀ 125 ਬਰਸ ਦੇ ਮੰਨਣੇ ਪੈਣਗੇ। ਉਪਦੇਸ਼ ਦੇਣ ਤੋ ਉਪਰੰਤ ਵੀ ਉਨ੍ਹਾਂ ਦੀ ਜੀਵਨ ਮੰਨਿਆ ਜਾਵੇ ਤਾਂ ਆਯੂ ਹੋਰ ਵੀ ਵਧ ਜਾਂਦੀ ਹੈ। ਪਰ ਇਨ੍ਹਾਂ ਦੀ ਇਤਨੀ ਦੀਰਘ ਆਯੂ ਕਿਸੇ ਵੀ ਪੁਰਾਤਨ ਗ੍ਰੰਥ ਵਿਚ ਨਹੀਂ ਲਿਖੀ ਹੋਈ।[78] ਅਗੇ ਚਲਕੇ ਪਿਤਾ ਦੇ ਨਾਮ ਦੇ ਸੰਬੰਧ ਵਿਚ ਗਿਆਨੀ ਜੀ ਲਿਖਦੇ ਹਨ ਕਿ ਆਪ ਦੇ ਪਿਤਾ ਦੇ ਨਾਮ ਜੋ ਅੰਤਰਾ ਹੈ, ਉਸ ਸੰਬੰਧੀ ਸਾਡਾ ਅਨੁਮਾਨ ਹੈ ਕਿ 'ਭੂਰਿ ਕਰਮਾ' ਤੇ ਪੁੰਨ - ਸਦਨ ਇਕੋ ਹੀ ਪੁਰਸ਼ ਦੇ ਦੋ ਨਾਮ ਹੋ ਸਕਦੇ ਹਨ। ਸੰਭਵ ਹੈ ਕਿ ਭੂਰ ਕਰਮਾ ਤਾਂ ਅਸਲੀ ਨਾਮ ਹੋਵੇ ਤੇ ਇਕ ਮਹਾ ਪੁਰਸ਼ (ਜਿਸ ਤੋ ਸੰਸਾਰ ਦੇ ਅਨੇਕ ਆਤਮਿਕ ਤੌਰ ਤੇ ਵਰਸਾਏ ਹੋਣ) ਦੇ ਪਿਤਾ ਹੋਣ ਕਰਕੇ ਲੋਕਾਂ ਨੇ ਉਸ ਨੂੰ ਪੁੰਨ - ਸਦਨ ਅਰਥਾਤ ਪੁੰਨ ਦਾ ਘਰ ਦੀ ਪਦਵੀ ਨਾਲ ਸੰਬੋਧਨ ਕੀਤਾ ਹੋਵੇ।[79]

ਭਗਤ ਰਾਮਾਨੰਦ ਜੀ ਦਾ ਬਚਪਨ ਦਾ ਨਾਮ ਰਾਮ ਦੱਤ ਸੀ। ਬਚਪਨ ਘਰ ਬਤੀਤ ਕੀਤਾ ਤੇ ਜਨੇਊ ਆਦਿ ਦੀ ਰਸਮ ਉਪਰੰਤ ਆਪ ਜੀ ਦੀ ਵਿਦਿਆ ਨੂੰ ਮੁਖ ਰਖਕੇ ਕਾਂਸੀ ਲੈ ਗਏ। ਉਥੇ ਆਪ ਜੀ ਨੇ ਇਕ ਸੰਨਿਆਸੀ ਸਾਧੂ ਪਾਸ ਧਾਰਮਿਕ ਸਿਖਿਆ ਤੇ ਵਿਦਿਆ ਪ੍ਰਾਪਤ ਕੀਤੀ। ਸ਼ੁਰੂ ਤੋਂ ਹੀ ਆਪ ਦੀ ਰੁਚੀ ਭਗਤੀ ਵਲ ਵਧੇਰੇ ਸੀ।

ਦੈਵ ਨੇਤ ਇਕ ਦਿਨ ਭਗਤ ਰਾਮਾਨੰਦ ਜੀ ਬਗੀਚੀ ਵਿਚ ਫੁੱਲ ਤੋੜਨ ਲਈ ਗਏ ਤਾਂ ਉਥੇ ਇਨ੍ਹਾਂ ਨੂੰ ਰਾਘਵਾ ਨੰਦ ਨਾਮ ਦੇ ਪਹੁੰਚੇ ਸਾਧੂ ਨਾਲ ਮੇਲ

ਹੋ ਗਿਆ । ਰਾਘਵਾ ਨੰਦ ਜੀ ਨੇ ਰਾਮ ਦੱਤ ਦੀ ਭੋਲੀ ਭਾਲੀ, ਪ੍ਰੇਮ ਭਰੀ ਸੂਰਤ ਦੇਖ ਜਦ ਉਸ ਦੇ ਭਵਿੱਖ ਨੂੰ ਵੇਖਿਆ ਤਾਂ ਉਸ ਦੀ ਮੌਤ ਨੇੜੇ ਵੇਖ ਕਹਿਣੋ ਰਹਿ ਨ ਸਕੇ । ਮੌਤ ਦਾ ਭਿਆਨਕ ਸ਼ਬਦ ਸੁਣ ਰਾਮ ਦਤ ਭੁਭਹੁਲਿਕਾ ਹੋਇਆ ਆਪਣੇ ਸੰਨਿਆਸੀ ਗੁਰੂ ਕੋਲ ਆ ਗਿਆ ਤੇ ਸਾਰੀ ਗੱਲ ਦਸੀ, ਰਾਘਵਾ ਨੰਦ ਦਾ ਨਾਮ ਸੁਣਕੇ ਸੰਨਿਆਸੀ ਭੀ ਫਿਕਰ ਮੰਦ ਹੋ ਗਿਆ ਤੇ ਰਾਮ ਦਤ ਨੂੰ ਨਾਲ ਲੈ ਕੇ ਰਾਘਵਾ ਨੰਦ ਜੀ ਪਾਸ ਪਹੁੰਚ ਕੇ ਉਸ ਦੀ ਦੀਰਘ ਆਯੂ ਲਈ ਕਿਸੇ ਉਪਾਅ ਲਈ ਬੇਨਤੀ ਕੀਤੀ । ਰਾਘਵਾ ਨੰਦ ਜੀ ਨੇ ਕਿਹਾ ਕਿ ਯੋਗ ਸਾਧਨਾ ਰਾਹੀਂ ਇਹ ਲੰਮੀ ਉਮਰ ਵਾਲਾ ਹੋ ਸਕਦਾ ਹੈ ।

ਇਹ ਉਤਰ ਸੁਣਕੇ ਰਾਮਾ ਨੰਦ ਜੀ ਨੇ ਰਾਘਵਾ ਨੰਦ ਨੂੰ ਗੁਰਦੀਖਿਆ ਦੇਣ ਲਈ ਬੇਨਤੀ ਕੀਤੀ । ਉਸਨੇ ਵੈਸ਼ਨਵ ਮਤ ਅਨੁਸਾਰ ਗੁਰ ਮੰਤਿਰ ਦੇ ਕੇ ' ਰਾਮ ਦਤ ' ਤੋਂ ਰਾਮਾ ਨੰਦ ' ਬਣਾ ਦਿਤਾ । ਯੋਗ ਅਭਿਆਸ ਦਵਾਰਾ ਸੁਰਤ ਦਸਮ ਦੁਆਰ ਚੜ੍ਹਾ ਦਿਤੀ, ਤੇ ਅਗੋ ਲਈ ਪ੍ਰਾਣ ਦਸਮ ਦੁਆਰ ਵਿਚ ਸਥਿਤ ਕਰਨ ਦੀ ਜਾਚ ਵੀ ਦਸੀ ।[80]

ਭਗਤ ਰਾਮਾ ਨੰਦ ਜੀ ਆਪਣੇ ਗੁਰੂ ਰਾਘਵਾਨੰਦ ਜੀ ਦੀ ਸੇਵਾ ਵਿਚ ਜੁਟ ਗਏ । ਉਨ੍ਹਾਂ ਦੇ ਦਸੇ ਨਿਤ ਨੇਮ ਤੇ ਚਲ ਜੀਵਨ ਦੀ ਗਤੀ ਹੀ ਬਦਲ ਦਿਤੀ । ਸਰੀਰ ਅਰੋਗ ਤੇ ਮਨ ਹਮੇਸ਼ਾ ਟਿਕਾਊ ਵਾਲੀ ਸਥਿਤੀ ਵਿਚ ਰਹਿੰਦਾ, ਕੁਝ ਦੇਰ ਅਭਿਆਸ ਵਿਚ ਪਰਪੱਕਰਨ ਤੋ ਬਾਅਦ ਰਾਘਵਾ ਨੰਦ ਜੀ ਨੇ ਰਾਮਾ ਨੰਦ ਨੂੰ ਕਿਹਾ ਜਾਹ ਸੰਸਾਰ ਦੇ ਜੀਵਾਂ ਵਿਚ ਤੇਰਾ ਨਾਮ ਰੌਸ਼ਨ ਹੋਵੇਗਾ ਤੇ ਉਨ੍ਹਾਂ ਨੂੰ ਸ਼ਾਂਤੀ ਦਾ ਮਾਰਗ ਦਿਖਾਲ ਤੇ ਪ੍ਰਭੂ ਨਾਲ ਮੇਲ ਲਈ ਉਪਦੇਸ਼ ਦੇ ।

ਰਾਮਾ ਨੰਦ ਗੁਰੂ ਦੀ ਆਗਿਆ ਦਾ ਪਾਲਣ ਕਰਦੇ ਹੋਏ ਦੇਸਾਂ ਦੀ ਯਾਤਰਾ ਕਰ ਬਦਰੀ ਨਰਾਇਣ ਪੁਜੇ । ਉਥੇ ਕੁਝ ਦਿਨ ਕਟ ਫਿਰ ਕਾਂਸੀ ਵਿਚ ਪੁੱਜੇ ਜੋ ਹਿੰਦੂ ਧਰਮ ਦਾ ਮਹਾਨ ਤੀਰਥ ਸਥਾਨ ਹੈ ।ਉਥੇ ਪਹੁੰਚ ਕੇ ਆਪ ਜੀ ਦਾ ਮੇਲ ਤੇ ਗਿਆਨ ਗੋਸਟ ਵਖ ਵਖ ਮਤਾਂ ਦੇ ਸਾਧੂਆਂ ਨਾਲ ਹੋਇਆ । ਇਥੇ

ਆਪ ਦੇ ਵਿਚਾਰਾਂ ਵਿਚ ਮਹਾਨ ਤਬਦੀਲੀ ਹੋਈ । ਇਤਿਹਾਸ ਦੇ ਅੰਧੇ ਯੁਗ ਵਿਚ ਸਮਾਜਿਕ ਕ੍ਰਾਂਤੀ ਦੇ ਅੱਗਰਦੂਤ, ਗਰੀਬਾਂ - ਨਿਤਾਣਿਆਂ, ਹੀਣਿਆਂ ਤੇ ਬੇਸਹਾਰਿਆਂ ਦੇ ਪ੍ਰਕਾਸ਼ - ਸਤੰਭ ਸੁਆਮੀ ਰਾਮਾਨੰਦ ਨਿਰੇ ਭਗਤ ਨਹੀਂ ਸਨ ਸਗੋਂ ਸਮਾਜਿਕ - ਆਰਥਿਕ ਰਾਜਨੀਤਕ ਮਸਲਿਆਂ ਬਾਰੇ ਡੂੰਘਾ ਵਿਚਾਰ ਕਰਕੇ ਨਵੇਂ ਸਿੱਟੇ ਕੱਢਣ ਵਾਲੇ ਅਤੇ ਸਾਡਾ ਪੰਥ ਅਲੌਕਿਕ ਕਰਨ ਵਾਲੇ ਮਹਾਤਮਾ ਸਨ । ਇਨ੍ਹਾਂ ਨੇ ਸਰਵ ਸਧਾਰਕ ਨੂੰ ਭਗਤੀ ਦਾ ਅਧਿਕਾਰ ਊਚ - ਨੀਚ ਦਾ ਮਸਨੂਈ ਭੇਦ ਸਮਾਪਤ ਕੀਤਾ । ਰਾਮ - ਨਾਮ ਦੀ ਪਵਿੱਤਰ ਗੰਗਾ ਝੁੱਗੀਆਂ ਝੌਂਪੜੀਆਂ ਤੱਕ ਪੁਚਾਈ, ਵੇਲੇ ਦੇ ਜਾਬਰ ਹਾਕਮਾਂ ਨੂੰ ਲਲਕਾਰਿਆ ਅਤੇ ਮਾਨਵਤਾਵਾਦੀ ਅਧਿਆਤਮਵਾਦੀ ਸੋਚ ਨੂੰ ਬਲਵਾਨ ਕੀਤਾ ।[81]

ਉਪਰੋਕਤ ਵਿਚਾਰਾਂ ਕਾਰਨ ਆਪ ਜੀ ਦੇ ਗੁਰੂ ਰਾਘਵਨੰਦ ਤੇ ਹੋਰ ਵੈਸ਼ਨਵ ਚੇਲਿਆਂ ਵਿਚ ਖਲਬਲੀ ਮਚ ਗਈ । ਕਿਉਂਕਿ ਉਹ ਜਾਤ ਪਾਤ ਦੇ ਬੜੇ ਪਾਬੰਦ ਸਨ । ਬ੍ਰਾਹਮਣੀ ਕਰਮ ਵਾਡ ਨੂੰ ਹੀ ਸਭ ਕੁਝ ਸਮਝ ਰੱਬ ਤੋਂ ਕੋਹਾਂ ਦੂਰ ਸਨ । ਅੰਤ ਰਾਮਾਨੰਦ ਜੀ ਨੂੰ ਵੈਸ਼ਨਵ ਮਤ ਵਿਚੋਂ ਸੇਕਣ ਦਾ ਰੌਲਾ ਪਿਆ । ਰਾਘਵਾਨੰਦ ਜੀ ਆਪਣੇ ਸਿਖ ਰਾਮਾਨੰਦ ਦੇ ਵਿਚਾਰ ਦੇ ਹਾਮੀ ਹੋ ਗਏ ਤੇ ਕਿਹਾ ਕਿ ਤੂੰ ਆਪਣੀ ਵਖਰੀ ਸੰਪ੍ਰਦਾਇ ਚਲਾ, ਉਪਰੋਕਤ ਵਿਚਾਰਾਂ ਦਾ ਪ੍ਰਚਾਰ ਕਰ ।

ਭਗਤ ਰਾਮਾਨੰਦ ਜੀ ਨੇ ਭਗਤੀ ਦੀ ਬਿਨਾ ਪਰ ਸਾਰੇ ਮਨੁੱਖਾਂ ਨੂੰ ਜਾਤ - ਵਰਣ ਦੀ ਹੱਦ ਤੋੜਕੇ ਆਪਣੇ ਵਿਚ ਸ਼ਾਮਲ ਕਰ ਲੈਣ ਦਾ ਉਪਦੇਸ਼ ਕੀਤਾ । ਸਾਰਿਆਂ ਨੂੰ ਇਕੋ ਪੰਗਤ ਵਿਚ ਬੈਠਕੇ ਭੋਜਨ ਕਰਨ ਲਈ ਆਗਿਆ ਦਿਤੀ ਤੇ ਸਿਧਾਂਤ ਨੂੰ ਪ੍ਰਚਾਰਿਆ ਕਿ ਕਹਿਣ ਮਾਤਰ ਨੀਚ ਜਾਤ ਦਾ ਆਦਮੀ ਜੇਕਰ ਭਗਤੀ ਕਰਦਾ ਹੈ ਤਾਂ ਉਸ ਕਰਮਕਾਂਡੀ ਬ੍ਰਾਹਮਣ ਨਾਲੋਂ ਚੰਗਾ ਹੈ, ਜਿਸਦੇ ਦਿਲ ਵਿਚ ਈਸ਼ਵਰ ਦਾ ਪਿਆਰ ਨਹੀਂ ।[82]

ਰਾਮਾਨੰਦ ਜੀ ਦੀ ਵਖਰੀ ਸੰਪ੍ਰਦਾਇ ਨੂੰ ਰਾਮਾ - ਨੰਦੀ, ਰਾਮ ਵਤ ਜਾਂ ਵੈਰਾਗੀ ਕਹਿੰਦੇ ਹਨ । ਵੈਸ਼ਨਵਾਂ ਤੇ ਰਾਮਵਤ ਸਾਧੂਆਂ ਵਿਚ ਕਈ ਅਸੂਲਾਂ ਦਾ ਮਤਭੇਦ ਹੈ । ਪਹਿਲੇ ਲਖਸ਼ਮੀ ਨਰਾਇਣ ਦੀ ਪੂਜਾ ਕਰਦੇ ਹਨ ਪਰ ਰਾਮਾਵਤ

' ਸੀਤਾਰਾਮ ' ਨੂੰ ਪੂਜਦੇ ਹਨ । ਇਨ੍ਹਾਂ ਦਾ ਮੂਲ ਮੰਤਰ ਵੀ ਰਾਮ ਨਾਮ ਹੈ । ਤੁਲਸੀ ਦੀ ਕੰਠੀ ਗਲ ਵਿਚ ਪਾਂਦੇ ਹਨ ਤੇ ਸਰੀਰ ਤੇ 12 ਤਿਲਕ ਕਰਦੇ ਹਨ । ਇਨ੍ਹਾਂ ਵਿਚ ਗ੍ਰਿਹਸਥੀ ਤੇ ਅਤੀਤ ਸਾਧੂ ਦੋਵੇਂ ਕਿਸਮ ਦੇ ਆਦਮੀ ਹੁੰਦੇ ਹਨ ।[83]

ਭਗਤ ਰਾਮਾਨੰਦ ਜੀ ਦੇ ਬਾਰਾਂ ਮੁਖ ਸ਼ਿਸ਼ ਹੋਏ ਹਨ ਜਿੰਨਾਂ ਦੇ ਨਾਮ ਹਨ ਅਨੰਤਾ ਨੰਦ, ਸੁਰੇਸ਼ੁਰਾ ਨੰਦ, ਨਰ ਹਰਿਆ ਨੰਦ, ਯੋਗਾ ਨੰਦ, ਕਬੀਰ ਜੀ, ਰਵਿ ਦਾਸ, ਪੀਪਾ ਜੀ, ਸੈਣ ਜੀ, ਭਾਵਾ ਨੰਦ, ਧੰਨੇਸ਼ੂਰ, ਗਾਲਵਾ ਨੰਦ, ਤੇ ਭਗਤ ਧੰਨਾ ਜਟ ਜੀ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨਾਂ ਭਗਤਾਂ ਦੀ ਬਾਣੀ ਦਰਜ ਹੈ ਉਨ੍ਹਾਂ ਵਿਚੋਂ, ਕਬੀਰ, ਰਵਿਦਾਸ, ਪੀਪਾ, ਧੰਨਾ ਤੇ ਸੈਣ ਜੀ ਹਨ । ਜਿਨਾਂ ਨੇ ਭਗਤ ਰਾਮਾਨੰਦ ਜੀ ਪਾਸੋ ਆਤਮਿਕ ਉਪਦੇਸ਼ ਪਾ ਪ੍ਰਮਾਤਮਾ ਦੇ ਦਰਸ਼ਨ ਕੀਤੇ । ਜੇ ਇਨ੍ਹਾਂ ਦੀ ਬਾਣੀ ਦਾ ਹਿਸਾਬ ਲਾਇਆ ਜਾਵੇ ਤਾਂ ਗਿਣਤੀ ਪਖੋਂ ਆਪ ਜੀ ਤੀਜਾ ਹਿਸਾ ਬਣਦੇ ਹਨ । ਪਰ ਬਾਣੀ ਦੀ ਰਚਨਾ ਪਖੋ ਆਪ ਤੇ ਆਪ ਦੇ ਸ਼ਿਸ਼ ਦੂਜੇ ਸਾਰੇ ਭਗਤਾਂ ਦੀ ਬਾਣੀ ਨਾਲੋਂ ਵਧ ਜਾਂਦੇ ਹਨ । ਇਸ ਲਈ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਵਿਚ ਉਨ੍ਹਾਂ ਮਹਾ ਪੁਰਖਾਂ ਦੇ ਖਿਆਲਾਂ ਦੀ ਪ੍ਰਧਾਨਤਾ ਹੈ ਜਿੰਨਾਂ ਨੇ ਸ੍ਰੀ ਰਾਮਾਨੰਦ ਜੀ ਦੀ ' ਚਰਨ ਛੋਹ ' ਪ੍ਰਾਪਤ ਕੀਤੀ ਸੀ ।[84]

ਭਗਤ ਰਾਮਾਨੰਦ ਜੀ 101 ਸਾਲ ਦੀ ਲੰਮੀ ਉਮਰ ਭੋਗ ਸੰਮਤ 1524 ਨੂੰ ਕਾਂਸੀ ਵਿਖੇ ਅਕਾਲ ਚਲਾਣਾ ਕਰ ਗਏ । ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਇਕ ਸ਼ਬਦ ਬਸੰਤ ਰਾਗ ਵਿਚ ਦਰਜ ਹੈ ।

## 2.8 ਭਗਤ ਕਬੀਰ ਜੀ

ਭਾਰਤੀ ਜਨਤਾ ਇਕ ਪਾਸੇ ਬ੍ਰਾਹਮਣਾਂ ਦੀ ਦਿਮਾਗੀ ਤੌਰ ਤੇ ਗੁਲਾਮ ਹੋਣ ਨਾਤੇ ਕੁਰਲਾ ਰਹੀ ਸੀ ਤਾਂ ਦੂਜੇ ਪਾਸੇ ਇਸਲਾਮ ਦੀ ਜਿਸਮਾਨੀ ਗੁਲਾਮੀ ਤਲਵਾਰ

ਦੇ ਜ਼ੋਰ ਨਾਲ ਧਰਮ ਬਦਲਣ ਦੀ ਪ੍ਰਥਾ ਮੌਤ ਜਾਂ ਇਸਲਾਮ ਇਕ ਚੀਜ਼ ਚੁਣਨੀ ਜਿਹੀ ਕਠਨ ਅਗਨੀ - ਪ੍ਰੀਖਿਆ ਸਾਹਮਣੇ ਨਰਾਰ ਸੀ । ਇਕ ਪਾਸੇ ਬ੍ਰਾਹਮਣ ਭੋਲੀ ਭਾਲੀ ਗਰੀਬ ਜਨਤਾ ਨੂੰ ਕਰਮਕਾਂਡ ਤੇ ਜ਼ਾਤ ਪਾਤ ਦੀਆਂ ਵੰਡੀਆਂ ਵਿਚ ਵੀ ਲੁਟ ਰਹੇ ਸਨ । ਜ਼ਿੰਦਗੀ ਦੇ ਮੁੱਢਲੇ ਅਧਿਕਾਰਾਂ ਨਾਂ ਦੀ ਚੀਜ਼ ਕੋਈ ਢੂੰਡਿਆ ਵੀ ਨਹੀਂ ਲਭਦੀ ਸੀ । ਤਾਂ ਦੂਜੇ ਪਾਸੇ ਇਸਲਾਮ ਧਰਮ ਦੇ ਰਾਖੇ ਮੁਲਾਂ ਮੁਲਾਣੇ ਕਾਜ਼ੀ ਵੀ ਖੁਦਾਅ ਤੋਂ ਕੋਹਾਂ ਦੂਰ ਆਪਣੇ ਸੁਆਰਥ ਲਈ ਮਜ਼ਬੀ ਪਹਿਰਾਵਿਆ ਤੇ ਨਿਸ਼ਾਨਾਂ ਨੂੰ ਸਭ ਕੁਝ ਸਮਝ ਜਨਤਾਂ ਦੀ ਠੋਕ ਅਗਵਾਈ ਕਰਨ ਦੀ ਥਾਂ ਭਰਮਾਂ ਭੁਲੇਖਿਆਂ ਵਿਚ ਪਾ ਰਹੇ ਸਨ । ਅਜਿਹੀ ਸਥਿਤੀ ਵਿਚ ਭਗਤ ਕਬੀਰ ਜੀ ਨੇ ਇਨ੍ਹਾਂ ਖਾਮੀਆਂ ਵਿਰੁੱਧ ਜਹਾਦ ਕਾਇਮ ਕੀਤਾ, ਕੇਵਲ ਇਕ ਖਾਲਿਕ ਪ੍ਰਮਾਤਮਾ, ਨਿਰੰਕਾਰ, ਅਕਾਲ ਪੁਰਖ ਦੀ ਭਗਤੀ ਦੇ ਨਾਲ ਸਾਰਿਆਂ ਨੂੰ ਜੋੜਿਆ ।

ਭਗਤ ਕਬੀਰ ਜੀ ਦਾ ਜਨਮ ਸੰਮਤ 1455 ( 1398 ਈਸਵੀ ) ਵਿਚ ਕਾਂਸ਼ੀ ਵਿਚ ਅਲੀ ਉਰਫ ਨੀਰੂ ਜੁਲਾਹੇ ਦੇ ਘਰ ਹੋਇਆ । ਕਈ ਇਤਿਹਾਸਕਾਰਾਂ ਨੇ ਆਪ ਦਾ ਜਨਮ ਅਸਥਾਨ ਪਿੰਡ ਜਮਾਲਪੁਰ ਲਿਖਿਆ ਹੈ । ਪਰ ਸਹੀ ਕਾਂਸ਼ੀ ਹੀ ਹੈ ।[85] ਪਹਿਲਾਂ ਆਪ ਜੀ ਦੇ ਜਨਮ ਸੰਮਤ ਬਾਰੇ ਵਿਚ ਵਿਦਿਵਾਨਾਂ ਵਿਚ ਮਤ ਭੇਦ ਸਨ ਪਰ ਹੁਣ ਸਾਰਿਆਂ ਨੇ ਹੀ ਉਪਰੋਕਤ ਸੰਮਤ 1455 ਬਿਕਰਮੀ ਹੀ ਠੀਕ ਮਨ ਲਿਆ ਹੈ ।

ਭਗਤ ਕਬੀਰ ਜੀ ਦਾ ਜਨਮ ਕਿਵੇਂ ਹੋਇਆ ਕਿਸ ਮਾਤਾ ਦੀ ਕੁਖੋਂ ਹੋਇਆ ? ਆਦਿ ਸਵਾਲ ਵੱਖ ਵੱਖ ਵਿਦਵਾਨਾਂ ਤੇ ਸਾਖੀ–ਕਾਰਾਂ ਵਲੋਂ ਵਖ ਵਖ ਧਾਰਨਾਵਾਂ ਦੇ ਅਧਾਰ ਉਤੇ ਸੁਲਝਾਏ ਗਏ । ਕੁਝ ਲੋਕਾਂ ਦਾ ਖਿਆਲ ਹੈ ਕਿ ਸੁਆਮੀ ਰਾਮਾਨੰਦ ਜੀ ਦੇ ਵਰ ਨਾਲ, ਆਪ ਦਾ ਜਨਮ ਇਕ ਵਿਧਵਾ ਬ੍ਰਾਹਮਣੀ ਦੇ ਘਰ ਹੋਇਆ ਅਤੇ ਉਹ ਆਪਣੀ ਇਜ਼ਤ ਬਚਾਉਣ ਦੀ ਮਾਰੀ ਬੱਚੇ ਨੂੰ ਜਨਮ ਤੋਂ ਬਾਅਦ ਬਨਾਰਸ ਦੇ ਨੇੜੇ ਲਹਰਤਾਲਾ ਨਾਮੀ ਤਲਾਅ ਦੇ ਕੰਢੇ ਰਖ ਗਈ ਤੇ ਕਈ ਵਿਦਵਾਨਾਂ ਤੇ ਕਬੀਰ ਪੰਥੀ ਇਹ ਵੀ ਦਾਵਾ ਕਰਦੇ ਹਨ ਕਿ ਕਬੀਰ ਦਾ ਮਾਤਾ ਪਿਤਾ ਕੋਈ

ਨਹੀਂ ਸੀ ਸਗੋਂ ਸਿੱਧਾ ਪ੍ਰਮਾਤਮਾ ਕੋਲੋ ਆ ਇਕ ਬੱਚੇ ਦਾ ਰੂਪ ਧਾਰਨ ਕਰ ਲਿਆ । ਜਿਸ ਨੂੰ ਨੀਰੂ ਜੁਲਾਹੇ ਦੀ ਪਤਨੀ ਨੀਮਾ ਨੇ ਪਾਲਿਆ । ਜਿੰਨਾਂ ਦੀ ਕੋਈ ਸੰਤਾਨ ਨਹੀਂ ਸੀ ।

ਗੁਰਮਤਿ ਅਨੁਸਾਰ ਕਰਾਮਾਤ ਨਾਮ ਕਹਿਰ ਦਾ ਹੈ । ਇਸ ਲਈ ਉਪਰੋਕਤ ਧਾਰਨਾਵਾਂ ਠੀਕ ਨਹੀਂ ਮੰਨੀਆਂ ਜਾ ਸਕਦੀਆਂ । ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੀ ਬਾਣੀ ਇਸ ਗੱਲ ਦਾ ਨਿਬੇੜਾ ਕਰਨ ਲਈ ਕਾਫੀ ਹੈ । ਆਪ ਲਿਖਦੇ ਹਨ ਕਿ ਜਿਸ ਕਬੀਰ ਦੀ ਕੁਲ ਵਿਚ ਈਦ ਬਕਰੀਦ ਆਦਿ ਤਿਉਹਾਰ ਸਮੇਂ ਗਊਆਂ ਹਲਾਲ ਕਰਦੇ ਹਨ ਅਤੇ ਜਿੰਨਾਂ ਦੀ ਘਰੀਂ ਹੁਣ ਸੇਖਾਂ ਸ਼ਹੀਦਾਂ ਤੇ ਪੀਰਾਂ ਦੀ ਮਾਨਤਾ ਹੁੰਦੀ ਹੈ । ਕਬੀਰ ਦੇ ਪਿਤਾ ਤੇ ਵਡਿਆਂ ਨੇ ਸ਼ਰੀਅਤ ਦੀਆਂ ਇਹ ਪਾਬੰਦੀਆਂ ਨਿਭਾਈਆਂ । ਪਰ ਉਹਨਾਂ ਦੇ ਪੁੱਤਰ ਕਬੀਰ ਆਪਣੀ ਭਗਤੀ ਕਾਰਨ ਸਾਰੇ ਸੰਸਾਰ ਵਿਚ ਮਸ਼ਹੂਰ ਹੋ ਗਿਆ ।[86]

ਭਗਤ ਕਬੀਰ ਦੀ ਜ਼ਾਤ ਵੱਲ ਇਸ਼ਾਰਾ ਕਰਦੇ ਹੋਏ ਗੁਰੂ ਅਮਰਦਾਸ ਜੀ ਵੀ ਲਿਖਦੇ ਹਨ ਕਿ ਨਾਮਦੇਵ ਛੀਂਬਾ ਸੀ ਤੇ ਕਬੀਰ ਜੁਲਾਹਾ, ਉਹਨਾਂ ਨੇ ਪੂਰੇ ਗੁਰੂ ਤੋਂ ਉੱਚੀ ਆਤਮਿਕ ਅਵਸਥਾ ਹਾਸਲ ਕੀਤੀ, ਉਹ ਪ੍ਰਮਾਤਮਾ ਦੇ ਨਾਲ ਸਾਂਝ ਪਾਣ ਵਾਲੇ ਬਣ ਗਏ, ਉਹਨਾਂ ਪ੍ਰਭੂ ਦੀ ਸਿਫਤ - ਸਲਾਹ ਨਾਲ ਡੂੰਘੀ ਸਾਂਝ ਪਾ ਲਈ ਤੇ ਹਉਮੈ ਦਾ ਬੀ ਨਾਸ ਕਰ ਦਿਤਾ । ਹੇ ਭਾਈ ਹੁਣ ਦੇਵਤੇ ਤੇ ਮਨੁੱਖ ਉਹਨਾਂ ਦੀ ਬਾਣੀ ਗਾਂਦੇ ਹਨ ਕੋਈ ਬੰਦਾ ਉਹਨਾਂ ਨੂੰ ਮਿਲੀ ਇਜ਼ਤ ਨੂੰ ਮਿਟਾ ਨਹੀਂ ਸਕਦਾ ।[87]

ਬਚਪਨ ਤੋਂ ਹੀ ਭਗਤ ਕਬੀਰ ਆਮ ਬੱਚਿਆਂ ਵਾਂਗ ਸਿਰਫ ਖੇਡਣ ਤੇ ਛਕਣ ਛਕੋਣ ਵਿਚ ਮਸਤ ਨਾ ਰਹਿ ਕਿ ਆਪਣੇ ਮਾਤਾ ਪਿਤਾ ਨਾਲ ਘਰੇਲੂ ਕੰਮ ਵਿਚ ਹੱਥ ਵਟਾਉਂਦੇ । ਸੂਤਰ ਤਣਨ ਬੁਨਣ ਦੇ ਕੰਮ ਵਿਚ ਉਨ੍ਹਾਂ ਦੀ ਮਦਦ ਕਰਦੇ । ਜਦ ਵਿਹਲ ਮਿਲਦੀ ਤਾਂ ਡੂੰਘੀਆਂ ਸੋਚਾਂ ਵਿਚ ਮਸਤ ਹੋ ਜਾਂਦੇ । ਇਸ ਤਰ੍ਹਾਂ ਦੀ ਹਾਲਤ ਜਦ ਮਾਤਾ ਪਿਤਾ ਦੇਖਦੇ ਤਾਂ ਉਹ ਫਿਕਰਮੰਦ ਹੋ ਉਠਦੇ ਕਿ ਇਸ ਉਮਰ ਵਿਚ ਬੱਚਾ ਕਬੀਰ ਇਉਂ ਇਕੱਲਾ ਚੁੱਪ ਚਾਪ ਬੈਠਾ ਕੀ ਕਰਦਾ ਹੈ ? ਇਥੋਂ ਤੱਕ

ਕੇ ਆਪ ਦੀ ਮਾਤਾ ਤਾਂ ਆਂਢਣਾਂ ਗੁਆਂਢਣਾਂ ਦੀ ਮਤ ਲੈ ਕੇ ਟੂਣੇ ਟਾਮਣ ਵਾਲਿਆਂ ਦੇ ਮਗਰ ਫਿਰਦੀ ।

ਗੁਆਂਢਣਾਂ ਦੀਆਂ ਗੱਲਾਂ ਸੁਣਕੇ, ਨੀਮਾਂ ਪਾਸ ਆ ਕੇ ਨੀਰੂ ਨੂੰ ਆਖਦੀ । ਉਸਨੂੰ ਡਰਾਉਂਦੀ ਤੇ ਉਹ ਘਬਰਾਇਆ ਹੋਇਆ ਜਾ ਕੇ ਸੰਤਾਂ ਫਕੀਰਾਂ ਅਗੇ ਤਰਲਾ ਲੈਂਦਾ । ਜੋਤਸ਼ੀਆਂ ਕੋਲੋਂ ਪੁਛਦਾ, ਉਹ ਉਸਨੂੰ ਤਸੱਲੀ ਦੇ ਕੇ ਘਰ ਨੂੰ ਤੋਰ ਦਿੰਦੇ, ਤੇਰਾ ਪੁਤਰ ! ਬਹੁਤ ਵੱਡਾ ਬਣੇਗਾ, ਫਿਕਰ ਨਾ ਕਰ ।[88]

ਭਗਤ ਕਬੀਰ ਜੀ ਨੂੰ ਮਕਤਬ ਵਿਚ ਜਾਂ ਬਕਾਇਦਾ ਵਿਦਿਆ ਪ੍ਰਾਪਤ ਕਰਨ ਦਾ ਮੌਕਾ ਨਾ ਮਿਲ ਸਕਿਆ । ਪਰ ਕਾਂਸ਼ੀ ਵਿਚ ਰਹਿਣ ਕਰਕੇ ਤੇ ਆਪ ਦੀ ਤੀਖਣ ਬੁੱਧੀ ਤੇ ਸ਼ਰਧਾ ਰਾਹੀਂ ਆਪ ਜੀ ਦਾ ਮੇਲ ਸਾਧੂ ਸੰਤਾਂ ਨਾਲ ਹੁੰਦਾ ਰਹਿੰਦਾ । ਫਲਸਰੂਪ ਆਪ ਰੂਹਾਨੀਅਤ ਦੇ ਗੂਝੇ ਭੇਦ ਤੇ ਗੂੜ੍ਹ ਤੱਤਾਂ ਨੂੰ ਸਮਝਣ ਦੇ ਯੋਗ ਹੋ ਗਏ ।

ਕਬੀਰ ਦੀ ਬਾਣੀ ਤੋਂ ਪਤਾ ਲਗਦਾ ਹੈ ਕਿ ਜੀਵਨ ਦੇ ਅਰੰਭ ਕਾਲ ਵਿਚ ਆਪ ਜੀ ਦੀ ਕਈ ਮਹਾਤਮਾਵਾਂ ਨਾਲ ਮੁਲਾਕਾਤ ਹੋਈ । ਸੰਭਵ ਹੈ ਕਿ ਉਨ੍ਹਾਂ ਤੋਂ ਕਬੀਰ ਦੀ ਤਸੱਲੀ ਨਾ ਹੋਈ ਹੋਵੇ । ਬਨਾਰਸ ਵਿਚ ਰਹਿਣ ਕਾਰਨ ਕਬੀਰ ਸਾਹਿਬ ਨੂੰ ਸ਼ਰੀਅਤ ਅਤੇ ਕਰਮ - ਕਾਂਡ ਦੇ ਖੋਖਲੇਪਨ ਦਾ ਪਤਾ ਲਗ ਚੁੱਕਾ ਸੀ । ਉਨ੍ਹਾਂ ਦੀ ਖੋਜ ਭਰੀ ਦ੍ਰਿਸ਼ਟੀ ਬਾਹਰ ਮੁਖੀ ਭਗਤੀ ਅਤੇ ਪੂਜਾ ਪਾਠ ਦੀ ਬਜਾਏ ਕਿਸੇ ਉਚੇਰੇ ਸਤਿ ਦੀ ਭਾਲ ਵਿਚ ਸੀ । ਕਬੀਰ ਨੇ ਆਪਣੇ ਦੋਹਿਆਂ ਵਿਚ ਜਿਸ ਮਾਰਗ ਦਾ ਉਪਦੇਸ਼ ਦਿੱਤਾ, ਉਹ ਸ਼ਬਦ ਦਾ ਮਾਰਗ ਹੈ, ਜੀਂਦੇ - ਜੀਅ ਪਰਮਾਤਮਾ ਨੂੰ ਪ੍ਰਾਪਤ ਕਰਨ ਤੇ ਬਾਹਰ ਦੇ ਰੀਤੀ - ਰਿਵਾਜਾਂ ਨੂੰ ਤਿਆਗ ਕੇ ਅੰਦਰ ਜਾਣ ਦਾ ਮਾਰਗ ਹੈ ।[89]

ਕਬੀਰ ਜੀ ਦੀ ਮਾਤਾ ਨੇ ਜਦ ਇਹ ਵੇਖਿਆ ਕਿ ਉਹ ਹਿੰਦੂਆਂ ਦੇ ਰਾਮ ਨੂੰ ਸਿਮਰਦਾ ਹੈ ਤੇ ਇਸਲਾਮ ਧਰਮ ਦੀ ਰੀਤੀ ਦਾ ਵਿਰੋਧ ਕਰਦਾ ਹੈ ਤਾਂ ਉਸ ਨੇ ਕਬੀਰ ਜੀ ਨੂੰ ਸਮਝਾ ਕਿ ਇਸਲਾਮ ਵਲ ਪ੍ਰੇਰਨ ਦਾ ਯਤਨ ਕੀਤਾ । ਪਰ ਕਬੀਰ ਜੀ ਨੇ ਇਸ ਦੀ ਪਰਵਾਹ ਨਾ ਕਰਦੇ ਹੋਏ ਪਹਿਲਾਂ ਵਾਂਗ ਹੀ ਰਾਮ ਨੂੰ ਯਾਦ ਕਰਦੇ ਰਹੇ ।[90]

ਭਗਤ ਕਬੀਰ ਭਗਤੀ ਲਹਿਰ ਦੇ ਸਭ ਤੋਂ ਵਧ ਪ੍ਰਸਿੱਧ ਕ੍ਰਾਂਤੀਕਾਰੀ ਭਗਤ ਹੋਏ ਜਿੰਨ੍ਹਾਂ ਧਾਰਮਿਕ ਤੇ ਸਮਾਜਕ ਭਰਮਾਂ ਵਹਿਮਾਂ ਨੂੰ ਰੱਦ ਕੇ ਸਰਬ - ਸਾਂਝ ਦਾ ਸਬਕ ਪੜ੍ਹਾਇਆ । ਜਿਵੇਂ ਕਿ ਪ੍ਰਸਿੱਧ ਹੈ, ਆਪ ਦਾ ਜਨਮ ਜੁਲਾਹਿਆਂ ਦੇ ਘਰ ਬਨਾਰਸ ਵਿਚ ਹੋਇਆ ਤੇ ਸੁਆਮੀ ਰਾਮਾਨੰਦ ਤੋਂ ਸਿਖਿਆ ਪ੍ਰਾਪਤ ਕੀਤੀ । ਕਹਾਣੀ ਇਉਂ ਦਸੀ ਜਾਂਦੀ ਹੈ -- ਕਬੀਰ ਨੂੰ ਖਿਆਲ ਸੀ ਕਿ ਛੋਟੀ ਜਾਤੀ ਵਿਚ ਜਨਮ ਹੋਣ ਕਰਕੇ ਸ਼ਾਇਦ ਮੈਂ ਸੁਆਮੀ ਰਾਮਾਨੰਦ ਜੀ ਤੋਂ ਗੁਰੂ ਮਤ ਲੈਣ ਦਾ ਅਧਿਕਾਰੀ ਨਹੀਂ, ਇਸ ਕਰਕੇ ਉਹ ਤੜਕਸਾਰ ਰਾਹ ਵਿਚ ਲੰਮੇ ਪੈ ਗਏ ਜਿਥੋਂ ਕਿ ਰਾਮਾਨੰਦ ਜੀ ਗੰਗਾ ਇਸ਼ਨਾਨ ਕਰਨ ਲਈ ਰੋਜ਼ਾਨਾ ਲੰਘਦੇ ਸਨ । ਜਦ ਸੁਆਮੀ ਜੀ ਦੇ ਪੈਰਾਂ ਨੂੰ ਕਬੀਰ ਦਾ ਜਿਸਮ ਛੋਹਿਆ ਤਾਂ ਉਨ੍ਹਾਂ 'ਰਾਮ ਰਾਮ' ਕਹਿ ਕੇ ਉਠਾਲ ਲਹਿਆ ਤੇ ਆਪਣਾ ਸੇਵਕ ਬਣਾ ਲਇਆ ।[91] ਬਸ ਫਿਰ ਕੀ ਸੀ ਭਗਤ ਕਬੀਰ ਜੀ ਨਾਲ ਗੁਰੂ ਰਾਮਾਨੰਦ ਦੀ ਇਹ ਮਿਲਣੀ ਸੋਨੇ ਤੇ ਸੁਹਾਗੇ ਵਾਲੀ ਸਾਬਤ ਹੋਈ । ਕਬੀਰ ਜੀ ਪਹਿਲਾਂ ਹੀ ਪ੍ਰਭੂ ਭਗਤੀ ਵਿਚ ਲੀਨ ਸਨ ਇਸ ਮਿਲਣੀ ਨੇ 'ਰਾਮ ਰਾਮ' ਸ਼ਬਦ ਦਾ ਜਾਪ ਕਰ ਆਪ

ਰਾਮ ਕਬੀਰ ਏਕ ਭਏ ਹੈ
ਕੋਇ ਨ ਸਕੈ ਪਛਾਨੀ ॥੬॥੩॥ ਰਾਮਕਲੀ[92]

ਅਰਥਾਤ (ਆਪਣੇ ਗੁਰੂ ਦੀ ਕ੍ਰਿਪਾ ਨਾਲ) ਮੈਂ ਹੁਣ ਉਚੇ ਆਤਮਿਕ ਟਿਕਾਣੇ ਤੇ ਅੱਪੜ ਗਿਆ ਹਾਂ, ਜਿਥੇ ਮੈਨੂੰ ਪ੍ਰਮਾਤਮਾ ਮਿਲ ਪਿਆ ਹੈ । ਮੈਂ ਕਬੀਰ ਅਤੇ ਮੇਰਾ ਰਾਮ ਇਕ ਰੂਪ ਹੋ ਗਏ ਹਾਂ, ਕੋਈ ਸਾਡੇ ਵਿਚ ਫ਼ਰਕ ਨਹੀਂ ਦੱਸ ਸਕਦਾ ।

ਕਬੀਰ ਜੀ ਬਹੁਤ ਆਦਰਸ਼ਕ ਗ੍ਰਿਹਸਤੀ ਸਨ । ਆਪ ਦੇ ਘਰੋਂ ਮਾਈ ਲੋਈ ਬੜੀ ਸੀਲਵੰਤ ਤੇ ਆਗਿਆਕਾਰੀ ਔਰਤ ਸੀ । ਇਨ੍ਹਾਂ ਦੇ ਸੰਤਾਨ ਵੀ ਸੀ ਪੁਤਰ ਕਮਾਲਾ ਤੇ ਧੀ ਦਾ ਨਾਂ ਕਮਾਲੀ ਸੀ । ਇਹ ਵੀ ਨੇਕ ਆਚਰਣ ਵਾਲੇ ਤੇ ਆਗਿਆਕਾਰੀ ਸਨ ।[93]

ਕਈ ਵਿਦਵਾਨ ਕਬੀਰ ਜੀ ਦੇ ਵਿਆਹ ਨੂੰ ਨਹੀਂ ਮੰਨਦੇ ਤੇ ਇਹ ਦਲੀਲ ਦਿੰਦੇ ਹਨ ਕਿ ਉਨ੍ਹਾਂ ਨੇ ਇਸਤਰੀ ਦੇ ਸੰਗ ਨੂੰ ਬੁਰਾ ਕਿਹਾ ਹੈ ਤੇ ਆਪਣੀ ਬਾਣੀ ਵਿਚ ਨਾਰੀ ਦੀ ਨਿੰਦਿਆ ਕੀਤੀ ਹੈ । ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਬੀਰ ਜੀ ਦੀ ਆਪਣੀ ਬਾਣੀ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਆਪ ਗ੍ਰਿਹਸਤੀ ਸਨ ਲੋਈ ਆਪ ਦੀ ਧਰਮ ਪਤਨੀ ਸੀ । ਕਮਾਲਾ ਪੁਤਰ ਸੀ ।

ਬੂਡਾ ਬੰਸੁ ਕਬੀਰ ਦਾ ਉਪਜਿਓ ਪੂਤੁ ਕਮਾਲੁ ॥
ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ ॥ [94]

ਸਲੋਕ 115

ਡਾਕਟਰ ਸਹਿਬ ਸਿੰਘ ਉਪਰੋਕਤ ਵਿਦਿਵਾਨ ਦੇ ਦਿਤੇ ਸਬੂਤ ਦੇ ਖਿਲਾਫ ਲਿਖਦੇ ਹਨ, ਪਰ ਇਸ ਮੌਜੂਦਾ ਸਲੋਕ ਵਿਚ ਤਾਂ ਕਬੀਰ ਜੀ ਨਾਲ ਬੇ-ਇਨਸਾਫੀ ਭੀ ਕੀਤੀ ਗਈ ਹੈ। ਆਪਣੇ ਕੱਚੇ ਤੇ ਕਮਜ਼ੋਰ ਅਰਥਾਂ ਦੀ ਪਕਿਆਈ ਦੀ ਖਾਤਰ ਕਹਾਣੀਆਂ ਘੜਨ ਵਾਲਿਆਂ ਨੇ ਇਹ ਅੰਦਾਜ਼ਾ ਲਾਇਆ ਹੈ ਕਿ ਕਬੀਰ ਜੀ ਦਾ ਪੁਤ੍ਰ ( ਜਿਸ ਦਾ ਨਾਮ ਇਹ ਲੋਕ ' ਕਮਾਲੁ ' ਦਸ ਰਹੇ ਹਨ ) ਕਿਸੇ ਲਾਲਚ ਵਿਚ ਫਸ ਕੇ ਕੁਝ ' ਮਾਲ ' ਘਰ ਲੈ ਆਇਆ ਸੀ ਤੇ ਕਬੀਰ ਜੀ ਨੇ ਉਸ ਦੀ ਇਸ ਕਰਤੂਤ ਦੀ ਨਿਖੇਧੀ ਇਸ ਸਲੋਕ ਵਿਚ ਕੀਤੀ ਹੈ ।[95] ਇਸ ਸਲੋਕ ਦੇ ਅਰਥ ਭਾਈ ਸਾਹਿਬ ਦਸਦੇ ਹਨ –

ਜੇ ਮੇਰਾ ਮੂਰਖ ਮਨ ਅਜੇਹੀ ( ਨੀਵੀਂ ) ਅਵਸਥਾ ਤੇ ਆ ਅਪੜਿਆ ਹੈ ਕਿ ਪ੍ਰਮਾਤਮਾ ਦਾ ਸਿਮਰਨ ਛੱਡ ਕੇ ਆਪਣੇ ਅੰਦਰ ਮਾਇਆ ਦਾ ਮੋਹ ਵਸਾ ਰਿਹਾ ਹੈ ਤਾਂ ਮੈਂ ਕਬੀਰ ਦਾ ਸਾਰਾ ਹੀ ਟੱਬਰ ( ਅੱਖਾਂ, ਕੰਨ, ਨੱਕ ਆਦਿਕ ਸਾਰੇ ਹੀ ਇੰਦ੍ਰਿਆਂ ਦਾ ਟੋਲਾ ਵਿਕਾਰਾਂ ਵਿਚ ਜ਼ਰੂਰ ਡੁਬ ਗਿਆ ਜਾਣੋ ।

ਕਬੀਰ ਜੀ ਨਿਰਭਉ ਤੇ ਨਿਰਵੈਰ ਸਨ । ਸੱਚ ਤੇ ਚਲਣਾ ਉਨ੍ਹਾਂ ਦਾ ਨਿਤਾ ਪ੍ਰਤੀ ਕਰਮ ਸੀ । ਉਨ੍ਹਾਂ ਨੇ ਕਦੇ ਭੀ ਗਲਤ ਵਿਚਾਰਾਂ, ਧਾਰਨਾਵਾਂ ਤੇ ਰਸਮਾਂ ਰਿਵਾਜਾਂ ਨਾਲ ਸਮਝੌਤਾ ਨਾ ਕੀਤਾ । ਇਕ ਵਾਰ ਕੁਝ ਪੰਡਿਤ ਆਪ ਨੂੰ ਕਹਿਣ ਲਗੇ

ਕਿ ਗੰਗਾ ਜਲ ਪਾਪੀਆਂ ਦੇ ਘੋਰ ਪਾਪਾਂ ਦੀ ਮੈਲ ਧੋ ਕੇ ਉਨ੍ਹਾਂ ਨੂੰ ਨਿਰਮਲ ਬਣਾ ਸਕਦਾ ਹੈ । ਇਹ ਸੁਣ ਕੇ ਕਬੀਰ ਸਾਹਿਬ ਨੇ ਆਪਣੇ ਲੋਟੇ ਵਿਚ ਪਿਆ ਗੰਗਾ ਜਲ ਪੰਡਿਤਾਂ ਨੂੰ ਪੀਣ ਲਈ ਦਿੱਤਾ । ਪੰਡਿਤ ਬਹੁਤ ਖਿਝੇ । ਇਕ ਨੀਚ ਜੁਲਾਹੇ ਦੀ ਇਹ ਮਜਾਲ ਕਿ ਆਪਣੇ ਭਿੱਟੇ ਹੋਏ ਲੋਟੇ ਵਿਚੋਂ ਉੱਚੀ ਜਾਤੀ ਦੇ ਬ੍ਰਾਹਮਣਾਂ ਨੂੰ ਪਾਣੀ ਪੀਣ ਨੂੰ ਕਹੇ, ਕਬੀਰ ਸਾਹਿਬ ਕਹਿਣ ਲਗੇ, ਜੇ ਗੰਗਾ ਜਲ ਮੇਰੇ ਲੋਟੇ ਨੂੰ ਨਿਰਮਲ ਨਹੀਂ ਬਣਾ ਸਕਿਆ ਤਾਂ ਪਾਪੀਆਂ ਦੇ ਮਨ ਉਤੇ ਚੜ੍ਹੀ ਮੈਲ ਨੂੰ ਕਿਵੇਂ ਧੋ ਸਕੇਗਾ । [96]

ਕਬੀਰ ਜੀ ਦੇ ਜੀਵਨ ਕਾਲ ਵਿਚ ਭਾਰਤ ਦਾ ਸੁਲਤਾਨ ਸਿੰਕਦਰ ਲੋਧੀ ਸੀ । ਇਕ ਵਾਰ ਉਹ ਆਪਣੇ ਦੋਰੇ ਤੇ ਬਨਾਰਸ ਆ ਠਹਿਰਿਆ । ਮੌਕਾ ਪਾ ਕੇ ਮੁਸਲਮਾਨਾਂ ਨੇ ਆਪਣੀ ਤਰਫੋ ਤੇ ਬ੍ਰਾਹਮਣਾਂ ( ਪ੍ਰੋਹਤ ) ਨੇ ਆਪਣੀ ਤਰਫੋ ਕਬੀਰ ਜੀ ਦੀਆਂ ਸ਼ਿਕਾਇਤਾਂ ਕੀਤੀਆਂ । ਦੋਨਾਂ ਧਰਮਾਂ ਦੇ ਚੁੰਗਲਾਂ ਨੂੰ ਖੁਸ਼ ਕਰਨ ਲਈ ਬਾਦਸ਼ਾਹ ਨੇ ਕਬੀਰ ਜੀ ਉਪਰ ਜ਼ੁਲਮ ਢਾਹੇ, ਉਨ੍ਹਾਂ ਨੂੰ ਖਤਮ ਕਰਨ ਲਈ ਦਰਿਆ ਵਿਚ ਜੰਜ਼ੀਰ ਨਾਲ ਬੰਨ ਕੇ ਸੁੱਟਿਆ ਗਿਆ ਫਿਰ ਵੀ ਨਾ ਮਰੇ ਤਾਂ ਜੰਜ਼ੀਰਾਂ ਪਾ ਹਾਥੀ ਅਗੇ ਸੁੱਟਿਆ ਗਿਆ ਫਿਰ ਵੀ ਨਾ ਮਰੇ ਤਾਂ ਬਲਦੀ ਚਿਤਾ ਵਿਚ ਸੁਟਕੇ ਖਤਮ ਕਰਨ ਦਾ ਯਤਨ ਕੀਤਾ ਗਿਆ ਪਰ ਪ੍ਰਹਿਲਾਦ ਭਗਤ ਵਾਂਗ ਆਪ ਨਾ ਡੁਬੇ ਨਾਂ ਜਲੇ ਤੇ ਨਾ ਹੀ ਹਾਥੀ ਤੋ ਮਾਰੇ ਗਏ । ਇਹਨਾਂ ਜ਼ੁਲਮਾਂ ਦਾ ਬਿਆਨ ਕਰਦੇ ਹੋਏ ਉਹ ਲਿਖਦੇ ਹਨ –

ਜਿਸ ਮਨੁੱਖ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਲੀਨ ਰਹੇ, ਉਸਦਾ ਮਨ ( ਕਿਸੇ ਕਸ਼ਟ ਵੇਲੇ ) ਡੋਲਦਾ ਨਹੀਂ, ਉਸਦੇ ਸਰੀਰ ਨੂੰ ( ਕਸ਼ਟ ਦੇ ਦੇ ਕੇ ਡਰਾਉਣ ਤੇ ਕੋਈ ਲਾਭ ਨਹੀਂ ਹੋ ਸਕਦਾ ) । ਰਹਾਓ

( ਇਹ ਵਿਰੋਧੀ ਲੋਕ ) ਮੈਨੂੰ ਕਬੀਰ ਨੂੰ ਜੰਜ਼ੀਰਾਂ ਨਾਲ ਬੰਨ੍ਹ ਕੇ ਡੂੰਘੀ ਗੰਭੀਰ ਗੰਗਾ ਮਾਤ੍ਰਾ ਵਿਚ ( ਡੋਬਣ ਲਈ ) ਲੈ ਗਏ ( ਪਰ ਡੁੱਬਣ ਦੀ ਥਾਂ ) ਗੰਗਾ ਦੀਆਂ ਲਹਿਰਾਂ ਨਾਲ ਮੇਰੀ ਜੰਜ਼ੀਰ ਟੁਟ ਗਈ, ਮੈ ਕਬੀਰ ਮਿਰਗਛਾਲਾ ਤੇ ਬੈਠਾ

ਹੋਇਆ ਹਾਂ । ਕਬੀਰ ਜੀ ਕਹਿੰਦੇ ਹਨ ਕਿ ਇਸ ਬਿਪਤਾ ਵਿਚ ਕੋਈ ਸਾਥ ਨਹੀਂ ਨਿਭਾਅ ਸਕਦਾ ਬਿਨਾਂ ਇਕ ਰਘੁਨਾਥ ਤੋਂ ।[97]

ਕਬੀਰ ਸਹਿਬ ਲੋਕਾਂ ਦੇ ਮਨ ਵਿਚੋਂ ਇਹ ਭਰਮ ਕਢਣ ਲਈ ਕਿ ਬਨਾਰਸ ਮਰਨ ਵਾਲਾ ਸੁਰਗ ਨੂੰ ਜਾਂਦਾ ਹੈ ਤੇ ਮਗਹਰ ਮਰਨ ਵਾਲਾ ਨਰਕ ਨੂੰ ਆਪ ਬਨਾਰਸ ਨੂੰ ਛਡ ਅਖੀਰਲੇ ਦਿਨੀ ਮਗਹਰ ਚਲੇ ਗਏ ਆਪ ਜੀ ਆਪਣੀ ਬਾਣੀ ਵਿਚ ਲਿਖਦੇ ਹਨ ਕਿ –

ਕੋਈ ਪੱਥਰ ਚਿੱਤ ਪਾਪੀ ਬਨਾਰਸ ਵਿਚ ਮਰੇਗਾ ਤਾਂ ਵੀ ਨਰਕਾਂ ਦਾ ਭਾਗੀ ਬਣੇਗਾ ।। ਪਰ ਜੇ ਪ੍ਰਮਾਤਮਾ ਦਾ ਸ੍ਰਧਾਲੂ ਸੰਤ ਮਗਹਰ ਵਿਚ ਮਰਨ ਤੇ ਭੀ ਮੁਕਤੀ ਪ੍ਰਾਪਤ ਕਰ ਆਪਣੇ ਸਿਖਾ ਸੇਵਕਾਂ ਨੂੰ ਵੀ ਨਾਲ ਹੀ ਮੁਕਤ ਕਰਵਾ ਲੈਣ ਦੇ ਸਮਰੱਥ ਹੋਵੇਗਾ ।[98]

ਮੈਕਾਲਿਫ ਸਾਹਿਬ ਨੇ ਕਬੀਰ ਜੀ ਦਾ ਦੇਹਾਂਤ 1518 ਈਸਵੀ ਵਿਚ ਹੋਇਆ ਦਸਿਆ ਹੈ। ਜਿਸ ਉਤੇ ਸ਼ੰਕਾ ਪ੍ਰਗਟ ਕਰਦੇ ਹੋਏ ਡਾਕਟਰ ਸਾਹਿਬ ਸਿੰਘ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਹਿੰਦੂ - ਤੀਰਥਾਂ ਵਾਲੇ ਪਾਸੇ ਪਹਿਲੀ ' ਉਦਾਸੀ ' ਸੰਨ 1507 ਤੋਂ ਸੰਨ 1518 ਤੱਕ ਔਠ ਸਾਲ ਰਹੀ ਸੀ । ਇਸੇ ਹੀ ਉਦਾਸੀ ਸਮੇ ਉਹਨਾਂ ਨੇ ਸਾਰੇ ਭਗਤਾਂ ਦੀ ਬਾਣੀ ਵੀ ਲਿਆਦੀ ਸੀ । ਮੈਕਾਲਿਫ ਅਨੁਸਾਰ ਇਹ ਨਤੀਜਾ ਕੱਢਣਾ ਪੈਂਦਾਹੈ ਕਿ ਸਤਿਗੁਰੂ ਜੀ ਭਗਤ ਕਬੀਰ ਜੀ ਨੂੰ ਮਿਲੇ ਸਨ ।

ਕਬੀਰ ਜੀ ਨੇ ਇਕ ਦੋ ਸ਼ਬਦਾਂ ਵਿਚਭਗਤ ਨਾਮ ਦੇਵ, ਜੈਦੇਵ ਜੀ, ਰਵਿਦਾਸ ਜੀ, ਅਤੇ ਤ੍ਰਿਲੋਚਨ ਜੀ ਦਾ ਜ਼ਿਕਰ ਤਾਂ ਕੀਤਾ ਹੈ, ਪਰ ਗੁਰੂ ਨਾਨਕ ਸਾਹਿਬ ਦਾ ਜ਼ਿਕਰ ਕਿਤੇ ਨਹੀ । ਰਵਿਦਾਸ ਜੀ ਕਬੀਰ ਦੇ ਸਮਕਾਲੀ ਭੀ ਸਨ । ਸੰਨ 1518 ਤਕ ਸਤਿਗੁਰੂ ਜੀ ਦਾ ਨਾਮ ਸਾਰੇ ਹੀ ਜਗਤ ਵਿਚ ਉਘਾ ਹੋ ਚੁੱਕਾ ਸੀ । ਜੇ ਸਤਿਗੁਰੂ ਜੀ ਭਗਤ ਕਬੀਰ ਜੀ ਦੇ ਸਮਕਾਲੀ ਹੁੰਦੇ ਤਾਂ ਭਗਤ ਜੀ ਸਤਿਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਵੀ ਜ਼ਰੂਰ ਕਰਦੇ । ਇਹ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਬੀਰ ਜੀ ਦਾ ਜ਼ਿਕਰ ਕਿਤੇ ਨਹੀ ਕੀਤਾ, ਪਰ ਉਹਨਾਂ ਤਾਂ ਕਿਸੇ ਵੀ ਭਗਤ ਦਾ ਜ਼ਿਕਰ ਆਪਣੀ ਬਾਣੀ ਵਿਚ ਨਹੀਂ ਕੀਤਾ। ਇਹ ਆਪੋ ਆਪਣਾ ਲਿਖਣ ਢੰਗ ਹੈ ।

ਸੰਨ 1495 ਈਸਵੀ ਨੂੰ ਕਬੀਰ ਜੀ ਦੀ ਆਤਮਾ ਇਸ ਪੰਜ ਭੌਤਿਕ ਸਰੀਰ ਨੂੰ ਛਡ ਕੇ ਪਰਮਾਤਮਾ ਦੀ ਜੋਤ ਵਿਚ ਜਾ ਸਮਾਈ ।[99]

ਭਗਤੀ ਲਹਿਰ ਦੇ ਬਾਕੀ ਭਗਤਾਂ ਨਾਲੋਂ ਕਬੀਰ ਜੀ ਦੀ ਬਾਣੀ ਸਭ ਤੋਂ ਵੱਧ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ 17 ਰਾਗਾਂ ਵਿਚ ਆਏ ਆਪ ਦੇ 541 ਸ਼ਬਦ, ਸਲੋਕ, ਸਭ ਤੋਂ ਵਧ ਪ੍ਰਮਾਣਿਕ ਮੰਨੇ ਜਾਂਦੇ ਹਨ ਕਿਉਂਕਿ ਆਪ ਦੀ ਰਚਨਾਂ ਦੀ ਇਸ ਤੋਂ ਪਹਿਲਾਂ ਦੀ ਹੋਰ ਕੋਈ ਭਰੋਸੇ ਯੋਗ ਹੱਥ ਲਿਖਤ ਅਜੇ ਤਕ ਪ੍ਰਾਪਤ ਨਹੀਂ ਹੋ ਸਕੀ।[100]

ਸੋ ਇਹੀ ਠੀਕ ਜਾਪਦਾ ਹੈ ਕਿ ਭਗਤ ਕਬੀਰ ਜੀ ਦਾ ਦੇਹਾਂਤ ਸੰਨ 1518 ਤੋਂ ਦੂਰ ਪਹਿਲਾਂ ਹੋ ਚੁੱਕਾ ਸੀ ।[101]

## 2.9 ✓ ਭਗਤ ਰਵਿਦਾਸ ਜੀ

ਭਗਤ ਰਵਿਦਾਸ ਭਾਰਤੀ ਲਹਿਰ ਦੇ ਸ਼੍ਰੋਮਣੀ ਸੰਤ ਹੋਏ ਹਨ । ਭਗਤੀ ਲਹਿਰ ਦਾ ਅਰੰਭ ਤਾਂ ਭਾਵੇਂ ਸੰਕਰਾਚਾਰਯ ਤੋਂ ਵੀ ਪਹਿਲਾਂ ਹੀ ਹੋਇਆ ਹੈ, ਪ੍ਰੰਤੂ ਤੁਗਲਕ ਵੰਸ਼ ਤੋਂ ਲੈ ਕੇ ਅਕਬਰ ਤਕ ਦਾ ਸਮਾਂ ਇਸ ਦਾ ਜੋਬਨ ਕਾਲ ਮੰਨਿਆ ਜਾਂਦਾ ਹੈ ।[102] ਰਵਿਦਾਸ ਜੀ ਇਸ ਜੋਬਨ ਕਾਲ ਦੇ ਤ੍ਰੈ - ਰਤਨਾਂ - ਰਾਮਾਨੰਦ, ਕਬੀਰ ਅਤੇ ਰਵਿਦਾਸ ਵਿਚ ਸ਼ੁਮਾਰ ਕੀਤੇ ਜਾਂਦੇ ਹਨ ।ਰਵਿਦਾਸ ਜੀ ਰਾਮਾਨੰਦ ਦੇ ਚੇਲੇ ਸਨ।[103] ਕਬੀਰ ਦੇ ਸਮਕਾਲੀ ਤੇ ਗੁਰਭਾਈ ਜਦ ਕਿ ਮੀਰਾਂ ਬਾਈ ਉਹਨਾਂ ਦੀ ਸ਼ਿਸ਼ ਸੀ । ਰਾਮਾਨੰਦ ਜੀ ਰਵਿਦਾਸ ਜੀ ਤੇ ਉਹਨਾਂ ਦੇ ਗੁਰਭਾਈਆਂ ਖਾਸ ਕਰਕੇ ਕਬੀਰ ਜੀ ਦਾ 13 ਵੀਂ ਤੇ 16 ਵੀਂ ਸਦੀ ਤੱਕ ਦੇ ਭਾਰਤੀ ਇਤਿਹਾਸ, ਧਰਮ, ਰਾਜਨੀਤੀ, ਤੇ ਸਮਾਜ ਉਪਰ ਡੂੰਘਾ ਪ੍ਰਭਾਵ ਪਾਇਆ । ਹਿੰਦੂ ਧਰਮ ਪ੍ਰਤੀ ਇਹਨਾਂ ਦੀ ਸੇਵਾ ਦੀ ਵਡਿਆਈ ਸੰਤ ਕਰਮ ਦਾਸ ਜੀ ਨੇ ਇਸ ਦੋਹੇ 'ਚ ਕੀਤੀ ਹੈ :

ਹਮ ਕਹਿਵੈ ਹੈ ਨਿਡਰ ਹੋਯ ਕਰਿ,<br>
ਸਾਚੀ ਬਾਤ ਯਹ ਤਬ ਘਰ ਅਬਕੀ ।

ਰਾਮਾ ਨੰਦ ਰਵਿਦਾਸ ਬਿਨੁ ਕਰਦੇ,
ਤੁਗਲਕ ਲੈਂਦੀ ਸੁੰਨਤ ਤਬਕੀ । [104]

ਭਗਤ ਰਵਿਦਾਸ ਜੀ ਦੀ ਜਨਮ ਮਿਤੀ ਬਾਰੇ ਕੋਈ ਇਕ ਮੱਤ ਨਹੀਂ, ਪਰ ਉਹਨਾਂ ਦੀ ਰਚਨਾ ਦੀ ਅੰਦਰਲੀ ਗਵਾਹੀ ਉਹਨਾਂ ਨੂੰ ਰਾਮਾਨੰਦ ਤੇ ਮੀਰਾਂ ਬਾਈ ਵਿਚਕਾਰ ਇਕ ਕੜੀ ਮੰਨਣ ਲਈ ਮਜ਼ਬੂਤ ( ਠੋਸ ) ਅਧਾਰ ਬਣ ਜਾਂਦੀ ਹੈ । ਰਵਿਦਾਸ ਜੀ ਦੇ ਕਾਰਜ ਕਾਲ ਬਾਰੇ ਬਹੁਤ ਭੁਲੇਖੇ ਉਹਨਾਂ ਦੇ ਜੀਵਨੀ - ਲੇਖਕਾਂ ਦਾ ਅਨੁਮਾਨਾਂ ਤੇ ਨਿਰਭਰ ਕਰਨਾ ਜਾਪਦਾ ਹੈ । ਪਰ ਇਹਨਾਂ ਭੁਲੇਖਿਆਂ ਨੂੰ ਸੰਤ ਕਰਮ ਦਾਸ ਜੀ ਜੋ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਸਨ ਦੀ ਗਵਾਹੀ ਨਾਲ ਦੂਰ ਕੀਤਾ ਜਾ ਸਕਦਾ ਹੈ । ਸੰਤ ਕਰਮਦਾਸ ਜੀ ਭਗਤ ਰਵਿਦਾਸ ਦੇ ਪੜਪੋਤੇ ਸਨ । ਆਪਣੇ ਪੁਰਖਿਆਂ ਬਾਰੇ ਉਨ੍ਹਾਂ ਦੇ ਵਾਰਸਾਂ ਦੀ ਗੱਲ ਦਾ ਆਪਣਾ ਹੀ ਇਕ ਵਿਸ਼ੇਸ਼ ਮਹੱਤਵ ਹੈ :-

ਚੋਦਹ ਸੈ ਤੈਤੀਸ ਕੀ, ਮਾਘ ਸੁਦੀ ਪੰਦ੍ਰਾਸ ।
ਦੁਖੀਓਂ ਕੇ ਕਲਯਾਣ ਹਿਤ, ਪ੍ਰਗਟੇ ਸ੍ਰੀ ਰਵਿਦਾਸ । [105]

ਉਹਨਾਂ ਦੇ ਜਨਮ ਸੰਮਤ 1433 ( 1376 ਈ: ) ਮਾਘ ਦੀ ਪੁੰਨਿਆਂ ਮੰਨ ਲੈਣ ਵਿਚ ਡਾ. ਧਰਮ ਪਾਲ ਮੈਨੀ ਜੀ ਨੇ ਸਿਰਫ਼ ਇਸ ਗਲ ਦਾ ਇਤਰਾਜ਼ ਹੈ ਕਿ ਇਸ ਤਰ੍ਹਾਂ ਉਹਨਾਂ ਦੀ ਮ੍ਰਿਤੂ ਜੋ ਸੰਮਤ 1584 ( 1527 ਈ.) ਹੋਈ, ਅਨੁਸਾਰ ਭਗਤ ਜੀ ਦੀ ਉਮਰ 151 ਵਰ੍ਹੇ ਸਾਬਤ ਕਰ ਦਿੰਦੀ ਹੈ । ਉਹਨਾਂ ਅਨੁਸਾਰ ਇਤਨੀ ਲੰਮੀ ਉਮਰ ਸੰਭਵ ਨਹੀਂ ।

ਭਗਤ ਰਵਿਦਾਸ ਜੀ ਨੇ ਕਾਫ਼ੀ ਲੰਮੀ ਉਮਰ ਭੋਗੀ । ਇਸ ਬਾਰੇ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ । ਰਾਮਾਨੰਦ ਜੀ ਦਾ ਜਨਮ 1299 ਈਸਵੀ ਵਿਚ ਹੋਇਆ ਤੇ ਮ੍ਰਿਤੂ 1410 ਈ. ਵਿਚ । ਰਵਿਦਾਸ ਜੀ ਰਾਮਾ ਨੰਦ ਜੀ ਦੇ ਚੇਲੇ ਸਨ । ਮੀਰਾਂ ਬਾਈ ਰਵਿਦਾਸ ਦੀ ਚੇਲੀ ਸੀ । ਉਸ ਦਾ ਜਨਮ 1504 ਈਸਵੀ ਵਿਚ ਹੋਇਆ ਤੇ ਮ੍ਰਿਤੂ 1575 ਈ. ਵਿਚ ਹੋਈ । ਕਬੀਰ ਜੀ ਦਾ ਸਮਾਂ 1398-1518

ਬਣਦਾ ਹੈ । ਜੇ ਇਹ ਮੰਨ ਲਿਆ ਜਾਵੇ ਕਿ ਰਵਿਦਾਸ ਜੀ ਰਾਮਾਨੰਦ ਦੇ ਸੰਪਰਕ ਵਿਚ ਰਾਮਾਨੰਦ ਦੀ ਅੱਧੀ ਉਮਰ ਭੋਗਣ ਤੇ ਆਏ ਤੇ ਮੀਰਾਂ ਉਹਨਾਂ ਦੇ ਸੰਪਰਕ ਵਿਚ ਉਦੋਂ ਆਈ ਜਦ ਉਹਦੇ ਪਤੀ ਦੀ ਮ੍ਰਿਤੂ ਹੋ ਚੁੱਕੀ ਸੀ ਤਦ ਵੀ ਇਹ ਸਮਾਂ ਘਟੋ ਘਟ 1400 ਤੋਂ ਲੈ ਕੇ 1527 ਤਕ ਦਾ ਬਣਦਾ ਹੈ । ਜੇ ਰਵਿਦਾਸ ਜੀ ਉਮਰ ਰਾਮਾਨੰਦ ਨੂੰ ਮਿਲਣ ਵੇਲੇ 23 - 24 ਸਾਲ ਵੀ ਹੋਵੇ ਤਾਂ ਉਹਨਾਂ ਦੀ ਉਮਰ 151 ਸਾਲ ਹੀ ਬਣਦੀ ਹੈ । ਇਹਨਾਂ ਤੱਥਾਂ ਨੂੰ ਵਾਚਿਆਂ ਅਸੰਭਵ ਭੀ ਸੰਭਵ ਹੋ ਜਾਂਦਾ ਹੈ । ਡਾ. ਦਰਸ਼ਨ ਸਿੰਘ ਜੀ ਨੇ ਵੀ ਭਗਤ ਰਵਿਦਾਸ ਜੀ ਬਾਰੇ ਲਿਖੀ ਪੁਸਤਕ ਵਿਚ ਬਿਨਾਂ ਤਰਕ ਦੇ ਉਪਰੋਕਤ ਪ੍ਰਮਾਣਿਤ ਮਿਤੀ ਨੂੰ ਅਸਵੀਕਾਰ ਕਰ ਦਿੱਤਾ ਹੈ ।

ਅਚਾਰੀਆ ਪ੍ਰਿਥਵੀ ਸਿੰਘ ਅਜ਼ਾਦ ਨੇ ਲਿਖਿਆ ਹੈ ਸੰਤ ਗੁਰੂ ਰਵਿਦਾਸ ਜੀ ਦੇ ਪੜਪੋਤੇ ਸੰਤ ਕਰਮ ਦਾਸ ਨੇ ਆਪਣੇ ਪੁਰਖਾਂ ਦੀਆਂ ਸਾਖੀਆਂ ਦਾ ਮਾਘ ਪੂਰਨਮਾਸ਼ੀ ਨੂੰ ਖਰੜਾ ਤਿਆਰ ਕੀਤਾ । ਉਹਦੇ ਅੰਤ ਵਿਚ ਜਿਹੜੀ ' ਰਵਿਦਾਸ ਮਹਿਮਾ ' ਲਿਖੀ, ਉਸ ਤੇ ਰਵਿਦਾਸ ਜੀਵਨੀ ਦੇ ਕਈ ਪ੍ਰਮਾਣਿਤ ਸੂਤਰ ਮਿਲਦੇ ਹਨ — ਅਸੀਂ ਲੋਕ ਜੋ ਰਵਿਦਾਸ ਜੀ ਦੇ ਪਰਿਵਾਰ ਨਾਲ ਸਿਧੇ ਸੰਬੰਧਿਤ ਹਾਂ ਅਤੇ ਭਾਰਤ ਦੇ ਮੰਨੇ ਪ੍ਰਮੰਨੇ ਰਵਿਦਾਸ ਮਹਾ ਸਭਾ ਦੇ ਫੈਸਲੇ ਅਨੁਸਾਰ ਸਾਲਾਂ ਤੋਂ ਇਹ ਮੰਨਦੇ ਆ ਰਹੇ ਹਾਂ ਕਿ ਰਵਿਦਾਸ ਜੀ ਦਾ ਜਨਮ ਸੰਮਤ 1433 ( 1376 ਈਸਵੀ ) ਮਾਘ ਦੀ ਪੂਰਨਿਮਾ ਦਿਨ ਰਵਿਵਾਰ ਨੂੰ ਹੋਇਆ ਹੈ । ਰਵਿਵਾਰ ਨੂੰ ਜਨਮ ਲੈਣ ਕਾਰਨ ਹੀ ਘਰਾਂ ਵਿਚ ਪ੍ਰਚਲਤ ਰੀਤ ਅਨੁਸਾਰ ਰਾਮਾਨੰਦ ਜੀ ਨੇ ਉਹਨਾਂ ਦਾ ਨਾਮ ਰਵਿਦਾਸ ਰਖਿਆ ਸੀ ।[106]

ਭਗਤ ਜੀ ਦੀ ਮ੍ਰਿਤੂ ਬਾਰੇ ਵੀ ਭਾਵੇਂ ਇਕ ਮੱਤ ਨਹੀਂ, ਪਰ ਇਥੇ ਵੀ ਰਵਾਇਤ ਸਾਡੀ ਮੁਸ਼ਕਲ ਹੱਲ ਕਰਦੀ ਹੈ । ਜਿਥੇ ਇਤਿਹਾਸਕ ਤੱਥਾਂ ਬਾਰੇ ਨਿਰਨਾ ਵਿਵਾਦ - ਰਹਿਤ ਨਾ ਹੋ ਸਕੇ ਉਥੇ ਰਵਾਇਤ ਦਾ ਮਹੱਤਵ ਸਵੀਕਾਰ ਕਰਨਾ ਜ਼ਿਆਦਾ ਉਚਿੱਤ ਹੈ । ਰਵਿਦਾਸੀਆਂ ਭਗਤ - ਸੰਘਾਂ ਦੇ ਅਨੁਸਾਰ ਰਵਿਦਾਸ ਜੀ ਦਾ ਅੰਤ ਚਿਤੌੜ ਵਿਚ ਸੰਮਤ 1584 ਵਿਚ ਹੋਇਆ । ਚਿਤੌੜ ਵਿਚ ਉਹਨਾਂ

ਦੀ ਮੜ੍ਹੀ ਜਾਂ ਛੱਤਰੀ ਵੀ ਮੌਜੂਦ ਹੈ ਅਤੇ ਇਨ੍ਹਾਂ ਦੇ ਚਰਨ - ਚਿੰਨ ਅਜ ਵੀ ਉਥੇ ਦੇਖੇ ਜਾ ਸਕਦੇ ਹਨ ।[107]

ਰਵਿਦਾਸ ਦਾ ਜਨਮ ਚਰਮਕਾਰ ਵੰਸ ਵਿਚ ਪਿੰਡ ਮੰਡੂਆ ਡੀਹ ਵਿਖੇ ਹੋਇਆ । ਉਹਨਾਂ ਦੇ ਪਿਤਾ ਦਾ ਨਾਮ ਮਾਨਦਾਸ ਸੀ ਤੇ ਮਾਤਾ ਦਾ ਨਾਮ ਕਰਮਾ ਦੇਵੀ ਸੀ । ਇਹਨਾਂ ਤੱਥਾਂ ਦੀ ਪੋੜ੍ਹਤਾ ਲਈ 'ਰਵਿਦਾਸ ਮਹਿਮਾ' ਦੇ ਕੁਝ ਸਲੋਕ ਇਸ ਤਰ੍ਹਾਂ ਹਨ :-

1. ਕਾਸ਼ੀ ਢਿਗ ਮੰਡੂਰ ਗ੍ਰਾਮ, ਤਿਹ ਭਯੋ ਰਵਿ ਪ੍ਰਕਾਸ ।
ਰਵਿ ਪ੍ਰਕਾਸ ਰਜਨੀ ਬਿਹਾਤ, ਭਾਖਿਯੋ ਆਪ ਰਵਿਦਾਸ ।

2. ਪਿਤਾ ਜਾਨੀਏ ਮਾਨਦਾਸ, ਰਘੁਨਾਮ ਵਿਖਯਾਤ ।
ਕੌਸਤੁੱਭ ਮਣਿ ਧਾਮ ਜਾਨੀਏ, ਕਰਮਾ ਦੇਵੀ ਮਾਤ ।

ਰਵਿਦਾਸ ਜੀ ਦੀ ਜਾਤੀ ਬਾਰੇ ਉੱਕਾ ਹੀ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ । ਉਹਨਾਂ ਆਪਣੀ ਜਾਤੀ ਬਾਰੇ, ਬੜੇ ਖੁਲੇ ਰੂਪ ਵਿਚ ਉਲੇਖ ਕੀਤਾ ਹੈ :-

1. ਮੇਰੀ ਕੁਚੀਲ ਜਾਤਿ ਕੁਚੀਲ ਮੈਬਾਸੁ ।।
ਭਗਤਿ ਹੇਤ ਹਰਚ ਮਰਨ ਨਿਵਾਸ ।।
ਚਾਰਿਉਂ ਵੇਦ ਕੀਆ ਸੰਜਿਤਿ ।।
ਜਨ ਰਵਿਦਾਸ ਕਰੈ ਡੰਡਿਤਿ ।। ( 5290 )

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਵੀ ਇਸ ਦਾ ਉਲੇਖ ਕੀਤਾ ਹੈ :-

ਰਵਿਦਾਸ ਚਮਾਰ ਉਸਤਤਿ ਕਰੇ, ਹਰਿਕੀਰਤਿ ਨਿਮਖਇਕ ਗਾਇ ।
ਪਵਿਤ੍ਰ ਜਾਤ ਉਤਮ ਭਯਾ, ਚਾਰਿ ਵਰਨ ਪਏ ਪਗਾ ਆਇ ।[108]

ਭਾਈ ਗੁਰਦਾਸ ਨੇ ਭਗਤ ਰਵਿਦਾਸ ਦੀ ਵਡਿਆਈ ਕਰਦਿਆਂ ਉਹਨਾਂ ਦੀ ਜਾਤ ਦਾ ਵਰਨਣ ਇੰਞ ਕੀਤਾ ਹੈ ।

ਭਗਤ ਭਗਤ ਜਗ ਵਜਿਆ ਚਹੁੰ ਚਕਾਂ ਦੇ ਵਿਚ ਚਮਿਰੇਟਾ ।
ਪਾਣ੍ਹਾ ਗੰਢੇ ਰਾਹ ਵਿਚਿ ਕਲਾ ਧਰਮ ਢੋਇ ਢੋਰਸਮੇਟਾ ।
ਜਿਉਂ ਕਰ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ ।
ਚਹੁੰ ਵਰਨਾ ਉਪਦੇਸ ਦਾ ਗਿਆਨ ਧਿਆਨ ਕਹਿ ਭਗਤਿ ਸੁਹੇਟਾ ।[109]

ਰਵਿਦਾਸ ਜੀ ਇਕ ਸਫਲ ਗ੍ਰਹਿਸਤੀ ਸਨ । ਉਹ ਸਾਰੇ ਘਰੇਲੂ ਕੰਮ ਕਰਦੇ ਹੀ ਭਗਤੀ ਦੀ ਸਿਖਰ ( ਟੀਸੀ ) ਤੇ ਪਹੁੰਚੇ । ਲੋਕ - ਕਥਾਵਾਂ ਵਿਚ ਜੁੱਤੇ - ਜੋੜੇ ਗੰਢਣ, ਜੁੱਤੇ ਭਿਉਣ ਵਾਲੇ ਕੂੰਡੇ ਵਿਚੋਂ ਸੇਵਕਾਂ ਨੂੰ ਚਰਣਾਮਤ ਦੇਣ ਤੇ ਝੁੱਗੀ ਵਿਚ ਸਬਰ - ਸਬੂਰੀ ਦਾ ਜੀਵਨ ਬਤੀਤ ਕਰਨ ਵਾਲੇ ਬਹੁਤ ਸੰਕੇਤ ਮਿਲਦੇ ਹਨ । ਉਹਨਾਂ ਦੀ ਪਤਨੀ ਦਾ ਨਾਮ ' ਲੋਨਾ ' ਸੀ । ਲੋਕਾਂ ਨੇ ਰਵਿਦਾਸ ਦੀ ਪਤਨੀ ਲੋਨਾ ਨੂੰ ਵੀ ਕਾਫ਼ੀ ਮਹੱਤਵ ਦਿਤਾ ਹੈ । ਉਹਨਾਂ ਦਾ ਇਕ ਪੁਤਰ ਸੀ ਜਿਸਦਾ ਨਾਮ ਵਿਜਯਦਾਸ ਸੀ ।[110]

ਜੇਕਰ ਭਗਤ ਰਵਿਦਾਸ ਜੀ ਦੇ ਜਨਮ - ਤਰੀਖ, ਪਰਿਵਾਰ ਆਦਿ ਬਾਰੇ ਜਾਣਕਾਰੀ ਦੀ ਘਾਟ ਹੈ ਤਾਂ ਉਹਨਾਂ ਦੇ ਗੁਰੂ, ਚੇਲਿਆਂ ਤੇ ਭਗਤੀ ਸਿਮਰਨ ਬਾਰੇ ਅਜਿਹੀ ਸਮਸਿਆ ਨਹੀਂ ਹੈ । ਸੰਤ ਅਨੰਤ ਦਾਸ ਆਪਣੀ ਭਗਤ ਰਤਨਾਵਲੀ 'ਚ ਰਵਿਦਾਸ ਨੂੰ ਕਬੀਰ ਦੇ ਨਾਲ ਹੀ ਸੁਆਮੀ ਰਾਮਾਨੰਦ ਦਾ ਚੇਲਾ ਸਵੀਕਾਰ ਕਰਦੇ ਹਨ। ਰਵਿਦਾਸ ਦੇ ਗੁਰੂ ਕੌਣ ਸਨ, ਇਸ ਦੀ ਅੰਦਰੂਨੀ ਗਵਾਹੀ ਉਹਨਾਂ ਦੀ ਰਚਨਾ ਹੀ ਦਿੰਦੀ ਹੈ । ਇਸ ਗਵਾਹੀ ਨਾਲ ਆਮ ਭਰਮ - ਭੁਲੇਖਾ ਟੁਟ ਜਾਂਦਾ ਹੈ ਕਿ ਰਵਿਦਾਸ ਦਾ ਜਾਂ ਤਾਂ ਕੋਈ ਗੁਰੂ ਨਹੀਂ ਸੀ ਜਾਂ ਜੇ ਸੀ ਤਾਂ ਉਹ ਕਬੀਰ ਸੀ । ਇਸ ਭਰਮ ਨੂੰ ਵਧੇਰੇ ਬਲ ਕਬੀਰ ਪਰਚਈ ਸੰਮਤ 1645 ਈ. ਦੇ ਸੰਤ ਅਨੰਦ ਦਾਸ ਦੇ ਇਕ ਸੂਤਰ ਤੋ ਹੀ ਮਿਲਿਆ :-

ਤਬ ਰੈਦਾਸ ਵਿਚਾਰੀ ਬਾਤਾ ।
ਗੁਰੂ ਸਮਾਨ ਕਬੀਰ ਬਡ ਭ੍ਰਾਤਾ ।

ਪਰ ਹੁਣ ਰਵਿਦਾਸ ਦੀ ਬਾਣੀ ਚੋ ਮਿਲੇ ਹਵਾਲੇ ਸਿਧ ਕਰਦੇ ਹਨ ਕਿ ਉਹਨਾਂ ਦੇ ਗੁਰੂ ਰਾਮਾਨੰਦ ਹੀ ਸਨ ।

1. ਅਨਿਕ ਬਾਰੁ ਜੀਏ ਅਰੁ ਮਰਿਯੇ,
ਫੁਨਿ ਹੈ ਭ੍ਰਮਰਿ ਨ ਪਹਿ ਹੈ ।
ਪਤਿਤ ਨਾਵ ਖੇਵਣਿਯਾ,
ਗੁਰ ਰਾਮਾ ਨਾਮ ਲੇਤ ਹੀ ਤਰਿ ਹੈ ।( 52 । 53 )

2. ਰੇ ਰਾਮ ਮੋਹਿ ਗੁਰੂ ਰਾਮਾ ਦੀਨ੍ਹ ਹੈ,
ਨਾਹਿ ਇਹ ਮੰਤਰ ਵਿਨ ਗਾਊਂ,
ਕਹੈ ਰਵਿਦਾਸ ਹ ਹੰਕਾਰ ਜ ਪੜਹਿ,
ਭੈ ਸਾਗਰ ਤਰਿ ਜਊ । ( 52 । 40 )

ਭਗਤ ਮਾਲ ਦੇ ਲੇਖਕ ਨਭਾਦਾਸ ਨੇ ਵੀ ਸੰਤ ਰਵਿਦਾਸ ਨੂੰ ਰਾਮਾਨੰਦ ਦਾ ਸ਼ਿਸ਼ ਮੰਨਿਆ ਹੈ ।

ਗਿਆਨੀ ਪ੍ਰਤਾਪ ਸਿੰਘ ਜੀ ਲਿਖਦੇ ਹਨ ਕਿ ਆਪ ਰਾਮਾਨੰਦ ਜੀ ਦੇ ਚੇਲੇ ਤੇ ਕਬੀਰ ਜੀ ਦੇ ਸਮਕਾਲੀ ਸਨ ।[111]

ਰਵਿਦਾਸ ਨੇ ਗ੍ਰਹਿਸਤ ਬਤੀਤ ਕਰਦਿਆਂ ਪ੍ਰਭੂ ਭਗਤੀ ਦੇ ਬਲ ਸਮਾਜ ਵਿਚ ਚਮਤਕਾਰੀ ਤਬਦੀਲੀ ਸੰਭਵ ਬਣਾਈ । ਉਹਨਾਂ ਨੇ ਸਮਕਾਲੀ ਸਮਾਜ ਵਿਚ ਪ੍ਰਚਲਿਤ ਸੰਦੇਹ ਰੱਖਾਂ ਦਾ ਖੰਡਨ ਕੀਤਾ ਤੇ ਆਪਣੀ ਬਾਣੀ ਰਾਹੀਂ ਪ੍ਰਭੂ ਭਗਤੀ ਦਾ ਪ੍ਰਚਾਰ ਕੀਤਾ । " ਉਹ ਨੀਰ - ਖੀਰ ਵਿਵੇਕ ਵਾਲੇ, ਰਾਜ ਹੰਸ ਵਾਲੀ ਭੇਦਕਾਰੀ ਦ੍ਰਿਸ਼ਟੀ ਰਖਣ ਵਾਲੇ ਮਹਾਪੁਰਸ਼ ਸਨ ਜਿਨਾਂ ਨੂੰ ਪ੍ਰਭੂ ਦੀ ਕ੍ਰਿਪਾ ਤੇ ਮਿਹਰ ਸਦਕਾ ਇਹ ਸਰੀਰ ਮਿਲਿਆ ਤੇ ਪਰਮ ਗਤੀ ਪ੍ਰਾਪਤ ਹੋਈ । ਆਪਣੀ ਭਗਤੀ ਦੇ ਬਲ ਕਾਰਨ ਹੀ ਉਹ ਮਹਾਂ - ਮਾਨਵ ਬਣੇ । ਗੁਰੂ ਰਾਮ ਦਾਸ ਜੀ ਅਨੁਸਾਰ ਭਗਤੀ ਕਾਰਨ ਹੀ, " ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ।" [112]

ਉਹਨਾਂ ਦੀ ਭਗਤੀ ਦੇ ਏਕਨਾਥ ਤੇ ਦਾਦੂ ਜੀ ਵੀ ਸਰਧਾਲੂ ਸਨ . ਏਕ ਨਾਥ ਜੀ ਤਾਂ ' ਰੋਹਿਤ ਦਾਸ ਚਮਾਰ ਸਭ ਕੁਝ ਜਾਣੇ, ਕੋਠੇਰੇ ਰੰਗਾ ਦੇਖ ' ਗਾਉਣ ਲਗ ਜਾਂਦੇ ਹਨ । ਦਾਦੂ ਜੀ ਅਨੁਸਾਰ ਰਵਿਦਾਸ ਰਾਮ ਹੀ ਹੈ :-

ਰੰਗ ਰਾਮ ਕਹਿ ਰਾਮ ਸਮਾਨ ।
ਜਨ ਰਵਿਦਾਸ ਮਿਲੇ ਭਗਵਾਨ ।

ਭਗਤ ਰਵਿਦਾਸ ਦੀ ਕਮਾਈ ਦਾ ਸਭ ਤੋਂ ਵਚਿੱਤਰ ਉਲੇਖ ਭਾਈ ਗੁਰਦਾਸ ਜੀ ਨੇ 'ਰੰਗਾ ਨੂੰ ਕਸੀਰਾ ਭੇਟ' ਕਰਨ ਵਾਲੀ ਨੇਕ ਕਥਾ ਨੂੰ ਆਪਣੀ ਬਾਣੀ ਵਿਚ ਸਮੋ ਕੇ ਕੀਤਾ ਹੈ :-

ਖੁਵਣਿ ਆਇਆ ਸੰਗੁ ਮਿਲਿ ਬਨਾਰਸ ਕਰਿ ਗੰਗਾ ਬੇਟਾ ।
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਕੀ ਭੇਟਾ ।
ਲਗਾ ਪੁਰਬ ਅਭੀਚ ਦਾ ਡਿਠ ਚਲਿਤ ਅਚਰਜ ਅਮੇਟਾ ।
ਲਇਆ ਕਸੀਰਾ ਹਥਿ ਕਢ ਸੂਤੁ ਇਕ ਜਿਉ ਤਾਣਾ ਪੇਟਾ ।
ਭਗਤ ਜਨਾ ਹਰਿ ਮਾ ਪਿਉ ਬੇਟਾ । [113]

ਕਬੀਰ ਜੀ ਅਨੁਸਾਰ 'ਸੰਤਨਿ ਮੈ ਰਵਿਦਾਸ ਸੰਤ ਹੈ ।' ਕੋਈ ਸੰਦੇਹ ਨਹੀਂ ਕਿ ਉਹ ਜਨਮ ਜਾਤ ਅਤੇ ਛੂਆ ਛਾਤ ਦੇ ਮੰਦ ਵਿਚਾਰਾਂ ਨੂੰ ਹੱਲਾਸ਼ੇਰੀ ਦੇਣ ਵਾਲੇ 'ਵਿਪ੍ਰਨ' ਨੂੰ ਮਾਰ ਭਜਾਉਣ ਵਾਲੇ ਸੰਘਰਸ਼ੀਲ ਵਿਅਕਤੀ ਸਨ । ਉਹ ਇਕ ਪਰਮ ਸੰਤ, ਕਰਮਵੀਰ ਤੇ ਕਰਨੀ ਵਾਲੇ ਮਹਾਂ ਪੁਰਖ ਸਨ ।

ਰਵਿਦਾਸ ਜੀ ਸਹਿਜ ਸੁਭਾਅ, ਮਿਠਤ ਤੇ ਨਿਮਰਤਾ ਵਾਲੇ ਸੰਤ ਸਨ । ਉਹਨਾਂ ਆਪਣੀ ਬਾਣੀ ਵਿਚ ਵਿਰੋਧੀਆਂ, ਪੰਡਿਆ, ਬ੍ਰਾਹਮਣਾਂ ਤੇ ਭੇਖੀਆਂ ਲਈ ਵੀ ਅਤਿਅੰਤ ਨਿਮਰਤਾ ਸੂਚਕ ਤੇ ਕੋਮਲ ਸ਼ਬਦ ਹੀ ਆਖੇ ਹਨ । ਸੰਤ ਕਵੀਆਂ ਵਿਚੋਂ ਉਹਨਾਂ ਦੀ ਬਾਣੀ ਸਭ ਨਾਲੋਂ ਵਧੇਰੇ ਕੋਮਲ, ਮਿੱਠੀ ਤੇ ਸਾਊ ਸ਼ਬਦਾਵਲੀ ਵਾਲੀ ਹੈ ।[114]

ਅਜਿਹੇ ਮਹਾਨ ਸੰਤ ਦੇ ਸਰਧਾਲੂਆਂ ਤੇ ਸਿਧਾਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ । ਰਾਜੇ ਤੇ ਭਗਤ ਉਹਨਾਂ ਦੇ ਸ਼ਿਸ਼ ਸਨ । ਚਿਤੌੜ ਦੀ ਰਾਣੀ ਝਾਲੀ ਤੇ ਉਸਦੀ ਨੂੰਹ ਮੀਰਾਂ ਬਾਈ ਪ੍ਰਮੁਖ ਸ਼ਿਸ਼ਾਂ ਵਿਚ ਇਕ ਸਨ ।

ਮੀਰਾਂ ਨੇ ਆਪਣੇ ਪਦਾਂ ਵਿਚ ਗੁਰੂ ਰਵਿਦਾਸ ਦਾ ਜਿਸ ਤਰ੍ਹਾਂ ਜਿਕਰ ਕੀਤਾ ਹੈ, ਉਸ ਵਿਚ ਕੋਈ ਸ਼ਕ ਦੀ ਗੁੰਜਾਇਸ਼ ਨਹੀਂ ਕਿ ਉਹ ਉਹਨਾਂ ਦੀ ਚੇਲੀ ਸੀ :-

ਨਹਿ ਮੈਂ ਪਹਿਰ ਸਾਧਰੇ, ਨਹਿ ਪਿਯਾ ਜੀ ਹੀ ਸਾਥ ।
ਮੀਰਾਂ ਨੇ ਗੋਬਿੰਦ ਮਿਲਯਾ ਜੀ, ਗੁਰੂ ਮਿਲਿਆ ਰੈਦਾਸ ।

( ਮੀਰਾਂ ਬ੍ਰਿਹਦ ਪਦਾਵਲੀ ਪੰਨਾ 20 )

ਗੁਰੂ ਮਿਲਯਾ ਰਵਿਦਾਸ ਨਾਮ ਨਹੀਂ ਛੋੜੂੰ

( ਮੀਰਾਂ ਸੁਧਾ ਸਿੰਧੂ, ਪੰਨਾ 181, 5235 )

ਗੁਰੂ ਰੈਦਾਸ ਮਿਲੇ ਮੋਹਿ ਪੂਰੇ, ਧੁਰ ਸੇ ਕਲਮ ਭਿੜੀ ।
ਸਤਗੁਰੂ ਸੈਨ ਦਈ ਜਬ ਆਕੇ ਜੋਤ ਮੇ ਜੋਤ ਰਲੀ ।[115]

( ਮੀਰਾਂ ਬ੍ਰਿਹਦ ਪਦਾਵਲੀ ਪੰਨਾ 3, 5814 )

ਚਿਤੌੜ ਰਾਜ ਘਰਾਣੇ ਦੀ ਇਹਨਾਂ ਉਪਰ ਸ਼ਰਧਾ ਦਾ ਪਤਾ ਇਸ ਹਕੀਕਤ ਤੋਂ ਵੀ ਲਗਦਾ ਹੈ ਜਦ ਸੰਮਤ 1583 ਚੇਤ੍ਰ ਮਾਸ ਵਿਚ ਰਵਿਦਾਸ ਦਾ ਚਿਤੌੜ ਵਿਚ ਅੰਤ ਹੋ ਗਿਆ ਤਾਂ ਇਨ੍ਹਾਂ ਦੀਆਂ ਸ਼ਿਸ਼ਾ ਰਾਣੀ ਝਾਲੀ ਅਤੇ ਮੀਰਾਂ ਨੇ ਚਿਤੌੜਗੜ੍ਹ ਵਿਚ ਕੁੰਭ ਸਿਆਮ ਮੰਦਰ ਦੇ ਵਿਹੜੇ ਵਿਚ ਰੈਦਾਸ ਦੀ ਯਾਦਗਾਰ ਰੈਦਾਸ ਛਤਰੀ ਦਾ ਨਿਰਮਾਣ ਕਰਾਇਆ ।

ਉਹ ਇਕ ਲੰਮੀ ਆਯੂ ਭੋਗ ਕੇ ਕਾਲ ਵਾਸ ਹੋਏ । ਉਹਨਾਂ ਦੇ ਇਸ ਲੰਮੇ ਜੀਵਨ ਦੀਆਂ ਅਨੇਕ ਦੰਤ - ਕਥਾਵਾਂ ਤੇ ਕਰਾਮਾਤਾਂ ਪ੍ਰਚਲਤ ਹਨ । ਇਹਨਾਂ ਦੀ ਬਾਣੀ ਪੜ੍ਹਕੇ ਇਹਨਾਂ ਦ ਜੀਵਨ, ਸਭਾਉ ਅਤੇ ਸ਼ਖਸੀਅਤ ਬਾਰੇ ਅਥਾਹ ਸ਼ਰਧਾ ਪੈਦਾ ਹੁੰਦੀ ਹੈ ।

ਰਵਿਦਾਸ ਜੀ ਦਾ ਜੀਵਨ ਸੰਘਰਸ਼ ਵਿਚ ਹੀ ਗੁਜ਼ਰਿਆ । ਜਿਥੇ ਕਿਤੇ ਵੀ ਉਹ ਗਏ, ਉਸ ਸਮੇਂ ਦੇ ਸਮਾਜ ਅੰਦਰ ਫੈਲੀ ਛੂਤ - ਛਾਤ ਦੇ ਕਾਰਨ ਪਿਛਾਂਹ ਖਿਚੂ ਲੋਕਾਂ ਨਾਲ ਉਹਨਾਂ ਦਾ ਟਾਕਰਾ ਹੁੰਦਾ ਰਿਹਾ । ਗੁਰ ਰਾਮਾਨੰਦ ਦੇ ਬਾਰਾਂ ਚੇਲਿਆਂ ਵਿਚ ਉਘੇ ਸਨ ।

ਅਨੰਤਾ ਨੰਦ, ਕਬੀਰ, ਸੁਖਾ, ਸੁਰਸੁਰਾ, ਪਦਮਾਵਤੀ, ਨਰਹਰਿ।
ਪੀਪਾ, ਭਾਵਾ ਨੰਦ, ਰੈਦਾਸ, ਧੰਨਾ, ਸੈਨ, ਸਰਸੁਰੀ ਕੀ ਘਰ ਰਹਿ।

ਭਗਤ ਜੀ ਦਾ ਜੀਵਨ ਗਰੀਬੀ ਦਾ ਜੀਵਨ ਸੀ । ਉਹ ਮਾਇਆ ਦੇ ਤਿਆਗੀ ਸਨ । ਇਕ ਤੇਜਸਵੀ ਮਹਾਤਮਾ ਇਹਨਾਂ ਦੀ ਝੋਪੜੀ 'ਚ ਪਾਰਸ ਰੱਖ ਗਿਆ, ਪਰ ਇਹਨਾਂ ਉਸਦੀ ਕੋਈ ਵਰਤੋਂ ਨਹੀਂ ਕੀਤੀ । ਪਾਰਸ ਮਿਲਣ ਤੋਂ ਪਹਿਲਾ ਵੀ ਜੋੜੇ ਗੰਢਦੇ ਸਨ ਤੇ ਮਗਰੋਂ ਵੀ ਗੰਢਦੇ ਰਹੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੇ 40 ਪਦ ਮਿਲਦੇ ਹਨ । ਇਹ ਉਹਨਾਂ ਦੀ ਉਚੱਤਾ ਨੂੰ ਚਾਰ ਚੰਨ ਲਾਉਣਾ ਹੈ ।

ਆਪ ਜੀ 1410 ਈਸਵੀਂ ਨੂੰ ਅਕਾਲ ਚਲਾਣਾ ਕਰ ਗਏ ।

## 2.10 ਭਗਤ ਪੀਪਾ ਜੀ

ਭਗਤ ਪੀਪਾ ਜੀ ਗਗਰੋਂਨ ਦੇ ਰਾਜਾ ਸਨ । ਗਗਰੋਂਨ ਕੋਟਾ ( ਰਾਜਸਥਾਨ ) ਤੋਂ 45 ਮੀਲ ਪੂਰਵ ਵਲ ਸਥਿਤ ਇਕ ਸਥਾਨ ਹੈ । ਆਪ ਜੀ ਦੇ ਮਾਤਾ ਪਿਤਾ ਦੇ ਸੰਬੰਧ ਵਿਚ ਇਤਿਹਾਸ ਵਿਚੋਂ ਕੁਝ ਨਹੀਂ ਮਿਲਦਾ । ਆਪ ਦੇ ਜਨਮ ਸੰਬੰਧੀ ਪਹਿਲਾਂ ਵੀ ਮਤ ਭੇਦ ਸਨ । ਪਰ ਹੁਣ ਇਸ ਬਾਰੇ ਸਹਿਮਤੀ ਹੋ ਚੁੱਕੀ ਹੈ । ਆਪ ਦਾ ਜਨਮ ਸੰਮਤ 1483 ਬਿਕਰਮੀ ਵਿਚ ਹੋਇਆ ।[116] ਗਿਆਨੀ ਨਰੈਣ ਸਿੰਘ ਜੀ ਲਿਖਦੇ ਹਨ ਕਿ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਨ ਤੇ ਕੋਈ 43 ਸਾਲ ਪਹਿਲਾਂ ਗਗਰੋਂਨ ਰਾਜਸਥਾਨ ਵਿਚ ਰਾਜਾ ਹੋਇਆ, ਉਸ ਦਾ ਨਾਮ ਪੀਪਾ ਸੀ । ਆਪਣੇ ਬਾਪ ਦੀ ਮੌਤ ਤੋਂ ਬਾਅਦ ਉਹ ਤਖਤ ਉਤੇ ਬੈਠਾ ।[117] ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ. ਨੂੰ ਹੋਇਆ । ਉਸ ਵਿਚੋਂ 43 ਸਾਲ ਘਟਾਉਣ ਉਤੇ ਭਗਤ ਪੀਪਾ ਜੀ ਦਾ ਜਨਮ 1426 ਈਸਵੀ ਨੂੰ ਬਣਦਾ ਹੈ। ਇਸ ਉਪਰੋਕਤ ਤਰੀਖ ਦੀ ਪੁਸ਼ਟੀ ਗੁਰੂ ਗ੍ਰੰਥ ਰਤਨਾਵਲੀ ਵਿਚੋਂ ਹੁੰਦੀ ਹੈ। ਉਸ ਵਿਚ ਲਿਖਿਆ ਹੈ ਕਿ ਪੀਪਾ ਭਗਤ ( 1426 ਈ. ) ਨੂੰ ਰਵਾਇਤ ਸੁਆਮੀ ਰਾਮਾਨੰਦ ਦੇ ਚੇਲਿਆ ਵਿਚ ਗਿਣਦੀ ਹੈ। ਮੇਵਾੜ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇਹ ਰਾਣਾ ਕੁੰਭ ਦੇ ਸਮਕਾਲੀ ਗਗਰੋਨ ਗੜ੍ਹ ਦੇ ਚੋਹਾਨ ਰਾਜਾ ਸਨ । ਕਨਿੰਘਮ ਨੇ ਇੰਨਾਂ ਨੂੰ ਜੈਤਪਾਲ ਦੀ ਚੋਥੀ ਪੀਹੜੀ ਵਿੱਚ ਹੋਏ ਦਸਿਆ ਹੈ ।[118]

ਕੁਦਰਤ ਦੇ ਰੰਗ ਨਿਆਰੇ ਹਨ ਕਈ ਵਾਰ ਇਨਸਾਨ ਨੇਕ ਜੀਵਨ ਜੀਉਂਦਾ ਜੀਉਂਦਾ ਪਤਾ ਨਹੀਂ ਕਦੋਂ ਗਲਤ ਰਸਤੇ ਪੈ ਜਾਂਦਾ ਹੈ । ਪਰ ਕਈ ਵਾਰ ਜੇ ਪ੍ਰਮਾਤਮਾ ਦੀ ਕ੍ਰਿਪਾ ਹੋ ਜਾਵੇ ਤਾਂ ਜਿਵੇਂ ਗਣਕਾਂ ਵਰਗੀ ਵਿਭਚਾਰਨ ਤਰ ਜਾਂਦੀ ਹੈ । ਉਂਝ ਹੀ ਵਾਸ਼ਨਾਂਵਾਦ ਵਿਚ ਗ੍ਰਸਿਆ ਰਾਜਾ ਪੀਪਾ ਉਸ ਪਰਮ ਸੰਤ ਰਾਮਾਨੰਦ ਜੀ ਦੀ ਕ੍ਰਿਪਾ ਰਾਹੀਂ ਭਗਤ ਹੋ ਨਿਬੜਿਆ । ਉਹ ( ਪੀਪਾ ) ਜਵਾਨ ਤੇ ਸੁੰਦਰ ਰਾਜ ਕੁਮਾਰ ਸੀ । ਵਜ਼ੀਰਾਂ ਦੀਆਂ ਖੁਲ੍ਹ ਦਿਲੀਆਂ ਕਰਕੇ ਉਹ ਵਾਸ਼ਨਾਂ ਵਾਦੀ ਹੋ ਗਿਆ ਸੀ ਤੇ ਉਸ ਨੇ ਚੜ੍ਹਦੀ ਤੋ ਚੜ੍ਹਦੀ ਰਾਣੀ ਨਾਲ ਵਿਆਹ ਕਰਾਇਆ ਇਸ ਤਰ੍ਹਾਂ ਉਸ ਦੀ ਰੁਚੀ ਵਧਦੀ ਗਈ ਤੇ ਕੋਈ ਬਾਰਾਂ ਰਾਜ ਕੁਮਾਰੀਆਂ ਨਾਲ ਸ਼ਾਦੀਆਂ ਕਰ ਲਈਆਂ ।[119] ਸਾਰੀਆਂ ਰਾਣੀਆਂ ਵਿਚੋਂ ਸੀਤਾ ਨਾਮੀ ਰਾਣੀ ਸਭ ਤੋ ਸੁੰਦਰ ਸੀ ਤੇ ਉਹ ਹੀ ਰਾਜੇ ਨੂੰ ਸਭ ਤੋਂ ਚੰਗੀ ਲਗਦੀ ਸੀ ਦੂਸਰੇ ਪਾਸਿਉ ਭੀ ਰਾਣੀ ਸੀਤਾ ਹੀ ਸਭ ਤੋਂ ਵਧ ਆਦਰ ਪਿਆਰ ਰਾਜੇ ਪੀਪੇ ਨੂੰ ਕਰਦੀ ਸੀ ।

ਜਿਥੇ ਰਾਜੇ ਪੀਪਾ ਵਿਚ ਇਹ ਕਮਜ਼ੋਰੀ ਸੀ ਉਥੇ ਪ੍ਰਮਾਤਮਾ ਨੇ ਉਹਨੂੰ ਇਕ ਪ੍ਰਭੂ ਪਿਆਰ ਵਾਲਾ ਦਿਲ ਵੀ ਦਿਤਾ ਸੀ । ਰਾਜਾ ਪੀਪਾ ਪਹਿਲਾਂ ਦੁਰਗਾ ਭਗਤ ਸੀ । ਦੇਵੀ ਦੁਰਗਾ ਦਾ ਉਪਾਸ਼ਕ ਸੀ । ਉਸ ਦੀ ਪੂਜਾ ਕਰਦਾ ਰਹਿੰਦਾ । ਦੁਰਗਾ ਦੀ ਪੂਜਾ ਦੇ ਕਾਰਨ ਆਪਣੇ ਰਾਜ ਭਵਨ ਵਿਚ ਕਈਆਂ ਸਾਧੂਆਂ ਤੇ ਭਗਤਾਂ ਨੂੰ ਸੱਦਾ ਭੇਜਕੇ ਭਜਨ ਸੁਣਦਾ ਤੇ ਭੋਜਨ ਕਰਾਇਆ ਕਰਦਾ ਸੀ । ਰਾਜ ਭਵਨ ਵਿਚ ਗਿਆਨ ਚਰਚਾ ਹੁੰਦੀ ਰਹਿੰਦੀ । ਉਸ ਵੇਲੇ ਰਾਣੀਆਂ ਵੀ ਸੁਣਦੀਆਂ ਤੇ ਸਾਧੂ ਤੇ ਬ੍ਰਾਹਮਣਾਂ ਦਾ ਬੜਾ ਸਤਿਕਾਰ ਕਰਦੀਆਂ, ਉਹਨਾਂ ਦਾ ਸਿਲਸਿਲਾ ਏਸੇ ਤਰ੍ਹਾਂ ਤੁਰਿਆ ਗਿਆ । ਇਹ ਸਿਲਸਿਲਾ ਇਸ ਕਰਕੇ ਸੀ ਕਿ ਉਸ ਦੇ ਵੱਡੇ ਵੱਡੇਰੇ ਐਸਾ ਕਰਦੇ ਆਉਂਦੇ ਸਨ ਤੇ ਕਦੀ ਵੀ ਪੂਜਾ ਤੋਂ ਬਿਨਾਂ ਨਹੀਂ ਸਨ ਰਹਿੰਦੇ । ਉਹਨਾਂ ਨੇ ਰਾਜ ਭਵਨ ਵਿਚ ਮੰਦਰ ਤਿਆਰ ਕਰਕੇ ਰਖਿਆ ਸੀ ।[120]

ਪ੍ਰਭੂ ਭਗਤਾਂ ਦੀ ਸੇਵਾ ਕਰਨ ਵਾਲਿਆਂ ਦਾ ਮੇਲ ਉਂਝ ਹੀ ਜਿਵੇਂ ਸਾਬਣ ਤੇ ਮੈਲ ਦਾ, ਜਿਸ ਪ੍ਰਕਾਰ ਸਾਬਣ ਜਦ ਕਪੜੇ ਨੂੰ ਲਾਇਆ ਜਾਂਦਾ ਹੈ ਤਾਂ

ਮੈਲ ਕੁਝ ਚਿਰ ਹੀ ਸਾਬਣ ਦੇ ਨਾਲ ਕਪੜੇ ਵਿਚ ਰਹਿੰਦੀ ਹੈ ਜਦ ਉਹ ਕਪੜਾ ਪਾਣੀ ਵਿਚ ਪਾ ਕੇ ਘਰੋਲਿਆ ਜਾਂਦਾ ਹੈ ਤਾਂ ਸਾਬਣ ਵੀ ਮੈਲ ਦੇ ਨਾਲ ਹੀ ਨਿਕਲ ਜਾਂਦਾਹੈ ਤੇ ਕਪੜਾ ਸਾਫ ਸੁੱਥਰਾ ਹੋ ਜਾਂਦਾ ਹੈ । ਇਵੇਂ ਪ੍ਰਭੂ ਭਗਤਾਂ ਦੀ ਸੰਗਤ ਰਾਹੀਂ ਭੁਲਾ ਕਰਦੇ ਜੀਵਾਂ ਦੀ ਭੁਲਾਂ ਵਾਲੀ ਮੈਲ ਲਥ ਜਾਂਦੀ ਹੈ ਤੇ ਉਹ ਪ੍ਰਭੂ ਭਗਤਾਂ ਦੀ ਸੰਗਤ ਰਾਹੀਂ ਭਗਤ ਹੋ ਨਿਬੜਦੇ ਹਨ । ਰਾਜਾ ਪੀਪਾ ਵੀ ਇਸੇ ਤਰ੍ਹਾਂ ਸ਼ਹਿਰ ਵਿਚ ਆਏ ਸਾਧੂਆਂ ਸੰਤਾਂ ਦੀ ਸੇਵਾ ਆਪਣੇ ਪੁਰਖਿਆਂ ਵਾਂਗ ਕਰਦਾ ਸੀ । ਇਕ ਦਿਨ ਇਕ ਵੈਸਨਵ ਸਾਧੂ ਪੀਪਾ ਦੇ ਘਰ ਆ ਟਿਕਿਆ । ਆਪ ਨੇ ਉਸ ਦੀ ਸੇਵਾ ਕੀਤੀ। ਜਦ ਸਾਧੂ ਨੂੰ ਪ੍ਰਸ਼ਾਦ ਛਕਾਣ ਲਗੇ ਤਾਂ ਉਹ ਤ੍ਰਿਪਤ ਨਾ ਹੋਇਆ । ਸਾਧੂ ਵੈਸ਼ਨਵ ਸੀ ਤੇ ਪੀਪਾ ਜੀ ਦੇਵੀ ਭਗਤ ਸਨ, ਇਸ ਲਈ ਦੋਹਾਂ ਦੇ ਵਿਚਾਰ ਨਹੀਂ ਮਿਲਦੇ ਸਨ । ਸਾਧੂ ਆਪਣੀ ਥਾਂਵੇ ਮਹਿਸੂਸ ਕਰਦਾ ਸੀ, ਪੀਪਾ ਜੀ ਆਪਣੀ ਥਾਂਵੇ ਵੈਸਨਵਾਂ ਨੂੰ ਚੰਗਾ ਨਹੀਂ ਸਮਝਦੇ ਸਨ । ਸਾਧੂ ਰਤਾ ਖੁਲ ਦਿਲਾ ਸੀ । ਉਸ ਨੇ ਇਕ ਦਿਨ ਪ੍ਰਾਰਥਨਾ ਕੀਤੀ -- ਹੇ ਭਗਵਾਨ, ਪੀਪਾ ਦੇਵ ਭਗਤ ਹੈ, ਇਹ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਲਈ ਪ੍ਰੇਮ ਭਾਵ ਨਹੀ ਰਖਦਾ । ਤੂੰ ਇਸ ਦੀ ਦਵੈਤ ਨੂੰ ਮਿਟਾ ਦੇ, ਇਹ ਸਭ ਨੂੰ ਇਕੋ ਜੋਤੀ ਸਮਝੇ ਤਦ ਇਸ ਦਾ ਜਨਮ ਸਫਲ ਹੋ ਸਕਦਾ ਹੈ । ਇਤਿਹਾਸ ਵਿਚ ਲਿਖਿਆ ਹੈ ਕਿ ਰਾਜੇ ਨੇ ਸੁਪਨੇ ਵਿਚ ਦੇਖਿਆ ਕਿ ਭਗਵਤੀ ਬੜੇ ਭਿਆਨਕ ਰੂਪ ਵਿਚ ਉਸ ਦੀ ਛਾਤੀ ਤੇ ਸਵਾਰ ਹੈ । ਉਸ ਨੂੰ ਵੈਸ਼ਨਵ ਸਾਧੂ ਦੀ ਸ਼ਰਨ ਪੈਣ ਦੀ ਪ੍ਰੇਰਨਾ ਕਰ ਰਹੀ ਹੈ । ਦੂਜੇ ਦਿਨ ਸਵੇਰੇ ਪੀਪੇ ਨੇ ਉਸ ਮਹਾਤਮਾ ਦੇ ਚਰਨ ਪਕੜੇ । [121]

ਰਾਜੇ ਪੀਪਾ ਦੀ ਸ਼ਰਧਾ ਪ੍ਰੇਮ ਤੇ ਬਿਹਬਲਤਾ ਨੂੰ ਤਕ ਕੇ ਸੰਤਾਂ ਦੇ ਮਨ ਮੇਹਰ ਆਈ ਉਹ ਆਖਣ ਲਗੇ --- ' ਹੇ ਰਾਜਨ ! ਇਹ ਤਾਂ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਹੈ ਜੋ ਆਪ ਨੂੰ ਐਸਾ ਵੈਰਾਗ ਉਤਪੰਨ ਹੋ ਗਿਆ । ਪਰ ਜਿਸ ਨੇ ਬਖਸ਼ਿਸ਼ ਕਰਨੀ ਹੈ, ਉਹ ਏਥੇ ਨਹੀਂ ਉਹ ਤਾਂ ਕਾਂਸ਼ੀ ਵਿਚ ਹੈ। ਉਨ੍ਹਾਂ ਦਾ ਨਾਮ ਹੈ ਗੁਰੂ ਰਾਮਾਨੰਦ ਗੁਸਾਈਂ ਉਹਨਾਂ ਪਾਸ ਚਲੇ ਜਾਓ । [122]

ਬਸ ਫਿਰ ਕੀ ਸੀ ਰਾਜਾ ਸਮੇਤ ਰਾਣੀ ਸੀਤਾ ਦੇ ਕਾਂਸ਼ੀ ਵਲ ਚਲ ਪਏ । ਰਸਤੇ ਵਿਚ ਪ੍ਰਭੂ ਮਿਲਾਪ ਦੀ ਵਿਆਕੁਲਤਾ ਨੇ ਪੀਪੇ ਦੇ ਮਨ ਵਿਚੋ ਸੀਤਾ ਦੇ ਤਨ ਦਾ ਪਿਆਰ ਵੀ ਘਟਾ ਦਿੱਤਾ । ਕਾਂਸ਼ੀ ਪਹੁੰਚ ਰਾਜਾ ਲਗਾ ਸਵਾਮੀ ਰਾਮਾਨੰਦ ਜੀ ਦੇ ਦਰਸ਼ਨਾਂ ਦੀ ਉਡੀਕ ਕਰਨ । ਰਾਜੇ ਦੇ ਅਹਿਲਕਾਰਾਂ ਨੇ ਤੰਬੂ ਲਾ ਦਿਤੇ ਤੇ ਹਾਥੀ ਘੋੜੇ ਆਦਿ ਆਸ਼ਰਮ ਕੋਲ ਬਨ ਦਿਤੇ ।

ਤੜਕਾਨ ਦਰਸ਼ੀ ਸਵਾਮੀ ਰਾਮਾਨੰਦ ਵੀ ਪ੍ਰਾਤਾਕਾਲ ਗੰਗਾ ਅਸ਼ਨਾਨ ਕਰਨ ਜਾਂਦੇ ਸਨ । ਜਦੋਂ ਗੰਗਾ ਅਸ਼ਨਾਨ ਕਰਦੇ ਆ ਰਹੇ ਸਨ ਤਾਂ ਉਹਨਾਂ ਨੇ ਸੁਣਿਆ ਕਿ ਗਗਰੌਨ ਦਾ ਰਾਜਾ ਪੀਪਾ ਭਗਤ ਕਾਂਸ਼ੀ ਵਿਚ ਆਇਆ ਹੈ ਤੇ ਉਹਨਾਂ ਨੂੰ ਲਭਦਾ ਹੈ । ਉਨ੍ਹਾਂ ਇਹ ਵੀ ਦੇਖਿਆ ਕਿ ਉਨ੍ਹਾਂ ਦੇ ਆਸ਼ਰਮ ਕੋਲ ਸ਼ਾਹੀ ਠਾਠ ਸੀ । ਹਾਥੀ, ਘੋੜੇ, ਤੇ ਗਡੇ ਤੇ ਤੰਬੂ ਲਗੇ ਸਨ । ਸੇਵਕ ਨੂੰ ਪੁਛਿਆ ਤਾਂ ਉਸ ਆਖਿਆ — ' ਮਹਾਰਾਜ ! ਗਗਰੌਨ ਦਾ ਰਾਜਾ ਆਇਆ ਹੈ । '

ਸਵਾਮੀ ਜੀ ਨੇ ਆਸ਼ਰਮ ਦੇ ਬਾਹਰਲੇ ਫਾਟਕ ਨੂੰ ਬੰਦ ਕਰਾ ਦਿਤਾ ਤੇ ਆਗਿਆ ਕੀਤੀ ਕਿ ਦਰਸ਼ਨ ਵਾਸਤੇ ਆਗਿਆ ਲਏ ਬਿਨਾਂ ਕੋਈ ਨਾ ਆਵੇ । ਰਾਜਾ ਪੀਪਾ ਜਦੋਂ ਦਰਸ਼ਨਾਂ ਵਾਸਤੇ ਚਲਿਆ ਤਾਂ ਫਾਟਕ ਬੰਦ ਤੇ ਅਗੋਂ ਜਵਾਬ ਮਿਲਿਆ, ' ਗੁਰੂ ਦੀ ਆਗਿਆ ਲੈਣੀ ਜ਼ਰੂਰੀ ਹੈ, ਐਸਾ ਕਰਨਾ ਹੋਏਗਾ ।[123]

ਗਰੀਬਾਂ ਨੂੰ ਨਿਵਾਜਣ ਵਾਲੇ ਤੇ ਰਾਜ ਭਾਗ ਤੇ ਖੁਸ਼ਾਮਦੀ ਲੋਕਾਂ ਨੂੰ ਮੂੰਹ ਨਾ ਲਾਉਣ ਵਾਲੇ ਸਵਾਮੀ ਰਾਮਾਨੰਦ ਜੀ ਨੇ ਜਦ ਰਾਜੇ ਪੀਪੇ ਨੂੰ ਮਿਲਣ ਤੋਂ ਇਨਕਾਰ ਕਰਦਿਆਂ ਰਾਜੇ ਪੀਪੇ ਨੂੰ ਇਹ ਸੁਨੇਹਾ ਦਿਤਾ –

' ਹੇ ਰਾਜਨ ! ਸਵਾਮੀ ਜੀ ਆਗਿਆ ਕਰਦੇ ਹਨ, ਅਸੀਂ ਗਰੀਬ ਹਾਂ, ਰਾਜਿਆਂ ਨਾਲ ਸਾਡਾ ਕੀ ਮੇਲ, ਚੰਗਾ ਹੈ ਉਹ ਕਿਸੇ ਮੰਦਰ ਵਿਚ ਜਾ ਕੇ ਲੀਲਾ ਕਰਨ, ਰਾਜਿਆਂ ਨਾਲ ਅਸਾਂ ਦਾ ਮੇਲ ਨਹੀਂ ਹੋ ਸਕਦਾ ।[124]

ਰਾਜੇ ਪੀਪੇ ਨੇ ਸਭ ਲਾਸ਼ ਲਸ਼ਕਰ ਵਾਪਸ ਭੇਜ ਦਿਤੇ ਤੇ ਗਰੀਬੀ

ਹਾਲਤ ਵਿਚ ਪ੍ਰਭੂ ਦੀ ਇੱਛਾ ਅਨੁਸਾਰ ਭਗਤ ਰਾਮਾਨੰਦ ਜੀ ਦੇ ਦਰਸ਼ਨ ਲਈ ਭਟਿਆ ਰਿਹਾ। ਜਦ ਸਵਾਮੀ ਜੀ ਨੇ ਪ੍ਰੇਮ ਭਾਉ ਤੇ ਸ਼ਰਧਾ ਪੀਪੇ ਦੀ ਪਰਖ ਲਈ ਤਾਂ ਉਸ ਨੂੰ ਦੀਖਿਆ ਦੇ ਵਾਪਸ ਗਗਰੋਂਨ ਪਹੁੰਚ ਨਾਮ ਸਿਮਰਨ ਦਾ ਉਪਦੇਸ਼ ਕਰ ਤੋਰ ਦਿਤਾ।

ਪ੍ਰਮਾਤਮਾ ਦੀ ਅਪਰ ਅਪਾਰ ਲੀਲਾ ਤੇ ਕਾਮੀ ਪੀਪਾ ਦਿਨ ਰਾਤ ਸਿਮਰਨ ਕਰ ਭਗਤਾਂ ਦੀ ਕ੍ਰਿਪਾ ਨਾਲ ਲਾਇਨ ਵਿਚ ਪਹੁੰਚ ਗਿਆ। ਨਿਰਭਉ ਤੇ ਨਿਰਵੈਰ ਹੋ ਗਿਆ। ਇਕ ਵਾਰ ਜੰਗਲ ਵਿਚ ਡਾਕੂਆਂ ਦੇ ਵੰਗਾਰਨ ਤੇ ਬਿਨਾਂ ਝਿਜਕ ਇਹ ਕਹਿਣਾ — ਅਸੀਂ ਤਾਂ ਤੀਰਥ ਯਾਤਰੂ ਹਾਂ, ਸਾਡੇ ਪਾਸ ਧੰਨ ਪਦਾਰਥ ਕੋਈ ਨਹੀਂ, ਗੋਬਿੰਦ ਦਾ ਪਵਿੱਤਰ ਨਾਮ ਹੈ, ਇਹ ਤੁਹਾਨੂੰ ਦੇ ਸਕਦਾ ਹਾਂ।[125]

ਕੁਝ ਸਮੇਂ ਬਾਦ ਰਾਜ ਭਾਗ ਦਾ ਮੋਹ ਛੱਡ ਦਿਤਾ ਤੇ ਆਪ ਨੇ ਦੁਆਰਕਾ ਵਲ ਤੀਰਥ ਯਾਤਰਾ ਕੀਤੀ ਜਿਸ ਦੀ ਯਾਦਗਾਰ 'ਪੀਪਾ ਵਟ' ਪ੍ਰਸਿੱਧ ਮੱਠ ਹੈ। ਇਸ ਤਰ੍ਹਾਂ ਆਪ ਬਿੰਦ੍ਰਾਬਨ ਵੀ ਗਏ। ਪੀਪਾ ਜੀ ਸੰਬੰਧੀ ਹੋਰ ਬਹੁਤੀ ਜਾਣਕਾਰੀ ਨਹੀਂ ਮਿਲਦੀ। ਆਪ ਦਾ ਇਕੋ ਸ਼ਬਦ ਧਨਾਸਰੀ ਰਾਗ ਵਿਚ ਹੈ ਜੋ ਅਦ੍ਵੈਤ ਦੇ ਸਿਧਾਂਤ ਦੀ ਪੁਸ਼ਟੀ ਕਰਦਾ ਅਤੇ ਆਪ ਵਿਚ ਪਰਮ ਤੱਤ ਖੋਜਣ ਦੀ ਪ੍ਰੇਰਨਾ ਦਿੰਦਾ ਹੈ।[126] ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਸ਼ਬਦ ਵਿਚ ਪੀਪਾ ਜੀ ਮੂਰਤੀ ਪੂਜਾ ਦਾ ਖੰਡਨ ਕਰਦੇ ਹਨ ਤੇ ਆਖਦੇ ਹਨ ਕਿ ਮੰਦਿਰ ਵਿਚ ਅਸਥਾਪਨ ਕੀਤੇ ਦੇਵਤੇ ਨੂੰ ਧੂਪ, ਦੀਵੇ ਤੇ ਨਈਵੇਦ ਪੱਤ ਆਦਿਕਾਂ ਦੀ ਭੇਟਾ ਰੱਖ ਕੇ ਪੂਜਣ ਦੇ ਥਾਂ ਸਰੀਰ-ਮੰਦਿਰ ਵਿਚ ਵਸਦੇ ਰਾਮ ਨੂੰ ਸਿਮਰੋ।[127]

## 2-11 ✓ ਭਗਤ ਸੈਣ ਜੀ

ਸੈਣ ਜੀ ਆਪਣੇ ਸਮੇਂ ਦੇ ਪ੍ਰਸਿੱਧ ਭਗਤਾਂ ਵਿਚੋਂ ਸਨ। ਆਪ ਬਾਂਧਣ ਗੜ੍ਹ (ਰੀਵਾ) ਦੇ ਰਾਜਾ 'ਰਾਜਾ ਰਾਮ' ਦੇ ਨਾਈ ਸਨ। ਰਾਮਾਨੰਦ ਜੀ ਦੀ ਸੰਗਤ ਕਰਕੇ ਰੱਬ ਦੀ ਭਗਤੀ ਵਲ ਲਗੇ। ਆਪ ਭਗਤ ਫੁਲਵਾੜੀ ਦੇ ਸੁੰਦਰ ਤੇ

ਮਹਿਕਦੇ ਫੁੱਲ ਹੋਏ ਹਨ । ਜਿਸ ਦੀਆਤਮ - ਰਸ ਭਿੰਨੀ ਖੁਸ਼ਬੂ ਨੇ ਸਾਰੇ ਦੇਸ ਨੂੰ ਮਹਿਕਾ ਦਿਤਾ ਸੀ ।[128]

ਭਗਤ ਸੈਣ ਜੀ ਦਾ ਜਨਮ 1390 ਈਸਵੀ ਨੂੰ ਬਾਧਵ ਗੜ੍ਹ ਵਿਖੇ ਹੋਇਆ।[129] ਆਪ ਜੀ ਦੇ ਮਾਤਾ ਪਿਤਾ ਤੇ ਬਚਪਨ ਸੰਬੰਧੀ ਹਾਲਤਾਂ ਦਾ ਵੇਰਵਾ ਨਹੀਂ ਮਿਲਦਾ । ਆਪ ਜਾਤ ਦੇ ਨਾਈ ਸਨ । ਇਨ੍ਹਾਂ ਦਾ ਕੰਮ ਰਾਜੇ ਦੀ ਮੁਠੀ - ਚਾਪੀ ਕਰਨਾ, ਮਲ ਮਲ ਕੇ ਇਸ਼ਨਾਨ ਕਰਾਉਂਣਾ, ਨਹੁੰ ਆਦਿਕ ਲਾਹੁਣਾ ਸੀ ।[130]

ਭਗਤ ਸੈਣ ਜੀ ਭਾਵੇਂ ਦੁਨਿਆਵੀ ਜ਼ਿਮੇਵਾਰੀਆਂ ਨਿਭਾਉਣ ਲਈ ਰਾਜ ਦਰਬਾਰ ਵਿਚ ਨਾਈ ਦੀ ਸੇਵਾ ਨਿਭਾਉਂਦੇ ਪਰ ਮਨ ਉਨ੍ਹਾਂ ਦਾ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ । ਜਦ ਵੀ ਕਦੇ ਵਿਹਲ ਮਿਲਦੀ ਤਾਂ ਪ੍ਰਭੂ ਭਗਤੀ ਵਿਚ ਜੁਟ ਜਾਂਦੇ ।ਆਪ ਰਾਮਾ ਨੰਦ ਜੀ ਦੇ ਬਣਾਏ ਹੋਏ ਭਜਨਾਂ ਨੂੰ ਪਿਆਰ ਨਾਲ ਪੜ੍ਹਦੇ ਤੇ ਉਨ੍ਹਾਂ ਦੇ ਖਿਆਲਾਂ ਦੇ ਸਾਂਚੇ ਵਿਚ ਆਪਣਾ ਜੀਵਨ ਢਾਲਣ ਦਾ ਯਤਨ ਕਰਨ ਲਗ ਪਏ । ਇਸ ਤਰ੍ਹਾਂ ਕਰਦਿਆਂ ਕਰਦਿਆਂ ਕੁਝ ਸਮੇਂ ਵਿਚ ਹੀ ਚੰਗੀ ਆਤਮਿਕ ਉਨਤੀ ਕਰ ਗਏ । ਭਜਨ ਕੀਰਤਨ ਤੋਂ ਬਿਨਾਂ ਚੰਗੇ ਮਹਾਤਮਾ ਦੀ ਸੰਗਤ ਤੇ ਸੇਵਾ ਕਰਨੀ ਸੈਣ ਜੀ ਦੇ ਜੀਵਨ ਦਾ ਇਕ ਖਾਸ ਅੰਗ ਬਣ ਗਿਆ ।[131]

ਸੋ ਸੈਣ ਜੀ ਭਗਤੀ ਵਿਚ ਇਤਨੇ ਲਿਵਲੀਨ ਹੋਏ ਕਿ ਉਹ ਸਦਾ ਸਾਧੂਆਂ ਦੀ ਸੰਗਤ ਵਿਚ ਲਗੇ ਰਹਿੰਦੇ । ਇਕ ਵਾਰ ਕਾਫੀ ਸਾਧੂ ਆ ਗਏ ਤੇ ਸਾਰੀ ਰਾਤ ਪ੍ਰਭੂ ਕੀਰਤਨ ਹੁੰਦਾ ਰਹਿਆ ।ਜਿਸ ਕਰਕੇ ਉਹ ਰਾਜੇ ਦੀ ਸੇਵਾ ਲਈ ਵੀ ਹਾਜ਼ਰ ਨਾ ਹੋ ਸਕੇ ਜੋ ਕਿ ਉਨ੍ਹਾਂ ਦਾ ਰੋਜ਼ਾਨਾ ਦਾ ਕੰਮ ਸੀ । ਜਦੋਂ ਦੂਜੇ ਦਿਨ ਰਾਜੇ ਪਾਸ ਗਏ ਤਾਂ ਜਾ ਕੇ ਸਭ ਤੋਂ ਪਹਿਲਾਂ ਮਾਫੀ ਮੰਗੀ ਕਿ ਮੈਂ ਕੱਲ ਹਾਜ਼ਰ ਨਹੀਂ ਹੋ ਸਕਿਆ। ਪਰੰਤੂ ਰਾਜੇ ਨੇ ਕਹਿਆ ਕਿ ਤੁਸੀਂ ਤਾਂ ਰਾਤ ਮੇਰੀ ਮੁਠੀ-ਚਾਪੀ ਕਰਦੇ ਰਹੇ ਹੋ, ਮੈਂ ਕਿਵੇਂ ਮੰਨਾਂ ਕਿ ਤੁਸੀਂ ਨਹੀਂ ਆਏ, ਇਹ ਗੱਲ ਸੁਣ ਕੇ ਸੈਣ ਨੂੰ ਹੈਰਾਨੀ ਹੋਈ ਤੇ ਰਾਜੇ ਨੇ ਇਹ ਅਨੁਭਵ ਕੀਤਾ ਕਿ ਸੈਣ ਦੀ ਭਗਤੀ ਇਤਨੀ ਉੱਚੀ ਹੈ ਕਿ ਉਸ ਦੀ ਪੈਜ ਰਖਣ ਲਈ ਭਗਵਾਨ ਨੇ ਆਪ ਪ੍ਰਬੰਧ ਕੀਤਾ । ਅਜਿਹੀ ਗੱਲ ਵੇਖ ਕੇ ਰਾਜੇ ਦਾ ਪ੍ਰੀਵਾਰ ਹੀ

ਸੈਣ ਜੀ ਦਾ ਸਰਧਾਨੂ ਹੋ ਗਿਆ ।[132]

ਭਾਈ ਗੁਰਦਾਸ ਜੀ ਉਪਰੋਕਤ ਕੌਤਕ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ —"ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣ ਨਾਈ ।

ਪ੍ਰੇਮ ਭਗਤੀ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ ।
ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣਿ ਸਬਾਈ ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ ।
ਸੈਣ ਰੂਪ ਹਰਿਜਾਇ ਕੈ ਆਇਆ ਰਾਣੈ ਨੋ ਰੀਝਾਈ ।
ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ ।
ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨਾਈ ।
ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ ।
ਪਰਗਟੁ ਕਰੈ ਭਗਤਿ ਵਡਿਆਈ ।। ।।[133]

ਪ੍ਰਭੂ ਭਗਤੀ ਦਾ ਕਮਾਲ ਕਿ ਸੈਣ ਨਾਈ ਦੇ ਚਰਨਾਂ ਉਤੇ ਰਾਜਾ ਢਹਿ ਪਿਆ ਅਤੇ ਰਾਜੇ ਨੇ ਉਸ ਨੂੰ ਗੁਰੂ ਵਾਂਗ ਪੂਜ ਉਸ ਦਾ ਹੋ ਗਿਆ ।[134] ਇਹ ਸੰਬੰਧ ਕੇਵਲ ਰਾਜਾ ਰਾਮ ਤੱਕ ਹੀ ਪੂਜਣ ਯੋਗ ਨਾ ਬਣ ਕੇ ਹੁਣ ਤਕ ਰੀਵਾ - ਨਰੇਸ਼ ਦੀ ਸੰਤਾਨ ਸੈਣ ਬੰਸੀਆਂ ਨੂੰ ਬੜੇ ਸਤਿਕਾਰ ਨਾਲ ਦੇਖਦੀ ਹੈ, ਜੋ ਰਿਆਸਤ ਰੀਵਾ ਵਿਚ ਮੌਜੂਦ ਹਨ ।[135]

ਭਗਤ ਸੈਣ ਜੀ ਦਾ ਇਕ ਸ਼ਬਦ ਧਨਾਸਰੀ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਸ ਵਿਚ ਪ੍ਰਮਾਤਮਾ ਦੀ ਆਰਤੀ ਦੇ ਸੰਬੰਧ ਵਿਚ ਭਗਤ ਜੀ ਲਿਖਦੇ ਹਨ :-

ਹੇ ਮਾਇਆ ਦੇ ਮਾਲਕ ਪ੍ਰਭੂ ! ਮੈਂ ਤੈਥੋ ਸਦਕੇ ਜਾਂਦਾ ਹਾਂ ( ਤੈਥੋ ਸਦਕੇ ਜਾਣਾ ਹੀ ) ਧੂਪ ਦੀ ਤੇ ਘਿਉ ਆਦਿਕ ਸਮੱਗ੍ਰੀ ਇਕੱਠੇ ਕਰਕੇ ਤੇਰੀ ਆਰਤੀ ਕਰਨੀ ਹੈ । 1 ।

ਹੇ ਹਰੀ ! ਹੇ ਰਾਜਨ ! ਹੇ ਰਾਮ ! ਤੇਰੀ ਮੇਹਰ ਨਾਲ ( ਮੇਰੇ

ਅੰਦਰ ) ਸਦਾ ( ਤੇਰੇ ਨਾਮ - ਸਿਮਰਨ ਦਾ ) ਅਨੰਦ ਮੰਗਲ ਹੋ ਰਿਹਾ ਹੈ। ਰਹਾਉ ।

ਹੇ ! ਕਮਲਾਪਤੀ ! ਤੂੰ ਨਿਰਜਨ ਹੀ ਮੇਰੇ ਲਈ ( ਆਰਤੀ ਕਰਨ ਲਈ ) ਸੋਹਣਾ ਰੰਗਾ ਦੀਵਾ ਤੇ ਸਾਫ ਸੁਥਰੀ ਵੱਤੀ ਹੈ । 2 ।

ਜੋ ਮਨੁੱਖ ਸਰਬ - ਵਿਆਪਕ ਪਰਮ ਆਨੰਦ-ਰੂਪ ਪ੍ਰਭੂ ਦਾ ਗੁਣ ਗਾਂਦਾ ਹੈ, ਉਹ ਪ੍ਰਭੂ ਦੀ ਭਗਤੀ ਦੀ ਬਰਕਿਤ ਨਾਲ ਉਸ ਦੇ ਮਿਲਾਪ ਦਾ ਅਨੰਦ ਮਾਣਦਾ ਹੈ । 3 ।

ਸੈਣ ਆਖਦਾ ਹੈ – ( ਹੇ ਮੇਰੇ ਮਨ ) ਉਸ ਪਰਮ ਅਨੰਦ ਪ੍ਰਮਾਤਮਾ ਦਾ ਸਿਮਰਨ ਕਰ, ਜੋ ਸੋਹਣੇ ਸਰੂਪ ਵਾਲਾ ਹੈ, ਜੋ (ਸੰਸਾਰ ਤੇ ) ਡਰਾਂ ਤੋ ਪਾਰ ਲੰਘਣ ਵਾਲਾ ਹੈ ਤੇ ਜੋ ਸ੍ਰਿਸਟੀ ਦੀ ਸਾਰ ਲੈਣ ਵਾਲਾ ਹੈ । 4 । [136]

ਭਗਤ ਮਾਲ ਸਮੇਤ ਬਹੁਤ ਵਿਦਵਾਨ ਭਗਤ ਸੈਣ ਜੀ ਦੇ ਦੇਹਾਂਤ ਦੇ ਸੰਮਤ ਬਾਰੇ ਚੁਪ ਹਨ । ਗੁਰੂ ਗ੍ਰੰਥ ਰਤਨਾਵਲੀ ਵਿਚ ਭਗਤ ਸੈਣ ਜੀ ਦਾ ਦੇਹਾਂਤ 1440 ਈਸਵੀ ਵਿਚ ਹੋਇਆ ਦਸਿਆ ਗਿਆ ਹੈ । ਪਰ ਇਸ ਸੰਬੰਧ ਵਿਚ ਹੋਰ ਕੁਝ ਦਸਣ ਤੇ ਇਸ ਦੇ ਪ੍ਰਮਾਣ ਲਈ ਚੁਪ ਹੈ ।[137]

## 2.12 ✓ ਭਗਤ ਧੰਨਾ ਜੀ

ਗੁਰੂ ਅਰਜਨ ਸਾਹਿਬ ਨੇ ਇਕ ਸ਼ਬਦ ਵਿਚ ਧੰਨੇ ਦੇ ਜੀਵਨ - ਵਿਕਾਸ ਦੀ ਵਿਆਖਿਆ ਕਰਦਿਆਂ ਸਾਫ਼ ਲਿਖਿਆ ਹੈ ਕਿ ਛੋਟੀਆਂ ਜਾਤਾਂ ਵਿਚੋਂ ਉਠਣ ਵਾਲੇ ਭਗਤਾਂ ਦੇ ਉਤਸ਼ਾਹ - ਪੂਰਨ ਜੀਵਨ ਦੀ ਕਹਾਣੀ ਸੁਣ ਕੇ ਧੰਨੇ ਨੂੰ ਵੀ ਸ਼ੌਕ ਜਾਗਿਆ ਤੇ ਉਸ ਨੇ ਆਪਣੇ ਸਿਦਕ ਸਦਕੇ ਭਗਵਾਨ ਦੇ ਦਰਸ਼ਨ ਪਾਏ ।[138] ਦਿਆਲੂ ਪ੍ਰਮਾਤਮਾ ਨੇ ਧੰਨੇ ਤੇ ਕ੍ਰਿਪਾ ਕਰਕੇ ਅਗੇ ਭਗਤਾਂ ਲਈ ਪ੍ਰਭੂ ਭਗਤੀ ਦਾ ਰਾਹ ਸੌਖਲਾ ਕੀਤਾ । ਇਹ ਸਭ ਭਰਮ ਭੁਲੇਖੇ ਕਿ ਪ੍ਰਭੂ ਗਿਆਨਵਾਨ ਤੇ ਕਰਮਕਾਂਡੀ ਲੋਕਾਂ ਨੂੰ ਹੀ

ਪ੍ਰਾਪਤ ਹੋ ਸਕਦਾ ਹੈ ਦੂਰ ਕੀਤੇ । ਇਕ ਅਨਪੜ੍ਹ, ਸਿਧਾ ਸਾਧਾ ਜੱਟ ਆਪਣੇ ਪ੍ਰੇਮ ਤੇ ਸ਼ਰਧਾ ਨਾਲ ਉਸ ਪ੍ਰਭੂ ਦੇ ਦਰਸ਼ਨ ਕਰ ਗਿਆ ।

ਭਗਤ ਧੰਨਾ ਜੀ ਦਾ ਜਨਮ ਟੋਂਕ ਦੇ ਇਲਾਕੇ ਪਿੰਡ ਧੁਆਨ, ਜੋ ਦੇਉਲੀ ( ਰਾਜਸਥਾਨ ) ਤੋਂ ਵੀਹ ਮੀਲ ਹੈ, ਵਿਖੇ ਸੰਮਤ 1473 ਬਿਕਰਮੀ ਵਿਚ ਜੱਟਾਂ ਦੇ ਘਰ ਹੋਇਆ ।[139] ਭਾਈ ਕਾਨ੍ਹ ਸਿੰਘ ਨਾਭਾ ਵੀ ਇਹੋ ਜਨਮ ਮਿਤੀ ਮੰਨਦੇ ਹਨ ।[140] ਪਰ ਮੈਕਾਲਿਫ ਸਾਹਿਬ ਨਾਲ ਇਹ ਮੇਲ ਨਹੀਂ ਖਾਂਦੀ ਜੋ 1415 ਈਸਵੀ ਮੰਨਦੇ ਹਨ । ਇਨ੍ਹਾਂ ਵਿਚ ਦੋ ਸਾਲ ਦਾ ਅੰਤਰ ਹੈ ਜੋ ਬਹੁਤਾ ਨਹੀਂ । ਇਕ ਅਨਪੜ੍ਹ ਤੇ ਗਰੀਬ ਪਰਿਵਾਰ ਵਲੋਂ ਦਸਣ ਵਿਚ ਹੀ ਇਤਨਾ ਫਰਕ ਪੈ ਜਾਂਦਾ ਹੈ ।

ਭਗਤ ਧੰਨਾ ਜੀ ਬਚਪਨ ਤੋਂ ਹੀ ਭੋਲੇ ਭਾਲੇ ਸਾਧੂ ਸੁਭਾਅ ਸਨ । ਆਪ ਦਾ ਮਾਈ ਬਾਪ ਜ਼ਮੀਨ ਵਾਹ ਕੇ ਅਤੇ ਪਸ਼ੂ ਪਾਲ ਕੇ ਗੁਜ਼ਾਰਾ ਕਰਦਾ ਸੀ । ਉਹ ਬਹੁਤ ਹੀ ਗਰੀਬ ਸਨ । ਜਦੋ ਧੰਨਾ ਰਤਾ ਕੁ ਹੁਸ਼ਿਆਰ ਹੋਇਆ ਤਾਂ ਉਹਨਾਂ ਨੇ ਇਸ ਨੂੰ ਡੰਗਰ ਚਾਰਨ ਤੇ ਲਾ ਦਿੱਤਾ । ਉਹ ਹਰ ਰੋਜ਼ ਡੰਗਰ ਚਾਰਨ ਜਾਇਆ ਕਰਦਾ ਸੀ ।[141] ਜਵਾਨ ਹੋ ਕੇ ਉਨ੍ਹਾਂ ਖੇਤੀ ਦਾ ਕੰਮ ਕੀਤਾ ।

ਭਗਤ ਧੰਨਾ ਜੀ ਜਦ ਵਡੇ ਹੋਏ ਤਾਂ ਉਨ੍ਹਾਂ ਨੂੰ ਪ੍ਰਮਾਤਮਾ ਦੇ ਦਰਸ਼ਨ ਕਰਨ ਦੀ ਲਾਲਸਾ ਮਨ ਵਿਚ ਜਾਗੀ । ਨਿਤਾ ਪ੍ਰਤੀ ਕੰਮ ਕਰਦਿਆਂ ਉਨ੍ਹਾਂ ਦਾ ਧਿਆਨ ਪਿੰਡ ਤੇ ਬਾਹਰ ਇਕ ਕਚੇ ਤਲਾ ਦੇ ਕੰਢੇ ਇਕ ਠਾਕਰ ਦਵਾਰਾ ਸੀ ਵਲ ਲਗ ਗਿਆ । ਉਸ ਵਿਚ ਬਹੁਤ ਸਾਰੀਆਂ ਠਾਕਰਾਂ ਦੀਆਂ ਮੂਰਤੀਆਂ ਰਖੀਆਂ ਹੋਈਆਂ ਸਨ । ਉਨ੍ਹਾਂ ਮੂਰਤੀਆਂ ਦੀ ਪੂਜਾ ਹੁੰਦੀ ਸੀ । ਲੋਕ ਸਵੇਰੇ ਜਾ ਕੇ ਮੱਥਾ ਟੇਕਦੇ ਤੇ ਚੜ੍ਹਾਵਾ ਚੜ੍ਹਾ ਆਉਂਦੇ ਸੀ । ਅਸਲ ਵਿਚ ਪਿੰਡ ਦੇ ਬ੍ਰਾਹਮਣ ਵਾਸਤੇ ਉਸ ਦੀ ਰੋਟੀ ਦਾ ਪ੍ਰਬੰਧ ਸੀ ।[142]

ਪਰ ਬੇਅੰਤ ਪ੍ਰਭੂ ਨੇ ਧੰਨੇ ਨੂੰ ਤਾਰਨਾ ਸੀ ਤੇ ਉਹਦੇ ਭੋਲੇ ਭਾਲੇ ਪ੍ਰੇਮ ਭਰੇ ਸੁਭਾਅ ਨੂੰ ਭਾਗ ਲਾਉਣੇ ਸਨ ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ

ਕਿ ਜਦ ਬ੍ਰਾਹਮਣ ਦੇਵਤਿਆ ਦੀ ਪੂਜਾ ਕਰ ਰਿਹਾ ਹੁੰਦਾ ਸੀ ਤਾਂ ਉਧਰ ਧੰਨਾ ਜੀ ਵੀ ਗਊਆਂ ਚਰਾ ਰਹੇ ਹੁੰਦੇ ਸਨ । ਇਹ ਵੇਖ ਕੇ ਧੰਨਾ ਜੀ ਨੇ ਜਗਿਆਸੂ ਵਾਂਗ ਪੰਡਤ ਤੋਂ ਇਸ ਪੂਜਾ ਬਾਰੇ ਪੁੱਛਿਆ । ਅਗੋਂ ਪੰਡਤ ਜੀ ਨੇ ਕਿਹਾ ਕਿ ਉਹ ਠਾਕਰਾਂ ਦੀ ਪੂਜਾ ਕਰਦੇ ਹਨ ਤਾਂ ਉਹਨਾਂ ਨੂੰ ਮਨ ਬਾਂਸਤ ਫਲ ਪ੍ਰਾਪਤ ਹੁੰਦੇ ਹਨ । ਇਹ ਸੁਣ ਕੇ ਧੰਨਾ ਜੀ ਨੇ ਵੀ ਬੇਨਤੀ ਕੀਤੀ ਕਿ ਇਕ ਠਾਕਰ ਮੈਨੂੰ ਵੀ ਪੂਜਾ ਕਰਨ ਵਾਸਤੇ ਦੇ ਦਿਓ । ਪੰਡਤ ਨੇ ਮੂਰਖ ਸਮਝ ਧੰਨੇ ਨੂੰ ਇਕ ਪੱਥਰ ਲਪੇਟ ਕੇ ਦੇ ਦਿਤਾ ਤੇ ਖਹਿੜਾ ਛੁਡਾਇਆ । ਠਾਕਰ ਦੀ ਪੂਜਾ ਆਦਿ ਕਰਕੇ ਉਹਨਾਂ ਨੂੰ ਭੋਗ ਲਾਉਣ ਦੀ ਬੇਨਤੀ ਕਰਨ ਲਗਾ ਤੇ ਹੱਥ ਪੈਰ ਜੋੜ ਕੇ ਮਨਾਉਂਦਾ ਹੋਇਆ ਕਹਿਣ ਲਗਾ ਕਿ ਜੇ ਤੁਸੀਂ ਨਹੀਂ ਖਾਂਦੇ ਤਾਂ ਮੈਂ ਵੀ ਨਹੀਂ ਖਾਵਾਂਗਾ । ਭਗਤ ਦੀ ਪ੍ਰੇਮ ਭਰੀ ਅੜੀ ਵੇਖ ਕੇ ਗੋਸਾਈਂ ਆਪ ਰੋਟੀ ਖਾਂਦੀ ਤੇ ਲੱਸੀ ਪੀਤੀ ਤੇ ਧੰਨੇ ਦੇ ਭੋਲੇ ਸੁਭਾਅ ਤੇ ਪ੍ਰੇਮ ਨੇ ਗੋਬਿੰਦ ਦੇ ਦਰਸ਼ਨ ਕੀਤੇ ।[143]

ਗਿਆਨੀ ਨਰਾਇਣ ਸਿੰਘ ਜੀ ਲਿਖਦੇ ਹਨ ਕਿ ਬ੍ਰਾਹਮਣ ਨੇ ਏਧਰ ਉਧਰ ਦੀਆਂ ਮਾਰ ਕੇ ਬਹੁੱਤ ਸਮਝਾਉਣ ਦਾ ਯਤਨ ਕੀਤਾ ਪਰ ਧੰਨਾ ਨਾ ਮੰਨਿਆ, ਉਹ ਜ਼ਿਦ ਉਤੇ ਅੜਿਆ ਰਿਹਾ । ਪੰਡਤ ਮਾੜੂਆ ਜਿਹਾ ਸੀ, ਧੰਨਾ ਚੜ੍ਹਦੀ ਜਵਾਨੀ ਦਾ ਗਬਰੂ । ਬ੍ਰਾਹਮਣ ਨੂੰ ਫ਼ਿਕਰ ਪੈ ਗਿਆ ਕਿ ਕਿਤੇ ਮੌਰਾਂ ਨਾ ਸੇਕ ਦੇਵੇ, ਇਸ ਵਾਸਤੇ ਉਸਨੇ ਡਰਕੇ ਮਾਰੇ ਆਖਿਆ — ' ਹੱਛਾ ਧੰਨਿਆ ! ਜ਼ਿੱਦ ਕਰਦਾ ਹੈ ਤਾਂ ਤੈਨੂੰ ਠਾਕਰ ਦੇ ਹੀ ਦਿੰਦੇ ਹਾਂ '. ਇਹ ਆਖਦੇ ਬ੍ਰਾਹਮਣ ਨੇ ਧੰਨੇ ਨੂੰ ਟਾਲਣ ਵਾਸਤੇ ਠਾਕਰ ਪੱਥਰ ਸਾਲਗਰਾਮ ਜੋ ਮੰਦਰ ਵਿਚ ਵਾਧੂ ਪਿਆ ਸੀ ਚੁੱਕ ਕੇ ਧੰਨੇ ਦੇ ਹਵਾਲੇ ਕਰ ਦਿਤਾ । ਨਾਲ ਹੀ ਉਸ ਨੂੰ ਪੂਜਾ ਪਾਠ ਕਰਨ ਦੀ ਵਿੱਧੀ ਦਸ ਦਿਤੀ ।[144]

ਭੋਲੇ ਜੱਟ ਨੇ ਦਸੀ ਵਿਧੀ ਅਨੁਸਾਰ ਸਭ ਕੁਝ ਕੀਤਾ । ਜਦ ਠਾਕੁਰ ਨੂੰ ਭੋਗ ਲਾਉਣ ਲਈ ਬੇਨਤੀ ਕੀਤੀ ਤਾਂ ਉਸ ਨੇ ਪ੍ਰਸ਼ਾਦ ਨਾ ਛਕਿਆ, ਤਾਂ ਧੰਨਾ ਕਹਿਣ ਲਗਾ ਪ੍ਰਭੂ ਕ੍ਰਿਪਾ ਕਰੋ ! ਹਾਂ ਇਹ ਵੀ ਮਤ ਸਮਝੋ ! ਜੇ ਆਪ ਨੇ ਪ੍ਰਸ਼ਾਦ ਨਾ ਛਕਿਆ ਤਾਂ ਮੈਂ ਵੀ ਨਹੀਂ ਛਕਣਾ । ਮਰ ਜਾਵਾਂਗਾ, ਪਰ ਤੁਸਾਂ ਨੂੰ ਛਕਾਏ ਬਗੈਰ ਨਹੀਂ ਛਕਣਾ । ਮੈਂ ਬਚਨ ਦੇਂਦਾ ਹਾਂ, ਮੈਂ ਜੱਟ ਹਾਂ,

ਜ਼ਿਦ ਨਹੀਂ ਛਡਾਂਗਾ । ਜੇ ਤੇਰਾ ਧਰਮ ਹੈ ਸਿਰਫ ਬ੍ਰਹਮਣ ਕੋਲੋ ਖਾਣਾ ਤਾਂ ਅਸਾਡਾ ਧਰਮ ਹੈ ਜ਼ਿਦ ਬਦਲੇ ਕੁਰਬਾਣ ਹੋ ਜਾਣਾ ।[145] ਕਹਿੰਦੇ ਹਨ, ਧੰਨੇ ਦੀ ਸਿਦਕ ਤੇ ਸ਼ਰਧਾ - ਭਰੀ ਜੋਦੜੀ ਪ੍ਰਵਾਨ ਹੋਈ ਤੇ ਪੱਥਰ ਵਿਚੋਂ ਪਰਗਟ ਹੋ ਕੇ ਭਗਵਾਨ ਨੇ ਭਗਤ ਦਾ ਭੋਜਨ ਖਾਧਾ । ਇਸ ਗੱਲ ਦੀ ਸਾਰੇ ਪਾਸੇ ਚਰਚਾ ਹੋਈ ਤੇ ਉਹ ਪੰਡਿਤ ਵੀ ਹੈਰਾਨ ਹੋਇਆ ਤੇ ਧੰਨੇ ਪਾਸ ਆਇਆ ਕਿ ਮੈਨੂੰ ਵੀ ਦਰਸ਼ਨ ਕਰਾ । ਮੈਂ ਤਾਂ ਕਈ ਵਰਿਆਂ ਤੋਂ ਪੂਜਾ ਉਪਾਸ਼ਨਾ ਕਰ ਰਿਹਾ ਹਾਂ ਪਰ ਇਸ ਭਗਵਾਨ ਦੇ ਪ੍ਰਤੱਖ ਦਰਸ਼ਨ ਨਹੀਂ ਹੋਏ । ਧੰਨਾ ਭਗਤ ਜੀ ਨੇ ਉਸ ਨੂੰ ਕਰਮ ਕਾਂਡ ਤਜਕੇ ਪ੍ਰੇਮਾ ਭਗਤੀ ਵਿਚ ਲਗ ਜਾਣ ਦਾ ਉਪਦੇਸ਼ ਦਿੱਤਾ।[146]

ਧੰਨਾ ਜੀ ਨੂੰ ਪਰਮਾਰਥ ਦੀ ਲਗਨ ਵਧਦੀ ਗਈ । ਉਨ੍ਹਾਂ ਨੇ ਕਾਸ਼ੀ ਵਿਚ ਜਾ ਕੇ ਸ੍ਰੀ ਰਾਮਾ ਨੰਦ ਜੀ ਤੋਂ ਗੁਰੂ ਦੀਖਿਆ ਲਈ । ਆਪਣਾ ਜੀਵਨ ਭਜਨ ਸਿਮਰਨ ਵਿਚ ਬਤੀਤ ਕਰਨ ਲਗੇ । ਇਸ ਰੰਗ ਵਿਚ ਉਹ ਵਾਹਿਗੁਰੂ ਵਿਚ ਲੀਨ ਹੋ ਗਏ । ਭਗਤ ਧੰਨਾ ਜੀ ਨੇ ਭਗਤੀ ਦਾ ਆਰੰਭ ਮੂਰਤੀ ਪੂਜਾ ਤੋਂ ਕੀਤਾ ਸੀ, ਪਰ ਅਖੀਰ ਵਿਚ ਸ੍ਰਧਾ ਵਿਆਪਕ ਨਿਰੰਕਾਰ ਦੇ ਪੂਜਕ ਹੋਏ ।[147]

ਧੰਨੇ ਦੀ ਸਾਦਗੀ, ਨਿਸ਼ਕਾਮਤਾ, ਦਿਲ ਦੀ ਪਵਿੱਤਰਤਾ ਤੇ ਦਲੇਰੀ ਉਨ੍ਹਾਂ ਭਜਨਾਂ ਜਾਂ ਗੀਤਾ ਤੋਂ ਜ਼ਾਹਰ ਹੈ ਜਿੰਨਾਂ ਵਿਚ ਉਨ੍ਹਾਂ ਬਿਨਾਂ ਕਿਸੇ ਸੰਕੋਚ ਦੇ ਆਪਣੀਆਂ ਪਰਮਾਰਥਕ ਲੋੜਾਂ ਤੋਂ ਇਲਾਵਾ ਸੰਸਾਰੀਆਂ ਦੁਰਰਾਈਆਂ ਹਨ ਤੇ ਆਪਣੇ ਪ੍ਰਭੂ ਦੀ 'ਆਰਤੀ' ਦੀ ਥਾਂ ਆਰਤਾ ਉਤਾਰਿਆ ਹੈ ।[148]

ਹੇ ਪ੍ਰਿਥਵੀ ਦੇ ਪਾਲਣ ਵਾਲੇ ਪ੍ਰਭੂ '. ਮੈਂ ਤੇਰੇ ਦਰ ਦਾ ਮੰਗਤਾ ਹਾਂ (ਮੇਰੀਆਂ ਲੋੜਾਂ ਪੂਰੀਆਂ ਕਰ ) ਜੋ ਜੋ ਮਨੁੱਖ ਤੇਰੀ ਭਗਤੀ ਕਰਦੇ ਹਨ ਤੂੰ ਉਹਨਾਂ ਦੇ ਕੰਮ ਸਿਰੇ ਚਾੜ੍ਹਦਾ ਏ । ਰਹਾਉ ।

ਮੈਂ ( ਤੇਰੇ ਦਰ ਤੋਂ ) ਦਾਲ, ਆਟਾ ਤੇ ਘਿਉ ਮੰਗਦਾ ਹਾਂ, ਜੋ ਮੇਰੀ ਜਿੰਦ ਨੂੰ ਨਿੱਤ ਸੁਖੀ ਰੱਖੇ, ਜੁੱਤੀ ਤੇ ਸੋਹਣਾ ਕਪੜਾ ਵੀ ਮੰਗਦਾ ਹਾਂ, ਤੇ ਸੱਤਾਂ ਸੀਆਂ ਦਾ ਅੰਨ ਵੀ ( ਤੈਥੋ ਹੀ ) ਮੰਗਦਾ ਹਾਂ ।

ਹੇ ਗੋਪਾਲ ! ਮੈਂ ਗਾਂ ਮਹਿ ਲਵੇਰੀ ( ਭੀ ) ਮੰਗਦਾ ਹਾਂ, ਤੇ ਇਕ ਚੰਗੀ ਅਰਬੀ ਘੋੜੀ ਭੀ ਚਾਹੀਦੀ ਹੈ । ਮੈਂ ਤੇਰਾ ਦਾਸ ਧੰਨਾ ਤੈਥੋਂ ਮੰਗ ਕੇ ਘਰ ਦੀ ਚੰਗੀ ਇਸਤ੍ਰੀ ਭੀ ਲੈਂਦਾ ਹਾਂ ।[149]

ਕਹਿੰਦੇ ਹਨ ਗੁਰੂ ਦੀ ਕ੍ਰਿਪਾ ਹੋਣ ਤੇ ਧੰਨੇ ਦੇ ਘਰ ਸਭ ਕੁਝ ਆ ਗਿਆ । ਇਕ ਚੰਗੇ ਅਮੀਰ ਦੇ ਘਰ ਉਸਦੀ ਸ਼ਾਦੀ ਹੋ ਗਈ । ਪਤਨੀ ਆਈ ਤਾਂ ਦਾਜ ਵਿਚ ਘੋੜੀ, ਗਊ ਲਵੇਰੀ ਤੇ ਲੀੜੇ ਆਦਿ ਬਹੁਤ ਆਏ । ਬਾਹਰ ਫਸਲ ਵੀ ਬਹੁਤ ਹੋਈ । [150]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧੰਨੇ ਭਗਤ ਦੇ ਚਾਰ ਸ਼ਬਦ ਹਨ । ਤਿੰਨ ਆਸਾ ਰਾਗ ਵਿਚ ਤੇ ਇਕ ਧਨਾਸਰੀ ਰਾਗ ਵਿਚ ।

## 2.13 ਭਗਤ ਭੀਖਨ ਜੀ

ਭੀਖਨ ਜੀ ਮੁਸਲਮਾਨ ਸੂਫ਼ੀ ਫਕੀਰ ਸਨ । ਆਪ ਦਾ ਜਨਮ ਪਿੰਡ ਕਾਕੋਰੀ ਜ਼ਿਲਾ ਲਖਨਊ ਵਿਚ 15ਵੀਂ ਬਿਕ੍ਰਮੀ ਦੇ ਪਿਛਲੇਰੇ ਅੱਧ ਵਿਚ ਹੋਇਆ ਤੇ ਇਕ ਮਹਾਨ ਫਕੀਰ ਜਾਂ ਤੱਪਸਵੀ ਭਗਤ ਹੋਏ ਹਨ ।[151] ਗੁਰੂ ਗ੍ਰੰਥ ਰਤਨਾਵਲੀ ਵਿਚ ਭਗਤ ਭੀਖਨ ਦਾ ਜਨਮ 1480 ਈਸਵੀ ਵਿਚ ਹੋਇਆ ਦਸਿਆ ਗਿਆ ਹੈ ਜੋ ਠੀਕ ਜਾਪਦਾ ਹੈ ।[152] ਮੈਕਾਲਿਫ ਸਾਹਿਬ ਤੇ ਹੋਰ ਵਿਦਵਾਨ ਜਨਮ ਤਰੀਕ ਬਾਰੇ ਚੁਪ ਹਨ ।

ਆਪ ਨੇ ਸੱਯਦ ਮੀਰ ਇਬ੍ਰਾਹੀਮ ਤੇ ਧਾਰਮਿਕ ਰਹਿਨੁਮਾਈ ਪ੍ਰਾਪਤ ਕੀਤੀ ਤੇ ਸ਼ੱਰੀਅਤ, ਤਰੀਕਤ ਦੇ ਮਸਲਿਆਂ ਨੂੰ ਸਮਝਿਆ ਵਿਚਾਰਿਆ । ਉਸ ਸਮੇਂ ਭਗਤੀ ਲਹਿਰ ਦਾ ਅਸਰ ਕੋਨੇ ਕੋਨੇ ਉਤੇ ਛਾ ਰਹਿਆ ਸੀ ਤੇ ਕੋਈ ਵੀ ਸੂਝਵਾਨ ਆਦਮੀ ਉਸਤੋਂ ਅਭਿਜ ਨਹੀਂ ਸੀ ਰਹਿ ਸਕਦਾ । ਭੀਖਨ ਜੀ ਤੇ ਭੀ ਉਸ ਦਾ ਉਚਿਤ

ਪ੍ਰਭਾਵ ਪਇਆ ਤੇ ਉਹ ਸਰਾ ਸ਼ਰੀਅਤ ਦੀਆਂ ਹੱਦਾਂ ਨੂੰ ਲੰਘ ਕੇ ਬੰਦਗੀ ਜਾਂ ਨਾਮ ਸਿਮਰਨ ਨੂੰ ਹੀ ਸਾਰੇ ਰੋਗਾਂ ਦਾ ਇਲਾਜ ਮੰਨਣ ਲੱਗੇ ।[153]

ਭੀਖਨ ਜੀ ਆਪਣੇ ਸਮੇਂ ਦੇ ਮਹਾਨ ਵਿਦਵਾਨ, ਕਰਾਨ ਦੇ ਹਾਫ਼ਿਜ, ਸ਼ਰੀਅਤ ਤਰੀਕਤ, ਹਕੀਕਤ ਤੇ ਮਾਰਫ਼ਤ ਦੇ ਜਾਣੂ ਸਨ । ਆਪ ਸੂਫ਼ੀ ਫ਼ਕੀਰਾਂ ਵਾਂਗੂ ਅੰਤਰੀਵ ਸਿਖਿਆ ਦਿੰਦੇ ਸਨ ।[154]

ਆਪ ਭਾਵੇਂ ਗ੍ਰਿਹਸਤੀ ਸਨ ਪਰ ਬੜੇ ਹੀ ਉਚੇ ਤੇ ਸੁੱਚੇ ਆਚਾਰ ਦੇ ਮਾਲਕ ਸਨ । ਆਪ ਦੀ ਵਿਦਵਤਾ ਵੀ ਮੰਨੀ - ਦੰਨੀ ਗੱਲ ਸੀ ।

ਮੈਕਾਲਿਫ਼ਸਾਹਿਬ ਲਿਖਦੇ ਹਨ ਕਿ ਜਿਸ ਭੀਖਨ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਦਰਜ ਹੈ, ਉਸ ਦੇ ਵਿਚਾਰ ਸ਼ੇਖ ਫ਼ਰੀਦ ਦੂਸਰੇ ਨਾਲ ਮਿਲਦੇ ਹਨ । ਉਸ ਵਕਤ ਹਿੰਦੁਸਤਾਨ ਵਿਚ ਜੋ ਸੁਧਾਰ ਦੀ ਲਹਿਰ ਚਲ ਰਹੀ ਸੀ, ਉਸ ਦਾਅਸਰ ਇਸ ਮਹਾਤਮਾਂ ਤੇ ਵੀ ਪਿਆ । ਇਹ ਕਬੀਰ ਜੀ ਦੇ ਸਤਸੰਗੀ ਲਗਦੇ ਹਨ ।[155]

ਆਪ ਦੇ ਜੀਵਨ ਸੰਬੰਧੀ ਜਾਣਕਾਰੀ ਘਟ ਹੀ ਮਿਲਦੀ ਹੈ। ਪਰ ਆਪ ਦੀ ਬਾਣੀ ਦੇ ਸ਼ਬਦਾਂ ਵਿਚੋਂ ਗਹੁ ਨਾਲ ਵਾਚੀਏ ਤਾਂ ਲੰਮੀ ਉਮਰ ਤੇ ਪ੍ਰਭੂ ਮਿਲਾਪ ਦੇ ਚਿੰਨ ਪ੍ਰਤੱਖ ਨਜ਼ਰ ਆਉਂਦੇ ਹਨ । ਆਪ ਬੁਢਾਪੇ ਦੀ ਤਸਵੀਰ ਖਿਚਦੇ ਹੋਏ ਲਿਖਦੇ ਹਨ — ਸਰੀਰ ਨਿਰਬਲ ਹੋ ਗਿਆ ਹੈ । ਅੱਖੀਆਂ ਵਿਚੋਂ ਪਾਣੀ ਵਹਿ ਰਿਹਾ ਹੈ । ਕੇਸ ਦੁੱਧ ਵਰਗੇ ਚਿੱਟੇ ਹੋ ਗਏ ਹਨ । ਬਲਗਮ ਨਾਲ ਸੰਘ ਰੁਕ ਰਿਹਾ ਹੈ ਐ ਜੀਵ ! ਹੁਣ ਤੂੰ ਕੀ ਕਰ ਸਕਦਾ ਹੈ ? ਭਾਵ ਹੁਣ ਵੀ ਤੂੰ ਪ੍ਰਮਾਤਮਾ ਨੂੰ ਯਾਦ ਨਹੀਂ ਕਰ ਰਿਹਾ । ਹੇ ਰਾਮ ਹੁਣ ਤੂੰ ਮੇਰੇ ਦੁੱਖ ਦਾ ਇਲਾਜ ਹੈ । ਤੂੰ ਹੀ ਮੇਰਾ ਵੈਦ ਹੈ । ਹੇ ਪ੍ਰਭੂ ! ( ਬਿਰਧ ਹੋਣ ਕਾਰਨ ) ਤੇਰੇ ਸਿਰ ਵਿਚ ਪੀੜ ਟਿਕੀ ਰਹਿੰਦੀ ਹੈ ਕਲੇਜੇ ਵਿਚ ਦਰਦ ਉਠਦੀ ਹੈ ਭਾਵ ਬੁਢੇਪੇ ਦੇ ਇਸ ਵੱਡੇ ਰੋਗ ਦਾ ਕੋਈ ਇਲਾਜ਼ ਨਹੀਂ ਹੈ । ਭਾਵ ਫਿਰ ਵੀ ਤੇਰਾ ਇਸ ਸਰੀਰ ਨਾਲੋਂ ਮੋਹ ਟੁਟਦਾ ਨਹੀਂ ।[156]

ਇਹ ਮੋਹ ਤੋੜਨ ਦਾ ਇਕੋ ਹੀ ਇਲਾਜ ਜਗਤ ਵਿਚ ਹੈ, ਉਹ ਹੈ ਪ੍ਰਭੂ ਦਾ ਨਾਮ - ਰੂਪ ਅੰਮ੍ਰਿਤ, ਪ੍ਰਮਾਤਮਾ ਦਾ ਨਾਮ - ਰੂਪ ਨਿਰਮਲ ਜਲ । ਦਾਸ ਭੀਖਨ ਆਖਦਾ ਹੈ ਕਿ ਗੁਰੂ ਦੀ ਕ੍ਰਿਪਾ ਨਾਲ ਮੈਂ ਇਹ ਨਾਮ ਜਪਣ ਦਾ ਰਸਤਾ ਲਭ ਲਿਆ ਹੈ ਜਿਸ ਕਰਕੇ ਮੈਂ ਸਰੀਰਕ ਮੋਹ ਤੋਂ ਖਲਾਸੀ ਪਾ ਲਈ ਹੈ ।

ਸਰੀਰਕ ਮੋਹ ਤੋਂ ਖਲਾਸੀ ਪਾ ਕੇ ਭਗਤ ਭੀਖਨ ਨੇ ਨਾਮ ਸਿਮਰਨ ਕਰ ਪ੍ਰਭੂ ਨੂੰ ਹਰ ਥਾਂ ਹਰ ਵਸਤ ਵਿਚ ਦਰਸ਼ਨ ਪਾਇਆ ਆਪ ਲਿਖਦੇ ਹਨ -

ਪ੍ਰਮਾਤਮਾ ਦਾ ਨਾਮ ਇਕ ਐਸਾ ਅਮੋਲਕ ਪਦਾਰਥ ਹੈ ਜੋ ਭਾਗਾਂ ਨਾਲ ਮਿਲਦਾ ਹੈ । ਇਸ ਰਤਨ ਨੂੰ ਜੇ ਅਨੇਕਾਂ ਜਤਨ ਕਰਕੇ ਵੀ ਹਿਰਦੇ ਵਿਚ ਰੱਖੀਏ ਤਾਂ ਵੀ ਲੁਕਾਇਆ ਇਹ ਲੁਕਦਾ ਨਹੀਂ ।

ਉਹ ਸੁਆਦ ਦਸਿਆ ਨਹੀਂ ਜਾ ਸਕਦਾ ਜੋ ਪ੍ਰਮਾਤਮਾ ਦੇ ਗੁਣ ਗਾਉਂਦਿਆ ਆਉਂਦਾ ਹੈ, ਜਿਵੇਂ ਗੂੰਗੇ ਮਨੁੱਖ ਦੇ ਖਾਧੀ ਮਠਿਆਈ ਦੇ ਸੁਆਦ ਦਾ ਹੋਰ ਕਿਸੇ ਨੂੰ ਪਤਾ ਨਹੀਂ ਲਗ ਸਕਦਾ । ਰਹਾਉ ।

ਨਾਮ ਜਪਦਿਆਂ ਜੀਭ ਨੂੰ ਸੁੱਖ ਮਿਲਦਾ ਹੈ, ਸੁਣਦਿਆ ਕੰਨਾਂ ਨੂੰ ਸੁੱਖ ਮਿਲਦਾ ਹੈ ਤੇ ਚੇਤਦਿਆਂ ਚਿੱਤ ਨੂੰ ਸੁੱਖ ਪ੍ਰਾਪਤ ਹੁੰਦਾ ਹੈ । ਹੇ ਭੀਖਨ ! ਤੂੰ ਭੀ ਕਹਿ ਨਾਮ ਸਿਮਰਦਿਆਂ ਮੇਰੀਆਂ ਦੋਹਾਂ ਅੱਖਾਂ ਵਿਚ ਐਸੀ ਠੰਢ ਪਈ ਹੈ ਕਿ ਜੋ ਜਿੱਧਰ ਤੱਕਦਾ ਹਾਂ ਉਸ ਪ੍ਰਮਾਤਮਾ ਦੇ ਹੀ ਦਰਸ਼ਨ ਹੁੰਦੇ ਹਨ ।

ਭਗਤ ਭੀਖਨ ਜੀ ਦਾ ਦੇਹਾਂਤ ਸੰਮਤ 1631 ਬਿਕ੍ਰਮੀ ਨੂੰ ਭਾਈ ਕਾਨ੍ਹ ਸਿੰਘ ਜੀ ਅਨੁਸਾਰ ਦਸਿਆ ਗਿਆ ਹੈ ।[157] ਪਰ ਇਹ ਠੀਕ ਨਹੀਂ ਜਾਪਦਾ । ਆਪ ਦਾ ਦੇਹਾਂਤ ਬਦਾਯੂਵੀ ਤੇ ਮੈਕਾਲਿਫ ਦੇ ਲਿਖਣ ਅਨੁਸਾਰ 1573 ਈਸਵੀ ਨੂੰ ਹੋਇਆ ।[158]

## 2.14 ਭਗਤ ਪਰਮਾਨੰਦ ਜੀ

ਭਗਤ ਪਰਮਾਨੰਦ ਬਾਰੇ ਨਿਸਚੇ ਨਾਲ ਕੁਝ ਕਹਿਣਾ ਕਠਿਨ ਹੈ । ਕੁਝ

ਵਿਦਵਾਨਾਂ ਦਾ ਖਿਆਲ ਹੈ ਕਿ ਹਿੰਦੀ ਦੇ ' ਅਸ਼ਟ ਛਾਪ ' ਵਾਲੇ ਕਵੀਆਂ ਵਿਚ ਜੋ ਪਰਮਾਨੰਦ ਨਾਮ ਹੈ, ਉਹ ਇਹੋ ਭਗਤ ਕਵੀ ਹੈ ।[159] ਆਚਾਰਯ ਦੇ ਪੁੱਤਰ ਗੋਸਵਾਮੀ ਵਿਠਲ ਨਾਥ ਜੀ ਨੇ ਬ੍ਰਿਜ ਭਾਸ਼ਾ ਦੇ ਕਵੀਆਂ ਦੀ ' ਅਸ਼ਟ ਛਾਪ ' ਬਣਾਈ ਸੀ, ਜਿਸ ਵਿਚ ਸੂਰਦਾਸ, ਕ੍ਰਿਸ਼ਨ ਦਾਸ, ਕੁੰਭਨ ਦਾਸ, ਛਿਤ ਸਵਾਮੀ, ਗੋਬਿੰਦ ਸਵਾਮੀ, ਚਤੁਰ ਭੁਜ ਦਾਸ, ਨੰਦ ਦਾਸ ਤੇ ਪਰਮਾਨੰਦ ਜੀ ਸ਼ਾਮਲ ਹਨ।[160] ਮੈਕਾਲਿਫ ਸਾਹਿਬ ਵੀ ਹਿੰਦੀ ਲੇਖਕਾਂ ਨਾਲ ਇਸ ਗੱਲ ਵਿਚ ਸਹਿਮਤ ਹਨ ਕਿ ਪਰਮਾ ਨੰਦ ਜੀ ' ਅਸ਼ਟ ਛਾਪ ' ਦੇ ਕਵੀਆਂ ਵਿਚੋਂ ਇਕ ਸਨ ।[161]

ਮੈਕਾਲਿਫ ਸਾਹਿਬ ਭਗਤ ਪਰਮਾ ਨੰਦ ਜੀ ਨੂੰ ਬਾਰਸੀ ਜ਼ਿਲਾ ਸ਼ੋਲਾਪੁਰ ਦੇ ਰਹਿਣ ਵਾਲੇ ਕਹਿੰਦੇ ਹਨ । ਇਹ ਟਿਕਾਣਾ ਪੁੰਡ ਪੁਰ ਤੋਂ ਉਤਰ ਵਲ ਹੈ ।[162] ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਦੀ ਰਾਇ ਭੀ ਇਹੋ ਹੈ ।

ਪਰ ਪਰਮਾਨੰਦ ਜੀ ਦਾ ' ਅਸ਼ਟ ਛਾਪ ' ਦੇ ਕਵੀਆਂ ਵਿਚੋ ਹੋਣਾ ਉਨ੍ਹਾਂ ਦੀ ਬ੍ਰਿਜ - ਭਾਸ਼ਾ ਦੀ ਕਵਿਤਾ ਇਹ ਗੱਲ ਸਾਬਤ ਕਰਦੀ ਹੈ ਕਿ ਉਹ ਬਾਰਸੀ ( ਮਹਾਰਾਸ਼ਟਰ ) ਦੇ ਵਸਨੀਕ ਨਹੀਂ ਸਨ, ਬਲਕਿ ਕਨੌਜੀ ਬ੍ਰਾਹਮਣ ਸਨ ।ਇਹ ਹੋ ਸਕਦਾ ਹੈ ਕਿ ਫਿਰਦੇ ਟੁਰਦੇ ਉਧਰ ਚਲੇ ਗਏ ਹੋਣ । ਜਿਸ ਕਰਕੇ ਮਹਾਰਾਸ਼ਟਰ ਵਿਚ ਵੀ ਉਹਨਾਂ ਦਾ ਟਿਕਾਣਾ ਪ੍ਰਸਿਧ ਹੋ ਗਿਆ ਹੋਵੇ ।[163]

ਇਹ ਪਰਮਾਨੰਦ ਦਾਸ ( 1483 - 1593 ਈ.) ਕਾਨ ਕੁਬਜ ਬ੍ਰਾਹਮਣ ਸਨ ਤੇ ਕਨੌਜ ਦੇ ਰਹਿਣ ਵਾਲੇ ਸਨ । ਸੁਆਮੀ ਵੱਲਭਾਚਾਰਯ ਤੋ ਸਿਖਿਆ ਪ੍ਰਾਪਤ ਕੀਤੀ ਤੇ ਚੰਗੇ ਵੈਸ਼ਨਵ ਭਗਤ ਹੋਏ ਅਤੇ ਫਿਰ ਬ੍ਰਿਜ - ਭਾਸ਼ਾ ਦੇ ਕਵੀ ਵੀ ਪ੍ਰਸਿੱਧ ਹੋਏ । ਇਨ੍ਹਾਂ ਦੇ ਪਦਿਆਂ ਦਾ ਗ੍ਰੰਥ ' ਪਰਮਾਨੰਦ ਸਾਗਰ ਮਿਲਦਾ ਹੈ '।[164]

ਕਹਿੰਦੇ ਹਨ ਕਿ ਇਕ ਦਿਨ ਸ੍ਰੀ ਵਲਭਾਚਾਰਯ ਨੇ ਪਰਮਾਨੰਦ ਜੀ ਨੂੰ ਕਿਹਾ ਕਿ ਤੁਸੀਂ ਆਪਣੀ ਮਨੋਰੰਜਕ ਕਵਿਤਾ ਸਣਾਉ । ਅਚਾਰਯ ਦਾ ਕਹਿਣਾ ਮੰਨ ਕੇ ਜਦੋਂ ਪਰਮਾਨੰਦ ਨੇ ਭਗਤੀ ਨਾਲ ਭਰਪੂਰ ਕਵਿਤਾ ਸੁਣਾਈ ਤਾਂ ਵਲਭ ਸਵਾਮੀ ਕਿੰਨਾ

ਰਿਹ ਬੇਸੁਧ ਹੀ ਪਏ ਰਹੇ ਇਸ ਤੋ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ, ਕਿ ਇਹ ਕਿੰਨੇ ਉਚੇ ਕਵੀ ਸਨ । [165]

ਵਲਭਾਚਾਰਯ ਜੀ ਸ੍ਰੀ ਕ੍ਰਿਸ਼ਨ ਦੇ ਉਪਾਸ਼ਕ ਸਨ, ਇਸ ਲਈ ਇਹ ਕੁਦਰਤੀ ਹੀ ਸੀ ਕਿ ਭਗਤ ਪਰਮਾਨੰਦ ਜੀ ਉਪਰ ਇਸ ਦਾ ਪ੍ਰਭਾਵ ਪੈਣਾ ਸੀ । ਇਸ ਲਈ ਭਗਤ ਪਰਮਾਨੰਦ ਜੀ ਨੇ ਵੀ ਆਪਣੀ ਕਵਿਤਾ ਵਿਚ ਕ੍ਰਿਸ਼ਨ- ਚਰਿਤ੍ਰ ਦਾ ਵਰਨਣ ਕੀਤਾ । ਪਰ ਜਦ ਉਹ ਇਹ ਅਵਸਥਾ ਪਾਰ ਕਰਕੇ ਨਿਰੰਕਾਰੀ ਭਗਤ ਹੋ ਗਏ ਤਾਂ ਹੀ ਉਸ ਅਵਸਥਾ ਵਿਚ ਰਚਿਆ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ । ਇਸ ਕਥਨ ਦੀ ਪੁਸ਼ਟੀ ਗੁਰੂ ਗ੍ਰੰਥ ਰਤਨਾਵਲੀ ਵਿਚ ਕਰਦੇ ਹੋਏ ਲੇਖਕ ਨੇ ਕਿਹਾ ਹੈ ਕਿ ਇਹ ਅਸੰਭਵ ਵੀ ਨਹੀਂ ਕਿ ਇਹੋ ਕ੍ਰਿਸ਼ਨ -ਭਗਤ ਕਵੀ, ਪਿਛੋਂ ਨਿਰੰਕਾਰੀ ਭਗਤ ਹੋ ਗਏ ਹੋਣ ਬਹੁਤ ਸਾਰੇ ਸਰਗੁਣਵਾਦੀ ਸਾਧੂ ਲੰਮੀ ਘਾਲ ਤੇ ਆਤਮਿਕ ਅਨੁਭਵ ਤੋਂ ਬਾਅਦ ਨਿਰਗੁਣ ਸਰੂਪ ਵਿਚ ਸਮਭੇਦ ਹੋ ਗਏ ਸਨ । [166]

ਭਗਤ ਪਰਮਾਨੰਦ ਜੀ ਬੜੇ ਤਿਆਗੀ ਤੇ ਸੰਤੁਸ਼ਟ ਮਹਾ - ਪੁਰਖ ਸਨ । ਇਕ ਦਿਨ ਇਕ ਸੁਦਾਗਰ ਨੇ ਆਪ ਨੂੰ ਰੇਸ਼ਮੀ ਕਪੜਾ ਤਨ ਢਕਣ ਲਈ ਦਿਤਾ, ਪਰ ਆਪ ਨੇ ਕਿਹਾ ਇਹ ਕਪੜਾ ਮੈਥੋ ਵਧ ਲੋੜਵੰਦ ਨੂੰ ਦਿਤਾ ਜਾਵੇ ਤਾਂ ਚੰਗਾ ਹੈ । ਆਪ ਉਹ ਪੁਰਾਣੇ ਕਪੜੇ ਨਾਲ ਹੀ ਸੰਤੁਸਟ ਸਨ । [167]

ਭਗਤ ਪਰਮਾਨੰਦ ਜੀ ਉਨ੍ਹਾਂ ਜੀਵਾਂ ਨੂੰ ਲਾਹਨਤ ਪਾਉਂਦੇ ਹਨ ਜੋ ਧਾਰਮਿਕ ਪੁਸਤਕਾਂ ਸੁਣ ਕੇ ਗਿਆਨ ਵਾਨ ਹੋ ਕੇ ਵੀ ਉਨ੍ਹਾਂ ਤੇ ਅਮਲ ਨਹੀਂ ਕਰਦੇ । ਉਨ੍ਹਾਂ ਦੇ ਸੰਬੰਧ ਵਿਚ ਆਪ ਦੀ ਬਾਣੀ ਵਿਚ ਲਿਖਿਆ ਹੈ :-

ਹੇ ਭਾਈ ! ਪੁਰਾਣ ਆਦਿਕ ਧਰਮ ਪੁਸਤਕਾਂ ਸੁਣ ਕੇ ਤੂੰ ਖਟਿਆ ਤਾਂ ਕੁਝ ਭੀ ਨਹੀਂ, ਤੇਰੇ ਅੰਦਰ ਨਾਹ ਤਾਂ ਪ੍ਰਭੂ ਦੀ ਅਟੱਲ ਭਗਤੀ ਪੈਦਾ ਹੋਈ ਤੇ ਨਾਹ ਹੀ ਤੂੰ ਕਿਸੇ ਲੋੜ ਵੰਦ ਦੀ ਸੇਵਾ ਕੀਤੀ । ੧ । ਰਹਾਉ ।।

ਹੇ ਭਾਈ ! ਧਾਰਮਿਕ ਪੁਸਤਕਾਂ ਸੁਣ ਤੇ ਉਨ੍ਹਾਂ ਵਿਚ ਵਰਜੇ ਨੁਕਤਿਆਂ ਤੇ ਚਲ ਜਿਵੇਂ ਨਾਹ ਕਾਮ ਗਿਆ ਤੇ ਨਾਹ ਕ੍ਰੋਧ ਗਿਆ, ਨਾਹ ਲੋਭ ਗਿਆ ਨਾਹ ਮੂੰਹਿ ਪਰਾਈ ਨਿੰਦਿਆ ਕਰਨ ਦੀ ਆਦਤ ਗਈ, ਧਾਰਮਿਕ ਸਿਖਿਆ ਲੈਣ ਦੀ ਤੇਰੀ ਸਾਰੀ

ਮੇਹਨਤ ਹੀ ਐਵੇਂ ਗਈ ।

ਪੁਰਾਣ ਆਦਿ ਸੁਣ ਕੇ ਭੀ ਪਾਪੀ ਮਨੁੱਖ ਡਾਕੇ ਮਾਰ ਮਾਰ ਕੇ ਪਰਾਏ ਘੁਰ ਲੁੱਟ ਲੁੱਟ ਕੇ ਹੀ ਆਪਣਾ ਢਿੱਡ ਭਰਦਾ ਰਿਹਾ, ਤੇ ਸਾਰੀ ਉਮਰ ਉਹੀ ਮੂਰਖਤਾ ਕਰਦਾ ਰਿਹਾ । ਜਿਸ ਨਾਲ ਅਗਲੇ ਜਹਾਨ ਵਿਚ ਭੀ ਬਦਨਾਮੀ ਹੀ ਮਿਲੇ ।। 2 ।।

ਹੇ ਪਰਮਾਨੰਦ ! ( ਧਰਮ ਪੁਸਤਕਾਂ ਸੁਣ ਕੇ ਭੀ ) ਤੇਰੇ ਮਨ ਵਿਚੋ ਵਿਕਾਰ ਨਾਹ ਗਏ, ਤੂੰ ਕਦੇਂ ਪ੍ਰਭੂ ਦੀਆਂ ਪਵਿੱਤਰ ( ਕਰਨ ਵਾਲੀਆਂ )ਗੱਲਾਂ ਨਾਹ ਚਲਾਈਆਂ ( ਭਾਵ, ਤੈਨੂੰ ਸਤਸੰਗ ਕਰਨ ਦਾ ਸ਼ੌਕ ਨਾਹ ਪਿਆ ) ।[168]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਇਕ ਉਪਰੋਕਤ ਸ਼ਬਦ ਸਾਰੰਗ ਰਾਗ ਵਿਚ ਦਰਜ ਹੈ ।

## 2-15 ਭਗਤ ਸੂਰਦਾਸ ਜੀ

ਇਤਿਹਾਸ ਵਿਚ ਸੂਰਦਾਸ ਨਾਮ ਦੇ ਕਈ ਕਵੀ ਹੋਏ ਹਨ । ਸਭ ਤੋ ਵਧ ਪ੍ਰਸਿੱਧ ਕ੍ਰਿਸਨ - ਭਗਤ ਕਵੀ ਸੂਰਦਾਸ ( 1478 - 1585 ਈ. ) ਹਨ, ਜਿੰਨਾਂ ਦਾ ਗ੍ਰੰਥ ' ਸੂਰ ਸਾਗਰ ' ਪ੍ਰਸਿੱਧ ਹੈ ਤੇ ਜਿੰਨਾਂ ਦੇ ਗੀਤ ਕ੍ਰਿਸ਼ਨ - ਭਗਤ ਮੰਡਲੀਆਂ ਆਪ ਗਾਉਂਦੀਆਂ ਹਨ । ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਭਗਤ ਸੂਰਦਾਸ ਦੀ ਇਕ ਤੁੱਕ ਸੰਕਲਿਤ ਕੀਤੀ ਗਈ ਹੈ, ਉਹ ਇਸ ਤੋਂ ਵੱਖਰਾ ਹੈ। ਉਸ ਦਾ ਜਨਮ 1529 ਈ. ਵਿਚ ਇਕ ਬ੍ਰਹਮਣ ਘਰਾਣੇ ਵਿਚ ਹੋਇਆ ।[169] ਗਿਆਨੀ ਨਰੈਣ ਸਿੰਘ ਜੀ ਲਿਖਦੇ ਹਨ ਕਿ ਆਪ ਇਕ ਗਰੀਬ ਪੰਡਤ ਰਵਿਦਾਸ ਦੇ ਪੁਤਰ ਸਨ ਤੇ ਆਗਰੇ ਦੇ ਨੇੜੇ ਤੇੜੇ ਹੋਏ ਹਨ ।[170] ਮੈਕਾਲਿਫ ਸਾਹਿਬ ਭਗਤ ਸੂਰਦਾਸ ਦਾ ਜਨਮ 1528 ਈਸਵੀ ਲਿਖਦੇ ਹਨ ਤੇ ਗਿਆਨੀ ਪ੍ਰਤਾਪ ਸਿੰਘ ਜੀ ਇਨ੍ਹਾਂ ਦਾ ਜਨਮ 1586 ਬਿਕਰਮੀ ਵਿਚ ਬ੍ਰਾਹਮਣਾਂ ਦੇ ਘਰ ਹੋਇਆ ਦਸਦੇ ਹਨ ।

ਸੂਰਦਾਸ ਜੀ ਦਾ ਪਹਿਲਾ ਨਾਂ ਮਦਨ ਮੋਹਨ ਸੀ । ਬਹੁਤ ਸੁੰਦਰ ਹੋਣ ਕਰਕੇ ਇਹ ਨਾਉਂ ਪ੍ਰਸਿੱਧ ਹੋਇਆ ਸੀ । ਆਪ ਬਚਪਨ ਤੋਂ ਹੀ ਰਾਗ, ਕਾਵਿ ਤੇ ਕੋਮਲ ਹੁਨਰਾਂ ਦੇ ਪ੍ਰੇਮੀ ਸਨ । ਸੰਸਕ੍ਰਿਤ, ਹਿੰਦੀ, ਫ਼ਾਰਸੀ ਦੇ ਪੂਰਨ ਵਿਦਵਾਨ ਸਨ । ਜਵਾਨੀ ਵਿਚ ਇਹ ਚੰਗੇ ਕਵੀ ਤੇ ਰਾਗੀ ਹੋ ਗਏ । ਇਨ੍ਹਾਂ ਦੇ ਮੁਖਾਰਬਿੰਦ ਤੋਂ ਗਾਏ ਹੋਏ ਗੀਤਾਂ ਨੂੰ ਲੋਕ ਬੜੇ ਚਾਅ ਨਾਲ ਸੁਣਦੇ ਸਨ ।[171]

ਉਸ ਸਮੇਂ ਹਿੰਦੁਸਤਾਨ ਉਪਰ ਅਕਬਰ ਦਾ ਰਾਜ ਸੀ । ਉਹ ਗੁਣੀ ਤੇ ਨੇਕ ਪੁਰਖਾਂ ਦੀ ਕਦਰ ਕਰਦਾ ਸੀ । ਭਗਤ ਸੂਰਦਾਸ ਦੀ ਮਹਿਮਾ ਵੀ ਉਸ ਦੇ ਕੰਨਾਂ ਤੱਕ ਜਾ ਪਹੁੰਚੀ । ਬਸ ਫਿਰ ਕੀ ਸੀ ਸੂਰਦਾਸ ਜੀ ਨੂੰ ਅਵਧ ਦੇ ਇਲਾਕੇ ' ਸੰਧੀਲਾ ' ਦਾ ਹਾਕਮ ਬਣਾ ਦਿਤਾ । ਲੋਕਾਂ ਪਾਸੋਂ ਭੂੰਇ ਦਾ ਮਾਮਲਾ ਇਕੱਠਾ ਕਰਕੇ ਸਰਕਾਰੀ ਖਜ਼ਾਨੇ ਵਿਚ ਦਾਖਲ ਕਰਵਾਉਣਾ ਇਹਨਾਂ ਦਾ ਕੰਮ ਸੀ, ਪਰ ਆਪ ਕਾਮਯਾਬ ਹਾਕਮ ਸਾਬਤ ਨਾ ਹੋਏ । ਸਗੋਂ ਇੱਕਠਾ ਕੀਤਾ ਹੋਇਆ ਸਰਕਾਰੀ ਮਾਮਲਾ ਸਾਧੂਆਂ, ਫਕੀਰਾਂ ਨੂੰ ਖੁਆ ਛਡਦੇ ਸਨ । ਜਦ ਅਕਬਰ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਹਿਸਾਬ ਦੀ ਦੇਖਭਾਲ ਲਈ ਪੜਤਾਲੀਏ ਭੇਜੇ । ਸੂਰਦਾਸ ਜੀ ਅਗੇ ਹੀ ਬਹੁਤ ਵੈਰਾਗ - ਮਈ ਦਸ਼ਾ ਵਿੱਚ ਸਨ, ਜਦ ਉਹਨਾਂ ਨੂੰ ਇਹ ਪਤਾ ਲੱਗਾ ਕਿ ਬਾਦਸ਼ਾਹ ਨੇ ਮੇਰੇ ਕੰਮ ਦੀ ਪੜਤਾਲ ਕਰਨੀ ਹੈ ਤਾਂ ਆਪ ਸਾਰਾ ਕੰਮ ਛਡਕੇ ਅਲੋਪ ਹੋ ਗਏ । ਜਦ ਸਰਕਾਰੀ ਅਫਸਰਾਂ ਨੇ ਇਨ੍ਹਾਂ ਦੇ ਡੇਰੇ ਪੁਜਕੇ ਸੰਦੂਕਾਂ ਤੇ ਬੰਦ ਅਲਮਾਰੀਆਂ ਨੂੰ ਖੋਹਲ ਕੇ ਵੇਖਿਆ ਤਾਂ ਮੋਹਰਾਂ ਅਤੇ ਰੁਪਿਆਂ ਦੀ ਥਾਂ ਪੱਥਰ ਪਏ ਹੋਏ ਸਨ । ਨਾਲ ਇਕ ਪੱਤਰ ਵੀ ਲਿਖਿਆ ਹੋਇਆ ਸੀ, ਜਿਸ ਦਾ ਭਾਵ ਇਹ ਸੀ ਕਿ ਸੰਧੀਲਾ ਦੇ ਇਲਾਕੇ ਦੇ ਇਕੱਤਰ ਕੀਤਾ ਹੋਇਆ ਰੁਪਿਆ ਸਾਧੂਆਂ ਨੂੰ ਖੁਆ ਦਿਤਾ ਗਿਆ ਹੈ, ਇਸ ਕਾਰਨ ਸੂਰਦਾਸ ਅੱਧੀ ਰਾਤ ਨੂੰ ਆਪਣੀ ਡਿਊਟੀ ਤੋਂ ਲੋਪ ਹੋ ਗਿਆ ਹੈ ।[172]

## ਸੂਰਦਾਸ ਬਣਨਾ

ਭਗਤ ਸੂਰਦਾਸ ਜੀ ਦੇ ਸੂਰਦਾਸ ਬਣਨ ਬਾਰੇ ਭੀ ਸਾਖੀਆਂ ਕਾਫ਼ੀ ਰੋਚਿਕ ਹਨ । ਇਹਨਾਂ ਦਾ ਦਵੱਲਾ ਅਸਰ ਪੈਂਦਾ ਹੈ । ਪਹਿਲਾ ਤਾਂ ਇਹ ਕਿ ਭਗਤ ਨੇ ਪ੍ਰਮਾਤਮਾ ਦੇ ਰਸਤੇ ਵਿਚ ਆਉਂਦੀਆਂ ਔਕੜਾਂ ਨੂੰ ਦੂਰ ਕਰਨ ਲਈ ਅੱਖਾਂ ਵਰਗੇ ਅਮੋਲ ਅੰਗਾਂ ਤੱਕ ਨੂੰ ਕੁਰਬਾਨ ਕਰ ਦਿੱਤਾ । ਦੂਸਰਾ ਇਸ ਸਾਖੀ ਤੋਂ ਵਿਕਾਰਾਂ ਦੀ ਸਮਝ ਭਲੀ

ਭਾਤ ਪੈ ਜਾਂਦੀ ਹੈ ਕਿ ਕਿਵੇਂ ਉਹ ਜੀਵ ਨੂੰ ਪ੍ਰਭੂ ਭਗਤੀ ਤੋਂ ਰੋਕ ਭੈੜੇ ਪਾਸੇ ਲਾ ਲੈਂਦੇ ਹਨ । ਸਾਖੀ ਇਸ ਪ੍ਰਕਾਰ ਹੈ :-

ਭਗਤ ਸੂਰਦਾਸ ਜੋ ਨੌਜਵਾਨ ਮਦਨ ਦੇ ਰੂਪ ਵਿਚ ਬਹੁਤ ਸੁੰਦਰ ਸਨ । ਹਰ ਰੋਜ਼ ਸਰੋਵਰ ਕਿਨਾਰੇ ਸੁਭਾਹ ਇਸ਼ਨਾਨ ਆਦਿ ਕਰਕੇ ਗੀਤ ਲਿਖਦੇ । ਇਕ ਦਿਨ ਕੁਦਰਤ ਵਾਹਿਗੁਰੂ ਦੀ ਐਸਾ ਕੌਤਕ ਵਾਪਰਿਆ ਜਿਸ ਨੇ ਉਹਦੇ ਮਨ ਨੂੰ ਮੋਹ ਲਿਆ । ਉਹ ਕੌਤਕ ਅਨੋਖਾ ਸੀ । ਇਕ ਦਿਨ ਸੁੰਦਰ ਸੁਸ਼ੀਲ ਮੁਟਿਆਰ ਸਰੋਵਰ ਦੇ ਕਿਨਾਰੇ ਕਪੜੇ ਧੋ ਰਹੀ ਸੀ । ਮਦਨ ਮੋਹਨ ਦਾ ਧਿਆਨ ਉਹਦੇ ਵੱਲ ਚਲਿਆ ਗਿਆ ਤੇ ਗੱਲ ਇਥੋਂ ਤੱਕ ਪਹੁੰਚ ਗਈ ਕਿ ਉਹ ਉਹਦੇ ਪਿਆਰ ਜਾਲ ਵਿਚ ਫਸ ਗਿਆ । ਅਗੋਂ ਮੁਟਿਆਰ ਨਾਲ ਜਦ ਗੱਲ ਹੋਈ ਤਾਂ ਉਸ ਵਲੋਂ ਵੀ ਹਾਂ ਪੱਖੀ ਹੁੰਗਾਰੇ ਨੇ ਇਹ ਮੁਲਾਕਾਤ ਨਿੱਤ ਦੀ ਮਿਲਣੀ ਵਿਚ ਬਦਲ ਦਿਤੀ । ਬਸ ਫਿਰ ਕੀ ਸੀ ਚਰਚਾ ਘਰ ਘਰ ਵਿਚ ਸ਼ੁਰੂ ਹੋ ਗਈ ਤੇ ਮਦਨ ਮੋਹਣ ਤੇ ਬੀਬੀ ਬਦਨਾਮੀ ਦੀ ਲਪੇਟ ਵਿਚ ਆ ਗਏ । ਇਸ ਗੱਲ ਤੇ ਮਦਨ ਮੋਹਨ ਦੇ ਬਾਪ ਨੇ ਨਰਾਜ਼ਗੀ ਦਾ ਇਜ਼ਹ ਕੀਤਾ । ਇਸ ਤੇ ਮਦਨ ਮੋਹਨ ਉਹ ਥਾਂ ਛੱਡ ਮਥਰਾ ਪਹੁੰਚ ਗਿਆ ।

ਥਾਂਵਾ ਬਦਲਣ ਨਾਲ ਇਹਨਾਂ ਵਿਕਾਰਾਂ ਤੋ ਖਲਾਸੀ ਨਹੀਂ ਹੁੰਦੀ ਇਹ ਤਾਂ ਪ੍ਰਭੂ ਦੀ ਕ੍ਰਿਪਾ ਨਾਲ ਹੀ ਛੁਟਕਾਰਾ ਮਿਲਦਾ ਹੈ । ਮੱਥਰਾਂ ਵਿਚ ਵੀ ਕੁਝ ਅਨੋਖਾ ਹੀ ਭਾਣਾ ਵਰਤਿਆ ।

ਇਕ ਦਿਨ ਮਦਨ ਮੋਹਨ ਮੰਦਰ ਵਿਚ ਗਿਆ । ਮੰਦਰ ਦੇ ਵਿਚ ਇਕ ਸੁੰਦਰ ਇਸਤਰੀ ਜੋ ਗਿਆਹੀ ਹੋਈ ਸੀ, ਆਈ । ਉਸ ਦੀ ਸੁੰਦਰ ਸ਼ਕਲ ਦੇਖ ਮਦਨ ਮੋਹਨ ਉਸਤੇ ਮੋਹਿਆ ਗਿਆ । ਉਹ ਮੰਦਰ ਵਿਚੋਂ ਨਿਕਲ ਕੇ ਘਰ ਨੂੰ ਗਈ ਤਾਂ ਉਹਦੇ ਪਿਛੇ ਪਿਛੇ ਤੁਰਿਆ ਗਿਆ । ਉਹ ਘਰ ਪਹੁੰਚ ਗਈ । ਮਦਨ ਮੋਹਨ ਨੇ ਦਰਵਾਜ਼ਾ ਖੜਕਾਇਆ ਤਾਂ ਉਸ ਦਾ ਪਤੀ ਬਾਹਰ ਆਇਆ । ਉਸ ਨੇ ਮਦਨ ਮੋਹਨ ਨੂੰ ਦੇਖਿਆ ਸੰਤਾਂ ਦੇ ਭੇਸ ਵਿਚ ਸੰਤਾਂ, ਵਾਲੀ ਸੂਰਤ ਦੇਖ ਬੋਲਿਆ ਦਸੋ ਮਹਾਰਾਜ ਜੀ। ਮਦਨ ਮੋ ਨੇ ਕਿਹਾ ਕਿ ਜੋ ਹੁਣੇ ਇਸ ਘਰ ਅੰਦਰ ਔਰਤ ਆਈ ਸੀ ਉਹ ਉਸ ਦੀ ਕੀ ਲਗਦੀ । ਅਗੋਂ ਉਤਰ ਮਿਲਿਆ ਕਿ ਉਹਦੇ ਘਰ ਵਾਲੀ ਹੈ ਜਦ ਘਰ ਵਾਲੇ ਨੇ ਇਹ ਪੁਛਣ ਦਾ ਕਾਰਨ ਪੁਛਿਆ ਤਾਂ ਅਗੋ ਜਵਾਬ ਮਿਲਿਆ 'ਹੋਇਆ ਕੁਝ ਨਹੀਂ' । ਫਿਰ ਘਰ ਵਾ

————> ਨੇ ਆਏ ਭਗਤ ਦੇ ਰੂਪ ਵਿਚ ਮਦਨ ਮੋਹਨ ਨੂੰ ਅੰਦਰ ਬੈਠਣ ਦੀ ਬੇਨਤੀ ਕਰਦੇ ਹੋਏ ਸੇਵਾ ਕਰਨ ਦੀ ਮੰਗ ਕੀਤੀ । ਮਦਨ ਮੋਹਨ ਉਹਦੇ ਘਰ ਅੰਦਰ ਚਲਿਆ ਗਿਆ। ਅੰਦਰ ਜਾ ਬੈਠਾ ਤਾਂ ਉਸ ਦੀ ਪਤਨੀ ਨੂੰ ਸਦਿਆ । ਉਹ ਆਏ ਆ ਕੇ ਬੈਠ ਗਏ ਤਾਂ ਮਦਨ ਮੋਹਨ ਨੇ ਆਖਿਆ —— ਹੇ ਭਗਤ ਜਨੋ ! ਦੋ ਸਲਾਈਆਂ ਤੱਤੀਆਂ ਕਰਕੇ ਲਿਆਓ । ਭਗਵਾਨ ਤੁਸਾਂ ਦਾ ਭਲਾ ਕਰੇਗਾ ।

ਉਹ ਜੋੜੀ ਸਮਝ ਨਾ ਸਕੀ ਕਿ ਮਾਮਲਾ ਕੀ ਹੈ । ਇਸਤ੍ਰੀ ਸਲਾਈਆਂ ਤਾਂ ਲੈ ਆਈ । ਮਦਨ ਮੋਹਨ ਨੇ ਸਲਾਈਆਂ ਫੜ ਲਈਆਂ ਤੇ ਮਨ ਨੂੰ ਆਖੀ ਗਿਆ, ' ਵੇਖ ਲੈ ! ਰੱਜ ਕੇ ਵੇਖ ਲੈ ! ਮੁੜ ਨਹੀਂ ਵੇਖਣਾ ! ਇਹ ਆਖ ਕੇ ਸਲਾਈਆਂ ਅੱਖਾਂ ਵਿਚ ਚੋਭ ਲਈਆਂ ਤੇ ਸੂਰਦਾਸ ਬਣ ਗਿਆ ।

ਉਹ ਇਸਤਰੀ ਪੁਰਸ਼ ਹੈਰਾਨ ਤੇ ਦੁੱਖੀ ਹੋਏ । ਉਹਨਾਂ ਨੇ ਮਹੀਨਾਂ ਘਰ ਰੱਖ ਕੇ ਸੇਵਾ ਕੀਤੀ । ਅੱਖਾਂ ਦੇ ਜਖਮ ਰਾਜ਼ੀ ਕੀਤੇ ਮੁੜ ਸੂਰਦਾਸ ਬਣ ਕੇ ਮਦਨ ਮੋਹਨ ਉਥੋ ਚਲਾ ਗਿਆ । [173]

ਉਪਰੋਕਤ ਸਾਖੀ ਰੂਪ ਜੀਵਨ ਕਹਾਣੀ ਨੂੰ ਭਾਵੇਂ ਠੀਕ ਮੰਨਿਆ ਜਾਵੇ ਤੇ ਭਾਵੇ ਨਾ । ਇਸ ਵਿਚੋਂ ਤੇ ਭਗਤ ਸੂਰਦਾਸ ਜੀ ਦੀ ਬਾਣੀ ਦੀ ਇਕ ਸਤਰ " ਛਾਡਿ ਮਨ ਹਰਿ ਬਿਮੁਖਨ ਕੋ ਸੰਗ " ਤੋਂ ਇਹੋ ਭਾਵ ਮਿਲਦਾ ਹੈ ਕਿ ਜੀਵ ਜਿਤਨਾਂ ਚਿਰ ਵਿਕਾਰਾ ਤੋਂ ਛੁਟਕਾਰਾ ਨਹੀਂ ਪਾਉਂਦਾ ਉਤਨਾ ਚਿਰ ਤਕ ਉਹ ਪ੍ਰਭੂ ਭਗਤੀ ਵਿਚ ਅਨੰਦ ਨਹੀਂ ਮਾਣ ਸਕਦਾ ਤੇ ਇਹ ਤਦ ਹੀ ਸੰਭਵ ਹੈ ਜੇ ਜੀਵ ਬੇਮੁਖਾ ਦਾ ਸੰਗ ਛਡਕੇ ਪ੍ਰਭੂ ਭਗਤਾਂ ਦੀ ਸੰਗਤ ਕਰੇ ਤਾਂ । ਬੇਮੁਖਾਂ ਦਾ ਸਾਥ ਸਭ ਵਿਕਾਰਾਂ ਦੀ ਜੜ੍ਹ ਹੈ ਤੇ ਪ੍ਰਭੂ ਭਗਤ ਦੀ ਸੰਗਤ ਸਭ ਬੀਮਾਰੀਆਂ ਦਾ ਇਲਾਜ਼ । ਸੋ ਭਗਤ ਸੂਰਦਾਸ ਜੀ ਦੀ ਇਕ ਸਤਰ ਹੀ ਮਹਾਨ ਧਾਰਮਕ ਗ੍ਰੰਥਾਂ ਦਾ ਨਿਚੋੜ ਹੈ ਜਿਸਤੇ ਅਮਲ ਕਰਨ ਨਾਲ ਪੱਥਰ ਵੀ ਤਰ੍ਹ ਸਕਦੇ ਹਨ ।

## ਪੈਰ ਟਿੱਪਣੀਆਂ ਤੇ ਹਵਾਲੇ

1. ਗੁਰੂ ਗ੍ਰੰਥ ਸਾਹਿਬ, ਪੰਨਾ 526
2. ਤਾਰਨ ਸਿੰਘ ( ਡਾ.) ਗੁਰੂ ਗ੍ਰੰਥ ਰਤਨਾਵਲੀ, ਪੰਨਾ 78
3. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸਨ, ਉਦਰਿਤ, ਪੰਨਾ 187
4. ਐਮ.ਏ.ਮੈਕਾਲਿਫ, ਦਾ ਸਿੱਖ ਰਿਲਿਜਨ, ਪੰਨਾ 5
5. ਸੁਰੈਣ ਸਿੰਘ ਵਿਲਖੂ (ਡਾ.) ਆਦਿ ਗ੍ਰੰਥ ਕੇ ਪਰੰਪਰਾਗਤ ਤਤੋਂ ਕਾ ਅਧਿਐਨ, ਪੰਨਾ 51
6. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ, ਪੰਨਾ 414
7. ਸੁਰੈਣ ਸਿੰਘ ਵਿਲਖੂ (ਡਾ.) ਆਦਿ ਗ੍ਰੰਥ ਕੇ ਪਰੰਪਰਾਗਤ ਤਤੋਂ ਕਾ ਅਧਿਐਨ, ਪੰਨਾ 53
8. ਐਮ.ਏ.ਮੈਕਾਲਿਫ, ਦਾ ਸਿਖ ਰਿਲਿਜਨ, ਪੰਨਾ 5
9. ਉਹੀ ਪੰਨਾ 5
10. ਸੁਰੈਣ ਸਿੰਘ ਵਿਲਖੂ (ਡਾ.) ਆਦਿ ਗ੍ਰੰਥ ਕੇ ਪਰੰਪਰਾਗਤ ਤਤੋਂ ਦਾ ਅਧਿਐਨ, ਪੰਨਾ 46
11. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ, ਪੰਨਾ 189
12. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰਨਾ 78
13. ਸੁਰੈਣ ਸਿੰਘ ਵਿਲਖੂ (ਡਾ.), ਆਦਿ ਗ੍ਰੰਥ ਕੇ ਪਰੰਪਰਾਗਤ ਤਤੋਂ ਕਾ ਅਧਿਐਨ, ਪੰਨਾ 43
14. ਭਾਈ ਗੁਰਦਾਸ ਜੀ, ਗਿਆਨ ਰਤਨਾਵਲੀ, ਪੰਨਾ 107, ਤੀਸਰੀ ਵਾਰ 1981
15. ਗੁਰੂ ਗ੍ਰੰਥ ਸਾਹਿਬ, ਪੰਨਾ 856
16. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ, ਪੰਨਾ 192
17. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ਼, ਪੰਨਾ 432

18. ਗੋਪਾਲ ਸਿੰਘ (ਡਾ.) ਪੰਜਾਬੀ ਸਾਹਿਤ ਦਾ ਇਤਿਹਾਸ
ਪੰਨਾ 22

19. ਪ੍ਰਤਾਪ ਸਿੰਘ ਜੋਤਸੀ, ਅਸਲੀ ਜਨਮ ਸਾਖੀ ਭਗਤ ਸ਼ੇਖ ਫਰੀਦ
ਪੰਨਾ 2

20. ਤਾਰਨ ਸਿੰਘ (ਡਾ.), ਗੁਰੂ ਰੱਬ ਰਤਨਾਵਲੀ, ਪੰਨਾ 74

21. ਦਰਸ਼ਨ ਸਿੰਘ (ਡਾ.) ਬਾਬਾ ਫਰੀਦ - ਜੀਵਨ ਤੇ ਰਚਨਾ
ਪੰਨਾ 18

22. ਰਾਮ ਸਿੰਘ (ਪ੍ਰੋ.), ਫਰੀਦ ਬਾਣੀ ਵਿਚ ਦਰਵੇਸ਼ ਦਾ ਆਚਰਣ
ਪੰਨਾ 29

23. ਜੀਤ ਸਿੰਘ ਸੀਤਲ (ਡਾ.), ਪ੍ਰਭਾਵ ਬਾਬਾ ਫਰੀਦ ਦੇ
ਪੰਨਾ 211

24. ਅਤਰ ਸਿੰਘ (ਡਾ.), ਸੇਖ ਫਰੀਦ ਦੀ ਕਾਵਿ ਕਲਾ
ਪੰਨਾ 82

25. ਗੋਪਾਲ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ
ਪੰਨਾ 22

26. ਇਹ ਦਾਸ ਵੰਸ ਦਾ ਸਭ ਤੋ ਵਡਾ ਸਮਰਾਟ ਸੀ । ਇਸ ਦੀ
ਮੌਤ 1286 ਈ. ਵਿਚ ਹੋਈ ।

27. ਭਾਈ ਕਾਨ੍ਹ ਸਿੰਘ ਦਾ ਇਹ ਕਥਨ ਕਿ ਉਹਨਾਂ ਦੀ ਗੱਦੀ ਤੇ
ਵਡਾ ਬੇਟਾ ਬਦਰੁਦੀਨ ਸੁਲੇਮਾਨ ਬੈਠਾ ਠੀਕ ਨਹੀਂ ਹੈ ।

28. ਅਤਰ ਸਿੰਘ (ਡਾ.), ਫਰੀਦ ਬਾਣੀ ਤੇ ਦੁਖ ਦੀ ਸਮਸਿਆ
ਪੰਨਾ 90

29. ਹਰਿਭਜਨ ਸਿੰਘ (ਡਾ.) ਫਰੀਦ ਬਾਣੀ-ਮੂਲ ਤੇ ਮੁਲੰਕਣ
ਪੰਨਾ. 69

30. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ,
ਪੰਨਾ 463

31. ਪ੍ਰਤਾਪ ਸਿੰਘ ਜੋਤਸੀ, ਅਸਲੀ ਜਨਮ ਸਾਖੀ ਭਗਤ ਸੇਖ ਫਰੀਦ ਜੀ
ਪੰਨਾ 14

32. ਦੀਵਾਨ ਸਿੰਘ (ਡਾ.) ਕਾਵਿ-ਰਸ
ਪੰਨਾ 154

33. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰਨਾ 82

34. ਭਾਈ ਗੁਰਦਾਸ ਜੀ, ਗਿਆਨ ਰਤਨਾਵਲੀ, ਤੀਜੀ ਵਾਰ 1981
ਪੰਨਾ 108

35. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ, ਪੰਨਾ 433

36. ਉਹੀ ਪੰਨਾ 433 - 34

37. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸਨ, ਪੰਨਾ 222

38. ਐਮ. ਏ.ਮੈਕਾਲਿਫ, ਸਿਖ ਰੀਲਿਜਨ,
ਪੰਨਾ 77 - 78

39. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ,
ਪੰਨਾ 224

40. ਗੁਰੂ ਗ੍ਰੰਥ ਸਾਹਿਬ, ਪੰਨਾ 1375 - 76

41. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ,
ਪੰਨਾ 82

42. [redacted] (ਡਾ.), ਗੁਰੂ ਗ੍ਰੰਥ ਸਾਹਿਬ, ਪੰਨਾ 525

43. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰਨਾ 86

44. ਉਹੀ ਪੰਨਾ 86

45. ਉਹੀ ਪੰਨਾ 86

46. ਪ੍ਰਤਾਪ ਸਿੰਘ ਜੋਤਸੀ, ਭਗਤ ਨਾਮਦੇਵ
ਪੰਨਾ 7

47. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 111 - 12

48. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 112

49. ਕਾਨ੍ਹ ਸਿੰਘ ਭਾਈ, ਮਹਾਨ ਕੋਸ਼, ਪੰਨਾ 697

50. ਪ੍ਰਤਾਪ ਸਿੰਘ ਜੋਤਸ਼ੀ ਗਿਆਨੀ, ਭਗਤ ਨਾਮਦੇਵ
ਪੰਨਾ 12

51. ਐਮ.ਏ.ਮੈਕਾਲਿਫ, ਸਿਖ ਰੀਲਿਜਨ,
ਪੰਨਾ 20

52. ਭਾਈ ਗੁਰਦਾਸ, ਗਿਆਨ ਰਤਨਾਵਲੀ,
ਪੰਨਾ 107

53. ਗੁਰੂ ਗ੍ਰੰਥ ਸਾਹਿਬ, ਪੰਨਾ 693

54. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 86

55. ਉਹੀ ਪੰਨਾ 87

56. ਐਮ.ਏ.ਮੈਕਾਲਿਫ, ਸਿਖ ਰੀਲਿਜਨ,
ਪੰਨਾ 27

57. ਸੋਢੀ ਐਮ.ਐਲ., ਸੰਤ ਨਾਮਦੇਵ
ਪੰਨਾ 28

58. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 87

59. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਨ
ਪੰਨਾ 468

60. ਕਾਨ੍ਹ ਸਿੰਘ ਭਾਈ, ਮਹਾਨ ਕੋਸ਼
ਪੰਨਾ 152

61. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 95

62. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ, ਪੰਨਾ 216

63. ਉਹੀ ਪੰਨਾ 216

64. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ, ਪੰਨਾ 471 - 72

65. ਐਮ.ਏ.ਮੈਕਾਲਿਫ, ਸਿਖ ਰਿਲਿਜਨ, ਪੰਨਾ 86

66. ਉਹੀ ਪੰਨਾ 86

67. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ ਪੰਨਾ 850

68. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ ਪੰਨਾ 97

69. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ, ਪੰਨਾ 450

70. ਭਾਈ ਗੁਰਦਾਸ ਜੀ, ਗਿਆਨ ਰਤਨਾਵਲੀ, ਤੀਜੀ ਵਾਰ 1981 ਪੰਨਾ 109

71. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ ਪੰਨਾ 97

72. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ ਪੰਨਾ 97

73. ਧਰਮ ਪਾਲ ਸਿੰਗਲ (ਡਾ.), ਸੰਤ ਸਿਰੋਮਣੀ ਰਵਿਦਾਸ ਪੰਨਾ 9

74. ਕਾਨ੍ਹ ਸਿੰਘ ਭਾਈ, ਮਹਾਨ ਕੋਸ਼, ਪੰਨਾ 1036

75. ਐਮ.ਏ.ਮੈਕਾਲਿਫ, ਸਿਖ ਰੀਲਿਜਨ ਪੰਨਾ 100

76. ਧਰਮ ਪਾਲ ਸਿੰਗਲ (ਡਾ.), ਸੰਤ ਸਿਰੋਮਣੀ ਰਵਿਦਾਸ ਪੰਨਾ 10

77. ਕਾਨ੍ਹ ਸਿੰਘ ਭਾਈ, ਮਹਾਨ ਕੋਸ਼
ਪੰਨਾ 1036

78. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ, ਪੰਨਾ 160

79. ਉਹੀ ਪੰਨਾ 160-61

80. ਉਹੀ ਪੰਨਾ 162

81. ਧਰਮ ਪਾਲ ਸਿੰਗਲ (ਡਾ.), ਸੰਤ ਸ਼ਿਰੋਮਣੀ ਰਵਿਦਾਸ
ਪੰਨਾ 10

82. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 165

83. ਉਹੀ ਪੰਨਾ 165

84. ਉਹੀ ਪੰਨਾ 166

85. ਉਹੀ ਪੰਨਾ 15

86. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1293

87. ਉਹੀ ਪੰਨਾ 67

88. ਨਰੈਣ ਸਿੰਘ ਗਿਆਨੀ, ਭਗਤ ਦਰਸਨ,
ਪੰਨਾ 224

89. ਐਸ. ਐਲ. ਸੋਂਧੀ, ਸੰਤ ਕਬੀਰ,
ਪੰਨਾ 5

90. ਐਮ.ਏ.ਮੈਕਾਲਿਫ, ਸਿਖ ਰੀਲਿਜ਼ਨ
ਪੰਨਾ 127

91. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ
ਪੰਨਾ 105

92. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 969

93. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 33 - 34

94. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 35

95. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦਸਵੀ ਪੋਥੀ
ਪੰਨਾ 272

96. ਐਸ.ਐਲ.ਸੋਂਧੀ, ਸੰਤ ਕਬੀਰ,
ਪੰਨਾ 12 - 13

97. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1162

98. ਉਹੀ ਪੰਨਾ 484

99. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 105

100. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 106

101. ਸਾਹਿਬ ਸਿੰਘ (ਡਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ, ਪੰਜਵੀ ਪੋਥੀ
ਪੰਨਾ 742

102. ਬੇਨੀ ਪ੍ਰਸਾਦ ਸ਼ਰਮਾ (ਡਾ.) ਸੰਤ ਗੁਰੂ ਰਵਿਦਾਸ,
ਪੰਨਾ 1

103. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 111

104. ਧਰਮ ਪਾਲ ਸਿੰਗਲ (ਡਾ.) ਸੰਤ ਸ਼ਿਰੋਮਣੀ ਰਵਿਦਾਸ
ਪੰਨਾ 11

105. ਬੇਨੀ ਪ੍ਰਸਾਦ ਸ਼ਰਮਾ (ਡਾ.) ਸੰਤ ਗੁਰੂ ਰਵਿਦਾਸ
ਪੰਨਾ 25

106. ਪ੍ਰਿਥਵੀ ਸਿੰਘ ਅਜ਼ਾਦ(ਆਚਾਰਯ) ਰਵਿਦਾਸ ਦਰਸਨ
ਪੰਨਾ 32

107. ਬੇਨੀ ਪ੍ਰਸਾਦ ਸ਼ਰਮਾ (ਡਾ.) ਸੰਤ ਗੁਰੂ ਰਵਿਦਾਸ
ਪੰਨਾ 12

108. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 433

109. ਭਾਈ ਗੁਰਦਾਸ ਜੀ, ਗਿਆਨ ਰਤਨਾਵਲੀ,
ਪੰਨਾ 110

110. ਪ੍ਰਿਥਵੀ ਸਿੰਘ ਅਜ਼ਾਦ (ਆਚਾਰਯ) ਗੁਰੂ ਰਵਿਦਾਸ,
ਪੰਨਾ 16

111. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸਨ
ਪੰਨਾ 136

112. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 733

113. ਭਾਈ ਗੁਰਦਾਸ ਜੀ, ਗਿਆਨ ਰਤਨਾਵਲੀ
ਪੰਨਾ 110

114. ਧਰਮਪਾਲ ਸਿੰਗਲ (ਡਾ.), ਸੰਤ ਸ਼੍ਰੋਮਣੀ ਰਵਿਦਾਸ
ਪੰਨਾ 15

115. ਵੀਰੇਂਦਰ ਕੁਮਾਰ ਸੇਠੀ, ਮੀਰਾਂ ਪ੍ਰੇਮ ਦੀਵਾਨੀ
ਪੰਨਾ 182

116. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
ਪੰਨਾ 733

117. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 353

118. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 117

119. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 353

120. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 353

121. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 169

122. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 357

123. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 358

124. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 359

125. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸਨ
ਪੰਨਾ 170

126. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 117

127. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਜਵੀ ਪੋਥੀ
ਪੰਨਾ 186

128. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸਨ
ਪੰਨਾ 120

129. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 120

130. ਐਮ.ਏ.ਮੈਕਾਲਿਫ, ਸਿਖ ਰੀਲਿਜਨ,
ਪੰਨਾ 120

131 ਐਮ.ਏ.ਮੈਕਾਲਿਫ, ਸਿਖ ਰੀਲਿਜਨ
ਪੰਨਾ 123

132. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 120

133. ਭਾਈ ਗੁਰਦਾਸ, ਗਿਆਨ ਰਤਨਾਵਲੀ
ਪੰਨਾ 110

134. ਐਮ.ਏ.ਮੈਕਾਲਿਫ, ਸਿਖ ਰੀਲਿਜਨ
ਪੰਨਾ 121

135. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 175

136. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 695

137. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 120

138. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 124

139. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 177

140. ਕਾਨ੍ਹ ਸਿੰਘ ਭਾਈ, ਮਹਾਨ ਕੋਸ਼,
ਪੰਨਾ 673

141. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ, ਪੰਨਾ 379

142. ਉਹੀ ਪੰਨਾ 379 - 80

143. ਭਾਈ ਗੁਰਦਾਸ, ਗਿਆਨ ਰਤਨਾਵਲੀ,
ਪੰਨਾ 108

144. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 382

145. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 384

146. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 124 - 25

147. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 182

148. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 125

149. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 695

150. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ, ਪੰਨਾ 386

151. ਉਹੀ ਪੰਨਾ 455

152. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ,
ਪੰਨਾ 130

153. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 130

154. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 245

155. ਐਮ.ਏ.ਮੈਕਾਲਿਫ਼, ਸਿਖ ਰੀਲਿਜਨ
ਪੰਨਾ 415

156. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 659

157. ਕਾਨ੍ਹ ਸਿੰਘ ਭਾਈ, ਮਹਾਨ ਕੋਸ਼
ਪੰਨਾ 918

158. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 130

159. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 133

160. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 209

161. ਐਮ.ਏ.ਮੈਕਾਲਿਫ਼, ਸਿਖ ਰੀਲਿਜਨ
ਪੰਨਾ 83

162. ਐਮ.ਏ.ਮੈਕਾਲਿਫ਼, ਸਿਖ ਰੀਲਿਜਨ
ਪੰਨਾ 82

163. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 210

164. ਤਾਰਨ ਸਿੰਘ (ਡਾ.) ਗੁਰੂ ਗ੍ਰੰਥ ਰਤਨਾਵਲੀ
ਪੰਨਾ 133

165. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 211

166. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ
ਪੰਨਾ 133

167. ਐਮ.ਏ.ਮੈਕਾਲਿਫ, ਸਿਖ ਰੀਲਿਜਨ
ਪੰਨਾ 83

168. ਸ੍ਰੀ ਗੁਰੂ ਗ੍ਰੰਥ ਰਤਨਾਵਲੀ, ਪੰਨਾ 1253

169. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ
ਪੰਨਾ 136

170. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 443

171. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 203

172. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 204

173. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲ
ਪੰਨਾ 446

*****
***
*

## ਅਧਿਆਇ ਤੀਸਰਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ ਦੀ ਬਾਣੀ

3.1 ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਬਾਣੀ ਦਾ ਸੰਕਲਨ ।

3.2 ਭਗਤ ਬਾਣੀ ਤੇ ਗੁਰਮਤਿ ਸਿਧਾਂਤ ।

3.3 ਭਗਤ ਬਾਣੀ ਅਤੇ ਗੁਰਮਤਿ ਸਾਹਿਤ : ਇਕ ਤੁਲਨਾਤਮਕ ਅਧਿਐਨ ।

*****

***

*

## 3.1 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਦਾ ਸੰਕਲਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਬਾਰੇ ਸਰਧਾਲੂਆਂ ਤੇ ਵਿਦਵਾਨਾਂ ਵਿਚ ਕਈ ਮਤ-ਭੇਦ ਤੇ ਭੁਲੇਖੇ ਪਾਏ ਜਾਂਦੇ ਹਨ । ਇਸ ਬਾਣੀ ਦੇ ਦਰਜ ਹੋਣ ਤੇ ਭਗਤਾਂ ਤੋਂ ਗੁਰੂਆਂ ਤਕ ਪਹੁੰਚਣ ਦੇ ਲੰਮੇ ਪੰਧ ਨੂੰ ਵਿਚਾਰਨ ਤੋਂ ਪਹਿਲਾਂ ਸਾਨੂੰ ਗੁਰੂਬਾਣੀ ਦੀ ਮੂਲ ਪਹੁੰਚ ਨੂੰ ਧਿਆਨ ਵਿਚ ਰਖਦਿਆਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਗਿਆਨਕ ਸੋਚ, ਧਾਰਮਕ ਜੀਵਨ ਅਤੇ ਅਧਿਆਤਮਕ ਖੁਰਾਕ ਪ੍ਰਦਾਨ ਕਰਦੀ ਹੋਈ ਵੀ ਕਰਾਮਾਤਾਂ ਤੋ ਉਪਰ ਉਠ ਸਧਾਰਨ ਜੀਵ ਦੀ ਪੱਧਰ ਨੂੰ ਉਚਿਆਉਂਦੀ ਹੋਈ ਸਹਿਜ ਅਵਸਥਾ ਵਿਚੋਂ ਅਡੋਪਲੇ ਉਪਜੀ ਰੱਬੀ ਬਾਣੀ ਹੈ । ਇਸ ਦੇ ਮੂਲ ਸ੍ਰੋਤਾਂ ਬਾਰੇ ਸਹੀ ਸਮਝ ਵਾਲਾ ਰ ਰਸਤਾ ਅਪਣਾਉਣ ਤੋਂ ਪਹਿਲਾਂ ਸਾਨੂੰ ਸਰਧਾਲੂਆਂ ਦੇ ਭੁਲੇਖਿਆਂ ਵਿਚੋ ਗੁਜਰਣਾ ਵੀ ਲਾਭਕਾਰੀ ਹੋਵੇਗਾ ।

ਭੁਲੇਖੇ :-

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ :-

" ਪ੍ਰਤੇਕ ਰਾਗ ਦੇ ਅੰਤ ਵਿਚ ਜੋ ਭਗਤਾਂ ਦੀ ਬਾਣੀ ਗੁਰੂ ਜੀ ਲਿਖਾਉਦੇ ਰਹੇ ਏਸ ਵਿਚ ਦੋ ਮਤ ਹਨ, ਕੋਈ ਆਖਦੇ ਹਨ ਭਗਤ ਆਪ ਬੈਕੁੰਠ ਵਿਚੋ ਆ ਕੇ ਲਿਖਾਉਂਦੇ ਸੀ ਤੇ ਉਹਨਾਂ ਦੇ ਦਰਸ਼ਨ ਵੀ ਭਾਈ ਗੁਰਦਾਸ ਜੀ ਨੂੰ ਉਸਦੇ ਸੰਸੇ ਦੂਰ ਕਰਨ ਵਾਸਤੇ ਕਰਾਯਾ ਗਿਆ ਸੀ । ਕਈ ਆਖਦੇ ਹਨ ਕਿ ਭਗਤਾਂ ਦੀ ਬਾਣੀ ਜੇਹੜੀ ਜੇਹੜੀ ਗੁਰੂ ਜੀ ਨੂੰ ਪਸੰਦ ਆਈ ਉਹਨਾਂ ਦੀਆਂ ਪੋਥੀਆਂ ਉਤੋ ਲਿਖਾਈ ਹੈ, ਸੋ ਇਹ ਬਾਤ ਉਨ੍ਹਾਂ ਪੋਥੀਆਂ ਤੇ ਵੀ ਸਾਬਤ ਹੈ ਜੋ ਗੁਰੂ ਜੀ ਮੋਹਣ ਪਾਸੋ ਲਿਆਏ ਸੀ, ਕਿਉਂਕਿ ਉਨ੍ਹਾਂ ਵਿਚ ਭੀ ਭਗਤ ਬਾਣੀ ਹੈ ।"[1]

ਉਪਰੋਕਤ ਵਿਚਾਰਾਂ ਵਿਚੋ ਗੁਰਮਤਿ ਅਨੁਸਾਰ ਪਹਿਲੇ ਕਥਨ ਕਿ ਬੈਕੁੰਠ ਵਿਚੋਂ ਆਕੇ ਭਗਤ ਆਪ ਲਿਖਾਉਂਦੇ ਸਨ ਪ੍ਰਵਾਣ ਨਹੀਂ ਕੀਤਾ ਜਾ ਸਕਦਾ । ਇਹ ਕਥਨ ਅਥਾਹ ਸਰਧਾ ਵਿਚੋ ਪੈਦਾ ਹੋਇਆ ਬਿਨਾਂ ਸੋਚਿਆ ਵਿਚਾਰਿਆ ਗੁਰਮਤਿ ਤੇ ਭਗਤ ਬਾਣੀ ਦੀ ਸਹੀ ਪਹੁੰਚ ਤੇ ਸੰਗਤਾਂ ਨੂੰ ਪਾਸੇ ਲਿਜਾਣ ਵਾਲਾ ਹੈ । ਇਸ ਲਈ ਇਹ ਮੰਨਿਆ ਨਹੀਂ ਜਾ ਸਕਦਾ ।

ਇਸ ਭੁਲੇਖੇ ਬਾਰੇ ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਲਿਖਤ ਭਗਤ ਬਾਣੀ ਦਾ ਸੰਪਾਦਨ ਵਿਚ ਲਿਖਦੇ ਹਨ ਕਿ " ਭਗਤਾਂ ਦੀ ਬਾਣੀ ਗੁਰੂ ਨਾਨਕ ਜੀ ਤੋਂ ਲੈ ਕੇ ਗੁਰ-ਗੱਦੀ ਦੇ ਨਾਲ ਨਾਲ ਚਲੀ ਆਈ । ਇਹ ਬਾਣੀ ਤੀਜੇ ਪਾਤਸ਼ਾਹ ਦੇ ਇਕੱਤਰ ਕਰਾਏ ਸੰਚੇ ਵਿਚ ਮੌਜੂਦ ਸੀ । ਇਸ ਲਈ ਭਗਤਾਂ ਦੀਆਂ ਰੂਹਾਂ ਬੁਲਾਉਣ ਦੀ ਲੋੜ ਨਹੀਂ ਸੀ, ਨਾ ਹੀ ਇਹ ਕਹਿਣ ਦੀ ਗੁੰਜਾਇਸ਼ ਹੈ ਕਿ ਗੁਰੂ ਅਰਜਨ ਜੀ ਨੇ ਆਪ ਰਚ ਕੇ ਭਗਤਾਂ ਦੇ ਨਾਂ ਲਾ ਦਿੱਤੀ ।[2]

ਦੂਸਰਾ ਵਿਚਾਰ ਕਿ ਜੇਹੜੀ ਜੇਹੜੀ ਬਾਣੀ ਗੁਰੂ ਜੀ ਨੂੰ ਪਸੰਦ ਆਈ ਉਹ ਉਹਨਾਂ ਨੇ ਪੋਥੀਆਂ ਉਤੇ ਲਿਖਾਈ ਕੁਝ ਅਸਲੀਅਤ ਵਲ ਪਹੁੰਚ ਦਾ ਚਿੰਨ ਨਜ਼ਰ ਆਉਂਦਾ ਹੈ । ਇਸ ਸੰਬੰਧ ਵਿਚ ਡਾਕਟਰ ਮਨ ਮੋਹਨ ਸਹਿਗਲ ਜੀ ਸ੍ਰੀ ਜੀ. ਬੀ. ਸਿੰਘ ਦੇ ਹਵਾਲੇ ਰਾਹੀਂ ਗਲ ਅਗੇ ਤੋਰਦੇ ਹੋਏ ਲਿਖਦੇ ਹਨ :-- ਸ੍ਰੀ ਜੀ.ਬੀ.ਸਿੰਘ ਨੇ ਬਾਬਾ ਮੋਹਨ ਵਾਲੀ ਪੋਥੀ ਪਰ ਡਾ.ਮੋਹਨ ਸਿੰਘ ਨੇ ਇਕ ਪੱਤਰ - ਵਿਹਾਰ ਕੀ ਵੀ ਚਰਚਾ ਕੀ ਹੈ । ਡਾ. ਮੋਹਨ ਸਿੰਘ ਕੇ ਪਤਰ ਕੀ ਮੁਖ ਬਾਤੇ ਇਸ ਪ੍ਰਕਾਰ ਹੈ - ਸਨ 1933 ਦਸੰਬਰ ਮੇ ਉਹਨੇ ਗੋਇੰਦਵਾਲ ਜਾਕਰ ਮੋਹਨ ਜੀ ਵਾਲੀ ਪ੍ਰਥਮ ਪੋਥੀ ਕੇ ਦਰਸਨ ਕਿਯੇ । ਪੋਥੀ ਕਾ ਬੜਾ ਅਕਾਰ 18" x 20" x 4" ਕੇ ਲਗ ਭਗ ਥਾ । ਪੋਥੀ ਕੇ ਅਖੀਰ ਮੇ ਭਗਤੋਂ ਕੀ ਬਾਣੀ ਥੀ । ਜਹਾਂ ਤਕ ਉਹਨੇ ਯਾਦ ਹੈ, ਫਰੀਦ ਕੇ ਸਲੋਕ ਭੀ ਥੇ । ਏਕ ਸਥਾਨ ਪਰ ਡਾ. ਮੋਹਨ ਸਿੰਘ ਨੇ ਯੇ ਭੀ ਦੇਖਾ ਕੇ ਬਾਏ ਹਾਥ ਵਾਲੇ ਪਰਿਸਠ ਪਰ ਨਾਮਦੇਵ ਕਾ ਏਕ ਸ਼ਬਦ ਥਾ ਔਰ ਉਸੇ ਕਾਟ ਦੀਯਾ ਗਯਾ ਥਾ । ਪੁੰਨ ਦਾਯੇ ਪਰਿਸਠ ਪਰ ਵਹੀ ਸ਼ਬਦ ਸਹੀ ਰੂਪ ਮੇ

ਦੀਯਾ ਗਯਾ ਥਾ । ਇਸ ਸੇ ਉਹਨੋ ਨੇ ਯਹ ਪਰੰਤਮ ਨਿਕਾਲਾ ਕੇ ਭਗਤ - ਬਾਣੀ ਪਰਾਪਤ ਖੋਜੇ ਉਪਰੰਤ ਹੀ ਆਦਿ ਗ੍ਰੰਥ ਮੇ ਲਿਖੀ ਗਈ ਥੀ ਔਰ ਇਸ ਖੋਜ ਕੀ ਪਰੰਪਰਾ ਤੀਸਰੀ ਪਾਤਸ਼ਾਹੀ ਸੇ ਹੀ ਚਾਲੂ ਥੀ ।[3]

ਹੁਣ ਸਾਡੀ ਸੋਚ ਜਦ ਭਗਤਾਂ ਦੇ ਬੈਕੁੰਠ ਤੋ ਬਾਣੀ ਲਿਖਾਉਣ ਤੋ ਉਤਰ ਕੇ ਬਾਬੇ ਮੋਹਨ ਜੀ ਦੀ ਪੋਥੀ ਜੋ ਗੁਰੂ ਅਰਜਨ ਦੇਵ ਜੀ ਨੇ ਮੰਗਵਾ ਕੇ ਕੁਝ ਪਕੀ ਬਾਣੀ ਉਸ ਵਿਚੋ ਭਾਈ ਗੁਰਦਾਸ ਜੀ ਨੂੰ ਲਿਖਵਾਈ ਤਾਂ ਇਹ ਸਿਧ ਹੁੰਦਾ ਹੈ ਕਿ ਬਾਣੀ ਦਾ ਸਤਿਕਾਰ ਤੇ ਸਾਂਭ ਸੰਭਾਲ ਦਾ ਕੰਮ ਗੁਰੂ ਅਰਜਨ ਦੇਵ ਜੀ ਤੋ ਪਹਿਲੇ ਗੁਰੂ ਸਹਿਬਾਨ ਭੀ ਕਰ ਰਹੇ ਸਨ । ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਡਾਕਟਰ ਮਹਿੰਦਰ ਕੌਰ ਜੀ ਗਿੱਲ ਲਿਖਦੇ ਹਨ ਕਿ, " ਬਾਣੀ - ਸੰਕਲਨ ਦਾ ਵਿਚਾਰ ਗੁਰੂ ਨਾਨਕ ਦੇਵ ਜੀ ਤੋ ਹੀ ਅਰੰਭ ਹੋ ਗਿਆ ਸੀ । ਇਸ ਤੱਥ ਦੀ ਪੋੜਤਾ ਭਾਈ ਗੁਰਦਾਸ ਅਤੇ ਗੁਰੂ ਇਤਿਹਾਸਕਾਰਾਂ ਨੇ ਵੀ ਕੀਤੀ ਹੈ । ਗੁਰੂ ਨਾਨਕ ਦੇਵ ਜੀ ਆਪਣੀ ਯਾਤਰਾਂ ਸਮੇਂ ਕਈ ਸੂਫੀ - ਸੰਤਾਂ-ਭਗਤਾਂ ਨੂੰ ਮਿਲੇ । ਅਨੁਮਾਨ ਹੈ, ਜਿੰਨਾਂ ਮਹਾ ਪੁਰਖਾ ਦੀ ਬਾਣੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਆਸ਼ੇ ਅਨੁਸਾਰ ਜਾਪੀ ਉਨ੍ਹਾਂ ਨੇ ਇੱਕਤਰ ਕਰ ਲਈ ਜਨਮ ਸਾਖੀਆਂ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋ ਵੀ ਇਹ ਸੰਕੇਤ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਹਰ ਸਮੇਂ ਆਪਣੇ ਪਾਸ ਇਕ ਕਿਤਾਬ ਰਖਦੇ ਸੀ । ਇਹ ਪੁਸਤਕ ਉਨ੍ਹਾਂ ਨੇ ਰੱਬੀ ਕਲਾਮ ਤੇ ਹੋਰ ਸੂਫੀ - ਸੰਤ - ਭਗਤ ਬਾਣੀ ਦਾ ਸੰਗ੍ਰਹਿ ਹੀ ਹੋ ਸਕਦਾ ਹੈ । ਗੁਰੂ ਪਰੰਪਰਾਂ ਅਨੁਸਾਰ ਹਰ ਗੁਰੂ ਨੇ ਗੁਰਗੱਦੀ ਦੇਣ ਸਮੇਂ ਆਪਣੇ ਅਧਿਕਾਰੀ ਗੁਰੂ ਨੂੰ ਆਪਣੀ ਤੇ ਆਪ ਤੋਂ ਪੂਰਬ ਵਰਤੀ ਗੁਰੂਆਂ ਦੀ ਸੰਗ੍ਰਹਿਤ ਬਾਣੀ ਵੀ ਗੁਰੂ ਗੱਦੀ ਦੇ ਨਾਲ ਹੀ ਦਿੱਤੀ । ਇਸ ਤਰ੍ਹਾਂ ਬਾਣੀ - ਸੰਕਲਨ ਦਾ ਪ੍ਰਵਾਹ ਵੀ ਬਾਣੀ - ਸਿਰਜਨ ਕਰਨ ਦੀ ਤਰ੍ਹਾਂ ਪੰਚਮ ਗੁਰੂ ਤਕ ਨਿਰੰਤਰ ਚਲਦਾ ਰਿਹਾ ਤੇ ਇਸੇ ਤਰ੍ਹਾਂ ਹੋ ਸਕਦਾ ਹੈ ਕੁਝ ਸੂਫੀ - ਸੰਤ - ਭਗਤ ਬਾਣੀ ਵੀ ਗੁਰੂਜਨ ਇੱਕਤਰ ਕਰਦੇ ਰਹੇ ਹੋਣ ।"[4]

ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਸੰਬੰਧੀ ਇਹ ਲਿਖਿਆ ਹੁੰਦਾ ਹੈ ਕਿ ਗੁਰੂ ਜੀ ' ਆਸਾ ਹਥਿ ਕਿਤਾਬ ਕੱਛ ' ਲਈ ਫਿਰਦੇ ਸਨ । ਉਹ ਕੱਛ ਵਾਲੀ

ਕਿਤਾਬ ਕਿਹੜੀ ਸੀ ? ਉਹ ਇਹੋ ਇਕੱਤਰ ਕੀਤੀ ਹੋਈ ਬਾਣੀ, ਕੁਝ ਆਪਣੀ ਤੇ ਕੁਝ ਭਗਤਾਂ ਦੀ ਹੁੰਦੀ ਸੀ ਜਿਸ ਨੂੰ ਉਹ ਸਾਂਭ ਕੇ ਹਰ ਵੇਲੇ ਆਪਣੇ ਪਾਸ ਰਖਦੇ ਸਨ । ਇਹੋ ਬਾਣੀ ਆਪਣ ਸਰੀਰਕ ਚੋਲਾ ਛੱਡਣ ਵੇਲੇ ਗੁਰੂ ਅੰਗਦ ਨੂੰ ਦੇਕੇ ਗੁਰਿਆਈ ਸੌਂਪੀ ਸੀ ।[5]

ਭਾਈ ਬਖਤੇ ਵਾਲੀ ਬੀੜ ਬਾਰੇ ਸਾਖੀਆਂ ਵੀ ਕੁਝ ਭੁਲੇਖੇ ਪੈਦਾ ਕਰਦੀਆਂ ਹਨ । ਗਿਆਨੀ ਗਿਆਨ ਸਿੰਘ ਜੀ ਤਾਂ ਇਥੋ ਤਕ ਭੁਲੇਖੇ ਖਾ ਗਏ ਹਨ ਕਿ ਉਹਨਾਂ ਨੇ ਭਾਈ ਬਖਤਾ ਜੀ ਨੂੰ ਚਾਰ ਗੁਰੂ ਸਾਹਿਬਾਨ ਪਾਸ ਰਹਿ ਕੇ ਬਾਣੀ ਲਿਖਣ ਦੀ ਸੇਵਾ ਦਾ ਮਾਨ ਬਖਸ਼ਿਆ ਹੈ । ਇਸ ਭੁਲੇਖੇ ਨੂੰ ਦੂਰ ਕਰਦੇ ਹੋਏ ਪ੍ਰੋਫੈਸਰ ਸਾਹਿਬ ਸਿੰਘ ਜੀ ਲਿਖਦੇ ਹਨ ਕਿ, " ਪਰ ਅਚਰਜ ਵਾਲੀ ਗੱਲ ਇਹ ਹੈ ਕਿ ਚਾਰ ਗੁਰੂ ਵਿਅੱਕਤੀਆਂ ਪਾਸ ਰਹਿ ਕੇ ਬਾਣੀ - ਇਕੱਠੀ ਕਰਕੇ ਭਾਈ ਬਖਤਾ ਗੁਰੂ ਅਰਜਨ ਸਾਹਿਬ ਜੀ ਦੇ ਵੇਲੇ ਆਪਣੇ ਵਤਨ ਕਿਉਂ ਤੁਰ ਗਿਆ । ਹਰੇਕ ਸਤਿਗੁਰੂ ਪਾਸੋਂ ਭਾਈ ਬਖਤਾ ਦਸਖਤ ਕਿਉਂ ਕਰਾਉਂਦਾ ਰਿਹਾ ? ਕੀ ਇਸ ਸਬੂਤ ਵਾਸਤੇ ਕਿ ਜੋ ਕੁਝ ਇੱਕਠਾ ਕੀਤਾ ਹੈ ਇਹ ਗੁਰਬਾਣੀ ਹੈ ? ਪਰ ਗਿਆਨੀ ਜੀ ਲਿਖਦੇ ਹਨ ਕਿ ਭਾਈ ਬਖਤੇ ਵਾਲੀ ਬੀੜ ਵਿਚ " ਬਾਣੀ ਐਤਨੀ ਹੈ ਜਾਣੋ ਇਸ ਗੁਰੂ ਗ੍ਰੰਥ ਸਾਹਿਬ ਜੀ ਦਾ ਖਜਾਨਾ ਹੈ ।" ਅਜਬ ਹੀ ਗੱਲ ਹੈ । ਜੇ ਭਾਈ ਬਖਤਾ ਹਰੇਕ ਗੁਰੂ ਜੀ ਪਾਸ ਰਹਿ ਕੇ ਲਿਖਦਾ ਰਿਹਾ ਤੇ ਫਿਰ ਗੁਰੂ ਜੀ ਦੇ ਦਸਖਤ ਭੀ ਕਰਾ ਲੈਂਦਾ ਰਿਹਾ, ਤਾਂ ਇਤਨਾ ਵੱਡਾ ਖਜ਼ਾਨਾ ਕਿਵੇਂ ਬਣ ਗਿਆ ? ਕੀ ਇਹ ਸਾਰੀ ਬਾਣੀ " ਗੁਰਬਾਣੀ " ਨਹੀਂ ਹੈ ? ਜੇ ਨਹੀਂ ਤਾਂ ਭਾਈ ਬਖਤਾ ਗੁਰੂ ਦਰ ਤੇ ਰਹਿ ਕੇ ਹੋਰ ਕਿਥੋਂ ਲਿਖਦਾ ਰਿਹਾ ? ਜੇ ਇਹ ਗੁਰਬਾਣੀ ਹੀ ਹੈ ਤਾਂ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਇਹ ਸਾਰੀ ਦੀ ਸਾਰੀ ਕਿਉਂ ਨ ਲਿਖੀ ?[6]

ਉਪਰੋਕਤ ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪੁਜਦੇ ਹਾਂ ਕਿ ਬਾਣੀ ਦੀ ਜਿਤਨੀ ਕਦਰ ਸਤਿਕਾਰ ਤੇ ਸਾਂਭ ਸੰਭਾਲ ਦਾ ਫਿਕਰ ਗੁਰੂ ਸਹਿਬਾਨ ਨੂੰ ਸੀ ਉਸ

ਤੋਂ ਵੱਧ ਹੋਰ ਕਿਸੇ ਨੂੰ ਨਹੀਂ ਹੋ ਸਕਦਾ । ਇਸ ਲਈ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਤਾਰਨ ਲਈ ਆਪਣੀਆਂ ਉਦਾਸੀਆਂ ਸਮੇਂ ਇਸ ਧਰਤੀ ਦੇ ਕੋਨੇ ਕੋਨੇ ਤਕ ਪਹੁੰਚਣ ਦੀ ਕੋਸ਼ਿਸ ਕੀਤੀ, ਜਿਥੇ ਭੀ ਉਹਨਾਂ ਨੂੰ ਉਹਨਾਂ ਤੋਂ ਪਹਿਲਾਂ ਕੋਈ ਚਾਨਣ ਮੁਨਾਰਾ ਭਗਤਾਂ ਦੀ ਬਾਣੀ ਰੂਪੀ ਰਚਨਾ ਕਰ ਗਿਆ ਮਿਲਿਆ । ਉਸ ਬਾਣੀ ਨੂੰ ਆਪ ਪੜ੍ਹ, ਨਾਲ ਲੈ ਲਿਆ ਤੇ ਸਾਂਭ ਸਵਾਰ ਕੇ ਆਪਣੀ ਬਾਣੀ ਨਾਲ ਹੀ ਇੱਕਠਾ ਕਰ ਲਿਆ । ਜਦ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਮਿਲੀ ਤਾਂ ਨਾਲ ਹੀ ਇਹ ਬਾਣੀ ਗੁਰੂ ਨਾਨਕ ਸਾਹਿਬ ਜੀ ਦੀ ਤੇ ਭਗਤਾਂ ਦੀ ਬਾਣੀ ਉਹਨਾਂ ਦੇ ਸਪੁਰਦ ਕਰ ਦਿਤੀ । ਇਸੇ ਤਰ੍ਹਾਂ ਜਦ ਤੀਸਰੇ ਗੁਰੂ ਅਮਰ ਦਾਸ ਜੀ ਨੂੰ ਗੁਰਗੱਦੀ ਮਿਲੀ ਤਾਂ ਇਹ ਬਾਣੀ ਵੀ ਉਹਨਾਂ ਨੂੰ ਗੁਰੂ ਅੰਗਦ ਦੇਵ ਦੀ ਬਾਣੀ ਸਮੇਤ ਸੌਂਪ ਦਿਤੀ ਗਈ।

ਉਪਰੋਕਤ ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਭਗਤਾਂ ਦੀ ਬਾਣੀ ਅਤੇ ਗੁਰੂਆਂ ਦੀ ਬਾਣੀ ਕ੍ਰਮਵਾਰ ਗੁਰੂ ਸਾਹਿਬਾਨ ਪਾਸ ਪਹੁੰਚਦੀ ਰਹੀ । ਜਦੋ ਇਹ ਬਾਣੀ ਤੀਸਰੇ ਗੁਰੂ ਅਮਰਦਾਸ ਤਕ ਪੁਜੀ ਤਾਂ ਇਹਨਾਂ ਨੇ ਆਪਣੇ ਪੋਤਰੇ ਸਹੰਸਰਾਮ ਨੂੰ ਇਕ ਥਾਂ ਇੱਕਤਰ ਕਰਨ ਲਈ ਕਿਹਾ । ਸੰਹਸਰਾਮ ਨੇ ਇਹ ਬਾਣੀ ਦੋ ਸੈਂਚੀਆਂ ਵਿਚ ਇੱਕਠੀ ਕੀਤੀ । ਇਹਨਾਂ ਨੂੰ ਗੋਇੰਦਵਾਲ ਵਾਲੀਆਂ ਸੈਂਚੀਆਂ ਵੀ ਕਹਿੰਦੇ ਹਨ ਅਤੇ ਬਾਬਾ ਮੋਹਨ ਵਾਲੀਆਂ ਸੈਂਚੀਆਂ ਵੀ ਕਹਿੰਦੇ ਹਨ । ਪ੍ਰਿੰਸੀਪਲ ਤੇਜਾ ਸਿੰਘ ਨੇ ਇਹਨਾਂ ਪੋਥੀਆਂ ਦੀ ਜਾਣਕਾਰੀ ਦੇਂਦਿਆਂ ਹੋਇਆਂ ਹੇਠ ਲਿਖੇ ਵੇਰਵੇ ਦਿਤੇ ਹਨ :-

(ੳ) ਇਹ ਸੈਂਚੀਆਂ ਗਿਣਤੀ ਵਿਚ ਦੋ ਹਨ । ਪਹਿਲੀ ਪੋਥੀ ਦੇ ਪੱਤਰੇ 300 ਹਨ ਅਤੇ ਦੂਜੀ ਦੇ 224 ਹਨ । ਪ੍ਰਤੇਕ ਪੰਨੇ ਉਪਰ 13 ਪਾਲਾਂ ਹਨ ਤੇ ਹਰ ਪਾਲ ਵਿਚ ਮੋਟੇ ਅਖਰ ਹਨ । ਇਹ ਅੱਖਰ ਗੁਰਮੁਖੀ ਦੇ ਹਨ ਜਿਨ੍ਹਾਂ ਦੀ ਸ਼ਕਲ ਟਾਕਰੇ ਤੇ ਸਾਰਧਾ ਨਾਲ ਮਿਲਦੀ ਜੁਲਦੀ ਹੈ । ਲਗਾਂ ਮਾਤਰਾਂ ਘਟ ਹੀ ਵਰਤੀਆਂ ਹਨ । ਦੂਜੀ ਪੋਥੀ ਦੇ ਪੰਨਾ ਅੰਕ 215 ਤੇ ਹਾਸ਼ੀਏ ਉਪਰ ਇਕ ਨੋਟ ਦਿਤਾ ਹੋਇਆ ਹੈ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਨੇ ਬਣਾਏ । ਪਰ ਇਹ ਨੋਟ ਸਹੰਸਰਾਮ ਦੀ ਲਿਖਤ ਨਹੀਂ ।

(ਅ) ਪਹਿਲੀ ਪੋਥੀ ਵਿਚ 10 ਰਾਗਾਂ ਦੀ ਬਾਣੀ ਹੈ। ਇਹ ਰਾਗ ਹਨ : ਸੂਹੀ, ਪ੍ਰਭਾਤੀ, ਧਨਾਸਰੀ, ਬਸੰਤ, ਤਿਲੰਗ, ਗੂਜਰੀ, ਭੈਰਉ, ਆਸਾ, ਮਾਰੂ ਅਤੇ ਕੇਦਾਰਾ।

ਦੂਜੀ ਪੋਥੀ ਵਿਚ 4 ਰਾਗਾਂ ਵਿਚ ਬਾਣੀ ਦਰਜ ਹੈ। ਇਹ ਰਾਗ ਹਨ : ਰਾਮਕਲੀ, ਸੋਰਠ, ਮਲਾਰ ਅਤੇ ਸਾਰੰਗ।

(ੲ) ਇਨ੍ਹਾਂ ਪੋਥੀਆਂ ਵਿਚ ਇਨ੍ਹਾਂ ਬਾਣੀਕਾਰਾਂ ਦੀ ਬਾਣੀ ਦਰਜ ਹੈ :- ਗੁਰੂ ਨਾਨਕ ਦੇਵ, ਗੁਰੂ ਅੰਗਦ, ਗੁਰੂ ਅਮਰ ਦਾਸ, ਕਬੀਰ, ਨਾਮਦੇਵ, ਤ੍ਰਿਲੋਚਨ, ਸੈਣ, ਰਵਿਦਾਸ ਅਤੇ ਜੈ ਦੇਵ।

ਇਕ ਪਾਸੇ ਸਹੰਸਰਾਮ ਦੁਆਰਾ ਇਕੱਠੀ ਕੀਤੀ ਹੋਈ ਸੰਚੀਆਂ ਦੇ ਰੂਪ ਵਿਚ ਬਾਬਾ ਮੋਹਨ ਜੀ ਪਾਸ ਗੋਇੰਦਵਾਲ ਵਿਚ ਮੌਜੂਦ ਸੀ। ਦੂਸਰੇ ਪਾਸੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਮਹਾਨ ਕਾਰਜ ਅਰੰਭਿਆ ਗਿਆ ਤਾਂ ਚੋਥੇ ਗੁਰੂ ਰਾਮ ਦਾਸ ਜੀ ਦੀ ਬਾਣੀ ਗੁਰੂ ਅਰਜਨ ਦੇਵ ਜੀ ਕੋਲ ਮੌਜਦ ਸੀ ਸਮੇਤ ਓਹਨਾਂ ਦੀ ਆਪਣੀ ਬਾਣੀ ਦੇ। ਪਰ ਪਹਿਲੇ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਸਹੰਸਰਾਮ ਦੁਆਰਾ ਇਕੱਠੀ ਕੀਤੀ ਹੋਈ ਜੋ ਗੁਰੂ ਅਮਰਦਾਸ ਜੀ ਨੇ ਕਰਵਾਈ ਸੀ ਬਾਬਾ ਮੋਹਨ ਜੀ ਪਾਸ ਗੋਇੰਦਵਾਲ ਸੀ। ਉਸ ਨੂੰ ਮੰਗਵਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਭੇਜਿਆ ਪਰ ਅਗੋਂ ਬਾਬਾ ਮੋਹਨ ਜੀ ਨੇ ਇਨਕਾਰ ਕਰ ਦਿਤਾ। ਫਿਰ ਗੁਰੂ ਅਰਜਨ ਦੇਵ ਜੀ ਸੰਗਤ ਨਾਲ ਨੰਗੀ ਪੈਰੀ ਗੋਇੰਦਵਾਲ ਸਾਹਿਬ ਪਹੁੰਚੇ।। ਬਾਬਾ ਮੋਹਨ ਜੀ ਰੱਬੀ ਭਗਤੀ ਵਿਚ ਲੀਨ ਸਨ। ਜਿਸਦੀ ਭਗਤੀ ਵਿਚ ਬਾਬਾ ਮੋਹਨ ਜੀ ਲੀਨ ਸਨ ਉਸ ਦੀ ਉਸਤਤੀ ਵਿਚ ਗੁਰੂ ਅਰਜਨ ਦੇਵ ਜੀ ਕੀਰਤਨ ਕਰਨ ਚੋਬਾਰੇ ਦੇ ਥਲੇ ਡੇਰਾ ਲਾ ਬੈਠੇ ਤੇ ਬੜੀ ਮਿੱਠੀ ਸੁਰ ਵਿਚ ਗਾਉੜੀ ਰਾਗ ਦਾ ' ਮੋਹਨ ਤੇਰੇ ਉਚੇ ਮੰਦਰ ਮਹਲ ਅਪਾਰ।।

ਮੋਹਨ ਤੇਰੇ ਸੋਹਨਿ ਦੁਆਰ ਜੀਉ, ਸੰਤ ਧਰਮ ਸਾਲ।।

ਦਾ ਉਚਾਰਨ ਕੀਤਾ ਤਾਂ ਬਾਬਾ ਮੋਹਨ ਜੀ ਨੇ ਅੱਖਾਂ ਖੋਲ ਬਾਰੀ ਵਿਚੋਂ ਬਾਹਰ ਨੀਚੇ

ਗੁਰੂ ਅਰਜਨ ਦੇਵ ਜੀ ਨੂੰ ਕੀਰਤਨ ਕਰਦਿਆਂ ਤੱਕਿਆ ਤਾਂ ਖੁਸ਼ ਹੋ ਕੇ ਉਹ ਸੈਂਚੀਆਂ ਗੁਰੂ ਸਾਹਿਬ ਨੂੰ ਦੇ ਦਿੱਤੀਆਂ ।

ਕਈ ਸਜਨ ਇਸ ਮਤ ਵਿਚ ਪੈ ਜਾਂਦੇ ਹਨ ਕਿ ਉਹਨਾਂ ਸੈਂਚੀਆਂ ਵਿਚ ਬਾਣੀ ਗੁਣ ਦੇ ਗੁਰੂ ਗ੍ਰੰਥ ਸਾਹਿਬ ਦੇ ਅਕਾਰ ਨਾਲੋਂ ਬਹੁਤ ਘਟ ਹੈ ਬਾਕੀ ਬਾਣੀ ਕਿਧਰੇ ਗੁਰੂ ਅਰਜਨ ਦੇਵ ਜੀ ਨੇ ਇੱਕਠੀ ਕੀਤੀ । ਅਸੀਂ ਭੁਲ ਜਾਂਦੇ ਹਾਂ ਕਿ ਅਰਜਨ ਦੇਵ ਜੀ ਨੂੰ ਗੁਰੂ ਅਰਜਨ ਦੇਵ ਕਿਹਾ ਜਾਂਦਾ ਹੈ । ਗੁਰੂ ਕਹਾਉਣ ਦੇ ਸਮਰਥ ਉਹੀ ਵਿਅੱਕਤੀ ਹੁੰਦਾ ਹੈ ਜੋ ਸਧਾਰਣ ਵਿਅੱਕਤੀ ਨਾ ਬੁਝ ਸਕੇ, ਨਾ ਸਮਝ ਸਕੇ ਤੇ ਨਾ ਕਰ ਸਕੇ ਉਹ ਗੁਰੂ ਕਹਾਉਣ ਵਾਲਾ ਵਿਅੱਕਤੀ ਕਰ ਵਿਖਾਵੇ । ਕੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਬਾਣੀ ਨੂੰ ਪੜ੍ਹਨ ਤੇ ਅਸੀਂ ਇਸ ਨਤੀਜੇ ਤੇ ਨਹੀਂ ਪਹੁੰਚ ਜਾਂਦੇ ਕਿ

' ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ '

ਇਕ ਮਤ ਹੋਰ ਵੀ ਹੈ ਉਹ ਇਹ ਕਿ ਪ੍ਰੋਫੈਸਰ ਸਾਹਿਬ ਸਿੰਘ ਜੀ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਬਾਬੇ ਮੋਹਨ ਜੀ ਦੀ ਉਸਤਤੀ ਵਿਚ ਸ਼ਬਦ ਨਹੀਂ ਉਚਾਰਿਆ ਸਗੋਂ ਉਸ ਪਾਰ-ਬ੍ਰਹਮ ਪ੍ਰਮਾਤਮਾ ਦੀ ਉਸਤਤੀ ਵਿਚ ਉਚਾਰਿਆ ਹੈ । ਪਰ ਡਾਕਟਰ ਰਤਨ ਸਿੰਘ ਜੀ ਜੱਗੀ ਇਸ ਮਤ ਨਾਲ ਸਹਿਮਤ ਨਹੀਂ ਹਨ ਤੇ ਉਹ ਮੈਕਾਲਿਫ, ਜੀ.ਬੀ.ਸਿੰਘ ਆਦਿ ਦੇ ਮਤ ਨਾਲ ਸਹਿਮਤੀ ਪਰਗਟਾਉਂਦੇ ਹੋਏ ਉਪਰੋਕਤ ਸ਼ਬਦ ਬਾਬਾ ਮੋਹਨ ਜੀ ਦੇ ਸੰਬੰਧ ਵਿਚ ਉਚਾਰਿਆ ਹੋਇਆ ਮੰਨਦੇ ਹਨ ।[8]

ਉਪਰੋਕਤ ਮਤ ਬਾਰੇ ਗਿਆਨੀ ਪ੍ਰਤਾਪ ਸਿੰਘ ਜੀ ਦੀ ਗਵਾਹੀ ਕਿਨੇ ਭਰੀ ਹੈ ਕਿ ਮੋਹਨ ਜੀ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਸੈਂਚੀਆਂ ਦੇਣ ਤੋ ਇਨਕਾਰ ਕਰ ਦਿੱਤਾ । ਇਸ ਪਰ ਮਹਾਰਾਜ ਆਪ ਨੰਗੇ ਚਰਨੀ ਸੰਗਤ ਸਮੇਤ ਗੋਇੰਦਵਾਲ ਪੁਜੇ । ਜਿਸ ਚੁਬਾਰੇ ਵਿਚ ਮੋਹਨ ਜੀ ਰਹਿੰਦੇ ਸਨ ਉਸਦੇ ਥੱਲੇ ਜਾ ਖਲੋਤੇ । ਮੋਹਨ ਜੀ ਮਸਤਾਨੀ ਬਿਰਤੀ ਦੇ ਸਨ ਅਤੇ ਸਮਾਧੀ ਵਿਚ ਲੀਨ ਸਨ । ਉਨ੍ਹਾਂ ਨੂੰ ਕੌਣ

ਬਲਾਉਂਦਾ ? 'ਧੇਅ' ਇਕ ਵਹਿਗੁਰੂ ਸੀ, 'ਧਿਆਤਾ' ਮੋਹਨ ਜੀ ਸਨ। ਆਤਮਕ ਵਿਸਮਾਦ ਤੇ ਅੰਦਰਲੀ ਮਹਾਨਤਾ ਵਿਚ ਟਿਕੀ ਹੋਈ ਸੁਰਤ ਅਤੇ ਧਿਆਨ ਨੂੰ ਕੌਣ ਉਖੇੜ ਸਕਦਾ ਸੀ ? ਪੰਚਮ ਗੁਰੂ ਨੇ ਸੋਚਿਆ, ਸ਼ਾਇਦ ਮੋਹਨ ਜੀ ਨਾ ਬੋਲਣ। ਕਿਉਂ ਨਾ ਉਸ ਸੰਸਾਰ ਵਿਆਪੀ ਮੋਹਨ ਨੂੰ ਅਵਾਜ਼ ਮਾਰੀਏ, ਜਿਸ ਦੇ ਧਿਆਨ ਵਿਚ ਉਹ ਬੈਠੇ ਹਨ।[9]

ਜਦ ਗੁਰੂ ਅਰਜਨ ਦੇਵ ਜੀ ਨੇ ਉਸ ਪ੍ਰਭੂ ਦੀ ਯਾਦ ਵਿਚ ਕੀਰਤਨ ਕਰਨਾ ਸ਼ੁਰੂ ਕਰ ਦਿਤਾ ਤਾਂ ਬਾਬਾ ਮੋਹਨ ਜੀ ਦੀ ਸੁਰਤ ਭੀ ਦਸਵੇਂ ਦੁਆਰ ਤੋਂ ਉਤਰ ਕੀਰਤਨ ਸੁਨਣ ਲਗੀ। ਜਦ ਵੇਖਦੇ ਹਨ ਤਾਂ ਬਲੇ ਗੁਰੂ ਅਰਜਨ ਦੇਵ ਜੀ ਮਸਤ ਹਨ ਪ੍ਰਮਾਤਮਾ ਦੀ ਮਹਿਮਾ ਗਾਉਣ ਵਿਚ। ਬਸ ਫਿਰ ਕੀ ਸੀ ਬਾਬਾ ਮੋਹਨ ਨੇ ਖੁਸ਼ ਹੋਕੇ ਗੁਰੂ ਅਰਜਨ ਦੇਵ ਜੀ ਦੇ ਆਉਣ ਦਾ ਕਾਰਨ ਪੁਛਿਆ। ਉਹਨਾਂ ਬਾਣੀ ਵਾਲੀਆਂ ਪੋਥੀਆਂ ਦੀ ਮੰਗ ਕੀਤੀ ਤਾਂ ਉਹ ਬਾਬਾ ਮੋਹਨ ਜੀ ਨੇ ਉਹਨਾਂ ਨੂੰ ਦੇ ਦਿਤੀਆਂ।

ਇਕ ਗੱਲ ਹੋਰ ਵੀ ਵਿਚਾਰਨ ਵਾਲੀ ਹੈ ਉਹ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਮੋਹਨ ਜੀ ਬਾਬਾ ਲਗਦੇ ਸਨ। ਜੇ ਉਹਨਾਂ ਨੇ ਮੋਹਨ ਜੀ ਨੂੰ ਹੀ ਅਵਾਜ਼ ਮਾਰਨੀ ਹੁੰਦੀ ਤਾਂ ਉਹ ਮੋਹਨ ਕਹਿ ਕੇ ਨਹੀਂ ਮਾਰ ਸਕਦੇ ਸਨ। ਉਹਨਾਂ ਨੇ ਉਹਨਾਂ ਨੂੰ ਸਤਿਕਾਰ ਵਜੋਂ ਜ਼ਰੂਰ ਬਾਬਾ ਸ਼ਬਦ ਬਾਬਾ ਮੋਹਨ ਜੀ ਕਹਿ ਕੇ ਬਲਾਉਣਾ ਸੀ। ਪਰ ਉਹਨਾਂ ਦਾ ਮੋਹਨ ਸਿਧੇ ਰੂਪ ਵਿਚ ਸੰਬੋਧਨ ਕਰਨ ਤੋਂ ਭਾਵ ਪ੍ਰਭੂ ਨੂੰ ਸੰਬੋਧਨ ਕਰਨ ਤੋ ਭਾਸਦਾ ਹੈ।

ਅੰਤ ਵਿਚ ਅਸੀਂ ਡਾਕਟਰ ਰਤਨ ਸਿੰਘ ਜੱਗੀ ਜੀ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਸਮੇਂ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਬਾਬਾ ਮੋਹਨ ਵਾਲੀ ਪੋਥੀਆਂ ਰਾਹੀਂ ਅਤੇ ਗੁਰੂ ਰਾਮਦਾਸ ਦੀ ਬਾਣੀ ਸਿਧੀ ਪਰੰਪਰਾ ਰਾਹੀਂ ਪ੍ਰਾਪਤ ਕੀਤੀ ਸੀ।[10]

ਭਗਤਾਂ ਦੀ ਬਾਣੀ ਬਾਬਾ ਮੋਹਨ ਜੀ ਵਾਲੀਆਂ ਸੈਂਚੀਆਂ ਵਿਚ ਵੀ ਹੈ। ਫਿਰ ਗੁਰੂ ਰਾਮਦਾਸ ਜੀ ਨੇ ਵੀ ਇੱਕਤਰ ਕੀਤੀ ਰਹਿੰਦੀ ਬਾਣੀ ਸਮਕਾਲੀਆਂ ਸਮੇਤ ਗੁਰੂ

ਅਰਜਨ ਦੇਵ ਜੀ ਨੇ ਇੱਕਤਰ ਕਰ ਸੰਪਾਦਕੀ ਅਧਿਕਾਰਾਂ ਦੀ ਵਰਤੋਂ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ । ਇਹ ਵੀ ਹੋ ਸਕਦਾ ਹੈ ਕਿ ਪਹਿਲੇ ਗੁਰੂ ਸਾਹਿਬਾਨਾਂ ਨੇ ਜਿੰਨਾਂ ਭਗਤਾਂ ਦੀ ਬਾਣੀ ਇਕੱਠੀ ਕੀਤੀ ਉਹ ( ਅਕਾਰ ) ਗਿਣਤੀ ਦੇ ਪੱਖੋਂ ਥੋੜੀ ਹੋਵੇ । ਪਰ ਗੁਰੂ ਅਰਜਨ ਦੇਵ ਜੀ ਅੱਗੇ ਇਕ ਨਿਸ਼ਾਨਾ ਤਾਂ ਪਹਿਲੇ ਗੁਰੂ ਸਾਹਿਬ ਦੇ ਗਏ ਸਨ ਜਿਸ ਮੁਤਾਬਕ ਹੋ ਸਕਦਾ ਹੈ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਭਗਤਾਂ ਦੀ ਹੋਰ ਬਾਣੀ ਲਭ ਪਹਿਲੀ ਨਾਲੋਂ ਪਰਖ ਵਜੋਂ ਘੋਖ ਕੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੜਾ ਦਿਤਾ ਹੋਵੇ ।

## 3.2 ਭਗਤ ਬਾਣੀ ਤੇ ਗੁਰਮਤਿ ਸਿਧਾਂਤ

ਭਗਤ ਬਾਣੀ ਤੇ ਵਿਚਾਰ ਕਰਨ ਤੋਂ ਪਹਿਲਾਂ ਗੁਰਮਤਿ ਸਿਧਾਂਤਾ ਨੂੰ ਸਮਝ ਲੈਣਾ ਭਗਤ ਬਾਣੀ ਨੂੰ ਸਮਝਣ ਵਿਚ ਸਹਾਈ ਸਿਧ ਹੋਵੇਗਾ । ਗੁਰਮਤਿ ਗਾਡੀ ਰਾਹ ਹੈ ਜਿਸ ਨੇ ਛੋਟੇ ਛੋਟੇ ਪਹੇ ਪਗਡੰਡੀਆਂ ਤੇ ਬਿਖਮ ਮੰਜਲਾਂ ਨੂੰ ਅਸਾਨ ਹੀ ਨਹੀਂ ਸਗੋਂ ਹਰ ਜੀਵ ਲਈ ਸਰਲ ਸਿਧਾ ਤੇ ਭਰਮ ਮੁਕਤ ਬਣਾ ਦਿਤਾ । ਆਦਿ ਕਾਲ ਤੋਂ ਨਾਮ ਤੋਂ ਬੇਮੁਖ ਹੋ ਜੀਵ ਅਗਿਆਨਤਾ ਕਾਰਨ ਕਰਮ ਮਾਰਗ ਵਿਚ ਭਟਕ ਪਖੰਡਾਂ, ਦੰਭਾਂ ਨੂੰ ਹੀ ਸਤਿ ਮਨ ਇਹ ਅਨਮੋਲ ਮਨੁੱਖਾ ਦੇਹੀ ਨੂੰ ਸਾਰਥਕ ਪਾਸੇ ਲਾਉਣ ਦੀ ਬਜਾਏ ਬਿਰਥਾ ਗਵਾ ਬੈਠਾ । ਇਸ ਉਪਰੰਤ ਗਿਆਨ ਮਾਰਗ ਰਾਹੀਂ ਪ੍ਰਮਾਤਮਾ ਨੂੰ ਜਾਣ ਕੇ ਉਸ ਤਕ ਪਹੁੰਚਣ ਦੇ ਨਿਸਫਲ ਯਤਨਾਂ ਦਾ ਸ਼ਿਕਾਰ ਹੋਇਆ ।

ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ।।
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ।
ਸੋ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ।।[11]

ਦਾ ਰਾਹ ਦਸ ਕੇ ਭਗਤੀ ਮਾਰਗ ਨੂੰ ਉਤਮ ਅਪਰਾਲਾ ਹੀ ਨਹੀਂ ਦਸਿਆ ਸਗੋਂ ਭਗਤ ਬਾਣੀ ਨੂੰ ਇਕੱਠੇ ਕਰ ਸਤਿਕਾਰ ਨਾਲ ਆਪ ਸਮਝ ਉਸ ਵਿਚ ਹੋਰ

ਵਾਧਾ ਕਰ ਗੁਰ ਸਿਖਾਂ ਦੇ ਕਲਿਆਣ ਲਈ ਅਗੇ ਤੋਰਿਆ ।

ਗੁਰਮਤਿ ਸਿਧਾਂਤਾਂ ਨੇ ਚਿਰ ਕਾਲ ਤੋਂ ਚਲੇ ਆ ਰਹੇ ਭਗਤੀ ਦੇ ਸਗੁਣ ਤੇ ਨਿਰਗੁਣ ਰੂਪ ਨੂੰ ਵਖ ਵਖ ਰੂਪਾਂ ਵਿਚ ਵੇਖਣ ਦੀ ਬਜਾਏ ਇਕੋ ਦਸਿਆ । ਇਹ ਭਰਮ ਦੂਰ ਕਰ ਦਿਤੇ ਕਿ ਪ੍ਰਮਾਤਮਾ ਕੇਵਲ ਸਗੁਣ ਹੀ ਹੈ । ਨਿਰਗੁਣ ਨਹੀਂ ਜਾਂ ਨਿਰਗੁਣ ਹੀ ਹੈ ਸਰਗੁਣ ਨਹੀਂ । ਇਸ ਭੁਲੇਖੇ ਨੂੰ ਸਮਝਣ ਲਈ ਗੁਰੂ ਅੰਗਦ ਦੇਵ ਜੀ ਦੀ ਮਸਾਲ ਦੇਣੀ ਲਾਭਕਾਰੀ ਹੋਵੇਗੀ । ਸਾਖੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਭਾਈ ਲਹਿਣਾ ਜੀ ਦੇਵੀ ਪੂਜਦੇ ਸਨ । ਉਹ ਸਗੁਣ ਭਗਤ ਸਨ । ਪਰ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਨੇ ਆਪ ਜੀ ਨੂੰ ਅਨੁਭਵ ਕਰਾ ਦਿਤਾ ਕਿ ਤੁਸੀਂ ਉਸ ਪ੍ਰਭੂ ਦੇ ਭਗਤ ਬਣੋਂ ਜਿਸਨੇ ਇਹ ਸਭ ਕੁਝ ਰਚਿਆ ਹੈ ਨਾ ਕਿ ਉਸ ਦੇ ਇਕ ਕ੍ਰਿਸ਼ਮੇ ਦੇ । ਕਹਿਣ ਤੋਂ ਭਾਵ ਸਗੁਣ ਭਗਤੀ ਭਗਤ ਲਈ ਬਚਪਨਾ ਹੈ ਅਤੇ ਨਿਰਗੁਣ ਭਗਤੀ ਉਸੇ ਵਿਚੋ ਸਹਿਜ ਸੁਭਾਅ ਉਪਜੀ ਆਤਮਕ ਮਿਲਾਪ ਦੀ ਅਵਸਥਾ ਹੈ । ਇਸ ਭਰਮ ਨੂੰ ਦੂਰ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਪ੍ਰਭੂ ਨੂੰ ' ਨਿਰਗੁਨ ' ' ਸਰਗੁਨ ' ਨਿਰੰਕਾਰ ਆਖਦੇ ਹਨ :-

(ੳ) ਨਿਰਗੁਨ ਆਪਿ ਸਰਗੁਨ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥ [12]

(ਅ) ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ।
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ [13]

ਉਪਰੋਕਤ ਗੁਰਬਾਣੀ ਦੀ ਸੇਧ ਤੋਂ ਅਸੀ ਸਗੁਣ ਨਿਰਗੁਣ ਭਰਮ ਵਿਚੋਂ ਨਿਕਲ ਪ੍ਰਭੂ ਦੇ ਦੋਹਾਂ ਰੂਪਾਂ ਨੂੰ ਮੰਨਣ ਵਾਲੇ ਗੁਰਮਤਿ ਦੇ ਸਿਧਾਂਤ ਅਨੁਸਾਰ ਭਗਤਾਂ ਦੀ ਬਾਣੀ ਦੀ ਪਹੁੰਚੀ ਅਵਸਥਾ ਵਿਚੋਂ ਉਪਜੀ ਬਾਣੀ ਹੀ ਸਗੁਣ ਦੀ ਮੰਜ਼ਿਲ ਪਾਰ ਕਰ ਨਿਰਗੁਨ ਨਿਰੰਕਾਰ ਦੀ ਉਪਾਸਨਾ ਹਿੱਤ ਰਚੀ ਬਾਣੀ ਨੂੰ ਗੁਰੂ ਨਾਨਕ ਜੀ ਤੋਂ ਲੈ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ।

ਇਸ ਦ੍ਰਿਸ਼ਟੀਕੋਣ ਤੋ ਵੇਖੀਏ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਦਾ ਹੋਣਾ ਅਦੁਤੀ ਉਦਾਹਰਣ ਹੈ । ਇਸ ਦੀ ਤਹਿ ਵਿਚ " ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰ ' ਵਾਲਾ ਨਵਾਂ ਨਜ਼ਰੀਆ ਹੈ। [14]

ਗੁਰਮਤਿ ਦਰਸ਼ਨ ਇਕ ਐਸੀ ਤ੍ਰਿਬੇਣੀ ਦਾ ਸੰਗਮ ਹੈ ਜਿਸ ਵਿਚ ਭਗਤੀ, ਸੂਫੀ ਸਿਧਾਂਤ ਅਤੇ ਸਹਿਜ ਯੋਗ ਇਕੋ ਮਹਾਂ ਗੰਗਾ ਵਿਚ ਆ ਮਿਲਦੇ ਹਨ । ਇਸ ਗੁਰਮਤਿ ਗੰਗਾ ਵਿਚ ਮਿਲਦੇ ਸਾਰ ਹੀ ਇਹ ਭਿੰਨ ਭਿੰਨ ਸਿਧਾਂਤਿਕ ਲਹਿਰਾਂ ਆਪਣੇ ਵਖੋਂ ਵਖ ਸੋਮਿਆ ਦੀ ਝਲਕ ਦਿੰਦੀਆ ਹੋਈਆਂ ਭੀ ਇਸ ਵਿਚ ਇੰਝ ਘੁਲ ਮਿਲ ਗਈਆਂ ਹਨ ਜਿਵੇਂ ਸਰਬਤ ਵਿਚ ਕਿਉੜਾ ਜਾ ਕਿਸੇ ਹੋਰ ਫਲ ਦਾ ਰਸ ਘੁਲ ਜਾਂਦਾ ਹੈ ।[15]

ਡਾ. ਗੁਰਦੇਵ ਸਿੰਘ ਜੀ ਸੰਤ ਬਾਣੀ ਸੰਬੰਧੀ ਲਿਖਦੇ ਹਨ ਕਿ ' ਨਿਰਗੁਣ ਸੰਤ ਕਾਵਿ ਸਾਰੀਆਂ ਧਰਾਵਾਂ ਦਾ ਸੰਗਮ ਹੈ ਦਰਸ਼ਨ ਦੇ ਖੇਤਰ ਵਿਚ ਨਿਰਗੁਣੀਏ ਕਵੀਆਂ ਨੇ ਵੈਸ਼ਨਵ ਮਤ ਨੂੰ ਵੀ ਅਪਨਾਇਆ ਹੈ, ਹਠ ਯੋਗ ਦੀ ਵੀ ਚਰਚਾ ਕੀਤੀ ਹੈ, ਇਸਲਾਮੀ ਧਰਮ ਦੀ ਵੀ ਆਲੋਚਨਾ ਕੀਤੀ ਅਤੇ ਸੂਫੀਆਂ ਤੋ ਭੀ ਪ੍ਰਭਾਵ ਲਿਆ ਹੈ । ਉਪਰੋਕਤ ਸਾਰੇ ਤੱਤ ਨਾਮ ਤੱਤ ਦੇ ਅਧੀਨ ਹੋ ਗਏ ਹਨ ਤੇ ਸੰਤ ਨਾਮ - ਰਸ ਵਿਚ ਰਤੇ ਕਹਿ ਉਠਦੇ ਹਨ :-

ਨਾਮ ਕੀ ਨਾਮਨਾ ਸਪਤ ਦੀਪਾ । [16]
ਕਲਿ ਕੇਵਲ ਨਾਮੁ ਅਧਾਰ । ( ਮਲਾਰ ਰਵਿਦਾਸ ਜੀ )

ਗੁਰਮਤਿ ਸਿਧਾਂਤ ਦਾ ਸਾਰ ਗੁਰੂ ਨਾਨਕ ਦੇਵ ਜੀ ਪਰਗਟਾਉਂਦੇ ਲਿਖਦੇ ਹਨ :-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ
ਏਕੁ ਏਕੁ ਵਖਾਣੀਐ ।
ਆਤਮ ਪਸਾਰਾ ਕਰਣ ਹਾਰਾ ।
ਪ੍ਰਭ ਬਿਨਾ ਨਹੀ ਜਾਣੀਐ । [17] ( ਬਿਲਾਵਲ ਛੰਤ ਮਹਲਾ੧)

ਸਰਗੁਨ ਨਿਰਗੁਨ ਦਾ ਅੰਤਰ ਇਨਸਾਨੀ ਸੋਚ ਦਾ ਸਿਟਾ ਹੈ । ਇਸ ਪੱਖ ਨੂੰ ਡਾ. ਜਸਵੰਤ ਨੇਕੀ ਗੁਰਮਤਿ ਤੋਂ ਪ੍ਰਭਾਵ ਲੈ ਇਸ ਤਰ੍ਹਾਂ ਬਿਆਨਦੇ ਹਨ :-

' ਅਖੀਰ ਜਾਰ ਜਿਥੇ ਵੇਖਣ ਦੀ,
ਰੂਪ ਦੁਹਾਈਆਂ ਦੇਂਦਾ ਨੀ ।
ਇਹ ਤਾਂ ਚੰਦਰਾ ਕੱਚ ਪੜਦਾ,
ਸੋਹਣਾ ਪਾਰ ਵਸੇਂਦਾ ਨੀ । '

ਭਾਵ ਸਰਗੁਨ ਦੇ ਪੜਦੇ ਤੋਂ ਅਗੇ ਲੰਘ ਅਨੁਭਵੀ ਅੱਖਾਂ ਰਾਹੀ ਸੋਹਣੇ ਪ੍ਰੀਤਮ ਪਿਆਰੇ ਪ੍ਰਭੂ ਦੇ ਦਰਸ਼ਨ ਹੁੰਦੇ ਹਨ । ਪਰ ਇਹ ਉਤਨਾ ਚਿਰ ਸੰਭਵ ਨਹੀਂ ਜਦ ਤਕ ਅੱਖੀਆਂ ਨੂੰ ਜਾਰ ਨਹੀਂ ਤੇ ਉਹ ਕੱਚ ਦੇ ਪੜਦੇ ਤੋਂ ਪਾਰ ਨਿਰਗੁਨ ਅਵਸੱਥਾ ਵਿਚ ਨਹੀਂ ਪਹੁੰਚ ਜਾਂਦੀਆਂ ।

ਜਿਥੇ ਗੁਰਮਤਿ ਨਾਲ ਭਗਤ ਬਾਣੀ ਦੀ ਅਧਿਆਤਮਕ ਸਾਂਝ ਹੈ ਉਥੇ ਵਿਵਹਾਰਕ ਪੱਖ ਤੋਂ ਵੀ ਇਕੋ ਮਾਰਗ ਦੇ ਅਨੁਯਾਈ ਹਨ । ਗੁਰਮਤਿ ਵਿਚ ਕਿਰਤ ਕਰਣ, ਵੰਡ ਛਕਣ ਤੇ ਨਾਮ ਜਪਣ ਨੂੰ ਸਿੱਖ ਲਈ ਲਾਜ਼ਮੀ ਤੇ ਅਧਿਆਤਮਕ ਰੱਸਤੇ ਲਈ ਮਨ ਦੀ ਪਵਿੱਤਰਤਾ ਦਾ ਇਕੋਂ ਇਕ ਸਾਧਨ ਮੰਨਿਆ ਗਿਆ ਹੈ । ਗਹੁ ਨਾਲ ਵਾਚਣ ਤੇ ਉਪਰੋਕਤ ਤਿੰਨਾਂ ਪੱਖਾਂ ਦੀ ਭਗਤ ਬਾਣੀ ਵਿਚ ਹੀ ਨਹੀਂ ਸਗੋਂ ਭਗਤਾਂ ਦੇ ਨਿਤ ਦੇ ਜੀਵਨ ਵਿਚ ਵਰਤੋਂ ਇਕ ਉਚੇਚ ਨਾਲ ਨਾ ਕਰਕੇ ਸੁਭਾਅ ਦੇ ਅੰਗ ਅਨੁਸਾਰ ਹੀ ਵਰਤੋ ਕੀਤੀ ਜਾਂਦੀ ਸੀ । ਸਾਰੇ ਭਗਤਾਂ ਦਾ ਜੀਵਨ ਗਰੀਬੀ ਵਾਲਾ ਸੀ, ਦਸਾਂ ਨਹੁੰਆਂ ਦੀ ਕਿਰਤ ਕਰਨਾ, ਵੰਡ ਕੇ ਛਕਣਾ ਤੇ ਨਾਮ ਜਪਣਾ ਹੀ ਲੋਕਾਂ ਲਈ ਖਿਚ ਦਾ ਮੁਖ ਕਾਰਨ ਸੀ । ਉਹ ਵੇਹਲੜ, ਪਾਖੰਡੀ, ਦੰਭੀ ਪੰਡਤਾਂ ਮੁਲਾਣਿਆ ਤੇ ਹੋਰ ਰੂਪਾਂ ਵਿਚ ਜਨਤਾ ਨੂੰ ਠਗਣ ਵਾਲਿਆਂ ਤੋਂ ਤੰਗ ਆ ਚੁੱਕੇ ਸਨ ।

ਭਗਤ ਨਾਮ ਦੇਵ ਜੀ ਨੂੰ ਸਮੇਂ ਦੇ ਹਾਲਾਤ ਅਨੁਸਾਰ ਇਨ੍ਹਾਂ ਪੜਾਵਾਂ ਵਿਚੋ ਲੰਘਣਾ ਪਿਆ । ਸਰਕਾਰੀ ਪੱਖੋਂ ਦਮ ਤੋੜ ਰਹੀ ਤੇ ਸਾਹਸਤਹੀਣ ਹੋਈ ਭਾਰਤੀ

ਜਨਤਾ ਕਿਸੇ ਹਮਦਰਦ ਸਹਾਰੇ ਦੀ ਭਾਲ ਵਿਚ ਸੀ । ਨਾਮਦੇਵ ਦੇ ਨਿਜੀ ਅਨੁਭਵ ਭਗਤੀ ਦੁਆਰਾ ਕੀਤੀ ਘਾਲਣਾ ਨਾਲ ਲੋਕਾਂ ਦੀ, ਖਾਸ ਕਰ ਉਸ ਸਮੇਂ ਦੀ ਪੰਡਤ ਸ਼੍ਰੇਣੀ ਦੀ ਅਗਵਾਈ ਹੋਣੀ ਜ਼ਰੂਰੀ ਸੀ । ਨਾਮ ਦੇਵ ਜੀ ਨੂੰ ਹਰ ਪਾਸੇ ਕਣ ਕਣ ਵਿਚ ਪ੍ਰਮਾਤਮਾ ਦੇ ਗੁਣ ਦਸਣਾ ਤੇ ਲੋਕਾਂ ਨੂੰ ਸਿਮਰਨ, ਕਿਰਤ ਕਮਾਈ ਤੇ ਵੰਡ ਛਕਣ ਦਾ ਉਪਦੇਸ਼ ਸੰਤ ਪਰੰਪਰਾ ਦਾ ਖਾਸ ਨਿਸ਼ਾਨਾ ਸੀ ।[18]

ਦਸਾਂ ਨਹੁੰਆਂ ਦੀ ਕਿਰਤ ਕਰਨ ਤੇ ਨਾਮ ਜੱਪਣ ਦੇ ਸਿਧਾਂਤ ਬਾਰੇ ਭਗਤ ਕਬੀਰ ਜੀ ਭਗਤ ਤ੍ਰਿਲੋਚਨ ਤੇ ਭਗਤ ਨਾਮਦੇਵ ਜੀ ਦੀ ਵਾਰਤਾਲਾਪ ਨੂੰ ਉਘਾੜ ਕੇ ਸਪਸ਼ਟ ਕਰਦੇ ਹਨ ਕਿ ਕਿਰਤ ਕੀਤੇ ਬਗੈਰ ਨਾਮ ਵੀ ਨਹੀਂ ਜਪਿਆ ਜਾ ਸਕਦਾ ਤੇ ਨਾ ਹੀ ਪ੍ਰਭੂ ਦਾ ਨਾਮ ਜਪੇ ਬਿਨਾਂ ਸੱਚੀ ਸੁੱਚੀ ਪਵਿੱਤਰ ਦਸਾਂ ਨਹੁੰਆਂ ਦੀ ਨੇਕ ਕਮਾਈ ਹੀ ਹੋ ਸਕਦੀ ਹੈ । ਕਿਉਂਕਿ ਵਿਕਾਰਾਂ ਵਿਚ ਫਸਿਆ ਜੀਵ ਤਾਂ ਭੈੜਿਆਂ, ਸੌਖਿਆਂ ਤੇ ਦੂਜੇ ਦਾ ਹੱਕ ਖਾਣ ਵਾਲਿਆਂ ਕੰਮਾਂ ਵਲ ਮਨ ਨੂੰ ਲਿਜਾਂਦਾ ਹੈ । ਭਗਤ ਕਬੀਰ ਜੀ ਇਸ ਪ੍ਰਸੰਗ ਵਿਚ ਕਮਾਲ ਦਾ ਵਾਰਤਾਲਾਪ ਪੇਸ਼ ਕਰਦੇ ਹਨ :-

ਨਾਮਾ ਮਾਇਆ ਮੋਹਿਆ, ਕਹੈ ਤ੍ਰਿਲੋਚਨੁ ਮੀਤ ।।
ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ ।।212।।

ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮ੍ਹਾਲਿ ।।
ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ ।।213।।[19]

ਭਗਤ ਨਾਮਦੇਵ ਰਾਹੀਂ ਦਿਤਾ ਗਿਆ ਸਾਰਾ ਉਤਰ ਕਿ ਮੂੰਹ ਨਾਲ ਪ੍ਰਮਾਤਮਾ ਦਾ ਨਾਮ ਲੈਣਾ ਚਾਹੀਦਾ ਹੈ, ਹੱਥ ਪੈਰ ਵਰਤ ਕੇ ਸਾਰਾ ਕੰਮ-ਕਾਰ ਕਰ ਅਤੇ ਆਪਣਾ ਚਿਤ ਮਾਇਆ ਰਹਿਤ ਪ੍ਰਮਾਤਮਾ ਨਾਲ ਜੋੜਨਾ ਚਾਹੀਦਾ ਹੈ ਸਭ ਗੁਰਮਤਿ ਅਨੁਕੂਲ ਹੈ । ਇਨਸਾਨ ਨੂੰ ਕਦੇ ਇਹ ਨਹੀ ਸੋਚਣਾ ਚਾਹੀਦਾ ਕਿ ਵਿਹਲਾ ਹੋ ਕੇ ਪ੍ਰਭੂ ਦਾ ਸਿਮਰਨ ਕਰੂੰਗਾ । ਪਤਾ ਨਹੀਂ ਮੌਤ ਦਾ ਡੰਕਾ ਕਦੋਂ ਆ ਵਜਣਾ ਹੈ ਤੇ ਜੀਵ ਨੂੰ ਇਥੋਂ ਤੁਰਨਾ ਪੈਣਾ ਹੈ । ਫਿਰ ਕਿਰਤ ਦੇ ਨਾਲ ਨਾਲ ਜਪਿਆ ਨਾਮ ਹੀ ਕੰਮ ਆਵੇਗਾ ਅਗੇ । ਨਹੀਂ ਤਾਂ

ਵਿਹਲ ਕੌਮ ਤੋ ਤਾਂ ਘਟ ਹੀ ਮਿਲਦੀ ਹੈ । ਇਸ ਕਥਨ ਨੂੰ ਭਗਤ ਕਬੀਰ ਜੀ ਨੇ ਬੜੇ ਭਾਵ ਤਿੰਨੇ ਢੰਗ ਨਾਲ ਸੰਗਤਾਂ ਅਗੇ ਪੇਸ਼ ਕੀਤਾ ਹੈ :-

ਕਬੀਰ ਕੀਚੜਿ ਆਟਾ ਗਿਰਿ ਪਰਿਆ,
ਕਿਛੂ ਨ ਆਇਓ ਹਾਥ ।
ਪੀਸਤ ਪੀਸਤ ਚਾਬਿਆ,
ਸੋਈ ਨਿਬਹਿਆ ਸਾਥ ।। 274 ।।[20]

ਪ੍ਰੋਫੈਸਰ ਸਾਹਿਬ ਸਿੰਘ ਸਪਸ਼ਟ ਕਰਦੇ ਹਨ ਕਿ ਪਰਮਾਤਮਾ ਦਾ ਸਿਮਰਨ ਕਰਨ ਵਾਸਤੇ ਦਿਨ ਦੇ ਕਿਸੇ ਖਾਸ ਵੇਲੇ ਨੂੰ ਜਾਂ ਉਮਰ ਦੇ ਕਿਸੇ ਖਾਸ ਹਿੱਸੇ ਨੂੰ ਉਡੀਕਦੇ ਨਹੀਂ ਰਹਿਣਾ, ਸਭਾਊ ਐਸਾ ਬਣਾਈਏ ਕਿ ਹਰ ਵੇਲੇ ਹਰੇਕ ਕਿਰਤ-ਕਾਰ ਵਿਚ ਰੱਬ ਚੇਤੇ ਰਹੇ । ਜੇ ਸਾਰਾ ਦਿਨ ਕਾਰ-ਵਿਕਾਰ ਵਿਚ ਰੱਬ ਨੂੰ ਵਿਸਾਰ ਕੇ ਚੋਰ ਬਜ਼ਾਰੀ ਠੱਗੀ ਫਰੇਬ ਕਰਦੇ ਰਹੇ, ਤੇ ਸਵੇਰ ਵੇਲੇ ਮੰਦਰ ਗੁਰਦੁਆਰੇ ਵਿਚ ਰਾਮ ਰਾਮ ਕਰ ਆਏ ਜਾਂ ਇਸ ਕਮਾਈ ਵਿਚੋ ਕੁਝ ਦਾਨ-ਪੁੰਨ ਕਰ ਦਿਤਾ ਤਾਂ ਇਹ ਉਦਮ ਇਊ ਹੀ ਜਾਣੋ ਜਿਵੇਂ ਘੰਟਾ ਦੋ ਘੰਟੇ ਲਾ ਕੇ ਪੀਠਾ ਹੋਇਆ ਆਟਾ ਰਾਹ ਵਿਚ ਆਉਂਦਿਆਂ ਚਿਕੜ ਵਿਚ ਡਿਗ ਪਿਆ ।[21]

ਵੰਡ ਕੇ ਭੀ ਉਹੋ ਹੀ ਛਕ ਸਕਦੇ ਹਨ ਜੋ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਤੇ ਨਾਮ ਜਪਣ ਵਾਲੇ ਜੀਵ ਹੋਣ । ਅਮੀਰ ਆਪਣੇ ਨਾਮ ਦੀ ਮਹਿਮਾ ਲਈ ਤਾਂ ਦਾਨ ਪੁੰਨ ਕਰ ਸਕਦਾ ਹੈ । ਪਰ ਵੰਡ ਕੇ ਛੱਕਣ ਵਾਲਾ ਦੈਵੀ ਗੁਣ ਉਸ ਵਿਚ ਨਹੀਂ ਆ ਸਕਦਾ ।

ਅੰਤ ਅਸੀਂ ਇਸ ਨਤੀਜੇ ਦੇ ਪੁਜਦੇ ਹਾਂ ਕਿ ਭਗਤ ਬਾਣੀ ਦੀ ਵਿਵਹਾਰਕ ਸਾਂਝ ਕਿਰਤ ਕਰਨ ਵੰਡ ਛਕਣ ਤੇ ਨਾਮ ਜਪਣ ਦੀ ਗੁਰਮਤਿ ਨਾਲ ਦਿਖਾਉਣੀ ਕਠਨ ਹੈ । ਕਾਰਨ ਇਹ ਹੈ ਕੇ ਜੇ ਇਸ ਵਿਸ਼ੇ ਉਪਰ ਕੋਈ ਫਰਕ ਹੋਵੇ ਤਾਂ ਉਸ ਵਿਚੋ ਸਾਂਝ ਵਾਲੀ ਗੱਲ ਦੂਸਰੀ ਨਾਲ ਰਲਾ ਦੇਣੀ ਸੋਖੀ ਹੈ ਤੇ ਦਿਸ ਵੀ ਸੋਖੀ ਪੈਂਦੀ ਹੈ । ਪਰ

ਜਿਥੋਂ ਫਰਕ ਹੋਵੇ ਹੀ ਕੋਈ ਨਾ ਹੋਣ ਹੀ ਦੋਨੋ ਇਕੋ ਤਾਂ ਫਿਰ ਇਹ ਤਾਂ ਉਵੇਂ ਹੋਇਆ ਜਿਵੇਂ ਸੱਚ ਨੂੰ ਕਹਿਣਾ ਸੱਚ ਹੈ । ਪਰ ਸੱਚ ਦਾ ਪਤਾ ਨਿਖਰ ਕੇ ਤਾ ਹੀ ਲਗਦਾ ਹੈ ਜੇ ਬਰਾਬਰ ਝੂਠ ਹੋਵੇ । ਇਸ ਲਈ ਗੁਰਮਤਿ ਤੇ ਭਗਤ ਬਾਣੀ ਜਿਥੇ ਅਧਿਆਤਮਕ ਤੋਰ ਤੇ ਇਕ ਹਨ ਉਥੇ ਵਿਵਹਾਰਕ ਰੂਪ ਵਿਚ ਭੀ ਇਕ ਹੀ ਹਨ ।

## 3.3 ਭਗਤ - ਬਾਣੀ ਅਤੇ ਗੁਰਮਤਿ ਸਾਹਿੱਤ : ਇਕ ਤੁਲਨਾਤਮਕ ਅਧਿਐਨ

ਭਗਤ ਬਾਣੀ ਤੇ ਗੁਰਮਤਿ ਦਾ ਤੁਲਨਾਤਮਕ ਅਧਿਐਨ ਕਰਨ ਤੋ ਪਹਿਲਾਂ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਵਿਚ ਅੰਤਰ ਕੋਈ ਨਹੀਂ ਹੈ । ਕਾਰਨ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਤੋ ਲੈ ਕੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਤਕ ਸਭ ਗੁਰੂ ਸਹਿਬਾਨ ਨੇ ਆਪਣੀ ਬਾਣੀ ਰਚਨ ਦੇ ਨਾਲ ਨਾਲ ਭਗਤਾਂ ਦੀ ਬਾਣੀ ਇੱਕਤਰ ਕਰਦੇ ਰਹੇ । ਬਾਣੀ ਉਹਨਾਂ ਨੇ ਉਹੀ ਇੱਕਤਰ ਕੀਤੀ ਜਿਹੜੀ ਗੁਰਮਤਿ ਆਸੇ ਦੇ ਅਨੁਕੂਲ ਸੀ । ਇਸ ਉਪਰੰਤ ਜਦ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਨੂੰ ਇਕ ਗ੍ਰੰਥ ਦੇ ਰੂਪ ਵਿਚ ਦਰਜ ਕਰਨ ਦਾ ਉਪਰਾਲਾ ਕੀਤਾ ਤਾਂ ਇਹ ਇਸ ਤੋਂ ਭੀ ਜਰੂਰੀ ਹੋ ਗਿਆ ਕਿ ਇਕੋ ਵਿਸ਼ੇ ਤੇ ਇਕੋ ਆਸੇ ਵਾਲੇ ਭਗਤਾਂ ਦੀ ਬਾਣੀ ਨੂੰ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਜਾਵੇ । ਭਾਵੇਂ ਕਈ ਥਾਵਾਂ ਤੇ ਪਾਠਕ ਭੁਲੇਖਾ ਖਾਂ ਜਾਂਦੇ ਹਨ, ਜਦ ਉਹ ਭਗਤਾਂ ਦੀ ਉਸ ਰਚਨਾਂ ਨੂੰ ਧਿਆਨ ਵਿਚ ਰਖਕੇ ਗਲ ਕਰਦੇ ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਦਰਜ ਨਹੀਂ ਹੁੰਦੀ ਤੇ ਬਾਹਰਲੀ ਰਚਨਾਂ ਜੋ ਭਗਤਾਂ ਦੇ ਨਾਂ ਥਲੇ ਹੁੰਦੀ ਹੈ ਉਸ ਦੀਆਂ ਉਦਾਹਰਣਾਂ ਦਿੰਦੇ ਹਨ। ਮਿਸਾਲ ਦੇ ਤੋਰ ਤੇ ਭਗਤ ਕਬੀਰ ਨੂੰ ਇਸਤਰੀ ਦੇ ਨਿੰਦਕ ਦੇ ਤੋਰ ਤੇ ਪੇਸ਼ ਕਰਦੇ ਹਨ ਜਦਕਿ ਗੁਰੂ ਸਾਹਿਬਾਨ ਨੇ ਤਾਂ ਇਸਤਰੀ ਜਾਤ ਨੂੰ ਬਹੁਤ ਸਤਿਕਾਰ ਦਿੱਤਾ ਹੈ । ਪਰ ਭਗਤ ਕਬੀਰ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਇਕ ਤੁਕ ਭੀ ਇਸਤਰੀ ਜਾਤੀ ਦੀ ਤੁਹੀਨ ਲਈ ਨਹੀਂ ਵਰਤੀ ਗਈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਹੀ ਭਗਤਾਂ ਦੀ ਬਾਣੀ ਦਰਜ ਹੈ ਜੋ ਕਹਿਣੀ ਤੇ ਕਰਨੀ ਦੇ ਪੱਕੇ ਇਕ ਸਨ । ਪੀਲੂ, ਛੱਜੂ, ਸਾਹ ਹੁਸੈਨ ਆਦਿ ਕਵੀਆਂ ਨੇ ਭੀ ਗੁਰੂ ਅਰਜਨ ਦੇਵ ਜੀ ਕੋਲ ਆਪਣੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਲਈ ਬੇਨਤੀ ਕੀਤੀ ਪਰ ਉਹ ਪ੍ਰਵਾਨ ਨਾ ਹੋ ਸਕੀ ਕਿਉਂਕਿ ਉਹ ਪੱਕੀ ਬਾਣੀ ਦੇ ਗੁਣਾਂ ਵਾਲੀ ਨਹੀਂ ਸੀ । ਇਸ ਲਈ ਅਸੀਂ ਅਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਤੇ ਗੁਰਬਾਣੀ ਦਾ ਤੁਲਨਾਤਮਕ ਅਧਿਐਨ ਇੱਕਲੇ ਇੱਕਲੇ ਭਗਤ ਦੀ ਬਾਣੀ ਨੂੰ ਮੁੱਖ ਰਖਕੇ ਕਰਾਂਗੇ ।

ਭਗਤ ਜੈ ਦੇਵ ਜੀ :- ਭਗਤ ਜੈ ਦੇਵ ਜੀ ਦੇ ਦੋ ਸ਼ਬਦ ਗੂਜਰੀ ਤੇ ਮਾਰੂ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹ ਦੋਵੇ ਸ਼ਬਦ ਹੀ ਗੁਰਮਤਿ ਸਿਧਾਂਤਾ ਨਾਲ ਕੇਵਲ ਮੇਲ ਹੀ ਨਹੀਂ ਖਾਂਦੇ ਸਗੋਂ ਗੂਜਰੀ ਰਾਗ ਦੇ ਸ਼ਬਦ ਵਿਚ ਤਾਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਸ਼ਬਦ ਰਚਕੇ ਇਕਮਿਕਤਾ ਦਾ ਪ੍ਰਭਾਵ ਆਇਆ । ਦੂਸਰਾ ਸ਼ਬਦ ਮਾਰੂ ਰਾਗ ਵਿਚ ਜੋ ਭਗਤ ਜੀ ਦਾ ਹੈ ਉਸ ਨਾਲ ਗੁਰੂ ਨਾਨਕ ਦੇਵ ਜੀ ਨੇ ਆਪਣਾ ਸ਼ਬਦ ਰਚ ਕੇ ਜਿਥੇ ਭਗਤ ਜੈ ਦੇਵ ਜੀ ਦੇ ਸ਼ਬਦ ਵਿਚ ਪ੍ਰਭੂ ਦੀ ਸਿਫਤ ਸਲਾਹ ਕਰਨ ਦੇ ਲਾਭ ਦਸੇ ਹਨ ਉਥੇ ਗੁਰੂ ਨਾਨਕ ਜੀ ਜੀ ਨੇ ਸਿਫਤ ਸਲਾਹ ਕਰਨ ਦੀ ' ਜੁਗਤਿ ' ਵੀ ਦਸੀ ਹੈ ।

ਗੂਜਰੀ ਰਾਗ ਵਿਚ ਦਰਜ ਕਰਮਵਾਰ ਅਸੀਂ ਭਗਤ ਜੈ ਦੇਵ ਜੀ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਹੇਠਾਂ ਲਿਖ ਰਹੇ ਹਾਂ ।

ਗੂਜਰੀ ਸ੍ਰੀ ਜੈ ਦੇਵ ਜੀਉ ਕਾ ਪਦਾ ਘਰ ੪
ਪਰਮਾਦਿ ਪੁਰਖ ਮਨੋਪਿਮੰ, ਸਤਿ ਆਦਿ ਭਾਵਰਤੰ ।।
ਪਰਮਦਭੁਤੰ, ਪਰਕ੍ਰਿਤਿਪਰੰ, ਜਦਚਿੰਤਿ ਸਰਬਗਤੰ ।।
ਕੇਵਲ ਰਾਮ ਨਾਮ ਮਨੋਰਮੰ।। ਬਦਿ ਅੰਮ੍ਰਿਤ ਤਤ ਮਇਅੰ ।।

ਨ ਦਨੋਤਿਜ ਸਮਰਣੇਨ, ਜਨਮ ਜਰਾਧਿ ਮਰਨ ਭਇਅੰ ॥੧॥ਰਹਾਉ॥
ਇਛਸਿ ਜਮਾਦਿ ਪਰਾਭਯੰ, ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥
ਭਵ ਭੂਤ ਭਾਵ ਸਮਬਿਅੰ , ਪਰਮੰ ਪ੍ਰਸੰਨ ਮਿਦੰ ॥ 2 ॥
ਲੋਭਾਦਿ ਦ੍ਰਿਸਟਿ ਪਰ ਗ੍ਰਿਹੰ, ਜਦਿ ਬਿਧਿ ਆਚਰਣੰ ॥
ਤਜਿ ਸਕਲ ਦੁਹਕ੍ਰਿਤ ਦੁਰਮਤੀ, ਭਜੁ ਚਕ੍ਰਧਰ ਸਰਣੰ ॥ 3 ॥
ਹਰਿ ਭਗਤ ਨਿਜ ਨਿਹਕੇਵਲਾ, ਰਿਦ ਕਰਮਣਾ ਬਚਸਾ ॥
ਜੋਗੇਨ ਕਿੰ, ਜਗੇਨ ਕਿੰ, ਦਾਨੇਨ ਕਿੰ, ਤਪਸਾ ॥ 4 ॥
ਗੋਬਿੰਦ ਗੋਬਿੰਦੇਤਿ ਜਪਿ, ਨਰ ਸਕਲ ਸਿਧਿ ਪਦੰ ॥
ਜੈਦੇਵ ਆਇਉ ਤਸ ਸਫੁਟੰ, ਭਵ ਭੂਤ ਸਰਬ ਗਤੰ ॥5॥੧॥[22]

ਗੂਜਰੀ ਮਹਲਾ ੧ ਘਰ 4

ਭਗਤਿ ਪ੍ਰੇਮ ਆਰਾਧਿਤੰ, ,ਸਚੁ ਪਿਆਸ ਪਰਮ ਹਿਤੰ ॥
ਬਿਲਲਾਪ ਬਿਲਲ ਬਿਨੰਤੀਆ, ਸੁਖ ਭਾਇ ਚਿਤ ਹਿਤੰ ॥ ੧ ॥
ਜਪਿ ਮਨ ਨਾਮੁ ਹਰਿ ਸਰਣੀ ॥
ਸੰਸਾਰ ਸਾਗਰ ਤਾਰਿ ਤਾਰਣ, ਰਮ ਨਾਮ ਕਰਿ ਕਰਣੀ ॥ ੧ ॥ ਰਹਾਉ ।
ਏ ਮਨ ਮਿਰਤ ਸੁਭ ਚਿੰਤੰ, ਗੁਰ ਸਬਦਿ ਹਰਿ ਰਮਣੰ ॥
ਮਤਿ ਤਤੁ ਗਿਆਨੰ, ਕਲਿਆਣ ਨਿਧਾਨੰ, ਹਰਿ ਨਾਮ ਮਨਿ ਰਮਣੰ ॥2॥
ਚਲ ਚਿਤ ਵਿਤੁ ਭ੍ਰਮਾ ਭ੍ਰਮੰ ਜਗੁਮੋਹ ਮਗਨ ਹਿਤੰ ॥
ਥਿਰੁ ਨਾਮੁ ਭਗਤ ਦਿੜੰ ਮਤੀ, ਗੁਰ ਵਾਕਿ ਸਬਦ ਰਤੰ ॥ 3 ॥
ਭਰਮਾਤਿ ਭਰਮੁ ਨ ਚੂਕਈ, ਜਗੁ ਜਨਮਿ ਬਿਆਧਿ ਖਪੰ ॥
ਅਸਥਾਨੁ ਹਰਿ ਨਿਹਕੇਵਲੰ, ਸਤਿ ਮਤੀ ਨਾਮ ਤਪੰ ॥ 4 ॥
ਇਹੁ ਜਗੁ ਮੋਹ ਹੇਤ ਬਿਆਪਿਤੰ, ਦੁਖੁ ਅਧਿਕ ਜਨਮ ਮਰਣੰ ॥
ਭਜੁ ਸਰਣਿ ਸਤਿਗੁਰ ਊਬਰਹਿ, ਹਰਿ ਨਾਮੁ ਰਿਦ ਰਮਣੰ ॥5॥

ਗੁਰਮਤਿ ਨਿਹਚਲ ਮਨਿ ਮਨੁ ਮਨੀ ਸਹਜ ਬੀਚਾਰੀ ॥
ਸੋ ਮਨੁ ਨਿਰਮਲੁ, ਜਿਤੁ ਸਾਚੁ ਅੰਤਰਿ, ਗਿਆਨ ਰਤਨੁ ਸਾਰੀ ॥6॥
ਭੈ ਭਾਇ ਭਗਤਿ ਤਰੁ ਭਵਜਲੁ ਮਨਾ, ਚਿਤੁ ਲਾਇ ਹਰਿ ਚਰਣੀ ॥
ਹਰਿ ਨਾਮੁ ਹਿਰਦੈ ਪਵਿਤ੍ਰ ਪਾਵਨੁ, ਇਹ ਸਰੀਰੁ ਤਉ ਸਰਣੀ ॥7॥
ਲਬ ਲੋਭ ਲਹਰਿ ਨਿਵਾਰਣੰ, ਹਰਿ ਨਾਮ ਰਾਸਿ ਮਨੰ ॥
ਮਨੁ ਮਾਰਿ ਲਹਰਿ ਨਿਵਾਰਣੀ, ਕਹੁ ਨਾਨਕਾ ਸਰਣੀ ॥3॥ [23]

ਕਈ ਗੱਲਾਂ ਵਿਚ ਇਹ ਸ਼ਬਦ ਆਪੋ ਵਿਚ ਮਿਲਦੇ ਹਨ :-

(1) ਦੋਵੇਂ ਸ਼ਬਦ 'ਘਰ 4' ਵਿਚ ਹਨ।
(2) ਸੁਰ ਨਾਲ ਦੋਹਾਂ ਨੂੰ ਪੜ੍ਹ ਕੇ ਵੇਖੋ, ਛੰਦ ਚਾਲ ਇਕੋ ਜਿਹੀ ਹੈ।
(3) ਦੋਹਾਂ ਦੀ ਬੋਲੀ ਭੀ ਤਕਰੀਬਨ ਇਕੋ ਜਿਹੀ ਹੈ।
(4) ਕਈ ਲਫ਼ਜ਼ ਦੋਹਾਂ ਸ਼ਬਦਾਂ ਵਿਚ ਸਾਂਝੇ ਹਨ। [24]

ਗੂਜਰੀ ਮਹਲਾ 5 ਘਰੁ 4

ਨਾਥ ਨਰਹਰ ਦੀਨ ਬੰਧਵ, ਪਤਿਤ ਪਾਵਨ ਦੇਵ ॥
ਭੈ ਤ੍ਰਾਸ ਨਾਸ ਕ੍ਰਿਪਾਲ ਗੁਣ ਨਿਧਿ, ਸਫਲ ਸੁਆਮੀ ਸੇਵ ॥੧॥
ਹਰਿ ਗੋਪਾਲ ਗੁਰ ਗੋਬਿੰਦ ॥ ਚਰਣ ਸਰਣ ਦਇਆਲ ਕੇਸਵ
ਤਾਰਿ ਜਗ ਭਵ ਸਿੰਧ ॥੧॥ ਰਹਾਉ ॥
ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥
ਜਨਮ ਮਰਨ ਨਿਵਾਰਿ ਧਰਣੀਧਰ, ਪਤਿ ਰਾਖੁ ਪਰਮਾਨੰਦ ॥2॥
ਜਲਤ ਅਨਤ ਤਰੰਗ ਮਾਇਆ, ਗੁਰ ਗਿਆਨ ਹਰਿ ਰਿਦ ਮੰਤ ॥
ਛੇਦਿ ਅਹੰਬੁਧਿ ਕਰੁਣਾਮੈ, ਚਿੰਤ ਮੇਟਿ ਪੁਰਖ ਅਨੰਤ ॥3॥
ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ ॥
ਦੀਨ ਦਇਆਲ ਪ੍ਰਸੰਨ ਪੂਰਜਾਚੀਐ ਰਜ ਸਾਧ ॥ 4 ॥

ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ ॥
ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ ॥5॥
ਧਨਾਢਿ ਆਢਿ ਭੰਡਾਰ ਹਰਿ ਨਿਧਿਹੋਤ ਜਿਨਾ ਨ ਚੀਰ ॥
ਖਲ ਮੁਗਧ ਮੂੜ ਕਟਾਖ੍ਹ ਸ੍ਰੀਧਰ ਭਏ ਗੁਣ ਮਤਿ ਧੀਰ ॥6॥
ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ ॥
ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ ॥7॥
ਦੇਤ ਦਰਸਨੁ ਸ੍ਰਵਨ ਹਰਿ ਜਸੁ ਰਸਨ ਨਾਮ ਉਚਾਰ ॥
ਅੰਗ ਸੰਗ ਭਗਵਾਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ ॥ 8 ॥ [25]

॥੧॥2॥5॥੧॥੧॥2॥57॥

ਉਪਰੋਕਤ ਸ਼ਬਦਾਂ ਨੂੰ ਰਲਾ ਕਿ ਪੜ੍ਹੋ, ਕੈਸੀ ਸੁਆਦਲੀ ਸਾਂਝ ਦਿਸਦੀ ਹੈ ਤੇ ਭਗਤ ਜੀ ਦੇ ਸ਼ਬਦ ਤੋਂ ਤ੍ਰਭਕਣ ਵਾਲੀ ਕੋਈ ਗੁੰਜੈਸ਼ ਨਹੀ ਰਹਿੰਦੀ ।[26]

ਦੂਸਰਾ ਸ਼ਬਦ ਭਗਤ ਜੀ ਦਾ ਮਾਰੂ ਰਾਗ ਵਿਚ ਹੈ । ਉਸ ਨਾਲ ਮੇਲ ਖਾਂਦਾ ਸ਼ਬਦ ਉਸੇ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਹੈ। ਦੋਵੇਂ ਸ਼ਬਦ ਮਾਰੂ ਰਾਗ ਵਿਚ ਹਨ ਦੋਹਾਂ ਦੇ ਛੰਦ ਦੀ ਚਾਲ ਇਕੋ ਜਿਹੀ ਹੈ । ਕਈ ਲਫ਼ਜ਼ ਸਾਂਝੇ ਹਨ, ਜਿਵੇਂ ' ਸੂਰ, ਚੰਦ, (ਸੋਮ) ਅਪਿਉ । " ਦੁਬਿਧਾ ਦ੍ਰਿਸਟਿ " ਦੇ ਟਾਕਰੇ ਤੇ " ਮੀਨ ਦੀ ਚਪਲ ਸਿਉ ਮਨੁ " ਹੈ । ਜੈ ਦੇਵ ਦੇ ਸ਼ਬਦ ਵਿਚ ਸਿਫਤ ਸਲਾਹ ਕਰਨ ਦੇ ਲਾਭ ਦੱਸੇ ਹਨ, ਗੁਰੂ ਨਾਨਕ ਦੇਵ ਜੀ ਨੇ ਸਿਫ਼ਤਿ ਸਲਾਹ ਕਰਨ ਦੀ ' ਜੁਗਤਿ ' ਭੀ ਦਸੀ ਹੈ । ਜੈ ਦੇਵ ਜੀ ਮਨ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਜੇ ਤੂੰ ਸਿਫ਼ਤਿ ਸਲਾਹ ਕਰੇ ਤਾਂ ਤੇਰੀ ਚੰਚਲਤਾ ਦੂਰ ਹੋ ਜਾਇਗੀ , ਸਤਿਗੁਰੂ ਜੀ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਸਿਫਤਿ ਸਲਾਹ ਦੀ ' ਜੁਗਤਿ ' ਵਰਤਿਆਂ ਮਨ ਦੀ ਚੰਚਲਤਾ ਮਿਟ ਜਾਂਦੀ ਹੈ ।

ਜਿਉਂ ਜਿਉਂ ਇਹਨਾਂ ਦੋਹਾਂ ਸ਼ਬਦਾਂ ਨੂੰ ਰਲਾ ਕੇ ਪੜ੍ਹੀਏ, ਡੂੰਘੀ ਸਾਂਝ ਦਿਸਦੀ ਹੈ, ਤੇ ਇਸ ਨਤੀਜੇ ਉਤੇ ਅਪੜਨੋ ਰਹਿ ਨਹੀਂ ਸਕੀਦਾ ਕਿ ਆਪਣਾ ਇਹ ਸ਼ਬਦ ਉਚਾਰਨ ਵੇਲੇ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਭਗਤ ਜੈ ਦੇਵ ਜੀ ਦਾ ਸ਼ਬਦ ਮੌਜੂਦ

ਸੀ । ਇਹ ਇਤਨੀ ਡੂੰਘੀ ਸਾਂਝ ਸਬੰਧ ਨਾਲ ਨਹੀਂ ਹੋ ਗਈ । ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਵਿਚ ਹਿੰਦੂ ਤੀਰਥਾਂ ਤੇ ਹੁੰਦੇ ਹੋਏ ਬੰਗਾਲ ਵਿਚ ਵੀ ਅਪੜੇ ਸਨ । ਭਗਤ ਜੈ ਦੇਵ ਜੀ ਬੰਗਾਲ ਦੇ ਰਹਿਣ ਵਾਲੇ ਸਨ । ਭਗਤ ਦੀ ਸੋਭਾ ( ਜੋ ਜਰੂਰ ਉਸ ਦੇਸ ਵਿਚ ਖਿਲਰੀ ਹੋਵੇਗੀ) ਸੁਣ ਕੇ ਉਸ ਦੀ ਸੰਤਾਨ ਪਾਸੋਂ ਜਾਂ ਭਗਤ ਜੀ ਦੇ ਸ਼ਰਧਾਲੂਆਂ ਪਾਸੋ ਇਹ ਸ਼ਬਦ ਲਿਆ ਹੋਵੇਗਾ ।[27]

ਸੋ ਸ਼ਪਸ਼ਟ ਹੈ ਕਿ ਭਗਤ ਬਾਣੀ ਤੇ ਗੁਰਬਾਣੀ ਦੀ ਸਾਂਝ ਕੇਵਲ ਸ਼ਾਬਦਿਕ ਹੀ ਨਹੀਂ ਸਗੋਂ ਵਾਸਤਵਿਕ ਵੀ ਹੈ ।

<u>ਸ਼ੇਖ ਫਰੀਦ ਜੀ</u> :- ਜਿਸਦੇ ਨਾਲ ਤੇ ਕਹਿਣਾ ਕਠਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਫਰੀਦ ਜੀ ਦੀ ਕੋਈ ਪੰਜਾਬੀ ਬਾਣੀ ਨਹੀਂ ਹੈ । ਸੰਭਾਵਨਾ ਹੈ ਕਿ ਹੋਵੇ ਕਿਉਂਕਿ ਗੁਰੂ ਸਾਹਿਬ ਭਗਤਾਂ ਦੀ ਸਾਰੀ ਬਾਣੀ ਇੱਕਠੀ ਕਰ ਲੈਣ ਦਾ ਕੋਈ ਵਿਚਾਰ ਨਹੀਂ ਸਨ ਰਖਦੇ, ਨਾ ਹੀ ਉਹਨਾਂ ਕੋਈ ਐਸਾ ਦਾਹਵਾ ਕੀਤਾ ਹੈ ।[28] ਸਾਡਾ ਸੰਬੰਧ ਆਪ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਤਕ ਹੀ ਸੀਮਤ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੀ ਆਪ ਦੀ ਰਚਨਾ ਦਾ ਬਿਉਰਾ ਇਸ ਪ੍ਰਕਾਰ ਹੈ :-

(ੳ) ਰਾਗ ਆਸਾ ਵਿਚ ਦੋ ਪਦੇ

(ਅ) ਰਾਗ ਸੂਹੀ ਵਿਚ ਦੋ ਪਦੇ

(ੲ) ਸਲੋਕ – (112 )

ਬਾਬਾ ਫਰੀਦ ਜੀ ਦੇ ਸਲੋਕਾਂ ਦੀ ਗਿਣਤੀ ਡਾ. ਤਾਰਨ ਸਿੰਘ ਜੀ 118 ਦਸਦੇ ਹਨ ।[29] ਇਸ ਭੁਲੇਖੇ ਨੂੰ ਦੂਰ ਕਰਨ ਲਈ ਅਸੀ ਹੇਠਾਂ 130 ਸਲੋਕਾਂ ਦਾ ਪੂਰਾ ਵੇਰਵਾ ਦਿੰਦੇ ਹਾਂ ਜਿੰਨਾਂ ਵਿਚ ਗੁਰੂ ਸਹਿਬਾਨ ਦੇ 18 ਸਲੋਕ ਹਨ :

| | | |
|---|---|---|
| ਬਾਬਾ ਫਰੀਦ ਜੀ ਦੇ ਕੁਲ ਸਲੋਕ | = | 112 |
| ਗੁਰੂ ਨਾਨਕ ਦੇਵ ਜੀ ਦੇ (1469-1538) | = | 4 (ਨੰ:32, 113, 120, 124) |
| ਗੁਰੂ ਅਮਰ ਦਾਸ ਜੀ ਦੇ (1526-1631) | = | 5 (13, 52, 104, 122, 123) |
| ਗੁਰੂ ਰਾਮ ਦਾਸ ਜੀ ਦੇ (1591-1638) | = | 1 (121) |
| ਗੁਰੂ ਅਰਜਨ ਦੇਵ ਜੀ ਦੇ (1620-1663) | = | 8 (75, 82, 83, 105, 108 ਤੇ 111) |

ਭਗਤ ਬਾਣੀ ਤੇ ਗੁਰਬਾਣੀ ਦੇ ਹਰ ਪੱਖ ਤੋਂ ਸਾਂਝ ਹੈ, ਵਿਰੋਧਤਾ ਕਿਤੇ ਵੀ ਨਹੀਂ । ਭਾਵੇਂ ਕਈ ਵਾਰ ਪਾਠਕ ਉਸ ਨੂੰ ਲੜੀ ਵਾਰ ਪ੍ਰਸੰਗ ਵਿਚ ਨਾ ਪੜ੍ਹਨ ਕਰਕੇ ਟਪਲਾ ਵੀ ਖਾ ਜਾਂਦਾ ਹੈ ਪਰ ਇਸ ਟਪਲੇ ਤੋਂ ਸੁਚੇਤ ਕਰਨ ਲਈ ਗੁਰੂ ਸਾਹਿਬਾਨ ਨੇ ਜਿਥੇ ਕਿਤੇ ਸਪਸ਼ਟਤਾ ਜਾਂ ਵਿਆਖਿਆ ਦੀ ਲੋੜ ਮਹਿਸੂਸ ਹੋਈ ਆਪਣੇ ਸ਼ਬਦ ਜਾਂ ਸਲੋਕ ਨਾਲ ਆਸ਼ੇ ਅਨੁਸਾਰ ਸੰਪੂਰਨ ਕੀਤਾ ।

ਬਾਬਾ ਫਰੀਦ ਜੀ ਦੀ ਉਹੀ ਬਾਣੀ ਅਸੀਂ ਇਥੇ ਵਿਚਾਰਾਂਗੇ ਜਿਹੜੀ ਉਪਰੀ ਦ੍ਰਿਸ਼ਟੀ ਤੋਂ ਵੇਖਿਆਂ ਗੁਰਬਾਣੀ ਨਾਲ ਮੇਲ ਖਾਂਦੀ ਨਹੀਂ ਲਗਦੀ । ਪਰ ਗਹੁ ਨਾਲ ਦੇਖਿਆਂ ਤੇ ਗੁਰੂ ਸਾਹਿਬ ਨਾਲ ਢੁਕਵੇਂ ਉਤਰਾਂ ਕਾਰਨ ਦੂਰੋਂ ਹੀ ਇਕ ਦਿਖਾਈ ਦਿੰਦੀ ਹੈ ।

ਰਾਗ ਆਸਾ ਵਿਚ ਦੋ ਪਦ ਜਿਨ੍ਹਾਂ ਵਿਚੋਂ ਪਹਿਲੇ ਪਦ ਵਿਚ ਉਨ੍ਹਾਂ ਜੀਵਾਂ ਦੀ ਗਲ ਕੀਤੀ ਗਈ ਹੈ ਜੋ ਰੱਬ ਦਾ ਨਾਮ ਭੁਲ ਗਏ ਅਤੇ ਅਜਿਹੇ ਜੀਵ ਧਰਤੀ ਉਪਰ ਨਿਰਾ ਭਾਰ ਹੀ ਹਨ ।[30]

ਦੂਸਰੇ ਪਦ ਵਿਚ ਫਰੀਦ ਜੀ ਨੇ ਪ੍ਰਮਾਤਮਾ ਨਾਲ ਨਾ ਮੇਲ ਹੋਣ ਦਾ ਕਾਰਨ ਮਨ ਨੂੰ ਮਚਲਾਉਣ ਵਾਲੀਆਂ ਇੰਦਰੀਆਂ ਦਸਿਆ ਹੈ ਜਿਨ੍ਹਾਂ ਨੂੰ ਕਾਬੂ ਕਰ ਲੈਣ ਨਾਲ ਇਸ ਮਨੁੱਖਾ ਜਨਮ ਵਿਚ ਹੀ ਉਸ ਰੱਬ ਨਾਲ ਮਿਲਾਪ ਹੋ ਸਕਦਾ ਹੈ ।[31]

ਰਾਗ ਸੂਹੀ ਵਿਚਲੇ ਦੋ ਪਦਾਂ ਵਿਚੋਂ ਪਹਿਲੇ ਪਦ ਵਿਚ ਫਰੀਦ ਜੀ ਨੇ ਉਸ ਪ੍ਰਭੂ ਦੀ ਕਦਰ ਨਾ ਜਾਨਣ ਕਰਕੇ ਜੀਵਨ ਦਾ ਬਹੁਤ ਸਮਾਂ ਭਾਵ ਜੁਆਨੀ ਦਾ ਵੇਲਾ ਹੋਰ ( ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ) ਗਵਾਕੇ ਹੁਣ ਪਿਛੇ ਝੂਰਨ ਦਾ ਕੋਈ ਲਾਭ ਨਹੀਂ ਹੈ। [32]

ਦੂਸਰੇ ਪਦ ਦੇ ਨਾਲ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਵੀ ਜੋ ਸੂਹੀ ਰਾਗ ਵਿਚ ਹੀ ਹੈ ਇਕ ਥਾਂ ਦਰਜ ਕਰ ਰਹੇ ਹਾਂ ਜਿਸ ਤੋਂ ਉਹਨਾਂ ਦੀ ਸਾਂਝ ਤੇ ਇਕ ਦੂਸਰੇ ਦੇ ਖਿਆਲਾਂ ਨੂੰ ਹੋਰ ਉਘਾੜਨ ਵਾਲੇ ਸਹਾਈ ਹੋਣਗੇ :-

ਸੂਹੀ ਲਲਿਤ ।।

ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ ।।
ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ ।।੧।।

ਹਥੁ ਨ ਲਾਇ ਕਸੁੰਭੜੈ, ਜਲਿ ਜਾਸੀ ਢੋਲਾ ॥੧॥ਰਹਾਉ॥
ਇਕ ਆਪੀਨੈ ਪਤਲੀ, ਸਹ ਕੇਰੇ ਬੋਲਾ ॥
ਦੁਧਾ ਥਣੀ ਨ ਆਵਈ, ਫਿਰਿ ਹੋਇ ਨ ਮੇਲਾ ॥2॥
ਕਹੈ ਫਰੀਦ ਸਹੇਲੀਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ ॥3॥[33]

ਗੁਰੂ ਨਾਨਕ ਦੇਵ ਜੀ ਦਾ ਸ਼ਬਦ ਇਉਂ ਹੈ :-

ਸੂਹੀ ਮਹਲਾ ੧ ॥

ਜਪ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵਹੇਲਾ ॥
ਨਾ ਸਰਵਰੁ ਨਾ ਊਛਲੈ, ਐਸਾ ਪੰਥੁ ਸੁਹੇਲਾ ॥੧॥
ਤੇਰਾ ਏਕੋ ਨਾਮ ਮੰਜੀਠੜਾ, ਰਤਾ ਮੇਰਾ ਚੋਲਾ, ਸਦ ਰੰਗ ਢੋਲਾ ॥੧॥ਰਹਾਉ॥
ਸਾਜਨ ਚਲੇ ਪਿਆਰਿਆ, ਕਿਉ ਮੇਲਾ ਹੋਈ ।
ਜੇ ਗੁਣ ਹੋਵਹਿ ਗੰਠੜੀਐ, ਮੇਲੇਗਾ ਸੋਈ ॥2॥
ਮਿਲਿਆ ਹੋਇ ਨ ਵੀਛੁੜੈ, ਜੇ ਮਿਲਿਆ ਹੋਈ ॥
ਆਵਾਗਉਣੁ ਨਿਵਾਰਿਆ, ਹੈ ਸਾਚਾ ਸੋਈ ॥3॥
ਹਉਮੈ ਮਾਰਿ ਨਿਵਾਰਿਆ, ਸੀਤਾ ਹੈ ਚੋਲਾ ॥
ਗੁਰ ਬਚਨੀ ਫਲੁ ਪਾਇਆ, ਸਹ ਕੇ ਅੰਮ੍ਰਿਤ ਬੋਲਾ ॥4॥
ਨਾਨਕ ਕਹੈ ਸਹੇਲੀ-ਹੋ, ਸਹੁ ਖਰਾ ਪਿਆਰਾ ॥
ਹਮ ਸਹ ਕੇਰੀਆ ਦਾਸੀਆ, ਸਾਚਾ ਖਸਮੁ ਹਮਾਰਾ ॥5॥4॥2॥[34]

ਇਹਨਾਂ ਦੋਹਾਂ ਸ਼ਬਦਾਂ ਨੂੰ ਆਮੋ ਸਾਹਮਣੇ ਰਖ ਕੇ ਇਕ ਇਕ ਪਦ ਦਾ ਟਾਕਰਾ ਕਰ ਕੇ ਪੜ੍ਹੀਏ ਤਾਂ ਇਉਂ ਪਰਤੀਤ ਹੁੰਦਾ ਹੈ ਕਿ ਸ਼ੇਖ ਫਰੀਦ ਜੀ ਦੇ ਭਾਵ ਨੂੰ ਸਪਸ਼ਟ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਉਚਾਰਿਆ ਹੈ । ਸੋ ਫਰੀਦ ਜੀ ਦਾ ਇਹ ਸ਼ਬਦ ਗੁਰੂ ਨਾਨਕ ਸਾਹਿਬ ਨੇ ਆਪ ਪਾਕਪਟਨ ਤੋਂ ਲਿਆ, ਇਸ ਨੂੰ

ਪਿਆਰ ਕੀਤਾ, ਤੇ ਜਿੰਦਗੀ ਦਾ ਜਿਹੜਾ ਪੱਖ ਫਰੀਦ ਜੀ ਨੇ ਛੱਡ ਦਿਤਾ ਸੀ ਉਸ ਨੂੰ ਬਿਆਨ ਕਰ ਕੇ ਦੋਹਾਂ ਸ਼ਬਦਾਂ ਦੀ ਰਾਹੀ ਇਨਸਾਨੀ ਜਿੰਦਗੀ ਦੀ ਖੂਬਸੂਰਤ ਮੁਕੰਮਲ ਤਸਵੀਰ ਖਿੱਚ ਦਿਤੀ ।[35]

ਬਾਬਾ ਫਰੀਦ ਜੀ ਦੇ 112 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਉਨ੍ਹਾਂ ਦੇ ਨਾਲ ਹੀ 18 ਸਲੋਕ ਗੁਰੂ ਸਹਿਬਾਨ ਦੇ ਹਨ ਜਿਹੜੇ ਕਿ ਕਿਤੇ ਪੈਣ ਵਾਲੇ ਭੁਲੇਖੇ ਨੂੰ ਦੂਰ ਹੀ ਨਹੀਂ ਕਰਦੇ ਸਗੋ ਉਨ੍ਹਾਂ ਵਲੋ ਕੀਤੇ ਪ੍ਰਸਨ ਦਾ ਉਤਰ ਦੇ ਜਿਥੇ ਉਸ ਨੂੰ ਸੰਪੂਰਨ ਕਰਦੇ ਹਨ ਨਾਲ ਹੀ ਆਮ ਜੀਵ ਦੀ ਸਮਝ ਪੱਧਰ ਤੇ ਭੀ ਲਿਆ ਦਿੰਦੇ ਹਨ ।

ਫਰੀਦ ਜੀ ਨੇ ਸਲੋਕ ਨੰ: 31 ਵਿਚ ਦਸਿਆ ਹੈ ਕਿ ਜੇ ਖਸਮ ਕਦੇ ਖਬਰ ਹੀ ਨਾਹ ਪੁੱਛੇ ਤਾਂ ਕਿਰਾ ਨਾਮ ਹੀ 'ਸੋਹਾਗਣ' ਰੱਖ ਲੈਣਾ ਕਿਸੇ ਕੰਮ ਨਹੀਂ । ਗੁਰੂ ਨਾਨਕ ਦੇਵ ਜੀ ਨੇ 'ਸੋਹਾਗਣ'ਦਾ ਅਸਲ ਲੱਛਣ ਭੀ ਇਸ ਸਲੋਕ ਵਿਚ ਦਸਕੇ ਫਰੀਦ ਜੀ ਦੇ ਸਲੋਕ ਦੀ ਹੋਰ ਵਿਆਖਿਆ ਕਰ ਦਿਤੀ ਹੈ ।[36]

ਸਾਹੁਰੈ ਢੋਈ ਨਾ ਲਹੈ, ਪੇਈਐ ਨਾਹੀ ਥਾਉ ।।
ਪਿਰੁ ਵਾਤੜੀ ਨ ਪੁਛਈ, ਧਨ ਸੋਹਾਗਣਿ ਨਾਉ ।।31।। [37]

ਗੁਰੂ ਨਾਨਕ ਦੇਵ ਜੀ ਨੇ ਅਗਲੇ ਸਲੋਕ ਵਿਚ ਇਸ ਦਾ ਉਤਰ ਇਉਂ ਦਿਤਾ ਹੈ :-

ਸਹੁਰੈ ਪੇਈਐ ਕੰਤ ਕੀ, ਕੰਤੁ ਅਗੰਮੁ ਅਥਾਹੁ ।।
ਨਾਨਕ ਸੋ ਸੋਹਾਗਣੀ, ਜੁ ਭਾਵੈ ਬੇਪਰਵਾਹ ।।32।।[38]

ਗੁਰੂ ਨਾਨਕ ਦੇਵ ਜੀ ਨੇ ਜੀਵ ਨੂੰ ਉਸ ਪ੍ਰਮਾਤਮਾ ਦੀ ਬਖਸਿੰਦ ਭਾਵਨਾ ਤੋ ਜਾਣੂ ਕਰਾਇਆ ਹੈ ਕਿ ਉਹ ਇਤਨਾ ਜਿਗੇਰੇਵਾਲਾ ਹੈ ਕਿ ਭੁਲੜਾਂ ਉਤੇ ਵੀ ਗੁਸੇ ਨਹੀਂ ਹੁੰਦਾ । ਪਰ ਸੋਹਾਗਣ ਉਹੀ ਹੈ ਜੋ ਉਸ ਬੇ-ਪਰਵਾਹ ਪ੍ਰਭੂ ਨੂੰ ਪਿਆਰੀ ਲਗਦੀ ਹੈ, ਜੋ ਇਸ ਲੋਕ ਤੇ ਪਰਲੋਕ ਵਿਚ ਉਸ ਖਸਮ ਦੀ ਬਣਕੇ ਰਹਿੰਦੀ ਹੈ ।

ਗੁਰੂ ਨਾਨਕ ਦੇਵ ਜੀ ਦੇ ਇਕ ਸਲੋਕ ਹੀ ਬਾਰੇ ਫਰੀਦ ਦੇ ਸਲੋਕ ਨਾਲ ਭਗਤ ਬਾਣੀ ਤੇ ਗੁਰਮਤ ਦੇ ਸਿਧਾਂਤਾ ਦੀ ਸਾਂਝ ਲਈ ਕਾਫੀ ਹੈ ਹੁਣ ਇਵੇਂ ਹੀ ਅਸੀ ਅਗਲੇ ਗੁਰੂ ਸਾਹਿਬਾਨਾਂ ਦਾ ਭੀ ਇਕ ਇਕ ਸਲੋਕ ਹੀ ਮਿਸਾਲ ਵਜੋਂ ਲਵਾਂਗੇ ।

ਫਰੀਦਾ ਕਾਲੀ ਜਿਨੀ ਨ ਰਾਵਿਆ, ਧਉਲੀ ਰਾਵੈ ਕੋਇ ।।
ਕਰ ਸਾਂਈ ਸਿਉ ਪਿਰਹੜੀ, ਰੰਗੁ ਨਵੇਲਾ ਹੋਇ ।। 12 ।।[39]

ਅਰਥਾਤ :- ਹੇ ਫਰੀਦ ! ਕਾਲੇ ਕੇਸਾਂ ਦੇ ਹੁੰਦਿਆਂ ਜਿੰਨਾਂ ਨੇ ਪਤੀ ਪ੍ਰਭੂ ਨਾਲ ਪਿਆਰ ਨਹੀਂ ਕੀਤਾ, ਉਨ੍ਹਾਂ ਵਿਚੋ ਕੋਈ ਵਿਰਲਾ ਹੀ ਧਉਲੇ ਆਇਆ ਭਾਵ ਬੁਢਾਪੇ ਵਿਚ ਰੱਬ ਨੂੰ ਯਾਦ ਕਰ ਸਕਦਾ ਹੈ । ਤੂੰ ਸਾਂਈ ਪ੍ਰਭੂ ਨਾਲ ਪਿਆਰ ਕਰ, ਇਹ ਪਿਆਰ ਨਵਾਂ ਨਿਤ ਰਹੇਗਾ ਦੁਨੀਆਂ ਦੀ 'ਪੈਟਲੀ' ਵਾਲਾ ਪਿਆਰ ਤਾਂ ਸਰੀਰ 'ਸਾਖ' ਪੱਕਣ ਤੇ ਟੁੱਟ ਜਾਇਗਾ ।

ਗੁਰੂ ਅਮਰਦਾਸ ਜੀ ਇਸ ਸਲੋਕ ਦੇ ਪਰਥਾਏ ਇਉਂ ਫੁਰਮਾਂਦੇ ਹਨ:-

ਮ: 3 ।। ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ, ਜੇ ਕੋ ਚਿਤਿ ਕਰੇ ।
ਆਪਣਾ ਲਾਇਆ ਪਿਰਮੁ ਨ ਲਗਈ, ਜੇ ਲੋਚੈ ਸਭੁ ਕੋਇ ।।
ਏਹੁ ਪਿਰਮੁ ਪਿਆਲਾ ਖਸਮ ਕਾ, ਜੈ ਭਾਵੈ ਤੈ ਦੇਇ ।।13।।[40]

ਅਰਥਾਤ :- ਹੇ ਫਰੀਦ !, ਜੇ ਕੋਈ ਬੰਦਾ ਬੰਦਗੀ ਕਰੇ, ਤਾਂ ਜੁਆਨੀ ਵਿਚ ਭੀ ਤੇ ਬੁਢਾਪੇ ਵਿਚ ਭੀ ਮਾਲਿਕ ਪ੍ਰਭੂ ਮਿਲ ਸਕਦਾ ਹੈ । ਪਰ ਬੇਸ਼ਕ ਕੋਈ ਤਾਂਘ ਕਰਕੇ ਵੇਖ ਲਏ, ਇਹ ਪਿਆਰ ਆਪਣਾ ਲਾਇਆ ਨਹੀਂ ਲਗ ਸਕਦਾ । ਇਹ ਪਿਆਰ ਰੂਪ ਪਿਆਲਾ ਤਾ ਪ੍ਰਭੂ ਦਾ ਆਪਣਾ ਹੈ, ਜਿਸ ਨੂੰ ਉਸਦੀ ਮਰਜ਼ੀ ਹੁੰਦੀ ਹੈ ਦਿੰਦਾ ਹੈ ।

ਇਹ ਸਲੋਕ ਉਪਰਲੇ ਸਲੋਕ ਦੀ ਵਿਆਖਿਆ ਹੈ । ਇਸ ਵਿਚ ਕਾਰਨ ਦਸੇ ਹਨ ਕੇ ਬੁਢਾਪੇ ਵਿਚ ਪ੍ਰਭੂ ਨੂੰ ਮਿਲਣਾ ( ਬੰਦਗੀ ) ਔਖਾ ਹੋ ਜਾਂਦਾ ਹੈ। ਇਸ ਲਈ ਕਿ ਜਵਾਨੀ ਵਿਚ ਦੁਨੀਆਂਦਾਰੀ ਦੀਆਂ ਆਦਤਾਂ ਪੱਕ ਜਾਣ ਕਾਰਨ ਬੁਢੇਪੇ

ਵਿਚ ਭਗਤੀ ਵਲ ਮੁੜਨਾ ਔਖਾ ਹੋ ਜਾਂਦਾ ਹੈ । ਪਰ ਜੁਆਨੀ ਹੋਵੇ ਜਾਂ ਬੁਢੇਪਾ ਬੰਦਗੀ ਜਾਂ ਭਗਤੀ ਸਦਾ ਹੀ ਪ੍ਰਭੂ ਦੀ ' ਬਖਸਸ ' ।

ਗੁਰੂ ਰਾਮ ਦਾਸ ਜੀ ਦਾ ਇਕ ਹੀ ਸਲੋਕ ਬਾਬੇ ਫਰੀਦ ਜੀ ਦੇ ਸਲੋਕਾਂ ਨਾਲ ਦਿਤਾ ਗਿਆ ਹੈ ਇਸ ਦਾ ਨੰਬਰ 121 ਹੈ । ਸਲੋਕ ਨੰਬਰ 120 ਗੁਰੂ ਨਾਨਕ ਦੇਵ ਜੀ ਦਾ ਹੈ । ਸਲੋਕ ਨੰਬਰ 119 ਬਾਬੇ ਫਰੀਦ ਜੀ ਦਾ ਹੈ । ਇਸੇ ਸਲੋਕ ਵਿਚ ਭਾਵ ਤੇ ਬਲ ਦੇਣ ਤੇ ਵਿਆਖਿਆ ਹਿਤ ਹੀ ਅਗਲੇ ਦੋ ਸ਼ਬਦ ਕਰਮਵਾਰ ਗੁਰੂ ਨਾਨਕ ਸਾਹਿਬ ਤੇ ਗੁਰੂ ਰਾਮ ਦਾਸ ਜੀ ਦੇ ਹਨ । ਬਾਬਾ ਫਰੀਦ ਜੀ ਦੇ ਸਲੋਕ ਅਨੁਸਾਰ :-

ਤਨੁ ਤਪੈ ਤਨੂਰ ਜਿਉਂ, ਬਾਲਣੁ ਹਡ ਬਲੰਨਿ ।
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ ।।119।।[41]

ਗੁਰੂ ਰਾਮ ਦਾਸ ਸਲੋਕ ਨੰਬਰ 121 ਵਿਚ ਇਉਂ ਫਰਮਾਉਂਦੇ ਹਨ :-

ਹਉ ਢੂੰਢੇਦੀ ਸਜਣਾ, ਸਜਣੁ ਮੈਡੇ ਨਾਲਿ ।
ਨਾਨਕ ਅਲਖੁ ਨ ਲਖੀਐ, ਗੁਰਮਤਿ ਦੇਇ ਦਿਖਾਇ ।। 121।।[41]

ਉਪਰੋਕਤ ਗੁਰੂ ਰਾਮ ਦਾਸ ਜੀ ਦਾ ਸਲੋਕ ਪਹਿਲਾ ਦੇਣਦਾ ਮਨੋਰਥ ਇਹ ਹੈ ਕਿ ਸੰਗਤਾਂ ਦਾ ਇਹ ਭੁਲੇਖਾ ਭੀ ਦੂਰ ਹੋ ਜਾਵੇ ਕਿ ਗੁਰੂ ਜੀ ਭਗਤਾਂ ਦੀ ਬਾਣੀ ਦੀ ਵਿਆਖਿਆ ਨਾਲ ਆਪ ਕੁਝ ਕੋਲੋ ਪਾ ਵਿਆਖਿਆ ਕਰਨ ਲਈ ਵਧਾ ਦਿੰਦੇ ਹਨ । ਪਰ ਇਹ ਗਲ ਕੇਵਲ ਭਗਤਾਂ ਤਕ ਹੀ ਸੀਮਤ ਨਹੀਂ ਗੁਰੂ ਸਾਹਿਬਾਨ ਭਗਤਾਂ ਵਾਂਗ ਹੀ ਜਿਥੇ ਲੋੜ ਮਹਿਸੂਸ ਹੋਵੇ ਪਹਿਲੇ ਗੁਰੂ ਦੇ ਸ਼ਬਦ ਜਾਂ ਸਲੋਕ ਦੇ ਭਾਵ ਨੂੰ ਸਪਸ਼ਟ ਕਰਨ ਲਈ ਉਸ ਦਾ ਉਤਰ ਵੀ ਅਗੇ ਦੂਜੇ ਸ਼ਬਦ ਵਿਚ ਲਿਖ ਦਿੰਦੇ ਹਨ । ਜਿਵੇਂ 119 ਨੰਬਰ ਸਲੋਕ ਦੀ ਵਿਆਖਿਆ 120 ਨੰਬਰ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਕੀਤੀ ਤੇ 120 ਨੰਬਰ ਸਲੋਕ ਦੀ ਅਗੋ ਵਿਆਖਿਆ 121 ਨੰਬਰ ਸਲੋਕ ਵਿਚ ਗੁਰੂ ਰਾਮ ਦਾਸ ਜੀ ਨੇ ਕੀਤੀ ਹੈ। ਹੁਣ ਗੁਰੂ ਨਾਨਕ ਦੇਵ ਜੀ ਦਾ ਸਲੋਕ ਨੰਬਰ 120 ਵਿਚਾਰੋ :-

ਤਨੁ ਨ ਤਪਾਇ ਤਨੂਰ ਜਿਉਂ, ਬਾਲਣੁ ਹਡ ਨ ਬਾਲਿ ।
ਸਿਰਿ ਪੈਰੀ ਕਿਆ ਫੇੜਿਆ, ਅੰਦਰਿ ਪਿਰੀ ਨਿਹਾਲਿ ।।

ਅੰਤ ਵਿਚ ਅਸੀ ਬਾਬੇ ਫਰੀਦ ਜੀ ਨਾਲ ਗੁਰੂ ਅਰਜਨ ਦੇਵ ਜੀ ਵਲੋਂ ਉਚਾਰੇ ਗਏ ਸਲੋਕਾਂ ਵਿਚੋ ਕੇਵਲ ਇਕ ਨੂੰ ਹੀ ਇਥੇ ਲੈ ਰਹੇ ਹਾਂ । ਜਿਸ ਵਿਚ ਉਨ੍ਹਾਂ ਨੇ ਬਾਬੇ ਫਰੀਦ ਜੀ ਦੇ ਸਲੋਕ ਦੇ ਭਾਵਾਂ ਨੂੰ ਹੋਰ ਉਘੇੜਿਆ ਹੈ ।

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ।
ਅਗੈ ਮੂਲਿ ਨ ਆਵਸੀ, ਦੋਜਕ ਸੰਦੀ ਭਾਹਿ ।।74।।[43]

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :-

ਮਹਲਾ ।।5।।

ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ ।।
ਮੰਦਾ ਕਿਸ ਨੋ ਆਖੀਐ, ਜਾ ਤਿਸੁ ਬਿਨੁ ਕੋਈ ਨਾਹਿ ।।75।।[44]

ਬਾਬੇ ਫਰੀਦ ਜੀ ਨੇ ਮਨ ਵਿਚ ਕਿਹੜੇ ਟੋਏ ਟਿੱਬੇ ਹਨ ਅਤੇ ਇਹਨਾਂ ਨੂੰ ਦੂਰ ਕਰਨ ਦਾ ਕੀ ਭਾਵ ਹੈ ? ਇਹ ਗਲ ਫਰੀਦ ਜੀ ਨੇ ਸਪਸ਼ਟ ਕਰਕੇ ਨਹੀਂ ਲਿਖੀ । ਫਰੀਦ ਜੀ ਦੇ ਇਸ ਖਿਆਲ ਨੂੰ ਉਘੇੜਨ ਵਾਸਤੇ ਸਤਿਗੁਰੂ ਅਰਜਨ ਦੇਵ ਜੀ ਨੇ ਅਗਲਾ ਸਲੋਕ ਆਪਣੇ ਵਲੋਂ ਲਿਖਿਆ ਹੈ ਅਤੇ ਨਾਮ ਫਰੀਦ ਜੀ ਦਾ ਹੀ ਵਰਤ ਦਿੱਤਾ ਹੈ । ਨਿਖੇੜਨ ਵਾਸਤੇ ਸਿਰਲੇਖ ' ਮ: 5 ' ਦੇ ਦਿਤਾ ਹੈ । ਉਸ ਵਿਚ ਉਨ੍ਹਾਂ ਕਿਹਾ ਕਿ ਹੇ ਫਰੀਦ ਪ੍ਰਮਾਤਮਾ ਖਲਕਤ ਵਿਚ ਮੌਜੂਦ ਹੈ, ਅਤੇ ਖਲਕਤ ਪ੍ਰਮਾਤਮਾ ਵਿਚ ਵਸ ਰਹੀ ਹੈ । ਜਦੋਂ ਉਸ ਪ੍ਰਮਾਤਮਾ ਤੋਂ ਬਿਨਾ ਕੋਈ ਹੋਰ ਦੂਰਾ ਦੂਜਾ ਨਹੀਂ ਹੈ, ਤਾਂ ਕਿਸ ਜੀਵ ਨੂੰ ਭੈੜਾ ਕਿਹਾ ਜਾਵੇ ?

ਕੋਈ ਮਨੁੱਖ ਕਿਸੇ ਦੂਜੇ ਨੂੰ ਮਾੜਾ ਆਖਣ ਵੇਲੇ ਆਪਣੇ ਆਪ ਨੂੰ ਚੰਗਾ ਸਮਝਦਾ ਹੈ, ਦੂਜੇ ਲਫਜ਼ਾਂ ਵਿਚ ਆਪ ਟਿੱਬੇ ਤੇ ਖਲੋਤਾ ਹੋਇਆ ਹੇਠ ਟੋਏ ਵਲ ਤੱਕ ਰਿਹਾ ਹੁੰਦਾ ਹੈ। ਜਿਨ੍ਹਾਂ ਨੂੰ ਨੀਵੇਂ ਆਖਦਾ ਹੈ, ਉਹ ਇਸ ਅਹੰਕਾਰੀ ਤੋ ਨਫਰਤ

ਕਰਦੇ ਹਨ ।[45] ਇਸ ਸਭ ਕੁਝ ਤੋਂ ਮੁਕਤ ਹੋਣ ਲਈ ਗੁਰੂ ਅਰਜਨ ਦੇਵ ਜੀ ਦਾ ਸਲੋਕ ਨੰਬਰ 75 ਕਿ ਸਭ ਵਿਚ ਪ੍ਰਮਾਤਮਾ ਵਸਦਾ ਹੈ ਕਿਸੇ ਨੂੰ ਮਾੜਾ ਨਾ ਸਮਝੋ ਤੇ ਨਾ ਹੀ ਕਹੋ । ਮਨ ਨੂੰ ਪੱਧਰਾ ਕਰਨ ਦੀ ਜੁਗਤਿ ਹੈ ।

ਭਗਤ ਤ੍ਰਿਲੋਚਨ ਜੀ :- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਦੀ ਬਾਣੀ ਦੇ ਚਾਰ ਸ਼ਬਦ ਹਨ । ਇਕ ਸਿਰੀ ਰਾਗ ਵਿਚ, ਦੋ ਗੂਜਰੀ ਵਿਚ ਤੇ ਇਕ ਧਨਾਸਰੀ ਰਾਗ ਵਿਚ ਹੈ । ਇਹਨਾਂ ਵਿਚ ਮੋਹ ਮਾਇਆ ਤੋਂ ਨਿਰਲੇਪ ਹੋਣ, ਪਾਖੰਡ ਤੋਂ ਬਚਣ, ਆਵਾਗਉਣ ਤੇ ਕਰਮ ਦੀ ਗਤੀ ਨਹੀ ਟਲਣ ਦਾ ਉਪਦੇਸ਼ ਕੀਤਾ ਹੈ ਨਿਸ਼ਕਾਮ ਪ੍ਰੇਮ ਭਗਤੀ ਹੈ ।[46]

ਭਗਤ ਤ੍ਰਿਲੋਚਨ ਜੀ ਦੀ ਬਾਣੀ ਗੁਰਮਤਿ ਆਸ਼ੇ ਦੇ ਅਨੁਕੂਲ ਹੈ। ਆਵਾ-ਗਉਣ ਬਾਰੇ ਉਨ੍ਹਾਂ ਦੇ ਸਮਝਾਉਣ ਦਾ ਤਰੀਕਾ ਵਖਰਾ ਹੈ। ਇਸ ਫਲਸਫੇ ਉਪਰ ਪੂਰਾ ਸ਼ਬਦ ਕੇਵਲ ਭਗਤ ਤ੍ਰਿਲੋਚਨ ਜੀ ਦਾ ਹੀ ਹੈ । ਕਰਮ ਦੀ ਗਤੀ ਨਹੀ ਟਲਣ ਦੇ ਉਪਦੇਸ਼ ਰਾਹੀ ਭੀ ਆਪ ਜੀ ਨੇ ਮਨੁਖ ਨੂੰ ਉਪਾਵਾਂ ਦੇ ਰਸਤੇ ਤੋਂ ਕਢ ਨਿਰੋਲ ਨਾਮ ਰਾਹੀਂ ਪ੍ਰਮਾਤਮਾ ਨਾਲ ਜੁੜਨ ਦਾ ਰਾਹ ਦਸਿਆ ਹੈ । ਇਸ ਰਾਹੀਂ ਮਨੁਖ ਨੂੰ ਆਪਣੇ ਵਿਸ਼ੇ ਵਿਕਾਰਾਂ ਦੇ ਵਹਿੰਦੇ ਮਨ ਰੂਪੀ ਦਰਿਆ ਉਤੇ ਪੁਲ ਬਣਾਕੇ ਲੰਘਣ ਦੀ ਜਾਚ ਸਿਖਾਈ ਹੈ ।

ਪੁਲ ਦਾ ਇੰਜੀਨੀਅਰ ਭਾਵੇਂ ਆਪਣੇ ਕੰਮ ਵਿਚ ਵਿਥਾਂ ਮਿਣਨ ਲਈ ਕਿਸੇ ਕਿਸਮ ਦੇ ਹਿਸਾਬ ਵਰਤੇ, ਉਸ ਦਾ ਮੁਖ ਪ੍ਰਯੋਜਨ ਪੁਲ ਬਣਾਉਣਾ ਹੈ। ਉਹ ਤ੍ਰਿਗਨਮੈਟਰੀ ਦੇ ਅਸੂਲ ਨੂੰ ਵਰਤੇ, ਜਾਂ ਕਾਨਿਕ ਸੈਕਸ਼ਨ ਦੇ, ਜਾਂ ਅਲਜਬਰੇ ਦੇ ਜਦ ਤਕ ਉਹ ਪੁਲ ਠੀਕ ਬਣਾ ਰਿਹਾ ਹੈ, ਉਸ ਨਾਲ ਕੋਈ ਝਗੜਾ ਨਹੀਂ ਕਰੇਗਾ । ਇਸੇ ਤਰ੍ਹਾਂ ਮਨੁੱਖ ਨੇ ਆਪਣੀ ਜਿੰਦਗੀ 'ਨਾਮ' ਤੇ 'ਸੇਵਾ' ਵਾਲੀ ਬਨਾਉਣੀ ਹੈ। ਮੂਰਤੀ ਪੂਜਾ ਜਾਂ ਅਵਤਾਰ-ਪ੍ਰਸਤੀ ਭੁਲਾਵੇ ਰਸਤੇ ਹਨ, ਔਖੇ ਤੇ ਲੰਮੇ ਰਸਤੇ ਹਨ, ਜਿੰਨਾਂ ਉਤੇ ਚਲ ਕੇ ਮਨੁੱਖ ਕਦਮ ਕਦਮ ਤੇ ਠੇਡੇ ਖਾਂਦਾ ਹੈ ਤੇ ਜੀਵਨ ਦਾ ਬਹੁਤ ਸਾਰਾ ਅਮੋਲਕ ਸਮਾਂ ਬਿਅਰਥ ਗੁਆਉਂਦਾ ਹੈ। ਪਰ ਜਦ ਇਨ੍ਹਾਂ ਉਤੇ ਚੱਲਣ ਵਾਲਾ ਪੰਧਾਊ

ਨੇਕ-ਨੀਤੀ ਨਾਲ ਆਪਣੇ ਪ੍ਰਮੇਸ਼ਰ ਵਲ ਕਦਮ ਰਖੀ ਜਾਂਦਾ ਹੈ ਤਾਂ ਉਹ ਉਦਾਰ ਤੇ ਤਰਸਵਾਨ ਮਾਲਕ ਆਪਣੇ ਭੁਲੜ ਬੰਦੇ ਨੂੰ ਅਗਾਂਹ ਹੋ ਕੇ ਮਿਲਦਾ ਹੈ ਅਤੇ ਉਸ ਨੂੰ ਆਪਣੀ ਜੱਫੀ ਵਿਚ ਲੈ ਲੈਂਦਾ ਹੈ। ਰੱਬ ਵੱਡਾ ਬਖਸ਼ਿੰਦ ਹੈ ।[47]

ਸਿਰੀ ਰਾਗ ਵਿਚ ਭਗਤ ਤ੍ਰਿਲੋਚਨ ਜੀ ਫੁਰਮਾਉਂਦੇ ਹਨ :-

ਹੇ ਪ੍ਰਾਣੀ ! ਤੇਰੇ ਮਨ ਵਿਚ ਮਾਇਆ ਦਾ ਮੋਹ ਬਹੁਤ ਹੈ; ਤੈਨੂੰ ਇਹ ਡਰ ਨਹੀਂ ਰਿਹਾ ਕਿ ਬੁਢੇਪਾ ਆਉਣਾ ਹੈ, ਮੌਤ ਆਉਣੀ ਹੈ । ਹੇ ਖੋਟੇ ਮਨੁੱਖ ! ਤੂੰ ਆਪਣੇ ਪਰਵਾਰ ਨੂੰ ਵੇਖ ਕੇ ਇਉਂ ਖਿੜਦਾ ਹੈਂ ਜਿਵੇਂ ਕਉਲ ਫੂਲ ( ਸੂਰਜ ਨੂੰ ਵੇਖ ਕੇ ) ਤੂੰ ਪਰਾਏ ਘਰ ਵਿਚ ਤੱਕਦਾ ਫਿਰਦਾ ਹੈ ।

ਕੋਈ ਵਿਰਲਾ ਸੰਤ ਜਨ ( ਜਗਤ ਵਿਚ ) ਆਕੇ ਇਉਂ ਬੇਨਤੀ ਕਰਦਾ ਹੈ :-

ਹੇ ਪ੍ਰਭੂ ! ਮੈਨੂੰ ਮਿਲ ਗਲਵੱਕੜੀ ਪਾ ਕੇ ਮਿਲ । ਹੇ ਮੇਰੇ ਰਾਮ ! ਮੈਨੂੰ ਮਿਲ, ਮੈਨੂੰ ( ਮਾਇਆ ਦੇ ਮੋਹ ਤੋਂ ) ਛੁਡਾ ਲੈ, ਜਮਦੂਤ ਵਗਾਤੱਗ ਆ ਰਹੇ ਹਨ, ਉਹਨਾਂ ਦੇ ਸਾਹਮਣੇ ਮੈਥੋ ( ਪਲ ਮਾਤਰ ਭੀ ) ਅਟਕਿਆ ਨਹੀਂ ਜਾ ਸਕੇਗਾ।੧।ਰਹਾਉ।।

ਹੇ ਪ੍ਰਾਣੀ !. ਮਾਇਆ ਦੇ ਅਨੇਕ ਭੋਗਾਂ ਤੇ ਪ੍ਰਤਾਪ ਦੇ ਕਾਰਨ ਤੂੰ ( ਪ੍ਰਭੂ ਨੂੰ ) ਭੁਲਾ ਬੈਠਾ ਹੈ, ( ਤੂੰ ਸਮਝਦਾ ਹੈ ਕਿ ) ਇਸ ਸੰਸਾਰ ਸਮੁੰਦਰ ਵਿਚ ( ਮੈਂ ) ਸਦਾ ਕਾਇਮ ਰਹਾਂਗਾ, ਮਾਇਆ ਦਾ ਠੱਗਿਆ ਹੋਇਆ ਤੂੰ ( ਪ੍ਰਭੂ ਨੂੰ ) ਨਹੀਂ ਸਿਮਰਦਾ । ਹੇ ਆਲਸੀ ਮਨੁੱਖ ! ਤੂੰ ਆਪਣਾ ਜਨਮ ਅਜਾਈਂ ਗਵਾ ਲਿਆ ਹੈ।।2।।

ਹੇ ਪ੍ਰਾਣੀ !. ਤੂੰ ( ਮਾਇਆ ਦੇ ਮੋਹ ਦੇ ) ਅਜਿਹੇ ਡਾਢੇ ਹਨੇਰੇ ਰਾਹੇ ਤੁਰ ਰਿਹਾ ਹੈ ( ਜਿੱਥੇ ਨਾਹ ਸੂਰਜ ਨੂੰ ਦਖਲ ਹੈ, ਨਾਹ ਚੰਦਰਮਾ ਨੂੰ (ਭਾਵ) ਜਿਥੇ ਤੈਨੂੰ ਨਾਹ ਦਿਨੇ ਸੁਰਤ ਆਉਂਦੀ ਹੈ, ਨਾਹ ਰਾਤ ਨੂੰ )। ਜਦੋਂ ਮਰਨ ਵੇਲੇ ਸੰਸਾਰ ਨੂੰ ਛੱਡਣ ਲੱਗੀ, ਤਦੋਂ ਤਾਂ ਮਾਇਆ ਦਾ ਇਹ ਮੋਹ ( ਭਾਵ ਸੰਬੰਧ ਅਵੱਸੋ )ਛੱਡੇ ਗਾ ਹੀ ( ਤਾਂ ਫਿਰ ਕਿਉਂ ਨਹੀਂ ਹੁਣੇ ਹੀ ਛੱਡਦਾ ? ) ।।3।।

( ਕੋਈ ਵਿਰਲਾ ਸੰਤ ਜਨ ਆਖਦਾ ਹੈ :- ) ਮੇਰੇ ਮਨ ਵਿਚ ਇਹ ਗਲ ਪ੍ਰਤੱਖ ਹੋ ਗਈ ਹੈ ਕਿ ( ਮਾਇਆ ਵਿਚ ਫਸੇ ਰਿਹਾ ) ਧਰਮਰਾਜ ( ਦਾ ਮੂੰਹ ) ਵੇਖਣਾ ਪਏਗਾ, ਉਥੇ ਵੱਡੇ ਬਲਵਾਨਾਂ ਨੂੰ ਵੀ ਹੱਥਾਂ ਨਾਲ ( ਜਮਦੂਤ ) ਦਲ ਦੇਂਦੇ ਹਨ, ਮੈਥੋਂ ਓਹਨਾਂ ਅੱਗੇ ਕੋਈ ਗੱਲ ਹੁਜਤਿ ਨਹੀਂ ਕੀਤੀ ਜਾ ਸਕੇਗੀ ।।4।।

( ਉਂਞ ਤਾਂ ) ਹੇ ਨਾਰਾਇਣ ! ( ਤੂੰ ਕਦੇ ਚੇਤੇ ਨਹੀਂ ਆਉਂਦਾ, ਪਰ ) ਜਦੋਂ ਕੋਈ ( ਗੁਰਸਖਿ ) ਮੈਨੂੰ ਸਿੱਖਿਆ ਦੇਂਦਾ ਹੈ, ਤਾਂ ਤੂੰ ਸਭ ਥਾਈਂ ਵਿਆਪਕ ਦਿਸਣ ਲੱਗ ਪੈਂਦਾ ਹੈ । ਹੇ ਰਾਮ ਜੀ ! ਤੇਰੀਆਂ ਤੂੰ ਹੀ ਜਾਣੇ - ਮੇਰੀ ਤ੍ਰਿਲੋਚਨ ਦੀ ਇਹੀ ਬੇਨਤੀ ਹੈ ।।5।।[48]

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰ ੧
ਅੰਤਰੁ ਮਲਿ, ਨਿਰਮਲੁ ਨਹੀ ਕੀਨਾ, ਬਾਹਰਿ ਭੇਖ ਉਦਾਸੀ ।।
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ, ਕਾਹੇ ਭਇਆ ਸੰਨਿਆਸੀ ।।੧।।
ਭਰਮੇ ਭੂਲੀ ਰੇ ਜੈ ਚੰਦਾ ।। ਨਹੀ ਨਹੀ ਚੀਨ੍ਹਿਆ ਪਰਮਾਨੰਦਾ ।।੧।।ਰਹਾਉ।।
ਘਰਿ ਘਰਿ ਖਾਇਆ, ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ।
ਭੂਮਿ ਮਸਾਣ ਕੀ ਭਸਮ ਲਗਾਈ, ਗੁਰ ਬਿਨੁ ਤਤੁ ਨ ਪਾਇਆ ।।2।।
ਕਾਇ ਜਪਹੁ ਰੇ, ਕਾਇ ਤਪਹੁ ਰੇ, ਕਾਇ ਬਿਲੋਵਹੁ ਪਾਣੀ ।।
ਲਖ ਚਉਰਾਸੀਹ ਜਿਨ੍ਹਿ ਉਪਾਈ, ਸੋ ਸਿਮਰਹੁ ਨਿਰਬਾਣੀ ।।3।।
ਕਾਇ ਕਮੰਡਲੁ ਕਾਪੜੀਆ ਰੇ, ਅਠਸਠਿ ਕਾਇ ਫਿਰਾਹੀ ।।
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ, ਕਣ ਬਿਨੁ ਗਾਹੁ ਕਿ ਪਾਹੀ ।।4।।੧।।[49]

ਸਾਝ ਹਿੱਤ ਗੁਰੂ ਨਾਨਕ ਦੇਵ ਜੀ ਦੀ ਬਾਣੀ :-

(ੳ) ਅੰਦਰਹੁ ਝੂਠੇ ਪੈਜ ਬਾਹਰਿ, ਦੁਨੀਆ ਅੰਦਰਿ ਫੈਲੁ ।।
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ।। [50]

(ਅ) ਹਿੰਦੂ ਕੈ ਘਰਿ ਹਿੰਦੂ ਆਵੈ ।। ਸੂਤੁ ਜਨੇਊ ਪੜਿ ਗਲਿ ਪਾਵੈ ।।
ਸੂਤੁ ਪਾਇ ਕਰੇ ਬੁਰਿਆਈ ।। ਨਾਤਾ ਧੋਤਾ ਥਾਇ ਨ ਪਾਈ ।। 51

ਗੂਜਰੀ ਰਾਗ ਵਿਚ ਹੀ ਭਗਤ ਤ੍ਰਿਲੋਚਨ ਜੀ ਦਾ ਦੂਸਰਾ ਸ਼ਬਦ ਜੋ ਆਵਾਗਾਉਣ ਬਾਰੇ ਹੈ ਬੇਮਿਸਾਲ ਹੈ। ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਆਪਣੀ ਹੀ ਤਰ੍ਹਾਂ ਦਾ ਨਕਸ਼ਾ ਖਿਚ ਜੀਵ ਨੂੰ ਪ੍ਰਭੂ ਭਗਤੀ ਵਲ ਖਿਚਣ ਦੇ ਸਮਰੱਥ ਹੈ । ਭਗਤ ਜੀ ਫੁਰਮਾਉਂਦੇ ਹਨ :-

ਗੂਜਰੀ ।। ਅੰਤਿ ਕਾਲ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ।।
ਸਰਪ ਜੋਨਿ ਵਲਿ ਵਲਿ ਅਉਤਰੈ ।।੧।।
ਅਰੀ ਬਾਈ, ਗੋਬਿਦ ਨਾਮੁ ਮਤਿ ਬੀਸਰੈ ।।ਰਹਾਉ ।।
[illegible]
ਅੰਤਿ ਕਾਲਿ ਜੋ ਲੜਿਕੇ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ।।
ਸੂਕਰ ਜੋਨਿ ਵਲਿ ਵਲਿ ਅਉਤਰੈ ।।3।।
ਅੰਤਿ ਕਾਲਿ ਜੋ ਮੰਦਰ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ।।
ਪ੍ਰੇਤ ਜੋਨਿ ਵਲਿ ਵਲਿ ਅਉਤਰੈ ।।4।।
ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ।।
ਬਦਤਿ ਤ੍ਰਿਲੋਚਨ, ਤੇ ਨਰ ਮੁਕਤਾ, ਪੀਤੰਬਰ ਵਾ ਕੇ ਰਿਦੈ ਬਸੈ ।।5।।2।। 52

ਉਪਰੀ ਦ੍ਰਿਸ਼ਟੀ ਤੋ ਵੇਖਿਆਂ ਕਈ ਸਜਣ ਇਸ ਸ਼ਬਦ ਨੂੰ ਗੁਰਮਤਿ ਸਿਧਾਂਤ ਦੇ ਅਨੁਕੂਲ ਨਹੀਂ ਸਮਝਦੇ । ਉਹ ਇਸ ਸ਼ਬਦ ਦੇ ਅੰਦਰਲੇ ਭਾਵਾਂ ਤੇ ਨ ਜਾਣ ਕੇਵਲ ਆਵਾਗਾਉਣ ਦੇ ਚੱਕਰ ਵਿਚ ਹੀ ਫਸ ਜਾਂਦੇ ਹਨ । ਭਗਤ ਤ੍ਰਿਲੋਚਨ ਜੀ ਆਪ ਬ੍ਰਾਹਮਣ ਜਾਤੀ ਦੇ ਸਨ । ਤੇ ਇਸ ਸ਼ਬਦ ਦੀ ਰਾਹੀਂ ਹਿੰਦੂ ਜਾਤੀ ਦੇ ਭਰਾਵਾਂ ਨੂੰ ਸਿਖਿਆ ਦੇ ਰਹੇ ਹਨ । ਹਿੰਦੂਆਂ ਵਿਚ ਹਿੰਦੂ ਧਰਮ ਦੇ ਪੁਰਾਣੇ ਸ਼ਾਸਤ੍ਰ

ਵਾਲੇ ਹੀ ਖਿਆਲ ਕੁਦਰਤੀ ਤੌਰ ਤੇ ਪ੍ਰਚਲਤ ਸਨ । ਜੂਨਾਂ ਵਿਚ ਪੈਣ ਬਾਰੇ ਜੋ ਖਿਆਲ ਆਮ ਹਿੰਦੂ ਜਨਤਾ ਵਿਚ ਚੱਲੇ ਹੋਏ ਸਨ ਉਹਨਾਂ ਦਾ ਹਵਾਲਾ ਦੇ ਕੇ ਤ੍ਰਿਲੋਚਨ ਜੀ ਸਮਝਾ ਰਹੇ ਹਨ ਕਿ ਸਾਰੀ ਉਮਰ ਧਨ, ਇਸਤ੍ਰੀ, ਪੁੱਤਰ ਤੇ ਮਹਿਲ-ਮਾੜੀਆਂ ਦੇ ਧੰਧਿਆਂ (ਪ੍ਰਿਆ) ਵਿਚ ਹੀ ਇਤਨਾ ਖਚਿਤ ਨਾਹ ਰਹੋ ਕਿ ਮਰਨ ਵੇਲੇ ਭੀ ਸੁਰਤਿ ਇਹਨਾਂ ਵਿਚ ਹੀ ਟਿਕੀ ਰਹੇ । ਗ੍ਰਿਹਸਤ - ਜੀਵਨ ਦੀਆਂ ਜ਼ਿਮੇਵਾਰੀਆਂ ਇਸ ਤਰੀਕੇ ਨਾਲ ਨਿਭਾਓ ਕਿ ਕਿਰਤ - ਕਾਰ ਕਰਦਿਆਂ ਭੀ ' ਅਰੀ ਬਾਈ ' ਗੋਬਿਦ ਨਾਮ ਮਤਿ ਬੀਸਰੈ " ਤਾਕਿ ਅੰਤ ਵੇਲੇ ਧੰਨ, ਇਸਤਰੀ, ਪੁੱਤਰ, ਮਹਲ - ਮਾੜੀਆਂ ਵਿਚ ਸੁਰਤਿ ਭਟਕਣ ਦੇ ਥਾਂ ਮਨ ਪ੍ਰਭੂ ਚਰਨਾਂ ਵਿਚ ਜੁੜੇ । ਸੋ, ਭਗਤ ਜੀ ਨੇ ਕੋਈ ਕਿਆਫਾ ਨਹੀਂ ਲਾਇਆ, ਹਿੰਦੂ ਜਨਤਾ ਵਿਚ ਚਲੇ ਹੋਏ ਖਿਆਲਾਂ ਨੂੰ ਹੀ ਉਹਨਾਂ ਦੇ ਸਾਮ੍ਹਣੇ ਰੱਖਕੇ ਉਹਨਾਂ ਨੂੰ ਹੀ ਸਹੀ ਜੀਵਨ ਦਾ ਰਸਤਾ ਦੱਸ ਰਹੇ ਹਨ ।[53]

ਭਗਤ ਤ੍ਰਿਲੋਚਨ ਜੀ ਭੀ ਉਵੇਂ ਹੀ ਸਮਝਾ ਰਹੇ ਹਨ ਜਿਵੇਂ ਮੁਸਲਮਾਨਾਂ ਨੂੰ ਸਮਝਾਉਣ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੇ ਸ਼ਲੋਕ ਰਾਹੀ ਉਹਨਾਂ ਵਿਚ ਚੱਲੇ ਹੋਏ ਖਿਆਲ ਦਾ ਹਵਾਲਾ ਦੇ ਕੇ ਰੱਬ ਦੀਆਂ ਵਹੀਆਂ ਦਾ ਜ਼ਿਕਰ ਕੀਤਾ ਹੈ :-

" ਨਾਨਕ ਆਖੈ ਰੇ ਮਨਾ ! ਸੁਣੀਐ ਸਿਖ ਸਹੀ ।
ਲੇਖਾ ਰਬੁ ਮੰਗੇਸੀਆ, ਬੈਠਾ ਕਢਿ ਵਹੀ ।। 2 ।। 13।।[54]

ਰਾਗ ਧਨਾਸਰੀ ਵਿਚ ਭਗਤ ਤ੍ਰਿਲੋਚਨ ਜੀ ਨੇ ਆਪਣੇ ਏਥੇ ਸ਼ਬਦ ਰਾਹੀਂ ਬ੍ਰਾਹਮਣ ਦੇ ਬਣਾਏ ਧਰਮ - ਜਾਲ ਦਾ ਪਾਜ ਖੋਲ੍ਹ ਰਹੇ ਹਨ । ਭਗਤ ਤ੍ਰਿਲੋਚਨ ਜੀ ਜਾਤਿ ਦੇ ਬ੍ਰਾਹਮਣ ਸਨ । ਬ੍ਰਾਹਮਣ ਆਗੂਆਂ ਦੀ ਚਲਾਈ ਪਰਪਾਟੀ ਅਨੁਸਾਰ ਲੋਕ ਅਵਤਾਰ-ਪੂਜਾ ਨੂੰ ਹੀ ਸ੍ਰੇਸ਼ਟ ਭਗਤੀ ਮੰਨ ਰਹੇ ਸਨ ਅਤੇ ਦਾਨ - ਪੁੰਨ ਤੀਰਥ ਇਸ਼ਨਾਨ ਆਦਿਕ ਕੰਮਾਂ ਨੂੰ ਪਾਪਾਂ ਦੀ ਨਿਵਿਰਤੀ ਤੇ ਸੁਰਗ ਆਦਿਕ ਸੁਖਾਂ ਆਦਿ ਪ੍ਰਾਪਤੀ ਦਾ ਸਾਧਨ ਸਮਝਦੇ ਸਨ । ਪਰ ਇਸ ਸ਼ਬਦ ਰਾਹੀਂ ਭਗਤ ਜੀ ਨੇ ਇਹਨਾਂ ਦੋਹਾਂ ਕੰਮਾਂ ਦਾ

ਖੰਡਨ ਕੀਤਾ ਹੈ । ਜਿੰਨ੍ਹਾਂ ਦੇਵਤਿਆਂ ਤੇ ਅਵਤਾਰਾਂ ਦੀ ਪੂਜਾ ਖਾਸ ਪ੍ਰਚਲਤ ਹੈ ਉਹਨਾਂ ਦਾ ਜ਼ਿਕਰ ਸ਼ਬਦ ਦੇ ਚਹੁਆਂ ਬੰਦਾਂ ਵਿਚ ਕੀਤਾ ਹੈ ।[55]

ਧਨਾਸਰੀ ਬਾਣੀ ਭਗਤਾਂ ਕੀ ॥ ਤ੍ਰਿਲੋਚਨ

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ।
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ ੧ ॥ ਰਹਾਉ ॥
ਸੰਕਰਾ ਮਸਤਕਿ ਬਸਤਾ, ਸੁਰਸਰੀ ਇਸਨਾਨ ਰੇ ॥
ਕੁਲ ਜਨ ਮਧੇ ਮਿਲ੍ਹਿ ਸਾਰਗ ਪਾਨ ਰੇ ॥
ਕਰਮ ਕਰਿ ਕਲੰਕੁ ਮਫੀਟਸਿ ਰੀ ॥ ੧ ॥
ਬਿਸ੍ਵ ਕਾ ਦੀਪਕ ਸ੍ਵਾਮੀ, ਤਾ ਚੇਰੇ ਸੁਆਰਥੀ ਪੰਖੀ ਰਾਇ ਗਰੁੜ ਤਾਜੇ
ਬਾਧਵਾ ॥ ਕਰਮ ਕਰਿ ਅਰੁਣ ਪਿੰਗੁਲਾ ਰੀ ॥ 2 ॥
ਅਨਿਕ ਪਾਤਿਕ ਹਰਤਾ, ਤ੍ਰਿਭਵਣ ਨਾਥੁ ਰੀ ॥
ਤੀਰਥ ਤੀਰਥਿ ਭ੍ਰਮਤਾ ਲਹੈ ਨਾ ਪਾਰੁ ਰੀ ॥
ਕਰਮ ਕਰਿ ਕਪਾਲੁ ਮਫੀਟਸਿ ਰੀ ॥ 3 ॥
ਅੰਮ੍ਰਿਤ, ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥
ਕਰਮ ਕਰਿ ਖਾਰੁ ਮਫੀਟਸਿ ਰੀ ॥ 4 ॥
ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਬਿਸਲਿ ਆਣਿ ਤੋਖੀਲੇ ਹਰੀ ॥
ਕਰਮ ਕਰਿ ਕਛਉਟੀ ਮਫੀਟਸਿ ਰੀ ॥ 5 ॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ, ਰੀ ਘਰ ਗੇਹਣਿ ।
ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥
ਬਦਤਿ ਤ੍ਰਿਲੋਚਨ ਰਾਮ ਜੀ ॥6॥੧॥[56]

ਇਹ ਖਿਆਲ ਨਿਰੋਲ ਗੁਰਮਤਿ ਨਾਲ ਰਲਦਾ ਹੈ। ਪੁਰਾਣਕ ਕਹਾਣੀਆਂ ਮੰਨਣ ਵਾਲਿਆਂ ਨੂੰ ਉਹਨਾਂ ਹੀ ਕਹਾਣੀਆਂ ਦਾ ਹਵਾਲਾ ਦੇ ਕੇ ਸਮਝਾਣਾ ਕੋਈ ਮਾੜੀ

ਗੱਲ ਨਹੀ ਹੈ । ਸਤਿਗੁਰੂ ਜੀ ਨੇ ਆਪ ਵੀ ਸੈਂਕੜੇ ਥਾਈ ਅਜਿਹੇ ਹਵਾਲੇ ਦਿਤੇ ਹਨ । ਮਿਸਾਲ ਦੇ ਤੌਰ ਤੇ ਵੇਖੋ, ਰਾਮਕਲੀ ਦੀ ਵਾਰ ਮਹਲਾ 3 ਪਉੜੀ ਨੰ 14

ਪੰਨਾ 953-4 ਸਲੋਕ ਮਹਲਾ ੧ ।।

ਸਲੋਕ ਮ: ੧ ।।

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ।।
ਪਰਸ ਰਾਮੁ ਰੋਵੈ ਘਰਿ ਆਇਆ ।।
ਅਜੈ ਸੁ ਰੋਵੈ ਭੀਖਿਆ ਖਾਇ ।।
ਐਸੀ ਦਰਗਹ ਮਿਲੈ ਸਜਾਇ ।।
ਰੋਵੈ ਰਾਮੁ ਨਿਕਾਲਾ ਭਇਆ ।।
ਸੀਤਾ ਲਖਮਣੁ ਵਿਛੁੜਿ ਗਇਆ ।।
ਰੋਵੈ ਦਹਸਿਰੁ ਲੰਕ ਗਵਾਇ ।।
ਜਿਨਿ ਸੀਤਾ ਆਦੀ ਡਉਰੂ ਵਾਇ ।।
ਰੋਵਹਿ ਪਾਂਡਵ ਭਏ ਮਜੂਰ ।।
ਜਿਨ ਕੈ ਸੁਆਮੀ ਰਹਿਤ ਹਦੂਰਿ ।।
ਰੋਵੈ ਜਨਮੇਜਾ ਖੁਇ ਗਇਆ ।।
ਏਕੀ ਕਾਰਣਿ ਪਾਪੀ ਭਇਆ ।।
ਰੋਵਹਿ ਸੇਖ ਮਸਾਇਕ ਪੀਰ ।।
ਅੰਤਿ ਕਾਲਿ ਮਤੁ ਲਾਗੈ ਭੀੜ ।।
ਰੋਵਹਿ ਕਿਰਪਨ ਸੰਚਹਿ ਧਨੁ ਜਾਇ ।।
ਪੰਡਿਤ ਰੋਵਹਿ ਗਿਆਨੁ ਗਵਾਇ ।।
ਬਾਲੀ ਰੋਵੈ ਨਾਹਿ ਭਤਾਰੁ ।।
ਨਾਨਕ ਦੁਖੀਆ ਸਭੁ ਸੰਸਾਰੁ ।।
ਮੰਨੇ ਨਾਉ ਸੋਈ ਜਿਣਿ ਜਾਇ ।।
ਅਉਰੀ ਕਰਮ ਨ ਲੇਖੈ ਲਾਇ ।।੧।।[57]

ਮੋਟੀ ਗੱਲ, ਗੁਰੂ ਗ੍ਰੰਥ ਸਾਹਿਬ ਵਿਚ ਚਾਹੇ ਕੋਈ ਸ਼ਬਦ ਕਿਸੇ ਭਗਤ ਜੀ ਦਾ ਹੈ ਤੇ ਚਾਹੇ ਗੁਰ - ਵਿਅਕਤੀ ਦਾ, ਹਰੇਕ ਸ਼ਬਦ ਰਹਿੰਦੀ ਦੁਨੀਆ ਤਕ ਇਨਸਾਨੀ ਜੀਵਨ ਲਈ ਚਾਨਣ ਦੇਣ ਦੇ ਸਮਰੱਥ ਰਹੇਗਾ, ਤੇ ਕਿਤੇ ਵੀ ਕੋਈ ਵਿਰੋਧੀ ਖਿਆਲ ਨਹੀਂ ਹਨ ।[58]

<u>ਭਗਤ ਨਾਮ ਦੇਵ ਜੀ :-</u> ਭਗਤ ਨਾਮ ਦੇਵ ਜੀ ਦੀ ਰਚਨਾ ਮਰਾਠੀ ਤੇ ਸੰਤ - ਭਾਸ਼ਾ ਦੋਹਾਂ ਵਿਚ ਮਿਲਦੀ ਹੈ । ਮਰਾਠੀ ਅਭੰਗ ' ਨਾਮ ਦੇਵ ਗਾਥਾ ' ਵਿਚ ਸੰਕਲਿਤ ਹਨ ਜੋ ਮਹਾਰਾਸ਼ਟਰ ਵਿਚ ਇਸ ਤਰ੍ਹਾਂ ਹੀ ਆਮ ਗਾਏ ਜਾਂਦੇ ਹਨ ਜਿਵੇਂ ਉਤਰ ਪ੍ਰਦੇਸ ਵਿਚ ਸੂਰਦਾਸ ਤੇ ਮੀਰਾਂ ਬਾਈ ਦੇ ਭਜਨ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਖੋ ਵਖ ਅਠਾਰਾਂ ਰਾਗਾਂ ਵਿਚ ਆਪ ਦੇ 61 ਸ਼ਬਦ ਦਰਜ ਹਨ ਜਿੰਨਾਂ ਦਾ ਵਿਸ਼ਾ ਭਗਤ ਜੀ ਦੇ ਵੰਨ - ਸੁਵੰਨੇ ਅਧਿਆਤਮਕ ਅਨੁਭਵ ਹਨ, ਇਨ੍ਹਾਂ ਦੀ ਭਗਤੀ ਲਹਿਰ ਨਾਲ ਪੂਰੀ ਪੂਰੀ ਸਾਂਝ ਹੈ । ਕਿਤੇ ਕਿਤੇ ਇਸ ਰਚਨਾ ਵਿਚ ਮਰਾਠੀ ਰੰਗ ਵੀ ਹੈ ਪਰੰਤੂ ਵਧੇਰੇ ਬਾਣੀ ਸੰਤ - ਭਾਸ਼ਾ ਵਿਚ ਹੈ ।[59]

ਆਪ ਦੀ ਰਚਨਾ ਦੇ ਸ਼ਬਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਦੀ ਗਿਣਤੀ ਬਾਰੇ ਵਿਦਵਾਨਾਂ ਵਿਚ ਗਿਣਤੀ ਪਖੋਂ ਫਰਕ ਰਹਿ ਗਿਆ ਹੈ । ਗਿਆਨੀ ਪ੍ਰਤਾਪ ਸਿੰਘ ਜੀ ਸਾਬਕਾ ਜਥੇਦਾਰ ਅਕਾਲ ਤਖਤ ਅੰਮ੍ਰਿਤਸਰ 62 ਸ਼ਬਦ ਲਿਖਦੇ ਹਨ ਪੁਸਤਕ ' ਭਗਤ ਦਰਸ਼ਨ ' ਵਿਚ ।[60] ਡਾ. ਤਾਰਨ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਹਾਸ ਵਿਚ 18 ਰਾਗਾਂ ਵਿਚ 60 ਸ਼ਬਦ ਦਸਦੇ ਹਨ ।[61] ਪ੍ਰਭਾਕਰ ਮਾਚਵੇ ਜੀ ' ਨਾਮ ਦੇਵ ਜੀਵਨ ਤੇ ਦਰਸ਼ਨ ' ਨਾਮੀ ਪੁਸਤਕ 17 ਰਾਗਾਂ ਵਿਚ 60 ਸ਼ਬਦ ਦਸਦੇ ਹਨ । ਉਪਰੋਕਤ ਭੁਲ ਗਿਣਤੀ ਜਾਂ ਛਪਾਈ ਦੇ ਪਖੋਂ ਹੋਈ ਲਗਦੀ ਹੈ ।

ਡਾਕਟਰ ਤਾਰਨ ਸਿੰਘ ਜੀ ਰਾਗ ਭੈਰਉ ਵਿਚ ਭਗਤ ਨਾਮ ਦੇਵ ਜੀ ਦੇ 11 ਸ਼ਬਦ ਲਿਖਦੇ ਹਨ । ਜਦੋਂ ਕੇ ਹੈ 12 ਆਪ ਜੀ ਦਾ ਇਕ ਸ਼ਬਦ ਇਸੇ ਰਾਗ

ਵਿਚ 1167 ਪੰਨੇ ਉਤੇ ਦਰਜ ਹੈ ਜੋ ਗਿਣਤੀ ਪਖੋਂ ਰਹਿ ਗਿਆ ਲਗਦਾ ਹੈ। ਪ੍ਰਭਾਕਰ ਪ੍ਰਭਾਕਰ ਮਾਚਵੇ ਜੀ ਗਾਉੜੀ ਰਾਗ ਵਿਚ ਆਪ ਜੀ ਦੇ 60 ਸ਼ਬਦ ਲਿਖ ਗਏ ਹਨ।[62] ਜਦੋ ਗਾਉੜੀ ਰਾਗ ਵਿਚ ਇਕ ਸ਼ਬਦ ਤੇ ਆਸਾ ਰਾਗ ਵਿਚ ਪੰਜ ਸ਼ਬਦ ਹਨ ਇਹ ਗਲਤੀ ਠੀਕ ਹੋਣ ਨਾਲ ਗਿਣਤੀ 61 ਠੀਕ ਬਣਦੀ ਹੈ।

ਐਮ.ਏ. ਮੈਕਾਲਿਫ ਸਾਹਿਬ ਨੇ ਨਾਮਦੇਵ ਜੀ ਦੇ ਤਿੰਨ ਰਚਨਾ ਕਾਲ ਮੰਨੇ ਹਨ। ਬਚਪਨ ਤੇ ਜਵਾਨੀ ਵਿਚ ਆਪ ਬੁਤ ਪੂਜ ਸਨ, ਉਸ ਸਮੇਂ ਦੀ ਰਚਨਾ ਵਿਚ ਬੁਤਪੂਜਾ ਦਾ ਵਿਸ਼ਾ ਪਰਧਾਨ ਹੈ, ਮਧ-ਉਮਰ ਵਿਚ ਆਪ ਬੁਤਪੂਜਾ ਤੋ ਸੁਤੰਤਰ ਹੋ ਰਹੇ ਸਨ, ਇਸ ਸਮੇਂ ਦੀ ਰਚਨਾ ਵਿਚ ਇਹ ਰੰਗ ਪ੍ਰਗਟ ਹੈ, ਅੰਤਲੇ ਸਮੇਂ ਵਿਚ ਆਪ ਨਿਰਗੁਣ ਦੇ ਉਪਾਸ਼ਕ ਸਨ ਅਤੇ ਹੋਰ ਭਾਰਤੀ ਨਿਰਗੁਣਧਾਰਾ ਦੇ ਭਗਤਾਂ ਦੇ ਸਮੀਪ ਆ ਗਏ ਸਨ, ਇਸ ਸਮੇਂ ਦੀ ਬਹੁਤੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਆਪ ਜੀ ਦੀ ਕੁਝ ਰਚਨਾ ਗੁਰੂ ਨਾਨਕ ਸਾਹਿਬ ਤੇ ਕੁਝ ਗੁਰੂ ਅਰਜਨ ਸਾਹਿਬ ਨੇ ਇਕੱਤਰ ਕੀਤੀ ਹੋਈ ਹੈ।[63]

ਭਗਤ ਨਾਮ ਦੇਵ ਜੀ ਦੀ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਦੀ ਬਾਣੀ ਨਾਲ ਇਕੱਠਿਆਂ ਕਰਕੇ ਪੜ੍ਹਨ ਤੇ ਜਿਥੇ ਇਨ੍ਹਾਂ ਵਿਚਲੀ ਸਾਂਝ ਦੇ ਪ੍ਰਤੱਖ ਪ੍ਰਮਾਣ ਮਿਲਦੇ ਹਨ ਉਥੇ ਨਾਲ ਦੀ ਨਾਲ ਇਹ ਗਲ ਵੀ ਹੋਰ ਦ੍ਰਿੜ੍ਹ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਜੀ ਜਦ ਦਖਣ ਵਿਚ ਗਏ ਤਾਂ ਆਪਣੇ ਹੀ ਹਮ-ਖਿਆਲ ਰੱਬੀ ਆਸ਼ਿਕ ਦਾ ਵਤਨ ਵੇਖਣ ਦੀ ਤਾਂਘ ਗੁਰੂ ਨਾਨਕ ਸਾਹਿਬ ਦੇ ਮਨ ਵਿਚ ਪੈਦਾ ਹੋਈ ਹੋਵੇ। ਇਹ ਗੱਲ ਭੀ ਕੁਦਰਤੀ ਹੀ ਸੀ ਕਿ ਉਸ ਨਗਰ ਜਾ ਕੇ ਸਤਿਗੁਰੂ ਜੀ ਉਥੇ ਭਗਤ ਨਾਮ ਦੇਵ ਜੀ ਦੀ ਬਾਣੀ ਇਕੱਠੀ ਕਰਦੇ।[64]

ਹੁਣ ਅਸੀਂ ਭਗਤ ਨਾਮਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਰਾਗਾਂ ਅਨੁਸਾਰ ਗੁਰਮਤਿ ਸਿਧਾਂਤਾਂ ਨਾਲ ਮੇਲ ਤੇ ਇਕ-ਮਿਕਤਾ ਉਪਰ ਹੀ ਨਜ਼ਰ ਨਹੀਂ ਮਾਰਾਂਗੇ ਸਗੋਂ ਪ੍ਰਸੰਗ ਵਿਚ ਨਾ ਪੜ੍ਹਨ ਵਾਲਿਆਂ ਵਲੋਂ ਪਾਏ ਗਏ ਭੁਲੇਖਿਆਂ ਦਾ ਉਲੇਖ ਕਰਦੇ ਹੋਏ ਉਨ੍ਹਾਂ ਨੂੰ ਠੀਕ ਰਾਇ ਦੇਣ ਦੀ ਕੋਸ਼ਿਸ਼ ਵੀ ਕਰਾਂਗੇ।

(1) ਰਾਗ ਗਉੜੀ ( ਇਕ ਸ਼ਬਦ )

ਦੇਵਾ ਪਾਹਨ ਤਾਰੀਅਲੇ ।। ਰਾਮ ਕਹਤ ਜਨ ਕਸ ਨ ਤਰੇ ।।੧।। ਰਹਾਉ।।
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ।।
ਚਰਨ ਬਧਿਕ ਜਨ ਤੇਊ ਮੁਕਤਿ ਭਏ ।। ਤਉ ਬਲਿ ਬਲਿ ਜਿਨ ਰਾਮ ਕਹੇ ।।੧।।
ਦਾਸੀ ਸੁਤ ਜਨ ਬਿਦਰੁ ਸੁਦਾਮਾ, ਉਗ੍ਰਸੈਨ ਕਉ ਰਾਜ ਦੀਏ ।।
ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ, ਨਾਮੇ ਕੇ ਸੁਆਮੀ ਤੇਊ ਤਰੇ ।।2।।
।। ੧ ।। [65]

ਰਹਾਉ ਵਾਲੇ ਸੂਤਰ ਵਿਚ ਸਾਰੇ ਸ਼ਬਦ ਦਾ ਸਾਰ ਦਿਤਾ ਗਿਆ ਹੁੰਦਾ ਹੈ ਤੇ ਬਾਕੀ ਸ਼ਬਦ ਵਿਚ ਉਸੇ ਵਿਚਾਰ ਤੇ ਉਸਾਰੀ ਕੀਤੀ ਗਈ ਹੁੰਦੀ ਹੈ। ਇਸ ਲਈ ਅਸੀਂ ਹਰ ਸ਼ਬਦ ਦੇ ਰਹਾਉ ਦੇ ਅਰਥ ਲੈ ਕੇ ਉਸ ਵਿਚਾਰ ਨੂੰ ਗੁਰਮਤਿ ਨਾਲ ਮੇਲ ਕੇ ਵੇਖਦੇ ਹਾਂ ।

ਇਸ ਸ਼ਬਦ ਵਿਚ ਨਾਮਦੇਵ ਜੀ ਕਹਿੰਦੇ ਹਨ ਕਿ :-

ਹੇ ਪ੍ਰਭੂ ! ਉਹ ਪੱਥਰ ( ਭੀ ਸਮੁੰਦਰ ਉਤੇ ) ਤੂੰ ਤਰਾ ਦਿਤੇ (ਜਿੰਨਾਂ ਉਤੇ ਤੇਰਾ ਰਾਮ ਨਾਮ ਲਿਖਿਆ ਗਿਆ ਸੀ ) ਭਲਾ ਉਹ ਮਨੁੱਖ ਸੰਸਾਰ ਸਮੁੰਦਰ ਤੋਂ ਕਿਉਂ ਨਹੀਂ ਤਰਨਗੇ ਜੋ ਤੇਰਾ ਨਾਮ ਸਿਮਰਦੇ ਹਨ ? । ਰਹਾਉ ।।

ਇਸ ਸ਼ਬਦ ਬਾਰੇ ਡਾ. ਤਾਰਨ ਸਿੰਘ ਜੀ ਲਿਖਦੇ ਹਨ ਕਿ ਨਾਮਦੇਵ ਇਥੇ ਸਰਗੁਣ ਰਾਮ ਦੀ ਉਪਾਸ਼ਨਾਂ ਕਰਦਾ ਪ੍ਰਤੀਤ ਹੁੰਦਾ ਹੈ ਅਤੇ ਭਾਰਤੀ ਮਿਥਿਹਾਸ ਦੀ ਓਟ ਤੇ ਰਚਨਾ ਕਰਦਾ ਹੈ ।[66]

ਉਪਰੋਕਤ ਭਾਵਨਾਂ ਇਸ ਸ਼ਬਦ ਤੇ ਠੀਕ ਨਹੀਂ ਢੁਕਦੀ । ਕਾਰਨ ਇਹ ਕੇ ਨਾਮ ਸਿਮਰਨ ਤੇ ਭਗਤ ਨਾਮਦੇਵ ਜੀ ਨੇ ਬੱਲ ਦਿਤਾ ਹੈ ਨਾ ਕਿ ਰਾਮ ਜੀ ਦੇ ਪੱਥਰ ਤਾਰਨ ਵਾਲੀ ਘਟਨਾ ਉਤੇ । ਉਹ ਘਟਨਾ ਤਾਂ ਨਾਮ ਦੀ ਸ਼ਕਤੀ ਨੂੰ ਉਘਾੜਨ ਵਾਲੀ ਹੈ ਇਹ ਉਵੇਂ ਹੀ ਲਗਦਾ ਹੈ ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ' ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ।[67] ਇਸ ਵਿਚ ਵੀ ਗੁਰੂ ਜੀ ਨੇ ਨਾਮ ਦੀ ਮਹਿਮਾ ਗਾਈ ਹੈ ਤੇ ਇਸ ਨੂੰ ਵੇਦ ਵੀ ਉਤਮ ਕਹਿੰਦੇ ਹਨ ਇਸ ਲਈ ਵੇਦਾਂ ਦਾ ਹਵਾਲਾ ਦਿਤਾ ਗਿਆ ਹੈ ।

ਇਸ ਸ਼ਬਦ ਵਿਚ ਜਿਨ੍ਹਾਂ ਸਾਖੀਆਂ ਵਲ ਇਸ਼ਾਰਾ ਹੈ ਉਹ ਸ੍ਰੀ ਰਾਮ ਚੰਦਰ ਅਤੇ ਕ੍ਰਿਸ਼ਨ ਜੀ ਦੋਹਾਂ ਨਾਲ ਸੰਬੰਧ ਰਖਦੀਆਂ ਹਨ, ਇਸ ਤੋਂ ਸਾਫ਼ ਪ੍ਰਤੱਖ ਹੈ ਕਿ ਨਾਮਦੇਵ ਜੀ ਇਹਨਾਂ ਵਿਚੋਂ ਕਿਸੇ ਖਾਸ ਇੱਕ ਦੇ ਅਵਤਾਰ-ਰੂਪ ਵਿਚ ਪੁਜਾਰੀ ਨਹੀਂ ਸਨ। ਇਹਨਾਂ ਦੀ ਰਾਹੀ ਤਰੇ ਭਗਤਾਂ ਨੂੰ ਪ੍ਰਮਾਤਮਾ ਦੀ ਮਿਹਰ ਦਾ ਪਾਤਰ ਸਮਝਦੇ ਸਨ। ਤਾਹੀਏ ਆਖਦੇ ਹਨ - 'ਹਉ ਬਲਿ ਬਲਿ ਜਿਨ ਰਾਮ ਕਹੇ'। (ਭਾਵ) ਸਿਮਰਨ ਦੀ ਵਡਿਆਈ - ਬੜੇ ਬੜੇ ਕੁਕਰਮੀ ਤੇ ਨੀਚ-ਕੁਲ ਬੰਦੇ ਭੀ ਤਰ ਜਾਂਦੇ ਹਨ।[68]

(2) ਰਾਗ ਆਸਾ (ਪੰਜ ਸ਼ਬਦ)

(ੳ) ਹਰ ਥਾਂ ਪ੍ਰਮਾਤਮਾ ਹੈ, ਹਰ ਥਾਂ ਪ੍ਰਮਾਤਮਾ ਹੈ, ਪ੍ਰਮਾਤਮਾ ਤੋਂ ਸੱਖਣੀ ਕੋਈ ਥਾਂ ਨਹੀਂ, ਜਿਵੇਂ ਇਕ ਧਾਗਾ ਹੋਵੇ ਤੇ (ਉਸ ਵਿਚ ਸੈਂਕੜੇ ਹਜ਼ਾਰਾਂ ਮਣਕੇ (ਪ੍ਰੋਤੇ ਹੋਏ ਹੋਣ) (ਇਸੇ ਤਰ੍ਹਾਂ ਸਭ ਜੀਵਾਂ ਵਿਚ ਪ੍ਰਮਾਤਮਾ ਦੀ ਹੀ ਜੀਵਨ-ਸੱਤਾ ਮਿਲੀ ਹੋਈ ਹੈ,) ਜਿਵੇਂ ਤਾਣੇ-ਪੇਟੇ ਵਿਚ (ਧਾਗੇ ਮਿਲੇ ਹੋਏ ਹਨ, ਤਿਵੇਂ) ਉਹੀ ਪ੍ਰਮਾਤਮਾ (ਸਭ ਵਿਚ ਮਿਲਿਆ ਹੋਇਆ ਹੈ। ਰਹਾਉ।[69]

(ਅ) ਭਗਤ ਨਾਮਦੇਵ ਜੀ ਕਹਿੰਦੇ ਹਨ ਹੇ ਪ੍ਰਭੂ! ਮੈਂ ਜਿੱਧਰ ਜਾਂਦਾ ਹਾਂ, ਉਧਰ ਹੀ ਨਿਰਲੇਪ ਪ੍ਰਭੂ ਮੌਜੂਦ ਹੈ। ਸਭ ਜੀਵਾਂ ਵਿਚ ਵਿਆਪਕ ਹੋ ਕੇ ਬੜੇ ਅਨੰਦ ਚੋਜ ਤਮਾਸ਼ੇ ਕਰ ਰਿਹਾ ਹੈ। ਰਹਾਉ ॥[70]

(ੲ) ਮੈਨੂੰ ਹੁਣ ਕਿਸੇ (ਉਚੀ ਨੀਵੀਂ) ਜ਼ਾਤ ਗੋਤ ਦੀ ਪਰਵਾਹ ਨਹੀਂ ਰਹੀ ਕਿਉਂਕਿ ਮੈਂ ਦਿਨ ਰਾਤ ਪ੍ਰਮਾਤਮਾ ਦਾ ਨਾਮ ਸਿਮਰਦਾ ਹਾਂ। ਰਹਾਉ।[71]

(ਸ) ਨਾਮ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਜਦ ਤਕ (ਅੰਦਰੋਂ) ਆਪਣਾ ਮਨ ਪਵਿੱਤਰ ਨਹੀਂ ਹੈ, ਤਦ ਤਕ ਸਮਾਧੀ ਲਾਣ ਜਾਂ ਜਾਪ ਕਰਨ ਦਾ ਕੀ ਲਾਭ ਹੈ? ਰਹਾਉ।[72]

(ਹ) ਭਗਤ ਜੀ ਕਹਿੰਦੇ ਹਨ, ਹੇ (ਮੇਰੇ) ਮਨ! ਸੰਸਾਰ-ਸਮੁੰਦਰ ਤੋਂ ਕਿਵੇਂ ਪਾਰ ਲੰਘੇਗਾ? ਇਸ (ਸੰਸਾਰ ਸਮੁੰਦਰ ਵਿਚ ਵਿਕਾਰਾਂ ਦਾ ਪਾਣੀ ਭਰਿਆ ਪਿਆ) ਹੈ। ਹੇ ਮਨ ਇਹ ਨਾਮਵੰਤ ਮਾਇਆ ਪਦਾਰਥ ਵੇਖ ਕੇ ਤੂੰ ਪ੍ਰਮਾਤਮਾ ਵਲੋਂ ਖੁੰਝ ਗਿਆ ਹੈ। ਰਹਾਉ ॥[73]

(3) ਰਾਗ ਗੂਜਰੀ ( ਦੋ ਸ਼ਬਦ )

ਗੂਜਰੀ ਸ੍ਰੀ ਨਾਮਦੇਵ ਜੀ ਦੇ ਪਦੇ ਘਰ ੧

(ੳ) ਜੌ ਰਾਜੁ ਦੇਹਿ ਤ ਕਵਨ ਬਡਾਈ ।।
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ।।੧।।
ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ।।
ਬਹੁਰਿ ਨ ਹੋਇ ਤੇਰਾ ਆਵਨ ਜਾਨੁ ।।੧।। ਰਹਾਉ ।।
ਸਭ ਤੈ ਉਪਾਈ ਭਰਮ ਭੁਲਾਈ ।।
ਜਿਸ ਤੂ ਦੇਵਹਿ ਤਿਸਹਿ ਬੁਝਾਈ ।।2।।
ਸਤਿਗੁਰੂ ਮਿਲੈ ਤ ਸਹਸਾ ਜਾਈ ।।
ਕਿਸ ਹਊ ਪੂਜਉ ਦੂਜਾ ਨਜਰ ਨ ਆਈ ।।3।।
ਏਕੈ ਪਾਥਰ ਕੀਜੈ ਭਾਉ ।।
ਦੂਜੈ ਪਾਥਰ ਧਰੀਐ ਪਾਉ ।।
ਜੇ ਓਹੁ ਦੇਉ ਤ ਓਹੁ ਭੀ ਦੇਵਾ ।।
ਕਹਿ ਨਾਮਦੇਉ ਹਮ ਹਰਿ ਕੀ ਸੇਵਾ ।।4।।੧।।[74]

ਉਪਰਲੇ ਸ਼ਬਦ ਵਿਚ ਨਾਮਦੇਵ ਜੀ ਨੇ ਪ੍ਰਭੂ ਭਗਤੀ ਨੂੰ ਉੱਤਮ ਦਸਦਿਆ ਹੋਇਆ ਨਾਲ ਹੀ ਪੱਥਰ ਪੂਜਣ ਦਾ ਵੀ ਖੰਡਨ ਕੀਤਾ ਹੈ ਅਤੇ ਰਾਜ ਤੇ ਭੀਖਿਆ ਮੰਗਣਾ ਉਸ ਪ੍ਰਮਾਤਮਾ ਦੀ ਕਰਨੀ ਹੈ ।

(ਅ) ਮਲੈ ਨ ਲਾਛੈ, ਪਾਰਮਲੋ, ਪਰਮਲੀਓ ਬੈਠੋ ਰੀ ਆਈ ।।
ਆਵਤ ਕਿਨੈ ਨ ਪੇਖਿਓ, ਕਵਨੈ ਜਾਣੈ, ਕੀ ਬਾਈ ।।੧।।
ਕਉਣੁ ਕਹੈ, ਕਿਣਿ ਬੂਝੀਐ, ਰਮਈਆ ਆਕੁਲੁ, ਰੀ ਬਾਈ ।।੧।।ਰਹਾਉ।।
ਜਿਸ ਅਕਾਸੇ, ਪੰਖੀਅਲੋ, ਖੋਜੁ ਨਿਰਖਿਓ ਨ ਜਾਈ ।।
ਜਿਉ ਜਲ ਆਝੈ ਮਾਛਲੋ, ਮਾਰਗੁ ਪੇਖਣੋ ਨ ਜਾਈ ।।2।।

ਜਿਉ ਅਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥
ਨਾਮੇ ਦੇ ਸੁਆਮੀ ਬੀਠਲੋ, ਜਿਨਿ ਤੀਨੈ ਜਰਿਆ ॥3॥2॥[75]

ਭਗਤ ਨਾਮਦੇਵ ਜੀ ਦੀ ਬਾਣੀ ਵਿਚ ਨਿਰਾ 'ਬੀਠਲ' ਲਫਜ਼ ਵੇਖ ਕੇ ਇਹ ਫਰਜ਼ ਕਰ ਲੈਣਾ ਭਾਰੀ ਭੁੱਲ ਹੈ ਕਿ ਭਗਤ ਜੀ ਕਿਸੇ ਮੂਰਤੀ ਦੇ ਉਪਾਸਕ ਸਨ। ਉਹਨਾਂ ਨੂੰ ਆਪਣੇ 'ਬੀਠਲ' ਦਾ ਜੋ ਸਰੂਪ ਇਥੇ ਬਿਆਨ ਕੀਤਾ ਹੈ, ਕੀ ਉਹ ਕਿਸੇ ਮੂਰਤੀ ਦਾ ਹੈ ਜਾਂ ਸਰਬ - ਵਿਆਪਕ ਪ੍ਰਮਾਤਮਾ ਦਾ ? ਇਸ ਸ਼ਬਦ ਦਾ ਭਾਵ:- ਪ੍ਰਮਾਤਮਾ ਸਰਬ ~~ਇਸ ਸ਼ਬਦ~~ ਵਿਆਪਕ ਹੈ, ਅਕੱਥ ਹੈ। ਉਸ ਦਾ ਖਾਸ ਟਿਕਾਣਾ ਲੱਭ ਨਹੀਂ ਸਕਦਾ।[76]

(4) ਰਾਗ ਸੋਰਠਿ ( ਤਿੰਨ ਸ਼ਬਦ )

ਸੋਰਠਿ ਰਾਗ ਵਿਚ ਅਸੀਂ ਭਗਤ ਜੀ ਦੇ ਸ਼ਬਦਾਂ ਦੇ ਨਾਲ ਨਾਲ ਗੁਰੂ ਨਾਨਕ ਦੇਵ ਦੇ ਸ਼ਬਦ ਭੀ ਖਿਆਲਾਂ ਦੀ ਸਾਂਝ ਵਜੋਂ ਦਿਆਂਗੇ।

ਸੋਰਠਿ ਰਾਗ ਵਿਚ ਨਾਮ ਦੇਵ ਜੀ:-

ਜਬ ਦੇਖਾ, ਤਬ ਗਾਵਾ ॥ ਤਉ ਜਨ ਧੀਰਜੁ ਪਾਵਾ ॥੧॥
ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥ ੧ ॥ ਰਹਾਉ ॥
ਜਹ ਝਿਲਿਮਿਲਿਕਾਰੁ ਦਿਸੰਤਾ ॥ ਤਹ ਅਨਹਦ ਸ਼ਬਦੁ ਬਜੰਤਾ ॥
ਜੋਤੀ ਜੋਤਿ ਸਮਾਨੀ ॥ ਮੈ ਗੁਰ ਪਰਸਾਦੀ ਜਾਨੀ ॥2॥
ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥
ਨੇਰੈ, ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥3॥
ਜਹ ਅਨਹਤ ਸੂਰ ਉਜ੍ਯਾਰਾ ॥ ਤਹ ਦੀਪਲ ਜਲੈ ਛੰਛਾਰਾ ॥
ਗੁਰ ਪਰਸਾਦੀ ਜਾਨਿਆ ॥ ਜਨੁ ਨਾਮਾ ਸਹਜ ਸਮਾਨਿਆ ॥4॥[77]

ਸੋਰਠਿ ਮਹਲ ।।੧।।

ਜਾ ਤਿਸੁ ਭਾਵਾ ਤਦ ਹੀ ਗਾਵਾ ।। ਤਾ ਗਾਵੇ ਕਾ ਫਲੁ ਪਾਵਾ ।।
ਗਾਵੇ ਕਾ ਫਲੁ ਹੋਈ ।। ਜਾ ਆਪੇ ਦੇਵੈ ਸੋਈ ।।੧।।
ਮਨ ਮੇਰੇ ਗੁਰ ਬਚਨੀ ਨਿਧਿ ਪਾਈ ।। ਤਾ ਤੇ ਸਚਮਹਿ ਰਹਿਆ ਸਮਾਈ।੧। ।।ਰਹਾਉ।।
ਗੁਰਸਾਖੀ ਅੰਤਰਿ ਜਾਗੀ ।। ਤਾਂ ਚੰਚਲ ਮਤਿ ਤਿਆਗੀ ।।
ਗੁਰ ਸਾਖੀ ਕਾ ਉਜੀਆਰਾ ।। ਤਾ ਮਿਟਿਆ ਸਗਲ ਅੰਧ੍ਯਾਰਾ ।।2।।
ਗੁਰ ਚਰਨੀ ਮਨੁ ਲਾਗਾ ।। ਤਾ ਜਮ ਕਾ ਮਾਰਗੁ ਭਾਗਾ ।।
ਭੈ ਵਿਚਿ ਨਿਰਭਉ ਪਾਇਆ ।। ਤਾ ਸਹਜੈ ਕੈ ਘਰਿ ਆਇਆ ।।3।।
ਭਣਤਿ ਨਾਨਕੁ ਬੂਝੈ ਕੋ ਬੀਚਾਰੀ ।। ਇਸੁ ਜਗ ਮਹਿ ਕਰਣੀ ਸਾਰੀ ।।
ਕਰਣੀ ਕੀਰਤਿ ਹੋਈ ।। ਜਾ ਆਪੇ ਮਿਲਿਆ ਸੋਈ ।।[78]

ਦੋਹਾਂ ਸ਼ਬਦਾਂ ਨੂੰ ਗਹੁ ਨਾਲ ਪੜ੍ਹੋ । ਇਨ੍ਹਾਂ ਵਿਚ ਕਈ ਸੁਆਦਲੀਆਂ ਸਾਂਝੀਆਂ ਗੱਲਾਂ ਮਿਲਦੀਆਂ ਹਨ । ਦੋਹਾਂ ਸ਼ਬਦਾਂ ਦੀ ਚਾਲ ਇਕੋ ਹੈ, ਬਹੁਤ ਸਾਰੇ ਲਫ਼ਜ਼ ਸਾਂਝੇ ਹਨ, ਖਿਆਲ ਵੀ ਦੋਹਾਂ ਸ਼ਬਦਾਂ ਵਿਚ ਇੱਕੋ ਹੀ ਹੈ । ਹਾਂ ਜਿਨ੍ਹਾਂ ਖਿਆਲਾਂ ਨੂੰ ਭਗਤ ਨਾਮ ਦੇਵ ਜੀ ਨੇ ਡੂੰਘੇ ਗੂੜ੍ਹ ਲਫ਼ਜ਼ਾਂ ਦੀ ਰਾਹੀ ਬਿਆਨ ਕੀਤਾ ਸੀ, ਉਹਨਾਂ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਸਾਦਾ ਤੇ ਸੁਖਾਲੇ ਲਫ਼ਜ਼ਾਂ ਵਿਚ ਪਰਗਟ ਕਰ ਦਿਤਾ ਹੈ । ਜਿਵੇਂ ' ਝਿਲਮਿਲਿਕਾਰੁ ' ' ਚੰਚਲ ਮਤਿ ' ।

' ਅਨਹਦ ਸ਼ਬਦ '- ਗੁਰ ਸਾਖੀ ਦਾ ਉਜੀਆਰਾ ' ਆਦਿਕ ।[79]

(5) ਰਾਗ ਧਨਾਸਰੀ ( ਪੰਜ ਸ਼ਬਦ )

ਮਰਾਠੀ ਦੀ ਰੰਗਤ ਵਾਲੇ ਇਸ ਸ਼ਬਦ ਵਿਚ ਨਾਮਦੇਵ ਜੀ ਨੇ ਆਪਣੇ ਧਾਰਮਿਕ ਵਿਸ਼ਵਾਸ ਦਿਤੇ ਹਨ, ਕਿ ਪਹਿਲਾਂ ਕੇਵਲ ਹਰੀ ਸੀ, ਉਸ ਤੋਂ ਪ੍ਰਕ੍ਰਿਤੀ ਤੇ ਜੀਵ ਹੋਏ ਜੋ ਇਨ੍ਹਾਂ ਦੀ ਤਰ੍ਹਾਂ ਆਵਾਗਵਨ ਵਿਚ ਚਲ ਰਹੇ ਹਨ । ਇਹਨਾਂ ਖਿਆਲਾਂ ਨੂੰ ਆਪ ਜੀ ਨੇ ਕ੍ਰਿਸ਼ਨ ਗੋਪਿਆਂ, ਹੰਸ ਤੇ ਪੁੰਡਰਕ ਵਨਾਂ ਦੇ ਚਿੰਨ੍ਹਾਂ ਨਾਲ ਸਪਸ਼ਟ ਕੀਤਾ ਹੈ ।

ਇਸ ਸ਼ਬਦ ਨਾਲ ਮੇਲ ਖਾਂਦੇ ਵਿਚਾਰ ਮਾਰੂ ਰਾਗ ਵਿਚ ਅਰਬਦ, ਨਰਬਦ ਧੁੰਧੂਕਾਰਾ ਵਿਚ ਗੁਰੂ ਨਾਨਕ ਸਾਹਿਬ ਇਹ ਵਿਚਾਰ ਪਰਗਟਾਉਂਦੇ ਹੋਏ ਕਿ ਪ੍ਰਿਥਵੀ ਦੀ ਸਾਜਨਾ ਤੋਂ ਪਹਿਲਾਂ ਆਪ ਅਕਾਲ ਪੁਰਖ ਇਕੱਲਾ ਹੀ ਸੀ ਜਦ ਉਸ ਨੂੰ ਚੰਗਾ ਲੱਗਾ ਤਾਂ :-

ਜਾ ਤਿਸੁ ਭਾਣਾ ਤਾਂ ਜਗਤ ਉਪਾਇਆ ।।
ਬਾਝੁ ਕਲਾ ਆਡਾਣੁ ਰਹਾਇਆ ।।
ਬ੍ਰਹਮਾ; ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ।। 14 ।[80]

ਉਪਰੋਕਤ ਵਿਚਾਰਾਂ ਦੀ ਸਾਂਝ ਵਿਚ ਅਸੀਂ ਦੋ ਰਾਇ ਨਹੀਂ ਹੋ ਸਕਦੇ ਹਾਂ, ਜਿਹਨਾਂ ਦੀ ਮਸਾਲ ਦਿਤੀ ਜਾਂਦੀ ਹੈ ਉਸ ਤੋਂ ਕਈ ਵਾਰ ਵਿਦਵਾਨ ਆਪਣੇ ਮਤਲਬ ਦੇ ਅਰਥ ਕਰ ਲੈਂਦੇ ਹਨ । ਉਪਰ ਭਗਤ ਨਾਮਦੇਵ ਜੀ ਨੇ ਕ੍ਰਿਸ਼ਨ, ਗੋਪੀਆਂ ਆਦਿ ਚਿੰਨ੍ਹਾਂ ਨਾਲ ਪਰਗਟਾਇਆ ਹੈ ਉਥੇ ਗੁਰੂ ਨਾਨਕ ਸਾਹਿਬ ਜੀ ਨੇ ਬ੍ਰਹਮਾ ਬਿਸਨ ਮਹੇਸੁ ਦਾ ਨਾਂ ਵਰਤਿਆ ਹੈ ।

## (6) ਰਾਗ ਟੋਡੀ ( ਤਿੰਨ ਸ਼ਬਦ )

ਇਨ੍ਹਾਂ ਪਦਿਆਂ ਵਿਚ ਨਾਮਦੇਵ " ਪਤਿਤ ਪਵਿਤ ਭਏ ਰਾਮੁ ਕਹਤ ਹੀ " ਦੇ ਸਿਧਾਂਤ ਦ੍ਰਿੜਾਂਦਾ ਹੈ ਅਤੇ " ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ " ਤੋਂ ਛੁਟਕਾਰਾ ਪਾ ਗਇਆ ਦਿਸਦਾ ਹੈ। ਆਪ ਨੂੰ ਗਿਆਨ ਨਾਲੋਂ ਭਗਤੀ ਵਿਚ ਵਿਸ਼ਵਾਸ਼ ਵਧ ਹੈ, " ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ " ਪਰ " ਜਿਨਿ ਹਰਿ ਪਾਇਓ ਤਿਨਹਿ ਛਪਾਇਓ " ਹੁੰਦਾ ਹੈ ।[81] ਅਸਲੀਅਤ ਸਭ ਇਕੋ ਹੈ :-

ਸੰਤਾਂ ਮਧੇ ਗੋਬਿੰਦੁ ਆਛੈ, ਗੋਕਲ ਮਧੇ ਸਿਆਮ ਗੋ ।।
ਨਾਮੇ ਮਧੇ ਰਾਮੁ ਆਛੈ, ਰਾਮ ਸਿਆਮ ਗੋਬਿੰਦ ਗੋ ।।4।।3।।[82]

(7) ਰਾਗ ਤਿਲੰਗ ( ਦੋ ਸ਼ਬਦ )

ਇਹਨਾਂ ਸ਼ਬਦਾਂ ਵਿਚ ਪ੍ਰਮਾਤਮਾ ਦੀ ਭਗਤੀ ਉਪਰ ਬਲ ਦਿੰਦਿਆਂ ਕਿਹਾ ਗਿਆ ਹੈ " ਕਰੀਮਾਂ ਰਹੀਮਾਂ ਅਲਹ ਤੂ ਗਨੀ " ਹੈ ।

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ।।
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ।।੧।। ਰਹਾਉ ।।
ਕਰੀਮਾਂ ਰਹੀਮਾਂ ਅਲਹ ਤੂੰ ਗਨੀ ।।
ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ।।੧।।
ਦਰੀਆਉ ਤੂ ਦਿਹੰਦ ਤੂ ਬਿਸੀਅਰ ਤੂ ਧਨੀ ।।
ਦੇਹਿ ਲੇਹਿ ਏਕ ਤੂੰ ਦਿਗਰ ਕੋ ਨਹੀ ।।2।।
ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ।।
ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ।।3।।

(8) ਰਾਗ ਬਿਲਾਵਲ ( ਇਕ ਸ਼ਬਦ )

ਇਸ ਸ਼ਬਦ ਵਿਚ ਭਗਤ ਜੀ ਨੇ ਗੁਰਮਤਿ ਦੀ ਰਹੁ ਰੀਤ ਗੁਰੂ - ਭਗਤੀ ਤੇ ਪ੍ਰਭੂ ਭਗਤੀ ਨੂੰ ਅਧਾਰ ਬਣਾਇਆ ਹੈ :-

ਸਫਲ ਜਨਮੁ ਮੋਕਉ ਗੁਰ ਕੀਨਾ ।। ਦੁਖ ਬਿਸਾਰਿ ਸੁਖ ਅੰਤਰਿ ਲੀਨਾ ।੧।
ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ।।ਰਾਮ ਨਾਮ ਬਿਨੁ ਜੀਵਨੁ ਮਨ ਹੀਨਾ।੧।
। ਰਹਾਉ ।
ਨਾਮਦੇਇ ਸਿਮਰਨੁ ਕਰਿ ਜਾਨਾਂ ।। ਜਗਜੀਵਨ ਸਿਉ ਜੀਉ ਸਮਾਨਾਂ ।2।

(9) ਰਾਗ ਗੋਂਡ ( ਸਤ ਸ਼ਬਦ )

ਇਹਨਾਂ ਸ਼ਬਦਾਂ ਵਿਚ ਭਗਤ ਨਾਮਦੇਵ ਜੀ ਧਰਮਾਂ ਦੇ ਹੱਦ ਬੰਨਿਆਂ ਤੋ ਉਪਰ ਹੋ ਪ੍ਰਭੂ ਦੇ ਗਿਆਨੀ ਬਣ ਕਰਿ ਉਠਦੇ ਹਨ :-

ਹਿੰਦੂ ਅੰਨ੍ਹਾ ਤੁਰਕੂ ਕਾਣਾ ।। ਦੋਹਾਂ ਤੇ ਗਿਆਨੀ ਸਿਆਣਾ ।।
ਹਿੰਦੂ ਪੂਜੈ ਦੇਹੁਰਾ ਮੁਸਲਮਾਨ ਮਸੀਤਿ ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ।।[85]

(10) ਰਾਗ ਰਾਮਕਲੀ ( ਚਾਰ ਸ਼ਬਦ )

ਪਹਿਲੇ ਸ਼ਬਦ ਵਿਚ ਭਗਤ ਜੀ ਪ੍ਰੀਤ ਦਾ ਸਰੂਪ ਦਸਦਿਆਂ ਹੋਇਆਂ ਕਹਿੰਦੇ ਹਨ ਕਿ ਕੰਮ ਕਾਰ ਕਰਦਿਆਂ ਸੁਰਤ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਰਹੇ :-

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕ ਪਾਲਨ ਪਉਢੀਅਲੇ ।।
ਅੰਤਹਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੈ ।।[86]

ਦੂਸਰੇ ਸ਼ਬਦ ਵਿਚ ਭਗਤ ਜੀ ਫਰਮਾਉਂਦੇ ਹਨ ਕਿ ਜਿਸ ਮਨੁੱਖ ਦਾ ਮਨ ਸਿਫਤਿ - ਸਲਾਹ ਦੀ ਬਰਕਤਿ ਨਾਲ ਸਦਾ ਪਰਮਾਤਮਾ ਵਿਚ ਟਿਕਿਆ ਰਹੇ ਉਸ ਨੂੰ ਸ਼ਾਸਤਰਾਂ ਦੇ ਕਰਮ - ਕਾਂਡ, ਜੋਗੀਆਂ ਦੇ ਪ੍ਰਾਣਾਯਾਮ, ਤੀਰਥਾਂ ਦੇ ਇਸ਼ਨਾਨ ਤੇ ਲੋਕ - ਸੋਭਾ ਦੀ ਪ੍ਰਵਾਹ ਨਹੀਂ ਰਹਿੰਦੀ :-

ਬੇਦ ਪੁਰਾਨ ਸਾਸਤ੍ਰ ਆਨੰਤਾ, ਗੀਤ ਕਬਿਤ ਨ ਗਾਵਉਗੋ ।।
ਅਖੰਡ ਮੰਡਲ ਨਿਰੰਕਾਰ ਮਹਿ, ਅਨਹਦ ਬੇਨੁ ਬਜਾਵਉਗੋ ।।੧।।
ਬੈਰਾਗੀ ਰਾਮਹਿ ਗਾਵਉਗੋ ।। ਸ਼ਬਦਿ ਅਤੀਤ ਅਨਾਹਦਿ ਰਾਤਾ,
ਆਕੁਲ ਕੈ ਘਰਿ ਜਾਉਗੋ ।। ੧ ।। ਰਹਾਉ ।।
ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ।।
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ।।2।।
ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ।।
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰ ਨ੍ਹਾਉਗੋ ।।3।।

ਪੈਰ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ।।
ਨਾਮਾ ਕਹੈ ਚਿਤੁ ਹਰ ਸਿਉ ਰਾਤਾ ਸੁੰਨ ਸਮਾਧ ਸਮਾਉਗੋ ।।4।।2।।[87]

ਤੀਸਰੇ ਸ਼ਬਦ ਵਿਚ ਭਗਤ ਜੀ ਫ਼ਰਮਾਉਂਦੇ ਹਨ ਕਿ ਆਪਣੇ ਉਧਾਰ ਵਾਸਤੇ ਕੋਈ ਤਾਂ ਸਾਸਤਰਾਂ ਦੇ ਦੱਸੇ ਹੋਏ ਕਰਮਾਂ ਦੀ ਆਸ ਰੱਖੀ ਬੈਠਾ ਹੈ, ਕੋਈ ਪ੍ਰਾਣਾਯਾਮ ਦੀ ਟੇਕ ਰਖਦਾ ਹੈ, ਕਿਸੇ ਨੇ ਤੁਸਲੀ ਮਾਲਾ ਆਦਿਕ ਧਾਰਮਕਿ ਚਿੰਨਾਂ ਦਾ ਆਸਰਾ ਲਿਆ ਹੈ, ਪਰ ਗੁਰੂ ਦੀ ਸ਼ਰਨ ਪਿਆਂ ਸਮਝ ਆਉਂਦੀ ਹੈ ਕਿ ਅਸਲ ਸਹਾਈ ਪ੍ਰਭੂ ਆਪ ਹੈ । ਚੌਥੇ ਸ਼ਬਦ ਵਿਚ ਸਿਮਰਨ ਦੀ ਮਹਾਨਤਾ - ਤਪ, ਤੀਰਥ-ਇਸ਼ਨਾਨ, ਦਾਨ, ਮੂਰਤੀ - ਪੂਜਾ, ਇਹ ਕੋਈ ਵੀ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦੇ ।

(11) ਰਾਗ ਮਾਲੀ ਗਉੜਾ ( ਤਿੰਨ ਸ਼ਬਦ )

ਭਗਤ ਨਾਮ ਦੇਵ ਜੀ ਉਸ ਬੀਠੁਲ ਨੂੰ ਜਿਸ ਨੇ ਗਜ, ਦ੍ਰੋਪਤੀ ਦੀ ਨਾਰਿ ਅਹਲਿਆ ਦੀ ਰਖਿਆ ਕੀਤੀ ਜੀ ਉਸ ਨੂੰ ਘਟ ਘਟ ਮੌਜੂਦ ਦਸਦੇ ਹਨ । ਹੋਰ ਆਸਾ ਛਡ ਉਸੇ ਦਾ ਆਸਰਾ ਲੈਣ ਲਈ ਕਹਿੰਦੇ ਹਨ :-

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ।। ਰਾਮ ਬਿਨਾ ਕੋ ਬੋਲੈ ਰੇ ।।ਰਹਾਉ।।
ਏਕਲ ਮਾਟੀ ਕੁੰਜਰ ਚੀਟੀ, ਭਾਜਨ ਹੈ ਬਹੁ ਨਾਨਾ ਰੇ ।।
ਅਸਥਾਵਰ ਜੰਗਮ ਕੀਟ ਪਤੰਗਮ, ਘਟਿ ਘਟਿ ਰਾਮੁ ਸਮਾਨਾ ਰੇ ।।੧।।
ਏਕਲ ਚਿੰਤਾ ਰਾਖੁ ਅਨੰਤਾ, ਅਉਰ ਤਜਹੁ ਸਭ ਆਸਾ ਰੇ ।।
ਪ੍ਰਣਵੈ ਨਾਮਾ ਭਏ ਨਿਹਕਾਮਾ, ਕੋ ਠਾਕੁਰੁ ਕੋ ਦਾਸਾ ਰੇ ।।2।।3।।[88]

(12) ਰਾਗ ਮਾਰੂ ( ਇਕ ਸ਼ਬਦ )

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਸੁਦਾਮੇ, ਧ੍ਰੂ, ਪ੍ਰਹਿਲਾਦ, ਅਟਲ ਆਦਿ ਭਗਤਾਂ ਦੀ ਭਗਤੀ ਦਰਸਾ ਕੇ ਜੀਵ ਨੂੰ ਪ੍ਰਭੂ ਭਗਤੀ ਵਲ ਪਰੇਰ ਦੇ ਹਨ ।

ਅੰਬਰੀਕ ਕਉ ਦੀਓ ਅਭੈਪਦੁ ਰਾਜ ਭਭੀਖਨ ਅਧਿਕ ਕਰਿਓ ।।
ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ ।।3।।
ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ ।।
ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂ ਬਲਿ ਕੇ ਦੁਆਰ ਖਰੋ ।।4।।[89]

## (13) ਰਾਗ ਭੈਰਉ ( ਬਾਰਾਂ ਸ਼ਬਦ )

ਇਸ ਰਾਗ ਦੇ ਪਦਿਆਂ ਵਿਚ ਪਰਮੁਖ ਮਜ਼ਬੂਨ ਨਾਮਦੇਵ ਜੀ ਦੀ ਜੀਵਨੀ ਦੇ ਝਲਕਾਰੇ ਹਨ । ਪਰਸਿਧ ਹੈ ਕਿ ਬਚਪਨ ਵਿਚ ਆਪ ਨੇ ਭੋਲੇ ਭਾ ਕਰਕੇ ਮੰਦਰ ਵਿਚ ਮੂਰਤੀ ( ਗੋਬਿੰਦ ) ਨੂੰ ਦੁਧ ਪਿਲਾਇਆ ਸੀ ।[90]

ਦੂਧੁ ਕਟੋਰੈ ਗਡਵੈ ਪਾਨੀ ।। ਕਪਲ ਗਾਇ ਨਾਮੈ ਦੁਹਿ ਆਨੀ ।।੧।।
ਦੂਧੁ ਪੀਉ ਗੋਬਿੰਦੇ ਰਾਇ ।। ਦੂਧੁ ਪੀਉ ਮੇਰੋ ਮਨੁ ਪਤੀਆਇ ।।
ਨਾਹੀ ਤ ਘਰ ਕੋ ਬਾਪੁ ਰਿਸਾਇ ।।੧।। ਰਹਾਉ ।।
ਸੋੁਇਨ ਕਟੋਰੀ ਅੰਮ੍ਰਿਤ ਭਰੀ ।। ਲੈ ਨਾਮੈ ਹਰਿ ਆਗੈ ਧਰੀ ।।2।।
ਏਕੁ ਭਗਤੁ ਮੇਰੇ ਹਿਰਦੇ ਬਸੈ ।। ਨਾਮੇ ਦੇਖਿ ਨਰਾਇਨੁ ਹਸੈ ।।3।।
ਦੂਧੁ ਪੀਆਇ ਭਗਤੁ ਘਰਿ ਗਇਆ ।। ਨਾਮੇ ਹਰਿ ਕਾ ਦਰਸਨੁ ਭਇਆ ।।4।।[91]

ਭਗਤ ਨਾਮਦੇਵ ਜੀ ਵਿਕਾਰੀ ਦੇ ਜੀਵਨ ਬਾਰੇ ਦਸਦੇ ਕਹਿੰਦੇ ਹਨ ਕਿ ਵਿਕਾਰਾਂ ਦੀ ਅਬੁੱਝਵੀ ਅੱਗ ਸਦਾ ਉਸ ਨੂੰ ਸਾੜਦੀ ਰਹਿੰਦੀ ਹੈ । ਪ੍ਰਭੂ ਦੀ ਮਿਹਰ ਹੋਵੇ ਤਾਂ ਗੁਰੂ ਦੀ ਸਰਨ ਪਿਆਂ ਖੁਲਾਸੀ ਹੁੰਦੀ ਹੈ :-

ਘਰ ਕੀ ਨਾਰਿ ਤਿਆਗੈ ਅੰਧਾ ।। ਪਰ ਨਾਰੀ ਸਿਉ ਘਾਲੈ ਧੰਧਾ ।।
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ।। ਅੰਤ ਕੀ ਬਾਰ ਮੂਆ ਲਪਟਾਨਾ ।।੧।।

ਪਾਪੀ ਕਾ ਘਰੁ ਅਗਨੇ ਮਾਹਿ ।।ਜਲਤ ਰਹੈ ਮਿਟਵੈ ਕਬ ਨਾਹਿ ।।੧।।ਰਹਾਉ।।
ਹਰਿ ਕੀ ਭਗਤਿ ਨ ਦੇਖੈ ਜਾਇ ।। ਮਾਰਗੁ ਛੋਡਿ ਅਮਾਰਗਿ ਪਾਇ ।।
ਮੂਲਹੁ ਭੂਲਾ ਆਵੈ ਜਾਇ ।। ਅੰਮ੍ਰਿਤੁ ਡਾਰਿ, ਲਾਦਿ ਬਿਖੁ ਖਾਇ ।। 2 ।।
ਜਿਉ ਬੇਸ੍ਵਾ ਕੇ ਪਰੈ ਅਖਾਰਾ ।। ਕਾਪਰੁ ਪਹਿਰਿ ਕਰਹਿ ਸੀਗਾਰਾ ।।
ਪੂਰੇ ਤਾਲ ਨਿਹਾਲੇ ਸਾਸ ।। ਵਾ ਕੇ ਗਲੇ ਜਮ ਕਾ ਹੈ ਫਾਸ ।। 3 ।।
ਜਾ ਕੇ ਮਸਤਕਿ ਲਿਖਿਓ ਕਰਮਾ ।। ਸੋ ਭਜਿ ਪਰਿਹੈ ਗੁਰ ਕੀ ਸਰਨਾ ।।
ਕਹਤ ਨਾਮਦੇਉ ਇਹੁ ਬੀਚਾਰੀ ।। ਇਨ ਬਿਧਿ ਸੰਤਹੁ ਉਤਰਹੁ ਪਾਰਿ ।।4।।2।।[92]

(14) ਰਾਗ ਬਸੰਤ ( ਤਿੰਨ ਸ਼ਬਦ )

ਪਹਿਲੇ ਸ਼ੱਬਦ ਵਿਚ ਭਗਤ ਨਾਮਦੇਵ ਫੁਰਮਾਉਂਦੇ ਹਨ ਕਿ ਚਾਹੇ ਕਸ਼ਟ ਆਉਣ ਚਾਹੇ ਲੋਕ ਠੱਠਾ ਕਰਨ, ਭਗਤ ਜਨ ਪ੍ਰਭੂ ਦੀ ਭਗਤੀ ਨਹੀਂ ਤਿਆਗਦੇ :-

ਸਾਹਿਬੁ ਸੰਕਟਵੈ ਸੇਵਕੁ ਭਜੈ ।।
ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ।।੧।।
ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ।।
ਚਰਨ ਕਮਲ ਮੇਰੇ ਹੀਅਰੇ ਬਸੈ ।।੧।।ਰਹਾਉ ।।
ਜੈਸੇ ਆਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ।।
ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ।।2।।
ਗੰਗ ਗਇਆ ਗੋਦਾਵਰੀ ਸੰਸਾਰ ਕੇ ਕਾਮਾ ।।
ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ।।3।।2।।[93]

ਦੂਸਰੇ ਸ਼ਬਦ ਵਿਚ ਭਗਤ ਜੀ ਦੁਨੀਆਂ ਦੇ ਵਿਕਾਰਾਂ ਤੋ ਬਚਣ ਲਈ ਇਕੋ- ਇਕ ਤਰੀਕਾ ਹੈ - ਪ੍ਰਮਾਤਮਾ ਦੇ ਦਰ ਤੇ ਅਰਦਾਸ ਕਰਨ ਦਾ ਦਸਦੇ ਹਨ :-

ਲੋਭ ਲਹਿਰ ਅਤਿ ਨੀਝਰ ਬਾਜੈ ।।
ਕਾਇਆ ਡੂਬੈ ਕੇਸਵਾ ।। ੧ ।।
ਸੰਸਾਰ ਸਮੁੰਦੇ ਤਾਰਿ ਗੋੁਬਿੰਦ ।।
ਤਾਰਿ ਲੈ ਬਾਪ ਬੀਠਲਾ ।। ੧ ।। ਰਹਾਉ ।।
ਅਨਿਲ ਬੇੜਾ ਹਉ ਖੇਵਿ ਨ ਸਾਕਉ ।।
ਤੇਰਾ ਪਾਰੁ ਨ ਪਾਇਆ ਬੀਠਲਾ ।।2।।
ਹੋਹੁ ਦਇਆਲੁ ਸਤਿਗੁਰ ਮੇਲਿ ਤੂ ।।
ਮੋ ਕਉ ਪਾਰਿ ਉਤਾਰੇ ਕੇਸਵਾ ।। 3।।
ਨਾਮਾ ਕਹੈ ਹਉ ਤਰਿ ਭੀ ਨ ਜਾਨਉ ।।
ਮੋ ਕਉ ਬਾਹਿ ਦੇਹਿ ਬਾਹ ਦੇਹਿ ਬੀਠਲਾ ।।4।।2।।[94]

ਤੀਸਰੇ ਸ਼ਬਦ ਵਿਚ ਧੋਬੀ ਧੋਬਣ ਦੀ ਮਿਸਾਲ ਦੇ ਭਗਤ ਜੀ ਪ੍ਰਭੂ ਭਗਤਾਂ ਨੂੰ ਸਤਿਸੰਗ ਸਰੋਵਰ ਰਾਹੀ ਮਨ ਦੀ ਮੈਲ ਧੋਣ ਲਈ ਕਹਿੰਦੇ ਹਨ :-

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ।।
ਪੀਛੈ ਤਿਨਕਾ ਲੈ ਕਰਿ ਹਾਂਕਤੀ ।।੧।।
ਜੈਸੇ ਪਨਕਤ ਥ੍ਰਟਿਟਿ ਹਾਂਕਤੀ ।।
ਸਰਿ ਧੋਵਨ ਚਾਲੀ ਲਾਡੁਲੀ ।।੧।। ਰਹਾਉ ।।
ਧੋਬੀ ਧੋਵੈ ਬਿਰਹ ਬਿਰਾਤਾ ।।
ਹਰਿ ਚਰਨ ਮੇਰਾ ਮਨੁ ਰਾਤਾ ।।2।।
ਭਣਤਿ ਨਾਮਦੇਉ ਰਮਿ ਰਹਿਆ ।।
ਆਪਨੇ ਭਗਤ ਪਰ ਕਰਿ ਦਇਆ ।।3।।3।।[95]

(15) ਰਾਗ ਸਾਰੰਗ ( ਤਿੰਨ ਸ਼ਬਦ )

ਇਹ ਪਦੇ ਵਿਕਾਰੀ ਮਨ ਨੂੰ ਭਗਤੀ ਵਲ ਬ ਪਰਵਿਰਤ ਹੋਣ ਲਈ ਕਹਿੰਦੇ ਹਨ ਕਿਉਂਕਿ ਭਗਤੀ ਮਨੁੱਖ ਨੂੰ ਮੁਕਤੀ ਦਿੰਦੀ ਹੈ । ਪ੍ਰਮਾਤਮਾ ਆਪ ਕਹਿੰਦਾ ਹੈ ।[96]

ਦਾਸ ਅਨਿੰਨ ਮੇਰੋ ਨਿਜ ਰੂਪ ।। ਦਰਸਨ ਨਿਮਖ ਤਾਪ ਤ੍ਰਈ ਮੋਚਨ
ਪਰਸਤ ਮੁਕਤਿ ਕਰਤ ਗ੍ਰਿਹ ਰੂਪ ।। ੧ ।। ਰਹਾਉ ।।
ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ।।
ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋਪੈ ਜਬਾਬੁ ਨ ਹੋਇ ।।2।।
ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ।।
ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾਕੈ ਪ੍ਰੇਮ ਪ੍ਰਗਾਸ ।।2।।3।।[97]

(16) ਰਾਗ ਮਲਾਰ ( ਦੋ ਸ਼ਬਦ )

ਪਹਿਲੇ ਸ਼ਬਦ ਵਿਚ ਭਗਤ ਜੀ ਬੇਨਤੀ ਕਰਦੇ ਫੁਰਮਾਉਂਦੇ ਪ੍ਰਭੂ ਅਗੇ ਕਿ ਮੈਨੂੰ ਉਸ ਪ੍ਰਮਾਤਮਾ ਦੀ ਤੱਟ ਆਸਰਾ ਹੈ ਸਾਰੇ ਭਗਤ ਜਿਸ ਦੇ ਝੰਡੇ ਹੇਠ ( ਅਨੰਦ ਮਾਣ ਰਹੇ ) ਹਨ ।

ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ।।
ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ ।। ੧ ।। ਰਹਾਉ ।।[98]

ਦੂਸਰੇ ਸ਼ਬਦ ਵਿਚ ਭਗਤ ਜੀ ਬੇਨਤੀ ਕਰਦੇ ਹਨ :-

ਮਲਾਰ ।। ਮੋ ਕਉ ਤੂੰ ਨ ਬਿਸਾਰਿ, ਤੂ ਨ ਬਿਸਾਰਿ ।।
ਤੂ ਨ ਬਿਸਾਰੇ ਰਾਮਈਆ ।। ੧ ।। ਰਹਾਉ ।।
ਆਲਾਵੰਤੀ ਇਹ ਭ੍ਰਮੁ ਜੋ ਹੈ, ਮੁਝ ਊਪਰਿ ਸਭ ਕੋਪਿਲਾ ।।
ਸੂਦੁ ਸੂਦੁ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪ ਬੀਠੁਲਾ ।।੧।।
ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨ ਜਾਨੈ ਕੋਇਲਾ ।।
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ।।2।।

ਤੂ ਜੁ ਦਇਆਲ ਕ੍ਰਿਪਾਲ ਕਹੀਅਤੁ ਹੈਂ, ਅਤਿ ਭੁਜ ਭਇਓ ਅਪਾਰਲਾ ॥
ਫੇਰਿ ਦੀਆ ਦੇਹੁਰਾ ਨਾਮੇ ਕਉ, ਪੰਡੀਅਨ ਕਉ ਪਿਛਵਾਰਲਾ ॥3॥2॥[99]

(17) ਰਾਗ ਕਾਨੜਾ ( ਇਕ ਸ਼ਬਦ )

ਇਸ ਸ਼ਬਦ ਵਿਚ ਨਾਮਦੇਵ ਜੀ ਪਰਮਾਤਮਾ ਦੇ ਸਿਰਫ਼ ਇਸ ਗੁਣ ਉਤੇ ਜ਼ੋਰ ਦੇ ਰਹੇ ਹਨ ਕਿ ਉਹ ਹਰੇਕ ਜੀਵ ਦੇ ਅੰਦਰ ਵੱਸਦਾ ਹੋਇਆ ਵੀ ਮਾਇਆ ਦੇ ਬੰਧਨਾਂ ਵਿਚ ਕਦੇ ਨਹੀਂ ਫਸਿਆ । ਅਖੀਰ ਤੇ ਆਖਦੇ ਹਨ ਕਿ ਮੈਂ ਤਾਂ ਅਜਿਹੇ 'ਰਾਮ' ਨੂੰ ਹੀ (ਬੀਠੁਲ) ਆਖਦਾ ਹਾਂ ।[100]

ਐਸੇ ਰਾਮ ਰਾਇ ਅੰਤਰਜਾਮੀ ॥
ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ਰਹਾਉ॥
ਬਸੈ ਘਟਾ ਘਟ, ਲੀਪ ਨ ਛੀਪੈ ॥
ਬੰਧਨ ਮੁਕਤਾ, ਜਾਤੁ ਨ ਦੀਸੈ ॥੧॥
ਪਾਨੀ ਮਹਿ ਦੇਖੁ ਮੁਖੁ ਜੈਸਾ ॥
ਨਾਮੇ ਕੋ ਸੁਆਮੀ ਬੀਠੁਲ ਐਸਾ ॥2॥੧॥[101]

(18) ਰਾਗ ਪ੍ਰਭਾਤੀ ( ਤਿੰਨ ਸ਼ਬਦ )

ਪਹਿਲੇ ਸ਼ਬਦ ਵਿਚ ਭਗਤ ਜੀ ਸਿਮਰਨ ਦੀ ਬਰਕਤ ਨਾਲ ਸਰਬ-ਵਿਆਪਕ ਪਰਮਾਤਮਾ ਨੂੰ ਹਿਰਦੇ ਵਿਚ ਹੀ ਲਭ ਲੈਂਦੇ ਦਸਦੇ ਹਨ ।

ਦੂਸਰੇ ਸ਼ਬਦ ਵਿਚ ਦਸਦੇ ਹਨ ਕਿ ਸਿਮਰਨ ਦੀ ਬਰਕਤਿ ਨਾਲ ਪਰਮਾਤਮਾ ਵਾਲੇ ਗੁਣ ਭਗਤ ਦੇ ਅੰਦਰ ਪੈਦਾ ਹੋ ਜਾਂਦੇ ਹਨ ।

ਤੀਸਰੇ ਸ਼ਬਦ ਵਿਚ ਦਸਦੇ ਹਨ ਕਿ ਸਰਬ - ਵਿਆਪਕ ਪਰਮਾਤਮਾ ਨੇ ਜਗਤ ਦੀ ਇਹ ਖੇਡ ਆਪ ਹੀ ਰਚਾਈ ਹੈ ।

<u>ਭਗਤ ਸਧਨਾ ਜੀ</u> :- ਭਗਤ ਸਧਨਾ ਜੀ ਦਾ ਇਕੋ ਇਕ ਸ਼ਬਦ ਰਾਗ ਬਿਲਾਵਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਮਨਮੁਖ ਇਸ ਸ਼ਬਦ ਦੇ ਅਰਥ ਆਪਣੀ ਸੋਚਣੀ ਅਨੁਸਾਰ ਕਰਕੇ ਵਖ ਵਖ ਕਹਾਣੀਆਂ ਘੜ ਸੰਗਤਾਂ ਨੂੰ ਭੁਲੇਖੇ ਪਾਉਣ ਦੇ ਕੋਝੇ ਯਤਨ ਕਰ ਚੁੱਕੇ ਹਨ। ਪਰ ਸੱਚਾਈ ਸਚਾਈ ਹੀ ਹੁੰਦੀ ਹੈ। ਜਿਸ ਨੂੰ ਮੁੱਖ ਰਖਕੇ ਗੁਰੂ ਸਹਿਬਾਨ ਨੇ ਭਗਤ ਸਧਨਾ ਜੀ ਦਾ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦਾ ਮਾਣ ਸਖਸ਼ਿਆਂ ਤੇ ਇਸ ਸ਼ਬਦ ਨੂੰ ਗੁਰੂ ਦੀ ਪਦਵੀ ਅਜ ਪ੍ਰਾਪਤ ਹੈ। ਗੁਰਬਾਣੀ 'ਜਿਥੈ ਜੋਰ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ' ਦੇ ਸੁਨਿਹਰੀ ਸਿਧਾਂਤਾ ਨੂੰ ਦ੍ਰਿੜਾਉਂਦੀ ਹੋਈ ਕਸਾਈ ਤੇ ਨੀਵੇਂ ਕਿੱਤੇ ਕਰਨ ਵਾਲਿਆ ਵਿਚ ਭੀ ਉਸੇ ਦੀ ਨਦਰ ਵੇਖ ਉਸ ਦਾ ਰੂਪ ਸਮਝਦੀ ਹੈ। ਭਾਵੇਂ ਸਾਲਗਰਾਮ ਦੀ ਪੂਜਾ, ਉਸ ਨੂੰ ਮਾਸ ਤੋਲਣ ਵਾਲੀ ਤਕੜੀ ਵਿਚ ਵਟੇ ਦੀ ਥਾਂ ਵਰਤ ਛੂਟੇ ਦੇ ਕੇ ਕਰਦੇ ਹਨ। ਭੇਖੀਆਂ ਤੇ ਕਹਿਣੀ ਕਰਨੀ ਦੇ ਅੰਤਰ ਵਾਲਿਆ ਨਾਲੋਂ ਉਸ ਕਸਾਈ ਕੋਲ ਹੀ ਸਾਲਗਰਾਮ ਰਹਿਣਾ ਪਸੰਦ ਕਰਦਾ ਹੈ। ਇਹ ਪਿਆਰ ਤੇ ਰੱਬੀ ਕ੍ਰਿਪਾਲਤਾ ਦੀ ਵਡਿਆਈ ਹੈ।

ਸ਼ਬਦ ਦਾ ਭਾਵ ਤਾਂ ਬੜਾ ਸਾਫ਼ ਸਿਧਾ ਹੈ ਕਿ ਭਗਤ ਸਧਨਾ ਜੀ ਪ੍ਰਮਾਤਮਾ ਅੱਗੇ ਅਰਦਾਸ ਕਰਕੇ ਆਖਦੇ ਹਨ - ਹੇ ਪ੍ਰਭੂ ! ਸੰਸਾਰ - ਸਮੁੰਦਰ ਵਿਚ ਵਿਕਾਰਾਂ ਦੀਆਂ ਅਨੇਕਾਂ ਲਹਿਰਾ ਉਠ ਰਹੀਆਂ ਹਨ, ਮੈਂ ਆਪਣੀ ਹਿੰਮਤ ਨਾਲ ਇਹਨਾਂ ਵਿਚ ਆਪਣੀ ਕਮਜ਼ੋਰ ਜਿੰਦ ਦੀ ਨਿੱਕੀ ਜਿਹੀ ਬੇੜੀ ਨੂੰ ਡੁਬਣ ਤੋਂ ਬਚਾ ਨਹੀਂ ਸਕਦਾ। ਮਨੁੱਖਾ ਜੀਵਨ ਦਾ ਸਮਾਂ ਮੁੱਕਦਾ ਜਾ ਰਿਹਾ ਹੈ, ਤੇ ਵਿਕਾਰ ਮੁੜ ਮੁੜ ਹੱਲੇ ਕਰ ਰਹੇ ਹਨ, ਛੇਤੀ ਬਹੁੜ, ਮੈਨੂੰ ਇਹਨਾਂ ਦੇ ਹੱਲਿਆ ਤੋਂ ਬਚਾ ਲੈ।[102]

ਬਾਣੀ ਸਧਨੇ ਕੀ ਰਾਗੁ ਬਿਲਾਵਲੁ ।।
ਨ੍ਰਿਪ ਕੰਨਿਆ ਕੇ ਕਾਰਨੈ, ਇਕ ਭਇਆ ਭੇਖਧਾਰੀ ।।
ਕਾਮਾਰਥੀ ਸੁਆਰਥੀ, ਵਾ ਕੀ ਪੈਜ ਸਵਾਰੀ ।।੧।।
ਤਵ ਗੁਨ ਕਹਾ ਜਗਤ ਗੁਰਾ, ਜਉ ਕਰਮੁ ਨ ਨਾਸੈ ।।

ਸਿੰਘ ਸਰਨ ਕਤ ਜਾਈਏ, ਜਉ ਜੰਬੁਕੁ ਗ੍ਰਾਸੈ ॥੧॥ਰਹਾਉ॥
ਏਕ ਬੂੰਦ ਜਲ ਕਾਰਨੇ, ਚਾਤ੍ਰਿਕੁ ਦੁਖੁ ਪਾਵੈ ॥
ਪ੍ਰਾਨ ਗਏ ਸਾਗਰ ਮਿਲੈ, ਫੁਨਿ ਕਾਮ ਨ ਆਵੈ ॥2॥
ਪ੍ਰਾਨ ਜੁ ਥਾਕੇ ਥਿਰੁ ਨਹੀਂ, ਕੈਸੇ ਬਿਰਮਾਵਉ ॥
ਬੂਡਿ ਮੂਏ ਨਉਕਾ ਮਿਲੈ, ਕਹੁ ਕਾਹਿ ਚਢਾਵਉ ॥3॥
ਮੈ ਨਾਹੀ ਕਛੁ ਹਉ ਨਹੀ, ਕਿਛ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ, ਸਧਨਾ ਤਨੁ ਤੋਰਾ ॥4॥੧॥[103]

ਉਪਰੋਕਤ ਸ਼ਬਦ ਵਿਚੋਂ ਕਈ ਲੇਖਕ ਟਪਲਾ ਖਾ ਭਗਤ ਸਧਨਾ ਜੀ ਨੂੰ ਵਿਸ਼ਨੂੰ ਦਾ ਉਪਾਸਕ ਸਿਧ ਕਰਨ ਦੀ ਕੋਸ਼ਿਸ਼ ਕਰਦੇ ਹਨ । ਇਸ ਭੁਲੇਖੇ ਨੂੰ ਦੂਰ ਕਰਨ ਹਿਤ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦਾ ਮਾਰੂ ਰਾਗ ਵਿਚ ਇਕ ਸ਼ਬਦ ਦੇਖੋ :-

ਮਾਰੂ ਮਹਲਾ ॥9॥ ਹਰਿ ਕੋ ਨਾਮ ਸਦਾ ਸੁਖਦਾਈ ॥
ਜਾ ਕਉ ਸਿਮਰਿ ਅਜਾਮਲੁ ਉਧਰਿਓ, ਗਨਕਾ ਹੂ ਗਤਿ ਪਾਈ ॥੧॥ਰਹਾਉ॥
ਪੰਚਾਲੀ ਕਉ ਰਾਜਸਭਾ ਮਹਿ, ਰਾਮ ਨਾਮ ਸੁਧਿ ਆਈ ॥
ਤਾ ਕੋ ਦੂਖੁ ਹਰਿਓ ਕਰੁਣਾਮੈ, ਆਪ ਨੀ ਪੈਜ ਬਢਾਈ ॥੧॥
ਜਿਹ ਨਰ ਜਸੁ ਕਿਰਪਾ ਨਿਧਿ ਗਾਇਓ, ਤਾ ਕਉ ਭਇਓ ਸਹਾਈ ॥
ਕਹੋ ਨਾਨਕ ਮੈ ਇਹੀ ਭਰੋਸੈ, ਗਹੀ ਆਨਿ ਸਰਨਾਈ ॥2॥੧॥[104]

' ਪੰਚਾਲੀ ' ਦ੍ਰੋਪਦੀ ਦਾ ਨਾਮ ਹੈ ਤੇ ਹਰੇਕ ਹਿੰਦੂ ਸੱਜਣ ਜਾਣਦਾ ਹੈ ਕਿ ਦ੍ਰੋਪਦੀ ਨੇ ਦੁਰਸਾਸਨ ਦੀ ਸਭਾ ਵਿਚ ਨਗਨ ਹੋਣ ਤੋਂ ਬਚਣ ਲਈ ਕ੍ਰਿਸ਼ਨ ਜੀ ਦੀ ਅਰਾਧਨਾ ਕੀਤੀ ਸੀ । ਇਸ ਤੋਂ ਇਹ ਨਤੀਜਾ ਨਹੀਂ ਨਿਕਲ ਸਕਦਾ ਕਿ ਇਸ ਸ਼ਬਦ ਵਿਚ ਸਤਿਗੁਰੂ ਜੀ ਕ੍ਰਿਸ਼ਨ - ਭਗਤੀ ਦਾ ਉਪਦੇਸ਼ ਕਰ ਰਹੇ ਹਨ । ਸਧਨਾ ਜੀ ਦਾ ' ਜਗਤ ਗੁਰੂ ' ਭੀ ਵਿਸ਼ਨੂ ਨਹੀਂ ਹੈ ।[105]

<u>ਭਗਤ ਬੇਣੀ ਜੀ :-</u> ਭਗਤ ਬੇਣੀ ਜੀ ਪਹੁੰਚੇ ਹੋਏ ਜੀਵ ਸਨ, ਉਚ ਕੋਟੀ ਦੇ ਵਿਦਵਾਨ ਤੇ ਸਮਕਾਲੀ ਮੱਤਾ ਮਤਾਂਤਰਾ ਤੋਂ ਪੂਰੀ ਤਰ੍ਹਾਂ ਜਾਣਕਾਰ ਸਨ। ਆਪ ਜੀ ਨੇ ਭਗਤ ਕਬੀਰ ਤੇ ਗੁਰੂ ਨਾਨਕ ਦੇਵ ਜੀ ਵਾਂਗ ਬ੍ਰਾਹਮਣੀ ਧਰਮ ਦੇ ਕਰਮ ਕਾਂਡ ਤੇ ਯੋਗ ਮਤ ਦੀ ਦਲੀਲਾਂ ਸਾਹਿਤ ਆਲੋਚਨਾ ਕੀਤੀ। ਆਪ ਨੇ ਦਿਖਾਵੇ ਦੇ ਭਗਤ ਜੋ ਕਹਿਣੀ ਤੇ ਕਰਨੀ ਦੇ ਅੰਤਰ ਵਾਲੇ ਸਨ ਨੂੰ ਇਹ ਪਾਖੰਡ ਛੱਡ ਸੱਚੇ ਪ੍ਰਭੂ ਦੇ ਲੜ ਲੱਗਣ ਦੀ ਪ੍ਰੇਰਣਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਤਿੰਨ ਸ਼ਬਦ ਤਿੰਨਾਂ ਰਾਗਾਂ ਸਿਰੀ ਰਾਗ, ਰਾਮ ਕਲੀ ਤੇ ਪ੍ਰਭਾਤੀ ਵਿਚ ਇੱਕ ਇੱਕ ਕਰਕੇ ਸ਼ਾਮਲ ਹਨ। ਜਿਥੇ ਆਪ ਜੀ ਦੇ ਵਿਚਾਰਾਂ ਦੀ ਗੁਰਮਤਿ ਸਿਧਾਂਤਾਂ ਨਾਲ ਡੂੰਘੀ ਸਾਂਝ ਹੈ ਉਥੇ ਆਪ ਜੀ ਦਾ ਜੀਵਨ ਵੀ ਗੁਰੂ ਸਾਹਿਬਾਨ ਵਰਗਾ ਉਚੇਰਾ ਤਿਆਗ ਭਰਪੂਰ ਤੇ ਉਸ ਇਕੋ ਪ੍ਰਭੂ ਦੇ ਲੜ ਲੱਗਿਆ ਹੋਇਆ ਸੀ।

ਭਗਤ ਬੇਣੀ ਜੀ ਫੁਰਮਾਉਂਦੇ ਹਨ ਕਿ ਜਗਤ ਦੀ ਮਾਇਆ ਵਿਚ ਫਸ ਕੇ ਜੀਵ ਪ੍ਰਭੂ ਦੀ ਯਾਦ ਭੁਲਾ ਦੇਂਦਾ ਹੈ, ਸਾਰੀ ਉਮਰ ਵਿਕਾਰਾਂ ਵਿਚ ਹੀ ਗੁਜ਼ਾਰਦਾ ਹੈ। ਬੁਢੇਪੇ ਵਿਚ ਸਾਰੇ ਅੰਗ ਕਮਜ਼ੋਰ ਹੋ ਜਾਣ ਤੇ ਭੀ ਹੋਰ ਹੋਰ ਜੀਉਣ ਦੀ ਲਾਲਸਾ ਕਰੀ ਜਾਂਦਾ ਹੈ, ਪਰ ਪ੍ਰਭੂ ਦੀ ਯਾਦ ਵਲ ਫਿਰ ਵੀ ਨਹੀਂ ਪਰਤਦਾ। ਇਸ ਤਰ੍ਹਾਂ ਮਨੁੱਖਾ ਜਨਮ ਅਜਾਈਂ ਗਵਾ ਜਾਂਦਾ ਹੈ।[106]

ਸਿਰੀ ਰਾਗ ਬਾਣੀ ਭਗਤ ਬੇਣੀ ਜੀਉ ਕੀ ॥

ਪਹਰਿਆ ਕੈ ਘਰਿ ਗਾਵਣਾ ॥
ਹੇ ਨਰ, ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥
ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥
ਤੇ ਦਿਨ ਸੰਮੁਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥
ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥
ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥
ਚੇਤਿ ਰਾਮੁ ਨਾਹੀ ਜਮਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥੧॥ਰਹਾਉ॥

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ ।।
ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ।।
ਜਪੁ ਤਪੁ ਸੰਜਮ ਛੋਡਿ ਸੁਕ੍ਰਿਤ ਮਤਿ, ਰਾਮ ਨਾਮੁ ਨ ਅਰਾਧਿਆ ।।
ਉਛਲਿਆ ਕਾਮੁ, ਕਾਲ ਮਤਿ ਲਾਗੀ, ਤਉ ਆਨਿ ਸਕਤਿ ਗਲਿ ਬਾਂਧਿਆ ।।2।।
ਤਰੁਣ ਤੇਜੁ ਪਰ ਤ੍ਰਿਅ ਮੁਖ ਜੋਹਹਿ, ਸੁਰ ਅਪਸਰੁ ਨ ਪਛਾਣਿਆ ।।
ਉਨ ਮਤ ਕਾਮਿ ਮਹਾ ਬਿਖੁ ਭੂਲੈ ਪਾਪ ਪੁੰਨੁ ਨ ਪਛਾਨਿਆ ।।
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ, ਰਾਮੁ ਰਿਦੈ ਤੇ ਖੋਇਆ ।।
ਅਵਰ ਮਰਤ ਮਾਇਆ ਮਨੁ ਤੋਲੇ, ਤਉ ਭਗ ਮੁਖਿ ਜਨਮੁ ਵਿਗੋਇਆ ।।3।।
ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ।।
ਲੋਚਨ ਸ੍ਰਮਹਿ, ਬੁਧਿ ਬਲ ਨਾਠੀ, ਤਾ ਕਾਮੁ ਪਵਸਿ ਮਧਾਣੀ ।।
ਤਾ ਤੇ ਬਿਖੈ ਭਈ ਮਤਿ ਪਾਵਸਿ, ਕਾਇਆ ਕਮਲੁ ਕੁਮਲਾਣਾ ।।
ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ, ਤਉ ਪਾਛੈ ਪਛੁਤਾਣਾ ।।4।।
ਨਿਕੁਟੀ ਦੇਹ ਦੇਖਿ ਧੁਨਿ ਉਪਜੈ, ਮਾਨ ਕਰਤ ਨਹੀਂ ਬੂਝੈ ।।
ਲਾਲਚੁ ਕਰੈ ਜੀਵਨ ਪਦ ਕਾਰਨ, ਲੋਚਨ ਕਛੂ ਨ ਸੂਝੈ ।।
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ।
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ।।5।।[107]

ਅਖੀਰਲੇ ਬੰਦ ਵਿਚ ਤਾਂ ਭਗਤ ਬੇਣੀ ਜੀ ਕੁਆੜ ਖੋਲ ਕੇ ਰਖ ਦਿੰਦੇ ਹਨ ਕਿ ਜਿਹੜੇ ਜੀਵ ਦਾ ਹੇ ਸੰਤ ਜਨੋ ! ਸਾਰੀ ਜ਼ਿੰਦਗੀ ਇਹੀ ਹਾਲ ਰਿਹਾ ਭਾਵ ਜੀਊਂਦਿਆਂ ਕਿਸੇ ਵੇਲੇ ਵੀ ਵਿਕਾਰਾਂ ਤੇ ਮੋਹ ਤੋ ਮੁਕਤ ਨਾਹ ਹੋਇਆ, ਜੇ ਜੀਵਨ-ਮੁਕਤ ਨਾਹ ਹੋਇਆ ਤਾਂ ਇਹ ਸਚ ਜਾਣੋ ਕਿ ਮਰਨ ਤੋ ਪਿਛੋ ਮੁਕਤੀ ਕਿਸੇ ਨੂੰ ਨਹੀਂ ਮਿਲਦੀ । ਇਹ ਸਚਾਈ ਤਾਂ ਇਨਸਾਨ ਨੂੰ ਭਗਤੀ ਰਾਹੀਂ ਅਗਲੇ ਜਨਮ ਨੂੰ ਸੁਆਰਨ ਦੀ ਬਜਾਏ ਇਸੇ ਜੀਵਨ - ਜਾਮੇ ਦੀ ਕਾਇਆ ਕਲਪ ਦੀ ਗਲ ਕਰਦੀ ਹੈ ਜੇ ਭਗਤੀ ਦੁਆਰਾ ਮਨੁੱਖ ਇਸ ਜੀਵਨ ਵਿਚ ਵਿਸ਼ਿਆਂ, ਵਿਕਾਰਾਂ ( ਕਾਮ, ਕਰੋਧ, ਲੋਭ, ਮੋਹ, ਹੰਕਾਰ ) ਤੋਂ ਮੁਕਤ ਨਹੀ ਹੁੰਦਾ ਤਾਂ ਸਮਝੋ ਉਸ ਦੀ ਭਗਤੀ ਵਿਚ ਕਿਤੇ ਤਰੁਟੀ ਰਹਿ ਗਈ ਜਿਸ ਕਰਕੇ ਉਹ ਅਜੇ ਬ੍ਰਹਮ ਗਿਆਨੀ ਦੀ ਪਦਵੀ ਤਕ ਨਹੀਂ ਪਹੁੰਚ ਸਕਿਆ ।

ਭਗਤ ਬਾਣੀ ਨਾਲ ਗੁਰਮਤਿ ਦੀ ਸਾਂਝ ਹਿੱਤ ਭਗਤ ਬੇਣੀ ਦੇ ਸ਼ਬਦ ਨਾਲ ਗੁਰੂ ਨਾਨਕ ਸਾਹਿਬ ਦਾ ਸ਼ਬਦ ਪੜ੍ਹੋ, ਜੋ ਸਿਰੀ ਰਾਗ ਵਿਚ ਹੀ ਦਰਜ ਹੈ:-

ਸਿਰੀ ਰਾਗ ਮਹਲਾ ੧ ਪਹਰੇ ਘਰੁ ੧ ।।

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ।।
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ।।
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ।।
ਨਾ ਮਰਜਾਦੁ ਆਇਆ ਕਲਿ ਭੀਤਰਿ ਬਹੁੜਿ ਜਾਸੀ ਨਾਗਾ ।।
ਜੈਸੀ ਕਲਮ ਵੁੜੀ ਹੈ ਮਸਤਕਿ, ਤੈਸੀ ਜੀ ਅੜੇ ਪਾਸਿ ।।
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ, ਹੁਕਮਿ ਪਇਆ ਗਰਭਾਸਿ ।।੧।।
ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨ ।।
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਸੁਧਾ ਘਰਿ ਦਾਨੁ ।।
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ।।
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ।।
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨ ।।
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨ ।।2।।
ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ।।
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ।।
ਹਰਿ ਕਾ ਨਾਮੁ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ।।
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ।।
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ।।
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ।।3।।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ, ਆਇਆ ਖੇਤੁ ।।
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ।।
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ।।
ਝੂਠਾ ਰੁਦਨੁ ਹੋਆ ਦੋੁਆਲੈ ਖਿਨ ਮਹਿ ਭਇਆ ਪਰਾਇਆ ।।
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ।।
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ।।4।।੧।।[108]

(1) ਤੁਕਾਂ ਦੀ ਚਾਲ ਗੁਰੂ ਨਾਨਕ ਦੇਵ ਅਤੇ ਬੇਣੀ ਜੀ ਦੀ ਸਾਂਝੀ ਇਕ ਸਮਾਨ ਹੈ ।

(2) ਦੋਹਾਂ ਵਿਚ ਕਈ ਲਫ਼ਜ਼ ਸਾਂਝੇ ਹਨ ।

| | |
|---|---|
| ਗੁਰੂ ਨਾਨਕ | ਬੇਣੀ |
| ਗਰਭਾਸਿ | ਗਰਭ ਕੁੰਡਲ |
| ਉਰਧ ਤਪੁ | ਉਰਧ ਧਿਆਨ |

(3) ਇਕ 'ਤੁਕ' ਹੂ-ਬ-ਹੂ ਮਿਲਦੀ ਹੈ :-

ਬੇਣੀ ਜੀ — 'ਉਰਧ ਧਿਆਨ ਲਿਵ ਲਾਗਾ'
ਗੁਰੂ ਨਾਨਕ ਦੇਵ — 'ਉਰਧ ਧਿਆਨਿ ਲਿਵ ਲਾਗਾ'

ਇਹ ਸਾਂਝ ਸਬੱਬ ਨਾਲ ਨਹੀਂ ਹੋ ਗਈ । ਸਾਫ਼ ਪ੍ਰਤੱਖ ਹੈ ਕਿ ਬੇਣੀ ਜੀ ਦਾ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੇ ਪਾਸ ਮੌਜੂਦ ਸੀ । ਬੇਣੀ ਜੀ ਦੇ ਖਿਆਲਾਂ ਨੂੰ ਸਤਿਗੁਰੂ ਜੀ ਨੇ 'ਪਹਰਿਆਂ' ਦੇ ਦੋਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ ।[109]

ਰਾਗ ਰਾਮਕਲੀ ਵਿਚ ਭਗਤ ਬੇਣੀ ਜੀ ਦਾ ਇਕ ਸ਼ਬਦ ਹੈ । ਜਿਸ ਵਿਚ ਭਗਤ ਜੀ ਦਸਦੇ ਹਨ ਕਿ ਮਾਇਆ-ਰਹਿਤ ਰਾਮ ਉਸ ਅਵਸਥਾ ਵਿਚ ( ਮਨੁੱਖ

ਦੇ ਮਨ ਵਿਚ ) ਵੱਸਦਾ ਹੈ , ਨਿਰੰਜਨ ਜੋਤ ਨਾਮ ਪ੍ਰਗਟ ਹੁੰਦਾ ਏ, ਜਿਸ ਅਵਸਥਾ ਤਲ ਸਾਂਝ ਕੋਈ ਵਿਰਲਾ ਮਨੁੱਖ ਸਤਿਗੁਰੂ ਦੀ ਸਰਨ ਪੈ ਕੇ ਬਣਦਾ ਹੈ ।

ਇਸੇ ਹੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਹੈ ਜੋ ਭਗਤ ਬੇਣੀ ਜੀ ਦੇ ਸ਼ਬਦ ਨੂੰ ਸਾਦਾ ਲਫਜਾਂ ਰਾਹੀ ਇਸ ਸ਼ਬਦ ਦੇ ਭਾਵ ਨੂੰ ਬਿਆਨਦਾ ਹੈ ਇਸ ਲਈ ਭਗਤ ਜੀ ਦੇ ਵਿਚਾਰ ਗੁਰਮਤਿ ਨਾਲ ਮੇਲ ਖਾਣ ਕਾਰਨ ਹੀ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਨੂੰ ਸਤਿਕਾਰ ਨਾਲ ਸਾਂਭ ਕੇ ਰਖਿਆ ਹੀ ਨਹੀਂ ਸਗੋਂ ਆਪਣੇ ਵਲੋਂ ਕੁਝ ਹੋਰ ਵਿਚ ਪਾ ਵਿਦਵਾਨ ਤੇ ਆਮ ਸਧਾਰਨ ਬੰਦੇ ਦੀ ਸਮਝ ਵਿਚਲੇ ਪਾੜੇ ਨੂੰ ਪੂਰ ਮਨੁੱਖਤਾ ਲਈ ਕਲਿਆਣਕਾਰੀ ਕੰਮ ਕੀਤਾ ।

ਰਾਮਕਲੀ ਬਾਣੀ ਬੇਣੀ ਜੀਉ ਕੀ :

ਇੜਾ ਪਿੰਗੁਲਾ ਅਉਰ ਸੁਖਮਨਾ, ਤੀਨਿ ਬਸਹਿ ਇਕ ਠਾਈ ।।
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ।।
ਸੰਤਹੁ ਤਹਾ ਨਿਰੰਜਨ ਰਾਮੁ ਹੈ ।। ਗੁਰਗਮਿ ਚੀਨੈ ਬਿਰਲਾ ਕੋਇ ।।
ਤਹਾਂ ਨਿਰੰਜਨੁ ਰਮਈਆ ਹੋਇ ।। ੧ ।। ਰਹਾਉ ।।
ਦੇਵ ਸਥਾਨੈ ਕਿਆ ਨੀਸਾਣੀ ।। ਤਹ ਬਾਜੇ ਸ਼ਬਦ ਅਨਾਹਦ ਬਾਣੀ ।।
ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ।। ਸਾਖੀ ਜਾਗੀ ਗੁਰਮੁਖਿ ਜਾਣੀ ।।2।। [110]

ਰਾਮ ਕਲੀ ਮਹਲਾ ।।੧।।

ਖਟੁ ਮਟੁ ਦੇਹੀ ਮਨੁ ਬੈਰਾਗੀ।। ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ।।
ਵਾਜੈ ਅਨਹਦੁ ਮੇਰਾ ਮਨੁ ਲੀਣਾ ।। ਗੁਰ-ਬਚਨੀ ਸਚਿ ਨਾਮਿ ਪਤੀਣਾ।।੧।।
ਪ੍ਰਾਣੀ ਰਾਮ ਭਗਤਿ ਸੁਖ ਪਾਈਐ।।ਗੁਰਮੁਖਿ ਹਰਿ ਹਰਿ ਮੀਠਾ ਲਾਗੈ ।।
ਹਰਿ ਹਰਿ ਨਾਮਿ ਸਮਾਈਐ ।। ੧ ।। ਰਹਾਉ ।।
ਮਾਇਆ ਮੋਹੁ ਬਿਵਰਜਿ ਸਮਾਏ ।।ਸਤਿਗੁਰੁ ਭੇਟੈ ਮੇਲਿ ਮਿਲਾਏ ।।
ਨਾਮੁ ਰਤਨੁ ਨਿਰਮੋਲਕੁ ਹੀਰਾ ।। ਤਿਤੁ ਰਾਤਾ ਮੇਰਾ ਮਨੁ ਧੀਰਾ ।।2।।
ਹਉਮੈ ਮਮਤਾ ਰੋਗੁ ਨ ਲਾਗੈ ।।ਰਾਮ ਭਗਤਿ ਜਮ ਕਾ ਭਉ ਭਾਗੈ ।।
ਜਮੁ ਜੰਦਾਰੁ ਨ ਲਾਗੈ ਮੋਹਿ ।। ਨਿਰਮਲ ਨਾਮੁ ਰਿਦੈ ਮਹਿ ਸੋਹਿ ।।3।। [111]

ਉਪਰਲੀਆਂ ਦੋਹਾਂ ਅਸਟਪਦੀਆਂ ਨੂੰ ਗਹੁ ਨਾਲ ਵਿਚਾਰਨ ਤੇ ਇਕੋ ਭਾਵ ਪ੍ਰਾਪਤ ਹੁੰਦਾ ਹੈ। ਫਰਕ ਸਿਰਫ ਹੈ ਤਾਂ ਸ਼ਬਦਾਵਲੀ ਦਾ।

ਰਾਗ ਪ੍ਰਭਾਤੀ ਵਿਚ ਵੀ ਭਗਤ ਬੇਣੀ ਜੀ ਨੇ ਭੇਖੀਆਂ ਦਾ ਖੰਡਨ ਕਰਕੇ ਜੀਵ ਨੂੰ ਅੰਤਰ ਆਤਮਾ ਵਿਚ ਉਸ ਪ੍ਰਭੂ ਨੂੰ ਵਸਾਉਣ ਦਾ ਉਪਦੇਸ਼ ਦਿਤਾ ਹੈ। ਆਪ ਜੀ ਫੁਰਮਾਉਂਦੇ ਹਨ ਕਿ ਭੇਖੀ ਆਪਣੇ ਆਪ ਨੂੰ ਹੀ ਭੁਲੇਖੇ ਵਿਚ ਪਾ ਰਹੇ ਹਨ ਪ੍ਰਭੂ ਤਾਂ ਇਹਨਾਂ ਸਭ ਕੁਝ ਤੋ ਬਹੁਤ ਦੂਰ ਹੈ। ਇਸੇ ਰਾਗ ਵਿਚ ਹੀ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਇਸੇ ਹੀ ਵਿਸੇ ਉਪਰ ਲਿਖਿਆ ਮਿਲਦਾ ਹੈ।

ਪ੍ਰਭਾਤੀ ਭਗਤ ਬੇਣੀ ਜੀ ਕੀ ॥

ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰ ਤਲ ਕਾਤੀ ॥
ਠਗ ਦਿਸਟਿ ਬਗਾ ਲਿਵ ਲਾਗਾ ॥ਦੇਖਿ ਬੈਸਨੋ, ਪ੍ਰਾਨ ਮੁਖ ਭਾਗਾ॥੧॥
ਕਲਿ ਭਗਵਤ ਬੰਦ ਚਿਰਾਮੰ॥ਕ੍ਰੂਰ ਦਿਸਟਿ ਰਤਾ ਨਿਸਿ ਬਾਦੰ॥੧॥ਰਹਾਉ॥
ਨਿਤ ਪ੍ਰਤਿ ਇਸਨਾਨੁ ਸਰੀਰੰ ॥ਦੁਇ ਧੋਤੀ ਕਰਮ ਮੁਖਿ ਖੀਰੰ ॥
ਰਿਦੈ ਛੁਰੀ ਸੰਧਿਆਨੀ ॥ ਪਰ ਦਰਬੁ ਹਿਰਨ ਕੀ ਬਾਨੀ ॥2॥
ਸਿਲ ਪੂਜਸਿ ਚਕ੍ਰ ਗਣੇਸੰ ॥ ਨਿਸਿ ਜਾਗਸਿ ਭਗਤਿ ਪ੍ਰਵੇਸੰ ॥
ਪਗ ਨਾਚਸਿ ਚਿਤੁ ਅਕਰਮੰ॥ ਏ ਲੰਪਟ ਨਾਚ ਅਧਰਮੰ ॥3॥
ਮ੍ਰਿਗ ਆਸਣੁ ਤੁਲਸੀ ਮਾਲਾ ॥ ਕਰ ਊਜਲ ਤਿਲਕੁ ਕਪਾਲਾ ॥
ਰਿਦੈ ਕੂੜੁ, ਕੰਠਿ ਰੁਦ੍ਰਾਖੰ॥ਰੇ ਲੰਪਟ, ਕ੍ਰਿਸਨੁ ਅਭਾਖੰ ॥ 4 ॥
ਜਿਨਿ ਆਤਮ ਤਤੁ ਨ ਚੀਨ੍ਹਿਆ ॥ ਸਭ ਫੋਕਟ ਧਰਮ ਅਬੀਨਿਆ ॥
ਕਹੁ ਬੇਣੀ ਗੁਰਮੁਖਿ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥5॥[112]

ਇਸ ਸ਼ਬਦ ਦੇ ਲਫਜ਼ਾਂ ਨੂੰ ਰਤਾ ਗਹੁ ਨਾਲ ਵੇਖੋ ਕਿਸੇ ਚੰਗੀ ਵਿਦਵਾਨ ਦੇ ਮੂੰਹੋਂ ਨਿਕਲੇ ਦਿਸਦੇ ਹਨ। ਬੇਣੀ ਜੀ ਜਾਤਿ ਦੇ ਬ੍ਰਾਹਮਣ ਸਨ, ਵਿਦਵਾਨ ਬ੍ਰਾਹਮਣ ਸਨ। ਬ੍ਰਾਹਮਣ ਦੇ ਵਿਛਾਏ ਹੋਏ ਕਰਮ - ਕਾਂਡ ਦੇ ਜਾਲ ਨੂੰ ਨਸ਼ਰ ਕਰ ਰਹੇ ਹਨ।

ਇਹ ਸੂਰਮੇ ਮਰਦ ਦਾ ਹੀ ਕੰਮ ਹੋ ਸਕਦਾ ਸੀ ਕਿ ਆਪਣੇ ਜਾਤਿ - ਭਾਈ ਬ੍ਰਾਹਮਣਾਂ ਦੇ ਨਾਲ ਮਿਲ ਕੇ ਇਸ ਕਰਮ - ਕਾਂਡੀ ਜਾਤ ਤੋਂ ਮਾਇਕ ਲਾਭ ਉਠਾਣ ਦੇ ਥਾਂ, ਬੇਣੀ ਜੀ ਨੇ ਇਸ ਦਾ ਥੋਥਾਪਨ ਜਾਹਰ ਕਰ ਦਿਤਾ । ਇਸ ਸੂਰਮੇ ਮਰਦ ਦੀ ਇਹ ਦਲੇਰੀ ਹੀ ਸੀ ਜਿਸ ਨੇ ਸਤਿਗੁਰੂ ਨਾਨਕ ਪਾਤਿਸ਼ਾਹ ਦੇ ਹਿਰਦੇ ਵਿਚ ਖਿੱਚ ਪਾਈ ਪਹਿਲੀ 'ਉਦਾਸੀ' ਵਿਚ ਗੁਰੂ ਸਾਹਿਬ ਨੇ ਬੇਣੀ ਜੀ ਦੇ ਸ਼ਬਦ ਲਿਆਂਦੇ ਸਨ, ਅਤੇ ਆਪਣੀ ਬਾਣੀ ਨਾਲ ਸਾਂਭ ਕੇ ਰੱਖੇ ਸਨ । ਬੇਣੀ ਜੀ ਕਿਸੇ ਪਾਖੰਡ ਦਾ ਨਕਸ਼ਾ ਖਿੱਚ ਰਹੇ ਹਨ ਕਿ ਕਿਵੇਂ ਬਾਹਰੋਂ ਧਾਰਮਿਕ ਭੇਖ ਧਾਰਕੇ ਅੰਦਰੋਂ ਕਾਤੀ ਚਲਦਾ ਹੈ ।[113]

ਪ੍ਰਭਾਤੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਨੰ 14 ਇਉਂ ਹੈ:-

ਗੀਤ ਨਾਦ ਹਰਖ ਚਤੁਰਾਈ ।। ਰਹਸ ਰੰਗੁ ਫੁਰਮਾਇਸਿ ਕਾਈ ।।
ਪੈਨ੍ਣੁ ਖਾਣਾ ਚੀਤਿ ਨ ਪਾਈ ।। ਸਚੁ ਸਹਜੁ ਸੁਖੁ ਨਾਮਿ ਵਸਾਈ ।।੧।।
ਕਿਆ ਜਾਨਾ ਕਿਆ ਕਰੈ ਕਰਾਵੈ ।। ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ।।੧।। ਰਹਾਉ ।।
ਜੋਗ ਬਿਨੋਦ ਸ੍ਵਾਦ ਆਨੰਦਾ ।। ਮਤਿ ਸਤ ਭਾਇ ਭਗਤਿ ਗੋਬਿੰਦਾ ।।
ਕੀਰਤਿ ਕਰਮ ਕਾਰ ਨਿਜ ਸੰਦਾ ।। ਅੰਤਰਿ ਰਵਤੌ ਰਾਜ ਰਵਿੰਦਾ ।।੨।।
ਪ੍ਰਿਉ ਪ੍ਰਿਉ ਪ੍ਰੀਤਿ ਪ੍ਰੇਮਿ ਉਰਧਾਰੀ ।। ਦੀਨਾ ਨਾਥੁ ਪੀਉ ਬਨਵਾਰੀ ।।
ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ।। ਤ੍ਰਿਪਤਿ ਤਰੰਗੀ, ਤਤੁ ਬੀਚਾਰੀ ।।3।।
ਅਕਥੋ ਕਥਉ, ਕਿਆ ਮੈ ਜੋਰੁ ।। ਭਗਤਿ ਕਰੀ ਕਰਾਇਹਿ ਮੋਰ ।।
ਅੰਤਰਿ ਵਸੈ ਚੂਕੈ ਮੈ ਮੋਰ ।। ਕਿਸੁ ਸੇਵੀ ਦੂਜਾ ਨਹੀ ਹੋਰੁ ।।4।।
ਗੁਰ ਕਾ ਸ਼ਬਦੁ ਮਹਾ ਰਸੁ ਮੀਠਾ, ਐਸਾ ਅੰਮ੍ਰਿਤੁ ਅੰਤਰਿ ਡੀਠਾ ।।
ਜਿਨਿ ਚਾਖਿਆ ਪੂਰਾ ਪਦੁ ਹੋਇ ।। ਨਾਨਕ ਧ੍ਰਾਪਿਓ ਤਨਿ ਸੁਖੁ ਹੋਇ ।।5।।[114]

ਆਸਾ ਦੀ ਵਾਰ ਦੀ ਪਉੜੀ ਨੰ 14 ਦਾ ਦੂਜਾ ਸਲੋਕ ਪੜੋ

ਪੜਿ ਪੁਸਤਕ ਸੰਧਿਆ ਬਾਦੰ ।। ਸਿਲ ਪੂਜਸਿ ਬਗੁਲ ਸਮਾਧੰ ।।
ਮੁਖਿ ਝੂਠੁ ਬਿਭੂਖਣ ਸਾਰੰ ।। ਤ੍ਰੈਪਾਲ ਤਿਹਾਲ ਬਿਚਾਰੰ ।।

ਗਲਿ ਮਾਲਾ ਤਿਲਕ ਲਿਲਾਟੰ।।ਦੁਇ ਧੋਤੀ ਬਸਤ੍ਰ ਕਪਾਟੰ।।
ਜੇ ਜਾਣਸਿ ਬ੍ਰਹਮੰ ਕਰਮੰ।।ਸਭਿ ਫੋਕਟ ਨਿਸਚਉ ਕਰਮੰ।।
ਕਹੁ ਨਾਨਕ ਨਿਹਚਉ ਧਿਆਵੈ।।ਵਿਣੁ ਸਤਿਗੁਰ ਵਾਟ ਨ ਪਾਵੈ।। ੨ ।।[115]

ਭਗਤ ਬੇਣੀ ਜੀ ਦੇ ਸ਼ਬਦ ਨਾਲ ਇਸ ਨੂੰ ਰਲਾ ਕੇ ਵੇਖੋ । ਮਜ਼ਮੂਨ ਰਲਦਾ ਹੈ, ਚਾਲ ਰਲਦੀ ਹੈ, ਕਈ ਲਫ਼ਜ਼ ਸਾਂਝੇ ਹਨ, ਅਖੀਰਲੀ ਤੁਕ ਦੀ ਸਾਂਝ ਤਾਂ ਕਮਾਲ ਦੀ ਹੈ ਵਿਰੋਧੀ ਸੱਜਣ ਜੇ ਇਸ ਸਲੋਕ ਨੂੰ ਬੇਣੀ ਜੀ ਦੇ ਸ਼ਬਦ ਨਾਲ ਰਲਾ ਕੇ ਪੜ੍ਹਨ ਦੀ ਖੇਚਲ ਕਰਦਾ, ਤਾਂ ਇਹ ਨਾਹ ਲਿਖਦਾ ਕਿ ਇਸ ਸ਼ਬਦ ਵਿਚੋਂ ' ਗੁਰਮਤਿ ਦੇ ਕਿਸੇ ਸਿਧਾਂਤ ਉਤੇ ਚਾਨਣਾ ਨਹੀਂ ਪੈਂਦਾ ' ।[116]

ਨੋਟ : ਭਗਤ ਬੇਣੀ ਜੀ ਨੇ ਇਹ ਭਰਮ ਕਢ ਦਿਤਾ ਹੈ ਕਿ ਨਾਮ ਜਪਣ ਨਾਲ ਮੁਕਤੀ ਮਰਨ ਤੋ ਬਾਅਦ ਪ੍ਰਾਪਤ ਹੋ ਜਾਂਦੀ ਹੈ । ਉਹਨਾਂ ਦਾ ਕਹਿਣਾ ਤਾਂ ਹੈ ਕਿ ਨਾਮ ਜਪਣ ਤੇ ਭਗਤੀ ਕਰਨ ਨਾਲ ਜੇ ਜੀਵਨ ਜੀਉਂਦਾ ਵਿਅਕਤੀ ਬੰਧਨਾਂ ਨੂੰ ਕੱਟ ਜਾਂ ਮੁਕਤ ਨਹੀਂ ਹੁੰਦਾ ਤਾਂ ਮਰਨ ਪਿਛੋਂ ਵੀ ਉਸ ਨੂੰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ।

ਭਗਤ ਰਾਮਾਨੰਦ ਜੀ :- ਭਗਤ ਰਾਮਾਨੰਦ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਸ਼ਬਦ ਰਾਗ ਬਸੰਤ ਵਿਚ ਦਰਜ ਹੈ । ਜਿਸ ਵਿਚ ਆਪ ਨੇ " ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ " ਦਾ ਉਪਦੇਸ਼ ਕੀਤਾ ਹੈ ਅਤੇ ਦਸਿਆ ਹੈ ਕਿ ਪ੍ਰਮਾਤਮਾ ਪਰੀਪੂਰਨ ਹੈ । ਇਸ ਲਈ ਕਿਸੇ ਵਿਸ਼ੇਸ਼ ਥਾਂ ਤੇ ਜਾ ਕੇ, ਰਸਮੀ ਤਰੀਕਿਆਂ ਨਾਲ, ਉਸ ਦੀ ਪੂਜਾ ਕਰਨ ਨਾਲੋ ਮਨ ਵਿਚ ਉਸ ਨੂੰ ਖੋਜਣਾ ਚਾਹੀਦਾ ਹੈ। ਗੁਰੂ ਭਗਤੀ ਵੀ ਆਪਨੇ ਦ੍ਰਿੜ ਕਰਾਈ ਹੈ।[117]

ਕਤ ਜਾਈਐ ਰੇ, ਘਰ ਲਾਗੋ ਰੰਗੁ ।।
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ।। ੧ ।। ਰਹਾਉ ।।

ਏਕ ਦਿਵਸ ਮਨ ਭਈ ਉਮੰਗਿ।। ਘਸਿ ਚੰਦਨ ਚੋਆ ਬਹੁ ਸੁਗੰਧ ।।
ਪੂਜਨ ਚਾਲੀ ਬ੍ਰਹਮ ਠਾਇ।।ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ।।
ਜਹਾ ਜਾਈਐ ਤਹ ਜਲ ਪਖਾਨ।। ਤੂ ਪੂਰਿ ਰਹਿਓ ਹੈ ਸਭ ਸਮਾਨ ।।
ਬੇਦ ਪੁਰਾਨ ਸਭ ਦੇਖੇ ਜੋਇ।। ਊਹਾਂ ਤਉ ਜਾਈਐ ਜਉ ਈਹਾ ਨ ਹੋਇ।।2।।
ਸਤਿਗੁਰ ਮੈ ਬਲਿਹਾਰੀ ਤੋਰ।। ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ।।
ਰਾਮਾਨੰਦ ਸੁਆਮੀ ਰਮਤ ਬ੍ਰਹਮ।।ਗੁਰ ਕਾ ਸਬਦੁ ਕਾਟੈ ਕੋਟਿ ਕਰਮ।।3।।[118]

ਭਗਤ ਰਾਮਾਨੰਦ ਜੀ ਕਦੇ ਵੈਰਾਗੀ ਮਤ ਦੇ ਹੋਣਗੇ, ਤਿਲਕ ਜੰਞੂ ਵਰਤਦੇ ਹੋਣਗੇ, ਛੂਤ-ਛਾਤ ਦੇ ਵੀ ਹਾਮੀ ਹੋਣਗੇ । ਹੋਰ ਵੀ ਕਈ ਗਲਾਂ ਆਖ ਲਈਆ ਜਾਣ । ਪਰ ਅਸਾਂ ਇਹ ਵੇਖਣਾ ਏ ਕਿ ਗੁਰੂ ਦੇ ਦਰ ਤੇ ਆ ਕੇ ਭਗਤ ਰਾਮਾਨੰਦ ਜੀ ਕੀਹ ਬਣ ਗਏ । ਉਹ ਆਪ ਆਖਦੇ ਹਨ " ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ", " ਜਿਨ ਸਕਲ ਬਿਕਲ ਭ੍ਰਮ ਕਾਟੇ ਮੋਰ", " ਗੁਰ ਕਾ ਸਬਦੁ ਕਾਟੈ ਕੋਟਿ ਕਰਮ " ।

ਸੋ, ਜਿਵੇਂ ਬਾਬਾ ਲਹਿਣਾ ਜੀ ਤੇ ( ਗੁਰੂ ) ਅਮਰਦਾਸ ਜੀ ਦਾ ਜੀਵਨ ਗੁਰੂ ਦਰ ਤੇ ਆ ਕੇ ਗੁਰਮਤਿ ਦੇ ਅਨੁਕੂਲ ਹੋ ਗਿਆ, ਤਿਵੇਂ ਰਾਮਾਨੰਦ ਜੀ ਦਾ ਜੀਵਨ ਗੁਰੂ ਪਾਸ ਆ ਕੇ ਗੁਰਮਤਿ ਦੇ ਅਨੁਸਾਰ ਹੋ ਗਿਆ ।[119]

ਕਈ ਸਜਣ ਇਸ ਭੁਲੇਖੇ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਕਿ ਕਬੀਰ, ਰਵਿਦਾਸ, ਧੰਨਾ, ਸੈਣ ਤੇ ਪੀਪਾ ਜੀ ਭਗਤਾਂ ਦੇ ਗੁਰੂ ਰਾਮਾਨੰਦ ਜੀ ਦਾ ਕੇਵਲ ਇਕ ਹੀ ਸ਼ਬਦ ਘਟ ਹੈ ਜਦ ਕੇ ਚੇਲਿਆ ਦੀ ਬਾਣੀ ਦੀ ਗਿਣਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਆਦਾ ਦਰਜ ਹੈ । ਪਰ ਉਪਰੋਕਤ ਕਥਨ ਮਨ - ਮੁਖਾ ਦੀ ਸੋਚਣੀ ਨੂੰ ਤਾਂ ਭੁਲੇਖੇ ਵਿਚ ਪਾ ਸਕਦਾ ਹੈ ਪਰ ਗੁਰਮਤਿ ਵਿਚ ਵਿਸਵਾਸ ਰਖਣ ਵਾਲੇ ਸਜਣਾ ਲਈ ਤਾਂ ਇਕ ਲਫ਼ਜ਼ ਵੀ ਜਿਸ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਗੁਰੂ ਹੈ । ਬਾਣੀ ਨੂੰ ਗਿਣਤੀ ਪਖੋਂ ਨਹੀਂ ਵੇਖਿਆ ਜਾਂ ਸਕਦਾ । ਇਸ ਦਾ ਸਤਿਕਾਰ ਤਾਂ ਗੁਣਾਤਮਕ ਪਖੋਂ ਹੈ । ਇਥੇ

ਤਕ ਕਿ ਜੋ ਭਗਤ ਜਾਂ ਗੁਰੂ ਗੁਰਮਤਿ ਆਸ਼ੇ ਅਨੁਕੂਲ ਚਲਿਆ ਹੈ ਭਾਵੇਂ ਉਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵੀ ਨਹੀਂ ਉਸ ਦਾ ਉਤਨਾ ਹੀ ਸਤਿਕਾਰ ਹੈ। ਜਿਵੇਂ ਦਸ ਗੁਰੂ ਸਾਹਿਬਾਨ ਵਿਚੋਂ ਕੇਵਲ ਛੇ ਗੁਰੂ ਸਾਹਿਬਾਨ ਦੀ ਬਾਣੀ ਹੀ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਹੈ ਚਾਰ ਗੁਰੂ ਸਾਹਿਬਾਨ ਦੀ ਨਹੀਂ। ਪਰ ਸਿਖ ਸਾਰੇ ਗੁਰੂ ਸਾਹਿਬਾਨ ਦਾ ਸਤਿਕਾਰ ਉਤਨਾ ਹੀ ਕਰਦੇ ਹਨ। ਇਸ ਲਈ ਭਗਤ ਰਾਮਾਨੰਦ ਜੀ ਦਾ ਇਕ ਸ਼ਬਦ ਹੀ ਹੈ ਉਹ ਗੁਰਮਤਿ ਆਸ਼ੇ ਅਨੁਕੂਲ ਹੈ ਜਿਸ ਨੂੰ ਗੁਰੂ ਦੀ ਪਦਵੀ ਪ੍ਰਾਪਤ ਹੈ।

ਜਿਵੇਂ ਬਾਗ ਦੀ ਸ਼ੋਭਾ ਉਸਦੇ ਸੁੰਦਰ ਤੇ ਸੁਗੰਧਿਤ ਫੁੱਲਾਂ ਨਾਲ ਤੇ ਕਿਸੇ ਉਸਤਾਦ ਦੀ ਵਡਿਆਈ ਉਸਦੇ ਚੰਗੇ ਸ਼ਗਿਰਦਾਂ ਤੋਂ ਹੁੰਦੀ ਹੈ, ਤਿਵੇਂ ਕਿਸੇ ਗੁਰੂ ਜਾਂ ਅਚਾਰਯ ਦੀ ਉਪਮਾ ਉਸਦੇ ਚੇਲਿਆਂ ਜਾਂ ਮੰਨਣ ਵਾਲਿਆਂ ਦੇ ਚੰਗੇ ਜੀਵਨ ਦੇਖ ਕੇ ਹੁੰਦੀ ਹੈ। ਸ੍ਰੀ ਰਾਮਾਨੰਦ ਜੀ ਨੇ ਚੰਗੇ ਜੀਵਨ-ਵਾਲੇ ਪੁਰਸ਼ ਪੈਦਾ ਕਰਨ ਵਿਚ ਕਮਾਲ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭਗਤਾਂ ਦੀ ਬਾਣੀ ਪ੍ਰਵਾਨ ਹੋਈ ਹੈ ਉਨ੍ਹਾਂ ਵਿਚੋਂ ਕਬੀਰ, ਰਵਿਦਾਸ, ਪੀਪਾ, ਧੰਨਾ ਤੇ ਸੈਣ ਭਗਤ ਹਨ, ਜਿਨ੍ਹਾਂ ਨੇ ਸ੍ਰੀ ਰਾਮਾਨੰਦ ਜੀ ਪਾਸੋਂ ਆਤਮਕ ਉਪਦੇਸ਼ ਲੀਤਾ ਸੀ। ਇਹ ਰਾਮਾਨੰਦ ਜੀ ਨੂੰ ਪਾ ਕੇ ਗਿਣਤੀ ਦੇ ਲਿਹਾਜ ਨਾਲ ਤੀਜਾ ਹਿੱਸਾ ਬਣਦੇ ਹਨ। ਜੇ ਇਨ੍ਹਾਂ ਦੀ ਬਾਣੀ ਇਕੱਤਰ ਕੀਤੀ ਜਾਵੇ ਤਾਂ ਉਹ ਦੂਜੇ ਸਾਰੇ ਭਗਤਾਂ ਦੀ ਬਾਣੀ ਨਾਲੋਂ ਵਧ ਜਾਂਦੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਵਿਚ ਉਨ੍ਹਾਂ ਮਹਾਂ ਪੁਰਖਾਂ ਦੇ ਖਿਆਲਾਂ ਦੀ ਪ੍ਰਧਾਨਤਾ ਹੈ, ਜਿਨ੍ਹਾਂ ਨੇ ਸ੍ਰੀ ਰਾਮਾਨੰਦ ਜੀ ਦੀ 'ਚਰਨ ਛੋਹ' ਪ੍ਰਾਪਤ ਕੀਤੀ ਸੀ। ਜਿਨ੍ਹਾਂ ਭਗਤਾਂ ਪਰ ਆਪ ਜੀ ਦੀ ਕ੍ਰਿਪਾ ਹੋਈ ਤੇ ਪ੍ਰਭਾਵ ਪਿਆ।[120]

<u>ਭਗਤ ਕਬੀਰ ਜੀ:-</u> ਭਗਤੀ ਲਹਿਰ ਦੇ ਬਾਕੀ ਭਗਤਾਂ ਨਾਲੋਂ ਭਗਤ ਕਬੀਰ ਜੀ ਦੀ ਬਾਣੀ ਸਭ ਤੋ ਵਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਨੇ 17 ਰਾਗਾਂ ਵਿਚ 541 ਸ਼ਬਦ, ਸਲੋਕ ਦਰਜ ਹਨ। ਕਬੀਰ ਨੇ ਗੁਰੂਆਂ ਤੋਂ ਬਾਅਦ ਸਭ ਤੋਂ ਜਿਆਦਾ ਰਾਗਾਂ ਦਾ

ਪ੍ਰਯੋਗ ਕੀਤਾ ਹੈ । ਇਨ੍ਹਾਂ ਰਾਗਾਂ ਦੀ ਸੰਖਿਆ 17 ਹੈ ।[121]

ਉਪਰੋਕਤ ਕਥਨ ਠੀਕ ਨਹੀਂ ਹੈ । ਕਾਰਨ ਇਹ ਕਿ ਭਗਤ ਨਾਮਦੇਵ ਜੀ ਨੇ 18 ਰਾਗਾਂ ਵਿਚ ਬਾਣੀ ਉਚਾਰਨ ਕੀਤੀ ਹੈ ਭਗਤ ਕਬੀਰ ਜੀ ਨੇ 17 ਰਾਗਾਂ ਵਿਚ । ਭਾਵੇਂ ਦਰਜ ਬਾਣੀ ਭਗਤ ਕਬੀਰ ਜੀ ਦੀ ਹੀ ਵਧ ਹੈ । ਪਰ ਰਾਗਾਂ ਦੀ ਵਰਤੋਂ ਭਗਤ ਕਬੀਰ ਜੀ ਨਾਲੋਂ ਭਗਤ ਨਾਮਦੇਵ ਜੀ ਨੇ ਵੱਧ ਕੀਤੀ ।

1. ਸਿਰੀ ਰਾਗ :

ਇਸ ਰਾਗ ਵਿਚ ਕਬੀਰ ਜੀ ਦੇ ਦੋ ਪਦੇ ਮਿਲਦੇ ਹਨ । ਇਹਨਾਂ ਵਿਚੋ ਇਕ ਪਦੇ 'ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾਂ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ' ਦੇ ਗੁਰੂ ਨਾਨਕ ਸਾਹਿਬ ਦੇ ਪਦੇ 'ਏਕੁ ਸੁਆਨੁ ਦੁਇ ਸੁਆਨੀ ਨਾਲ' ਦੇ ਘਰ ਵਿਚ ਗਾਉਣ ਲਈ ਸੰਕੇਤ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਹੈ । ਸਾਇਦ ਇਹ ਪਦਾ ਗੁਰੂ ਨਾਨਕ ਸਾਹਿਬ ਨੇ ਹੀ ਭਗਤਿ ਬਾਣੀ ਵਿਚ ਇਕੱਤਰ ਕੀਤਾ ਹੋਵੇ ਅਤੇ ਕਦੇ ਇਸੇ ਘਰ ਤੇ ਸੁਰ ਵਿਚ ਗਾਇਆ ਹੋਵੇ ।[122]

ਕਬੀਰ ਜੀਉ ਕਾ ।। ਏਕ ਸੁਆਨੁ ਕੈ ਘਰਿ ਗਾਵਣਾ ।।
ਜਨਨੀ ਜਾਨਤ, ਸੁਤੁ ਬਡਾ ਹੋਤੁ ਹੈ, ਇਤਨਾ ਕੁ ਨ ਜਾਨੈ, ਜਿ ਦਿਨ
ਦਿਨ ਅਵਧ ਘਟਤੁ ਹੈ ।।
ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ।।੧।।
ਐਸਾ ਤੈ ਜਗੁ ਭਰਮਿ ਲਾਇਆ ।।
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ।।੧।। ਰਹਾਉ ।।
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ।।
ਰਮਈਆ ਜਪਹੁ ਪ੍ਰਾਣੀ ਅਨਤ ਜੀਵਨ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ।2।
ਜਾਂ ਤਿਸੁ ਭਾਵੈ ਤਾ ਲਾਗੈ ਭਾਉ ।। ਭਰਮੁ ਭੁਲਾਵਾ ਵਿਚਹੁ ਜਾਇ ।।
ਉਪਜੈ ਸਹਜੁ ਗਿਆਨ ਮਤਿ ਜਾਗੈ ।। ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ।।
12
ਇਤੁ ਸੰਗਤਿ ਨਾਹੀ ਮਰਣਾ ।। ਹੁਕਮੁ ਪਛਾਣਿ ਤਾ ਖਸਮੈ ਮਿਲਣਾ ।।੧।। ਰਹਾਉ

ਗੁਰਮਤਿ ਨਾਲ ਸਾਂਝ ਹਿਤ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਵੀ ਇਸੇ ਰਾਗ ਵਿਚ ਵੇਖੋ :-

ਸਿਰੀ ਰਾਗ ਮਹਲਾ ੧ ਘਰ 4 ।।

ਏਕੁ ਸੁਆਨੁ ਦੁਇ ਸੁਆਨੀ ਨਾਲਿ।। ਭਲਕੇ ਭਉਕਹਿ ਸਦਾ ਬਇਆਲਿ।।
ਕੂੜੁ ਛੁਰਾ ਮੁਠਾ ਮੁਰਦਾਰੁ ।। ਧਾਣਕ ਰੂਪਿ ਰਹਾ ਕਰਤਾਰ ।।੧।।
ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ।।ਹਉ ਬਿਗੜੈ ਰੂਪਿ ਰਹਾ ਬਿਕਰਾਲ।।
ਤੇਰਾ ਏਕੁ ਨਾਮੁ ਤਾਰੇ ਸੰਸਾਰ।। ਮੈ ਏਹਾ ਆਸ ਏਹੋ ਅਧਾਰ ।।੧।।ਰਹਾਉ।।
ਮੁਖਿ ਨਿੰਦਾ ਆਖਾ ਦਿਨੁ ਰਾਤਿ।। ਪਰ ਘਰੁ ਜੋਹੀ ਨੀਚ ਸੁਨਾਤਿ ।।
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ।। ਧਾਣਕ ਰੂਪਿ ਰਹਾ ਕਰਤਾਰ।।2।।
ਫਾਹੀ ਸੁਰਤਿ ਮਲੂਕੀ ਵੇਸੁ ।। ਹਉ ਠਗਵਾੜਾ ਠਗੀ ਦੇਸੁ ।।
ਖਰਾ ਸਿਆਣਾ ਬਹੁਤਾ ਭਾਰੁ ।। ਧਾਣਕ ਰੂਪਿ ਰਹਾ ਕਰਤਾਰ ।।3।।
ਮੈ ਕੀਤਾ ਨ ਜਾਤਾ ਹਰਾਮ ਖੋਰੁ ।। ਹਉ ਕਿਆ ਮੁਹੁ ਦੇਸਾ ਦੁਸਟੁ ਚੋਰ।।
ਨਾਨਕ ਨੀਚੁ ਕਹੈ ਬੀਚਾਰੁ ।। ਧਾਣਕ ਰੂਪਿ ਰਹਾ ਕਰਤਾਰ ।। 4 ।।[124]

ਕਬੀਰ ਜੀ ਨੇ ਆਪਣੇ ਸ਼ਬਦ ਵਿਚ ਲਿਖਿਆ ਹੈ ' ਇਤੁ ਸੰਗਤਿ ਨਿਹਚਉ ਮਰਣਾ ' ਹੁੰਦਾ ਹੈ ? ਕਬੀਰ ਜੀ ਨੇ। ਇਸ ਦੇ ਉੱਤਰ ਵਿਚ ਸਿਰਫ ਲਫ਼ਜ਼ ' ਮਾਇਆ ' ਜਾਂ ' ਬਿਖਿਆ ਰਸ ' ਵਰਤੇ ਹਨ । ਮਾਇਆ ਦਾ ਕੀ ਸਰੂਪ ਹੈ ? ਉਹ ਬਿਖਿਆ ਰਸ ਕਿਹੜੇ ਹਨ ? ਇਹ ਗਲ ਕਬੀਰ ਜੀ ਨੇ ਖੋਲ੍ਹ ਕੇ ਨਹੀਂ ਦੱਸੀ । ਹੁਣ ਪੜ੍ਹੋ ਗੁਰੂ ਨਾਨਕ ਦੇਵ ਜੀ ਦਾ ਇਹ ਉਪਰੋਕਤ ਸ਼ਬਦ - ਸੁਆਨ, ਸੁਆਨੀ, ਕੂੜੁ, ਮੁਰਦਾਰੁ, ਨਿੰਦਾ, ਪਰ ਘਰੁ, ਕਾਮੁ, ਕ੍ਰੋਧ ਆਦਿਕ ਇਹ ਸਾਰੇ ' ਬਿਖਿਆ ' ਦੇ ' ਰਸ ' ਹਨ ਜਿਨ੍ਹਾਂ ਦੀ ਸੰਗਤਿ ਵਿਚ ' ਨਿਹਚਉ ' ਮਰਣਾ ' ਹੈ, ਕਿਉਂਕਿ ਇਹਨਾਂ ਦੇ ਵਸ ਵਿਚ ਪਿਆ ਜੀਵ ' ਧਾਣਕ ਰੂਪਿ ' ਰਹਿੰਦਾ ਹੈ। ਜੋ ਕਬੀਰ ਜੀ ਨੇ ਇਸ਼ਾਰੇ ਮਾਤ੍ਰ ਲਫ਼ਜ਼ ' ਬਿਖਿਆ ਰਸ ' ਵਿਚ ਦਸੀ ਹੈ, ਗੁਰੂ ਨਾਨਕ ਸਾਹਿਬ ਨੇ ਵਿਸਥਾਰ ਨਾਲ ਇਕ ਸੁੰਦਰ ਢੰਗ ਵਿਚ ਇਸ ਸਾਰੇ ਸ਼ਬਦ ਦੀ ਰਾਹੀ ਖੋਲ੍ਹ ਦੇ ਦਸੀ ਹੈ। " ਸਿਰਲੇਖ " ਦੀ ਸਾਂਝ ਤੇ ਮਜ਼ਮੂਨ ਦੀ ਸਾਂਝ ਇਸ ਨਤੀਜੇ ਉਤੇ ਅਪੜਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣਾ ਇਹ

ਸ਼ਬਦ ਕਬੀਰ ਜੀ ਦੇ ਸ਼ਬਦ ਦੀ ਵਿਆਖਿਆ ਵਿਚ ਉਚਾਰਿਆ ਹੈ । ਕਬੀਰ ਜੀ ਦਾ ਇਹ ਸ਼ਬਦ ਸਤਿਗੁਰੂ ਜੀ ਪਾਸ ਮੌਜੂਦ ਸੀ ।[125]

2. ਰਾਗ ਗਾਉੜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਭਗਤਾਂ ਨਾਲੋਂ ਕਬੀਰ ਜੀ ਦੀ ਬਾਣੀ ਸਭ ਤੋ ਵਧ ਮਾਤਰਾਂ ਵਿਚ ਦਰਜ ਹੈ ਅਤੇ ਕਬੀਰ ਜੀ ਦੀ ਹੋਰ ਰਾਗਾਂ ਨਾਲੋਂ ਗਉੜੀ ਰਾਗ ਵਿਚ ਬਾਣੀ ਅਧਿਕ ਮਾਤਰਾ ਵਿਚ ਹੈ। ਆਪ ਨੇ ਗਉੜੀ ਰਾਗ ਦੇ 73 ਪਦਿਆ ( 72 ਪਦੇ ਤੇ ਇਕ ਅਸ਼ਟ ਪਦੀ ) ਵਿਚ ਹੇਠ ਦਿਤੇ ਵਿਸ਼ੇ ਲਏ ਹਨ । ਗਾਉੜੀ ਰਾਗ ਵਿਚ ਦਿਤੀ ਆਪ ਦੀ ਰਚਨਾ ਸਮਝਣ ਉਪਰੰਤ ਆਪ ਦੀ ਸਾਰੀ ਪ੍ਰਤਿਭਾ ਨੂੰ ਸਮਝਿਆ ਜਾ ਸਕਦਾ ਹੈ ।[126]

ਨਾਮ ਦੀ ਮਹਿਮਾ ਗਾਉਦੇ ਹੋਏ ਭਗਤ ਕਬੀਰ ਜੀ ਫਰਮਾਉਦੇ ਹਨ ਕਿ ਸੰਸਾਰ ਸਮੁੰਦਰ ਵਿਚ ਜੀਵਾਂ ਦੇ ਮਨਾਂ ਨੂੰ ਮਾਇਆ ਦੀ ਤ੍ਰਿਸ਼ਨਾ ਰੂਪੀ ਅੱਗ ਸਾੜ ਰਹੀ ਹੈ । ਨਾਮ ਤੋ ਬਿਨਾਂ ਤੀਰਥਾਂ ਆਦਿ ਦੇ ਇਸ਼ਨਾਨ ਕਰਨ ਨਾਲ ਇਹ ਬੁਝ ਨਹੀਂ ਸਕਦੀ । ਕੇਵਲ ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਹੀ ਸੜ੍ਹਦੇ ਬਲਦੇ ਦਿਲਾਂ ਨੂੰ ਸ਼ਾਂਤ ਤੇ ਠੰਡਾ ਕਰ ਸਹਜ ਅਵਸਥਾ ਵਲ ਲਿਜਾ ਸਕਦਾ ਹੈ ।

ਅਬ ਮੋਹਿ ਜਲਤ ਰਾਮ ਜਲੁ ਪਾਇਆ ।
ਰਾਮ ਉਦਕਿ ਤਨੁ ਜਲਤ ਬੁਝਾਇਆ ।।੧।। ਰਹਾਉ ।।
ਮਨੁ ਮਾਰਣ ਕਾਰਣਿ ਬਨ ਜਾਈਐ ।।
ਸੋ ਜਲੁ ਬਿਨੁ ਭਗਵੰਤ ਨ ਪਾਈਐ ।।੧।।
ਜਿਹ ਪਵਿਕ ਸੁਰਿ ਨਰ ਹੈ ਜਾਰੇ ।।
ਰਾਮ ਉਦਕਿ ਜਨ ਜਲਤ ਉਬਾਰੇ ।।2।।
ਭਵ ਸਾਗਰ ਸੁਖ ਸਾਗਰ ਮਾਹੀ ।।
ਪੀਵਿ ਰਹੇ ਜਲਨਿਖੁਟਤ ਨਾਹੀ ।।3।।
ਕਹਿ ਕਬੀਰ ਭਜੁ ਸਾਰਿੰਗਪਾਨੀ ।।
ਰਾਮ ਉਦਕਿ ਮੇਰੀ ਤਿਖਾ ਬੁਝਾਨੀ ।।4।।੧।।[127]

ਨਾਮ ਦੀ ਬਰਕਤ ਜੀਵ ਜਿਉ ਜਿਉ ਨਾਮ ਸਿਮਰਦਾ ਹੈ, ਤਿਉ ਤਿਉ ਨਾਮ ਰਸ ਵਿਚ ਲੀਨ ਹੋ ਉਹ ਕੇਵਲ ਪ੍ਰਭੂ ਨੂੰ ਹੀ ਆਪਣੀ ਸ਼ਕਤੀ ਸਮਝਦਾ ਹੈ । ਪ੍ਰਭੂ ਵੀ ਉਸ ਦੀ ਲੱਜਿਆ ਰਖਦਾ ਤੇ ਉਸ ਉਤੇ ਮੇਹਰ ਦਾ ਹੱਥ ਰਖ ਉਸ ਨੂੰ ਦਰਸ਼ਨ ਦੇਂਦਾ ਹੈ ।

ਮਾਧਉ, ਜਲ ਕੀ ਪਿਆਸ ਨ ਜਾਇ ।।
ਜਲ ਮਹਿ ਅਗਨਿ ਉਠੀ ਅਧਿਕਾਇ ।।੧।।ਰਹਾਉ।।
ਤੂੰ ਜਲਨਿਧਿ, ਹਉ ਜਲ ਕਾ ਮੀਨੁ ।।
ਜਲ ਮਹਿ ਰਹਉ ਜਲਹਿ ਬਿਨੁ ਖੀਨੁ ।।੧।।
ਤੂੰ ਪਿੰਜਰੁ ਹਉ ਸੂਅਟਾ ਤੋਰ ।।
ਜਮੁ ਮੰਜਾਰੁ ਕਹਾ ਕਰੈ ਮੋਰ ।। 2।।
ਤੂੰ ਤਰਵਰੁ ਹਉ ਪੰਖੀ ਆਹਿ ।।
ਮੰਦਭਾਗੀ ਤੇਰੋ ਦਰਸਨੁ ਨਾਹਿ ।।3।।
ਤੂੰ ਸਤਿਗੁਰੁ, ਹਉ ਨਉਤਨੁ ਚੇਲਾ ।।
ਕਹਿ ਕਬੀਰ ਮਿਲੁ ਅੰਤ ਕੀ ਬੇਲਾ ।।4।।2।।[128]

ਜਦ ਨਾਮ ਸਿਮਰਨ ਦੀ ਬਦੌਲਤ ਪ੍ਰਭੂ ਦੇ ਦਰਸ਼ਨ ਭਗਤ ਨੂੰ ਹੋ ਜਾਂਦੇ ਹਨ ਤਾਂ ਉਹ ਲੋਕ ਲਾਜ ਦੀ ਪ੍ਰਵਾਹ ਨਹੀਂ ਕਰਦੇ ਦੁਨੀਆਂ ਵਾਲੇ ਭਾਵੇਂ ਉਨ੍ਹਾਂ ਦੀ ਇਜਤ ਕਰਨ ਜਾਂ ਨਿਰਾਦਰੀ । ਉਹ ਤਾਂ ਸਭ ਇਕੋ ਜਿਹਾ ਦੇਖਦੇ ਹਨ । ਪਰ ਦੁਨੀਆ ਦੀ ਇਹ ਇਜਤ ਜਾਂ ਨਿਰਾਦਰੀ ਪ੍ਰਭੂ ਦੀ ਦਰਗਾਹ ਵਿਚ ਕਿਸੇ ਕੰਮ ਨਹੀਂ, ਉਥੇ ਤਾਂ ਭਗਤੀ ਹੀ ਪ੍ਰਵਾਨ ਹੁੰਦੀ ਹੈ ।

ਜਬ ਹਮ ਏਕੋ ਏਕੁ ਕਰ ਜਾਨਿਆ।।ਤਬ ਲੋਗਹ ਕਾਹੇ ਦੁਖੁ ਮਾਨਿਆ।।੧।।
ਹਮ ਅਪਤਹ ਅਪੁਨੀ ਪਤ ਖੋਈ।।ਹਮਰੈ ਖੋਜਿ ਪਰਹੁ ਮਤਿ ਕੋਈ।।੧।।ਰਹਾਉ।।
ਹਮ ਮੰਦੇ ਮੰਦੇ ਮਨ ਮਾਹੀ।।ਸਾਝ ਪਾਤਿ ਕਾਹੂ ਸਿਉ ਨਾਹੀ ।।2।।

ਪਤਿ ਅਪਤਿ ਤਾ ਕੀ ਨਹੀ ਲਜ।।ਤਬ ਜਾਨਹੁਗੇ ਜਬ ਉਘਰੈਗੋ ਪਾਜ।।3।।
ਕਹੁ ਕਬੀਰ ਪਤਿ ਹਰਿ ਪਰਵਾਨੁ।।ਸਰਬ ਤਿਆਗਿ ਭਜੁ ਕੇਵਲ ਰਾਮੁ।।4।।[129]

ਭੇਖ, ਦੰਭ, ਪਾਖੰਡ ਦਾ ਖੰਡਨ ਕਰਦੇ ਹੋਏ ਭਗਤ ਕਬੀਰ ਜੀ ਕੇਵਲ ਪਰਮਾਤਮਾ ਦੇ ਨਾਮ ਨੂੰ ਹੀ ਮੁਕਤੀ ਤੇ ਪ੍ਰਭੂ ਪ੍ਰਾਪਤੀ ਦਾ ਰਾਹ ਦਸਦੇ ਹੋਏ ਨਾਗਿਆਂ, ਮੋਨਿਆਂ, ਫਕੀਰਾਂ, ਜਤੀਆਂ ਤਪੀਆਂ ਨੂੰ ਇਨ੍ਹਾਂ ਭਰਮ ਭੁਲੇਖਿਆਂ ਵਿਚੋਂ ਨਿਕਲ ਕੇਵਲ ਇਕ ਪਰਮਾਤਮਾ ਦੇ ਨਾਮ ਦੇ ਬੇੜੇ ਵਿਚ ਚੜ੍ਹਨ ਦਾ ਉਪਦੇਸ ਦਿੰਦੇ ਹਨ।

ਨਗਨ ਫਿਰਤ ਜੌ ਪਾਈਐ ਜੋਗੁ।।ਬਨ ਕਾ ਮਿਰਗੁ ਮੁਕਤਿ ਸਭੁ ਹੋਗੁ।।੧।।
ਕਿਆ ਨਾਗੇ ਕਿਆ ਬਾਧੇ ਚਾਮ।। ਜਬ ਨਹੀ ਚੀਨਸਿ ਆਤਮ ਰਾਮ।।੧।।ਰਹਾਉ।।
ਮੂਡ ਮੁੰਡਾਏ ਜੌ ਸਿਧਿ ਪਾਈ।। ਮੁਕਤੀ ਭੇਡ ਨ ਗਈਆ ਕਾਈ।।2।।
ਬਿੰਦੁ ਰਾਖਿ ਜੌ ਤਰੀਐ ਭਾਈ।। ਖੁਸਰੈ ਕਿਉ ਨ ਪਰਮ ਗਤਿ ਪਾਈ।।3।।
ਕਹੁ ਕਬੀਰ ਸੁਨਹੁ ਨਰ ਭਾਈ।।ਰਾਮ ਨਾਮ ਬਿਨੁ ਕਿਨਿ ਗਤਿ ਪਾਈ।।4।।4।।[130]

ਤੀਰਥਾਂ ਦੇ ਇਸਨਾਨ, ਕਈ ਤਰ੍ਹਾਂ ਦੇ ਭੇਖ, ਵੇਦ ਆਦਿਕ ਧਰਮ ਪੁਸਤਕਾਂ ਦੇ ਨਿਰੇ ਪਾਠ-ਅਜਿਹਾ ਕੋਈ ਕਰਮ ਵੀ ਸੁੱਚਾ ਸੁਖ ਨਹੀਂ ਦੇ ਸਕਦਾ। ਜਿਸ ਦੇ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਪਿਆਰ ਨਹੀਂ, ਉਸਨੇ ਜਮਾਂ ਦੇ ਵਸ ਹੀ ਪੈਣਾ ਹੈ। ਉਦਮਾਂ ਦੇ ਸਿਰ ਉੱਦਮ ਇਹੀ ਹੈ ਕਿ ਮੋਹ ਤਿਆਗ ਕੇ ਪ੍ਰਭੂ ਦਾ ਸਿਮਰਨ ਕਰੀਏ।[131]

ਸੰਧਿਆ ਪ੍ਰਾਤ ਇਸਨਾਨੁ ਕਰਾਹੀ।।ਜਿਉ ਭਏ ਦਾਦੁਰ ਪਾਨੀ ਮਾਹੀ।।੧।।
ਜਉਪੈ ਰਾਮ ਰਾਮ ਰਤਿ ਨਾਹੀ।।ਤੇ ਸਭਿ ਧਰਮ ਰਾਇ ਕੈ ਜਾਹੀ।।੧।।ਰਹਾਉ।।
ਕਾਇਆ ਰਤਿ ਬਹੁ ਰੂਪ ਰਚਾਹੀ।। ਤਿਨ ਕਉ ਦਇਆ ਸੁਪਨੈ ਭੀ ਨਾਹੀ।।2।।
ਚਾਰਿ ਚਰਨ ਕਹਹਿ ਬਹੁ ਆਗਰ।।ਸਾਧੂ ਸੁਖੁ ਪਾਵਹਿ ਕਲਿ ਸਾਗਰ।।3।।
ਕਹੁ ਕਬੀਰ ਬਹੁ ਕਾਇ ਕਰੀਜੈ।।ਸਰਬਸੁ ਛੋਡਿ ਮਹਾ ਰਸੁ ਪੀਜੈ।।4।।[132]

ਪਰਮਾਤਮਾ ਨੂੰ ਪਾਉਣ ਲਈ ਭਗਤ ਕਬੀਰ ਜੀ ਨੇ ਜੀਵ ਦੇ ਭੋਲੇ ਸੁਭਾਅ ਵਿਚੋਂ ਉਪਜਿਆ ਪਿਆਰ ਤੇ ਉਸ ਵਿਚੋਂ ਉਪਜੀ ਭਗਤੀ ਨੂੰ ਹੀ ਸਰੇਸ਼ਟ ਕਿਹਾ ਹੈ। ਇਸ ਦੇ

ਮੁਕਾਬਲੇ ਤੇ ਜਪੁ, ਤਪੁ, ਬ੍ਰਤ, ਪੂਜਾ ਨੂੰ ਵਿਅੱਰਥ ਦਸਿਆ ਹੈ ।

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ।।
ਜਾ ਕੈ ਰਿਦੈ ਭਾਉ ਹੈ ਦੂਜਾ ।। ੧ ।।
ਰੇ ਜਨ, ਮਨੁ ਮਾਧਉ ਸਿਉ ਲਾਈਐ ।।
ਚਤੁਰਾਈ ਨ ਚਤੁਰ ਭੁਜੁ ਪਾਈਐ ।।੧।। ਰਹਾਉ।।
ਪਰਹਰੁ ਲੋਭੁ ਅਰੁ ਲੋਕਾਚਾਰੁ ।।
ਪਰਹਰੁ ਕਾਮੁ ਕ੍ਰੋਧ ਅਹੰਕਾਰ ।। 2 ।।
ਕਰਮ ਕਰਤ ਬਧੇ ਅਹੰਮੇਵ ।।
ਮਿਲਿ ਪਾਥਰ ਕੀ ਕਰਹੀ ਸੇਵ ।। 3।।
ਕਹੁ ਕਬੀਰ ਭਗਤਿ ਕਰਿ ਪਾਇਆ ।।
ਭੋਲੇ ਭਾਇ ਮਿਲੇ ਰਘੁਰਾਇਆ ।। 4 ।। 6 ।।[133]

ਉਚੀ ਕੁਲ ਦਾ ਮਾਣ ਕਰਨ ਵਾਲੇ ਜੀਵਾਂ ਨੂੰ ਪ੍ਰਭੂ ਤੋ ਬੇਮੁਖ ਦਸਦੇ ਹੋਏ ਉਨ੍ਹਾਂ ਨੂੰ ਮਨੁੱਖਾ ਜਨਮ ਨੂੰ ਅਜਾਈ ਗਵਾਉਣ ਤੋ ਹਟਕਦੇ ਹੋਏ ਕਹਿੰਦੇ ਹਨ ਕਿ ਸਾਰੇ ਜੀਵ ਪ੍ਰਮਾਤਮਾ ਦੀ ਅੰਸ ਹਨ । ਉੱਚਾ ਉਹੀ ਹੈ, ਉਸ ਦੀ ਕੁਲ ਉਚੀ ਹੈ ਜੋ ਪ੍ਰਭੂ ਦੀ ਭਗਤੀ ਕਰਦਾ ਹੈ ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ ।।
ਬ੍ਰਹਮ ਬਿੰਦੁ ਤੇ ਸਭ ਉਤਪਾਤੀ ।। ੧ ।।
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ।।
ਬਾਮਨ ਕਹਿ ਕਹਿ ਜਨਮੁ ਮਤ ਖੋਏ ।।੧।।ਰਹਾਉ।।
ਜੌ ਤੂੰ ਬ੍ਰਾਹਮਣੁ, ਬ੍ਰਹਮਣੀ ਜਾਇਆ ।।
ਤਉ ਆਨ ਬਾਟ ਕਾਹੇ ਨਹੀ ਆਇਆ ।।2।।
ਤੁਮ ਕਤ ਬ੍ਰਾਹਮਣ, ਹਮ ਕਤ ਸੂਦ ।।
ਹਮ ਕਤ ਲੋਹੂ, ਤੁਮ ਕਤ ਦੂਧ ।।3।।

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ।।

ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ।। 4 ।। ੧ ।।[134]

ਭਗਤ ਕਬੀਰ ਜੀ ਸਾਧ ਸੰਗਤ ਦੀ ਵਡਿਆਈ ਤੇ ਪ੍ਰਤਾਪ ਬਾਰੇ ਫ਼ਰਮਾਉਂਦੇ ਹਨ ਕਿ ਅਸਲ ਬੈਕੁੰਠ ਸਾਧ ਸੰਗਤ ਵਿਚ ਹੀ ਹੈ । ਇਥੇ ਹੀ ਮਨ ਦੀ ਹਉਮੈ ਦੂਰ ਹੋ ਸਕਦੀ ਹੈ ਤੇ ਮਨ ਪ੍ਰਭੂ ਚਰਨਾਂ ਵਿਚ ਜੁੜਨ ਦਾ ਆਦੀ ਹੁੰਦਾ ਹੈ ।

ਜੋ ਜਨ ਪਰਮਿਤਿ ਪਰਮਨੁ ਜਾਨਾ ।।

ਬਾਤਨ ਹੀ ਬੈਕੁੰਠ ਸਮਾਨਾ ।। ੧ ।।

ਨਾ ਜਾਨਾ ਬੈਕੁੰਠ ਕਹਾ ਹੀ ।।

ਜਾਨੁ ਜਾਨੁ ਸਭਿ ਕਹਹਿ ਤਹਾ ਹੀ ।। ੧ ।। ਰਹਾਉ ।।

ਕਹਨ ਕਹਾਵਨ ਨਹ ਪਤੀਅਈਹੈ ।।

ਤਉ ਮਨੁ ਮਾਨੈ ਜਾ ਤੇ ਹਉਮੈ ਜਈਹੈ ।।2 ।।

ਜਬ ਲਗੁ ਮਨਿ ਬੈਕੁੰਠ ਕੀ ਆਸ ।।

ਤਬ ਲਗੁ ਹੋਇ ਨਹੀ ਚਰਨ ਨਿਵਾਸੁ ।। 3।।

ਕਹੁ ਕਬੀਰ ਇਹ ਕਹੀਐ ਕਾਹਿ ।।

ਸਾਧ ਸੰਗਤਿ ਬੈਕੁੰਠੈ ਆਹਿ ।। 4 ।।[135]

ਭਗਤ ਬਾਣੀ ਤੇ ਗੁਰਮਤਿ ਦੀ ਸਾਂਝ ਅਟੁਟ ਹੈ । ਜਿਵੇਂ ਪੂਰਵੇਲੇ ਭਗਤ ਜਨਾਂ ਨਾਲ ਗੁਰੂ ਸਾਹਿਬਾਨ ਦੀ ਸਾਂਝ ਹਿੱਤ ਸ਼ਬਦਾਂ ਦੇ ਵਿਚਾਰ ਸਾਂਝੇ ਹਨ । ਉਸੇ ਤਰ੍ਹਾਂ ਗਉੜੀ ਰਾਗ ਵਿਚ ਵੀ ਭਗਤ ਕਬੀਰ ਜੀ ਦੇ ਇਕ ਸ਼ਬਦ ਨਾਲ ਗੁਰੂ ਅਰਜਨ ਦੇਵ ਜੀ ਨੇ ਆਪਣਾ ਸ਼ਬਦ ਰਲਾ ਕੇ ਲਿਖਿਆ ਹੈ ।

ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ।। 5 ।।

ਐਸੋ ਅਚਰਜੁ ਦੇਖਿਓ ਕਬੀਰ ।।

ਦਧਿ ਕੈ ਭੋਲੈ ਬਿਰੋਲੈ ਨੀਰੁ ।। ੧ ।। ਰਹਾਉ ।।

ਹਰੀ ਅੰਗੂਰੀ ਗਦਹਾ ਚਰੈ ।।
ਨਿਤ ਉਠਿ ਹਾਸੈ ਹੀਗੈ ਮਰੈ ।। ੧ ।।
ਮਾਤਾ ਭੈਸਾ ਅੰਮੁਹਾ ਜਾਇ ।।
ਕੁਦਿ ਕੁਦਿ ਚਰੈ, ਰਸਾਤਲਿ ਪਾਇ ।। 2 ।।
ਕਹੁ ਕਬੀਰ ਪਰਗਟੁ ਭਈ ਖੇਡ ।।
ਲੇਲੇ ਕਉ ਚੂਘੈ ਨਿਤ ਭੇਡ ।। 3 ।।
ਰਾਮ ਰਮਤ ਮਤਿ ਪਰਗਟੀ ਆਈ ।।
ਕਹੁ ਕਬੀਰ ਗੁਰਿ ਸੋਝੀ ਪਾਈ ।।4 ।।੧ ।।14।।[136]

ਇਸ ਸ਼ਬਦ ਦਾ ਸਿਰਲੇਖ ਦਸਦਾ ਹੈ ਕਿ ਇੱਕਲੇ ਕਬੀਰ ਜੀ ਦਾ ਨਹੀਂ ਹੈ, ਇਸ ਵਿਚ ਗੁਰੂ ਅਰਜਨ ਸਾਹਿਬ ਜੀ ਦਾ ਵੀ ਹਿਸਾ ਹੈ, ਤੇ ਕੁਦਰਤੀ ਤੌਰ ਤੇ ਉਹ ਅਖੀਰਲਾ ਬੰਦ ਹੀ ਹੋ ਸਕਦਾ ਹੈ, ਤੀਜੇ ਬੰਦ ਵਿਚ ਕਬੀਰ ਜੀ ਦਾ ਨਾਮ ਆਉਂਦਾ ਹੈ ਤੇ ਇਥੇ ਉਹ ਆਪਣਾ ਮਜ਼ਮੂਨ ਮੁਕਾ ਦੇਂਦੇ ਹਨ। ਸ਼ੁਰੂ ਵਿਚ ਲਿਖਦੇ ਹਨ ਕਿ ਜਗਤ ਵਿਚ ਇਕ ਅਜੀਬ ਤਮਾਸ਼ਾ ਹੋ ਰਿਹਾ ਹੈ - ਜੀਵ, ਦਹੀਂ ਦੇ ਭੁਲੇਖੇ ਪਾਣੀ ਰਿੜਕ ਰਿਹਾ ਹੈ। ( ਭਾਵ ਵਿਅਰਥ ਤੇ ਉਲਟੇ ਕੰਮ ਕਰ ਰਿਹਾ ਹੈ ਵਿਚੋ ਕੋਈ ਲਾਭ ਨਹੀਂ ਹੋਣਾ ) ਲਾਭ ਵਾਲਾ ਕੰਮ ਤਾਂ ਇਹ ਹੈ ਜਿਵੇਂ ਸਿਖ ਰੋਜ਼ ਅਰਦਾਸ ਕਰਦਾ ਹੈ - 'ਮਨ ਨੀਵਾਂ, ਮਤ ਉਚੀ, ਮਤ ਕਾ ਰਾਖਾ ਵਾਹਿਗੁਰੂ' ਭਾਵ, ਵਾਹਿਗੁਰੂ ਦੇ ਸਿਮਰਨ ਵਿਚ ਜੁੜੀ ਰਹੇ ਬੁਧੀ, ਤੇ ਇਹੋ ਜਿਹੀ ਬੁਧੀ ਦੇ ਅਧੀਨ ਰਹੇ ਮਨ, ਪਰ ਕਬੀਰ ਜੀ ਕਹਿੰਦੇ ਹਨ ਕਿ ਜਗਤ ਵਿਚ ਉਲਟੀ ਖੇਡ ਹੋ ਰਹੀ ਹੈ। ਬੁਧੀ ਮਨ ਨੂੰ ਚੁੰਘਦੀ ਫਿਰਦੀ ਹੈ। ਬੁਧੀ ਵਿਕਾਰੀ ਮਨ ਦੇ ਪਿਛੇ ਲੱਗੀ ਫਿਰਦੀ ਹੈ। ਲੋਕਾਂ ਨੂੰ ਇਸ ਤਮਾਸ਼ੇ ਦੀ ਸਮਝ ਨਹੀਂ ਆ ਰਹੀ ਪਰ ਕਬੀਰ ਜੀ ਨੇ ਇਹ ਤਮਾਸ਼ਾ ਸਮਝ ਲਿਆ ਹੈ।

ਕਬੀਰ ਜੀ ਨੇ ਇਹ ਜ਼ਿਕਰ ਨਹੀਂ ਕੀਤਾ ਕਿ ਇਸ ਤਮਾਸ਼ੇ ਦੀ ਸਮਝ ਕਿਵੇਂ ਆਈ ਹੈ ਤੇ ਹੋਰਨਾ ਲੋਕਾਂ ਨੂੰ ਵੀ ਕਿਵੇਂ ਆ ਸਕਦੀ ਹੈ। ਇਸ ਘੁੰਡੀ ਨੂੰ

ਬੋਲਣ ਲਈ ਗੁਰੂ ਅਰਜਨ ਸਾਹਿਬ ਨੇ ਅਖੀਰਲੇ ਬੰਦ ਨੰ: 4 ਆਪਣੇ ਵਲੋਂ ਲਿਖਕੇ ਨਾਲ ਰਲਾ ਦਿਤਾ । ਅੰਕ ਦੇ ਅਗੇ ਅੰਕ ਨੰ: ੧ ਭੀ ਇਸ ਸ਼ਬਦ ਦਾ ਅਨੋਖਾਪਨ ਦਸਣ ਵਾਸਤੇ ਹੀ ਹੈ । ਇਹਨਾਂ ਸ਼ਬਦਾਂ ਵਿਚ ਸਿਰਫ ਇਹੀ ਸ਼ਬਦ ਹੈ ਜਿਸ ਵਿਚ ਉਪਰ ਲਿਖੀ ਇਹ ਅਨੋਖੀ ਗਲ ਆਈ ਹੈ ।[137]

ਰਾਗ ਗਾਉੜੀ ਪੂਰਬੀ ਬਾਵਨ ਅਖਰੀ ਕਬੀਰ ਜੀ ਕੀ :

' ਬਾਵਨ ਅਖਰੀ ਵਿਚ ਅਜੀਬ ਗਲ ਇਹ ਹੈ ਕਿ ਕਬੀਰ ਜੀ ਨੇ ' ਗੁਰਮੁਖੀ ਪੈਂਤੀ ' ਦੇ ਸਾਰੇ ਅੱਖਰ ਲਏ ਹਨ ਅਤੇ ਉਹਨਾਂ ਦਾ ਉਚਾਰਨ ਕਕਾ, ਖਖਾ, ਗਗਾ, ਘਘਾ, ਚਚਾ, ਛਛਾ ਆਦਿ ਹੀ ਦਿਤਾ ਹੈ। ਸਪਸ਼ਟ ਹੈ ਕਿ ਗੁਰਮੁਖੀ ਪੈਂਤੀ ਕਬੀਰ ਜੀ ਦੇ ਸਮੇਂ ਵੀ ਪਰਚਲਤ ਸੀ ।[138]

' ਬਾਵਨ ਅਖਰੀ ' ਵਿਚ ਮਨ ਦੀ ਪਵਿਤਰਤਾ, ਪ੍ਰਭੂ ਮਿਲਾਪ ਦਾ ਸੁਖ ਤੇ ਗਿਆਨ ਪ੍ਰਾਪਤੀ ਦੇ ਸਾਧਨਾਂ ਨੂੰ ਵਰਨਣ ਕੀਤਾ ਗਿਆ ਹੈ ।

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨਹੀ ਮਾਹਿ ।।
ਏ ਅਖਰ ਖਿਰਿ ਜਾਹਿਗੇ, ਓਇ ਅਖਰ ਇਨ ਮਹਿ ਨਾਹਿ ।।੧ ।।
ਜਹਾ ਬੋਲ ਤਹ ਅਛਰ ਆਵਾ ।। ਜਹ ਅਬੋਲ, ਤਹ ਮਨੁ ਨ ਰਹਾਵਾ ।।
ਬੋਲ ਅਬੋਲ ਮਧਿ ਹੈ ਸੋਈ ।। ਜਸ ਓਹੁ ਹੈ, ਤਸ ਲਖੈ ਨ ਕੋਈ ।। 2।।
ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ ।।
ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ ।।3।।
ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ।।
ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ।।4।।
ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ।।
ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ।।5।।[139]

ਇਥੋਂ ਤਕ ਕਬੀਰ ਜੀ ਉਥਾਨਕਾ ਜਿਹੀ ਬਨਦੇ ਹਨ ਕਿ ਪਰਮਾਤਮਾ ਨਾਲ ਮਿਲਾਪ ਦੀ ਅਵਸਥਾ ਲਫਜ਼ਾਂ ਨਾਲ ਬਿਆਨ ਨਹੀਂ ਹੋ ਸਕਦੀ, ਕਿਉਂਕਿ ਬਿਆਨ ਕਰਨ

ਵਾਲਾ ਮਨ ਆਪ ਹੀ ਆਪਣਾ ਆਪ ਮਿਟਾ ਚੁਕਦਾ ਹੈ, ਤੇ ਜੇ ਉਸ ਮਿਲਾਪ ਦੇ ਅਨੰਦ ਨੂੰ ਥੋੜਾ ਬਹੁਤ ਬਿਆਨ ਕਰਨ ਦਾ ਜਤਨ ਵੀ ਕਰੇ ਤਾਂ ਸੁਣਨ ਵਾਲੇ ਨੂੰ ਨਿਰਾ ਸੁਣਿਆ ਉਸ ਅਨੰਦ ਦੀ ਸਮਝ ਨਹੀਂ ਆ ਸਕਦੀ । ਹਾਂ, ਜੋ ਮਨ ਉਸ ਮੇਲ ਅਵਸਥਾ ਵਿਚ ਅੱਪੜਨ ਦਾ ਜਤਨ ਕਰਦਾ ਹੈ, ਉਸ ਦੇ ਆਪਣੇ ਅੰਦਰ ਤਬਦੀਲੀ ਆ ਜਾਂਦੀ ਹੈ, ਉਸ ਵਿਚੋਂ ਮੇਰ - ਤੇਰ ਮਿਟ ਜਾਂਦੀ ਹੈ, ਤੇ ਇਸ ਸੁਚੱਜੇ ਰਸਤੇ ਦੀ ਸਮਝ ਪੈਂਦੀ ਹੈ ਗੁਰੂ ਦਾ ਗਿਆਨ ਪ੍ਰਾਪਤ ਕੀਤਿਆਂ, ਗੁਰੂ ਦੇ ਦੱਸੇ ਪੂਰਨਿਆਂ ਨੂੰ ਸਮਝਿਆਂ । ਗੁਰੂ ਦੇ ਦੱਸੇ ਉਹ ਪੂਰਨੇ ਕਿਹੜੇ ਹਨ ? ਗੁਰੂ ਦੀ ਦੱਸੀ ਹੋਈ ਉਹ ਵਿਚਾਰ ਕੀਹ ਹੈ ? ਇਸ ਦਾ ਜ਼ਿਕਰ ਕਬੀਰ ਜੀ ਅਗਲੀਆਂ ਪਉੜੀਆਂ ਵਿਚ ਕਰਦੇ ਹਨ ।[140]

ਇਕੀਸਰ ਵਾਦ ਬਾਰੇ ਸ੍ਰੀ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਆਪਸ ਵਿਚ ਮਿਲਦੇ ਹਨ । ਦੋਹਾਂ ਦੀ ਬਾਣੀ ਵਿਚ ਓਅੰਕਾਰ, ਸਤਿਨਾਮ ਆਦਿਕ ਸ਼ਬਦ ਵਰਤੇ ਗਏ ਹਨ ।[141]

ਓਅੰਕਾਰ ਆਦਿ ਮੈ ਜਾਨਾ ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥
ਓਅੰਕਾਰ ਲਖੈ ਜਉ ਕੋਈ ॥
ਸੋਈ ਲਿਖਿ ਮੇਟਣਾ ਨ ਹੋਈ ॥[142]

ਅੰਤ ਵਿਚ ਕਬੀਰ ਜੀ ਫ਼ਰਮਾਉਂਦੇ ਹਨ ਕਿ ਜੀਵ ਨੂੰ ਇਹਨਾਂ ਜਨਮ ਮਰਨ ਦੇ ਚਕਰਾਂ ਵਿਚ ਪਿਆ ਪਤਾ ਨਹੀਂ ਕਿਤਨੇ ਗੇੜੇ ਲਾਏ ਹਨ ਪਰ ਅਜੇ ਉਸਨੂੰ ਇਹਨਾਂ ਚਕਰਾਂ ਵਿਚੋਂ ਕਢਣਾ ਹੈ :-

ਖਖਾ ਖਿਰਤ ਖਪਤ ਗਏ ਕੇਤੇ ॥
ਖਿਰਤ ਖਪਤ ਅਜਹੂੰ ਨਾ ਚੇਤੇ ॥
ਅਬਜਗੁ ਜਾਨਿ ਜਉ ਮਨਾ ਰਹੈ ॥
ਜਹ ਕਾ ਬਿਛੁਰਾ, ਤਹ ਥਿਰੁ ਲਹੈ ॥4॥41॥[143]

ਰਾਗ ਗਉੜੀ ਥਿਤੀਂ ਕਬੀਰ ਜੀ ਕੀ ।।

'ਪੰਦ੍ਰਹ ਥਿਤੀ' ਵਿਚ ਕਬੀਰ ਜੀ ਨੇ ਪ੍ਰਭੂ ਮਿਲਾਪ ਲਈ ਲੋੜੀਂਦੇ ਯਤਨ ਦਸੇ ਹਨ ਜਿਵੇਂ ਕਿ 'ਅੰਮਾਵਸ ਮਹਿ ਆਸ ਨਿਵਾਰਹੁ' 'ਚਰਨ ਕਮਲ ਗੋਬਿੰਦ ਰੰਗ ਲਾਗਾ, ਪਰਿਵਾ ਪ੍ਰੀਤਮ ਕਰਹੁ ਬੀਚਾਰਾ, ਚਉਥਹਿ ਚੰਚਲ ਮਨ ਕਉ ਗਹਹੁ', ਪ੍ਰੇਮ ਸੁਧਾ ਰਸ ਪੀਵੈ ਕੋਇ', 'ਦੁਬਿਧਾ ਮੇਟਿ ਖਿਮਾ ਗਹਿ ਰਹਹੁ, 'ਸਾਤੈਂ ਸਤਿ ਕਰਿ ਬਾਚਾ ਜਾਣਿ,' ਨਉਮੀ ਨਵੇ ਦੁਆਰ ਕਉ ਸਾਧਿ,' ਦਸਮੀ ਦਹਦਿਸ ਹੋਇ ਅਨੰਦ" ਛੂਟੇ ਭਰਮੁ ਮਿਲੈ ਗੋਬਿੰਦ, 'ਏਕਾਦਸੀ ਏਕ ਦਿਸ ਧਾਵੈ, ਚਉਦਸਿ ਚਉਦਹ ਲੋਕ ਮਝਾਰਿ ।। ਰੋਮ ਰੋਮ ਮਹਿ ਬਸਹਿ ਮੁਰਾਰਿ' ਆਦਿ । ਅਪਨੇ ਪਰਚਲਤ ਥਿਤਾਂ ਦੀ ਰਹਸਵਾਦੀ ਮਹਾਨਤਾ ਪਰਗਟ ਕੀਤੀ ਹੈ ।[144]

ਰਾਗ ਗਉੜੀ ਵਾਰ ਕਬੀਰ ਜੀਉ ਕੇ ।। ਵਿਚ ਸਤ ਵਾਰਾਂ ਦੁਆਰਾ ਮਨ ਦੀ ਪਵਿਤਰਤਾ ਦੀ ਜੁਗਤ ਦਸੀ ਹੈ ਜਿਵੇਂ :-

ਐਤਵਾਰ ਅਦਿਤ ਕਰੈ ਭਗਤਿ ਅਰੰਭ ।।<br>
ਸੋਮਵਾਰਿ ਸਸਿ ਅੰਮ੍ਰਿਤੁ ਝਰੈ ।।<br>
ਮੰਗਲਵਾਰੇ ਲੇ ਮਾਹੀਤਿ ।।<br>
ਬੁਧਵਾਰਿ ਬੁਧਿ ਕਰੈ ਪ੍ਰਗਾਸ ।।<br>
ਬ੍ਰਿਹਸਪਤਿ ਬਿਖਿਆ ਦੇਇ ਬਹਾਇ ।।<br>
ਸੁਕ੍ਰਿਤੁ ਸਹਾਰੈ ਸੁਇਹ ਬ੍ਰਤਿ ਚੜੈ ।।<br>
ਥਾਵਰ ਥਿਰੁ ਕਰਿ ਰਾਖੈ ਸੋਇ ।।

ਭਾਵੇਂ ਅਖਰ ਹੋਣ ਜਾਂ ਥਿਤਾਂ ਹੋਣ ਜਾਂ ਵਾਰਦੇ ਹਿਸਾਬ ਨਾਲ ਇਹ ਜੀਵਨ ਪ੍ਰਵਾਹ ਚਲਦਾ ਹੈ । ਇਸ ਸਭ ਕੁਝ ਵਿਚੋਂ ਭਗਤ ਕਬੀਰ ਜੀ ਲਈ ਪ੍ਰਭੂ ਹਰ ਅਖਰ ਥਿਤ ਤੇ ਵਾਰ ਵਿਚ ਦ੍ਰਿਸ਼ਟਮਾਨ ਹੈ ਤੇ ਹੋਰ ਜੀਵਾਂ ਨੂੰ ਤਾਰਨ ਲਈ ਵੀ ਇਹੀ ਜੁਗਤ ਦਸਦੇ ਹਨ ਕਿ ਉਸ ਪ੍ਰਭੂ ਦੀ ਯਾਦ ਹੀ ਸਭ ਕੁਝ ਹੈ ।

### 3. ਰਾਗ ਆਸਾ

ਰਾਗ ਆਸਾ ਵਿਚ ਭਗਤ ਕਬੀਰ ਜੀ ਦੇ 37 ਸ਼ਬਦ ਦਰਜ ਹਨ । ਇਹਨਾਂ ਵਿਚ ਰਾਮ ਭਗਤੀ ਨੂੰ ਹੀ ਮੁਖ ਸਮਝਿਆ ਗਿਆ ਹੈ । ਭਗਤੀ ਤੋਂ ਕੋਰੇ ਰਸਮੀ ਧਰਮ ਤੇ ਕਰਮ ਕਾਂਡ ਦੀ ਨਿਖੇਧੀ ਕੀਤੀ ਗਈ ਏ । ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਨੂੰ ਹੀ ਪ੍ਰਭੂ ਭਗਤੀ ਵਲ ਮੋੜਾ ਮਨ ਨੂੰ ਭਾਉਣ ਵਾਲੀਆਂ ਰਸਮਾਂ ਛਡ ਹਿੰਦੂਆਂ ਨੂੰ 'ਓਹਿ ਹਰਿ ਕੇ ਸੰਤ ਨ ਆਖੀਅਹਿ ਬਨਾਰਸਿ ਕੇ ਠਗ' ਕਿਹਾ ਤੇ ਮੁਸਲਮਾਨਾਂ ਨੂੰ ਅਲਹ ਤੇ ਬੇਮੁਖ 'ਕਾਜੀ ਬੋਲਿਆ ਬਨਿ ਨਹੀਂ ਆਵੈ ॥ਰਹਾਉ॥' ਦਾ ਉਪਦੇਸ਼ ਦਿਤਾ ।

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ।
ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਨਾਰਸਿ ਕੇ ਠਗ ॥੧॥
ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ਰਹਾਉ॥
ਬਾਸਨ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ ॥2॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਹਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥3॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥
ਕਹੁ ਕਬੀਰ ਜਿਸੁ ਸਤਿਗੁਰ ਭੇਟੈ ਪੁਨਰਪਿ ਜਨਮਿ ਨ ਆਵੈ ॥4॥2॥[145]

ਜੇ ਭਗਤ ਕਬੀਰ ਜੀ ਨੇ ਦਖਾਵਾ ਕਰਨ ਵਾਲੇ ਹਿੰਦੂਆਂ ਨੂੰ ਬਨਾਰਸ ਦੇ ਠੱਗ ਕਿਹਾ ਹੈ ਤਾਂ ਕਿਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਵੀ ਪਾਖੰਡਾਂ ਦੇ ਵਿਰੁਧ ਅਵਾਜ਼ ਉਠਾਈ ਤੇ ਕਹਿਣੀ ਕਰਨੀ ਦੇ ਅੰਤਰ ਨੂੰ ਖਤਮ ਕਰਨ ਦਾ ਉਪਦੇਸ ਦਿਤਾ । ਇਸ ਪੱਖ ਤੋਂ ਵੇਖਿਆਂ ਭਗਤ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਹੀ ਸਾਂਝ ਨਹੀਂ ਸੀ ਸਗੋਂ ਮੂਲ ਰੂਪ ਵਿਚ ਜੀਵ ਨੂੰ ਪਾਖੰਡ ਤੋਂ ਉਪਰ ਉਠਾ ਉਸ ਪ੍ਰਭੂ

ਭਗਤੀ ਵਿਚ ਮੋੜਨ ਸੀ । ਗੁਰੂ ਜੀ ਹਿੰਦੂ ਭਗਤ ਦੇ ਭੇਖ ਵਿਚ ਪਾਖੰਡੀ ਨੂੰ ਝਾੜ ਪਾਉਂਦੇ ਹੋਏ ਫਰਮਾਉਂਦੇ ਹਨ :-

ਸਲੋਕੁ ਮਹਲਾ ॥ ੧ ॥

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥ ੧ ॥[146]

4. ਰਾਗ ਗੂਜਰੀ

ਰਾਮ ਗੁਜਰੀ ਵਿਚ ਭਗਤ ਕਬੀਰ ਜੀ ਦੇ ਦੋ ਸ਼ਬਦ ਹਨ । ਪਹਿਲੇ ਸ਼ਬਦ ਮਨੁੱਖਾ ਜਨਮ ਨੂੰ ਹੀ ਸਿਮਰਨ ( ਭਗਤੀ ) ਦਾ ਸਮਾ ਦਸਿਆ ਜਿਸ ਤੋਂ ਖੁੰਝਿਆ ਜਨਮ ਮਰਨ ਦੇ ਗੇੜ ਵਿਚ ਪੈਣਾ ਪੈਂਦਾ ਹੈ ।

ਦੂਸਰੇ ਸ਼ਬਦ ਵਿਚ ਦਸਿਆ ਗਿਆ ਹੈ ਕਿ ਭਗਤ ਤੇ ਦੁਨੀਆਦਾਰ ਜੀਵਾਂ ਦੀ ਜ਼ਿੰਦਗੀ ਦਾ ਮਨੋਰਥ ਵੱਖ ਵੱਖ ਹੁੰਦਾ ਹੈ। ਭਗਤ ਦਾ ਜ਼ਿੰਦਗੀ ਦਾ ਮਨੋਰਥ ਪ੍ਰਭੂ ਭਗਤੀ ਹੁੰਦਾ ਪਰ ਦੁਨੀਆਦਾਰ ਹਰ ਵੇਲੇ ਮਾਇਆ ਕਮਾਉਣ ਬਾਰੇ ਸੋਚਦਾ ਹੈ । ਇਵੇਂ ਹੀ ਇਸ ਸ਼ਬਦ ਵਿਚ ਭਗਤ ਕਬੀਰ ਜੀ ਦੀ ਮਾਤਾ ਦੀ ਚਿੰਤਾ ਵਾਲੀ ਹਾਲਤ ਦਾ ਬਿਆਨ ਭਗਤ ਕਬੀਰ ਜੀ ਇੰਝ ਕਰਦੇ ਹਨ :-

ਗੁਜਰੀ ਘਰ ॥ 3 ॥

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥
ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥ ੧ ॥
ਤਨਨਾ ਬੁਨਨਾ ਸਭ ਤਜਿਓ ਹੈ ਕਬੀਰ ॥
ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥ ਰਹਾਉ ॥
ਜਬਲਗੁ ਤਾਗਾ ਬਾਹਉ ਬੇਹੀ ॥
ਤਬਲਗ ਬਿਸਰੈ ਰਾਮੁ ਸਨੇਹੀ ॥ 2 ॥

ਓਛੀ ਮਤਿ ਮੇਰੀ ਜਾਤਿ ਜੁਲਾਹਾ ।।
ਹਰਿ ਕਾ ਨਾਮੁ ਲਹਿਓ ਮੈ ਲਾਹਾ ।। 3 ।।
ਕਹਤ ਕਬੀਰ ਸੁਨਹੁ ਮੇਰੀ ਮਾਈ ।।
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ।।4 ।।[147]

5. ਰਾਗ ਸੋਰਠਿ

ਸੋਰਠਿ ਰਾਗ ਵਿਚ ਭਗਤ ਕਬੀਰ ਜੀ ਦੇ 11 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਵਿਚ ਰਸਮੀ ਧਰਮ ਵਿਚ ਰਸਮੀ ਧਰਮ ਤੇ ਕਰਮ - ਕਾਂਡ ਦੇ ਮੁਕਾਬਲੇ ਤੇ ਪ੍ਰੇਮਾ - ਭਗਤੀ ਨੂੰ ਵਡਿਆਇਆ ਗਿਆ ਹੈ । ਕਹਿਣੀ ਤੇ ਕਰਨੀ ਦੇ ਅੰਤਰ ਨੂੰ ਹਿਰਦੈ ਕਪਟੁ ਮੁਖ ਗਿਆਨੀ ਵਗੂ ਜਦ ਤਕ ਮਨ ਤ੍ਰਿਸ਼ਨਾ ਦੇ ਅਧੀਨ ਏ ਜੀਵ ਪ੍ਰਭੂ ਦੀ ਭਗਤੀ ਨਹੀਂ ਕਰ ਸਕਦਾ । ਜੇ ਇਸ ਹਾਲਤ ਵਿਚ ਹੈ ਤਾਂ ਉਹ ਭਗਤ ਹੀ ਪਾਖੰਡੀ ਹੈ । ਤ੍ਰਿਸ਼ਨਾ ਤੇ ਭਗਤੀ ਦਾ ਕਦੇ ਜੋੜ ਨਹੀਂ ਹੋ ਸਕਦਾ । ਮਾਇਆ ਦਾ ਮਾਣ ਕੂੜਾ ਹੈ । ਅੰਤ ਵੇਲੇ ਨਾਮ ਤੋਂ ਬਿਨਾ ਕੋਈ ਵਸਤੂ ਸਾਥ ਨਹੀਂ ਨਿਭਦੀ । ਪ੍ਰਭੂ ਭਗਤੀ ਹੀ ਮਨੁੱਖ ਦੇ ਕਰਨ ਯੋਗ ਕੰਮ ਹੈ । ਇਹ ਮੌਤ ਦੇ ਡਰ ਤੋਂ ਮੁਕਤੀ ਦਵਾਉਂਦਾ ਹੈ।

ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ।।
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ।। ੧ ।।
ਮਨ ਰੇ ਸਰਿਓ ਨ ਏਕੈ ਕਾਜਾ ।। ਭਜਿਓ ਨ ਰਘੁਪਤਿ ਰਾਜਾ ।।੧।।ਰਹਾਉ।।
ਬਨ ਖੰਡ ਜਾਇ ਜੋਗੁ ਤਪੁ ਕੀਨੋ, ਕੰਦ ਮੂਲੁ ਚੁਨਿ ਖਾਇਆ ।।
ਨਾਦੀ ਬੇਦੀ ਸ਼ਬਦੀ ਮੋਨੀ, ਜਮ ਕੇ ਪਟੈ ਲਿਖਾਇਆ ।। 2 ।।
ਭਗਤਿ ਨਾਰਦੀ ਰਿਦੈ ਨ ਆਈ , ਕਾਛਿ ਕੂਛਿ ਤਨੁ ਦੀਨਾ ।।
ਰਾਗ ਰਾਗਨੀ ਡਿੰਭ ਹੋਇ ਬੈਠਾ, ਉਨਿ ਹਰਿ ਪਹਿ ਕਿਆ ਲੀਨਾ ।।3।।
ਪਰਿਓ ਕਾਲੁ ਸਭੈ ਜਗ ਊਪਰਿ ਮਾਹਿ ਲਿਖੇ ਭ੍ਰਮ ਗਿਆਨੀ ।।
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ।।4।।3।।[148]

6. ਰਾਗ ਧਨਾਸਰੀ

ਰਾਗ ਧਨਾਸਰੀ ਵਿਚ ਭਗਤ ਕਬੀਰ ਦੇ 5 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹਨਾਂ ਵਿਚ ਪ੍ਰਮਾਤਮਾ ਦੀ ਬੇਅੰਤਤਾ ( ਸਨਕ ਸਾਦਿ ਮਹੇਸ ਸਮਾਨਾ ।। ਸੇਖ ਨਾਹਿ ਤੇਰੋ ਮਰਮੁ ਨ ਜਾਨਾ ), ਜੀਵਨ ਦੀ ਛਿਨ ਭੰਗਰਤਾ ( ਦਿਨ ਤੇ ਪਹਰ, ਪਹਰ ਤੇ ਘਰੀਆਂ, ਆਵ ਘਟੈ ਤਨੁ ਛੀਜੈ ) ਭਗਤੀ ਬਿਨਾ ਆਵਾਗਵਨ ( ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਆਈ ) ਦਸੀ ਹੈ ਅਤੇ ਆਪਣੇ ਲਈ ਨਿਰਨਾ ਕੀਤਾ ਹੈ ਕਿ ਮੈ ਮੁਕਤੀ ਵੀ ਨਹੀ ਚਾਹੁੰਦਾ ( ਕਿਆ ਮਾਗਉ ਕਿਛੁ ਥਿਰੁ ਨਾਹੀ ) ਸਗੋਂ ਪ੍ਰੇਮਾ - ਭਗਤੀ ਚਾਹੁੰਦਾ ਹਾਂ ਜੋ :-

> ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ।।
> ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ।।[149]

7. ਰਾਗ ਤਿਲੰਗ

ਰਾਗ ਤਿਲੰਗ ਵਿਚ ਭਗਤ ਕਬੀਰ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਸ ਵਿਚ ਭਗਤ ਜੀ ਨੇ ਫੋਕੀਆਂ ਬ੍ਰਹਿਮਾ ਕਰਨ ਤੇ ਇਕ ਦੂਸਰੇ ਦੀਆਂ ਧਾਰਮਕ ਪੁਸਤਕਾਂ ਵਿਚਲੀ ਬਾਣੀ ਦਾ ਨਿਰਾਦਰ ਕਰਨ ਜਾਂ ਉਹਨਾਂ ਵਿਚੋਂ ਆਪਣੇ ਮਨ ਭਾਉਂਦੇ ਅਰਥ ਕਢ ਕੇ ਦੂਸਰੇ ਨੂੰ ਨੀਵਾਂ ਵਿਖਾਉਣ ਆਦਿ ਜਿਹੇ ਯਤਨਾਂ ਨੂੰ ਗਲਤ ਦਸਿਆ ਹੈ । ਹਿਰਦੇ ਵਿਚ ਦੂਸਰੇ ਰੱਬ ਦੀ ਭਗਤੀ ਕਰਨ ਨਾਲ ਹੀ ਉਹ ਸਾਰੀ ਖਲਕਤ ਵਿਚ ਨਜ਼ਰ ਆਵੇਗਾ ।

8. ਰਾਗ ਸੂਹੀ

ਸੂਹੀ ਰਾਗ ਵਿਚ ਪੰਜ ਸ਼ਬਦ ਭਗਤ ਕਬੀਰ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਵਿਚ ਭਗਤ ਜੀ ਨੇ ਜੀਵਨ ਦਾ ਮਨੋਰਥ ਪ੍ਰਭੂ ਭਗਤੀ

ਦਸਦਿਆ ਹੋਇਆ ਜੀਵ ਨੂੰ ਚਿਤਾਵਨੀ ਦਿਤੀ ਹੈ ਕਿ ਸਿਮਰਨ ਤੋ ਬਿਨਾ ਜੀਵਨ ਅਜਾਈ ਹੈ ਤੇ ਅੰਤ ਵੇਲੇ ਪਛਤਾਉਣ ਤੋਂ ਛੁਟ ਹੋਰ ਕੁਝ ਨਹੀਂ ਹੋਣਾ । ਜੇ ਇਹ ਮਾਇਆ ਦੇ ਪਸਾਰੇ ਵਿਚੋ ਆਪਣੇ ਆਪ ਨੂੰ ਕਢਣਾ ਹੈ, ਵਿਸਿਆ ਵਿਕਾਰਾ ਤੋਂ ਬਚਾਅ ਚਾਹੁੰਦਾ ਹੈ ਤਾਂ ਹੇ ਜੀਵ ਗੁਰੂ ਦੀ ਸਰਨ ਪੈ ਕੇ ਪ੍ਰਭੂ ਦਾ ਸਿਮਰਨ ਕਰ, ਇਸ ਨਾਲ ਵਿਕਾਰ ਆਪਣਾ ਜੋਰ ਤੇਰੇ ਉਪਰ ਪਾ ਨਹੀਂ ਸਕਣੀ ।

੭. ਰਾਗ ਬਿਲਾਵਲ

ਰਾਗ ਬਿਲਾਵਲ ਵਿਚ ਭਗਤ ਕਬੀਰ ਜੀ ਦੇ ਬਾਰਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਸ਼ਬਦਾਂ ਵਿਚ ਮੌਤ ਅਟੱਲ ਭਾਵ ਹੈ । ਦਸ ਕਿ ਸਿਮਰਨ ਵਲ ਜੀਵ ਨੂੰ ਲਗਾਣ ਦਾ ਰਾਹ ਦਸਿਆ ਹੈ । ਮੌਤ ਨੇ ਹਰੇਕ ਜੀਵ ਨੂੰ ਇਥੋ ਲੈ ਜਾਣਾ ਏ । ਸਦਾ ਲਈ ਇਥੇ ਕੋਈ ਵੀ ਨਹੀਂ ਰਹਿ ਸਕਦਾ । ਫਿਰ ਜੀਵ ਨੂੰ ਜੀਵਨ ਦੇ ਠੀਕ ਰਸਤੇ ਤੁਰ ਪ੍ਰਭੂ ਸਿਮਰਨ ਕਰ ਮੌਤ ਤੋ ਬੇਫਿਕਰ ਹੋ ਜਾਈਦਾ ਹੈ ।

ਐਸੋ ਇਹ ਸੰਸਾਰੁ ਪੇਖਨਾ ਰਹਨੁ ਨ ਕੋਊ ਪਈ ਹੈ ਰੇ ॥
ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈ ਹੈ ਰੇ ॥ ੧ ॥ਰਹਾਉ॥
ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ ॥ ੧ ॥
ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈ ਹੈ ਰੇ ॥ 2 ॥
ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥
ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥ 3 ॥
ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਲੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥4॥
ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥
ਕਹਤ ਕਬੀਰ ਸੁਨਹੁ ਰੇ ਸੰਤਹੁ ਮਿਲਿ ਹੈ ਸਾਰਿਗਪਾਨੀ ਰੇ ॥5॥੧॥[150]

ਅਡੋਲ ਅਵਸਥਾ ਨੂੰ ਭਗਤ ਜੀ ਇੰਝ ਦਸਦੇ ਹਨ :-

ਚਰਨ ਕਮਲ ਜਾ ਕੇ ਰਿਦੇ ਬਸਹਿ ਸੋ ਜਨੁ ਕਿਉ ਡੋਲੈ ਦੇਵ ॥
ਮਾਨੌ ਸਭ ਸੁਖ ਨਉ ਨਿਧਿ ਤਾ ਕੇ ਸਹਜਿ ਸਹਜਿ ਜਸੁ ਬੋਲੈ ਦੇਵ ॥ਰਹਾਉ॥
ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਠਿ ਜਬ ਖੋਲੈ ਦੇਵ ॥
ਬਾਰੰ ਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ ॥ ੧ ॥
ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ ॥
ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤਿ ਕੀਓ ਲੈ ਦੇਵ ॥2॥[151]

10. ਰਾਗ ਗੋਂਡ

ਰਾਗ ਗੋਂਡ ਵਿਚ ਭਗਤ ਕਬੀਰ ਜੀ ਦੇ ਗਿਆਰਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹਨਾਂ ਪਦਿਆਂ ਵਿਚੋਂ ਨੰ: 4 ਤੇ 6 ਨਿਰੋਲ ਕਬੀਰ ਜੀ ਦੀਆਂ ਜੀਵਨ ਘਟਨਾਵਾਂ ਨਾਲ ਸੰਬੰਧਤ ਹਨ। ਪਦਾ ਨੰ 5 ਵਿਚ ਜੀਵ - ਆਤਮਾ ਦਾ ਸਰੂਪ ਦਸਿਆ ਹੈ ਕਿ ' ਕਹੁ ਕਬੀਰ ਇਹ ਰਾਮ ਕੀ ਅੰਸ, ਨੰ: ੧੧ ਵਿਚ ਵਰਤਾਂ ਦੀ ਨਖੇਦੀ ਕੀਤੀ ਹੈ ਤੇ ਕਿਹਾ ਹੈ " ਜਪੀਐ ਨਾਮੁ ਅੰਨ ਕੈ ਸਾਦਿ, " ਪਦਾ ਨੰ: 7 ਤੇ 8 ਵਿਚ ਮਾਇਆ ਦੀ ਬਿਖੁ ਦਾ ਵਰਨਣ ਕੀਤਾ ਹੈ ਪਰ ਇਸ ਨੂੰ ਜਰੂਰੀ ਵੀ ਮੰਨਿਆ ਹੈ। ਪਦਾ ਨੰ: 9 ਵਿਚ ਰੋਚਿਕ ਉਪਮਾਵਾਂ ਦੀ ਸਹਾਇਤਾ ਨਾਲ, ਨਾਮ ਦੀ ਮਹਾਨਤਾ ਦਸੀ ਹੈ।[152]

ਜੈਸੇ ਮੰਦਰ ਮਹਿ ਬਲਹਰ ਨ ਠਾਹਰੈ ॥ਨਾਮ ਬਿਨਾ ਕੈਸੇ ਪਾਰਿ ਉਤਰੈ ॥
ਕੁੰਭ ਬਿਨਾ ਜਲੁ ਨਾ ਟੀਕਾਵੈ ॥ਸਾਧੂ ਬਿਨੁ ਐਸੇ ਅਬਗਤੁ ਜਾਵੈ ॥
ਜਾਰਉ ਤਿਸੈ ਜੁ ਰਾਮੁ ਨ ਚੇਤੈ ॥ਤਨ ਮਨ ਰਮਤ ਰਹੈ ਮਹਿ ਖੇਤੈ ॥ਰਹਾਉ॥
ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ॥ਸੂਤ ਬਿਨਾ ਕੈਸੇ ਮਣੀ ਪਰੋਈਐ ॥
ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥
ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥ਬਿੰਬ ਬਿਨਾ ਕੈਸੇ ਕਪਰੇ ਧੋਈ॥
ਘੋਰ ਬਿਨਾ ਕੈਸੇ ਅਸਵਾਰ॥ ਸਾਧੂ ਬਿਨੁ ਨਾਹੀ ਦਰਵਾਰ ॥
ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ॥ ਖਸਮਿ ਦੁਹਾਗਨਿ ਤਜਿ ਅਉਹੇਰੀ॥
ਕਹੈ ਕਬੀਰੁ ਏਕੈ ਕਰਿ ਕਰਨਾ॥ ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥[153]

ਭਗਤ ਕਬੀਰ ਜੀ ਅੰਨ ਨੂੰ ਛਡ ਕੇ ਭਗਤੀ ਦਾ ਦਿਖਾਵਾ ਕਰਨ ਵਾਲੇ ਪਾਖੰਡੀਆਂ ਦਾ ਖੰਡਨ ਕਰਦੇ ਹੋਏ ਲਿਖਿਆ ਹੈ ' ਛੋਡਹਿ ਅੰਨੁ ਕਰਹਿ ਪਾਖੰਡ ।। ਨਾ ਸੋਹਾਗਨਿ ਨਾ ਓਹਿ ਰੰਡ ।। ਜਗ ਮਹਿ ਬਕਤੇ ਦੂਧਾਧਾਰੀ ।। ਗੁਪਤੀ ਖਾਵਹਿ ਵਟਿਕਾ ਸਾਰੀ ।। ਪਰ ਫਿਰ ਵੀ ਅੰਨ ਤੋਂ ਬਗੈਰ ਗੁਜਾਰਾ ਨਹੀਂ ਹੋ ਸਕਦਾ ਤੇ ਨਾ ਹੀ ਅੰਨ ਛਡਿਆਂ ਪ੍ਰਭੂ ਮਿਲਦਾ ਹੈ । ਅੰਨ ਬੜਾ ਮਹਾਨ ਪਦਾਰਥ ਹੈ ਜਿਸ ਨੂੰ ਛਕਣ ਨਾਲ ਜੀਵ ਦਾ ਮਨ ਪ੍ਰਭੂ ਭਗਤੀ ਵਿਚ ਜੁੜਦਾ ਹੈ ।

11. ਰਾਗ ਰਾਮਕਲੀ

ਰਾਗ ਰਾਮਕਲੀ ਵਿਚ ਭਗਤ ਕਬੀਰ ਜੀ ਦੇ ਬਾਰਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਵਿਚ ਭਗਤ ਜੀ ਯੋਗ ਸਾਧਨਾਂ ਦੇ ਆਡੰਬਰਾਂ ਨੂੰ ਸਵੀਕਾਰ ਨਹੀਂ ਕਰਦੇ । ਬੇਸ਼ਕ ਯੋਗ ਸਾਧਨਾਂ ਦੀਆਂ ਮੋਟੀਆਂ ਮੋਟੀਆਂ ਗਲਾਂ ਯੋਗ ਸਾਧਨਾਂ ਬਾਰੇ ਖੰਡਨ ਕਰਨ ਹਿਤ ਉਹਨਾਂ ਦੀ ਬਾਣੀ ਵਿਚ ਆ ਗਈਆਂ ਹਨ । ਭਗਤ ਕਬੀਰ ਜੀ ਸਹਜ ਦੀ ਅਵਸਥਾ ਨੂੰ ਹੀ ਸਭ ਤੋਂ ਉਤਮ ਸਾਧਨਾ ਮੰਨਦੇ ਹਨ । ਉਹਨਾਂ ਦਾ ਫੁਰਮਾਨ ਹੈ:-

ਕਾਇਆ ਕਲਾਲਨਿ ਲਾਹਨਿ ਮੇਲਉ, ਗੁਰ ਕਾ ਸਬਦੁ ਗੁੜੁ ਕੀਨੁ ਰੇ ।।
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ, ਕਾਟਿ ਕਾਟਿ ਕਸੁ ਦੀਨੁ ਰੇ ।।੧।।
ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ, ਜਾ ਕਉ ਜਪੁ ਤਪੁ ਦੇਉ ਦਲਾਲੀ ਰੇ ।।
ਏਕ ਬੂੰਦ ਭਰਿ ਤਨੁ ਮਨੁ ਦੇਵਉ, ਜੋ ਮਦੁ ਦੇਇ ਕਲਾਲੀ ਰੇ ।।੧।।ਰਹਾਉ।।
ਭਵਨ ਚਤੁਰ ਦਸ ਭਾਠੀ ਕੀਨੇ, ਬ੍ਰਹਮ ਅਗਨਿ ਤਨਿ ਜਾਰੀ ਰੇ ।।
ਮੁਦ੍ਰਾ ਮਦਕ ਸਹਜ ਧੁਨਿ ਲਾਗੀ, ਸੁਖਮਨ ਪੋਚਨਹਾਰੀ ਰੇ ।। 2 ।।
ਤੀਰਥ ਬਰਤ ਨੇਮ ਸੁਚਿ ਸੰਜਮ, ਰਵਿ ਸਸਿ ਗਹਨੈ ਦੇਉ ਰੇ ।।
ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ, ਏਹ ਮਹਾ ਰਸੁ ਪੇਉ ਰੇ ।।3।।
ਨਿਝਰ ਧਾਰ ਚੁਐ ਅਤਿ ਨਿਰਮਲ, ਇਹ ਰਸ ਮਨੂਆ ਰਾਤੋ ਰੇ ।।
ਕਹਿ ਕਬੀਰ ਸਗਲੇ ਮਦ ਛੂਛੇ, ਇਹੈ ਮਹਾ ਰਸੁ ਸਾਚੋ ਰੇ ।।4।।

ਭਗਤ ਜੀ ਫਰਮਾਉਂਦੇ ਹਨ ਕਿ ਸਾਡੇ ਆਤਮਕ ਜੀਵਨ ਦੇ ਰਾਖੇ ਵੇਦ-ਸਾਸਤ੍ਰ ਨੇ ਉਚੀ ਨੀਵੀਂ ਜਾਤ ਦਾ ਵਿਤਕਰਾ ਪੈਦਾ ਕਰਕੇ ਉਚੀ ਜਾਤ ਵਾਲਿਆ ਨੂੰ ਅੰਹਕਾਰ ਦਾ ਸ਼ਿਕਾਰ ਬਣਾ ਦਿਤਾ ਤੇ ਇਹ ਰਸਤਾ ਪ੍ਰਭੂ ਭਗਤੀ ਤੋ ਦੂਰ ਪਾਖੰਡਾ ਵਲ ਨੂੰ ਜਾਣ ਵਾਲਾ ਹੈ। ਆਪ ਨੇ ਬਾਣੀ ਵਿਚ ਕਿਹਾ ਹੈ :-

ਦੁਨੀਆ, ਹੁਸੀਆਰ ਬੇਦਾਰ, ਜਗਤ ਮੁਸੀਅਤ ਹਉਰੇ ਭਾਈ ।।
ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ।। ੧ ।।ਰਹਾਉ।।
ਨੀਬੁ ਭਇਓ ਆਬੁ ਆਬੁ ਭਇਓ ਨੀਬਾ ਕੇਲਾ ਪਾਕਾ ਝਾਰਿ ।।
ਨਾਲੀਏਰ ਫਲੁ ਸੇਬਰਿ ਪਾਕਾ, ਮੂਰਖ ਮੁਗਧ ਗਵਾਰ ।। ੧ ।।
ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਇ ।।
ਕਹਿ ਕਬੀਰ ਕੁਲ ਜਾਤਿ ਪਾਤਿ ਤਜਿ ਚੀਟੀ ਹੋਇ ਚੁਨਿ ਖਾਈ ।।2।।[154]

12. ਰਾਗ ਮਾਰੂ

ਮਾਰੂ ਰਾਗ ਵਿਚ ਭਗਤ ਕਬੀਰ ਜੀ ਦੇ ਬਾਰਾਂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਵਿਚ ਰਸਮੀ, ਧਰਮ-ਕਰਮ, ਤਿਆਗ ਬੈਰਾਗ, ਰਿਧ ਸਿਧ ਛਡ ਕੇ ਪ੍ਰਭੂ ਭਗਤੀ ਵਿਚ ਜੁੜਨ ਦਾ ਉਪਦੇਸ਼ ਦਿਤਾ ਗਿਆ ਹੈ । ਧਾਰਮਿਕ ਪੁਸਤਕਾਂ ਦੇ ਨਿਰੇ ਪੜ੍ਹਨ ਤੇ ਪਾਠ ਕਰਨ ਦਾ ਕੋਈ ਲਾਭ ਨਹੀਂ ਜੇ ਜੀਵਨ ਵਿਚ ਤਬਦੀਲੀ ਨਹੀਂ ਆਉਂਦੀ। ਗ੍ਰਿਹਸਤ ਤਜ ਜੰਗਲਾਂ ਵਿਚ ਵਸਣ ਵਾਲਿਆ ਨੂੰ ਸਿਧੇ ਰਸਤੇ ਤੇ ਲਿਆਣ ਲਈ ਕਿਹਾ ਗਿਆ ਹੈ ਕਿ ਗੁਰੂ ਦੇ ਦਸੇ ਰਾਹ ਤੇ ਤੁਰ ਕੇ ਪਰਮਾਤਮਾ ਦਾ ਸਿਮਰਨ ਕਰੋ ਇਸ ਤਰ੍ਹਾਂ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਤਿਆਗੀ ਰਹੋਗੇ ।

ਰਾਗ ਮਾਰੂ ਵਿਚ ਹੀ ਸੂਧ ਬ੍ਰਿਤੀ ਵਾਲਾ ਭਗਤ ਕਬੀਰ ਜੀ ਦਾ ਇਕ ਸਲੋਕ ਬਹੁਤ ਪ੍ਰਸਿਧ ਹੈ ਜੋ ਕਈ ਸਰਧਾਲੂਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੋਣ ਦਾ ਭੁਲੇਖਾ ਪਾਉਂਦਾ ਹੈ । ਉਹ ਸਲੋਕ ਇਸ ਤਰ੍ਹਾਂ ਹੈ :-

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ।।
ਖੇਤ ਜੁ ਮਾਂਡਿਓ ਸੂਰਮਾ ਅਬ ਜੁਝਨ ਕੋ ਦਾਉ ।।
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ ।। [155]

13. ਰਾਗ ਕੇਦਾਰਾ

ਕੇਦਾਰਾ ਰਾਗ ਵਿਚ ਭਗਤ ਕਬੀਰ ਜੀ ਦੇ ਛੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਨ੍ਹਾਂ ਵਿਚ ਭਗਤ ਜੀ ਨੇ ਸਹਿਜ ਅਵਸਥਾ ਤਕ ਪਹੁੰਚਣ ਲਈ ਭਗਤ ਜਨਾਂ ਦੇ ਕਰਤਬਾਂ ਬਾਰੇ ਦਸਿਆ ਹੈ । ਪ੍ਰਭੂ ਦਾ ਭਗਤ ਵਿਕਾਰਾਂ ਤੋਂ ਪਰਹੇਜ ਕਰਦਾ ਹੈ, ਨਾਹ ਕਿਸੇ ਦੀ ਨਿੰਦਾ ਨਾਹ ਕਿਸੇ ਦੀ ਖੁਸਾਮਦ, ਤੀਰਥ ਵਰਤ ਆਦਿਕ ਕਰਮ- ਕਾਂਡ ਵਲੋਂ ਬੇਪਰਵਾਹ, ਭਟਕਣ ਤੋਂ ਮੁਕਤ, ਸੰਸਾਰ ਸੰਬੰਧਾਂ ਤੇ ਵਸਤਾਂ ਸਥਿਰ ਨਹੀਂ ਇਹਨਾਂ ਦਾ ਸਾਥ ਸਦੀਵੀ ਨਹੀ ਆਖਰ ਇਹਨਾਂ ਨੂੰ ਛਡਣਾ ਹੀ ਪੈਣਾ :-

ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ।।
ਇਤਨਕੁ ਖਟੀਆ ਗਠੀਆ ਮਟੀਆ, ਸੰਗਿ ਨ ਕਛੁ ਲੈ ਜਾਇ ।।੧।। ਰਹਾਉ ।।
ਦਿਹਰੀ ਬੈਠੀ ਮਿਹਰੀ ਰੋਵੈ, ਦੁਆਰੈ ਲਉ ਸੰਗਿ ਮਾਇ ।।
ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ ।।੧।।
ਵੈਸੁਤ ਵੈਬਿਤ, ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ ।।
ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ।।2।।6।। [156]

14. ਰਾਗ ਭੈਰਉ

ਰਾਗ ਭੈਰਉ ਵਿਚ ਭਗਤ ਕਬੀਰ ਜੀ ਦੇ ਵੀਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਵਿਚ ਆਪ ਨੇ ਇਸਲਾਮ ਧਰਮ ਨੂੰ ਮੰਨਣ ਵਾਲੇ ਮੁਲਾਂ ਕਾਜੀਆਂ ਲਈ ਉਚਾਰੇ ਹਨ । ਜਿਨਾਂ ਵਿਚ ਭਰਮਾਂ ਤੋ ਮੁਕਤ ਹੋ 'ਹਿੰਦੂ ਤੁਰਕ ਕਾ ਸਾਹਿਬੁ ਏਕੁ " ਹੈ ਤੇ ਭਰਮਾਂ ਵਿਚ ਬਝੇ 'ਪੰਡਿਤ ਮੁਲਾਂ ਛਾਡੇ ਦੋਊ ' ਦੀ ਅਵਾਜ ਬੁਲੰਦ ਕੀਤੀ :-

ਉਲਟਿ ਜਾਤਿ ਕੁਲ ਦੋਊ ਬਿਸਾਰੀ ॥
ਸੁੰਨ ਸਹਜ ਮਹਿ ਬੁਨਤ ਹਮਾਰੀ ॥ ੧ ॥
ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥ ੧ ॥ ਰਹਾਉ ॥
ਬੁਨਿ ਬੁਨਿ ਆਪ ਆਪੁ ਪਹਿਰਾਵਉ ॥
ਜਹ ਨਹੀ ਆਪੁ ਤਹਾ ਹੋਇ ਗਾਵਉ ॥
ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਂਡਿ ਚਲ ਹਮ ਕਛੂ ਨ ਲੀਆ ॥ 3 ॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥
ਆਪ ਖੋਜਿ ਖੋਜਿ ਮਿਲੇ ਕਬੀਰਾ ॥ 4 ॥ 7 ॥[157]

ਭਗਤ ਕਬੀਰ ਜੀ ਦੀ ਬਾਣੀ ਨਾਲ ਪੂਰਨ ਸਾਂਝ ਵੇਖਦੇ ਤੇ ਉਹਨਾਂ ਦੇ ਸ਼ਬਦ ਦੀ ਵਿਆਖਿਆ ਕਰਾਉਂਦਾ ਹੋਇਆ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਵੀ ਭੈਰਉ ਰਾਗ ਵਿਚ ਰਚਿਆ । ਉਹ ਇਸ ਪ੍ਰਕਾਰ ਹੈ:-

ਭੈਰਉ ਮਹਲਾ ॥5॥

ਵਰਤ ਨ ਰਹਉ ਨ ਮਹ ਰਮਦਾਨਾ ॥
ਤਿਸੁ ਸੇਵੀ ਜੋ ਰਖੈ ਨਿਦਾਨਾ ॥ ੧ ॥
ਏਕੁ ਗੁਸਾਈ ਅਲਹੁ ਮੇਰਾ ॥
ਹਿੰਦੂ ਤੁਰਕ ਦੁਹਾਂ ਨੇਬੇਰਾ ॥ ੧ ॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥
ਏਕੋ ਸੇਵੀ ਅਵਰੁ ਨ ਦੂਜਾ ॥ 2 ॥
ਪੂਜਾ ਕਰਉ ਨ ਨਿਵਾਜ ਗੁਜਾਰਉ ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥ 3॥

ਨਾ ਹਮ ਹਿੰਦੂ ਨ ਮੁਸਲਮਾਨ ।।
ਅਲਹ ਰਾਮ ਕੇ ਪਿੰਡੁ ਪੁਰਾਨ ।। 4 ।।
ਕਹੁ ਕਬੀਰ ਇਹੁ ਕੀਆ ਵਖਾਨਾ ।।
ਗੁਰਪੀਰ ਮਿਲਿ ਖੁਦਿ ਖਸਮੁ ਪਛਾਨਾ ।।5।।[158]

15. ਰਾਗ ਬਸੰਤ

ਰਾਗ ਬਸੰਤ ਵਿਚ ਭਗਤ ਕਬੀਰ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਤ ਸ਼ਬਦ ਦਰਜ ਹਨ । ਇਹਨਾਂ ਵਿਚ ਭਗਤ ਜੀ ਨੇ ਜੀਵ ਨੂੰ ਵਿਕਾਰਾਂ ਦੀ ਨੀਂਦ ਵਿਚੋਂ ਉਠ ਪ੍ਰਭੂ ਸਿਮਰਨ ਵਿਚ ਜੁੜਨ ਲਈ ਕਿਹਾ ਹੈ ਤੇ ਭਗਤ ਨਾਮਦੇਵ ਜੀ ਤੇ ਜੈਦੇਵ ਪ੍ਰਭੂ ਭਗਤੀ ਵਿਚ ਜੁੜੇ ਜਾਗਦੇ ਰਹੇ ਦਸਿਆ ਹੈ :-

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ।।
ਜੋਗੀ ਮਾਤੇ ਜੋਗ ਧਿਆਨ ।।
ਸੰਨਿਆਸੀ ਮਾਤੇ ਅਹੰਮੇਵ ।।
ਤਪਸੀ ਮਾਤੇ ਤਪ ਕੈ ਭੇਵ ।। ੧ ।।
ਸਭ ਮਦ ਮਾਤੇ, ਕੋਊ ਨ ਜਾਗ ।।
ਸੰਗ ਹੀ ਚੋਰ ਘਰੁ ਮੁਸਨ ਲਾਗ ।।੧।। ਰਹਾਉ ।।
ਜਾਗੈ ਸੁਕਦੇਉ ਅਰੁ ਅਕੂਰੁ ।।
ਹਣਵੰਤੁ ਜਾਗੈ ਧਰਿ ਲੰਕੂਰੁ ।।
ਸੰਕਰੁ ਜਾਗੈ ਚਰਨ ਸੇਵ ।।
ਕਲਿ ਜਾਗੇ ਨਾਮਾ ਜੈਦੇਵ ।।੨।।
ਜਾਗਤ ਸੋਵਤ ਬਹੁ ਪ੍ਰਕਾਰ ।।
ਗੁਰਮੁਖਿ ਜਾਗੈ ਸੋਈ ਸਾਰੁ ।।
ਇਸੁ ਦੇਹੀ ਕੇ ਅਧਿਕ ਕਾਮ ।।
ਕਹਿ ਕਬੀਰ ਭਜਿ ਰਾਮ ਨਾਮ ।। 3 ।।2।।[159]

ਜੋ ਜੀਵ ਪ੍ਰਭੂ ਦਾ ਨਾਮ ਭੁਲ ਜਾਂਦੇ ਹਨ ਵਿਕਾਰ ਉਸ ਦੇ ਆਚਰਨ ਨੂੰ ਤੇ ਆਤਮਕ ਜੀਵਨ ਨੂੰ ਢਾਹ ਦਿੰਦੇ ਹਨ । ਕੋਈ ਪੰਡਤ ਹੋਵੇ ਜੋਗੀ ਹੋਵੇ ਸੰਨਿਆਸੀ ਜਾਂ ਤਪੀ ਹੋਵੇ ਕਿਸੇ ਦਾ ਲਿਹਾਜ ਨਹੀਂ ਕਰਦੇ ।

ਬਸੰਤ ਹਿੰਡੋਲ ਵਿਚ ਭਗਤ ਕਬੀਰ ਜੀ ਨੇ ਇਸ ਦਿਸਦੇ ਸਭ ਕੁਝ ਨੂੰ ਮਾਇਆ ਦਾ ਪ੍ਰਭਾਵ ਦਸਿਆ ਹੈ । ਸਿਰਫ ਉਹੀ ਬੰਦੇ ਸੁੱਚੇ ਹਨ ਜੋ ਪ੍ਰਭੂ ਦੀ ਸੋਝੀ ਰਖਦੇ ਹਨ :-

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ।।
ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ।। ੧ ।।
ਕਹੁ ਪੰਡਿਤ ਸੂਚਾ ਕਵਨੁ ਠਾਉ ।। ਜਹਾਂ ਬੈਸਿ ਹਉ ਭੋਜਨੁ ਖਾਉ ।।੧।। ਰਹਾਉ
ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ।।
ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ।।2।।
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ।। 3 ।।
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ।।4।।
ਗੋਬਰ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰ ।।
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ।।4।।2।।[160]

16. ਸਾਰੰਗ ਰਾਗ

ਰਾਗ ਸਾਰੰਗ ਵਿਚ ਭਗਤ ਕਬੀਰ ਜੀ ਦੇ ਦੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਨ੍ਹਾਂ ਵਿਚ ਮਨੁਖ ਨੂੰ ਦਸਿਆ ਗਿਆ ਹੈ ਕਿ ਧਨ ਦੌਲਤ ਸੰਬੰਧੀਆਂ ਦਾ ਮਾਣ ਕੂੜਾ ਹੈ ਸਦਾ ਨਾਲ ਨਹੀਂ ਨਿਭਦਾ । ਕੇਵਲ ਬੰਦਗੀ ਹੀ ਸਾਥ ਦਿੰਦੀ ਹੈ ਜਿਸ ਤੋਂ ਬਿਨਾਂ ਜਨਮੁ ਅਕਾਰਥ ਹੈ ।

ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ ।।
ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ ।।

ਪ੍ਰਭੂ ਦੀ ਅਕੱਥ ਸਮਰਥਾ ਦਸਦੇ ਹੋਏ ਭਗਤ ਜੀ ਫਰਮਾਉਣੇ ਹਨ :-

ਰਾਜਾਸ੍ਰਮ ਮਿਤਿ ਨਹੀ ਜਾਨੈ ਤੇਰੀ ।। ਤੇਰੇ ਸੰਤਨ ਕੀ ਹਉ ਚੇਰੀ ।।੧।।ਰਹਾਉ
ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ।।
ਬਸਤੋ ਹੋਇ ਹੋਇ ਸੋ ਊਜਰੁ ਊਜਰੁ ਹੋਇ ਸੁ ਬਸੈ ।।੧।।
ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ।।
ਧਰਤੀ ਤੇ ਅਕਾਸ ਚਢਾਵੈ ਚਢੇ ਅਕਾਸ ਗਿਰਾਵੈ ।।2।।
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ।।
ਖਲ ਮੂਰਖ ਤੇ ਪੰਡਿਤੁ ਕਰਿਬੋ, ਪੰਡਿਤ ਤੇ ਮੁਗਧਾਰੀ ।।3।।
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ।।
ਕਹੁ ਕਬੀਰ ਸਾਧੂ ਕੋ ਪ੍ਰੀਤਮ ਤਿਸੁ ਮੂਰਤਿ ਬਲਿਹਾਰੀ ।।4।।2।।[161]

ਉਪਰੋਕਤ ਸ਼ਬਦ ਨਾਲ ਮੇਲ ਖਾਂਦੇ ਵਿਚਾਰ ਗੁਰੂ ਨਾਨਕ ਦੇਵ ਜੀ ਨੇ ਰਾਗ ਰਾਮਕਲੀ ਵਿਚ ਇੰਞ ਪ੍ਰਗਟਾਏ ਹਨ :-

ਰਾਮ ਕਲੀ ਮਹਲਾ ।।੧।।

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ।।
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ।।੧।।
ਐਸਾ ਗਿਆਨੁ ਬੀਚਾਰੈ ਕੋਈ ।।
ਤਿਸ ਤੇ ਮੁਕਤਿ ਪਰਮ ਗਤਿ ਹੋਈ ।।੧।। ਰਹਾਉ।।
ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ।।
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ।।2।।
ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ।।
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ।।
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ।।
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ।।4।।[162]

## 17. ਰਾਗ ਪ੍ਰਭਾਤੀ

ਰਾਗ ਪ੍ਰਭਾਤੀ ਵਿਚ ਭਗਤ ਕਬੀਰ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਸ਼ਬਦ ਰ ਦਰਜ ਹਨ । ਇਹਨਾਂ ਸ਼ਬਦਾਂ ਵਿਚ ਪ੍ਰਭੂ ਮਿਲਾਪ ਦੀ ਅਵਸਥਾ ਨੂੰ 'ਪ੍ਰਗਟੀ ਜੋਤਿ, ਮਿਟਿਆ ਅੰਧਿਆਰਾ' ਤੇ ਉਸ ਅੰਨ੍ਹੇਰੇ ਦੇ ਮਿਟਾਣ ਨਾਲ ਪ੍ਰਭੂ ਸਭ ਥਾਂ ਧਰਮਾਂ ਦੀ ਹੱਦਾਂ ਤੋਂ ਉਠ ਆਪਣੇ ਹਿਰਦੇ ਵਿਚ ਦਿਸ ਪੈਂਦਾ ਹੈ ਤੇ ਧਰਮਾਂ ਦੇ ਵਖਰੇਵੇਂ ਖਤਮ ਹੋ ਜਾਂਦੇ ਹਨ ਤਾਂ ਭਗਤ ਕਬੀਰ ਜੀ ਨੂੰ ਸਭ ਚੰਗੇ ਦਿਸਦੇ ਹਨ ਕਿਉਂ ਜੋ ਉਹਨਾਂ ਦਾ ਕਰਤਾ ਆਪ ਪਰਮਾਤਮਾ ਹੈ :-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।। ੧ ।।
ਲੋਗੋ ਭਰਮਿ ਨ ਭੂਲਹੁ ਭਾਈ ।। ਖਾਲਿਕੁ ਖਲਕ,
ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ।। ੧ ।। ਰਹਾਉ ।।
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨ ਹਾਰੈ ।।
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ।। 2 ।।
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭ ਕਛੁ ਹੋਈ ।।
ਹੁਕਮ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ।। 3 ।।
ਅਲਹੁ ਅਲਖੁ ਨ ਜਾਈ ਲਖਿਆ ਗੁਰ ਗੁੜੁ ਦੀਨਾ ਮੀਠਾ ।।
ਕਹਿ ਕਬੀਰ ਮੇਰੀ ਸੰਕਾ ਨਾਸੀ, ਸਰਬ ਨਿਰੰਜਨੁ ਡੀਠਾ ।।4।।3।।[163]

ਸਰਬ ਵਿਆਪਕ ਪ੍ਰਭੂ ਸਭ ਜੀਵਾਂ ਦਾ ਸਿਰਜਨਹਾਰ ਹੈ । ਫਿਰ ਉਸ ਦੇ ਪੈਦਾ ਕੀਤੇ ਜੀਵਾਂ ਵਿਚੋਂ ਚੰਗੇ ਤੇ ਮਾੜੇ ਕੌਣ ਹੋਏ, ਇਹ ਫਰਕ ਸਿਰਫ ਉਹੀ ਕਰਦੇ ਹਨ ਜੋ :-

ਬੇਦ ਕਤੇਬ ਕਹਹੁ ਮਤੁ ਝੂਠੇ ਝੂਠਾ ਜੋ ਨ ਬਿਚਾਰੈ ।।
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ।।

ਮੁਲਾਂ ਕਹਹੁ ਨਿਆਉ ਖੁਦਾਈ ।। ਤੇਰੇ ਮਨ ਕਾ ਭਰਮੁ ਨ ਜਾਈ ।।੧।।ਰਹਾਉ।।
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ।।
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲ ਕਿਆ ਕੀਆ ।। 2 ।।
ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ।।
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ।।3।।
ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ ।।
ਕਹਿ ਕਬੀਰ ਭਿਸਤਿ ਤੇ ਚੂਕਾ, ਦੋਜਕ ਸਿਉ ਮਨ ਮਾਨਿਆ ।।4।।4।।[164]

ਅੰਤ ਵਿਚ ਭਗਤ ਕਬੀਰ ਜੀ ਮਰਤੀ ਪੂਜਾ ਦਾ ਖੰਡਨ ਕਰਦੇ ਹੋਏ ਪ੍ਰਮਾਤਮਾ ਦੀ ਆਰਤੀ ਦਾ ਰਾਹ ਸਹੀ ਰੂਪ ਵਿਚ ਸਿਮਰਨ ਹੀ ਦਸਦੇ ਹਨ । ਗਿਆਨ ਦਾ ਤੇਲ, ਨਾਮ ਦੀ ਬੱਤੀ ਦੇ ਜਗਣ ਨਾਲ ਸਰੀਰ ਅੰਦਰ ਆਤਮ - ਗਿਆਨ ਦਾ ਚਾਨਣ ਆਪੇ ਹੀ ਹੋ ਜਾਵੇਗਾ । ਜਿਸਦੇ ਫਲ ਸਰੂਪ ਪ੍ਰਭੂ ਅੰਗ ਸੰਗ ਦਿਸੇਗਾ ਤੇ ਅੰਦਰ ਸਦਾ ਖਿੜਾਉ ਦੀ ਅਵਸਥਾ ਵਿਚ ਰਹੇਗਾ ।

ਸਲੋਕ ਭਗਤ ਕਬੀਰ ਜੀਉਕੇ :

ਇਹਨਾਂ ਕੁਲ ਸਲੋਕਾਂ ਦੀ ਗਿਣਤੀ 243 ਹੈ ਜਿਨਾ ਵਿਚੋਂ ਪੰਜ ਗੁਰੂ ਸਾਹਿਬਾਨ ਦੇ ਹਨ ਤੇ ਤਿੰਨ ਹੋਰ ਭਗਤਾਂ ਦੇ ਹਨ ਇਸ ਪ੍ਰਕਾਰ ਅੱਠ ਸਲੋਕਾਂ ਘਟਾ ਕੇ ਭਗਤ ਕਬੀਰ ਜੀ ਦੇ 235 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹਨਾਂ ਵਿਚ ਭਗਤ ਕਬੀਰ ਨੇ ਆਪਣੇ ਸ਼ਬਦਾਂ ਵਿਚਲੇ ਪ੍ਰਭੂ ਭਗਤੀ, ਜਾਤ ਪਾਤ, ਊਚ ਨੀਚ, ਹਿੰਦੂ ਮੁਸਲਮਾਨ ਏਕਤਾ ਜਿਹੇ ਦੇਵੀ ਵਿਚਾਰਾਂ ਤੇ ਅਗੇ ਲੰਘ ਸਮੂਹਕ ਮਨੁੱਖੀ ਜੀਵਨ ਦੇ ਆਦਰਸ਼ ਨੂੰ ਪੇਸ਼ ਕਰਦੇ ਹਨ ਮਾਇਆ ਤੋ ਮੁਕਤ ਹੋਣ ਦੀ ਪ੍ਰੇਰਨਾ ਦਿੰਦੇ ਹਨ :-

ਕਬੀਰ ਮਾਨਸ ਜਨਮੁ ਦੁਲੰਭ ਹੈ ਹੋਇ ਨ ਬਾਰੈ ਬਾਰ ।।
ਜਿਉਂ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ।। 30 ।।

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ।।
ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ।। 42 ।।[165]

<u>ਭਗਤ ਰਵਿਦਾਸ ਜੀ :-</u> ਭਗਤ ਰਵਿਦਾਸ ਜੀ ਦੇ 40 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਆਪ ਜੀ ਨੇ 16 ਰਾਗਾਂ ਵਿਚ ਰਚਨਾ ਕੀਤੀ । ਆਪ ਦੀ ਬਾਣੀ ਨੇ ਤਾਂ ਸਭ ਭਰਮ ਭੁਲੇਖੇ ਦੂਰ ਕਰ ਦਿਤੇ ਕਿ ਜਿਸ ਤੇ ਪ੍ਰਮਾਤਮਾ ਦੀ ਕ੍ਰਿਪਾ ਹੈ ਉਸ ਵਲ ਸਾਰੀ ਦੁਨੀਆ ਹੈ ਸਮਾਜ ਹੈ । ਛੋਟੇ ਮੋਟੇ ਦੇਵੀ ਦੇਵਤਿਆਂ ਨੂੰ ਕੀ ਧਿਆਉਣਾ ਹੈ ਆਪ ਖੁਦ ਉਸ ਪ੍ਰਭੂ ਘਰ ਦੇ ਮੰਗਤੇ ਹਨ । ਸਗੋਂ ਮੰਗੋ ਤਾਂ ਉਸ ਅਕਾਲ ਪੁਰਖ ਤੋਂ ਭਗਤੀ ਭਾਵ ਮੰਗੋ ਜੋ ਸਭ ਨੂੰ ਦੇਵਣ ਹਾਰ ਹੈ । ਜਦ ਭਗਤ ਰਵਿਦਾਸ ਜੀ ਇਹਨਾਂ ਪਾਖੰਡੀ ਨਾਮ ਲੇਵਾ ਭੇਖੀ ਸਾਧੂਆਂ ਤੋਂ ਇਕ ਪਾਸੇ ਹੋ ਪ੍ਰਭੂ ਭਗਤੀ ਵਿਚ ਲਗੇ ਹੋਏ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਲਗੇ ਤਾਂ ਇਹਨਾਂ ਕ੍ਰਮੀ ਪੰਡਤਾਂ ਨੇ ਭਗਤ ਜੀ ਦਾ ਕਈ ਤਰੀਕਿਆਂ ਨਾਲ ਇਮਤਿਆਨ ਲੈਣਾ ਚਾਹਿਆ ਤਾਂ ਉਹਨਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਤੇ ਭਗਤ ਦੀ ਪੈਜ ਆਪ ਪ੍ਰਭੂ ਨੇ ਰਖੀ ।

1. ਸਿਰੀ ਰਾਗ

ਸਿਰੀ ਰਾਗ ਵਿਚ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਦਰਜ ਹੈ । ਇਸ ਵਿਚ ਭਗਤ ਜੀ ਲਿਖਦੇ ਹਨ ਕਿ ਅਸਲੀਅਤ ਵਿਚ ਜੀਵਾਂ ਤੇ ਪ੍ਰਮਾਤਮਾ ਵਿਚ ਕੋਈ ਭਿੰਨ ਭੇਦ ਨਹੀਂ ਹੈ । ਉਹ ਸਰਬ ਵਿਆਪਕ ਹੈ ਜੀਵ ਪਾਪਾਂ ਵਿਚ ਰੁਝਿਆਂ ਉਸ ਨੂੰ ਭੁਲਾ ਬੈਠਦਾ ਹੈ ਤੇ ਆਪਣੇ ਆਪ ਨੂੰ ਉਸ ਤੋਂ ਵਾਂਝਿਆਂ ਮਹਿਸੂਸ ਕਰਦਾ ਹੈ । ਆਖਰ ਉਹ ਸੰਤ ਜਨਾਂ ਰਾਹੀਂ ਆਪਣੇ ਭਗਤਾਂ ਨੂੰ ਦਰਸ਼ਨ ਦਿੰਦਾ ਹੈ ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।।
ਕਨਕ ਕਟਿਕ ਜਲ ਤਰੰਗ ਜੈਸਾ ।। ੧ ।।
ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ।।
ਪਤਿਤ ਪਾਵਨ ਨਾਮੁ ਕੈਸੇ ਹੁੰਤਾ ।। ੧ ।। ਰਹਾਉ ।।
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ।।
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ।। 2 ।।
ਸਰੀਰ ਅਰਾਧੈ ਮੋ ਕਉ ਬੀਚਾਰੁ ਦੇਹੂ ।।
ਰਵਿਦਾਸ ਸਮ ਦਲ ਸਮਝਾਵੈ ਕੋਊ ।। 3 ।।[166]

## 2. ਰਾਗ ਗਉੜੀ

ਰਾਗ ਗਉੜੀ ਵਿਚ ਚਾਰ ਸ਼ਬਦ ਤੇ ਇਕ ਅਸ਼ਟਪਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਹਨਾਂ ਵਿਚ ਭਗਤ ਜੀ ਨੇ (ੳ) ਭਗਤੀ ਤੋਂ ਬਿਨਾਂ ਮਨੁੱਖ ਦੀ ਦਿਸ਼ਾ ਕੀ ਹੁੰਦੀ ਹੈ, (ਅ) ਭਗਤੀ ਕੀ ਹੈ ਤੇ ਵਿਕਾਰਾਂ ਤੋਂ ਕਿਵੇਂ ਬਚਾਂਦੀ ਹੈ, (ੲ) ਜਦੋਂ ਭਗਤੀ ਪ੍ਰਵਾਨ ਹੋ ਜਾਂਦੀ ਹੈ ਤਾਂ ਪ੍ਰਮਾਤਮਾ ਨਾਲ ਮਿਲਾਪ ਦੀ ਅਵੱਸਥਾ ਕਿਹੋ ਜਿਹੀ ਹੈ ।

(ੳ) ਭਗਤ ਰਵਿਦਾਸ ਜੀ ਪ੍ਰਮਾਤਮਾ ਅਗੇ ਅਰਦਾਸ ਕਰਦੇ ਹੋਏ ਆਪਣੇ ਆਪ ਨੂੰ ਮੰਦ-ਕਰਮੀ ਦਸਦੇ ਹੋਏ ਸਰਨ ਆਏ ਦੀ ਲਾਜ ਰਖਣ ਤੇ ਭੈੜੀ ਸੰਗਤ ਤੇ ਬਚਾਉਣ ਲਈ ਪ੍ਰਭੂ ਅਗੇ ਜੋਦੜੀ ਕਰਦੇ ਹਨ :-

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ।।
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ।। ੧ ।।
ਰਾਮ ਗੁਸਈਆ ਜੀਅ ਕੇ ਜੀਵਨਾ ।।
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ।। ੧ ।। ਰਹਾਉ ।।
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ।।
ਚਰਣ ਨ ਛਾਡਉ ਸਰੀਰ ਕਲ ਜਾਈ ।। 2 ।।
ਕਹੁ ਰਵਿਦਾਸ ਪਰਉ ਤੇਰੀ ਸਾਭਾ ।।
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ।। 3 ।। [167]

(ਅ) ਭਗਤ ਰਵਿਦਾਸ ਜੀ ਨੇ ਪੰਡਿਤਾਂ ਦੇ ਸਤਿਯੁਗ, ਤ੍ਰੇਤਾ ਯੁਗ, ਦੁਆਪਰ ਤੇ ਕਲਯੁਗ ਬਾਰੇ ਦਸਦਿਆਂ ਨਾਲ ਹੀ ਪ੍ਰਭੂ ਨੂੰ ਪਾਉਣ ਲਈ ਯੱਗ, ਦਾਨ, ਪੂਜਾ ਆਦਿ ਨਾਲ ਹਾਂ ਨਾਂ ਮਿਲਾਉਂਦੇ ਹੋਏ ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਭਗਤੀ ਵਿਚ ਜੁੜਨ ਨਾਲ ਹੀ ਬੇੜਾ ਪਾਰ ਹੋ ਸਕਦਾ ਹੈ :-

ਸਤਿਜੁਗ ਸਤੁ ਤ੍ਰੇਤਾ ਜਗੀ ਦੁਆਪੁਰਿ ਪੂਜਾ ਚਾਰ ।।
ਤੀਨੋ ਜੁਗ ਤੀਨੋ ਦਿੜੇ, ਕਲਿ ਕੇਵਲ ਨਾਮ ਅਧਾਰ ।। ੧ ।।
ਪਾਰੁ ਕੈਸੇ ਪਾਇਬੋ ਰੇ ।। ਮੋ ਸਉ ਕੋਊ ਨ ਕਹੈ ਸਮਝਾਇ ।।
ਜਾ ਤੇ ਆਵਾਗਵਨੁ ਬਿਲਾਇ ।। ੧ ।। ਰਹਾਉ ।।
ਬਹੁ ਬਿਧਿ ਧਰਮ ਨਿਰੁਪੀਐ ਕਰਤਾ ਦੀਸੈ ਸਭ ਲੋਇ ।।
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ।। 2 ।।
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ।।
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ।। 3 ।।
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ ।।
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ।। 4 ।।
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ।।
ਪਾਰਸ ਮਨੋ ਤਾਬੋ ਛੁਏ ਕਨਕ ਹੋਤ ਨਹੀਂ ਬਾਰ ।। 5 ।।
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ।।
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ।। 6 ।।
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ।।
ਸੋਈ ਬਸਿ ਰਸਿ ਮਨ ਮਿਲੈ ਗੁਨ ਨਿਰਗੁਨ ਏਕ ਬਿਚਾਰ ।। 7 ।।
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ।।
ਪ੍ਰੇਮ ਭਗਤਿ ਨਹੀ ਊਪਜੈ ਤਾਂ ਤੇ ਰਵਿਦਾਸ ਉਦਾਸ ।। 8 ।।[168]

(ੲ) ਇਸ ਸ਼ਬਦ ਵਿਚ ਪ੍ਰਭੂ ਮਿਲਾਪ ਦੁਆਰਾ ਉਪਜੀ ਆਤਮਕ ਅਵਸਥਾ ਜਿਸ ਨੂੰ ਅਨੰਦ ਕਿਹਾ ਜਾਂਦਾ ਹੈ ਉਸ ਦਾ ਨਕਸ਼ਾ ਖਿਚਿਆ ਗਿਆ ਹੈ । ਕਈ ਜੀਵ ਮਰਨ ਉਪਰੰਤ ਸੁਰਗ ਬਾਰੇ ਕਿਆਸ ਅਰਾਈਆਂ ਕਰਦੇ ਹਨ ਪਰ ਅਸਲੀਅਤ ਹੈ ਮਰਨ ਉਪਰੰਤ ਕੋਈ ਸੁਰਗ ਨਹੀਂ ਇਸ ਦੇ ਮੁਕਾਬਲੇ ਜਿਥੇ ਆਤਮਕ

ਅਵਸਥਾ ਦਾ ਇਸ ਸ਼ਬਦ ਵਿਚ ਵਰਨਣ ਕੀਤਾ ਗਿਆ ਇਸ ਜ਼ਿੰਦਗੀ ਵਿਚ ਹੀ ਜੀਵ ਅਨੁਭਵ ਕਰ ਸਕਦਾ ਹੈ । ਜੇ ਉਹ ਪ੍ਰਭੂ ਮਿਲਾਪ ਲਈ ਗੁਰੂ ਦੀ ਕ੍ਰਿਪਾ ਦੁਆਰਾ ਨਾਮ ਦੇ ਲੜ ਲਗ ਵਿਕਾਰਾਂ ਤੋਂ ਬਚ, ਪ੍ਰਭੂ ਸਿਮਰਨ ਵਿਚ ਜੁੜ ਜਾਵੇ :-

ਬੇਗਮਪੁਰਾ ਸਹਰ ਕੋ ਨਾਉ ।। ਦੂਖੁ ਅੰਦੋਹ ਨਹੀਂ ਤਿਹਿ ਠਾਉ ।।
ਨਾਂ ਤਸਵੀਸ ਖਿਰਾਜੁ ਨ ਮਾਲੁ ।। ਖਉਫੁ ਨ ਖਤਾ ਨ ਤਰਸੁ ਜਵਾਲੁ ।।੧।।
ਅਬ ਮੋਹਿ ਖੂਬ ਵਤਨ ਗਹ ਪਾਈ ।। ਊਹਾਂ ਖੈਰਿ ਸਦਾ ਮੇਰੇ ਭਾਈ ।।੧।। ਰਹਾਉ
ਕਾਇਮੁ ਦਾਇਮੁ ਸਦਾ ਪਾਤਿਸਾਹੀ ।। ਦੋਮ ਨ ਸੇਮ ਏਕ ਸੋ ਆਹੀ ।।
ਆਬਾਦਾਨੁ ਸਦਾ ਮਸਹੂਰ ।। ਊਹਾਂ ਗਨੀ ਬਸਹਿ ਮਾਮੂਰ ।। 2 ।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ ।। ਮਹਰਮ ਮਹਲ ਨ ਕੋ ਅਟਕਾਵੈ ।।
ਕਹਿ ਰਵਿਦਾਸ ਖਲਾਸ ਚਮਾਰਾ ।। ਜੋ ਹਮ ਸਹਰੀ ਸੁ ਮੀਤੁ ਹਮਾਰਾ ।।3।।2।। [16]

3. ਰਾਗ ਆਸਾ

ਰਾਗ ਆਸਾ ਵਿਚ ਭਗਤ ਰਵਿਦਾਸ ਜੀ ਦੇ ਛੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਵਿਚ ਭਗਤ ਰਵਿਦਾਸ ਜੀ ਨੇ ਫਰਮਾਇਆ ਹੈ ਕਿ ਇੱਕ ਵਿਕਾਰ ਮਾਤ੍ਰ ਨਹੀਂ ਮਨੁੱਖਤਾ ਨੂੰ ਪੰਜ ਜਕੜੇ ਹੋਏ ਹਨ । ਆਪਣੀ ਸਿਆਣਪ ਤੇ ਉਦਮ ਨਾਲ ਜੀਵ ਇਹਨਾਂ ਤੋਂ ਬਚ ਨਹੀ ਸਕਦਾ ਇਹ ਪ੍ਰਭੂ ਦੇ ਚਰਨਾਂ ਵਿਚ ਡਿਗਿਆ ਹੀ ਖਲਾਸੀ ਹੋ ਸਕਦੀ ਹੈ । ਪਰ ਇਸ ਅਵਸਥਾ ਤਕ ਸੰਤਾਂ ਦੀ ਕ੍ਰਿਪਾ ਦੁਆਰਾ ਹੀ ਪਹੁੰਚਿਆ ਜਾ ਸਕਦਾ ਹੈ ਕਿਉਂਕਿ ਸੰਤਾਂ ਤੇ ਬੇਅੰਤ ਪ੍ਰਭੂ ਵਿਚ ਕੋਈ ਅੰਤਰ ਨਹੀਂ ਰਹਿੰਦਾ । ਇਸ ਅੰਤਰ ਨੂੰ ਸਾਧ ਸੰਗਤਿ ਦੇ ਮਿਲਾਪ ਦੁਆਰਾ ਹੀ ਗੁਆਇਆ ਜਾ ਸਕਦਾ ਹੈ । ਪਰ ਸਾਧ ਸੰਗਤਿ ਦੀ ਸਰਨ ਉਸ ਪ੍ਰਭੂ ਦੀ ਕ੍ਰਿਪਾ ਤੋਂ ਬਿਨਾਂ ਨਸੀਬ ਨਹੀਂ ਹੁੰਦੀ । ਪਰ ਜਿਸ ਨੂੰ ਇਹ ਨਸੀਬ ਹੋ ਜਾਵੇ ਤੇ ਉਹ ਦੁਨੀਆਂ ਦੇ ਹਰਖ ਸੋਗ ਤੋਂ ਮੁਕਤ ਹੋ ਨਾਮ ਸਿਮਰਨ ਵਿਚ ਲੀਨ ਹੋ ਜਾਂਦਾ ਹੈ ਤੇ ਭਾਵੇਂ ਉਹ ਦੁਨੀਆਂ ਦੀਆਂ ਨਜ਼ਰਾਂ ਵਿਚ ਨੀਵੀਂ ਜਾਤ ਦਾ ਹੀ ਕਿਉਂ ਨ ਹੋਵੇ, ਭਵ ਸਾਗਰ ਤਰ ਜਾਂਦਾ ਹੈ । ਅੰਤ ਮਾਇਆ ਵਿਚ

ਫਸਿਆ ਜੀਵ ਭਟਕਦਾ ਤੇ ਦੁਖੀ ਹੁੰਦਾ ਹੈ, ਇਸ ਖਜਲ ਖੁਆਰੀ ਤੋਂ ਸਿਰਫ ਉਹੀ ਬਚਦਾ ਹੈ ਜੋ ਰਚਨਹਾਰ ਪ੍ਰਮਾਤਮਾ ਨਾਲ ਜੁੜ੍ਹ ਜਾਂਦਾ ਹੈ :-

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ।।
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ।। ੧ ।। ਰਹਾਉ ।।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ।।
ਮਾਇਆ ਗਈ ਤਬ ਰੋਵਨੁ ਲਗਤੁ ਹੈ ।।੧ ।।
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ।।
ਬਿਨਸਿ ਗਇਆ ਜਾਇ ਕਹੂੰ ਸਮਾਨਾ ।। 2 ।।
ਕਹਿ ਰਵਿਦਾਸ ਬਾਜੀ ਜਗੁ ਭਾਈ ।।
ਬਾਜੀਗਰ ਸਉ ਮੋਹਿ ਪ੍ਰੀਤਿ ਬਨਿਆਈ ।। 3 ।।[170]

4. ਰਾਗ ਗੂਜਰੀ

ਰਾਗ ਗੂਜਰੀ ਵਿਚ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਸ ਸ਼ਬਦ ਵਿਚ ਭਗਤ ਜੀ ਨੇ ਫੁਰਮਾਇਆ ਹੈ ਕਿ ਪ੍ਰਭੂ ਨੂੰ ਭੇਟ ਕਰਨ ਲਈ ਤਨ ਤੇ ਮਨ ਹੀ ਠੀਕ ਹੈ । ਬਾਕੀ ਸਭ ਵਸਤਾਂ ਤਾਂ ਜੂਠੀਆਂ ਹਨ :-

ਦੂਧੁ ਤ ਬਛਰੈ ਥਨਹੁ ਬਿਟਾਰਿਓ ।।
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ।।
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ।।
ਅਵਰੁ ਨ ਫੂਲੁ, ਅਨੂਪੁ ਨ ਪਾਵਉ ।। ੧ ।। ਰਹਾਉ ।।
ਮੈਲਾਗਰ ਬੇਰ੍ਹੇ ਹੈ ਭੁਇਅੰਗਾ ।।
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ।।2।।
ਧੂਪ ਦੀਪ ਨਈ ਬੇਦਹਿ ਬਾਸਾ ।।
ਕੈਸੇ ਪੂਜ ਕਰਹਿ ਤੇਰੀ ਦਾਸਾ ।। 3 ।।
ਤਨੁ ਮਨੁ ਅਰਪਉ ਪੂਜ ਚਰਾਵਉ ।।
ਗੁਰ ਪਰਸਾਦਿ ਨਿਰੰਜਨ ਪਾਵਉ ।। 4 ।।

ਪੂਜਾ ਅਰਚਾ ਆਹਿਨ ਤੋਰੀ ।।
ਕਹਿ ਰਵਿਦਾਸ ਕਵਨ ਗਤਿ ਮੋਰੀ ।।5।।2।।[171]

5. ਰਾਗ ਸੋਰਠਿ

ਰਾਗ ਸੋਰਠਿ ਵਿਚ ਭਗਤ ਰਵਿਦਾਸ ਜੀ ਦੇ ਸੱਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹਨਾਂ ਸ਼ਬਦਾਂ ਵਿਚ ਦਸਿਆ ਹੈ ਕਿ ਪ੍ਰਭੂ ਹੀ ਸਰਬ ਵਿਆਪਕ ਹੈ। ਪਰ ਜੀਵ ਆਪਣੀ ਹਉਮੈ ਦੇ ਚਕਰ ਵਿਚ ਰਹਿ ਕੇ ਦੂਜਿਆਂ ਨੂੰ ਉਸ ਤੋਂ ਵਖਰੀ ਹਸਤੀ ਸਮਝਦਾ ਹੈ। ਜਿਤਨਾ ਚਿਰ ਹਉਮੈ ਹੈ ਵਿਤਕਰੇ ਵੀ ਉਹਨਾਂ ਚਿਰ ਹੀ ਹਨ। ਇਸ ਤੋਂ ਬਚਣ ਲਈ ਤੇ ਮਾਇਆ ਦੀ ਫਾਹੀ ਗਲੋ ਲਾਹੁਣ ਦੀ ਕੇਵਲ ਇਕੋ ਇਕ ਜੁਗਤ ਹੈ ਪ੍ਰਭੂ ਚਰਨਾ ਦਾ ਪ੍ਰੇਮ। ਜਦ ਇਹ ਪ੍ਰਾਪਤ ਹੋ ਜਾਵੇ ਤਾਂ ਕਿਸੇ ਵਸਤੂ ਦੀ ਕੋਈ ਭੁਖ ਨਹੀਂ ਰਹਿੰਦੀ ਕਿਉਂਕਿ ਸਭ ਪਦਾਰਥਾਂ ਦਾ ਦਾਤਾ ਪ੍ਰਭੂ ਆਪ ਹੈ। ਪਰ ਜੀਵ ਉਸ ਤੋਂ ਬੇਮੁਖ ਹੋ ਇਹ ਭੁਲ ਹੀ ਜਾਂਦਾ ਹੈ ਕਿ ਇਹ ਦੁਨੀਆਂ ਤਾ ਰੈਣਿ ਬਸੇਰੇ ਦੀ ਨਿਆਈ ਹੈ। ਸਰੀਰਕ ਮੋਹ ਹੀ ਜੀਵ ਨੂੰ ਖੁਆਰ ਕਰਦਾ ਹੈ :-

ਚਮਰਟਾ ਗਾਂਠਿ ਨ ਜਨਈ ।।
ਲੋਗ ਗਠਾਵੈ ਪਨਹੀ ।। ੧ ।। ਰਹਾਉ ।।
ਆਰ ਨਹੀ ਜਿਹ ਤੋਪਉ ।।
ਨਹੀ ਰਾਂਬੀ ਠਾਉਬ ਰੋਪਉ ।। ੧ ।।
ਲੋਗੁ ਗੰਠਿ ਗੰਠਿ ਖਰਾ ਬਿਗੂਚਾ ।।
ਹਉ ਬਿਨੁ ਗਾਂਠੇ ਜਾਇ ਪਹੂਚਾ ।। 2 ।।
ਰਵਿਦਾਸ ਜਪੈ ਰਾਮ ਨਾਮਾ ।।
ਮੋਹਿ ਜਮ ਸਿਉ ਨਾਹੀ ਕਾਮਾ ।। 3 ।। 7 ।।[172]

6. ਰਾਗ ਧਨਸਰੀ

ਧਨਸਰੀ ਰਾਗ ਵਿਚ ਭਗਤ ਰਵਿਦਾਸ ਜੀ ਦੇ ਤਿੰਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਪਹਿਲੇ ਸ਼ਬਦ ਵਿਚ ਪ੍ਰਭੂ ਦਰ ਤੇ ਉਸ ਦੇ ਦਰਸਨਾਂ ਲਈ ਅਰਦਾਸ ਕਰਦੇ ਹੋਏ ਕਹਿੰਦੇ ਹਨ ਕਿ ' ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮਾਰੇ ਲੇਖੇ, ਇਹ ਜਨਮੁ ਪ੍ਰਭੂ ਦੇ ਲੇਖੇ ਕਿਵੇਂ ਲਗ ਸਕਦਾ ਹੈ ਇਸ ਦਾ ਉਤਰ ਦਿੰਦੇ ਭਗਤ ਜੀ ਫਰਮਾਉਂਦੇ ਹਨ ਕਿ ਸਿਮਰਨ ਤੇ ਸਾਧ ਸੰਗਤਿ ਦੀ ਬਰਕਤ ਦੁਆਰਾ ( ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ, " ਜਦ ਭਗਤੀ ਪ੍ਰਵਾਨ ਹੋ ਜਾਂਦੀ ਹੈ ਤਾਂ ਸਿਮਰਨ ਹੀ ਜਿੰਦਗੀ ਦੀ ਸਹੀ ਸੇਧ ਬਣ ਕੂੜੇ ਅਡੰਬਰ ਵਿਅੱਰਥ ਜਾਪਦੇ ਹਨ । ਇਥੋ ਤਕ ਕੇ ਰਸਮੀ ਆਰਤੀ ਭੀ –

ਨਾਮ ਤੇਰੋ ਆਰਤੀ ਮਜਨੁ ਮੁਰਾਰੇ ।।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ ।। ੧ ।। ਰਹਾਉ ।।
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ।।
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ।।
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ।।
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ।। ੧ ।।
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ।।
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ।।
ਨਾਮੁ ਤੇਰੇ ਕੀ ਜੋਤ ਲਗਾਈ ।।
ਭਇਓ ਉਜਿਆਰੋ ਭਵਨ ਸਗਲਾਰੇ ।। 2 ।।
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ।।
ਭਾਰ ਅਠਾਰਹ ਸਗਲ ਜੂਠਾਰੇ ।।
ਤੇਰੋ ਕੀਆ ਤੁਝਹਿ ਕਿਆ ਅਰਪਉ ।।
ਨਾਮ ਤੇਰਾ ਤੁਹੀ ਚਵਰ ਢੋਲਾਰੇ ।। 3 ।।

ਦਸ ਅਠਾ ਅਠ ਸਠੇ ਚਾਰੇ ਖਾਣੇ ।।
ਇਹੈ ਵਰਤਣਿ ਹੈ ਸਗਲ ਸੰਸਾਰੇ ।।
ਕਹਿ ਰਵਿਦਾਸੁ ਨਾਮੁ ਤੇਰੋ ਆਰਤੀ, ।।
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ।।4।।3।।[173]

7. ਰਾਗ ਜੈਤਸਰੀ

ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਪ੍ਰਭੂ ਅਗੇ ਪ੍ਰਾਰਥਨਾ ਕਰਦੇ ਹਨ ਕਿ ਮੈਨੂੰ ਪੰਜਾਂ ਵਿਕਾਰਾਂ ਤੋ ਬਚਾਅ ਲੈ :-

ਨਾਥ ਕਛੂਅ ਨ ਜਾਨਉ ।।
ਮਨਿ ਮਾਇਆ ਕੈ ਹਾਥਿ ਬਿਕਾਨਉ ।। ੧ ।। ਰਹਾਉ ।।
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ।।
ਹਮ ਕਹੀਅਤ ਕਲਿਜੁਗ ਕੇ ਕਾਮੀ ।। ੧ ।।
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ।।
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ।। 2 ।।
ਜਤ ਦੇਖਉ ਤਤ ਦੁਖ ਕੀ ਰਾਸੀ ।।
ਅਜੌਂ ਨ ਪਤਾਇ ਨਿਗਮ ਭਏ ਸਾਖੀ ।। 3 ।।
ਗੋਤਮ ਨਾਰਿ ਉਮਾਪਤਿ ਸ੍ਵਾਮੀ ।।
ਸੀਸੁ ਧਰਨਿ ਸਹਸ ਭਗ ਗਾਮੀ ।। 4 ।।
ਇਨ ਦੂਤਨ ਖਲੁ ਬਧੁ ਕਰਿ ਮਾਰਿਓ ।।
ਬਡੋ ਨਿਲਾਜੁ ਅਜਹੂ ਨਹੀ ਹਾਰਿਓ ।। 5 ।।
ਕਹਿ ਰਵਿਦਾਸ ਕਹਾ ਕੈਸੇ ਕੀਜੈ ।।
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ।।6 ।। ੧ ।।[174]

8. ਰਾਗ ਸੂਹੀ

ਸੂਹੀ ਰਾਗ ਵਿਚ ਤਿੰਨ ਸ਼ਬਦ ਭਗਤ ਰਵਿਦਾਸ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਭਗਤ ਜੀ ਫੁਰਮਾਉਂਦੇ ਹਨ ਕਿ " ਸੋ ਕਤ ਜਾਨੈ ਪੀਰ ਪਰਾਈ ।। ਜਾ ਕੈ ਅੰਤਰਿ ਦਰਦੁ ਨ ਪਾਈ ।। ੧ ।। ਰਹਾਉ ।। ਇਸ ਗੁਰਮੁਖਾ ਵਾਲੇ ਦਰਦ ਕਾਰਨ ਹੀ ਪ੍ਰਭੂ ਅਗੇ ਬੇਨਤੀ ਕਰਦੇ ਭਗਤ ਜੀ, ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ।। ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ।। ਕਿਉਂਕਿ ਜਗਤ ਵਿਚ ਸਦਾ ਬੈਠ ਨਹੀ ਰਹਿਣਾ ਇਸ ਦੇ ਮੋਹ ਵਿਚ ਮਸਤ ਹੋ ਕੇ ਪ੍ਰਭੂ ਭਗਤੀ ਵਲੋ ਆਲਸ ਨਾ ਕਰ। ਇਥੇ ਤਾਂ ਜੀਵ ਚੰਦ ਰੋਜ ਦਾ ਮੁਸਾਫਰ ਹੈ ਅਸਲੀ ਟਿਕਾਣਾ ਤਾਂ ਪ੍ਰਭੂ ਦਰ ਤੇ ਹੀ ਹੈ :-

ਊਚੇ ਮੰਦਰ ਸਾਲ ਰਸੋਈ ।।
ਏਕ ਘਰੀ ਫੁਨਿ ਰਹਨੁ ਨ ਹੋਈ ।। ੧ ।।
ਇਹ ਤਨ ਐਸਾ ਜੈਸੇ ਘਾਸ ਕੀ ਟਾਟੀ ।।
ਜਲਿ ਗਇਓ ਘਾਸੁ ਰਲਿ ਗਇਓ ਮਾਟੀ ।। ੧ ।। ਰਹਾਉ ।।
ਭਾਈ ਬੰਧ ਕੁਟੰਬ ਸਹੇਰਾ ।।
ਓਇ ਭੀ ਲਾਗੇ ਕਾਢੁ ਸਵੇਰਾ ।। 2 ।।
ਘਰ ਕੀ ਨਾਰਿ ਉਰਹਿ ਤਨ ਲਾਗੀ ।।
ਉਹ ਤਉ ਭੂਤੁ ਭੂਤੁ ਕਰਿ ਭਾਗੀ ।। 3 ।।
ਕਹਿ ਰਵਿਦਾਸ ਸਭੈ ਜਗੁ ਲੂਟਿਆ ।।
ਹਮ ਤਉ ਏਕ ਰਾਮੁ ਕਹਿ ਛੂਟਿਆ ।। 4 ।। 3 ।।[175]

9. ਰਾਗ ਬਿਲਾਵਲ

ਰਾਗ ਬਿਲਾਵਲ ਵਿਚ ਭਗਤ ਰਵਿਦਾਸ ਜੀ ਦੇ ਦੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹਨਾਂ ਵਿਚ ਪ੍ਰਭੂ ਦੀ ਅਪਾਰ ਸਮਰਥਾ ਨੂੰ ਬਿਆਨਿਆ

ਹੈ ਜੋ ਸਿਮਰਨ ਦੁਆਰਾ ਨੀਵਿਆਂ ਨੂੰ ਵੀ ਉਚਾ ਕਰ ਦਿੰਦਾ ਹੈ । ਜੋ ਤੇਰੀ ਸਰਨਗਤਾ, ਤਿਨ ਨਹੀ ਭਾਰੁ ।। ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰ ।। ਵਿਦਵਾਨ, ਸੂਰਮੇ ਤੇ ਛੱਤਰਪਤੀ ਰਾਜੇ ਭੀ ਪ੍ਰਭੂ ਭਗਤਾਂ ਦੇ ਮੁਕਾਬਲੇ ਤੁਛ ਹਨ :-

ਪੰਡਿਤ ਸੂਰ ਛਤ੍ਰਪਤਿ ਰਾਜਾ ।।
ਭਗਤ ਬਰਾਬਰਿ ਅਉਰੁ ਨ ਕੋਇ ।।
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ।।
ਭਨਿ ਰਵਿਦਾਸ ਜਨਮੇ ਜਗਿ ਓਇ ।। 3 ।। 2 ।।[176]

10. ਰਾਗ ਗੋਂਡ

ਰਾਗ ਗੋਂਡ ਵਿਚ ਭਗਤ ਰਵਿਦਾਸ ਜੀ ਦੇ ਦੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਪਹਿਲੇ ਸ਼ਬਦ ਵਿਚ ਪ੍ਰਮਾਤਮਾ ਨੂੰ ਮੁਕਤੀ ਦਾਤਾ ਦਸਿਆ ਹੈ ਜੋ ਕੇਵਲ ਸਿਮਰਨ ਨਾਲ ਪ੍ਰਸੰਨ ਹੁੰਦਾ ਹੈ 'ਜਪਿ ਮੁਕੰਦੁ ਸੇਵਾ ਤਾਹੂ ਕੀ ' ।। ਦੂਸਰੇ ਸ਼ਬਦ ਵਿਚ ਨਿੰਦਕ ਦੀ ਦੁਰਦਸ਼ਾ ਦਰਸਾਈ ਹੈ ਜੋ ਭਾਵੇਂ ਕਿਤਨੇ ਵੀ ਧਾਰਮਿਕ ਕਰਮ ਕਿਉਂ ਨ ਕਰੇ ਪਰ ਜੇ ਉਹ ਨਿੰਦਿਆ ਨਹੀਂ ਛਡਦਾ ਤੇ ਪ੍ਰਭੂ ਦੇ ਲੜ ਨਹੀ ਲਗਦਾ ਤਾਂ ਇਹ ਸਭ ਵਿਅਰਥ ਹੈ :-

ਜੇ ਓਹੁ ਅਠਸਠਿ ਤੀਰਥ ਨਾਵੈ ।।
ਜੇ ਓਹੁ ਦੁਆਦਸ ਸਿਲਾ ਪੂਜਾਵੈ ।।
ਜੇ ਓਹੁ ਕੂਪ ਤਟਾ ਦੇਵਾਵੈ ।।
ਕਰੈ ਨਿੰਦ ਸਭ ਬਿਰਥਾ ਜਾਵੈ ।।
ਸਾਧ ਕਾ ਨਿੰਦਕੁ ਕੈਸੇ ਤਰੈ ।।
ਸਰਪਰ ਜਾਨਹੁ ਨਰਕ ਹੀ ਪਰੈ ।। ੧ ।। ਰਹਾਉ ।।[177]

11. ਰਾਗ ਰਾਮਕਲੀ

ਰਾਗ ਰਾਮਕਲੀ ਵਿਚ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਸ ਵਿਚ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਵਿਕਾਰਾਂ ਵਿਚ ਫਸੇ ਜੀਵ ਦੀ ਦਿਸ਼ਾ ਪ੍ਰਗਟਾਈ ਹੈ ਜੋ ਭਾਵੇਂ ਪ੍ਰਭੂ ਦੀ ਭਗਤੀ ਵੀ ਕਰਦਾ ਹੈ ਪਰ ਨਾਲ ਦੀ ਨਾਲ ਇਹਨਾਂ ਰਾਹੀਂ ਵੀ ਮਨ ਨੂੰ ਖੁਸ਼ ਰਖਦਾ ਹੈ :-

ਪੜੀਐ ਗੁਨੀਐ ਨਾਮੁ ਸਭੁ ਸੁਨੀਐ ।।
ਅਨਭਾਉ ਨ ਦਰਸੈ ।।
ਲੋਹਾ ਕੰਚਨੁ ਹਿਰਨੁ ਹੋਇ ਕੈਸੇ ।।
ਜਉ ਪਾਰਸਹਿ ਨ ਪਰਸੈ ।। ੧ ।।
ਦੇਵ ਸੰਸੈ ਗਾਂਠਿ ਨ ਛੂਟੈ ।।
ਕਾਮ ਕ੍ਰੋਧ ਮਾਇਆ ਮਦ ਮਤਸਰ ।।
ਇਨ ਪੰਚਹੁ ਮਿਲਿ ਲੂਟੇ ।। ੧ ।। ਰਹਾਉ ।।
ਹਮ ਬਡ ਕਬਿ ਕੁਲੀਨ ਹਮ ਪੰਡਿਤ ।।
ਹਮ ਜੋਗੀ ਸੰਨਿਆਸੀ ।।
ਗਿਆਨੀ ਗੁਨੀ ਸੂਰ ਹਮ ਦਾਤੇ ।।
ਇਹ ਬੁਧਿ ਕਬਹਿ ਨ ਨਾਸੀ ।। 2 ।।
ਕਹੁ ਰਵਿਦਾਸ ਸਭੈ ਨਹੀ ਸਮਝਸਿ ।।
ਭੂਲਿ ਪਰੇ ਜੈਸੇ ਬਉਰੇ ।।
ਮੋਹਿ ਅਧਾਰੁ ਨਾਮੁ ਨਾਰਾਇਨ ।।
ਜੀਵਨ ਪ੍ਰਾਨ ਧਨ ਮੋਰੇ ।। 3 ।। ੧ ।।[178]

12. ਰਾਗ ਮਾਰੂ

ਰਾਗ ਮਾਰੂ ਵਿਚ ਭਗਤ ਰਵਿਦਾਸ ਜੀ ਦੇ ਦੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਜ ਹਨ । ਇਹਨਾਂ ਸ਼ਬਦਾਂ ਵਿਚ ਉਸ ਪ੍ਰਭੂ ਦੇ ਗੁਣ ਗਾਏ ਹਨ ਜੋ ='ਐਸੀ ਲਾਲ ਤੁਝ

ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ ਮਥੈ ਛਤ੍ਰੁ ਧਰੈ ॥੧॥ ਰਹਾਉ ॥ ਪ੍ਰਭੂ ਗਰੀਬਾਂ ਨੂੰ ਮਾਣ ਦੇਣ ਵਾਲਾ ਹੈ । ਹੇ ਜੀਵ ਤੂੰ ਉਸ ਮਾਣ ਦੇਣ ਵਾਲੇ ਪ੍ਰਭੂ ਨੂੰ ਹੀ ਆਪਣੀ ਜੀਭ ਨਾਲ ਕਿਉਂ ਨਹੀਂ ਜਪਦਾ ਤੇ ਢੋਕੀਆਂ ਗਲਾਂ ਵਿਚ ਲਗਾ ਹੈ :-

ਸੁਖ ਸਾਗਰ ਸਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾਕੇ ਰੇ ॥
ਚਾਰਿ ਪਦਾਰਥ ਅਸਟ ਮਹਾ ਸਿਧਿ ਨਵਨਿਧਿ ਕਰ ਤਲ ਤਾ ਕੈ ॥ ੧ ॥
ਹਰਿ ਹਰਿ ਹਰਿ ਨ ਜਪਸਿ ਰਸਨਾ ਅਵਰ ਸਭ ਛਾਡਿ ਬਚਨ ਰਚਨਾ ॥੧॥ਰਹਾ
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥2॥
ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥3॥2॥[179]

13. ਰਾਗ ਕੇਦਾਰਾ

ਰਾਗ ਕੇਦਾਰਾ ਵਿਚ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਸ ਸ਼ਬਦ ਵਿਚ ਭਗਤ ਜੀ ਨੇ ਉਹਨਾਂ ਭਗਤਾਂ ਦਾ ਜੀਵਨ ਤੇ ਕਰਮ ਭਗਤੀ ਤੇ ਪ੍ਰਭੂ ਪ੍ਰੇਮ ਦੁਆਰਾ ਚਾਨਣ ਮੁਨਾਰਾ ਬਣਿਆ ਜਿਨਾਂ ਨੂੰ ਚੰਡਾਲ, ਸ਼ਿਕਾਰੀਆ ਤੇ ਪਾਪੀ ਕਹੇ ਜਾਣ ਵਾਲੇ ਜੀਵਾਂ ਨੂੰ ਤਾਰਿਆ ਉਹਨਾਂ ਰਾਹੀਂ ਸਿਮਰਨ ਦੀ ਵਡਿਆਈ ਕੀਤੀ ਹੈ । ਸਿਮਰਨ ਦੀ ਬਦੌਲਤ ਵਡੇ ਵਡੇ ਪਾਪੀ ਵੀ ਤਰ ਜਾਂਦੇ ਹਨ । ਨੀਚ ਉਹੀ ਹੈ ਜੋ ਰੱਬ ਦਾ ਸਿਮਰਨ ਨਹੀਂ ਕਰਦਾ :-

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥ ੧ ॥
ਰੇ ਚਿਤ ਚੇਤਿ ਚੇਤ ਅਚੇਤ ਕਾਹੇ ਨ ਬਾਲਮੀਕਹਿ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥੧॥ਰਹਾਉ॥
ਸੁਆਨੁ ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤੁ ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥ 2 ॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥3॥੧॥[180]

14. ਰਾਗ ਭੈਰਉ

ਰਾਗ ਭੈਰਉ ਵਿਚ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਸ਼ਬਦ ਵਿਚ ਭਗਤ ਜੀ ਦਸਦੇ ਹਨ ਕਿ ਜਦ ਕੋਈ ਮਨੁੱਖ ਨਾਮ ਸਿਮਰਦਾ ਹੈ ਤਾਂ ਉਸ ਦਾ ਮਨ ਪ੍ਰਭੂ ਵਿਚ ਪਰਚ ਜਾਂਦਾ ਹੈ ਤੇ ਪਾਰਸ ਰੂਪੀ ਪ੍ਰਭੂ ਦੀ ਛੋਹ ਨਾਲ ਉਹ ਜੀਵ ਸੋਨਾ ਭਾਵ ਕੀਮਤੀ ਵਸਤੂਆਂ ਵਿਚ ਆ ਜਾਂਦਾ ਹੈ ਤੇ ਉਸ ਦੀ ਮੇਰ ਤੇਰ ਮੁਕ ਜਾਂਦੀ ਹੈ :-

ਬਿਨੁ ਦੇਖੇ ਉਪਜੈ ਨਹੀ ਆਸਾ।।ਜੋ ਦੀਸੈ ਸੋ ਹੋਇ ਬਿਨਾਸ ।।
ਬਰਨ ਸਹਿਤ ਜੋ ਜਾਪੈ ਨਾਮੁ।। ਸੋ ਜੋਗੀ ਕੇਵਲ ਨਿਹਕਾਮੁ ।।੧।।
ਪਰਚੈ ਰਾਮੁ ਰਵੈ ਜਉ ਕੋਈ।।ਪਾਰਸੁ ਪਰਸੈ ਦੁਬਿਧਾ ਨ ਹੋਈ ।।੧।।ਰਹਾਉ ।।
ਸੋ ਮੁਨਿ ਮਨ ਕੀ ਦੁਬਿਧਾ ਖਾਇ।।ਬਿਨੁ ਦੁਆਰੇ ਤ੍ਰੈ ਲੋਕ ਸਮਾਇ ।।
ਮਨ ਕਾ ਸੁਭਾਉ ਸਭੁ ਕੋਈ ਕਰੈ।।ਕਰਤਾ ਹੋਇ ਸੁ ਅਨਭੈ ਰਹੈ ।।2।।
ਫਲ ਕਾਰਨ ਫੂਲੀ ਬਨਰਾਇ।।ਫਲੁ ਲਾਗਾ ਤਬ ਫੂਲੁ ਬਿਲਾਇ ।।
ਗਿਆਨੈ ਕਾਰਨ ਕਰਮ ਅਭਿਆਸੁ।।ਗਿਆਨੁ ਭਇਆ ਤਹ ਕਰਮਹ ਨਾਸੁ।।3।।
ਘ੍ਰਿਤ ਕਾਰਨ ਦਧਿ ਮਥੈ ਸਇਆਨ।।ਜੀਵਤ ਮੁਕਤ ਸਦਾ ਨਿਰਬਾਨ ।।
ਕਹਿ ਰਵਿਦਾਸ ਪਰਮ ਬੈਰਾਗ।।ਰਿਦੈ ਰਾਮੁ ਕੀ ਨ ਜਪਸਿ ਅਭਾਗ।।4।।੧।।[18]

ਉਪਰੋਕਤ ਸ਼ਬਦ ਨਾਲ ਸਾਂਝ ਹਿਤ ਤੀਜੇ ਗੁਰੂ ਅਮਰ ਦਾਸ ਜੀ ਦਾ ਸ਼ਬਦ ਵੀ ਇਸੇ ਰਾਗ ਵਿਚ ਰਚਿਆ ਮਿਲਦਾ ਹੈ ਜੋ ਭਗਤ ਰਵਿਦਾਸ ਜੀ ਦੇ ਸ਼ਬਦ ਦੀ ਵਿਆਖਿਆ ਵੀ ਕਰਦਾ ਹੈ। ਇਸ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਿਮਰਨ ਦੀ ਬਰਕਤ ਨਾਲ ਮਨੁੱਖ ਮਾਇਆ ਦੇ ਮੋਹ ਵਾਲਾ ਅਮੋੜ ਪੁਣਾ ਛਡ ਦੇਂਦਾ ਹੈ ਤੇ ਵਾਸਨਾ ਰਹਿਤ ਹੋ ਜਾਂਦਾ ਹੈ :-

ਭੈਰਉ ਮਹਲਾ ।। 3 ।।

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ।।
ਦੁਬਿਧਾ ਮਾਰਿ ਬ੍ਰਹਮ ਬੀਚਾਰੇ ।। ੧ ।।

ਇਸੁ ਮਨ ਕਉ ਕੋਈ ਖੋਜਹੁ ਭਾਈ ॥
ਮਨ ਖੋਜਤ ਨਾਮੁ ਨਉਨਿਧਿ ਪਾਈ ॥ ੧ ॥ ਰਹਾਉ ॥
ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥
ਮਮਤਾ ਲਾਇ ਭਰਮਿ ਭੋੁਲਾਇਆ ॥ 2 ॥
ਇਸੁ ਮਨ ਤੇ ਸਭ ਪਿੰਡ ਪਰਾਣਾ ॥
ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥ 3 ॥
ਕਰਮੁ ਹੋਵੈ ਗੁਰੁ ਕਿਰਪਾ ਕਰੈ ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥ 4 ॥
ਮਨ ਕਾ ਸੁਭਾਉ ਸਦਾ ਬੈਰਾਗੀ ॥
ਸਭ ਮਹਿ ਵਸੈ ਅਤੀਤੁ ਅਨਰਾਗੀ ॥ 5 ॥
ਕਹਤ ਨਾਨਕੁ ਜੋ ਜਾਣੈ ਭੇਉ ॥
ਆਦਿ ਪੁਰਖੁ ਨਿਰੰਜਨ ਦੇਉ ॥ 6 ॥ 5 ॥[182]

15. ਰਾਗ ਬਸੰਤ

ਰਾਗ ਬਸੰਤ ਵਿਚ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਸ ਵਿਚ ਦਸਿਆ ਗਿਆ ਹੈ ਕਿ ਸਰੀਰ ਆਦਿ ਦਾ ਮਾਣ ਕੂੜਾ ਹੈ । ਇਹ ਜਗ ਮੁਸਾਫਰ ਖਾਨੇ ਦੀ ਨਿਆਈ ਹੈ ਕਿਸੇ ਨੇ ਸਦਾ ਬੈਠ ਨਹੀ ਰਹਿਣਾ :-

ਤੁਝਹਿ ਸੁਝੰਤਾ ਕਛੂ ਨਾਹਿ ॥
ਪਹਿਰਾਵਾ ਦੇਖੇ ਊਭਿ ਜਾਹਿ ॥
ਗਰਬਵਤੀ ਕਾ ਨਾਹੀ ਠਾਉ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥ ੧ ॥
ਤੂ ਕਾਂਇ ਗਰਬਹਿ ਬਾਵਲੀ ॥
ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥ ੧ ॥ ਰਹਾਉ ॥

ਜੈਸੇ ਕੁਰੰਕ ਨਹੀ ਪਾਇਓ ਭੇਦੁ ।।
ਤਨਿ ਸੁਗੰਧ ਢੂੰਢੈ ਪ੍ਰਦੇਸ ।।
ਅਪ ਤਨ ਕਾ ਜੋ ਕਰੇ ਬੀਚਾਰੁ ।।
ਤਿਸੁ ਨਹੀ ਜਮ ਕੰਕਰੁ ਕਰੇ ਖੁਆਰੁ ।। 2 ।।
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰ ।।
ਠਾਕੁਰੁ ਲੇਖਾ ਮਗਨਹਾਰ ।।
ਫੇੜੇ ਕਾ ਦੁਖੁ ਸਹੈ ਜੀਉ ।।
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ।। 3 ।।
ਸਾਧੂ ਕੀ ਜਉ ਲੇਹਿ ਓਟ ।।
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ।।
ਕਹਿ ਰਵਿਦਾਸ ਜੁ ਜਪੈ ਨਾਮੁ ।।
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ।।4।।੧।।[183]

16. ਰਾਗ ਮਲਾਰ

ਰਾਗ ਮਲਾਰ ਵਿਚ ਭਗਤ ਰਵਿਦਾਸ ਜੀ ਦੇ ਤਿੰਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਸ਼ਬਦਾਂ ਵਿਚ ਸਿਮਰਨ ਦੀ ਮਹਿਮਾ ਗਾਈ ਗਈ ਹੈ ਜੋ ਨੀਵਿਆਂ ਨੂੰ ਉਚਾ ਕਰ ਦਿੰਦੀ ਹੈ । ਤੀਸਰੇ ਸ਼ਬਦ ਵਿਚ ਸਾਧ ਸੰਗਤਿ ਹੀ ਇਕ ਐਸਾ ਅਸਥਾਨ ਹੈ ਜਿਥੇ ਪਹੁੰਚ ਕੇ ਮਨ ਉਚੀ ਅਵਸਥਾ ਵਿਚ ਅੱਪੜ ਸਕਦਾ ਹੈ ਤੇ ਪਰਾਈ ਨਿੰਦਿਆ , ਅਗਿਆਨਤਾ, ਝੂਠ ਫਰੇਬ ਆਦਿਕ ਵਿਕਾਰਾਂ ਵਲੋ ਛੁਟਕਾਰਾ ਪਾ, ਸਕਦਾ ਹੈ :-

ਮਿਲਤ ਪਿਆਰੋ ਪ੍ਰਾਨਨਾਥ ਕਵਨ ਭਗਤਿ ਤੇ ।।
ਸਾਧ ਸੰਗਤਿ ਪਾਈ ਪਰਮ ਗਤੇ ।। ਰਹਾਉ ।।
ਮੈਲੇ ਕਪਰੇ ਕਹਾ ਲਉ ਧੋਵਉ ।।
ਆਵੈਗੀ ਨੀਦ ਕਹਾ ਲਗੁ ਸੋਵਉ ।। ੧ ।।

ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ।।
ਝੂਠੇ ਬਨਜਿ ਉਠਿ ਹੀ ਗਈ ਹਾਟਿਓ ।। 2।।
ਕਹੁ ਰਵਿਦਾਸ ਭਇਓ ਜਬ ਲੇਖੋ ।।
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ।। 3 ।।[184]

<u>ਭਗਤ ਪੀਪਾ ਜੀ :-</u> ਭਗਤ ਪੀਪਾ ਜੀ ਦਾ ਇਕ ਸ਼ਬਦ ਰਾਗ ਧਨਾਸਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਇਸ ਆਰਤੀ ਦੇ ਸ਼ਬਦ ਵਿਚ ਪੀਪਾ ਜੀ ਨੇ ਮਾਨਵ ਸਰੀਰ ਨੂੰ ਪ੍ਰਮਾਤਮਾ ਦਾ ਨਿਵਾਸ ਅਸਥਾਨ ਦਸਿਆ ਹੈ ਤੇ ਇਸ ਦੀ ਖੋਜ ਲਈ ਪਰੇਰਨਾ ਦਿਤੀ ਹੈ । ਆਪ ਆਤਮਾ ਦੇ ਅਮਰ ਹੋਣ ਦਾ ਅਤੇ ਬ੍ਰਹਮ - ਅਦਵੈਤ ਦਾ ਉਪਦੇਸ਼ ਕਰਦੇ ਹਨ ।[185]

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ।।
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ।। ੧ ।।
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ।।
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ।।੧।।ਰਹਾਉ।।
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ।।
ਪੀਪਾ ਪ੍ਰਣਵੈ ਪਰਮਤਤੁ ਹੈ ਸਤਿਗੁਰੁ ਹੋਇ ਲਖਾਵੈ ।।2।। ੧।। [186]

ਭਗਤ ਜੀ ਨੇ ਇਸ ਸ਼ਬਦ ਵਿਚ ਹੇਠ ਲਿਖੀਆ ਚਾਰ ਗਲਾ ਤੇ ਜ਼ੋਰ ਦਿਤਾ ਹੈ :-

1. ਪ੍ਰਮਾਤਮਾ ਦੀ ਯਾਦ, ਸਧਾਰਨ ਯਾਦ ਨਹੀਂ ਸਗੋ ਪ੍ਰਮਾਤਮਾ ਦੀ ਦੁਹਾਈ ਪ੍ਰਮਾਤਮਾ ਦੀ ਤੀਬਰ ਯਾਦ ਹੈ ।
2. ਪ੍ਰਮਾਤਮਾ ਦੀ ਯਾਦ ਹੀ ਅਸਲੀ ਦੇਵ - ਪੂਜਾ ਹੈ ।
3. ਉਹ ਪ੍ਰਮਾਤਮਾ ਹਰੇਕ ਮਨੁੱਖ ਦੇ ਅੰਦਰ ਵਸਦਾ ਹੈ ਸਾਰੀ ਸ੍ਰਿਸ਼ਟੀ ਵਿਚ ਵੀ ਵਸਦਾ ਹੈ ਤੇ ਸਾਰੀ ਸ੍ਰਿਸ਼ਟੀ ਦਾ ਰਚਣਹਾਰਾ ਹੈ ।
4. ਸਤਿਗੁਰੂ ਹੀ ਪ੍ਰਮਾਤਮਾ ਨਾਲ ਮਿਲਾਪ ਕਰਾ ਸਕਦਾ ਹੈ ।[187]

ਉਪਰੋਕਤ ਚਾਰੇ ਵਿਚਾਰ ਹੀ ਗੁਰਮਤਿ ਆਸ਼ੇ ਦੇ ਅਨੁਕੂਲ ਹਨ । ਇਸੇ ਵਿਸ਼ੇਸ਼ਤਾ ਕਰਕੇ ਹੀ ਇਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦੇ ਕੇ ਗੁਰੂ ਦੀ ਪਦਵੀ ਦਿਤੀ ਗਈ ਹੈ ।

ਭਗਤ ਸੈਣ ਜੀ :- ਭਗਤ ਸੈਣ ਜੀ ਦਾ ਇਕ ਸ਼ਬਦ ਰਾਗ ਧਨਾਸਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਜਿਸ ਵਿਚ ਰਸਮੀ ਆਰਤੀ ਤੋਂ ਉਪਰ ਉਠ ' ਭਜੁ ਪਰਮਾ ਨੰਦੇ ' ਦਾ ਉਪਦੇਸ਼ ਦਿਤਾ ਹੈ । ਇਸੇ ਤਰ੍ਹਾਂ ਹੋਰ ਭਗਤਾਂ ਨੇ ਵੀ ਭਗਤ ਧੰਨਾ, ਭਗਤ ਪੀਪਾ ਤੇ ਗੁਰੂ ਨਾਨਕ ਦੇਵ ਸਾਹਿਬ ਨੇ ਭੀ ਰਸਮੀ ਆਰਤੀ ਦਾ ਖੰਡਨ ਕੀਤਾ ਹੈ । ਭਗਤ ਸੈਣ ਜੀ ਫੁਰਮਾਉਂਦੇ ਹਨ :-

ਧੂਪ ਦੀਪ ਘ੍ਰਿਤ ਸਾਜਿ ਆਰਤੀ ॥
ਵਾਰਨੇ ਜਾਉ ਕਮਲਾ ਪਤੀ ॥ ੧ ॥
ਮੰਗਲਾ ਹਰਿ ਮੰਗਲਾ ॥
ਨਿਤ ਮੰਗਲ ਰਾਜਾ ਰਾਮ ਰਾਇ ਕੋ ॥ ੧ ॥ ਰਹਾਉ ॥
ਊਤਮੁ ਦੀਅਰਾ ਨਿਰਮਲ ਬਾਤੀ ॥
ਤੁਹੀ ਨਿਰੰਜਨੁ ਕਮਲਾ ਪਾਤੀ ॥ 2 ॥
ਰਾਮਾ ਭਗਤਿ ਰਾਮਾਨੰਦੁ ਜਾਨੈ ॥
ਪੂਰਨ ਪਰਮਾਨੰਦੁ ਬਖਾਨੈ ॥ 3 ॥
ਮਦਨ ਮੂਰਤਿ ਭੈ ਤਾਰਿ ਗੋਬਿੰਦ ॥
ਸੈਨੁ ਭਣੈ ਭਜੁ ਪਰਮਾਨੰਦੇ ॥ 4 ॥ ੧ ॥ [188]

ਭਗਤ ਧੰਨਾ ਜੀ :- ਭਗਤ ਧੰਨਾ ਜੀ ਦੇ ਤਿੰਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਵਿਚੋ ਦੋ ਸ਼ਬਦ ਰਾਗ ਆਸਾ ਵਿਚ ਤੇ ਇਕ ਸ਼ਬਦ ਰਾਗ ਧਨਾਸਰੀ ਵਿਚ ਅੰਕਤ ਹੈ ।

ਆਸਾ ਰਾਗ ਦੇ ਦੋਹਾਂ ਸ਼ਬਦਾਂ ਵਿਚ ਭਗਤ ਧੰਨਾ ਜੀ ਨੇ ਪ੍ਰੇਮਾ - ਭਗਤੀ ਨੂੰ ਦ੍ਰਿੜ ਕਰਾਇਆ ਹੈ । ਪਹਿਲੇ ਸ਼ਬਦ ਵਿਚ ਆਪ ਜੀ ਨੇ ਜੀਵ ਨੂੰ ਮਾਇਆ ਦੇ ਪ੍ਰਭਾਵ ਤੋਂ ਬਚਣ ਤੇ ਭਗਤੀ ਵਿਚ ਲਗਣ ਦੀ ਪਰੇਰਣਾ ਦਿਤੀ ਹੈ :-

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ।।
ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ।।੧।।ਰਹਾਉ।।
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ।।
ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ।। ੧ ।।
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ।।
ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ।।2।।
ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ।।
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ।।3।।
ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ।।
ਧੰਨੈ ਧਨੁ ਪਾਇਆ ਧਰਣੀਧਰ ਮਿਲਿ ਜਨ ਸੰਤ ਸਮਾਨਿਆ ।।4।।੧।।[189]

ਭਗਤ ਧੰਨਾ ਜੀ ਦੀ ਆਪਣੀ ਜਬਾਨੋਂ ਆਖਦੇ ਹਨ ਕਿ ਮੈਨੂੰ ਗੁਰੂ ਨੇ ਨਾਮ ਧਨ ਦਿੱਤਾ ਹੈ, ਸੰਤਾ ਦੀ ਸੰਗਤਿ ਵਿਚ ਮੈਨੂੰ ਧਰਣੀਧਰ ਪ੍ਰਭੂ ਲੱਭਾ ਹੈ । ਪਰ ਸੁਆਰਥੀ ਲੋਕਾਂ ਨੇ ਆਪਣਾ ਧਾਰਮਿਕ ਜੂਲਾ ਅੰਞਾਣ ਲੋਕਾ ਦੇ ਮੋਢੇ ਉਤੇ ਪਾਈ ਰੱਖਣ ਵਾਸਤੇ ਇਹ ਕਹਾਣੀ ਚਲਾ ਦਿੱਤੀ ਕਿ ਧੰਨੇ ਨੇ ਇਕ ਬ੍ਰਾਹਮਣ ਤੋਂ ਇਕ ਠਾਕੁਰ ਲੈ ਕੇ ਉਸ ਦੀ ਪੂਜਾ ਕੀਤੀ ਤੇ ਉਸ ਠਾਕੁਰ - ਪੂਜਾ ਤੇ ਉਸ ਨੂੰ ਪ੍ਰਮਾਤਮਾ ਮਿਲਿਆ । ਇਸ ਭੁਲੇਖੇ ਨੂੰ ਦੂਰ ਕਰਨ ਲਈ ਭਗਤ ਧੰਨਾ ਜੀ ਦੇ ਸ਼ਬਦ ਦੀ ਅਖਰੀਲੀ ਤੁੱਕ ਨੂੰ ਚੰਗੀ ਤਰ੍ਹਾਂ ਸਿਖਾਂ ਦੇ ਸਾਹਮਣੇ ਸਪਸ਼ਟ ਕਰਨ ਲਈ ਗੁਰੂ ਅਰਜਨ ਸਾਹਿਬ ਜੀ ਨੇ ਅਗਲਾ ਸ਼ਬਦ ਆਪਣੇ ਵਲੋਂ ਉਚਾਰਕੇ ਦਰਜ ਕੀਤਾ ।[190]

ਮਹਲਾ ॥ 5 ॥

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ੧ ॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟ ਹੋਆ ਸਾਧ ਸੰਗਿ ਹਰ ਦਰਸਨੁ ਪਾਇਆ ॥ 2 ॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰ ਬ੍ਰਹਮ ਭਗਤਾ ਮਹਿ ਗਨਿਆ ॥ 3 ॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ 4 ॥ 2 ॥[191]

ਇਸ ਰਾਗ ਦੇ ਦੂਸਰੇ ਸ਼ਬਦ ਵਿਚ ਭਗਤ ਧੰਨਾ ਜੀ ਕਹਿੰਦੇ ਹਨ ਕਿ ਹੇ ਜੀਵ ਰੋਜੀ ਤੇ ਬੇਫਿਕਰ ਹੋ ਕੇ ਪ੍ਰਭੂ ਭਗਤੀ ਵਿਚ ਲਗ। ਕਿਉਂਕਿ ਰੋਜੀ ਤਾਂ ਪ੍ਰਮਾਤਮਾ ਹਰ ਇਕ ਨੂੰ ਹਰ ਥਾਂ ਤੇ ਪਹੁੰਚਾਦਾ ਹੈ:-

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ਰਹਾਉ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥ ੧ ॥
ਕੁੰਮੀ ਜਲ ਮਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥ 2 ॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥3॥3॥[192]

ਤੀਸਰਾ ਸ਼ਬਦ ਰਾਗ ਧਨਾਸਰੀ ਵਿਚ ਹੋਰਾਂ ਭਗਤਾਂ ਦੀ ਤਰ੍ਹਾਂ ਧੰਨਾ ਜੀ ਨੇ ਵੀ ਆਰਤੀ ਦਾ ਲਿਖਿਆ ਹੈ ਜੋ ਆਪਣੇ ਖੁਲੇ ਖੁਲਾਸੇ ਵਿਚਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸੇਸ ਮਹਾਨਤਾ ਪ੍ਰਾਪਤ ਕਰ ਗਿਆ ਹੈ । ਭਗਤੀ ਰੋਟੀ ਬਿਨ ਨਹੀ ਹੋ ਸਕਦੀ । ਕਬੀਰ ਜੀ ਨੇ ਵੀ ਇਸੇ ਭਾਵ ਦਾ ਸ਼ਬਦ ਲਿਖਿਆ ਹੋਇਆ ਹੈ । ਭਗਤੀ ਤੇ ਖੁਸ਼ਹਾਲੀ ਇਕੱਠੇ ਰਹਿ ਸਕਣੇ ਚਾਹੀਦੇ ਹਨ । ਇਸ ਸ਼ਬਦ ਦੀ ਸਰਲਤਾ ਇਸ ਦਾ ਗਹਿਣਾ ਹੈ ।[193]

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ਰਹਾਉ॥
ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
ਪਨੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥ ੧ ॥
ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥ 2 ॥ ੧ ॥[194]

<u>ਭਗਤ ਭੀਖਨ ਜੀ :-</u> ਭਗਤ ਭੀਖਨ ਜੀ ਦੇ ਦੋ ਸ਼ਬਦ ਸੋਰਠਿ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ । ਇਹਨਾਂ ਸ਼ਬਦਾਂ ਵਿਚ ਨਾਮ ਦੀ ਮਹਾਨਤਾ ਇਹ ਦਸੀ ਹੈ ਕਿ ਕੇਵਲ ਨਾਮ ਹੀ ਬੁਢੇਪੇ ਦੇ ਦੁਖ ਤੋ ਸੰਸਾਰ ਨੂੰ ਬਚਾ ਸਕਦਾ ਹੈ ਅਤੇ ਸੰਸਾਰ ਨੂੰ ਆਤਮਕ ਤੇ ਮਾਨਸਕ ਸਾਂਤੀ ਦੇ ਸਕਦਾ ਹੈ ।[195] ਆਪ ਨੇ ਬੁਢੇਪੇ ਦਾ ਚਿੱਤਰ ਇਸ ਤਰ੍ਹਾਂ ਖਿਚਿਆ ਹੈ: -

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥ ੧ ॥
ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ
ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥
ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥ 2 ॥
ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥[196]

ਦੂਸਰੇ ਸ਼ਬਦ ਵਿਚ ਦਸਿਆ ਗਿਆ ਹੈ ਕਿ ਪਰਮਾਤਮਾ ਦਾ ਨਾਮ ਇਕ ਐਸਾ ਅਮੋਲਕ ਪਦਾਰਥ ਹੈ ਜੋ ਭਾਗਾਂ ਨਾਲ ਮਿਲਦਾ ਹੈ । ਇਸ ਰਤਨ ਨੂੰ ਜੇ ਅਨੇਕਾਂ ਜਤਨ ਕਰਕੇ ਵੀ ਹਿਰਦੇ ਵਿਚ ਲੁਕਾ ਰਖੀਏ, ਤਾਂ ਭੀ ਲੁਕਾਇਆ ਇਹ ਲੁਕਦਾ ਨਹੀ ਹੈ ।

ਐਸਾ ਨਾਮ ਰਤਨੁ ਨਿਰਮੋਲਕੁ ਪੁੰਨਿ ਪਦਾਰਥ ਪਾਇਆ ।।
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨ ਨ ਛਪੈ ਛਪਾਇਆ ।। ੧ ।।
ਹਰਿ ਗੁਨ ਕਹਤੇ ਕਹਨੁ ਨ ਜਾਈ ਜੈਸੇ ਗੂੰਗੇ ਕੀ ਮਠਿਆਈ ।। ੧।।ਰਹਾਉ।
ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ।।
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ।।2।।2।।[197]

<u>ਭਗਤ ਪਰਮਾਨੰਦ ਜੀ :-</u> ਭਗਤ ਪਰਮਾਨੰਦ ਜੀ ਦਾ ਇਕ ਸ਼ਬਦ ਰਾਗ ਸਾਰੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ । ਜਿਸ ਵਿਚ ਭਗਤ ਜੀ ਨੇ ਭਗਤੀ ਦੀ ਮਹਾਨਤਾ ਦਸੀ ਹੈ । ਆਪ ਜੀ ਨੇ ਵਿਕਾਰਾਂ ਸਹਿਤ ਜੀਵਨ ਨੂੰ ਭਗਤੀ ਦੇ ਅਯੋਗ ਦਸਦੇ ਹੋਏ ਵਿਕਾਰਾਂ ਤੇ ਮੁਕਤ ਹੋਣ ਲਈ ਜੀਵ ਨੂੰ ਵੰਗਾਰਿਆ ਹੈ । ਭਗਤ ਲਈ ਪਹਿਲਾ ਇਹਨਾਂ ਵਿਕਾਰਾਂ ਤੋਂ ਮੁਕਤ ਹੋਣਾ ਲਾਜ਼ਮੀ ਹੈ । ਸਦਾਚਾਰਕ ਜੀਵਨ ਨੂੰ ਹੀ ਭਗਤੀ ਦਾ ਜੀਵਨ ਦਸਿਆ ਹੈ :-

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ।।
ਅਨਪਾਵਨੀ ਭਗਤਿ ਨਹੀ ਉਪਜੀ, ਭੂਖੈ ਦਾਨੁ ਨ ਦੀਨਾ ।।੧।।ਰਹਾਉ।।
ਕਾਮੁ ਨ ਬਿਸਰਿਓ ਕ੍ਰੋਧ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ।।
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ।। ੧ ।।
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟ ਭਰੈ ਅਪ੍ਰਾਧੀ ।।
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ।। 2 ।।
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ।।
ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ।।3।।੧।।6।।[198]

<u>ਭਗਤ ਸੂਰ ਦਾਸ ਜੀ</u> :- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸੂਰਦਾਸ ਦੀ ਸਾਰੰਗ ਰਾਗ ਵਿਚ " ਛਾਡਿ ਮਨ ਹਰਿ ਬਿਮੁਖਨ ਕੋ ਸੰਗੁ "[199] ਕੇਵਲ ਇਕ ਸਤਰ ਹੀ ਦਰਜ ਹੈ । ਜਿਸ ਦਾ ਪੂਰਾ ਸ਼ਬਦ ਸੂਰਦਾਸ ਜੀ ਦੇ ਨਾਂ ਥਲੇ ਹੀ ਭਾਈ ਬੰਨੋ ਜੀ ਦੀ ਬੀੜ ਵਿਚ ਦਿਤਾ ਹੈ ਜਿਸ ਦਾ ਵਿਚਾਰ ਇਹ ਦਿੜਾਇਆ ਹੈ ਕਿ ਬੇਮੁਖਾਂ ਦੀ ਸੰਗਤ ਤੋ ਬਚਣਾ ਚਾਹੀਦਾ ਹੈ ਕਿਉਂਕਿ ਬੇਮੁਖ ਲੋਕ ਸੱਪ, ਹਾਥੀ, ਕਾਂ, ਗਧੇ, ਪੱਥਰ ਤੇ ਕਾਲੀ ਕਮਲੀ ਵਾਂਗ ਹੁੰਦੇ ਹਨ । ਬੇਮੁਖ ਦੇ ਸੁਧਾਰ ਦੀ ਕੋਈ ਆਸ ਨਹੀਂ । ਸ਼ਾਇਦ ਗੁਰੂ ਸਾਹਿਬ ਨੇ ਬਾਕੀ ਸ਼ਬਦ ਇਸੇ ਲਈ ਛਡ ਦਿਤਾ ਹੈ ਕਿ ਆਪ ਸਦਾ ਆਸ ਰਖਦੇ ਹਨ ਕਿ ਬੇਮੁਖ ਵੀ ਗੁਰਮੁਖ ਬਣ ਸਕਦਾ ਹੈ, ਜਦੋ ਉਸਦੇ ਗੁਰੂ ਦੀ ਕਿਰਪਾ ਹੋ ਜਾਏ ।[200]

ਉਪਰਲੀ ਦਿਤੀ ਹੋਈ ਇਕ ਤੁਕ ਦੀ ਵਿਆਖਿਆ ਕਰਨ ਲਈ ਕਿ ਹਰੀ ਤੇ ਬੇਮੁਖਾਂ ਦਾ ਸੰਗ ਕਿਵੇਂ ਛੱਡਣਾ ਹੈ । ਸੋ ਇਸ ਸਿਰਲੇਖ ਵਿਚ ਸੂਰਦਾਸ ਜੀ ਨੂੰ ਸੰਬੋਧਨ ਕਰਕੇ ਗੁਰੂ ਅਰਜਨ ਦੇਵ ਜੀ ਅਗਲਾ ਸ਼ਬਦ ਉਚਾਰ ਕੇ ਫੁਰਮਾਉਂਦੇ ਹਨ ਕਿ ਜਿਉਂ ਜਿਉਂ ' ਹਰਿ ਕੇ ਸੰਗ ਬਸੇ ਹਰਿ ਲੋਕ ।। ਤਿਉਂ ਤਿਉਂ ਆਨ ਬਸਤੁ ਸਿਉ ਕਾਜ ਨ ਕਛੂਐ' ਇਸ ਤਰ੍ਹਾਂ ਸੁਤੇ ਹੀ ਹਰੀ ਤੇ ਬੇਮੁਖਾਂ ਨਾਲੋ ਸਾਂਝ ਛੁਟ ਜਾਂਦਾ ਹੈ, ਕਿਸੇ ਨੂੰ ਨਫ਼ਰਤ ਕਰਨ ਦੀ ਲੋੜ ਨਹੀਂ ਪੈਂਦੀ :[201]

ਸਾਰੰਗ ਮਹਲਾ ।। 5 ।। ਸੂਰਦਾਸ

ਹਰਿ ਕੇ ਸੰਗ ਬਸੇ ਹਰਿ ਲੋਕ ।। ਤਨੁ ਮਨੁ ਅਰਪਿ ਸਰਬਸੁ ਸਭੁ ।।
ਅਰਪਿਓ ਅਨਦ ਸਹਜ ਧੁਨਿ ਝੋਕ ।। ੧ ।। ਰਹਾਉ ।।
ਦਰਸਨੁ ਪੇਖਿ ਭਏ ਨਿਰਬਿਖਈ, ਪਾਏ ਹੈ ਸਗਲੇ ਥੋਕ ।।
ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ।। ੧ ।।
ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ।।
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ।।2।।੧।।8।।[202]

## ਪੈਰ ਟਿੱਪਣੀਆਂ ਤੇ ਹਵਾਲੇ


1. ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਹਿਸਾ ਪਹਿਲਾ ਪੰਨਾ 395 ਦੂਜੀ ਵਾਰ
2. ਤੇਜਾ ਸਿੰਘ ਪ੍ਰਿੰਸੀਪਲ, ਲੇਖ- ਗੁਰੂ ਗ੍ਰੰਥ-ਸਾਹਿਬ ਦਾ ਸੰਪਾਦਨ ਗੁਰੂ ਅਰਜਨ, ਪੰਨਾ 81
3. ਮਨਮੋਹਨ ਸਹਿਗਲ (ਡਾ.), ਗੁਰੂ ਗ੍ਰੰਥ ਸਾਹਿਬ ਇਕ ਸੰਸਕ੍ਰਿਤ ਸਰਵੇਖਣ, ਪੰਨਾ 46
4. ਮਹਿੰਦਰ ਕੌਰ ਗਿਲ (ਡਾ.), ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ, ਦੂਜੀ ਵਾਰ 1982, ਪੰਨਾ 13
5. ਤੇਜਾ ਸਿੰਘ ਪ੍ਰਿੰਸੀਪਲ, ਲੇਖ-ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਪੰਨਾ 77
6. ਸਾਹਿਬ ਸਿੰਘ (ਪ੍ਰੋ.), ਗੁਰਬਾਣੀ ਤੇ ਇਤਿਹਾਸ ਬਾਰੇ, ਪੰਜਵੀ ਵਾਰ ਪੰਨਾ 13
7. ਮਹਿੰਦਰ ਕੌਰ ਗਿਲ (ਡਾ.), ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ ਦੂਜੀ ਵਾਰ, ਪੰਨਾ 21
8. ਰਤਨ ਸਿੰਘ ਜੱਗੀ (ਡਾ.), ਲੇਖ-ਗੁਰੂ ਨਾਨਕ ਬਾਣੀ ਦਾ ਸੰਪਾਦਨ ਗੁਰੂ ਪਰਮੇਸਰ ਨਾਨਕ ਸੰਕਲਨ, ਪੰਨਾ 96
9. ਪ੍ਰਤਾਪ ਸਿੰਘ ਗਿਆਨੀ, ਗੁਰ ਮਤਿ ਲੈਕਚਰ, ਪੰਨਾ 191-92
10. ਰਤਨ ਸਿੰਘ ਜੱਗੀ (ਡਾ.), ਲੇਖ-ਗੁਰੂ ਨਾਨਕ ਬਾਣੀ ਦਾ ਸਕੰਲਨ ਪੰਨਾ 98 ( ਸੰਪਾਦਨ ਗੁਰੂ ਪਰਮੇਸਰ ਨਾਨਕ )

** [illegible]

11. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 15

12. ਉਹੀ ਪੰਨਾ 287

13. ਉਹੀ ਪੰਨਾ 290

14. ਤੇਜਾ ਸਿੰਘ ਪ੍ਰਿੰਸੀਪਲ, ਲੇਖ-ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਪੰਨਾ 83

15. ਤ੍ਰਿਲੋਚਨ ਸਿੰਘ (ਡਾ.), ਲੇਖ-ਗੁਰਮਤਿ ਤੇ ਭਗਤੀ ਪੰਨਾ 145

16. ਗੁਰਦੇਵ ਸਿੰਘ (ਡਾ.), ਲੇਖ-ਸੰਤ ਬਾਣੀ ਇਕ ਵਿਸ਼ਲੇਸ਼ਣ ਭਗਤੀ ਅੰਕ, ਪੰਜਾਬੀ ਦੁਨੀਆਂ, ਪੰਨਾ 130

17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 846

18. ਰਘਬੀਰ ਸਿੰਘ (ਡਾ.), ਲੇਖ- ਭਗਤ ਕਵੀ ਨਾਮਦੇਵ ਇਕ ਸੁਧਾਰਕ, ਭਗਤੀ ਅੰਕ, ਪੰਜਾਬੀ ਦੁਨੀਆਂ ਪੰਨਾ 237

19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1375 - 76

20. ਉਹੀ ਪੰਨਾ 1376

21. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਦਸਵੀਂ ਪੰਨਾ 269

22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 526

23. ਉਹੀ ਪੰਨਾ 505-6

24. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਚੌਥੀ ਪੋਥੀ ਪੰਨਾ 181

25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 508

26. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਚੌਥੀ ਪੋਥੀ ਪੰਨਾ 185

27. ਸਾਹਿਬ ਸਿੰਘ ਪ੍ਰੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਚੋਥੀ ਪੋਥੀ ਪੰਨਾ 112

28. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 138

29. ਉਹੀ ਪੰਨਾ 138

30. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 488

31. ਉਹੀ ਪੰਨਾ 488

32. ਉਹੀ ਪੰਨਾ 794

33. ਉਹੀ ਪੰਨਾ 794

34. ਉਹੀ ਪੰਨਾ 729

35. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਜਵੀ ਪੋਥੀ ਪੰਨਾ 691

36. ਸਾਹਿਬ ਸਿੰਘ ਪ੍ਰੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦਸਵੀਂ ਪੋਥੀ ਪੰਨਾ 317

37. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1379

38. ਉਹੀ ਪੰਨਾ 1379

39. ਉਹੀ ਪੰਨਾ 1378

40. ਉਹੀ ਪੰਨਾ 1378

41. ਉਹੀ ਪੰਨਾ 1384

42. ਉਹੀ ਪੰਨਾ 1384

43. ਉਹੀ ਪੰਨਾ 1381

44. ਉਹੀ ਪੰਨਾ 1381

45. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦਸਵੀਂ ਪੋਥੀ
ਪੰਨਾ 334

46. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 224

47. ਤੇਜਾ ਸਿੰਘ ਪ੍ਰਿੰਸੀਪਲ, ਲੇਖ-ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ
ਪੰਨਾ 77-78

48. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪਹਿਲੀ ਪੋਥੀ
ਪੰਨਾ 578-79

49. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 525

50. ਉਹੀ ਪੰਨਾ 473

51. ਉਹੀ ਪੰਨਾ 951

52. ਉਹੀ ਪੰਨਾ 526

53. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਚੌਥੀ ਪੋਥੀ
ਪੰਨਾ 180

54. ਉਹੀ ਪੰਨਾ 180

55. ਉਹੀ ਪੰਨਾ 179 ਪੰਜਵੀ ਪੋਥੀ

56. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 695

57. ਉਹੀ ਪੰਨਾ 953-4

58. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਤੀਜੀ ਪੋਥੀ
ਪੰਨਾ 791

59. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ
ਪੰਨਾ 87

60. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 124

61. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ
ਇਤਿਹਾਸ, ਪੰਨਾ 159

62. ਪ੍ਰਭਾਕਰ ਮਾਚਵੇ, ਨਾਮ ਦੇਵ ਜੀਵਨ ਤੇ ਦਰਸ਼ਨ
ਪੰਨਾ 85-86

63. ਮੈਕਾਲਿਫ ਐਮ.ਏ., ਸਿਖ ਰੀਲਿਜਨ
ਪੰਨਾ 40

64. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਜਵੀ ਪੋਥੀ
ਪੰਨਾ 700

65. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345

66. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਦਾ ਸਾਹਿਤਕ ਇਤਿਹਾਸ
ਪੰਨਾ 160

67. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 919

68. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦੂਜੀ ਪੋਥੀ
ਪੰਨਾ 105

69. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 485

70. ਉਹੀ ਪੰਨਾ 485

71. ਉਹੀ ਪੰਨਾ 485

72. ਉਹੀ ਪੰਨਾ 485

73. ਉਹੀ ਪੰਨਾ 486

74. ਉਹੀ ਪੰਨਾ 525

75. ਉਹੀ ਪੰਨਾ 525

76. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਚੌਥੀ ਪੋਥੀ
ਪੰਨਾ 174

77. ਉਹੀ ਪੰਨਾ 656

78. ਉਹੀ ਪੰਨਾ 599

79. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਜਵੀਂ ਪੋਥੀ ਪੰਨਾ 699

80. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1036

81. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 162

82. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 713

83. ਉਹੀ ਪੰਨਾ 727

84. ਉਹੀ ਪੰਨਾ 857-8

85. ਉਹੀ ਪੰਨਾ 875

86. ਉਹੀ ਪੰਨਾ 972

87. ਉਹੀ ਪੰਨਾ 972

88. ਉਹੀ ਪੰਨਾ 988

89. ਉਹੀ ਪੰਨਾ 1105

90. ਤਾਰਨ ਸਿੰਘ (ਡਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 165

91. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1163

92. ਉਹੀ ਪੰਨਾ 1165

93. ਉਹੀ ਪੰਨਾ 1195

94. ਉਹੀ ਪੰਨਾ 1196

95. ਉਹੀ ਪੰਨਾ 1196

96. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 167

97. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1252

98. ਉਹੀ ਪੰਨਾ 1292

99. ਉਹੀ ਪੰਨਾ 1292

100. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਨੌਵੀਂ ਪੋਥੀ ਪੰਨਾ 487

101. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1318

102. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਛੇਵੀਂ ਪੋਥੀ ਪੰਨਾ 347

103. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 858

104. ਉਹੀ ਪੰਨਾ 1008

105. ਸਾਹਿਬ ਸਿੰਘ ਪ੍ਰੋ. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ , ਛੇਵੀਂ ਪੋਥੀ ਪੰਨਾ 353

106. ਉਹੀ ਪੰਨਾ 587, ਪਹਿਲੀ ਪੋਥੀ

107. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 93

108. ਉਹੀ ਪੰਨਾ 74-75

109. ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪਹਿਲੀ ਪੋਥੀ ਪੰਨਾ 588

110. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 974

111. ਉਹੀ ਪੰਨਾ 903

112. ਉਹੀ ਪੰਨਾ 1351

113. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਨਾਵੀਂ ਪੋਥੀ
ਪੰਨਾ 666

114. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1331

115. ਉਹੀ ਪੰਨਾ 470

116. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਨਾਵੀਂ ਪੋਥੀ
ਪੰਨਾ 667-68

117. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ
ਇਤਿਹਾਸ, ਪੰਨਾ 176

118. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1195

119. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਅਠਵੀਂ ਪੋਥੀ
ਪੰਨਾ 638

120. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ
ਪੰਨਾ 165-66

121. ਗੁਰਨਾਮ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ
ਬਾਣੀ ਦਾ ਅਲੋਚਨਾਤਮਿਕ ਅਧਿਐਨ, ਪੰਨਾ 204

122. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ
ਇਤਿਹਾਸ, ਪੰਨਾ 184

123. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 91

124. ਉਹੀ ਪੰਨਾ 24

125. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪਹਿਲੀ ਪੋਥੀ
ਪੰਨਾ 574

126. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ
ਇਤਿਹਾਸ, ਪੰਨਾ 185

127. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 323

128. ਉਹੀ ਪੰਨਾ 323

129. ਉਹੀ ਪੰਨਾ 324

130. ਉਹੀ ਪੰਨਾ 324

131. ਸਾਹਿਬ ਸਿੰਘ ਪ੍ਰੋ., ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦੂਜੀ ਪੋਥੀ ਪੰਨਾ 856

132. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 324

133. ਉਹੀ ਪੰਨਾ 324

134. ਉਹੀ ਪੰਨਾ 324

135. ਉਹੀ ਪੰਨਾ 325

136. ਉਹੀ ਪੰਨਾ 326

137. ਸਾਹਿਬ ਸਿੰਘ ਪ੍ਰੋ., ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦੂਜੀ ਪੋਥੀ ਪੰਨਾ 868-69

138. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 190

139. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 340

140. ਸਾਹਿਬ ਸਿੰਘ ਪ੍ਰੋ., ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦੂਜੀ ਪੋਥੀ ਪੰਨਾ 975-76

141. ਪ੍ਰਤਾਪ ਸਿੰਘ ਗਿਆਨੀ, ਪੰਜਾਬੀ ਦੁਨੀਆਂ, ਭਗਤੀ ਅੰਕ, ਭਾਸ਼ਾ ਵਿਭਾਗ, ਪੰਜਾਬ, 1968, ਪੰਨਾ 271

142. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 340

143. ਉਹੀ ਪੰਨਾ 342

144. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 192

145. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 476

146. ਉਹੀ ਪੰਨਾ 471

147. ਉਹੀ ਪੰਨਾ 524

148. ਉਹੀ ਪੰਨਾ 654

149. ਤਾਰਨ ਸਿੰਘ (ਡਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 196

150. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 855

151. ਉਹੀ ਪੰਨਾ 857

152. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 197

153. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 872

154. ਉਹੀ ਪੰਨਾ 972

155. ਉਹੀ ਪੰਨਾ 1105

156. ਉਹੀ ਪੰਨਾ 1124

157. ਉਹੀ ਪੰਨਾ 1158

158. ਉਹੀ ਪੰਨਾ 1136

159. ਉਹੀ ਪੰਨਾ 1193

160. ਉਹੀ ਪੰਨਾ 1195

161. ਉਹੀ ਪੰਨਾ 1252

162. ਉਹੀ ਪੰਨਾ 878

| | | |
|---|---|---|
| 163. | ਸ੍ਰੀ ਗੁਰੂ ਗ੍ਰੰਥ ਸਾਹਿਬ | ਪੰਨਾ 1349 |
| 164. | ਉਹੀ | ਪੰਨਾ 1350 |
| 165. | ਉਹੀ | ਪੰਨਾ 1366 |
| 166. | ਉਹੀ | ਪੰਨਾ 93 |
| 167. | ਉਹੀ | ਪੰਨਾ 345 |
| 168. | ਉਹੀ | ਪੰਨਾ 346 |
| 169. | ਉਹੀ | ਪੰਨਾ 345 |
| 170. | ਉਹੀ | ਪੰਨਾ 487 |
| 171. | ਉਹੀ | ਪੰ ਨਾ 525 |
| 172. | ਉਹੀ | ਪੰਨਾ 659 |
| 173. | ਉਹੀ | ਪੰਨਾ 694 |
| 174. | ਉਹੀ | ਪੰਨਾ 710 |
| 175. | ਉਹੀ | ਪੰਨਾ 794 |
| 176. | ਉਹੀ | ਪੰਨਾ 858 |
| 177. | ਉਹੀ | ਪੰਨਾ 875 |
| 178. | ਉਹੀ | ਪੰਨਾ 973 |
| 179. | ਉਹੀ | ਪੰਨਾ 1106 |
| 130. | ਉਹੀ | ਪੰਨਾ 1124 |
| 181. | ਉਹੀ | ਪੰਨਾ 1167 |
| 182. | ਉਹੀ | ਪੰਨਾ 1128 |
| 183. | ਉਹੀ | ਪੰਨਾ 1196 |

184. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1293

185. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 227

186. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 695

187. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੰਜਵੀ ਪੋਥੀ ਪੰਨਾ 186

188. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 695

189. ਉਹੀ ਪੰਨਾ 487

190. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਤੀਜੀ ਪੋਥੀ ਪੰਨਾ 778

191. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 487

192. ਉਹੀ ਪੰਨਾ 487

193. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 230

194. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 695

195. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 231

196. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 659

197. ਉਹੀ ਪੰਨਾ 659

198. ਉਹੀ ਪੰਨਾ 1253

199. ਉਹੀ ਪੰਨਾ 1253

200. ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 233

201. ਸਾਹਿਬ ਸਿੰਘ (ਪ੍ਰੋ.), ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਨਵਾਂ ਪੋਥੀ ਪੰਨਾ 129

202. ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1253

*******

***

*

## ਅਧਿਆਇ ਚੌਥਾ

### ਭਗਤ - ਬਾਣੀ ਦਾ ਵਿਸ਼ਾਗਤ ਪੱਖ

4.1 ਭਗਤ ਬਾਣੀ ਦੇ ਮੂਲ ਵਿਸ਼ੇ ।

4.2 ਭਗਤ ਬਾਣੀ ਦਾ ਅਧਿਆਤਮਕ ਪੱਖ ।

4.3 ਮਾਇਆ ।

ਜਗਤ ।

ਸਰੀਰ ।

ਮੌਤ ।

ਕਰਮ ।

ਆਵਾਗਵਨ ।

ਸਵਰਗ - ਨਰਕ ।

ਮੁਕਤੀ ।

****

# ਭਗਤ ਬਾਣੀ ਦੇ ਮੂਲ ਵਿਸ਼ੇ

ਭਗਤ ਬਾਣੀ ਬਹੁ-ਮੁੱਖੀ, ਬਹੁ ਪੱਖੀ ਤੇ ਵਿਚਾਰਧਾਰਿਕ ਤੌਰ ਤੇ ਅਥਾਹ ਸਮੁੰਦਰ ਦੇ ਨਿਆਈ ਹੈ। ਜਿਸ ਦਾ ਪਾਰ, ਅੰਤ, ਡੂੰਘਾਈ ਤੇ ਥਾਹ ਪਾ ਸਕਣਾ ਬੁਧੀ ਤੇ ਲਿਖਤ ਦੁਆਰਾ ਸੰਭਵ ਨਹੀਂ। ਕਾਰਨ ਇਹ ਕਿ ਇਹ ਅਨੁਭਵ ਦੀ ਵਸਤੂ ਹੈ। ਦਰਸ਼ਨ ਦੀ ਨਹੀਂ। ਦਰਸ਼ਨ ਬੁਧੀਮਾਨ ਵਰਗ ਦੀ ਵਸਤੂ ਹੈ ਸਮਾਜ ਵਿਚ ਗਿਆਨਵਾਨ ਦੇ ਤੌਰ ਤੇ ਉਨ੍ਹਾਂ ਦਾ ਸਤਿਕਾਰ ਹੋ ਸਕਦਾ ਹੈ ਪਰ ਜਨਸਧਾਰਨ ਦੀ ਸਰਧਾ ਤਾਂ ਭਗਤਾਂ ਦੇ ਜੀਵਨ ਦਰਸ਼ਨਾਂ ਵਿਚੋਂ ਅਛੋਪਲੇ ਉਪਜੇ ਚੋਜਾ ਪ੍ਰਤੀ ਹੀ ਹੁੰਦੀ ਹੈ। ਭਗਤਾਂ ਦੇ ਜੀਵਨ ਦਰਸ਼ਨ ਨੇ ਹੀ ਵਿਗੜੀ, ਤੇ ਉਲਝੀ ਤਾਣੀ ਨੂੰ ਸੁਲਝਾ ਕਰਮ-ਕਾਂਡੀ, ਪਾਖੰਡ ਤੇ ਗਿਆਨ ਦੀਆਂ ਉਲਝਾਉਣ ਵਾਲੀਆਂ ਘੁਣਤਰਾਂ ਤੋਂ ਉਪਰ ਇਨਸਾਨ ਨੂੰ ਉਠਣ ਲਈ ਉਪਰਾਲੇ ਦੇ ਸਰਲ ਸਿਧੇ ਤੇ ਪਰਪੱਕ ਰਸਤੇ ਦਾ ਮਾਰਗ ਦਰਸ਼ਨ ਕੀਤਾ। 'ਭੋਲੇ ਭਾਇ ਮਿਲੇ ਰਘੁਰਾਇਆ' ਜਿਹੀਆਂ ਪਰਿਭਾਸ਼ਾਵਾਂ ਰਾਹੀ ਜੀਵ ਨੂੰ ਪ੍ਰਭੂ ਮਿਲਾਪ ਤਕ ਦੇ ਔਖੇ ਰਸਤੇ ਨੂੰ ਸੁਖੈਨ ਬਣਾ ਦਿਤਾ। ਇਸ ਲਈ ਭਗਤ ਬਾਣੀ ਵਿਚ ਵਿਸ਼ਿਆਂ ਦੇ ਰੂਪ ਵਿਚ ਜ਼ਿੰਦਗੀ ਦੇ ਦਿਸਦੇ ਤੇ ਅਣਦਿਸਦੇ ਹਰ ਪੱਖ ਉਪਰ ਉਠਾਏ ਨੁਕਤੇ ਭਗਤ ਬਾਣੀ ਵਿਚ ਅਥਾਹ ਮਿਲਦੇ ਹਨ। ਦੁਨਿਆਵੀ ਤੌਰ ਤੇ ਸਮਝਣ ਤੇ ਸਮਝਾਉਣ ਵਾਲਿਆਂ ਵਿਦਵਾਨਾਂ, ਪੰਡਤਾਂ ਤੇ ਖੋਜੀਆਂ ਵਲੋਂ ਨਿਰਧਾਰਤ ਪਰਿਭਾਸ਼ਕ ਸ਼ਬਦਾਵਲੀ ਦੇ ਸ਼ਬਦਾਂ ਆਧਿਆਤਮਿਕ, ਧਾਰਮਿਕ, ਸਮਾਜਕ, ਸਾਂਸਕ੍ਰਿਤਕ ਅਤੇ ਦਾਰਸ਼ਨਿਕ ਆਦਿ ਵਿਸ਼ਿਆਂ ਦੀਆਂ ਐਨਕਾਂ ਵਿਚੋਂ ਭੀ ਭਗਤ ਬਾਣੀ ਨੂੰ ਵਾਚੀਏ ਤਾਂ ਹਰ ਵਿਸ਼ੇ ਦਾ ਸਹਿ ਸੁਭਾਅ ਹੀ ਘਰ ਪੂਰਾ ਹੋ ਜਾਂਦਾ ਹੈ। ਮੱਧ ਯੁਗ ਦੀਆਂ ਮੂਲ ਪ੍ਰਵਿਰਤੀਆਂ ਭਗਤ ਬਾਣੀ ਦੇ ਅਧਿਐਨ ਰਾਹੀਂ ਹੀ ਸਮਝ ਗੋਚਰ ਹੋ ਸਕਦੀਆਂ ਹਨ। ਇਸ ਦੇ ਅਧਿਐਨ ਤੋਂ ਬਗੈਰ ਹੋਰ ਰਚਨਾਵਾਂ ਨਿਆਇ ਪੂਰਬਕ ਨਾ ਹੋ ਕਿ ਇਕ ਪਾਸੜ ਰੁਖ ਹੀ

ਪ੍ਰਦਾਨ ਕਰਦੀਆਂ ਹਨ । ਇਸ ਦਾ ਕਾਰਨ ਇਹ ਹੈ ਕਿ ਭਗਤੀ ਅੰਦੋਲਨ ਹੀ ਉਸ ਸਮੇਂ ਦੀ ਸਹੀ ਵਿਚਾਰਧਾਰਾ ਦਾ ਕੇਂਦਰ ਥਾਂ ਸੀ, ਨ ਕਰਮਕਾਂਡਾਂ ਦਾ ਕੂੜਾ ਕਰਕਟ ਜੋ ਨਾ ਗਿਆਨ ਹੀ ਅਗਿਆਨਤਾ ਪੈਦਾ ਕਰਨ ਵਾਲੇ ਨੂੰ ਕੋਈ ਥਾਂ ਸੀ । ਭਗਤਾਂ ਨੇ ਪਰੰਪਰਾ ਤੋਂ ਚਲੀ ਆ ਰਹੀ ਵਿਰਾਸਤ ਰੂਪੀ ਵਿਚਾਰਧਾਰਾ ਨੂੰ ਹੀ ਆਪਣੀ ਵਿਚਾਰਧਾਰਾ ਦਾ ਅਧਾਰ ਨਹੀਂ ਬਣਾਇਆ ਸਗੋਂ ਜਿਹੜੇ ਇਸ ਦੀ ਲੋਹ ਵਿਚ ਨੁਕਸ ਸਨ ਉਸ ਨੂੰ ਬਦਲ ਕੇ ਸਭ ਲੋਕਾਂ ਲਈ ਵਰਤਣ ਯੋਗ ਬਣਾਉਣ ਲਈ ' ਏਕ ਨੂਰ ਤੇ ਸਭੁ ਜਗ ਉਪਜਿਆ ' ਕਹਿ ' ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ' ਜਾਣ ਸਭ ਕੰਧਾਂ ਢਾਹ ਇਕ ਉਸ ਨੀਲੀ ਛਤਰੀ ਵਾਲੇ ਦੇ ਆਸਰੇ ਇਕ ਹੋ ਸਭ ਵਿਖਰੇਵੇ ਛੱਡ ਉਸ ਪ੍ਰਭੂ ਦੇ ਲੜ ਲਗ ਤੇ ਹੋਰਾਂ ਨੂੰ ਲਗਣ ਦਾ ਉਪਦੇਸ਼ ਦੇ ਸਵਰਗ ਦੀ ਲਾਲਸਾ ਵਾਲਿਆਂ ਨੂੰ ਉਸ ਪ੍ਰਭੂ ਚਰਨਾਂ ਵਿਚ ਜੁੜਨ ਦੇ ਅਨੰਦ ਤੋਂ ਜਾਣੂ ਕਰਾ ਸੱਚ ਖੰਡ ਤਕ ਪਹੁੰਚਣਾ ਇਉਂ ਬਣਾ ਦਿੱਤਾ ਜਿਵੇਂ ਅੱਖ ਦੇ ਫੋਰੇ ਵਿਚ ਉਸ ਪ੍ਰਭੂ ਕੋਲ ਪਹੁੰਚ ਜਾਈਦਾ ਹੈ । ਪਰ ਇਹ ਸੰਭਵ ਤਦ ਹੀ ਹੈ ਜੇ ਆਤਮਕ ਸਮਰਪਣ ਉਸ ਦਾਤੇ ਅਗੇ ਹਰ ਪਖੋਂ ਹੋ ਸਕੇ । ਇਸ ਲਈ ਅਸੀ ਇਸ ਅਧਿਆਇ ਵਿਚ ਭਗਤ ਬਾਣੀ ਦੇ ਪ੍ਰਮੁਖ ਵਿਚਾਰਾਂ ਦਾ ਵਿਸ਼ਲੇਸ਼ਣ ਅਤੇ ਅਧਿਐਨ ਕਰਾਂਗੇ । ਪਰ ਭਗਤੀ ਦਰਸ਼ਨ ਦੇ ਭਾਵ ਨਾਲ ਨਾ ਕੇ ਕੇਵਲ ਦਰਸ਼ਨ ਨੂੰ ਵਿਚਾਰਨ ਦੇ ਮੰਤਵ ਨਾਲ ।

**ਭਗਤ ਬਾਣੀ ਦਾ ਅਧਿਆਤਮਿਕ ਪੱਖ :-** ਭਗਤ ਬਾਣੀ ਦਾ ਮੂਲ ਖੇਤਰ ਅਧਿਆਤਮਕ ਹੀ ਹੈ। ਇਸ ਅਧਿਆਤਮ ਦਾ ਅਧਾਰ ਪ੍ਰਚੀਨ ਭਾਰਤੀ ਤੇ ਅਭਾਰਤੀ ਚਿੰਤਨਧਾਰਾ ਹੈ । ਭਗਤਾਂ ਦੀ ਅਧਿਆਤਮਕ ਵਿਚਾਰਧਾਰਾ ਮੁਢਲੇ ਤੌਰ ਤੇ ਜਗਿਆਸੂ ਵਾਲੀ ਹੀ ਸੀ । ਡਾ. ਗੋਵਿੰਦ ਤ੍ਰਿਗੁਣਾਯਤ ਦਾ ਕਹਿਣਾ ਹੈ ਕਿ ਅਧਿਆਤਮ ਅਤੇ ਅਨੁਭੂਤੀ ਦਾ ਗਹਿਰਾ ਸੰਬੰਧ ਹੈ । ਅਧਿਆਤਮ ਸ਼ਾਸਤ੍ਰ ਦਾ ਵਿਸ਼ਾ ਸੂਖਮਵੇਦਯ ਹੈ । ਕੇਵਲ ਆਦਿ - ਭੌਤਿਕ ਯੁਕਤੀਆਂ ਨਾਲ ਉਸ ਦਾ ਨਿਰਣਾ ਨਹੀਂ ਹੋ ਸਕਦਾ । ਆਦਿ - ਭੌਤਿਕ ਸ਼ਾਸਤ੍ਰ ਵਿਚ ਅਕਸਰ ਪ੍ਰਤੱਖ ਦੇ ਸਾਰੇ ਅਨੁਭਵ ਪ੍ਰਮਾਣਿਕ ਮੰਨੇ ਜਾਂਦੇ ਹਨ । ਅਧਿਆਤਮਿਕ ਖੇਤਰ ਵਿਚ ਸ੍ਵੈ-ਅਨੁਭਵ ਜਾਂ ਆਤਮ

ਪ੍ਰਤੀਤੀ ਨੂੰ ਵੀ ਮਹੱਤਵ ਦਿਤਾ ਜਾਂਦਾ ਹੈ ।[1] ਜੋ ਵਸਤੂਆਂ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ ਉਸੇ ਬਾਰੇ ਅਨੁਭਵ ਕੀਤਾ ਜਾ ਸਕਦਾ ਹੈ । ਨਾ ਪੜ੍ਹਿਆਂ ਪਹੁੰਚ ਹੁੰਦਾ ਹੈ ਨਾ ਸੁਣਿਆਂ ਹੀ ਕੁਝ ਖਹੁ ਪਾਇਆ ਜਾ ਸਕਦਾ ਹੈ ਨਾ ਗਿਆਨ ਰਾਹੀਂ ਪਾਇਆ ਜਾ ਸਕਦਾ ਹੈ । ਇਹ ਤਾਂ ਉਹ ਗੱਲ ਹੈ ਜਿਵੇਂ ਗੂੰਗਾ ਗੁੜ ਤਾਂ ਖਾ ਲੈਂਦਾ ਪਰ ਸੁਆਦ ਨਹੀਂ ਦਸ ਸਕਦਾ ਤੇ ਉਸ ਤੇ ਸੁਆਦ ਨਾਲ ਅਨੰਦਤ ਮਹਿਸੂਸ ਕਰਦਾ ਹੈ ਤਿਵੇਂ ਹੀ ਭਗਤ ਪ੍ਰਭੂ ਦੀ ਭਗਤੀ ਰਾਹੀ ਉਸਦੇ ਕੋਲ ਪਹੁੰਚ ਆਨੰਦ, ਸੰਤੋਖ ਤੇ ਸਹਿਜ ਅਵਸਥਾ ਵਿਚ ਪਹੁੰਚ ਜਾਂਦਾ ਹੈ । ਜੋ ਪਹੁੰਚੇ ਹੋਏ ਭਗਤ ਤੇ ਬਿਲ ਸ਼ਬਦਾਂ ਰਾਹੀਂ ਉਸ ਦਾ ਬਿਆਨ ਕੀਤਾ ਜਾ ਸਕਦਾ ਹੈ ਤੇ ਜੋ ਉਸ ਤਕ ਪਹੁੰਚ ਗਏ ਉਹ :-

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।।
ਕਨਕ ਕਟਿਕ ਜਲ ਤਰੰਗ ਜੈਸਾ ।। ੧ ।।
ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ।।
ਪਤਿਤ ਪਾਵਨ ਨਾਮੁ ਕੈਸੇ ਹੁੰਤਾ ।। ੧ ।। ਰਹਾਉ ।।[2]

ਜਦ ਭਗਤ ਰਵਿਦਾਸ ਜੀ ਨੂੰ ਪ੍ਰਮਾਤਮਾ ਤੇ ਭਗਤ ਵਿਚਲਾ ਦਿਸਦਾ ਅੰਤਰ ਖਤਮ ਹੋ ਗਿਆ ਤਾਂ ਫਰਕ ਸਿਰਫ ਸੋਨੇ ਤੇ ਸੋਨੇ ਦੇ ਕੜੇ ਜਿਤਨਾ ਹੀ ਲਗਿਆ ।

ਇਸੇ ਅਨੁਭਵ ਨੂੰ ਭਗਤ ਕਬੀਰ ਜੀ ਪਿਉ ਪੁਤਰ ਦੇ ਰੂਪ ਵਿਚ ਮਹਿਸੂਸਦੇ ਹੋਏ ਇੰਝ :-

ਵਵਾ ਬਾਰ ਬਾਰ ਬਿਸਨ ਸਮ੍ਹਾਰਿ ।।
ਬਿਸਨ ਸੰਮ੍ਹਾਰਿ ਨ ਆਵੈ ਹਾਰਿ ।।
ਬਲਿ ਬਲਿ ਜੇ ਬਿਸਨ ਤਨਾ ਜਸੁ ਗਾਵੈ ।।
ਬਿਸਨ ਮਿਲੇ ਸਭ ਹੀ ਸਚੁ ਪਾਵੈ ।। 37 ।।[3]

ਬਾਰ ਬਾਰ ਆਪਣੇ ਪ੍ਰਭੂ ਦੀ ਉਪਾਸਨਾ ਕਰਨਾ, ਪ੍ਰਭੂ ਦੇ ਚਰਨਾਂ ਨਾਲ ਪਿਆਰ ਲਾਵਨਾ ਤੇ ਉਸ ਦੇ ਚਰਨਾਂ ਦਾ ਧਿਆਨ ਕਰਨਾ ਤੇ ਇਕ ਮਨ ਹੋ ਕੇ ਪ੍ਰਭੂ ਅਗੇ ਬੇਨਤੀ ਕਰਨ ਦੇ ਨਾਮ ਨੂੰ ਹੀ ਤਾਂ ਭਗਤੀ ਆਖਿਆ ਜਾਂਦਾ ਹੈ ।

ਜਦੋ ਪ੍ਰਭੂ ਭਗਤ ਭਗਤੀ ਕਰਨ ਦੇ ਲਈ ਆਪਣੇ ਪ੍ਰਭੂ ਦੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ ਤਾ ਉਸ ਨੂੰ ਵੀ ਭਗਤੀ ਕਿਹਾ ਜਾਂਦਾ ਹੈ ।

ਇਸ ਦੁਨੀਆਂ ਵਿਚ ਮਨੁੱਖਾ ਜਨਮ ਪ੍ਰਾਪਤ ਕਰਕੇ ਪ੍ਰਮਾਤਮਾ ਦੀ ਭਗਤੀ ਕਰਨੀ ਹੀ ਸਭ ਤੋ ਉਤਮ ਕਰਮ ਹੈ । ਜੇ ਨਾ ਕਰਾਂਗੇ ਤਾਂ ਬਿਨਾ ਭਗਤੀ ਤੋ ਇਹ ਜਨਮ ਬਿਰਥਾ ਹੋ ਜਾਵੇਗਾ :-

ਸਾਜਨ ਸੰਤ ਕਰਹੁ ਇਹੁ ਕਾਮ ।। ਆਨ ਤਿਆਗਿ ਜਪਹੁ ਹਰਿ ਨਾਮੁ ।।
ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ।। ਆਪ ਜਪਹੁ ਅਵਰਹ ਨਾਮੁ ਜਪਾਵਹੁ।।
ਭਗਤਿ ਭਾਇ ਤਰੀਐ ਸੰਸਾਰੁ।। ਬਿਨੁ ਭਗਤੀ ਤਨੁ ਹੋਸੀ ਛਾਰੁ ।।
ਸਰਬ ਕਲਿਆਣ ਸੂਖ ਨਿਧਿ ਨਾਮੁ।। ਬੂਡਤ ਜਾਤ ਪਾਏ ਬਿਸ੍ਰਾਮੁ ।।
ਸਗਲ ਦੂਖ ਕਾ ਹੋਵਤ ਨਾਸੁ।। ਨਾਨਕ ਨਾਮੁ ਜਪਹੁ ਗੁਨਤਾਸੁ ।।5।।[4]

ਭਗਤੀ ਦੇ ਪ੍ਰਤਾਪ ਕਰਕੇ ਹੀ ਨੀਵੀਆ ਜਾਤਾਂ ਦੇ ਕਹੇ ਜਾਣ ਵਾਲੇ ਭਗਤ ਉਚ ਪਦਵੀਆਂ ਨੂੰ ਪ੍ਰਾਪਤ ਹੋਏ । ਭਗਤ ਧੰਨਾ ਜੀ ਇਸ ਰਹੱਸ ਨੂੰ ਇੰਞ ਬਿਆਨ ਕਰਦੇ ਹਨ :-

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮ ਦੇਉ ਮਨੁ ਲੀਣਾ ।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ।। ੧ ।। ਰਹਾਉ ।।
ਬੁਨਨਾ ਤਨਨਾ ਤਿਆਗਿਕੈ ਪ੍ਰੀਤਿ ਚਰਨ ਕਬੀਰਾ ।।
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ।। ੧ ।।
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ।।
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ।। 2।।
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ।।
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ ।। 3।।
ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ।।
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ।।4।।[5]

ਪਰ ਉਪਰੋਕਤ ਭਗਤੀ ਪ੍ਰਭੂ ਦੀ ਪ੍ਰੀਤ, ਪ੍ਰਭੂ ਦੀ ਮੇਹਰ ਨਾਲ ਹੀ ਉਸ ਦੇ ਚਰਨਾਂ ਵਿਚ ਟਿਕੀ ਰਹਿ ਸਕਦੀ ਹੈ । ਇਹੀ ਪ੍ਰੀਤ ਇਹੀ ਭਗਤੀ, ਇਹੀ ਉਪਾਸਨਾ, ਇਹੀ ਬੰਦਨਾਂ ਉਚੇ ਦਰਜੇ ਦੀ ਹੈ । ਜਿਸ ਬਾਰੇ ਭਗਤ ਰਵਿਦਾਸ ਜੀ ਪ੍ਰਭੂ ਪ੍ਰਤੀ ਆਪਣੀ ਪ੍ਰੀਤਿ ਇੰਞ ਪਰਗਟ ਕਰਦੇ ਹਨ :-

ਜਉ ਤੁਮ ਗਿਰਿਵਰ ਤਉ ਹਮ ਮੋਰਾ ।
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ।। ੧ ।।
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ।।
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ।। ੧ ।। ਰਹਾਉ ।।
ਜਉ ਤੁਮ ਦੀਵਰਾ ਤਉ ਹਮ ਬਾਤੀ ।।
ਜਉ ਤੁਮ ਤੀਰਥ ਤਉ ਹਮ ਜਾਤੀ ।। 2 ।।
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ।।
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ।। 3 ।।
ਜਹ ਜਹ ਜਾਉ ਤਹਾ ਤੇਰੀ ਸੇਵਾ ।।
ਤੁਮ ਸੋ ਠਾਕੁਰੁ ਅਉਰੁ ਨ ਦੇਵਾ ।। 4 ।।
ਤੁਮਰੇ ਭਜਨ ਕਟਹਿ ਜਮ ਫਾਂਸਾ ।।
ਭਗਤਿ ਹੇਤ ਗਾਵੈ ਰਵਿਦਾਸਾ ।।੫।। 5।। [6]

ਭਗਤਾਂ ਦਾ ਬ੍ਰਹਮ ਬਾਰੇ ਗਿਆਨ ਵਿਚਾਰ ਪੂਰਵਕ ਹੈ । ਭਾਵੇਂ ਬ੍ਰਹਮ ਬਾਰੇ ਵਿਚਾਰ ਦਾ ਸਵਾਲ ਬਹੁਤ ਕਠਨ ਹੈ । ਪਰ ਇਹ ਕਠਿਨਾਈ ਦਾਰਸ਼ਨਿਕ ਚਿੰਤਕਾਂ ਲਈ ਹੀ ਹੈ । ਭਗਤਾਂ ਲਈ ਨਹੀਂ । ਭਗਤ ਜੈ ਦੇਵ ਜੀ ਨੇ ਇਹਨਾਂ ਸਭ ਪਹਿਲੂਆਂ ਉਪਰ ਰਾਗ ਗੁਜਰੀ ਦੇ ਇਕ ਸ਼ਬਦ ਵਿਚ ਚਾਨਣਾ ਇੰਞ ਪਾਇਆ ਹੈ ਕਿ ਹੇ ਭਾਈ ਪ੍ਰਮਾਤਮਾ ਦਾ ਸੁੰਦਰ ਨਾਮ ਸਿਮਰ, ਜੋ ਅੰਮ੍ਰਿਤ ਭਰਪੂਰ ਹੈ, ਜੋ ਅਸਲੀਅਤ ਰੂਪ ਹੈ, ਅਤੇ ਜਿਸ ਦੇ ਸਿਮਰਨ ਨਾਲ ਜਨਮ, ਮਰਨ, ਬੁਢੇਪਾ, ਚਿੰਤਾ ਫਿਕਰ ਅਤੇ ਮੌਤ ਦਾ ਡਰ ਦੁੱਖ ਨਹੀਂ ਦੇਂਦਾ ।। ੧ ।। ਰਹਾਉ ।। ਉਹ ਪ੍ਰਮਾਤਮਾ ਸਭ ਤੋਂ ਉੱਚੀ ਹਸਤੀ ਹੈ, ਸਭ

ਦਾ ਮੂਲ ਹੈ । ਸਭ ਵਿਚ ਵਿਆਪਕ ਹੈ, ਉਸ ਵਰਗਾ ਹੋਰ ਕੋਈ ਨਹੀਂ, ਉਸ ਵਿਚ ਥਿਰਤਾ ਆਦਿਕ ਸਾਰੇ ਗੁਣ ਮੌਜੂਦ ਹਨ, ਉਹ ਪ੍ਰਭੂ ਬਹੁਤ ਹੀ ਅਸਚਰਜ ਹੈ, ਮਾਇਆ ਤੋ ਪਰੇ ਹੈ, ਉਸ ਦਾ ਮੁਕੰਮਲ ਸਰੂਪ ਸੋਚ - ਮੰਡਲ ਵਿਚ ਨਹੀਂ ਆ ਸਕਦਾ ਅਤੇ ਉਹ ਹਰ ਥਾਂ ਅਪੜਿਆ ਹੋਇਆ ਹੈ ॥ ੧ ॥

ਹੇ ਭਾਈ ਜੇ ਤੂੰ ਜਮ ਆਦਿਕ ਨੂੰ ਜਿਤਣਾ ਚਾਹੁੰਦਾ ਹੈਂ, ਜੇ ਤੂੰ ਸੋਭਾ ਤੇ ਸੁੱਖ ਚਾਹੁੰਦਾ ਹੈਂ ਤਾਂ ਲੋਭ ਆਦਿਕ ਵਿਕਾਰ ਛਡ ਦੇਹ, ਪਰਾਏ ਘਰ ਵਲ ਤਕਣਾ ਛਡ ਦੇ, ਉਹ ਆਚਰਣ ਤਜ ਦੇਹ ਜੋ ਮਰਯਾਦਾ ਦੇ ਉਲਟ ਐ, ਸਾਰੇ ਮੰਦੇ ਕੰਮ ਛਡ ਦੇਹ, ਦੁਰਮਤਿ ਤਿਆਗ ਦੇਹ, ਅਤੇ ਉਸ ਪ੍ਰਭੂ ਦੀ ਸ਼ਰਨ ਪਉ ਜੋ ਸਭ ਨੂੰ ਨਾਸ ਕਰਨ ਦੇ ਸਮਰੱਥ ਹੈ, ਜੋ ਹੁਣ ਪਿਛਲੇ ਸਮੇਂ ਤੇ ਅਗਾਹ ਲਈ ਸਦਾ ਹੀ ਪੂਰਨ ਤੌਰ ਤੇ ਨਾਸ - ਰਹਿਤ ਹੈ ਜੋ ਸਭ ਤੋਂ ਉੱਚੀ ਹਸਤੀ ਹੈ ਤੇ ਜੋ ਸਦਾ ਖਿੜਿਆ ਰਹਿੰਦਾ ਹੈ ।

ਪ੍ਰਮਾਤਮਾ ਦੇ ਪਿਆਰੇ ਭਗਤ ਮਨ ਬਚਨ ਅਤੇ ਕਰਮ ਤੋਂ ਪਵਿਤਰ ਹੁੰਦੇ ਹਨ । ਭਾਵ ਭਗਤਾਂ ਦਾ ਮਨ ਪਵਿਤਰ ਬੋਲ ਪਵਿਤਰ ਅਤੇ ਕੰਮ ਵੀ ਪਵਿਤਰ ਹੁੰਦੇ ਹਨ, ਉਹਨਾਂ ਨੂੰ ਜੋਗ ਨਾਲ ਕੀ ਵਾਸਤਾ ? ਉਹਨਾਂ ਨੂੰ ਜੱਗ ਨਾਲ ਕੀਹ ਪ੍ਰਯੋਜਨ ? ਉਹਨਾਂ ਨੂੰ ਦਾਨ ਅਤੇ ਤਪ ਨਾਲ ਕੀਹ ਭਾਵ ? ਭਗਤ ਜਾਣਦੇ ਹਨ ਕਿ ਜੋਗ-ਸਾਧਨ, ਜੱਗ, ਦਾਨ ਅਤੇ ਤਪ ਕਰਨ ਤੋ ਆਤਮਿਕ ਲਾਭ ਨਹੀਂ ਹੋ ਸਕਦਾ, ਪ੍ਰਭੂ ਦੀ ਭਗਤੀ ਹੀ ਅਸਲ ਕਰਣੀ ਹੈ । ਇਸ ਲਈ ਹੇ ਭਾਈ ਗੋਬਿੰਦ ਦਾ ਭਜਨ ਕਰ, ਗੋਬਿੰਦ ਨੂੰ ਜਪ, ਉਹੀ ਸਾਰੀਆਂ ਸਿਧੀਆਂ ਦਾ ਖਜਾਨਾ ਹੈ । ਜੈ ਦੇਵ ਭੀ ਹੋਰ ਸਾਰੇ ਆਸਰੇ ਛੱਡ ਕੇ ਉਸੇ ਦੀ ਸਰਨ ਆਇਆ ਹੈ । ਉਹ ਹੁਣ ਭੀ, ਪਿਛਲੇ ਜਨਮ ਸਮੇਂ ਭੀ ਅਗਾਹ ਨੂੰ ਭੀ ਹਰ ਵੇਲੇ ਹਰ ਥਾਂ ਮੌਜੂਦ ਹੈ ।[7]

ਹਰ ਥਾਂ ਮੌਜੂਦ ਪ੍ਰਭੂ ਦੀ ਭਗਤੀ ਨੂੰ ਮਹਿਸੂਸਦੇ ਹੋਏ ਭਗਤ ਨਾਮਦੇਵ ਜੀ ਕਹਿ ਉਠਦੇ ਹਨ ਕਿ " ਈਭੈ ਬੀਠਲੁ ਊਭੈ ਬੀਠਲੁ, ਬੀਠਲ ਬਿਨੁ ਸੰਸਾਰ ਨਹੀਂ ॥" ਉਸ ਪ੍ਰਮਾਤਮਾ ਨਾਲ ਆਤਮਾ ਦਾ ਸੁਮੇਲ ਭਗਤ ਜਨਾਂ ਲਈ ਅਚੰਭੇ ਵਾਲੀ ਗੱਲ ਨਹੀਂ । ਕਿਉਂਕਿ ਭਗਤਾਂ ਦਾ ਸਿਮਰਨ ਦਾ ਢੰਗ ਹੀ ਨਿਰਾਲਾ ਤੇ ਅਨੰਦ ਮਈ ਹੈ। ਉਹਨਾਂ ਨੂੰ ਸਿਮਰਨ ਕਰਨ ਲਈ ਜੰਗਲਾਂ ਵਿਚ ਨਹੀਂ ਜਾਣਾ ਪੈਂਦਾ ਤੇ ਨਾ ਹੀ ਮੋਨ ਧਾਰਨਾ ਪੈਂਦਾ ਹੈ। ਉਹ ਤਾਂ ਬੜੇ

ਸਿਧੇ ਢੰਗ ਨਾਲ ਇਕ ਮਾਂ ਦੀ ਆਪਣੇ ਬਚੇ ਸੰਬੰਧੀ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਮਾਂ ਆਪਣੇ ਕੰਮ ਧੰਦੇ ਸਮੇਂ ਬੱਚੇ ਦਾ ਖਿਆਲ ਰਖਦੀ ਹੈ ਉਸੇ ਤਰ੍ਹਾਂ ਬੰਦੇ ਨੂੰ ਹਰ ਪਲ ਵਹਿਗੁਰੂ ਦਾ ਖਿਆਲ ਰਖਣਾ ਚਾਹੀਦਾ ਹੈ :-

ਕਹਤ ਨਾਮਦੇਉ ਸੁਨਹੁ ਤਿਲੋਚਨ ।।
ਬਾਲਕੁ ਪਾਲਨ ਪਉਢੀਅਲੇ ।।
ਅੰਤਰਿ ਬਾਹਰਿ ਕਾਜ ਬਿਰੂਧੀ ।।
ਚੀਤੁ ਸੁ ਬਾਰਿਕ ਰਾਖੀਅਲੇ ।। 4 ।। [8]

ਭਗਤ ਬਾਣੀ ਵਿਚ ਗੁਰੂ ਦੀ ਮਹਿਮਾ ਬਹੁਤ ਗਾਈ ਗਈ ਹੈ । ਕਾਰਨ ਸਪਸ਼ਟ ਹੈ ਕਿ ਗੁਰੂ ਤੋ ਬਿਨਾ ਜੀਵ ਦੇ ਹਿਰਦੇ ਦਾ ਅਗਿਆਨ ਰੂਪੀ ਅੰਧੇਰਾ ਦੂਰ ਨਹੀਂ ਹੋ ਸਕਦਾ ਤੇ ਫਿਰ ਗਿਆਨ ਦਾ ਪ੍ਰਕਾਸ਼ ਹਿਰਦੇ ਵਿਚ ਕਿਸ ਤਰ੍ਹਾਂ ਹੋਵੇ । 'ਕ੍ਰਿਪਾ ਹੋਇ ਗੁਰੂ ਕੀ ਤਾਂ ਗੁਰ ਕਾ ਸ਼ਬਦ ਕਮਾਏ ' । ਭਾਵ ਗੁਰੂ ਦੀ ਕ੍ਰਿਪਾ ਦੁਆਰਾ ਹੀ ਗੁਰੂ ਦੇ ਸ਼ਬਦ ਨਾਲ ਸੁਰਤ ਜੁੜ ਸਕਦੀ ਹੈ। ਆਪਣੇ ਯਤਨਾਂ ਨਾਲ ਨਹੀਂ । ਜਦ ਸੁਰਤ ਸ਼ਬਦ ਨਾਲ ਜੁੜ ਜਾਂਦੀ ਹੈ ਤਾਂ ਅਗਿਆਨਤਾ ਦਾ ਅੰਧੇਰਾ ਆਪੇ ਦੂਰ ਹੋ ਜਾਂਦਾ ਹੈ ਤੇ ਉਸ ਪ੍ਰਭੂ ਦਾ ਪ੍ਰਕਾਸ ਹਿਰਦੇ ਵਿਚ ਆ ਵਸਦਾ ਹੈ । ਇਹ ਸਭ ਕੁਝ ਗੁਰੂ ਦੁਆਰਾ ਹੀ ਸੰਭਵ ਹੈ । ਬਾਬਾ ਫਰੀਦ ਜੀ ਗੁਰੂ ਵਲੋਂ ਪਾਏ ਪੂਰਨਿਆਂ ਤੇ ਤੁਰਨ ਦਾ ਉਪਦੇਸ ਦਿੰਦੇ ਹੋਏ ਕਹਿੰਦੇ ਹਨ :

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ।।
ਜੋ ਗੁਰੂ ਦੱਸੇ ਵਾਟ ਮਰੀਦਾ ਜੋਲੀਐ ।।

ਗੁਰੂ ਭਗਤੀ ਨੂੰ ਦ੍ਰਿੜਾਉਂਦੇ ਹੋਏ ਭਗਤ ਰਾਮਾਨੰਦ ਜੀ ਬ੍ਰਹਮ ਨੂੰ ਪਛਾਨਣ ਦਾ ਰਸਤਾ ਗੁਰੂ ਹੀ ਦਸਦੇ ਹਨ । ਜਿਸ ਰਾਹੀ ਉਸ ਨੂੰ ਪਛਾਣਿਆ ਜਾ ਸਕਦਾ ਹੈ ਤੇ ਕਿਤੇ ਜਾਣ ਦੀ ਲੋੜ ਨਹੀਂ :

ਕਤ ਜਾਈਐ ਰੇ ਘਰ ਲਾਗੋ ਰੰਗੁ ।।
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ।। ੧ ।। ਰਹਾਉ ।।

ਏਕ ਦਿਵਸ ਮਨ ਭਈ ਉਮੰਗ ।। ਘਸਿ ਚੰਦਨ ਚੋਆ ਬਹੁ ਸੁਗੰਧ ।।
ਪੂਜਨ ਚਾਲੀ ਬ੍ਰਹਮ ਠਾਇ ।। ਸੋ ਬ੍ਰਹਮ ਬਤਾਇਓ ਗੁਰ ਮਨ ਹੀ ਮਾਹਿ ।। ੧ ।।
ਜਹ ਜਾਈਐ ਤਹ ਜਲ ਪਖਾਨ ।। ਤੂ ਪੂਰਿ ਰਹਿਓ ਹੈ ਸਭ ਸਮਾਨ ।।
ਬੇਦ ਪੁਰਾਨ ਸਭ ਦੇਖੇ ਜੋਇ।। ਊਹਾਂ ਤਉ ਜਾਈਐ ਜਉ ਈਹਾਂ ਨ ਹੋਇ।2।
ਸਤਿਗੁਰ ਮੈ ਬਲਿਹਾਰੀ ਤੋਰ ।। ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ।।
ਰਾਮਾਨੰਦ ਸੁਆਮੀ ਰਮਤ ਬ੍ਰਹਮ।। ਗੁਰ ਕਾ ਸਬਦੁ ਕਾਟੈ ਕੋਟਿ ਕਰਮ ।।3।।[9]

ਪ੍ਰਭੂ ਭਗਤੀ ਨੂੰ ਪਰਪੱਕ ਤੇ ਲਾਜ਼ਮੀ ਕਰਨ ਲਈ ਭਗਤ ਤ੍ਰਿਲੋਚਨ ਜੀ ਕਮਾਲ ਦਾ ਨਕਸ਼ਾ ਖਿਚਦੇ ਹਨ ਜੋ ਜੀਵ ਨੂੰ ਪ੍ਰਭੂ ਭਗਤੀ ਦੀ ਮਹਾਨਤਾ ਦਸਦੇ ਹੋਏ ਇਸ ਤੋ ਬਿਨਾਂ ਜੀਵ ਦੀ ਦੁਰਗਤੀ ਤੇ ਭਗਤੀ ਦੀ ਸਮਰਥਾ ਦਸ ਭਗਤੀ ਵਲ ਖਿਚਦੇ ਹਨ ਤੇ ਮੌਤ ਦੇ ਸਮੇਂ ਤੋਂ ਬਾਅਦ ਦਾ ਡਰ ਦੇ ਉਸ ਨੂੰ ਪ੍ਰਭੂ ਭਗਤੀ ਵਲ ਲਗਾਣ ਲਈ ਸੰਕੇਤ ਦਿੰਦੇ ਹਨ :

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।।
ਸਰਪ ਜੋਨਿ ਵਲਿ ਵਲਿ ਅਉਤਰੈ ।। ੧ ।।
ਅਰੀ ਬਾਈ ਗੋਬਿੰਦ ਨਾਮ ਮਤਿ ਬੀਸਰੈ ।। ੧ ।। ਰਹਾਉ ।।
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।।
ਬੇਸਵਾ ਜੋਨਿ ਵਲਿ ਵਲਿ ਅਉਤਰੈ ।। 2 ।।
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।।
ਸੂਕਰ ਜੋਨਿ ਵਲਿ ਵਲਿ ਅਉਤਰੈ ।। 3 ।।
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।।
ਪ੍ਰੇਤ ਜੋਨਿ ਵਲਿ ਵਲਿ ਅਉਤਰੈ ।। 4 ।।
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।।
ਬਦਤਿ ਤ੍ਰਿਲੋਚਨ ਤੇ ਨਰ ਮੁਕਤਾ ਪੀਤੰਬਰ ਵਾ ਕੇ ਰਿਦੈ ਬਸੈ ।।5।।2।।[10]

•

ਭਗਤਾਂ ਦੇ ਜੀਵਨਕਾਲ ( ਮਧ ਕਲੀਨ ਯੁਗ ) ਵਿਚ ਪ੍ਰਭੂ ਤੋ ਬੇਮੁਖ ਜਨਤਾ ਕੁਰਾਹੇ ਪਈ ਹੋਈ ਭਟਕ ਰਹੀ ਸੀ । ਉਸ ਵੇਲੇ ਧਰਮਾ ਦੀ ਆਪਸੀ ਖਿਚੋਤਾਣ ਤੇ ਲੜਾਈ ਦੇ ਖ਼ਿਆਲ

ਨਾਲ ਧਰਮ ਵਾਲਿਆਂ ਦੀ ਆਪਣੇ ਧਰਮ ਦੇ ਅੰਦਰ ਹੀ ਸਮਾਨਤਾ ਤੇ ਪ੍ਰਭੂ ਭਗਤੀ ਦੀ ਇਕ ਜੁਗਤਿ ਜਾਂ ਸਾਧਨ ਨਹੀਂ ਸਨ । ਹਿੰਦੂਆਂ ਵਿਚ ਵੰਡੀਆਂ ਪਈਆਂ ਹੋਈਆਂ ਸਨ ਤੇ ਵਿਦਵਾਨ ਜਾਂ ਧਾਰਮਿਕ ਆਗੂ ਇਕ ਦੂਸਰੇ ਨੂੰ ਨੀਵਾਂ ਵਿਖਾਉਣ ਨੂੰ ਹੀ ਉਤਮ ਸਮਝਦੇ ਸਨ ਨਾ ਕੇ ਨੇਕ ਕਰਮਾਂ ਤੇ ਭਗਤੀ ਰਾਹੀਂ ਆਮ ਜਨਤਾ ਲਈ ਕੁਛ ਕਰਦੇ ਸਨ । ਬੋਧੀਆਂ ਤੇ ਜੈਨੀਆਂ ਦਾ ਭੀ ਇਹੋ ਹਾਲ ਸੀ । ਆਤਮਾ ਤੇ ਤੁਟ ਮਨ ਮਾਨੀਆਂ ਵਿਚ ਹੀ ਲੀਨ ਸਨ । ਮਨਮੁਖਾਂ ਵਾਂਗ ਲੋਕਾਂ ਨੂੰ ਲੁਟਣਾ ਹੀ ਉਹਨਾਂ ਦਾ ਧਰਮ ਸੀ । ਇਸਲਾਮ ਧਰਮ ਭੀ ਦਿਖਾਵੇ ਵਲੋਂ ਤਾਂ ਪੂਰਾ ਸੀ ਪਰ ਅੰਦਰਹੁ ਖਾਲੀ ਹੋ ਚੁਕਿਆ ਭਾਂਡਾ ਸੀ । ਇਸ ਖਾਲੀ ਪਣ ਨੂੰ ਭਰਨ ਲਈ ਭਗਤਾਂ ਨੇ ਆਪਣੇ ਆਪਣੇ ਅਨੁਭਵ ਰਾਹੀਂ ਬਿਨਾਂ ਕਿਸੇ ਵਿਤਕਰੇ ਦੇ ਬਾਣੀ ਉਚਾਰਣ ਕਰਨ ਦੇ ਨਾਲ ਨਾਲ ਉਚੇ ਤੇ ਸੁਚੇ ਜੀਵਨ ਦੀ ਮਸਾਲ ਭੀ ਲੋਕਾਂ ਸਾਮ੍ਹਣੇ ਰਖ । ਭਰਮ ਵਿਚ ਫਸੀ ਜਨਤਾ ਨੂੰ ਝੰਜੋੜ ਕਿ ਗਫਲਤ ਵਿਚੋਂ ਉਠਾਇਆ। ਇਸਲਾਮ ਵਿਚੋਂ ਬਾਬਾ ਫਰੀਦ ਜੀ ਤੇ ਭੀਖਣ ਜੀ ਨੇ ਬੀੜਾ ਚੁਕਿਆ । ਬਾਕੀ ਭਗਤ ਉਚੀ ਸ੍ਰੇਣੀ ਬ੍ਰਹਮਣਾ ਤੇ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤੀਆਂ ਵਿਚੋਂ ਉਠ ਬ੍ਰਾਹਮਣਾ ਦੇ ਸੁਗਿਰਦ ਬਣ ਪਹਿਲਾਂਆਂ ਰਸਮਾਂ, ਜਾਤਾਂ ਪਾਤਾਂ ਦੀਆਂ ਹੱਦ ਬੰਦੀਆਂ ਲੰਘ ਉਸ ਪ੍ਰਮਾਤਮਾ ਦੇ ਵਿਹੜੇ ਵਿਚ ਉਸ ਦੀ ਸਰਨ ਇਕੱਠੇ ਹੋ ਨਾਲ ਆਪ ਤੁਰੇ ਤੇ ਭੁਲੇ ਲੁਕਾਈ ਨੂੰ ਤਾਰਨ ਲਈ ਸਭ ਕੁਝ ਕਰ ਗਏ ਜਿਸ ਨੂੰ ਅਸੰਭਵ ਕਿਹਾ ਜਾਂਦਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪੰਦਰਾਂ ਭਗਤਾਂ ਦੀ ਬਾਣੀ ਵਿਚ ਪ੍ਰਭੂ ਨੂੰ ਨਿਰਵਿਕਾਰ, ਨਿਰਾਕਾਰ ਅਤੇ ਨਿਰੰਜਨ ਦੇ ਰੂਪ ਵਿਚ ਮਹਿਸੂਸਿਆ ਗਿਆ ਹੈ ਜੇ ਕਿਤੇ ਕਿਸੇ ਭਗਤ ਦਾ ਅਨੁਭਵ ਸਰਗੁਣ ਵਾਲੇ ਪਾਸੇ ਝੁਕਿਆ ਵੀ ਹੈ ਤਾਂ ਉਹ ਸਰਗੁਣ ਅਤੇ ਇੰਦਰੀਆਂ ਦੀ ਪਕੜ ਛੋਹ ਜਾਂ ਪਹੁੰਚ ਤੋਂ ਬਹੁਤ ਉਪਰ ਹੈ ਤੇ ਨਿਰਗੁਣ ਦੇ ਨੇੜੇ ਦਾ ਹੈ । ਜੋ ਵਿਕਾਰ ਦੀ ਲੇਪ ਵਿਚ ਆਉਣ ਵਾਲਾ ਨਹੀਂ । ਸਰਗੁਣ ਸਰੂਪ ਨੂੰ ਮੰਨਣ ਵਾਲਿਆਂ ਨੂੰ ਭਗਤ ਨਾਮਦੇਵ ਜੀ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਮੂਰਤੀ ਪੂਜਾ ਠੀਕ ਨਹੀਂ ਹੈ ਕਿਉਂ ਜੋ ਮੂਰਤੀ ਇਨਸਾਨ ਹੀ ਘੜਦਾ ਹੈ ਤੇ ਜਦ ਉਸ ਨੂੰ ਬਣਾ ਰਿਹਾ ਹੁੰਦਾ ਹੈ ਤਾਂ ਪਥਰ ਘੜਨ ਵਾਲਾ ਉਸ ਤੇ ਪੈਰ ਰਖ ਕੇ ਉਸ ਨੂੰ ਤਰਾਸ਼ਦਾ ਹੈ ਇਸ ਭਰਮ ਨੂੰ ਇੰਝ ਦੂਰ ਕੀਤਾ ਗਿਆ ਹੈ :

ਸਭ ਤੈ ਉਪਾਏ ਭਰਮ ਭੁਲਾਏ ।।
ਜਿਸ ਤੂੰ ਦੇਵਹਿ ਤਿਸਹਿ ਬੁਝਾਏ ।। 2 ।।
ਸਤਿਗੁਰੁ ਮਿਲੈ ਤ ਸਹਸਾ ਜਾਏ ।।
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਏ ।। 3 ।।
ਏਕੈ ਪਾਥਰ ਕੀਜੈ ਭਾਉ ।।
ਦੂਜੈ ਪਾਥਰ ਧਰੀਐ ਪਾਉ ।।
ਜੇ ਓਹੁ ਦੇਉ ਤ ਓਹੁ ਭੀ ਦੇਵਾ ।।
ਕਹਿ ਨਾਮਦੇਉ ਹਮ ਹਰਿ ਕੀ ਸੇਵਾ ।। 4 ।। 2।।[11]

ਭਗਤ ਕਬੀਰ ਜੀ ਪ੍ਰਮਾਤਮਾ ਪ੍ਰਾਪਤੀ ਲਈ ਆਤਮ-ਸੁੱਧੀ ਨੂੰ ਮੂਲ ਮੰਨਦੇ ਹਨ ਇਸ ਸੁੱਧੀ ਰਾਹੀਂ ਹੀ ਪ੍ਰਮਾਤਮਾ ਦਾ ਪ੍ਰਕਾਸ ਜੀਵ ਦੇ ਹਿਰਦੇ ਵਿਚ ਹੋ ਜਾਂਦਾ ਹੈ ਤੇ ਭਰਮ ਦੂਰ ਹੋ ਜਾਂਦੇ ਹਨ :-

ਦੁਇ ਦੁਇ ਲੋਚਨ ਪੇਖਾ ।। ਹਉ ਹਰਿ ਬਿਨੁ ਅਉਰੁ ਨ ਦੇਖਾ ।।
ਨੈਨ ਰਹੇ ਰੰਗੁ ਲਾਈ ।। ਅਬ ਬੇਗਲ ਕਹਨੁ ਨ ਜਾਈ ।।
ਹਮਰਾ ਭਰਮੁ ਗਇਆ ਭਉ ਭਾਗਾ ।।ਜਬ ਰਾਮ ਨਾਮ ਚਿਤੁ ਲਾਗਾ।।੧।।ਰਹਾਉ।।
ਬਾਜੀਗਰ ਡੰਕ ਬਜਾਈ।। ਸਭ ਖਲਕ ਤਮਾਸੇ ਆਈ ।।
ਬਾਜੀਗਰ ਸ੍ਵਾਂਗੁ ਸਕੇਲਾ ।। ਅਪਨੇ ਰੰਗ ਰਵੈ ਅਕੇਲਾ ।। 2 ।।
ਕਥਨੀ ਕਹਿ ਭਰਮੁ ਨ ਜਾਈ ।। ਸਭ ਕਥਿ ਕਥਿ ਰਹੀ ਲੁਕਾਈ ।।
ਜਾ ਕਉ ਗੁਰਮੁਖਿ ਆਪਿ ਬੁਝਾਈ ।। ਤਾ ਕੇ ਹਿਰਦੈ ਰਹਿਆ ਸਮਾਈ।। 3 ।।
ਗੁਰ ਕਿੰਚਤ ਕਿਰਪਾ ਕੀਨੀ ।। ਸਭੁ ਤਨੁ ਮਨੁ ਦੇਹ ਹਰਿ ਲੀਨੀ ।।
ਕਹਿ ਕਬੀਰ ਰੰਗਿ ਰਾਤਾ ।। ਮਿਲਿਓ ਜਗਜੀਵਨ ਦਾਤਾ ।।4 ।।4।।[12]

ਭਗਤ ਸਰਬ - ਵਿਆਪਕ ਪ੍ਰਮਾਤਮਾ ਤੇ ਉਸ ਦੀ ਜੋਤ ਦਾ ਪ੍ਰਕਾਸ ਹਰ ਥਾਂ ਮੰਨਦੇ ਹਨ । ਪਰ ਵਿਕਾਰਾ ਦਾ ਪਰਦਾ ਇਸ ਪ੍ਰਕਾਸ ਦੀ ਰੋਸਨੀ ਦੇ ਰਸਤੇ ਵਿਚ ਰੁਕਾਵਟ ਬਣਦਾ ਹੈ । ਜੇ ਮਨੁੱਖ ਪ੍ਰਭੂ ਦਾ ਨਾਮ ਵਿਸਾਰ ਦੇਵੇ, ਤਾਂ ਕਾਮਾਦਿਕ ਅਨੇਕਾਂ ਵਿਕਾਰ ਉਸ ਦੇ ਆਚਰਨ ਨੂੰ, ਆਤਮਿਕ ਜੀਵਨ ਨੂੰ ਗਿਰਾ ਦੇਂਦੇ ਹਨ । ਕੋਈ ਪੰਡਿਤ ਹੋਵੇ ਜੋਗੀ

ਹੋਵੇ, ਸੰਨਿਆਸੀ ਹੋਵੇ ਤਪੀ ਹੋਵੇ, ਕਿਸੇ ਦਾ ਲਿਹਾਜ਼ ਨਹੀਂ ਕਰਦੇ :-

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ।। ਜੋਗੀ ਮਾਤੇ ਜੋਗ ਧਿਆਨ ।।
ਸੰਨਿਆਸੀ ਮਾਤੇ ਅਹੰਮੇਵ ।। ਤਪਸੀ ਮਾਤੇ ਤਪ ਕੈ ਭੇਵ ।। ੧ ।।
ਸਭ ਮਦ ਮਾਤੇ ਕੋਊ ਨ ਜਾਗ ।। ਸੰਗ ਹੀ ਚੋਰ ਘਰੁ ਮੁਸਨ ਲਾਗ ।। ੧ ।। ਰਹਾਉ
ਜਾਗੈ ਸੁਕਦੇਉ ਅਰੁ ਅਕੂਰੁ ।। ਹਣਵੰਤੁ ਜਾਗੈ ਧਰਿ ਲੰਕੂਰੁ ।।
ਸੰਕਰੁ ਜਾਗੈ ਚਰਨ ਸੇਵ ।। ਕਲਿ ਜਾਗੇ ਨਾਮਾ ਜੈਦੇਵ ।। 2 ।।
ਜਾਗਤ ਸੋਵਤ ਬਹੁ ਪ੍ਰਕਾਰ ।। ਗੁਰਮੁਖਿ ਜਾਗੈ ਸੋਈ ਸਾਰੁ ।।
ਇਸੁ ਦੇਹੀ ਕੇ ਅਧਿਕ ਕਾਮ ।। ਕਹਿ ਕਬੀਰ ਭਜਿ ਰਾਮ ਨਾਮ ।।3।।2।।[13]

ਭਗਤ ਨਾਮ ਦੇਵ ਜੀ ਭਗਤੀ ਤੇ ਕੋਰੇ ਪੰਡਿਤਾਂ ਤੇ ਮੁਲਾਣਿਆਂ ਨੂੰ ਕਰੜੇ ਸ਼ਬਦਾਂ ਨਾਲ ਤਾੜਨਾ ਕਰਦੇ ਹੋਏ ਕਹਿੰਦੇ ਹਨ ਕਿ ਬੁਤ ਪੂਜਕ ਅਵਤਾਰ ਪ੍ਰਸਤੀ ਤੇ ਜਾਤ ਪਾਤ ਦੇ ਬਖੇੜਿਆਂ ਕਰਕੇ ਹਿੰਦੂ ਤਾਂ ਬਿਲਕੁਲ ਅੰਨ੍ਹੇ ਹਨ ਤੇ ਮੁਸਲਮਾਨ ਕਾਣੇ । ਗੁਰੂ ਗਿਆਨ ਦੀ ਘਾਟ ਕਰਕੇ ਭਟਕਣ ਇਨ੍ਹਾਂ ਦੇ ਪੱਲੇ ਹੈ ਤੇ ਮੈਂ ਉਸ ਸਰਬ - ਵਿਆਪਕ ਪ੍ਰਮਾਤਮਾ ਨੂੰ ਮੰਨਦਾ ਹਾਂ ਜੋ ਹਰ ਥਾਂ ਹੈ :-

ਹਿੰਦੂ ਅੰਨ੍ਹਾ ਤੁਰਕੂ ਕਾਣਾ ।।
ਦੁਹਾਂ ਤੇ ਗਿਆਨੀ ਸਿਆਣਾ ।।
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ।।[14]

ਭਗਤ ਬਾਣੀ ਵਿਚ ਪ੍ਰਚਲਿਤ ਧਰਮ ਸਾਧਨਾਂ ਰਾਹੀ ਪ੍ਰਭੂ ਪ੍ਰਾਪਤੀ ਦੀ ਬਜਾਏ ਪ੍ਰਭੂ ਭਗਤੀ ਰਾਹੀਂ ਹੀ ਉਸ ਦੀ ਪ੍ਰਾਪਤੀ ਦਾ ਰਸਤਾ ਲਭਿਆ ਗਿਆ ਹੈ। ਕਿਸੇ ਪ੍ਰਕਾਰ ਦੇ ਕਰਮਕਾਂਡ ਦਾ ਚੱਕਰ ਨਹੀਂ । ਗਿਆਨ ਦੇ ਭਉਣ ਵਿਚ ਭੋਣਾ ਨਹੀਂ ਪੈਂਦਾ । ਕਿਤਾਬੀ ਗਿਆਨ ਤੇ ਪੂਜਾ-ਪੱਧਤੀ ਦਾ ਹਰ ਥਾਂ ਖੰਡਨ ਕੀਤਾ ਗਿਆ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਹੇ ਕਮਲੇ ਲੋਕੋ ! ਉਸ ਪ੍ਰਮਾਤਮਾ ਨੂੰ ਹੀ ਸਿਮਰੋ । ਉਹ ਉਥੇ ਵਸਦਾ ਹੈ ਜਿਥੇ ਦਿਨ ਤੇ ਰਾਤ ਨਹੀਂ, ਜਿਥੇ ਵੇਦ ਨਹੀਂ ਜਿਥੇ ਸ਼ਾਸਤ੍ਰ ਨਹੀਂ ਭਾਵ ਉਹ ਪ੍ਰਮਾਤਮਾ ਉਸ ਆਤਮਿਕ ਅਵਸਥਾ ਵਿਚ ਅੱਪੜਿਆਂ ਮਿਲਦਾ ਹੈ ਜੋ ਅਤਮਕ ਅਵਸਥਾ

ਕਿਸੇ ਖਾਸ ਸਮੇਂ ਦੀ ਮੁਥਾਜ ਨਹੀਂ, ਜੋ ਕਿਸੇ ਖਾਸ ਧਰਮ- ਪੁਸਤਕ ਦੀ ਕੈਦ ਵਿਚ ਨਹੀਂ :-

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮ ਅਯਾਨਾ ॥ ੧ ॥
ਪੂਜਹ ਰਾਮੁ ਏਕੁ ਹੀ ਦੇਵਾ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ਰਹਾਉ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥ 2 ॥
ਮਨਹੁ ਕਠੋਰੁ ਮਰੈ ਬਨਾਰਸਿ ਨਰਕੁ ਨ ਬਾਂਚਿਆ ਜਾਈ ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥ 3 ॥
ਦਿਨਸੁ ਨ ਰੈਨਿ ਬੇਦੁ ਨਹੀਂ ਸਾਸਤ੍ਰ ਤਹਾ ਬਸੈ ਨਿਰੰਕਾਰ ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥4॥4॥[15]

ਕਬੀਰ ਜੀ ਦੀ ਭਗਤੀ- ਭਾਵਨਾ ਸਵਾਰਥ ਰਹਿਤ ਤੇ ਆਤਮਾ ਸਮਰਪਨ ਵਾਲੀ ਹੈ । ਕਬੀਰ ਜੀ ਨੇ ਪਰਮਾਤਮਾ ਦੇ ਨਿਰਗੁਣ, ਨਿਰਾਕਾਰ ਰੂਪ ਦਾ ਵਰਨਣ ਹੀ ਮੂਲ ਰੂਪ ਵਿਚ ਕੀਤਾ ਹੈ ਤੇ ਰੂਪ - ਅਰੂਪ ਦੇ ਭੇਦ - ਤੱਤ ਨੂੰ ਵੀ ਬ੍ਰਹਮ ਚਿੰਤਨ ਵਿਚ ਨਿਖੇੜਿਆ ਹੈ । ਇਸ ਨਿਖੇੜ ਦੀ ਝਲਕ ਪਾਵਨ ਅਖਰੀ ਵਿਚ ਮਿਲਦੀ ਹੈ :

ਅਲਹੁ ਲਹਉ ਤਉ ਕਿਆ ਕਰਉ ਕਹਉ ਤ ਕੋ ਉਪਕਾਰ ॥
ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ ॥3॥[16]

ਜਦ ਭਗਤ ਕਬੀਰ ਜੀ ਪ੍ਰਭੂ ਦੀ ਸੋਝੀ ਪਾਕੇ ਦੁਬਿਧਾ ਨੂੰ ਨਾਸ ਕਰਕੇ ਪ੍ਰਭੂ ਦੇ ਰਹਸ ਨੂੰ ਸਮਝ ਕੇ ਉਸ ਦੇ ਬਾਰੇ ਹੋਰ ਜਾਨਣ ਲਈ ਮਨ ਨੂੰ ਉਚੇ ਜੀਵਨ ਦੀ ਸੂਝ ਦੇਣ ਵਾਸਤੇ ਉੱਚੀ ਵਿਚਾਰ ਵਾਲੀ ਬਾਣੀ ਥੋੜੀ ਬਹੁਤ ਪੜ੍ਹਨੀ ਜਰੂਰੀ ਦਸਦੇ ਹਨ, ਤਾਹੀਏ ਚੰਗਾ ਮੁਸਲਮਾਨ ਉਸ ਨੂੰ ਸਮਝਿਆ ਜਾਂਦਾ ਹੈ ਜੋ ਤਰੀਕਤ ਵਿਚ ਲੱਗਾ ਹੋਵੇ, ਤੇ ਚੰਗਾ ਹਿੰਦੂ ਉਸ ਨੂੰ ਜੋ ਵੇਦਾਂ ਪੁਰਾਨਾਂ ਦੀ ਖੋਜ ਕਰਦਾ ਹੋਵੇ।

ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥
ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥ 5 ॥
ੳਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥
ੳਅੰਕਾਰ ਲਖੈ ਜਉ ਕੋਈ ॥ ਸੋਈ ਲਖਿ ਮੇਟਣਾ ਨ ਹੋਈ ॥6॥
ਕਕਾ ਕਿਰਣਿ ਕਮਲ ਮਹਿ ਪਾਵਾ॥ ਸਸਿ ਬਿਗਾਸ ਸੰਪਟ ਨਹੀ ਆਵਾ ॥
ਅਰੁ ਜੇ ਤਹਾ ਕੁਸਮ ਰਸੁ ਪਾਵਾ॥ ਅਕਹੁ ਕਹਾ ਕਹਿ ਕਾ ਸਮਝਾਵਾ॥7॥[17]

ਭਗਤ ਕਬੀਰ ਜੀ ਨੇ ਆਤਮਾ ਦੇ ਨਾਲ ਨਾਲ ਜਿਹੜਾ ਪਰਮਾਤਮਾ ਦਾ ਵਰਨਣ ਕੀਤਾ ਹੈ ਅਸਲ ਵਿਚ ਉਹ ਵਰਨਣ ਵੀ ਪਰੂੜ ਦਾ ਹੀ ਹੈ :-

ਘਘਾ ਘਟਿ ਘਟਿ ਨਿਮਸੈ ਸੋਈ ॥
ਘਟ ਫੂਟੇ ਘਟਿ ਕਬਹਿ ਨ ਹੋਈ ॥
ਤਾ ਘਟ ਮਾਹਿ ਘਾਟ ਜਉ ਪਾਵਾ ॥
ਸੋ ਘਟੁ ਛਾਡਿ ਅਵਘਟ ਕਤ ਧਾਵਾ ॥ 10 ॥[18]

ਉਪਰੋਕਤ ਤੁਕਾਂ ਰਾਹੀਂ ਭਗਤ ਕਬੀਰ ਜੀ ਅਛੋਪਲੇ ਜਿਹੇ ਪਰਮਾਤਮਾ ਤੇ ਜੀਵਾਤਮਾ ਦਾ ਪਰਮਾਰਥਕ ਭੇਦ ਖੋਲਕੇ ਰਖ ਦਿੰਦੇ ਹਨ । ਆਤਮ ਗਿਆਨੀ ਸਰੀਰ ਵਿਚ ਰਹਿੰਦਾ ਹੋਇਆ ਭੀ ਬੰਧਨ ਮੁਕਤ ਹੋ ਜਾਂਦਾ ਹੈ ਤੇ ਅਗਿਆਨੀ ਮਾਇਆ ਜਾਲ ਵਿਚ ਫਸਿਆ ਹੋਇਆ ਕਰਮਕਾਂਡੀ ਦਾਨ ਪੁਨ ਦਾ ਆਸਰਾ ਲੈ ਮਰਨ ਤੋਂ ਬਾਅਦ ਮੁਕਤੀ ਦੀ ਆਸ ਲਾਈ ਬੈਠਾ ਰਹਿੰਦਾ ਹੈ ।

ਇਹੋ ਜਿਹੇ ਅਗਿਆਨੀ ਨੂੰ ਤਾੜਨਾ ਕਰਦੇ ਹੋਏ ਭਗਤ ਬੇਣੀ ਜੀ ਨੇ ਕਿਹਾ ਹੈ ਕਿ ਨਾਮ ਜਪਣ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ ਜੀਵ ਭਗਤੀ ਰਾਹੀ ਇਸੇ ਜੀਵਨ ਵਿਚ ਹੀ ਬੰਧਨ ਮੁਕਤ ਹੋ ਜਾਂਦਾ ਹੈ । ਪਰ ਮਰਨ ਤੋ ਬਾਅਦ ਕਦੇ ਕਿਸੇ ਨੂੰ ਮੁਕਤੀ ਪ੍ਰਾਪਤ ਨਹੀਂ ਹੋਈ :-

ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ।।
ਅਵਗਿਤ ਬਾਤਿ ਛੋਡਿ ਮਿਤ੍ਰ ਮੰਡਲ ਤਉ ਪਾਛੈ ਪਛੁਤਾਣਾ ।। 4 ।।
ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀਂ ਬੂਝੈ ।।
ਲਾਲਚੁ ਕਰੈ ਜੀਵਨ ਪਦ ਕਾਰਨ, ਲੋਚਨ ਕਛੂ ਨ ਸੂਝੈ ।।
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਸੁਖਾਈ ।।
ਬੈਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ।।5।।[19]

ਮਾਇਆ :- ਭਗਤ ਬਾਣੀ ਵਿਚ ਮਾਇਆ ਨੂੰ ਪ੍ਰਭੂ ਮਿਲਾਪ ਦੇ ਰਸਤੇ ਵਿਚ ਸਭ ਤੋ ਵਡਾ ਅੜਿਕਾ ਕਿਹਾ ਗਿਆ ਹੈ । ਭਗਤਾਂ ਦੀ ਇਹ ਵੈਰਨ ਹੈ ਤੇ ਤਿੰਨਾਂ ਲੋਕਾਂ ਨੂੰ ਇਹ ਪਿਆਰੀ ਕਹੀ ਗਈ ਹੈ । ਪ੍ਰਭੂ ਤੇ ਮਾਇਆ ਦੋਵੇ ਨਾਲ ਨਾਲ ਹੀ ਚਲਦੇ ਹਨ । ਜੀਵ ਨੂੰ ਦੋਹਾਂ ਵਿਚੋ ਇਕ ਦੇ ਪ੍ਰਤਾਪ ਨੂੰ ਮੰਨਣਾ ਪੈਂਦਾ ਹੈ । ਇਸ ਪ੍ਰਸੰਗ ਵਿਚ ਕਬੀਰ ਜੀ ਦੇ ਵਿਚਾਰ ਸਪਸ਼ਟ ਹਨ :-

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰ ਭੇਸ ।।
ਹਮ ਰਾਖੇ ਗੁਰ ਆਪਨੇ ਉਨਿ ਕੀਨੋ ਅਦੇਸ ।। ਸਲੋਕ 8 ।।
ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨੁ ਕਾ ਗੁਰੁ ਨਾਹਿ ।।
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ।। 237 ।।

ਭਗਤ ਕਬੀਰ ਨੇ ਮਾਇਆ ਤੇ ਪ੍ਰਭੂ ਬਾਰੇ ਬਾਰ ਬਾਰ ਵਰਨਣ ਰਾਹੀਂ ਜੀਵ ਨੂੰ ਮਾਇਆ ਦੇ ਜਾਲ ਵਿਚੋਂ ਨਿਕਲ ਪ੍ਰਭੂ ਭਗਤੀ ਵਲ ਲਗਣ ਲਈ ਪ੍ਰੇਰਣਾ ਦਿਤੀ ਹੈ । ਉਹ ਸੰਸਾਰਕ ਸਭ ਰਿਸ਼ਤਿਆਂ ਨੂੰ ਮਾਇਆ ਦਾ ਪ੍ਰਤਾਪ ਹੀ ਮੰਨਦੇ ਹਨ । ਜੋ ਜੀ ਨੂੰ ਛਲਣ ਵਾਲੇ ਹਨ :-

ਸੁਪਨੇ ਤੇ ਉਪਰਿ ਨਹੀ ਬਲੀਆ ।।
ਜਿਨਿ ਬ੍ਰਹਮਾਂ ਬਿਸਨੁ ਮਹਾ ਦੇਉ ਛਲੀਆ ।। ੧ ।।[20]

ਇਸ ਮਾਇਆ ਵਾਲੇ ਕਥਨ ਨੂੰ ਹੋਰ ਸਪਸ਼ਟ ਕਰਦੇ ਹੋਏ ਗੁਰੂ ਨਾਨਕ ਸਾਹਿਬ ਪ੍ਰਭੂ ਵਲੋਂ ਇਸ ਨੂੰ ਰਚੀ ਹੋਈ ਦਸਦੇ ਹਨ ਜੋ ਜੀਵ ਦੀ ਪਰਖ ਲਈ ਪੈਦਾ ਕੀਤੀ ਗਈ ਹੈ। ਵਿਰਲੇ ਵਿਰਲੇ ਜੀਵਾਂ ਨੂੰ ਗੁਰੂ ਦੀ ਕ੍ਰਿਪਾ ਰਾਹੀਂ ਸ਼ਬਦ ਦੀ ਸੋਝੀ ਪੈਂਦੀ ਹੈ ਜੋ ਇਸ ਦੇ ਜਾਲ ਵਿਚੋਂ ਨਿਕਲਣ ਦੇ ਸਮਰਥ ਹੁੰਦੇ ਹਨ :-

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥14॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਤਾਲ ਅਰੰਭੇ ॥ ਗੁਪਤਹੁ ਪਰਗਟੀਆਇਦਾ ॥14॥[21]

ਕਾਮ ਕ੍ਰੋਧ, ਲੋਭ ਮੋਹ ਆਦਿ ਵਿਚ ਵੀ ਮਾਇਆ ਦਾ ਹੀ ਪ੍ਰਤਾਪ ਹੈ। ਪ੍ਰਭੂ ਇਹਨਾਂ ਸਭ ਵਿਕਾਰਾਂ ਤੋਂ ਮੁਕਤ ਹੋ ਕੇ ਹੀ ਪ੍ਰਾਪਤ ਹੋ ਸਕਦਾ ਹੈ। ਇਸੇ ਲਈ ਬ੍ਰਹਮਾ ਬਿਸਨੁ ਤੇ ਮਹੇਸ ਜਿਹਿਆਂ ਨੂੰ ਪੂਜਿਆਂ ਪ੍ਰਭੂ ਨੂੰ ਨਹੀਂ ਪਹੁੰਚੀ ਦਾ, ਕਾਰਨ ਸਪਸ਼ਟ ਹੈ ਕਿ ਇਹ ਤਾਂ ਆਪ ਮਾਇਆ ਦੇ ਮੋਹ ਵਿਚ ਫਸੇ ਹਨ ਤੇ ਜੀਵਾਂ ਨੂੰ ਕੀ ਬਚਾਅ ਸਕਦੇ ਹਨ। ਇਸ ਤੋਂ ਬਚਾਅ ਤਾਂ ਪ੍ਰਭੂ ਭਗਤੀ ਵਿਚ ਹੀ ਹੈ।

ਭਗਤ ਬਾਣੀ ਵਿਚ ਥਾਂ ਥਾਂ ਵਖ ਵਖ ਰੂਪਾਂ ਤੇ ਨਾਵਾਂ ਵਿਚ ਇਸ ਦਾ ਜ਼ਿਕਰ ਮਿਲਦਾ ਹੈ। ਕਿਤੇ ਇਸ ਨੂੰ ਮੋਹਣੀ, ਠਗਣੀ, ਨਾਗਨ ਤੇ ਠਗਉਰੀ ਕਹਿਆ ਗਿਆ ਹੈ। ਭਗਤਾਂ ਅਨੁਸਾਰ ਸ੍ਰਿਸਟੀ ਉਪਰਲੀ ਸਭ ਭਜ ਦੌੜ ਇਸੇ ਦੀ ਪੈਦਾਵਾਰ ਹੈ। ਇਸ ਦਾ ਪਾਇਆ ਜੀਵ ਨੜਿੰਨਵੇ (99) ਦੇ ਚੱਕਰ ਵਿਚ ਪਿਆ ਹੋਇਆ ਹੈ। ਲੋਭ-ਮੋਹ ਇਸੇ ਦੇ ਪੁਤਰ ਧੀਆਂ ਹਨ। ਇਹ ਤਾਂ ਪਰਛਾਂਵੇ ਦੀ ਨਿਆਈ ਹੈ। ਇਸ ਦੇ ਜਾਲ ਵਿਚੋਂ ਗੁਰੂ ਦੀ ਕ੍ਰਿਪਾ ਦੁਆਰਾ ਹੀ ਨਿਕਲਿਆ ਜਾ ਸਕਦਾ ਹੈ।

ਭਗਤ ਰਵਿਦਾਸ ਜੀ ਨੇ ਭੀ ਜੀਵ ਨੂੰ ਮਾਇਆ ਵਿਚ ਫਸੇ ਹੋਏ ਮਿੱਟੀ ਦੇ ਪੁੱਤਲੇ ਕਿਹਾ ਹੈ ਜੋ ਇਸ ਚਕਰ ਵਿਚ ਭਟਕਦਾ ਫਿਰਦਾ ਹੈ। ਜਦ ਕੁਝ ਧਨ ਦੀ

ਪਰਾਪਤੀ ਹੋ ਜਾਂਦੀ ਹੈ ਤਾਂ ਅਹੰਕਾਰ ਕਰਨ ਲਗ ਪੈਂਦਾ ਹੈ । ਪਰ ਜੇ ਮਾਇਆ ਗੁਆਚ ਜਾਏ ਤਾਂ ਰੋਂਦਾ ਤੇ ਦੁਖੀ ਹੁੰਦਾ ਹੈ । ਆਪਣੇ ਮਨ ਦੀ ਰਾਹੀਂ ਬਚਨਾਂ ਦੀ ਰਾਹੀਂ ਤੇ ਕਰਤੂਤਾਂ ਦੀ ਰਾਹੀਂ ਰਸਾਂ ਕਿਆਂ ਵਿਚ ਫਸਿਆ ਹੋਇਆ । ਅੰਤ ਵੇਲੇ ਉਹ ਪ੍ਰਭੂ ਚਰਨਾਂ ਵਿਚ ਨਹੀ ਪਹੁੰਚ ਸਕਦਾ ਸਗੋਂ ਕੁਥੌਂ ਹੀ ਜਾਂਦਾ ਹੈ :-

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ।।
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ।।੧।।ਰਹਾਉ।।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ।।
ਮਾਇਆ ਗਈ ਤਬ ਰੋਵਨੁ ਲਗਤੁ ਹੈ ।। ੧ ।।
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ।।
ਬਿਨਸਿ ਗਇਆ ਜਾਇ ਕਹੂੰ ਸਮਾਨਾ ।।2।।
ਕਹਿ ਰਵਿਦਾਸ ਬਾਜੀ ਜਗੁ ਭਾਈ ।।
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ ।।3।।6।।[22]

ਭਗਤ ਬਾਣੀ ਵਿਚ ਮਾਇਆ ਤੋਂ ਮੁਕਤੀ ਪ੍ਰਾਪਤ ਕਰਨ ਦੇ ਸਾਧਨਾਂ ਉਪਰ ਚਾਨਣਾ ਪਾਇਆ ਗਇਆ ਹੈ । ਮਾਇਆ ਦਾ ਕੰਮ ਜੀਵ ਨੂੰ ਪ੍ਰਮਾਤਮਾ ਤੋਂ ਦੂਰ ਕਰਨਾ ਹੈ ਤੇ ਆਪਣੇ ਚੱਕਰ ਵਿਚ ਫਸਾ ਅੰਦਰ ਕਰਨਾ ਹੈ । ਪਰ ਜੀਵ ਦਾ ਕੰਮ ਹੈ ਪ੍ਰਭੂ ਦੇ ਲੜ ਲਗ ਇਸ ਬਲਾ ਤੋਂ ਛੁਟਕਾਰਾ ਪਾਣਾ । ਭਗਤ ਬਾਣੀ ਵਿਚ ਹੋਰ ਤਰੀਕਿਆਂ ਦੇ ਨਾਲ ਨਾਲ ਦੋ ਪ੍ਰਮੁਖ ਜੁਗਤਾਂ ਇਸ ਤੋਂ ਬਚਣ ਲਈ ਦਸੀਆਂ ਗਈਆਂ ਹਨ ਉਹ ਹੈ ਪਹਿਲੀ ਪ੍ਰਭੂ ਕ੍ਰਿਪਾ ਤੇ ਦੂਸਰੀ ਪ੍ਰਭੂ ਰਾਹੀ ਮਿਲਿਆ ਹੋਇਆ ਗਿਆਨ। ਭਗਤ ਨੂੰ ਜਦ ਪ੍ਰਭੂ ਤੇ ਇਹਨਾਂ ਸੰਬੰਧਾਂ ਦਾ ਗਿਆਨ ਹੋ ਜਾਂਦਾ ਹੈ ਤਾਂ ਉਹ ਮਾਇਆ ਵਲੋਂ ਕਨੀ ਕਤਰਾ ਪ੍ਰਭੂ ਭਗਤਾਂ ਦੀ ਸੰਗਤ ਵਲ ਮੁਖ ਕਰ ਲੈਂਦੇ ਹਨ । ਫਿਰ ਵਾਹਿਗੁਰੂ ਦੀ ਕ੍ਰਿਪਾ ਨਾਲ ਮਾਇਆ ਦੀ ਇਹ ਫਾਸੀ ਜੀਵ ਦੇ ਗਲੋ ਲਹਿ ਜਾਂਦੀ ਹੈ ਤੇ ਉਹ ਇਸ ਭਰਮ - ਜਾਲ ਵਿਚੋਂ ਨਿਕਲ ਸਹਜ ਅਵਸਥਾ ਵਿਚ ਜਾ ਦਾਖਲ ਹੁੰਦਾ ਹੈ ;-

ਸੰਤ ਭਾਗਿ ਓਹ ਪਾਛੈ ਪਰੈ ।। ਗੁਰ ਪਰਸਾਦੀ ਮਾਰਹੁ ਡਰੈ ।।

ਸਾਕਤ ਕੀ ਓਹ ਪਿੰਡ ਪਰਾਇਣਿ।।ਹਮ ਕਉ ਦ੍ਰਿਸਟਿ ਪਰੈ ਡਾਇਣਿ ।।3।।
ਹਮ ਤਿਸ ਕਾ ਬਹੁ ਜਾਨਿਆ ਭੇਉ।। ਜਬਹੂਏ ਕ੍ਰਿਪਾਲ ਮਿਲੇ ਗੁਰਦੇਉ ।।
ਕਹੁ ਕਬੀਰ ਅਬ ਬਾਹਰਿ ਪਰੀ।।ਸੰਸਾਰੈ ਕੈ ਅੰਚਲਿ ਲਰੀ ।।4।।4।।[23]

ਭਗਤ ਕਬੀਰ ਜੀ ਮਾਇਆ ਤੋ ਮੁਕਤ ਹੋਣ ਦਾ ਉਪਾਅ ਕਾਮ, ਕ੍ਰੋਧ, ਲੋਭ ਮੋਹ ਤੇ ਅਹੰਕਾਰ ਦਾ ਤਿਆਗ ਤੇ ਉਸ ਪ੍ਰਭੂ ਵਿਚ ਜੁੜਨਾ ਹੀ ਦਸਦੇ ਹਨ :-

ਚੂਕੀਅਲੇ ਮੋਹ ਮਾਇਆਸਾ ।। ਸਸਿ ਕੀਨੋ ਸੂਰ ਗਿਰਾਸਾ ।।
ਜਬ ਕੁੰਭਕੁ ਭਰਪੁਰਿ ਲੀਣਾ ।। ਤਹ ਬਾਜੇ ਅਨਹਦ ਬੀਣਾ।।3।।[24]

<u>ਜਗਤ :-</u> ਭਗਤ ਬਾਣੀ ਵਿਚ ਜਗਤ ਬਾਰੇ ਕਮਾਲ ਦਾ ਵਿਚਾਰਾਂ ਦਾ ਸੁਮੇਲ ਮਿਲਦਾ ਹੈ । ਇਕ ਪਾਸੇ ਤਾਂ ਸੰਸਾਰ ਨੂੰ ਛਿਨ ਭੰਗਰ, ਸੁੱਪਨੇ ਨਿਆਈ ਅਤੇ ਭਰਮ ਮੰਨਿਆ ਗਿਆ ਹੈ । ਪਰ ਦੂਸਰੇ ਪਾਸੇ ਹਰ ਥਾਂ ਉਹ ਪ੍ਰਭੂ ਵਸਦਾ, ਇਹ ਦਿਸਦੇ ਤੇ ਅਣਦਿਸਦੇ ਵਿਚ ਉਹ ਸਰਬ - ਵਿਆਪਕ ਹੈ ਇਥੇ ਤਕ ਕਿ ਮਾਇਆ ਜੋ ਜੀਵ ਨੂੰ ਕੁਰਾਹੇ ਪਾ ਪ੍ਰਭੂ ਤੋ ਦੂਰ ਲੈ ਜਾਂਦੀ ਹੈ ਇਹ ਭੀ ਉਸ ਦੀ ਪੈਦਾ ਕੀਤੀ ਹੋਈ ਦਸੀ ਮਿਲਦੀ ਹੈ । ਇਹ ਉਪਰੋਕਤ ਵਿਚਾਰ ਆਮ ਜੀਵ ਨੂੰ ਤਾਂ ਭੰਬਲ - ਭੂਸੇ ਵਿਚ ਪਾ ਦਿੰਦੇ ਹਨ । ਪਰ ਭਗਤ ਜਨ ਇਸ ਨੂੰ ਗੁਰੂ ਦੀ ਕ੍ਰਿਪਾ ਦੁਆਰਾ ਲੋੜ ਲਾ ਤਕ ਇਸ ਜਗ ਨਾਲ ਉਤਨਾ ਹੀ ਵਾਸਤਾ ਰਖਦੇ ਹਨ ਜਿਸ ਤੋਂ ਸਰੀਰ ਨਾ ਸਰੇ ਤੇ ਇਥੇ ਉਹ ਉਸ ਪ੍ਰਭੂ ਦੇ ਚਰਨਾਂ ਵਿਚ ਪਹੁੰਚਣਾ ਲੋਚਦੇ ਹਨ । ਭਗਤ ਫਰੀਦ ਜੀ ਮਾਇਆ ਦੀ ਛਪੜੀ ਰਾਹੀਂ ਭਗਤਾਂ ਦੀ ਚਾਲ ਬਾਰੇ ਸੰਕੇਤ ਦਿੰਦੇ ਹਨ । ਇਸ ਜਗਤ ਵਿਚ ਕਿਵੇਂ ਆਉਂਦੇ ਹਨ ਤੇ ਉਨ੍ਹਾਂ ਦੀ ਤਾਂਘ ਕਿਥੇ ਹੁੰਦੀ ਹੈ :-

ਕਲਰ ਕੇਰੀ ਛਪੜੀ ਆਇ ਉਲਥੇ ਹੰਝ ।।
ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ ।।94।।[25]

ਭਗਤ ਕਬੀਰ ਜੀ ਨੇ ਇਸ ਜਗਤ ਦੀ ਉਤਪਤੀ ਦਾ ਕਾਰਣ ਇਕ ਓਅੰਕਾਰ ਨੂੰ ਮੰਨਿਆ ਹੈ ਤੇ ਉਸ ਨੂਰ ਨੂੰ ਕਹਿ ਕਰ ਇਕ ਦੀ ਸਮਝ ਗੋਚਰਾ ਬਣਾ ਦਿਤਾ ਹੈ :-

ਏਕ ਨੂਰ ਤੇ ਸਭ ਜਗ ਉਪਜਿਆ ਕਹਿ ਸਭ ਵਿਖਰੇਵੇ ਦੂਰ ਕਰ ਮਨੁੱਖਤਾ ਨੂੰ ਇਕ ਨੁਕਤੇ ਤੇ ਲਿਆ ਖੜਾ ਕੀਤਾ ਜਿਥੇ ਨਫ਼ਰਤ ਨਾ ਦੀ ਚੀਜ਼ ਪੈਦਾ ਹੋ ਹੀ ਨਹੀਂ ਸਕਦੀ ।

ਭਗਤ ਬਾਣੀ ਵਿਚ ਸਾਰੀ ਉਤਪਤੀ ਦਾ ਮੂਲ ਪ੍ਰਭੂ ਨੂੰ ਮੰਨਿਆ ਗਿਆ ਹੈ । ਜਿਸ ਨਾਲ ਜੀਵ ਨੂੰ ਧਰਮਾਂ ਦੀਆਂ ਹੱਦਾਂ ਤੋਂ ਉਪਰ ਉਠਾਅ ਇਕ ਉਸੇ ਪ੍ਰਭੂ ਸਿਰਜਨ-ਹਾਰ ਦੇ ਪਰਮ ਧਰਮ ਵਾਲੀ ਥਾਂ ਲਿਆ ਕੇ ਭਾਵਾਤਮਕ ਏਕਤਾ ਦੇ ਬੰਧਨਾਂ ਵਿਚ ਬੰਨ੍ਹਿਆ ਗਿਆ ਹੈ । ਇਹ ਭਗਤ ਬਾਣੀ ਦਾ ਧਾਰਮਕ ਸਿਧਾਂਤ ਹੋਣ ਦੇ ਨਾਲ ਨਾਲ ਮਨੁੱਖਤਾ ਦੇ ਭਲੇ ਵਿਚ ਵੀ ਹੈ । ਕਾਰਨ ਸਪਸ਼ਟ ਹੈ ਜਦ ਜਗਤ ਅਸਥਿਰ ਹੈ ਸਦਾ ਰਹਿਣ ਵਾਲਾ ਨਹੀਂ ਤਾਂ ਇਸ ਭਰਮ ਨੂੰ ਹੀ ਸਭ ਕੁਝ ਸਮਝਣ ਵਾਲੇ ਪ੍ਰਭੂ ਵਲੋਂ ਸਿਮਰਨ ਦਾ ਦਿਤਾ ਗਿਆ ਮੌਕਾ ( ਅਉਸਰ ) ਗਵਾ ਕੇ ਫਿਰ ਆਵਾਗਵਨ ਦੇ ਚੱਕਰ ਦਾ ਸ਼ਿਕਾਰ ਹੋ ਜਾਂਦੇ ਹਨ ਇਹ ਉਤਪਤੀ ਤੇ ਵਿਨਾਸ ਦਾ ਕਰਮ ਜਗਤ ਦੀ ਨਾਸਵਾਨਤਾ ਦਾ ਸੂਚਕ ਹੈ :-

ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ।।
ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ।। ੧ ।।
ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ ।।
ਏਹ ਸੰਸਾ ਮੋਕਉ ਅਨਦਿਨੁ ਬਿਆਪੈ ਮੋਕਉ ਕੋ ਨ ਕਹੈ ਸਮਝਾਈ ।।੧।।ਰਹਾਉ।
ਜਹਾ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ।।
ਜੋੜਨਹਾਰੇ ਸਦਾ ਅਤੀਤਾ ਇਹ ਬਹੀਐ ਕਿਸੁ ਮਾਹੀ ।।2।।[26]

ਭਗਤ ਕਬੀਰ ਜੀ ਇਸ ਨਾਸਵਾਨ ਜਗਤ ਵਿਚਲੇ ਕੀਹ ਖੇਤੀ ਤੇ ਕੀ ਵਪਾਰੀ ਸਭ ਕਿਤਿਆਂ ਦੇ ਪਸਾਰੇ ਦਾ ਜਗਤ ਵਿਚ ਮਾਣ ਕੂੜਾ ਹੈ ਕਿਉਂਕਿ ਜਦੋ ਓੜਕ ਮੌਤ ਆਉਂਦੀ ਹੈ ਤਾਂ ਜੀਵ ਹਾਉਕੇ ਲੈਂਦੇ ਹਨ :-

ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ।।
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ।।੧।।ਰਹਾਉ।।

ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ।।
ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ ।। ੧ ।।
ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨੀ ।।
ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨੀ ।।੨।।੯।।[27]

**ਸਰੀਰ:-** ਸਰੀਰ ਦੇ ਸੰਬੰਧ ਵਿਚ ਭਗਤ ਬਾਣੀ ਦੋਹਾਂ ਪੱਖਾਂ ਤੇ ਚਾਨਣਾ ਪਾਉਂਦੀ ਹੈ । ਇਕ ਤਾਂ ਜੋ ਇਹ ਪੰਜਾਂ ਤੱਤਾਂ ਦੇ ਸੁਮੇਲ ਨਾਲ ਚਲਦਾ ਫਿਰਦਾ ਜੀਵ ਨਜ਼ਰੀਂ ਆਉਂਦਾ ਹੈ ਇਹ ਸਰੀਰ ਪ੍ਰਤੀ ਵਿਵਹਾਰਕ ਪੱਖ ਹੈ । ਦੂਸਰਾ ਉਹ ਜੋ ਇਸ ਪੰਜ ਭੌਤਿਕ ਸਰੀਰ ਵਿਚ ਕੋਈ ਅਜਿਹੀ ਚੇਤਨਾ ਜਾਂ ਅਗੰਮੀ ਸ਼ਕਤੀ ਹੈ ਜਿਸ ਦੀ ਹੋਂਦ ਨਾਲ ਇਹ ਚਲਦਾ ਫਿਰਦਾ ਜੀਵ ਹੈ ਤੇ ਜਦ ਇਸ ਨੂੰ ਛਡ ਕੇ ਚਲੀ ਜਾਂਦੀ ਹੈ ਤਾਂ ਇਹ ਪ੍ਰਕ੍ਰਿਤੀ ਵਿਚਲੇ ਪੰਜੇ ਤੱਤ ਜਿਥੋਂ ਜਿਥੋਂ ਆਏ ਸਨ ਉਥੇ ਉਥੇ ਉਸ ਵਿਚ ਜਾ ਸਮਾਉਂਦੇ ਹਨ ਇਹ ਸਰੀਰ ਦਾ ਪਰਮਾਰਥਕ ਪੱਖ ਹੈ । ਇਸ ਪ੍ਰਮਾਰਥਕ ਤੱਤ ਉਪਰ ਭਗਤ ਬਾਣੀ ਵਿਚ ਸੰਕੇਤਕ ਹਵਾਲੇ ਮਿਲਦੇ ਹਨ । ਪਰ ਇਸ ਦੇ ਵਿਵਹਾਰਕ ਪੱਖ ਉਪਰ ਬਹੁਤ ਮਹੱਤਵ ਦਿਤਾ ਗਿਆ ਹੈ । ਇਸੇ ਮਹਤਵ ਵਿਚੋਂ ਅਗੇ ਚਲ ਭਗਤ ਬਾਣੀ ਦਾ ਸਮਾਜਕ ਪੱਖ ਜਨਮ ਲੈਂਦਾ ਹੈ ।

ਭਗਤ ਕਬੀਰ ਜੀ ਪੰਜ ਤੱਤਾਂ ਦੇ ਬਣੇ ਸਰੀਰ ਵਿਚਲੇ ਅੱਖ, ਕੰਨ, ਨੱਕ ਆਦਿਕ ਇੰਦ੍ਰੇ ਜੋ ਮਨੁਖ ਨੂੰ ਮੁੜ ਮੁੜ ਵਿਕਾਰਾਂ ਵਲ ਪ੍ਰੇਰਦੇ ਹਨ । ਇਹਨਾਂ ਦੀ ਮੰਦੀ ਪ੍ਰੇਰਨਾ ਤੋਂ ਬਚਣ ਲਈ ਇਕੋ ਹੀ ਤਰੀਕਾ ਹੈ ਪ੍ਰਮਾਤਮਾ ਦੇ ਦਰ ਤੇ ਨਿਤ ਅਰਦਾਸ ਕਰਨੀ ਜੋ ਇਸ ਨਾਸਵਾਨ ਸਰੀਰ ਵਿਚ ਪ੍ਰਭੂ ਨੂੰ ਪਾ ਅਮਰ ਹੋ ਸਕੇ :-

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ।।
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ।।੧।।
ਬਾਬਾ ਅਬ ਨ ਬਸਉ ਇਹ ਗਾਉ ।। ਘਰੀ ਘਰੀ ਕਾ ਲੇਖਾ ਮਾਗੈ
ਕਾਇਥੁ ਚੇਤੂ ਨਾਉ ।।੧।।ਰਹਾਉ।।

ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ ॥੪॥
ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥3॥7॥[28]

ਮੌਤ :- ਭਗਤ ਬਾਣੀ ਵਿਚ ਜਿਥੇ ਨਾਮ ਨੂੰ ਸ੍ਰੇਸ਼ਟ ਤੇ ਉਤਮ ਦਸਦਿਆਂ ਹੋਇਆਂ ਇਸ ਤੇ ਬਲ ਦਿਤਾ ਹੈ ਉਥੇ ਮੌਤ ਨੂੰ ਭੀ ਘਟ ਥਾਂ ਨਹੀਂ ਦਿਤੀ । ਕਾਰਨ ਸਪਸ਼ਟ ਹੈ ਕਿ ਮੌਤ ਇਸ ਸਰੀਰ ਦੀ ਦੂਜੀ ਹੱਦ ਹੈ ਕਿਉਂਕਿ ਜਨਮ ਤੇ ਮਰਨ ਸਰੀਰ ਦੀਆਂ ਦੋ ਹੱਦਾਂ ਹਨ । ਜੀਵ ਦੁਨਿਆਵੀ ਕੰਮ ਤੇ ਮਾਇਆ ਜਾਲ ਵਿਚ ਫਸਿਆ ਪ੍ਰਭੂ ਨੂੰ ਭੁਲ ਜਾਂਦਾ ਹੈ ਉਸ ਨੂੰ ਨਾਮ ਸਿਮਰਨ ਵਾਲੇ ਪਾਸੇ ਲਾਉਣ ਲਈ ਮੌਤ ਹੀ ਚੇਤਾ ਕਰਾਉਂਦੀ ਹੈ ਕਿ ਸਮਾਂ ਬੀਤਦਾ ਜਾਂਦਾ ਹੈ ਤੇਰੀ ਉਡੀਕ ਅਗੇ ਹੋ ਰਹੀ ਹੈ । ਭਾਵ ਮੌਤ ਪਲ ਪਲ ਤੇਰੇ ਵਲ ਵਧ ਰਹੀ ਹੈ ਪ੍ਰਭੂ ਦਾ ਸਿਮਰਨ ਕਰ ਜੋ ਅਗੇ ਸਹਾਈ ਹੋਵੇ ਗਾ । ਇਸ ਭਾਵ ਨੂੰ ਸਪਸ਼ਟ ਕਰਦੇ ਹੋਏ ਭਗਤ ਕਬੀਰ ਜੀ ਫੁਰਮਾਉਂਦੇ ਹਨ :-

ਜਨਨੀ ਜਾਨਤ ਸੁਤੁ ਬਡਾ ਹੋਤ ਹੈ ।
ਇਤਨਾ ਕੁ ਨ ਜਾਨੈ, ਜਿ ਦਿਨ ਦਿਨ ਅਵਧ ਘਟਤੁ ਹੈ ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥
ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ਰਹਾਉ॥
ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥
ਰਮਈਆ ਜਪਹੁ ਪ੍ਰਾਣੀ ਅਨਤ ਜੀਵਨ ਬਾਣੀ ਇਨਿ ਬਿਧਿ ਭਵ ਸਾਗਰ ਤਰਣਾ
ਜਾਂ ਤਿਸੁ ਭਾਵੈ ਤ ਲਾਗੈ ਭਾਉ ॥ ਭਰਮ ਭੁਲਾਵਾ ਵਿਚਹੁ ਜਾਇ ॥
ਉਪਜੈ ਸਹਜੁ ਗਿਆਨ ਮਤਿ ਜਾਗੈ ॥ ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥
ਇਤੁ ਸੰਗਤਿ ਨਾਹੀ ਮਰਣਾ॥ ਹੁਕਮੁ ਪਛਾਣਿ ਤਾ ਖਸਮੈ ਮਿਲਣਾ॥ਰਹਾਉ ॥

ਭਗਤ ਕਬੀਰ ਜੀ ਇਸ ਜੀਵਨ ਰੂਪੀ ਅਨੋਖੀ ਖੇਡ ਬਾਰੇ ਚਾਨਣਾ ਪਾਉਂਦੇ ਹੋਏ ਕਹਿੰਦੇ ਹਨ ਕਿ ਜੋ ਭੀ ਜੀਵ ਇਥੇ ਆਉਂਦਾ ਹੈ, ਮਲਕ ਪ੍ਰਭੂ ਵਲੋਂ ਗਾਫਲ ਹੋ ਕੇ ਦੁਨੀਆ ਦੇ ਭੋਗ ਵਿਚ ਰੁੱਝ ਜਾਂਦਾ ਹੈ। ਪਰ ਫਿਰ ਭੀ ਮੌਜਾਂ ਦੀਆਂ ਮਿਥੀਆਂ ਹੋਈਆਂ ਆਸਾਂ ਪੂਰੀਆਂ ਨਹੀਂ ਹੁੰਦੀਆਂ। ਉਮਰ ਮੁੱਕ ਜਾਂਦੀ ਹੈ ਤੇ ਨਿਰਾਸਤਾ ਵਿਚ ਹੀ ਤੁਰਨਾ ਪੈਂਦਾ ਹੈ। ਜਿਸ ਜੀਵ ਉਤੇ ਪ੍ਰਭੂ ਮਿਹਰ ਕਰਦਾ ਹੈ ਉਹ ਗੁਰੂ ਦੇ ਦਸੇ ਰਾਹ ਤੇ ਤੁਰ ਕੇ ਪ੍ਰਭੂ ਦੀ ਯਾਦ ਵਿਚ ਜੁੜਦਾ ਹੈ। ਦੂਸਰਾ ਅਗਿਆਨਤਾ ਦੀ ਅੱਗ ਦਾ ਸ਼ਿਕਾਰ ਹੁੰਦਾ ਹੈ। ਜਿਹੜਾ ਮਨੁੱਖ ਸੁਚੇਤ ਰਹਿੰਦਾ ਹੈ ਤੇ ਪ੍ਰਭੂ ਭਗਤੀ ਕਰਦਾ ਹੈ ਉਸ ਦੀ ਆਤਮਿਕ ਮੌਤ ਸੰਭਵ ਹੀ ਨਹੀਂ :-

ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ।।
ਅੰਧਾ ਲੋਕੁ ਨ ਜਾਣਈ ਮੂਰਖ ਏਆਣਾ ।। ੧ ।।
ਕਹੁ ਡਡੀਆ ਬਾਧੈ ਧਨ ਖੜੀ ।।
ਪਾਹੂ ਘਰਿ ਆਏ ਮੁਕਲਾਊ ਆਏ ।। ੧ ।। ਰਹਾਉ ।।
ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ ।।
ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ।।2।।
ਸਾਹਿਬ ਹੋਇ ਦਇਆਲ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ ।।
ਤਾ ਸੋਹਾਗਣਿ ਜਾਣੀਐ ਗੁਰ ਸ਼ਬਦ ਬੀਚਾਰੇ ।।3।।
ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ।।
ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ ।।4।।
ਭਈ ਨਿਰਾਸੀ ਉਠਿ ਚਲੀ ਚਿਤ ਬੰਧਿਨ ਧੀਰਾ ।।
ਹਰਿ ਕੀ ਚਰਣੀ ਲਾਗਿ ਰਹੁ ਭਜੁ ਸਰਣਿ ਕਬੀਰਾ।।5।।6।।[30]

ਮੌਤ ਅਟੱਲ ਹੈ। ਇਸ ਤੋਂ ਕੋਈ ਬਚਿਆ ਨਹੀਂ ਜੋ ਇਸ ਜਗਤ ਤੇ ਆਇਆ ਹੈ ਅਵੱਸ਼ ਹੀ ਉਸਨੇ ਜਾਣਾ ਹੈ। ਭਗਤ ਫਰੀਦ ਜੀ ਮੌਤ ਦੇ ਇਸ ਪਰਬਲ ਰੂਪ ਦਾ ਬਿਆਨ ਇਸਲਾਮੀ ਮਤ ਅਨੁਸਾਰ ਕਰਦੇ ਹੋਏ ਕਹਿੰਦੇ ਹਨ ::-

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣੇ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ॥
ਫਰੀਦਾ ਕਿੜੀ ਪਾਵੰਦੀਈ ਖੜਾ ਨ ਆਪ ਮੁਹਾਇ ॥੧॥[31]

ਬਾਬਾ ਫਰੀਦ ਜੀ ਦਾ ਮੌਤ ਦਾ ਸੰਕਲਪ ਦੂਸਰੇ ਭਗਤਾਂ ਦੇ ਮੌਤ ਦੇ ਸੰਕਲਪ ਨਾਲੋ ਥੋੜਾ ਜਿਹਾ ਵਖਰਾ ਹੈ । ਕਾਰਨ ਇਹ ਕਿ ਇਸਲਾਮ ਵਿਚ ਮੌਤ ਇਸ ਸਰੀਰ ਜਾਮੇ ਦਾ ਪੂਰਨ ਰੂਪ ਵਿਚ ਖਾਤਮਾ ਹੈ । ਪਰ ਹਿੰਦੂ ਮਤ ਦੇ ਧਾਰਨੀ ਤੇ ਪ੍ਰਭਾਵ ਵਾਲੇ ਭਗਤ ਮੌਤ ਨੂੰ ਇਕ ਖੇਲ ਦੇ ਰੂਪ ਵਿਚ ਲੈਂਦੇ ਹਨ ਜਿਸ ਵਿਚ ਦੁਖ ਵੀ ਹੈ ਤੇ ਖੇਲ ਵੀ । ਇਸ ਲਈ ਮੌਤ ਤੇ ਦੁੱਖ ਦੋਵੇ ਅਸਲੀਅਤ ਨਹੀਂ ਹਨ ਮੌਤ ਨਾਲ ਕੌਣ ਮਰਦਾ ਹੈ । ਜੀਵਾਤਮਾ ਤਾਂ ਮਰਦੀ ਨਹੀਂ ਅਮਰ ਹੈ । ਪਰ " ਮੌਤ ਦੇ ਭੈ " ਦਾ ਵਿਚਾਰ ਭਗਤ ਫਰੀਦ ਜੀ ਰਾਹੀ ਹੀ ਪੰਜਾਬੀ ਕਾਵਿ ਵਿਚ ਸਾਮਲ ਹੋਇਆ । ਪਰੰਤੂ ਉਪਰੋਕਤ ਚਰਚਾ ਨੂੰ ਭਗਤ ਕਬੀਰ ਜੀ ਰਾਹੀ ਸਪਸ਼ਟ ਕੀਤਾ ਜਾ ਸਕਦਾ ਜੋ ਮੌਤ ਨੂੰ ਸੋਗ ਦੇ ਰੂਪ ਵਿਚ ਨਹੀਂ ਲੈਂਦੇ । ਪ੍ਰਭੂ ਭਗਤੀ ਵਿਚ ਲੀਨ ਸੰਗਤਾਂ ਦੀ ਸੇਵਾ ਵਿਚ ਲਗਾ ਹੋਇਆ ਇਹ ਪੰਜ ਤੱਤ ਦਾ ਭੌਤਿਕ ਸਰੀਰ ਮੌਤ ਦੇ ਡਰ ਤੋ ਮੁਕਤ ਹੈ :-

ਕਬੀਰ ਜਿਸ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦੁ ॥ [32]

ਪ੍ਰਭੂ ਭਗਤੀ ਤੋਂ ਸਖਣੇ ਗਿਆਨੀ ਤੇ ਅਗਿਆਨੀ ਦੋਵੇ ਹੀ ਮੌਤ ਦੀ ਖੁਰਾਕ ਹਨ । ਪਰ ਪ੍ਰਭੂ ਸਿਮਰਨ ਦੁਆਰਾ ਉਚੀ ਆਤਮਿਕ ਅਵੱਸਥਾ ਵਿਚ ਪਹੁੰਚਿਆ ਭਗਤ

ਮੌਤ ਦੇ ਭੈ ਉਤੇ ਕਾਬੂ ਪਾ ਲੈਂਦਾ ਹੈ । ਇਸ ਅਵਸਥਾ ਦਾ ਗਿਆਨ ਕਬੀਰ ਜੀ ਇੰਞ ਕਰਾਉਂਦੇ ਹਨ :-

ਮੈ ਨ ਮਰਉ ਮਰਿਬੋ ਸੰਸਾਰ ।।
ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ।।[33]

ਮਾਨਸ ਜਨਮ ਦੀ ਦੁਰਲਭਤਾ ਬਾਰੇ ਭਗਤ ਬਾਣੀ ਵਿਚ ਥਾਂ ਥਾਂ ਉਲੇਖ ਮਿਲਦਾ ਹੈ ਜੋ ਇਹ ਪ੍ਰਭੂ ਦਾ ਨਾਮ ਜਪ ਕਿ ਪੂਰਬਲੇ ਜਨਮਾਂ ਦੇ ਕਰਮਾਂ ਦਾ ਫਲ ਭੁਗਤ ਪ੍ਰਭੂ ਦੀ ਭਗਤੀ ਕਰ ਅਗਾ ਸਵਾਰਨ ਦੀ ਗਲ ਕੀਤੀ ਗਈ ਹੈ । ਇਸ ਬਾਰੇ ਭਗਤ ਕਬੀਰ ਜੀ ਇੰਞ ਫਰਮਾਉਂਦੇ ਹਨ :-

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ।।
ਜਿਉ ਬਨਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ।।[34]

ਕਰਮ :- ਜੋ ਕੰਮ ਜੀਵ ਦਿਨ ਰਾਤ ਕਰਦਾ ਹੈ ਚਾਹੇ ਉਹ ਚੰਗੇ ਹਨ ਤੇ ਉਹ ਮੰਦੇ ਉਨ੍ਹਾਂ ਦਾ ਨਾਮ ਕਰਮ ਹੈ । ਆਪਣੇ ਕੀਤੇ ਹੋਏ ਕਰਮਾਂ ਕਾਰਨ ਹੀ ਜੀਵ ਸੁਖ ਦੁੱਖ ਭੋਗਦਾ ਹੈ ਤੇ ਅਵਾਗਵਣ ਦੇ ਚਕਰ ਲਾਂਦਾ ਹੈ । ਇਸ ਲਈ ਜੀਵ ਨੂੰ ਨੇਕ ਕਰਮ ਹੀ ਕਰਨੇ ਚਾਹੀਦੇ ਹਨ । ਕਿਉਂਕਿ ਜੋ ਜੀਵ ਬੀਜਦਾ ਹੈ ਉਸ ਨੂੰ ਉਹੀ ਉਸ ਦਾ ਫਲ ਮਿਲਦਾ ਹੈ । ਭਗਤ ਬਾਣੀ ਵਿਚ ਨੇਕ ਕਰਮ ਕਰਨ ਲਈ ਜੀਵ ਨੂੰ ਬਾਰ ਬਾਰ ਉਦਾਹਰਣ ਦੇ ਸਮਝਾਇਆ ਗਿਆ ਹੈ । ਬਾਬਾ ਫਰੀਦ ਜੀ ਫਰਮਾਉਂਦੇ ਹਨ ਕਿ ਕਿੱਕਰ ਬੀਜ ਕੇ ਉਸ ਤੋ ਜਟੂ ਨੂੰ ਬਿਜੁਉਰ ਦੇਸ ਦੀਆਂ ਦਾਖਾ ਦੀ ਆਸਾ ਕਰਨਾ ਉਵੇਂ ਹੀ ਹੈ ਜਿਵੇਂ ਇਕ ਪਾਪੀ ਜੀਵ ਕਰੇ ਤਾਂ ਪਾਪ ਪਰ ਸੋਚੇ ਕਿ ਉਹ ਭਗਤ ਦੇ ਰੂਪ ਵਿਚ ਜਾਣਿਆ ਜਾਵੇਗਾ :

ਫਰੀਦਾ ਲੋੜੈ ਦਾਖ ਬਿਜੁਉਰੀਆ ਕਿਕਰ ਬੀਜੇ ਜਟੂ ।।
ਹੰਢੈ ਉਨ ਕਤਾਇਦਾ ਪੈਦਾ ਲੋੜੈ ਪਟੂ ।।

ਭਰਮ ਹੀ ਜੀਵ ਨੂੰ ਕਰਮਾਂ ਦੇ ਬੰਧਨਾਂ ਵਿਚ ਘਸਾਈ ਫਿਰਦਾ ਹੈ ਜਦ ਗੁਰੂ ਦੀ ਕ੍ਰਿਪਾ ਨਾਲ ਇਹ ਭਰਮ ਕਟਿਆ ਜਾਂਦਾ ਹੈ ਤਾਂ ਭਗਤ ਰਾਮਾਨੰਦ ਜੀ ਵਰਗੇ ਭੀ ਪ੍ਰਮਾਤਮਾ ਤੋਂ ਸਦਕੇ ਜਾਂਦੇ ਹੋਏ ਕਹਿੰਦੇ ਹਨ ਕਿ ਸਤਿਗੁਰੂ ਨੇ ਮੇਰੇ ਸਾਰੇ ਔਖੇ ਭੁਲੇਖੇ ਦੂਰ ਕਰ ਦਿਤੇ ਹਨ। ਰਾਮਾਨੰਦ ਦਾ ਮਾਲਕ ਪ੍ਰਭੂ ਹਰ ਥਾਂ ਮੌਜੂਦ ਹੈ ਤੇ ਗੁਰੂ ਦਾ ਸ਼ਬਦ ਕ੍ਰੋੜਾਂ ਕੀਤੇ ਮੰਦੇ ਕਰਮਾਂ ਦਾ ਨਾਸ ਕਰ ਦੇਂਦਾ ਹੈ ਇਸ ਲਈ ਪਾਪੀਆਂ ਦਾ ਭੀ ਉਧਾਰ ਗੁਰਮਤਿ ਅਨੁਸਾਰ ਹੋ ਸਕਦਾ ਹੈ :

ਸਤਿਗੁਰ ਮੈ ਬਲਿਹਾਰੀ ਤੋਰ ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
ਰਾਮਾਨੰਦ ਸੁਆਮੀ ਰਮਤ ਬ੍ਰਹਮ ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ੩॥੧॥[35]

ਭਗਤ ਕਬੀਰ ਜੀ ਮਾਨਸਿਕ ਤੇ ਆਤਮਿਕ ਅਵਸਥਾ ਦੇ ਬਨਾਉਣ ਵਾਲੇ ਪੁੰਨ ਤੇ ਪਾਪ ਦੋਹਾਂ ਕਰਮਾਂ ਨੂੰ ਹੀ ਮੰਨਦੇ ਹਨ :-

ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ ॥
ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ ॥੧॥
ਐਸਾ ਨਾਇਕੁ ਰਾਮੁ ਹਮਾਰਾ॥ ਸਗਲ ਸੰਸਾਰੁ ਕੀਓ ਬਨਜਾਰਾ॥ਰਹਾਉ॥[36]

ਜੀਵ ਜਿਹੋ ਜਿਹਾ ਕਰਮ ਕਰਦਾ ਹੈ ਉਸੇ ਤਰ੍ਹਾਂ ਦਾ ਫਲ ਉਸ ਨੂੰ ਭੁਗਤਣਾ ਪੈਂਦਾ ਹੈ। ਪੁੰਨ-ਪਾਪ ਦਾ ਫੈਸਲਾ ਪ੍ਰਮਾਤਮਾ ਦੇ ਹੱਥ ਹੈ। ਇਹ ਪਾਪ ਪੁੰਨ ਦੋਵੇ ਹੀ ਬੰਧਨ ਹਨ।

ਭਗਤ ਕਬੀਰ ਜੀ:-

ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥
ਏਸ ਨੋ ਕਿਆ ਆਖੀਐ ਕਿਆ ਕਰੈ ਬੀਚਾਰੀ ॥[37]

ਜੀਵ ਆਪਣੇ ਆਪ ਕੁਝ ਕਰਨ ਦੇ ਸਮਰਥ ਨਹੀਂ। ਉਹ ਨੇਕ ਕਰਮ ਕਰਨਾ ਚਾਹੁੰਦਾ ਹੋਇਆ ਭੀ ਕਰ ਨਹੀਂ ਸਕਦਾ ਜੇ ਗੁਰੂ ਦੀ ਕ੍ਰਿਪਾ ਨਾ ਹੋਵੇ ਤਾਂ।

ਕਿਉਂਕਿ ਕੋਈ ਭੀ ਜੀਵ ਆਪਣੇ ਵਲੋਂ ਮਾੜੇ ਕਰਮ ਨਹੀ ਕਰਨਾ ਚਾਹੁੰਦਾ ਪਰ ਜਗਤ ਵਿਚ ਕਿਤਨਾ ਕੁਝ ਮਾੜਾ ਹੋ ਰਿਹਾ ਹੈ। ਇਹ ਸਭ ਕੁਝ ਭਰਮ ਹੀ ਕਰਵਾ ਰਹੇ ਹਨ। ਇਹਨਾਂ ਭਰਮਾ ਤੋ ਮੁਕਤੀ ਵਾਹਿਗੁਰੂ ਹੀ ਦਵਾਅ ਸਕਦਾ ਹੈ ਕਿਉਂਕਿ ਉਸਦੀ ਸ਼ਕਤੀ ਅਸੀਮ ਹੈ :-

ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ ॥
ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ ॥ [38]

ਭਗਤ ਕਬੀਰ ਜੀ ਤਾਂ ਆਪਣੇ ਪੂਰਬਲੇ ਜਨਮ ਵਿਚ ਭਗਤੀ ਨਾ ਕਰਨ ਕਾਰਨ ਹੀ ਇਸ ਜਗਤ ਵਿਚ ਜੋ ਭੁਗਤ ਰਹੇ ਹਨ ਉਸੇ ਦਾ ਫਲ ਮੰਨਦੇ ਹਨ :-

ਜਿਉ ਜਲ ਛੋਡਿ ਬਾਹਰਿ ਭਇਓ ਮੀਨਾ ॥
ਪੂਰਬ ਜਨਮ ਹਉ ਤਪ ਕਾ ਹੀਨਾ ॥ [39]

ਆਵਾਗਵਨ :- ਆਵਾਗਵਨ ਦਾ ਮਤਲਬ ਹੈ ਇਸ ਜਗਤ ਵਿਚ ਬਾਰ ਬਾਰ ਜਨਮ ਧਾਰਨਾ ਤੇ ਮਰ ਜਾਣਾ। ਜੀਵਨ ਤੇ ਮੌਤ ਆਵਾਗਵਨ ਦੇ ਦੋ ਪਹੀਏ ਹਨ। ਭਗਤ ਬਾਣੀ ਵਿਚ ਇਹਨਾਂ ਨੂੰ ਬੜੇ ਸਰਲ ਤੇ ਸਿੱਧੇ ਢੰਗ ਨਾਲ ਜਗਿਆਸੂਆ ਨੂੰ ਸਮਝਾਇਆ ਗਿਆ ਹੈ ਜੋ ਜੀਵ ਸੰਸਾਰਕ ਮਾਇਆ ਦੇ ਚੱਕਰ ਵਿਚ ਫਸ ਜਾਂਦੇ ਹਨ ਉਹਨਾਂ ਨੂੰ ਬਾਰ ਬਾਰ ਜਨਮ ਧਾਰਨਾ ਪੈਂਦਾ ਹੈ ਤੇ ਮੁਕਤੀ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਜਨਮ - ਮਰਨ ਦੇ ਗੇੜ ਦਾ ਕਾਰਨ ਤੇ ਕਿਵੇਂ ਵਾਪਰਦਾ ਹੈ ਇਸਦਾ ਬੜਾ ਸੁੰਦਰ ਨਕਸ਼ਾ ਭਗਤ ਤ੍ਰਿਲੋਚਨ ਜੀ ਨੇ ਖਿਚਿਆ ਹੈ:-

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ੧ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥ 2 ॥
ਅੰਤਿ ਕਾਲਿ ਜੋ ਲੜਿਕੇ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥3 ॥

ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।।
ਪ੍ਰੇਤ ਜੋਨਿ ਵਲਿ ਵਲਿ ਅਉਤਰੈ ।। 4 ।।
ਅੰਤਿ ਕਾਲਿ ਨਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ।।
ਬਦਤਿ ਤਿਲੋਚਨ ਤੇ ਨਰ ਮੁਕਤਾ ਪੀਤੰਬਰ ਵਾ ਕੇ ਰਿਦੈ ਬਸੈ ।।5।।2।।[40]

ਕਬੀਰ ਜੀ ਆਵਾਗਵਨ ਬਾਰੇ ਫਰਮਾਉਂਦੇ ਹਨ :-

ਪਰ ਧਨ ਪਰ ਤਨ ਪਰਤੀ ਨਿੰਦਾ ਪਰ ਅਪਬਾਦੁ ਨ ਛੂਟੈ ।।
ਆਵਾਗਵਨੁ ਹੋਤੁ ਹੈ ਫੁਨਿ ਫੁਨਿ ਇਹ ਪਰਸੰਗੁ ਨ ਤੂਟੈ ।।[41]

<u>ਸੁਵਰਗ - ਨਰਕ</u> :- ਸਵਰਗ ਨਰਕ ਦੀ ਕਲਪਣਾ ਲਗਿਆ ਤੇ ਰੂਪ ਵਿਚ ਬਹੁਤਿਆ ਧਰਮਾਂ ਵਿਚ ਮਿਲਦੀ ਹੈ । ਇਹ ਚੰਗੇ ਤੇ ਮਾੜੇ ਕਰਮਾਂ ਦਾ ਫਲ ਹੈ । ਚੰਗੇ ਕਰਮ ਕਰਨ ਵਾਲੇ ਸੁਵਰਗ ਦੇ ਭਾਗੀ ਹੋ ਨਿਬੜਦੇ ਹਨ ਤੇ ਮਾੜੇ ਕਰਮ ਕਰਨ ਵਾਲੇ ਨਰਕਾਂ ਵਿਚ ਜਾਂਦੇ ਹਨ । ਭਗਤ ਕਬੀਰ ਜੀ ਸਵਰਗ ਨੂੰ ਮਾਨਤਾ ਨਹੀਂ ਦਿੰਦੇ ਪਰ ਨਰਕ ਨੂੰ ਜੀਵ ਦੀ ਮੁਕਤੀ ਲਈ ਸਵੀਕਾਰ ਕਰਦੇ ਹਨ :-

ਦਾਸੁ ਕਬੀਰ ਤੇਰੀ ਪਨਹ ਸਮਾਨਾ ।।
ਭਿਸਤੁ ਨਜੀਕਿ ਰਾਖੁ ਰਹਿਮਾਨਾ ।।[42]

ਪਰ ਨਾਲ ਹੀ ਉਹ ਨਰਕ ਸੁਰਗ ਨੂੰ ਸਭ ਕੁਝ ਨਹੀਂ ਮੰਨਦੇ ਤੇ ਉਹ ਗੁਰੂ ਦੀ ਓਟ ਤੇ ਇਹਨਾਂ ਦੋਹਾਂ ਨੂੰ ਭੀ ਰੱਦ ਕਰ ਦਿੰਦੇ ਹਨ :-

ਕਵਨ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ।।
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ।।[43]

ਜੀਵ ਆਮ ਤੌਰ ਤੇ ਸਵਾਰਥੀ ਹੋਣ ਨਾਤੇ ਸਵਰਗ ਲਈ ਪੁੰਨ ਦਾਨ ਕਰਦਾ ਹੈ ਤੇ ਅਗਾ ਸਵਾਰਨ ਦੀ ਗਲ ਕਰਦਾ ਹੈ ਮੌਤ ਉਸ ਲਈ ਭੈ ਦਾ ਕਾਰਨ ਹੈ । ਪਰ ਗੁਰਮਤਿ ਵਿਚ ਇੰਝ ਨਹੀਂ । ਭਗਤ ਬਾਣੀ ਵਿਚ ਭੀ ਮੌਤ ਤੋ ਡਰਨ ਦੀ ਬਜਾਏ ਇਸ ਦੇ ਆਉਣ ਨਾਲ ਪੂਰਨ ਪਰਮਾਨੰਦ ਪ੍ਰਾਪਤ ਹੋਣ ਦੀ ਗਲ ਕੀਤੀ ਗਈ ਹੈ । ਭਗਤ-ਬਾਣੀ

ਤਾਂ ਇਨ੍ਹਾਂ ਸਵਰਗ-ਨਰਕ ਦੇ ਚੱਕਰਾਂ ਤੋਂ ਉਪਰ ਉਠ ਪ੍ਰਭੂ ਭਗਤੀ ਵਿਚ ਲੀਨ ਹੋਣਾ ਹੀ ਉਤਮ ਦਸਦੀ ਹੈ । ਭਗਤ ਕਬੀਰ ਜੀ ਫਰਮਾਉਂਦੇ ਹਨ :-

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ।।
ਹੋਨਾ ਹੈ ਸੋ ਹੋਇ ਹੈ ਮਨਹਿ ਨ ਕੀਜੈ ਆਸ ।। ੧ ।।
ਰਮਈਆ ਗੁਨ ਗਾਈਐ ।। ਜਾਤੇ ਪਾਈਐ ਪਰਮ ਨਿਧਾਨੁ ।। ਰਹਾਉ।।[44]

ਮੁਕਤੀ :- ਪਰਮਾਤਮਾ ਦੀ ਭਗਤੀ ਕਰਕੇ ਜਨਮ-ਮਰਨ ਤੋ ਰਹਿਤ ਹੋ ਜਾਣ ਦਾ ਨਾਮ ਮੁਕਤੀ ਹੈ । ਜਾਂ ਪ੍ਰਭੂ ਦੀ ਭਗਤੀ ਕਰਕੇ ਉਸ ਦੇ ਚਰਨਾਂ ਵਿਚ ਅਭੇਦ ਹੋ ਜਾਣਾ ਜਾਂ ਮਿਲ ਜਾਣ ਦੇ ਨਾਮ ਨੂੰ ਭੀ ਮੁਕਤੀ ਕਿਹਾ ਜਾਂਦਾ ਹੈ । ਇਸ ਮੁਕਤੀ ਦੇ ਸੰਕਲਪ ਨੂੰ ਭਗਤ ਬੇਣੀ ਜੀ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਮੁਕਤੀ ਮਰਨ ਤੋ ਬਾਅਦ ਦੀ ਵਸਤੂ ਨਹੀਂ ਇਹ ਤਾਂ ਪ੍ਰਭੂ ਦੀ ਭਗਤੀ ਦੁਆਰਾ ਹੀ ਇਸ ਜੀਵਨ ਵਿਚ ਜੇ ਜੀਵ ਬੰਧਨਾਂ ਨੂੰ ਕਟ ਜਾਂ ਮੁਕਤ ਨਹੀਂ ਹੁੰਦਾ ਤਾਂ ਮਰਨ ਪਿਛੋ ਭੀ ਉਸ ਨੂੰ ਮੁਕਤੀ ਪ੍ਰਾਪਤ ਨਹੀ ਹੋ ਸਕਦੀ :-

ਤ੍ਰਿਕੁਟੀ ਛੋਡਿ ਦੇਖਿ ਧੁਨਿ ਉਪਜੈ ਮਾਨ ਕਰਤ ਨਹੀਂ ਬੂਝੈ ।।
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ।।
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ।।
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ।।5।।[45]

ਸੋ ਮੁਕਤੀ ਉਹਨਾਂ ਜੀਵਾਂ ਨੂੰ ਹੀ ਪ੍ਰਾਪਤ ਹੁੰਦੀ ਹੈ ਜੇਹੜੇ ਕਿ ਈਸਵਰ ਨਿਰੰਕਾਰ ਦੇ ਚਰਨਾਂ ਨਾਲ ਪ੍ਰੀਤ ਪਾ ਲੈਂਦੇ ਹਨ । ਬਿਨਾਂ ਪਰਮਾਤਮਾ ਦੀ ਪ੍ਰੀਤ ਮੁਕਤੀ ਮਿਲਣੀ ਅਸੰਭਵ ਹੈ । ਸਤਿਗੁਰੂ ਦੇ ਪਿਆਰੇ ਮੁਕਤੀ ਹਾਸਲ ਕਰਦੇ ਹੋਏ ਨਿਰੰਕਾਰ ਪਰਮਾਤਮਾ ਦੇ ਅਭੇਦ ਰੂਪ ਨਾਲ ਅਭੇਦ ਹੁੰਦੇ ਹੋਏ ਫਿਰ ਮੁਕਤੀ ਦੀ ਪਰਵਾਹ ਹੀ ਨਹੀਂ ਕਰਦੇ । ਕਿਉਂਕਿ ਗੁਰਮਤਿ ਨੇ ਗਿਆਨੀ ਪੁਰਸ਼ ਨੂੰ ਸਦਾ ਮੁਕਤ ਰੂਪ ਹੀ ਦਸਿਆ ਹੈ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਫਰਮਾਉਂਦੇ ਹਨ :-

ਸੁਰਗ ਨਰਕ ਅੰਮ੍ਰਿਤ ਬਿਖੁਏ ਸਭ ਤਿਉ ਕੰਚਨ ਅਰੁ ਪੈਸਾ ।।
ਉਸਤਤਿ ਨਿੰਦਾ ਏਹ ਸਮ ਜਾਕੈ ਲੋਭ ਮੋਹ ਫੁਨਿ ਤੈਸਾ ।।2।।
ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ।।
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ।।[46]

ਅੰਤ ਵਿਚ ਅਸੀ ਇਹ ਕਹਿ ਸਕਦੇ ਹਾਂ ਕਿ ਭਗਤ ਬਾਣੀ ਦੇ ਇਹ ਅਧਿਆਤਮਕ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਪਰੰਪਰਾ ਨੂੰ ਉਘਾੜਨ ਤੇ ਸਮਝਦਾਇਕ ਬਣਾਉਣ ਵਿਚ ਸਹਾਈ ਹੁੰਦੇ ਹਨ । ਭਗਤਾਂ ਦੇ ਜੀਵਨ ਦਰਸ਼ਨ ਵਿਚੋ ਉਪਜਿਆ ਅਧਿਆਤਮਵਾਦ ਜੀਵ ਨੂੰ ਵਖ ਵਖ ਪੱਖਾਂ ਤੋ ਚਾਨਣਾ ਪਾ ਕਿ ਸਿੱਧੇ ਰਸਤੇ ਪਾਉਣ ਦੇ ਸਮਰਥ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਿਕ ਭਾਈ ਵਾਲੀ ਸਾਰੇ ਜਗਤ ਨਾਲ ਪਵਾਉਣ ਵਿਚ ਸਹਾਈ ਹੁੰਦਾ ਹੈ । ਭਗਤ ਬਾਣੀ ਵਿਚ ਵੇਦਾਂ ਤੋਂ ਲੈ ਕੇ ਸੋਲਵੀ ਸਦੀ ਤੱਕ ਦੇ ਦਰਸ਼ਨ ਨੂੰ ਕਿਸੇ ਨਾ ਕਿਸੇ ਰੂਪ ਵਿਚ ਵਿਆਖਿਆ ਸਹਿਤ ਮੁੜ ਸੁਰਜੀਤ ਕੀਤਾ ਗਿਆ ਹੈ ।

## 4.3 ਭਗਤਾਂ ਦੀ ਭਗਤੀ ਦੇ ਸਾਧਨ

ਪ੍ਰਭੂ ਭਗਤੀ ਹੀ ਪ੍ਰਭੂ ਪ੍ਰਾਪਤੀ ਦਾ ਪ੍ਰਮੁੱਖ ਸਾਧਨ ਹੈ । ਪਰ ਇਹ ਸਾਧਨ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦ ਗੁਰੂ ਦੀ ਕ੍ਰਿਪਾ ਹੁੰਦੀ ਹੈ । ਜਦ ਗੁਰੂ ਦੀ ਕ੍ਰਿਪਾ ਹੋ ਜਾਂਦੀ ਹੈ ਤਾਂ ਸ਼ਰਧਾ ਅਤੇ ਪ੍ਰੇਮ ਵਿੱਚ ਰੰਗਿਆ ਜੀਵ ਵਿਕਾਰਾਂ ਦੀ ਮਾਰ ਤੋ ਦੂਰ, ਨਾਮ ਸਿਮਰਨ ਦੇ ਅਨੰਦ ਵਿੱਚ ਰੰਗਿਆ, ਦੁਨੀਆਂ ਦੀ ਮਾਇਆ ਤੋਂ ਵੈਰਾਗੀ ਇਸ ਜਾਮੇ ਦੇ ਮਿਲਣ ਦੇ ਕਾਰਨ ਦਾ ਗਿਆਨ ਤੇ ਸਾਂਤ ਸੰਗ ਦੀ ਵਡਿਆਈ ਤੋਂ ਕੁਰਬਾਨ, ਕੀਰਤਨ ਰਾਹੀਂ ਪ੍ਰਭੂ ਚਰਨਾਂ ਦੇ ਨੇੜੇ ਹੋ ਬਿਨੈ-ਭਾਵ, ਸੇਵਾ ਤੇ ਆਤਮ ਸਮਰਪਣ ਆਦਿ ਭਗਤਾਂ ਦੀ ਭਗਤੀ ਦੇ ਸਾਧਨ ਮੰਨੇ ਜਾਂਦੇ ਹਨ ।

ਉਪਰੋਕਤ ਭਗਤੀ ਭਾਵ ਰਖਣ ਵਾਲਿਆਂ ਭਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ ਦਿੱਤੀ ਗਈ ਹੈ । ਭਗਤਾਂ ਦੀ ਬਾਣੀ ਦਾ ਮੁਖ ਵਿਸ਼ਾ ਹੀ ਭਗਤੀ ਹੈ । ਭਗਤਾਂ ਦੀ ਸਾਧਨਾ ਤੇ ਅਧਿਆਤਮਕ ਚਿੰਤਨ ਇਸੇ ਵਿਸ਼ਾਲ ਭਗਤੀ ਦਾ ਹੀ ਹਿੱਸਾ ਹਨ । ਭਗਤ ਬਾਣੀ ਵਿਚ ਰਾਮ, ਕੇਸ਼ਵ, ਹਰੀ, ਖੁਦਾ, ਅਲ੍ਹਾ ਦਾ ਨਾਮ ਭਗਤਾਂ ਨੂੰ ਸਹੀ ਅਰਥਾਂ ਵਿੱਚ ਭਗਤ ਬਣਾਉਂਦਾ ਹੈ । ਪਰ ਇਹਨਾਂ ਭਗਤਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਨੂੰ ਕਿਸੇ ਧਰਮ ਜਾਂ ਸੰਪਰਦਾਇ ਦੀ ਕੈਦ ਵਿੱਚ ਬੰਨ੍ਹਿਆ ਨਹੀਂ ਜਾ ਸਕਦਾ । ਇਹ ਭਗਤੀ ਭਾਵ ਰਾਹੀਂ ਇਹਨਾਂ ਹੱਦਾਂ ਤੋਂ ਉਪਰ ਹੋ ਇਕ ਪ੍ਰਭੂ ਦੀ ਨੜ ਲਗ ਸਭ ਉਸੇ ਦੀ ਮਾਇਆ ਸਮਝ, ਸਭ ਵਿਚ ਉਸ ਨੂੰ ਹੀ ਵੇਖਦੇ ਹਨ । ਤੇ ਇੰਜ ਕਰ ਸਕਣਾ ਵੀ ਭਗਤੀ ਹੀ ਹੈ । ਕਰਮ ਕਾਂਡ ਦੇ ਜਾਲ ਤੇ ਗਿਆਨ ਲਈ ਗਿਆਨ ਪ੍ਰਾਪਤ ਕਰਨ ਦੇ ਚਕਰਾਂ ਵਿੱਚ ਆਪ ਨਾ ਪੈ ਕੇ ਜੰਨਤਾ ਨੂੰ ਇਸ ਚੱਕਰ ਵਿੱਚੋ ਨਿਕਲਣ ਦਾ ਰਸਤਾ ਵੀ ਕੇਵਲ ਭਗਤ ਹੀ ਦਸਦੇ ਹਨ । ਭਗਤਾਂ ਦਾ ਜੀਵਨ-ਚਿਤ੍ਰ ਵੀ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਉਹਨਾਂ ਨੇ ਧਾਰਮਿਕ ਪਖੰਡ ਤੇ ਅਡੰਬਰਾਂ ਤੋਂ ਮੁਕੱਤ ਹੋ ਭਗਤੀ ਦੇ ਵਿਖਾਵੇ ਮਾਤਰ ਬਾਹਰਲੇ ਰੂਪ ਨੂੰ ਲਕੀਰ ਦੇ ਫਕੀਰ ਵਾਂਗ ਪਰਵਾਨ ਨਹੀਂ ਕੀਤਾ । ਭਗਤਾਂ ਨੇ ਰਾਮ ਨਾਮ ਦੀ ਮਹਿਮਾ ਤਾਂ ਜ਼ਰੂਰ ਗਾਈ ਹੈ, ਪਰ ਇਹ ਰਾਮ ਦਸ਼ਰਥ ਦਾ ਪੁੱਤਰ ਨਹੀਂ ਸਗੋਂ ਪ੍ਰਭੂ ਦੇ ਰੂਪ ਵਿਚ ਰਾਮ ਨੂੰ ਲਿਆ ਗਿਆ ਹੈ । ਭਗਤੀ ਦਿਸਦੇ ਦੀ ਨਹੀਂ ਸਗੋਂ ਅਣ-ਦਿਸਦੇ ਨਿਰੰਕਾਰ ਦੀ ਕੀਤੀ ਗਈ ਹੈ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚਲੇ ਭਗਤਾਂ ਦਾ ਪ੍ਰਭੂ ਪ੍ਰਾਪਤੀ ਦਾ ਸਾਧਨਾਂ ਯੋਗ ਰਾਹੀਂ ਜਾਂ ਕਰਮ ਕਾਂਡ ਰਾਹੀਂ ਜਾਂ ਗਿਆਨ ਪ੍ਰਾਪਤ ਰਾਹੀਂ ਨਹੀਂ ਬਲਕਿ, ਇਹ ਤਾਂ ਭਗਤੀ ਭਾਵ ਰਾਹੀਂ ਉਸੇ ਗੁਰੂ ਦੀ ਕ੍ਰਿਪਾ ਦੁਆਰਾ ਗ੍ਰਿਹਸਤ ਜੀਵਨ ਵਿੱਚ ਰਹਿੰਦਿਆਂ, ਨਾਮ ਜਪਦਿਆਂ, ਦਸਾਂ ਨਹੂੰਆਂ ਦੀ ਕਿਰਤ ਕਮਾਈ ਕਰਦਿਆਂ ਤੇ ਵੰਡ ਕੇ ਛੱਕਦਿਆਂ ਸਹਿਜ ਸੁੱਭਾਅ, ਸਹਿਜ ਅਵਸਥਾ ਨੂੰ ਪ੍ਰਾਪਤ ਕਰਨ ਦਾ ਹੈ । ਪ੍ਰਭੂ ਨੂੰ ਪਿਤਾ ਦੇ ਰੂਪ ਵਿਚ ਗੁਰੂ ਦੇ ਰੂਪ ਵਿੱਚ ਤੇ ਪਿਆਰੇ ਦੇ ਰੂਪ ਵਿੱਚ ਲਿਆ ਗਿਆ ਹੈ। ਜੋ ਕਿ ਸਹੀ ਅਰਥਾਂ ਵਿੱਚ ਪ੍ਰੇਮ ਦੀ ਮੂਰਤ ਹੈ, ਨਾ ਕਿ ਪੱਥਰਾਂ ਨਾਲ ਮੱਥੇ ਰਗੜਨ, ਮਨੁੱਖਤਾ ਨੂੰ ਨੀਵੀ ਜਾਤਾਂ

ਦਾ ਕਹਿ ਉਹਨਾਂ ਦੇ ਪਛਾਵੇਂ ਤੇ ਸੂੰਰ ਭਿੱਟ ਦਾ ਘਿਰਣਾਮਈ ਪਰਗਟਾਵਾ ਆਦਿ ਕਰਨ ਤੇ ਗਿਆਨ ਰਾਹੀਂ ਹਾਊਮੈ ਨੂੰ ਪੱਠੇ ਪਾਉਣ ਜਿਹੇ ਕਰਮ ਕਾਂਡੀ ਤੇ ਧਰਮ ਦੇ ਠੇਕੇਦਾਰਾਂ ਵਲੋਂ ਜੰਤਾ ਨੂੰ ਲੁਟਣ ਲਈ ਭਰਮ ਤੇ ਭੁੱਲੇਖੇ ਉਸ ਪ੍ਰਭੂ ਲਈ ਪਾ ਦੂਰ ਕਰਨ ਦੇ ਉਪਰਾਲਿਆਵਾਂ ਦਾ ਖੰਡਣ ਕਰ ਭਗਤਾਂ ਨੇ ਆਪਣੇ ਜੀਵਨ ਦਰਸ਼ਨ ਤੇ ਪ੍ਰਭੂ ਦੀ ਕ੍ਰਿਪਾ ਦੁਆਰਾ ਕੀਤੀਆਂ ਘਾਲਨਾਵਾਂ ਰਾਹੀਂ ਮਨੁੱਖਤਾ ਦੇ ਕਲਿਆਣ ਲਈ ਭਗਤੀ ਮਾਰਗ ਰਾਹੀਂ ਪ੍ਰਭੂ ਤਕ ਪਹੁੰਚਣ ਦਾ ਸਰਲ ਸਿੱਧਾ ਤੇ ਸੌਖਾ ਰਸਤਾ ਖੋਜ ਆਪ ਤੁਰ ਕੇ ਵਿਖਾਇਆ ਅਗੇ ਨੂੰ ਸੰਗਤਾਂ ਨੂੰ ਤੁਰਨ ਦਾ ਉਪਦੇਸ਼ ਦਿੱਤਾ ।

ਭਗਤ ਕਿਸੇ ਬਾਹਰੀ ਅਡੰਬਰ ਜਾਂ ਨੌਧਾ-ਭਗਤੀ ਆਦਿ ਵਿਧੀਆਂ ਰਾਹੀਂ ਕੀਤੀ ਭਗਤੀ ਨੂੰ ਪ੍ਰਭੂ ਪ੍ਰਾਪਤੀ ਦੇ ਸਾਧਨ ਦੇ ਰੂਪ ਵਿੱਚ ਨਾ ਮੰਨਦੇ ਹਨ ਤੇ ਨਾ ਹੀ ਇਸ ਮਾਰਗ ਦੇ ਪੰਧਾਉ ਹਨ । ਉਹ ਸ਼ਰਧਾ ਵਿਚੋਂ ਉਪਜਿਆ ਪ੍ਰੇਮ ਤੇ ਉਸ ਪ੍ਰੇਮ ਤੇ ਸ਼ਰਧਾ ਦੇ ਬਲ ਪ੍ਰਭੂ ਦੇ ਹੋ ਉਸ ਤੋਂ ਪਾਸੇ ਹੋਰ ਕੁਝ ਕਰਦੇ ਭਾਵੇਂ ਦਿਖਾਈ ਦਿੰਦੇ ਹਨ, ਪਰ ਉਹਨਾਂ ਦੀ ਚਾਹਣਾ ਸਿਰਫ ਪ੍ਰਭੂ ਤਕ ਪਹੁੰਚਣ ਦੀ ਹੈ ਨਾ ਕਿ ਇਸ ਸ੍ਰਿਸ਼ਟੀ ਦੇ ਚੱਕਰਾਂ ਵਿਚ ਪੈਣ ਦੀ । ਇਸ ਅਵਸਥਾ ਨੂੰ ਬਾਬਾ ਫਰੀਦ ਜੀ ਇੰਜ ਬਿਆਨਦੇ ਹਨ :

ਕਲਰ ਕੇਰੀ ਛਪੜੀ ਆਇ ਉਲਥੇ ਹੰਝ ।।
ਚਿੰਜੂ ਬੋੜਨਿ ਨਾ ਪੀਵਹਿ ਉਡਨ ਸੰਦੀ ਡੰਝ ।।64।।[47]

ਭਗਤ ਬਾਹਰਲੇ ਅਡੰਬਰਾਂ ਤੇ ਕਰਮ ਕਾਂਡਾਂ ਤੇ, ਗਿਆਨ ਦੀ ਪ੍ਰਾਪਤ ਰਾਹੀਂ ਪ੍ਰਭੂ ਤਕ ਨੂੰ ਜਾਨਣ ਵਾਲਿਆਂ ਨੂੰ ਤੇ ਮੂਰਤੀ ਪੂਜਾ ਨੂੰ ਭਗਤੀ ਦਾ ਜ਼ਰੂਰੀ ਅੰਗ ਨਹੀਂ ਮੰਨਦੇ । ਭਗਤ ਕਬੀਰ ਜੀ ਸੁਪਸ਼ਟ ਰੂਪ ਵਿਚ ਮੂਰਤੀ ਪੂਜਾ ਦਾ ਖੰਡਣ ਕਰਦੇ ਹਨ :

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ।।
ਜਿਸ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰ ਜੀਉ ।।੧।।
ਭੂਲੀ ਮਾਲਿਨੀ ਹੈ ਏਉ।। ਸਤਿਗੁਰੁ ਜਾਗਤਾ ਹੈ ਦੇਉ।।੧।।ਰਹਾਉ।।
ਬ੍ਰਹਮੁ ਪਾਤੀ ਬਿਸ਼ਨੁ ਡਾਰੀ ਫੂਲ ਸੰਕਰ ਦੇਉ ।।

ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸਕੀ ਸੇਉ ॥2॥
ਪਾਖਾਨ ਗਢਿਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ ॥
ਜੇ ਇਹ ਮੂਰਤਿ ਸਾਚੀ ਹੈ ਤਉ ਘੜ੍ਹਣਹਾਰੇ ਖਾਉ ॥3॥[48]

ਸਾਧ ਸੰਗਤ, ਗੁਰੂ, ਵੈਰਾਗ, ਗਿਆਨ, ਨਾਮ, ਸਿਮਰਨ, ਕੀਰਤਨ, ਅਰਦਾਸ ਨੂੰ ਹੀ ਭਗਤਾਂ ਨੇ ਪ੍ਰਭੂ ਪ੍ਰਾਪਤੀ ਦੇ ਸਾਧਨ ਮੰਨਿਆ ਹੈ ।

<u>ਸਾਧ ਸੰਗਤ:</u> ਸਤਿਸੰਗ ਤੇ ਸਾਧ ਸੰਗਤ ਇਕ ਦੂਸਰੇ ਦੇ ਪੂਰਕ ਸ਼ਬਦ ਹਨ । ਸਤਿਸੰਗ ਉਹ ਸਕੂਲ ਜਾਂ ਪਾਠਸ਼ਾਲਾ ਹੈ ਜਿਸ ਵਿਚ ਜੀਵ ਦੇ ਦਾਖਲ ਹੋਣ ਨਾਲ ਉਸ ਨੂੰ ਸਤ ਅਸਤ ਦਾ ਨਿਰਣਾ ਹੁੰਦਾ ਹੈ ਤੇ ਸਤ ਵਸਤੂ ਦੀ ਲਖਤਾ ਹੋਵੇ ਤੇ ਬਿਰਤੀ ਨਾਮ ਮਹੱਤਾ ਨੂੰ ਸੁਣ ਕੇ ਧਾਰਣ ਕਰ ਲਵੇ, ਉਸ ਦਾ ਨਾਮ ਸਤਿਸੰਗ ਹੈ ।

ਭਾਵੇਂ ਦੁਨੀਆਂ ਵਿੱਚ ਹਰ ਪਰਕਾਰ ਦੇ ਮਿਲਾਪ ਤੇ ਇੱਕਠ ਨੂੰ ਸੰਗਤ ਕਹਿੰਦੇ ਹਨ, ਪਰ ਉਹਨਾਂ ਵਿਚੋਂ ਜਿਹੋ ਜਿਹੀ ਸੰਗਤ ਕੋਈ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਪ੍ਰਾਪਤ ਹੁੰਦਾ ਹੈ । ਇਹਨਾਂ ਸਾਰੀਆਂ ਵਿਚੋਂ ਗੁਰੂ ਦਾ ਜਸ ਕਰਨ ਵਾਲੀ ਸੰਗਤ ਦਾ ਨਾਮ ਹੀ ਸਤਿਸੰਗਤ ਹੈ ।

ਸੋ ਸਾਧ ਸੰਗਤ ਦੇ ਵਿੱਚ ਹੀ ਪ੍ਰਮਾਤਮਾ ਵਸਦਾ ਹੈ ਤੇ ਸਤਿਸੰਗਤ ਵਿੱਚ ਜਾਣ ਕਰਕੇ ਉਸ ਦੇ ਮਿਲਣ ਦੀ ਜੁਗਤੀ ਪ੍ਰਾਪਤ ਹੁੰਦੀ ਹੈ ।

ਸ਼ੇਖ ਫਰੀਦ ਜੀ ਸਤਿਸੰਗਤ ਦੀ ਮਹਾਨਤਾ ਨੂੰ ਦਰਸਾਉਂਦੇ ਹੋਏ ਕਹਿੰਦੇ ਹਨ । ਕਿ ਇਸ ਸੰਸਾਰ ਰੂਪੀ ਡਰਾਉਣੇ ਖੂਹ ਵਿੱਚ ਜੀਵ ਰੂਪੀ ਇਸਤਰੀ ਇਕਲੀ ਡਿਗ ਪਈ ਹੈ । ਉਸ ਦਾ ਕੋਈ ਸਾਥੀ ਤੇ ਬੇਲੀ ਵੀ ਨਹੀਂ ਹੈ । ਜੋ ਇਸ ਮੁਸੀਬਤ ਵਿੱਚ ਉਸ ਦੀ ਮਦਦ ਕਰ ਸਕੇ । ਪਰ ਹੁਣ ਜਦੋਂ ਉਸ ਪ੍ਰਭੂ ਨੇ ਮੇਹਰ ਕਰਕੇ ਸਤਿਸੰਗ ਵਿੱਚ ਮਿਲਾਇਆ ਹੈ ਤਾਂ ਉਥੇ ਮੈਨੂੰ ਮੇਰਾ ਰੱਬ ਬੇਲੀ ਦਿਸ ਰਿਹਾ ਹੈ :

ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥

ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੇ ।।
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ।।3।।[49]

ਭਗਤ ਕਬੀਰ ਜੀ ਸਾਧ ਸੰਗਤ ਦੀ ਮਹੱਤਾ ਦਸਦੇ ਹੋਏ ਫਰਮਾਉਂਦੇ ਹਨ ਕਿ ਸਾਧ ਸੰਗਤ ਵਿੱਚ ਰਿਹਾਂ ਦਿਨੋ ਦਿਨ ਪ੍ਰਮਾਤਮਾ ਨਾਲ ਪਿਆਰ ਵਧਦਾ ਹੀ ਵੱਧਦਾ ਹੈ । ਪਰ ਰਬ ਨਾਲੋਂ ਟੁੱਟਾ ਹੋਇਆ ਮਨੁੱਖ, ਮਾਨੋ ਕਾਲੇ ਕੰਬਲੇ ਹੈ । ਜੋ ਧੋਤਿਆ ਵੀ ਕਦੇ ਚਿੱਟੇ ਨਹੀਂ ਹੁੰਦੇ । ਭਾਵ ਰਬ ਤੋਂ ਜਾਂ ਸਾਧ ਸੰਗਤ ਤੋਂ ਬੇਮੁੱਖਾਂ ਦੀ ਸੰਗਤ ਵਿੱਚ ਜਾਇਆਂ ਮਨ ਦੀ ਪਵਿਤਰਤਾ ਨਹੀਂ ਮਿਲ ਸਕਦੀ :

ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ।।
ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ ।।100।।[50]

ਪਰੰਤੂ ਜੇ ਜੀਵ ਸਾਧ ਸੰਗਤ ਦੇ ਮੁਕਾਬਲੇ ਸਾਕਤ ਪੁਰਸ਼ਾਂ ਦੀ ਸੰਗਤ ਕਰਦਾ ਹੈ ਤਾਂ ਅਧੋਗਤੀ ਨੂੰ ਪ੍ਰਾਪਤ ਹੁੰਦਾ ਹੈ । ਭਗਤ ਕਬੀਰ ਜੀ ਸੰਗਤਾਂ ਨੂੰ ਸਾਕਤ ਪੁਰਸਾਂ ਦੀ ਸੰਗਤਾਂ ਤੋਂ ਬਚਣ ਦਾ ਉਪਦੇਸ਼ ਦਿੰਦੇ ਹਨ :-

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ।।
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ।।131।।[51]

ਭਗਤ ਰਵਿਦਾਸ ਜੀ ਸਾਧ ਸੰਗਤ ਦੀ ਮਹੱਤਾ ਨੂੰ ਪ੍ਰਗਟਾਉਂਦੇ ਹੋਏ ਫਰਮਾਉਂਦੇ ਹਨ ਕਿ ਸਾਧ ਸੰਗਤ ਹੀ ਇਕ ਐਸਾ ਅਸਥਾਨ ਹੈ ਜਿਥੇ ਮਨ ਉਚੀ ਅਵਸਥਾਂ ਵਿਚ ਅੱਪੜ ਸਕਦਾ ਹੈ, ਤੇ ਪਰਾਈ ਨਿੰਦਿਆ ਅਗਿਆਨਤਾ, ਝੂਠ ਆਦਿਕ ਵਿਕਾਰਾਂ ਵਲੋਂ ਤਰਕ ਕਰਕੇ ਇਹਨਾਂ ਤੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ ।

ਮਿਲਤ ਪਿਆਰੋ ਪ੍ਰਾਨਨਾਥੁ ਕਵਨ ਭਗਤਿ ਤੇ ।।
ਸਾਧ ਸੰਗਤਿ ਪਾਈ ਪਰਮ ਗਤੇ ।। ਰਹਾਉ ।।
ਮੈਲੇ ਕਪਰੇ ਕਹਾ ਲਉ ਧੋਵਉ ।।੧।।
ਆਵੈਗੀ ਨੀਦ ਕਹਾ ਲਗੁ ਸੋਵਉ ।।੧।।

ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ।।
ਝੂਠੇ ਬਨਜਿ ਉਠਿ ਹੀ ਗਈ ਹਾਟਿਓ ।।2।।
ਕਹੁ ਰਵਿਦਾਸ ਭਇਓ ਜਬ ਲੇਖੋ ।।
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ।।3।।[52]

<u>ਗੁਰੂ</u> :- ਭਗਤ ਬਾਣੀ ਵਿੱਚ ਭਗਤੀ ਦਾ ਦੂਜਾ ਪਰਮੁੱਖ ਸਾਧਨ ਗੁਰੂ ਨੂੰ ਮੰਨਿਆ ਗਿਆ ਹੈ । ਗੁਰੂ ਤੋਂ ਬਿਨਾਂ ਅਗਿਆਨਤਾ ਦੂਰ ਨਹੀਂ ਹੋ ਸਕਦੀ । ਗੁਰੂ ਤੋਂ ਗਿਆਨ ਪ੍ਰਾਪਤੀ ਹੁੰਦੀ ਹੈ । ਜਿਸ ਤੋਂ ਜੀਵ ਨੂੰ ਇਸ ਤੱਥ ਦੀ ਸੋਝੀ ਹੁੰਦੀ ਹੈ ਕਿ ਇਹ ਮਨੁੱਖਾ ਦੇਹੀ ਉਸ ਨੂੰ ਨਾਮ ਸਿਮਰਨ ਲਈ ਮਿਲੀ ਹੈ । ਜਿਸ ਨੂੰ ਸਿਮਰਨ ਉਪਰੰਤ ਉਸ ਪ੍ਰਮਾਤਮਾ ਨਾਲ ਮਿਲਾਪ ਸੰਭਵ ਹੋ ਸਕਦ ਾ ਹੈ । ਪਰ ਇਹ ਸਭ ਕੁਝ ਗੁਰੂ ਦੀ ਸੇਵਾ ਤੇ ਉਸ ਵਲੋਂ ਦਸੇ ਰਾਹ ਤੇ ਚਲਣ ਨਾਲ ਹੀ ਪ੍ਰਾਪਤ ਹੋ ਸਕਦਾ ਹੈ । ਇਸ ਰਹੱਸ ਨੂੰ ਖੋਲਦੇ ਹੋਏ ਬਾਬਾ ਫਰੀਦ ਜੀ ਫਰਮਾਉਂਦੇ ਹਨ ਕਿ ਜਦੋਂ ਜੀਵ ਤੈਨੂੰ ਪਤਾ ਹੈ ਕਿ ਆਖਰ ਮਰਨਾ ਹੈ ਤੇ ਮੁੜ ਕਿ ਇਥੇ ਨਹੀਂ ਆਉਣਾ, ਤਾਂ ਇਸ ਨਾਸਵੰਤ ਦੁਨੀਆਂ ਨਾਲ ਪ੍ਰੀਤ ਲਾ ਕੇ ਆਪਣਾ ਆਪ ਗਵਾਉਣਾ ਨਹੀਂ ਚਾਹੀਦਾ, ਸੱਚ ਤੇ ਧਰਮ ਹੀ ਬੋਲਣਾ ਚਾਹੀਦਾ ਹੈ। ਝੂਠ ਨਹੀਂ ਬੋਲਣਾ ਚਾਹੀਦਾ, ਜੋ ਰਸਤਾ ਗੁਰੂ ਦੱਸੇ ਉਸ ਰਸਤੇ ਤੇ ਮੁਰੀਦਾਂ ਵਾਂਗ ਚਲਣਾ ਚਾਹੀਦਾ ਹੈ :-

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ।।
ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ।।
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ।।
ਜੋ ਗੁਰੁ ਦਸੈ ਵਾਟ ਮਰੀਦਾ ਜੋਲੀਐ ।।3।।[53]

ਭਗਤ ਨਾਮ ਦੇਵ ਜੀ ਪ੍ਰਭੂ ਮਿਲਾਪ ਦੇ ਰਸਤੇ ਵਿਚ ਗੁਰੂ ਦੀ ਕ੍ਰਿਪਾ ਦਾ ਜ਼ਿਕਰ ਕਰਦੇ ਹੋਏ ਫਰਮਾਉਂਦੇ ਹਨ ਕਿ ਮੈਨੂੰ ਪ੍ਰਭੂਦੇਵ ਨੇ ਸਤਿਗੁਰੂ ਮਿਲਾ ਦਿੱਤਾ ਹੈ, ਉਸ ਦੀ ਕ੍ਰਿਪਾ ਨਾਲ ਮੇਰਾ ਮਨ ਉਸ ਦੇ ਸ਼ਬਦ ਵਿਚ ਲੀਨ ਹੋ ਗਿਆ, ਉਸ ਗੁਰੂ ਦੀ ਕ੍ਰਿਪਾ ਨਾਲ ਮੇਰੇ ਮਨ ਵਿਚ ਹੁਣ ਇਕ ਰਸ ਸੂਰਜ ਦੇ ਚਾਨਣ ਵਰਗਾ ਚਾਨਣ ਹੈ, ਇਥੇ ਪਹਿਲਾਂ ਮਧਮ ਜਿਹੇ ਦੀਵੇ ਵਰਗਾ ਚਾਨਣ ਸੀ, ਹੁਣ ਉਸ ਦੀ ਕ੍ਰਿਪਾ ਨਾਲ ਮੇਰੀ ਉਸ

ਪ੍ਰਭੂ ਨਾਲ ਜਾਣ ਪਛਾਣ ਹੋ ਗਈ ਹੈ ਤੇ ਮੈਂ ਦਾਸ ਨਾਮਦੇਵ ਅਡੋਲ ਅਵਸਥਾ ਵਿੱਚ ਟਿਕ ਗਿਆ ਹਾਂ :-

ਜਬ ਦੇਖਾ ਤਬ ਗਾਵਾ।। ਤਉ ਜਨ ਧੀਰਜੁ ਪਾਵਾ ।।੧।।
ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ।।੧।। ਰਹਾਉ।।
ਜਹ ਝਿਲਮਿਲਿ ਕਾਰੁ ਦਿਸੰਤਾ।। ਤਹ ਅਨਹਦ ਸਬਦ ਬਜੰਤਾ ।।
ਜੋਤੀ ਜੋਤਿ ਸਮਾਨੀ ।।। ਮੈ ਗੁਰਪਰਸਾਦੀ ਜਾਨੀ ।।2।।
ਰਤਨ ਕਮਲ ਕੋਠਰੀ।। ਚਮਕਾਰ ਬੀਜੁਲ ਤਹੀ ।।
ਨੇਰੈ ਨਾਹੀ ਦੂਰਿ ।। ਨਿਜ ਆਤਮੈ ਰਹਿਆ ਭਰਪੂਰਿ ।।3।।
ਜਹ ਅਨਹਤ ਸੂਰ ਉਜ੍ਯਾਰਾ।। ਤਹ ਦੀਪਕ ਜਲੈ ਛੰਛਾਰਾ ।।
ਗੁਰ ਪਰਸਾਦੀ ਜਾਨਿਆ।। ਜਨੁ ਨਾਮਾ ਸਹਜਿ ਸਮਾਨਿਆ।।4।।੧।।[54]

ਭਗਤ ਬੇਣੀ ਜੀ ਗੁਰੂ ਤੋਂ ਬੇਮੁੱਖ ਜੀਵਾਂ ਨੂੰ ਅੰਨੇ ਦਸਦੇ ਹਨ ਜੋ ਆਤਮਾ ਦੀ ਅਸਲੀਅਤ ਨਹੀਂ ਪਛਾਣਦੇ ਤੇ ਫੋਕੇ ਕਰਮਾਂ ਧਰਮਾਂ ਵਿਚ ਅੰਨ੍ਹੇ ਹੋਏ ਨਚੀ ਜਾਂਦੇ ਹਨ । ਉਹੀ ਮਨੁੱਖ ਸਿਮਰਨ ਕਰਦਾ ਹੈ ਜੋ ਗੁਰੂ ਦੇ ਸਨਮੁੱਖ ਹੁੰਦਾ ਹੈ । ਉਸ ਤੋਂ ਬਿਨਾਂ ਜ਼ਿੰਦਗੀ ਦਾ ਸਹੀ ਰਾਹ ਨਹੀਂ ਲਭਦਾ :-

ਜਿਨਿ ਆਤਮ ਤਤੁ ਨ ਚੀਨਿਆ ।।
ਸਭ ਫੋਕਟ ਧਰਮ ਅਬੀਨਿਆ ।।
ਕਹੁ ਬੇਣੀ ਗੁਰਮੁਖਿ ਧਿਆਵੈ ।।
ਬਿਨੁ ਸਤਿਗੁਰ ਬਾਟ ਨ ਪਾਵੈ ।।5।।[55]

ਸ਼ਬਦ ਗੁਰੂ ਦੀ ਬਖ਼ਸ਼ਸ਼ ਸਦਕਾ ਭਗਤ ਰਾਮਾਨੰਦ ਪ੍ਰਭੂ ਮਿਲਾਪ ਦੀ ਅਵਸਥਾ ਨੂੰ ਇਕ ਸ਼ਬਦ ਵਿਚ ਦਰਸਾਂਦੇ ਹਨ ਕਿ ਹੇ ਭਾਈ ! ਹੋਰ ਕਿਥੇ ਜਾਈਏ ? ਹੁਣ ਤਾਂ ਹਿਰਦੇ ਘਰ ਵਿੱਚ ਹੀ ਮੌਜ ਬਣ ਗਈ ਹੈ । ਮੇਰਾ ਮਨ ਹੁਣ ਡੋਲਦਾ ਨਹੀਂ ਥਿਰ ਹੋ ਗਿਆ ਹੈ । ਮੰਦਰਾਂ ਤੀਰਥਾਂ ਤੇ ਜਾਣ ਦੀ ਲੋੜ ਤਾਂ ਤਦ ਜੇ ਤੂੰ ਮੇਰੇ ਮਨ ਵਿੱਚ ਨਾ ਵਸਦਾ ਹੋਵੇ । ਹੇ ਸਤਿਗੁਰੂ ਮੈਂ ਤੈਥੋਂ ਸਦਕੇ ਹਾਂ, ਜਿਸ ਨੇ ਮੇਰੇ ਸਾਰੇ ਔਖੇ ਭੁਲੇਖੇ ਦੂਰ ਕਰ

ਦਿੱਤੇ ਹਨ । ਰਾਮਾਨੰਦ ਦਾ ਮਾਲਕ ਪ੍ਰਭੂ ਹਰ ਥਾਂ ਮੌਜੂਦ ਹੈ ਤੇ ਗੁਰੂ ਦੀ ਰਾਹੀਂ ਮਿਲਦਾ ਹੈ । ਕਿਉਂਕਿ ਗੁਰੂ ਦਾ ਸ਼ਬਦ ਕਰੋੜਾਂ ਕੀਤੇ ਮੰਦੇ ਕਰਮਾਂ ਦਾ ਨਾਸ ਕਰ ਦਿੰਦਾ ਹੈ :-

ਕਤ ਜਾਈਐ ਰੇ ਘਰਿ ਲਾਗੋ ਰੰਗੁ ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ੧ ॥ ਰਹਾਉ ॥
ਏਕ ਦਿਵਸ ਮਨਿ ਭਈ ਉਮੰਗ ॥
ਘਸਿ ਚੰਦਨ ਚੋਆ ਬਹੁ ਸੁਗੰਧ ॥
ਪੂਜਨ ਚਾਲੀ ਬ੍ਰਹਮ ਠਾਇ ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥
ਜਹਾ ਜਾਈਐ ਤਹ ਜਲ ਪਖਾਨ ॥
ਤੂ ਪੂਰਿ ਰਹਿਓ ਹੈ ਸਭ ਸਮਾਨ ॥
ਬੇਦ ਪੁਰਾਨ ਸਭ ਦੇਖੇ ਜੋਇ ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥2॥
ਸਤਿਗੁਰ ਮੈ ਬਲਿਹਾਰੀ ਤੋਰ ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
ਰਾਮਾਨੰਦ ਸੁਆਮੀ ਰਮਤ ਬ੍ਰਹਮ ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥3॥੧॥[56]

ਭਗਤ ਰਵਿਦਾਸ ਜੀ ਤਾਂ ਪ੍ਰਭੂ ਮਿਲਾਪ ਲਈ ਆਪਣਾ ਤਨ ਮਨ ਸਭ ਅਰਪਨ ਕਰਕੇ ਉਸ ਗੁਰੂ ਦੀ ਕ੍ਰਿਪਾ ਦੁਆਰਾ ਉਸ ਨੂੰ ਪਾਉਣ ਦਾ ਰਾਹ ਦਸਦੇ ਹਨ :-

ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥4॥[57]

ਭਗਤ ਪੀਪਾ ਜੀ ਵੀ ਪ੍ਰਭੂ ਮਿਲਾਪ ਦਾ ਰਸਤਾ ਗੁਰੂ ਕਿਰਪਾ ਰਾਹੀਂ ਹੀ ਦਸਦੇ ਹਨ । ਆਪ ਫਰਮਾਉਂਦੇ ਹਨ ਕਿ ਸਤਿਗੁਰੂ ਪ੍ਰਮਾਤਮਾ ਨਾਲ ਮਿਲਾਪ ਕਰਾ ਸਕਦਾ ਹੈ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੂ ਹੋਇ ਲਿਖਾਵੈ ॥2॥[58]

**ਵੈਰਾਗ :-** ਪ੍ਰਭੂ ਪ੍ਰਾਪਤੀ ਲਈ ਭਗਤੀ ਦੀ ਪੌੜੀ ਦਾ ਤੀਸਰਾ ਡੰਡਾ ਵੈਰਾਗ ਹੈ । ਭਗਤ ਬਾਣੀ ਵਿੱਚ ਇਸ ਦੀ ਮਹੱਤਾ ਤੇ ਬਾਬਾ ਫਰੀਦ ਜੀ ਤੇ ਭਗਤ ਕਬੀਰ ਜੀ ਨੇ ਜੀਵਨ ਵਿਚੋ ਮਿਸਾਲਾਂ ਦੇ ਦੇ ਕੇ ਜੀਵਾਂ ਨੂੰ ਦੁਨਿਆਵੀ ਵਸਤਾਂ ਦਾ ਤਿਆਗ ਕਰਕੇ ਉਹਨਾਂ ਵਲੋਂ ਉਪਰਾਮਤਾ ਹਿਰਦੇ ਵਿੱਚ ਪੈਦਾ ਕਰਕੇ ਕੇਵਲ ਸਤਿਸੰਗਤ ਕਰਕੇ ਪ੍ਰਭੂ ਦੇ ਸਿਮਰਨ ਵਿੱਚ ਹੀ ਬ੍ਰਿਤੀ ਨੂੰ ਲਾਉਣ ਤੇ ਪ੍ਰੀਤ ਕੇਵਲ ਪ੍ਰਭੂ ਨਾਲ ਕਰਨੀ ਨਾ ਕਿ ਵਾਸ਼ਨਾਵਾਂ ਨਾਲ ਇਹੀ ਵੈਰਾਗ ਹੈ ।

ਸੰਸਾਰਕ ਵਿਸ਼ਿਆ ਰਿਸ਼ਤਿਆਂ ਤੇ ਮਾਇਆ ਦੇ ਜਾਲ ਵਿਚੋਂ ਨਿਕਲਣ ਲਈ ਭਗਤ ਕਬੀਰ ਜੀ ਜੀਵ ਨੂੰ ਲਲਕਾਰਦੇ ਹੋਏ ਕਹਿੰਦੇ ਹਨ ਕਿ ਇਹ ਝੂਠੇ ਹਨ ਇਹ ਸਭ ਛਡਣ ਯੋਗ ਹਨ ਕੇਵਲ ਪ੍ਰਭੂ ਦੀ ਭਗਤੀ ਹੀ ਜੀਵ ਨੂੰ ਸਦਾ ਰਹਿਨ ਵਾਲੇ ਪ੍ਰਭੂ ਤਕ ਪਹੁੰਚਾਦੀ ਹੈ । ਇਹ ਪੁੱਤਰ ਧੀਆਂ, ਮਾਂ ਬਾਪ, ਭੈਣ ਭਰਾ ਆਦਿ ਰਿਸ਼ਤੇ ਸਭ ਛਿਣ ਭੰਗਰ ਹਨ :-

ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥
ਕਹਤ ਕਬੀਰੁ ਸੁਨਹੁ ਰੇ ਸੰਤਹੁ ਮਿਲਿ ਹੈ ਸਾਰਿਗਪਾਨੀ ਰੇ ॥

ਸ਼ੇਖ ਫਰੀਦ ਜੀ ਜੀਵ ਦੇ ਅੰਤ ( ਮੌਤ ) ਤੇ ਵੈਰਾਗ ਵਾਲੀ ਸਥਿਤੀ ਦਾ ਬਿਆਨ ਕਰਕੇ ਜੀਵ ਨੂੰ ਪ੍ਰਭੂ ਭਗਤੀ ਵਲ ਲਾਉਣ ਲਈ ਪ੍ਰੇਰਦੇ ਹੋਏ ਫਰਮਾਉਂਦੇ ਹਨ :-

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾਂ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ॥[60]

ਗਿਆਨ :- ਗਿਆਨ ਭਗਤੀ ਦਾ ਸ੍ਰੇਸ਼ਟ ਸਾਧਨ ਹੈ । ਗੁਰੂ ਦੀ ਕਿਰਪਾ ਦੁਆਰਾ ਜੀਵ ਨੂੰ ਇਹ ਗਿਆਨ ਹੋ ਜਾਵੇ ਕਿ :-

ਭਈ ਪਰਾਪਤਿ ਮਨੁਖ ਦੇਹੁਰੀਆ ।।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ।।[61]

ਸੋ ਆਪਣੇ ਜਨਮ ਨੂੰ ਸਫਲ ਕਰਨ ਲਈ ਪਰਮਾਤਮਾ ਦਾ ਨਾਮ ਜਪਣਾ ਸਭ ਤੇ ਵਧ ਕੇ ਗਿਆਨ ਹੈ । ਗਿਆਨ ਦੀ ਪ੍ਰਾਪਤੀ ਸਤਿਗੁਰ ਜੀ ਦੀ ਕਿਰਪਾ ਨਾਲ ਸਤਿਸੰਗਤ ਵਿਚ ਆ ਕੇ ਹੁੰਦੀ ਹੈ ਤੇ ਗਿਆਨ ਦੇ ਹੋਣ ਕਰਕੇ ਮਨ ਕਾਬੂ ਹੋ ਸਕਦਾ ਹੈ । ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ :-

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ।।[62]

ਜਦ ਪ੍ਰਭੂ ਦਾ ਗਿਆਨ ਜੀਵ ਨੂੰ ਹੋ ਜਾਂਦਾ ਹੈ ਤਾਂ ਉਸ ਦੇ ਸਭ ਭਰਮ ਭੁਲੇਖੇ ਤੇ ਅੰਧ ਵਿਸ਼ਵਾਸ਼ ਦੂਰ ਹੋ ਜਾਂਦੇ ਹਨ । ਭਗਤ ਕਬੀਰ ਜੀ ਗਿਆਨ ਬਾਰੇ ਫਰਮਾਉਂਦੇ ਹਨ ।

ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ।
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਧੀ ।।[63]

ਨਾਮ ਸਿਮਰਨ :- ਭਗਤ ਬਾਣੀ ਵਿਚ ਨਾਮ ਸਿਮਰਣ ਦੀ ਮਹਿਮਾ ਬੇਹੱਦ ਗਾਈ ਗਈ ਹੈ । ਪ੍ਰਭੂ ਪ੍ਰਾਪਤੀ ਲਈ ਨਾਮ ਸਿਮਰਨ ਹੀ ਸਭ ਤੋਂ ਵਧ ਮਹੱਤਾ ਰਖਦਾ ਹੈ । ਪ੍ਰਭੂ ਦਾ ਨਾਮ ਹੀ ਉਹ ਖਜ਼ਾਨਾ ਹੈ ਜੋ ਭਗਤੀ ਭਾਵ ਵਿੱਚ ਜੀਵ ਨੂੰ ਮਾਲੋ ਮਾਲ ਕਰਦਾ ਹੈ । ਭਗਤ ਜੈ ਦੇਵ ਜੀ ਫਰਮਾਉਂਦੇ ਹਨ ਕਿ ਕੇਵਲ ਪਰਮਾਤਮਾ ਦਾ ਸੁੰਦਰ ਨਾਮ ਸਿਮਰ ਜੋ ਅੰਮ੍ਰਿਤ ਭਰਪੂਰ ਹੈ, ਜੋ ਅਸਲੀਅਤ ਰੂਪ ਹੈ ਅਤੇ ਜਿਸ ਦੇ ਸਿਮਰਣ ਨਾਲ ਜਨਮ ਮਰਨ, ਬੁਢੇਪਾ, ਚਿੰਤਾ ਫਿਕਰ ਅਤੇ ਮੌਤ ਦਾ ਡਰ ਦੁੱਖ ਨਹੀਂ ਦਿੰਦਾ :-

ਕੇਵਲ ਰਾਮ ਨਾਮ ਮਨੋਰਮੰ ।।
ਬਦਿ ਅੰਮ੍ਰਿਤ ਤਤ ਮਇਅੰ ।।
ਨ ਦਨੋਤਿ ਜਸਮਰਣੇਨ, ਜਨਮ ਜਰਾਧਿ ਮਰਣ ਭਇਅੰ ।।੧।।ਰਹਾਉ।।[64]

ਬਾਬਾ ਫਰੀਦ ਜੀ ਜੀਵ ਨੂੰ ਜਵਾਨੀ ਵਿਚ ਨਾਮ ਸਿਮਰਨ ਲਈ ਪ੍ਰੇਰਣਾ ਕਰਦੇ ਹੋਏ ਸਮਝਾਉਂਦੇ ਹਨ ਕਿ ਹੇ ਜੀਵ ਜੇ ਤੂੰ ਜਵਾਨੀ ਵਿੱਚ ਨਾ ਧਿਆਇਆ ਤਾਂ ਬੁਢੇਪੇ ਵਿਚ ਉਸ ਨੂੰ ਸਿਮਰਨਾ ਔਖਾ ਹੋ ਜਾਏਗਾ :-

ਫਰੀਦਾ ਕਾਲੀ ਜਿਨ੍ਹੀ ਨ ਰਾਵਿਆ ਧਉਲੀ ਰਾਵੈ ਕੋਇ ।।
ਕਰ ਸਾਂਈ ਸਿਉਂ ਪਿਰਹੜੀ ਰੰਗੁ ਨਵੇਲਾ ਹੋਇ ।।12।।[65]

ਭਗਤ ਤ੍ਰਿਲੋਚਨ ਜੀ ਭੀ ਜੀਵ ਨੂੰ ਪ੍ਰਭੂ ਸਿਮਰਣ ਵਲ ਲਾਉਣ ਲਈ ਵਖ ਵਖ ਜੂਨੀਆਂ ਦਾ ਭੈ ਦੇ ਕੇ ਨਾਮ ਸਿਮਰਨ ਲਈ ਇਹਨਾਂ ਤੋਂ ਮੁਕੱਤੀ ਦਾ ਸਾਧਨ ਦਸਦੇ ਹਨ:

ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ।।
ਬਦਤਿ ਤ੍ਰਿਲੋਚਨੁ ਤੇ ਨਰ ਮੁਕਤਾ ਪੀਤੰਬਰ ਵਾ ਕੇ ਰਿਦੈ ਬਸੈ ।।5।।[66]

ਭਗਤ ਰਵਿਦਾਸ ਜੀ ਨਾਮ ਸਿਮਰਣ ਹੀ ਜ਼ਿੰਦਗੀ ਦੀ ਸਹੀ ਸੇਧ ਦਸਦੇ ਹਨ । ਬਾਕੀ ਸਭ ਕੁਝ ਝੂਠਾ ਹੈ । ਇਥੋਂ ਤਕ ਕਿ ਰਸਮੀ ਆਰਤੀ ਦਾ ਭੀ ਖੰਡਨ ਕੀਤਾ ਹੈ :

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ।।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ ।।੧।।ਰਹਾਉ।।[67]

<u>ਕੀਰਤਨ:</u>--- ਸਾਧ ਸੰਗਤ ਵਿਚ ਬੈਠ ਕੇ ਪ੍ਰਭੂ ਦੀ ਕੀਰਤੀ ਗਾਉਣ ਨੂੰ ਕੀਰਤਨ ਕਿਹਾ ਜਾਂਦਾ ਹੈ । ਪ੍ਰਭੂ ਦੇ ਦਰਸ਼ਨ ਉਸ ਦੀ ਸਿਫਤ ਸਲਾਹ ਦੁਆਰਾ ਹੀ ਕੀਤੇ ਜਾ ਸਕਦੇ ਹਨ । ਭਗਤੀ ਵਿਚ ਕੀਰਤਨ ਦਾ ਸਥਾਨ ਮਹਾਨ ਹੈ । ਕੀਰਤਨ ਮਨ ਨੂੰ ਇਕਾਗਰ ਕਰਦਾ ਹੈ । ਟਿਕਿਆ ਹੋਇਆ ਮਨ ਦੁਨਿਆਵੀ ਵਸਤਾਂ , ਵਿਸ਼ਿਆ ਵਿਕਾਰਾਂ, ਰਿਸ਼ਤਿਆਂ ਤੋਂ ਮੁਕਤ ਹੋ ਪ੍ਰਭੂ ਚਰਨ ਵਿੱਚ ਆਪਣੀ ਲਗਨ ਰਾਹੀਂ ਉਸ ਨੂੰ ਪਾ ਸਕਣ ਦੀ ਅਸਮਰਥਾ ਪ੍ਰਗਟ ਕਰਦਾ ਹੈ । ਭਾਈ ਗੁਰਦਾਸ ਜੀ ਕੀਰਤਨ ਦੀ ਮਹਾਨਤਾ ਭਗਤ ਸੈਣ ਜੀ ਰਾਹੀਂ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਭਗਤ ਸੈਣ ਰਾਜੇ ਦਾ ਨਾਈ ਸੀ ਉਸ ਦੀ ਮਾਲਸ਼ ਆਦਿ ਦੀ ਸੇਵਾ ਕਰਨਾ ਉਸਦੀ ਨਿਤਾਪ੍ਰਤੀ ਦੀ ਜ਼ੁੰਮੇਵਾਰੀ ਸੀ । ਇਕ ਦਿਨ ਉਹ ਘਰ ਆਈ ਸਾਧ ਸੰਗਤ ਵਿ ਜੋ ਕੀਰਤਨ ਦਾ ਰਸ ਮਾਣ ਰਹੀ ਸੀ ਉਸ ਦੀ ਸੇਵਾ ਵਿਚ ਅਜਿਹਾ ਲੀਨ ਹੋਇਆ ਕਿ ਰਾਜੇ

ਦੇ ਪਾਸ ਜਾਣਾ ਹੀ ਭੁਲ ਗਿਆ । ਪ੍ਰਭੂ ਨੇ ਆਪ ਭਗਤ ਦੀ ਪੈਜ ਰਖੀ ਤੇ ਭਗਤ ਦਾ ਰੂਪ ਧਾਰ ਕੇ ਆਪ ਰਾਜੇ ਦੀ ਸੇਵਾ ਕਰ ਆਇਆ । ਇਸ ਦਾ ਗਿਆਨ ਜਦ ਭਗਤ ਸੈਣ ਤੇ ਰਾਜੇ ਨੂੰ ਹੋਇਆ ਤਾਂ ਦੋਵੇ ਵਿਸਮਾਦ ਵਿਚੂਆ ਨਵੀ ਤੋਂ ਸੈਣ ਜੀ ਭਗਤ ਬਣ ਗਏ ਅਤੇ ਰਾਜਾ ਸੈਣ ਨੂੰ ਆਪਣਾ ਨੌਕਰ ਨ ਸਮਝ ਕੇ ਉਸ ਦਾ ਸ਼ਰਧਾਲੂ ਬਣ ਗਿਆ । ਇਹ ਸਭ ਕੀਰਤਨ ਦੀ ਬਦੌਲਤ ਪ੍ਰਭੂ ਚਰਨਾਂ ਤਕ ਸਿਧੀ ਪਹੁੰਚ ਦਾ ਫਲ ਹੈ ।

ਭਗਤ ਕਬੀਰ ਕੀਰਤਨ ਰਾਹੀਂ ਉਸ ਪ੍ਰਭੂ ਨੂੰ ਬੇਅੰਤ ਦਸਦੇ ਹੋਏ ਪ੍ਰਭੂ ਸਾਹਮਣੇ ਆਪਣੀ ਅਸਮਰਥਾ ਇੰਜ ਪਰਗਟ ਕਰਦੇ ਹਨ :-

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ।।
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ।।81।।[68]

ਅਰਦਾਸ :- ਪ੍ਰਭੂ ਪ੍ਰਾਪਤੀ ਲਈ ਭਗਤ ਬਾਣੀ ਵਿਚ ਅਰਦਾਸ ਅੰਤਮ ਪੜਾਅ ਹੈ । ਇਸ ਅਵਸਥਾ ਵਿਚ ਪਹੁੰਚ ਜੀਵ ਪ੍ਰਭੂ ਅਗੇ ਆਤਮ ਸਮਰਪਣ ਕਰ ਸੰਗਤਾਂ ਦੀ ਸੇਵਾ ਕਰਦਾ ਹੋਇਆ ਨਾਮ ਸਿਮਰਣ ਤੇ ਗੁਰੂ ਦੀ ਕਿਰਪਾ ਰਾਹੀ ਵੈਰਾਗੀ ਹੋ ਉਸ ਦੇ ਜਸ ਨੂੰ ਦਿਨ ਰਾਤ ਗਾਉਂਦਾ ਹੋਇਆ ਉਸ ਪ੍ਰਭੂ ਅਗੇ ਆਪਣੀ ਅਸਮਰਥਾ ਨੂੰ ਪ੍ਰਗਟਾਉਂਦਾ ਹੋਇਆ ਪ੍ਰਭੂ ਦਰ ਤੇ ਜੋਦੜੀਆਂ, ਬੇਨਤੀਆਂ, ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ ਤੁਸੀਂ ਆਪ ਹੀ ਆਪਣੇ ਭਗਤ ਦੇ ਪੈਜ ਰਖਣ ਵਾਲੇ ਹੋ ।

ਭਗਤ ਰਵਿਦਾਸ ਜੀ ਪ੍ਰਭੂ ਅਗੇ ਅਰਦਾਸ ਕਰਦੇ ਹੋਏ ਆਪਣੇ ਆਪ ਨੂੰ ਮੰਦ ਕਰਮੀ ਦਸਦੇ ਹੋਏ ਸ਼ਰਨ ਆਏ ਦੀ ਲਾਜ ਰਖਣ ਤੇ ਭੈੜੀ ਸੰਗਤ ਤੋ ਬਚਾਈ ਰਖਣ ਲਈ ਪ੍ਰਭੂ ਅਗੇ ਜੋਦੜੀ ਕਰਦੇ ਹਨ :-

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ।।
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ।।੧।।
ਰਾਮ ਗੁਸਈਆ ਜੀਅ ਕੇ ਜੀਵਨਾ ।।
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ।।੧।। ਰਹਾਉ ।।

ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥
ਚਰਣ ਨ ਛਾਡਉ, ਸਰੀਰ ਕਲ ਜਾਈ ॥2॥
ਕਹੁ ਰਵਿਦਾਸ ਪਰਉ ਤੇਰੀ ਸਾਭਾ ॥
ਬੇਗਿ ਮਿਲਹੁ ਜਨ ਕਰਿ ਨ ਬਿਲਾਬਾ ॥3॥[69]

ਭਗਤ ਕਬੀਰ ਜੀ ਪ੍ਰਭੂ ਅਗੇ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ ਮੈਨੂੰ ਇਹ ਭਉਜਲ ਤੋ ਪਾਰ ਲਾ ਦੇ :-

ਕਹੁ ਕਬੀਰ ਇਕ ਬੇਨਤੀ ਬੈਰਾਗੀ ਅੜੇ ॥
ਮੋਕਉ ਭਉਜਲੁ ਪਾਰਿ ਉਤਾਰਿ ਵਣਹੰਬੈ ॥[70]

## 4.4 ਭਗਤ ਬਾਣੀ ਦਾ ਸਮਾਜਿਕ ਪਖ

ਭਗਤ ਬਾਣੀ ਦਾ ਮੁੱਖ ਵਿਸ਼ਾ ਭਗਤੀ ਹੈ ਹੀ । ਉਸ ਵਿਚ ਸੰਗਤ, ਗੁਰੂ, ਵੈਰਾਗ, ਗਿਆਨ, ਨਾਮ ਸਿਮਰਣ, ਕੀਰਤਨ, ਸੇਵਾ, ਨਿਮਰਤਾ ਅਤੇ ਅਰਦਾਸ ਜਿਥੇ ਉਤਮ ਸਥਾਨ ਰਖਦੇ ਹਨ, ਉਥੇ ਸਮਾਜਿਕ ਕੁਰੀਤਿਆਂ ਦੇ ਤਿਆਗ ਤੇ ਜ਼ੋਰ ਦਿੱਤਾ ਗਿਆ ਹੈ ਤੇ ਨਾਲ ਹੀ ਜਾਤ ਪਾਤ ਤੇ ਹੋਰ ਆਡੰਬਰਾਂ ਤੇ ਵੀ ਗਹਿਰੀ ਚੋਟ ਕੀਤੀ ਗਈ ਹੈ ।

ਭਗਤ ਬਾਣੀ ਦਾ ਉਦੇਸ਼ ਸਮਾਜ ਵਿਚ ਤਬਦੀਲੀ ਲਈ ਚੇਤਨਤਾ ਪੈਦਾ ਕਰਨਾ ਸੀ । ਭਗਤਾਂ ਨੇ ਅਧਿਆਤਮਿਕ ਜੀਵਨ ਬਤੀਤ ਕਰਨ ਦੇ ਨਾਲ ਨਾਲ ਸਮਾਜ ਤੇ ਰਾਜ ਦੀਆਂ ਸ਼ਕਤੀਆਂ ਨਾਲ ਵੀ ਟਾਕਰਾ ਕੀਤਾ । ਭਗਤ ਕਬੀਰ ਜੀ ਨੂੰ ਬਾਦਸ਼ਾਹ ਲੋਧੀ ਨੇ ਧਰਮ ਦੇ ਠੇਕੇਦਾਰਾਂ ਦੇ ਆਖੇ ਲਗ ਮਾਰਨ ਤਕ ਦੇ ਯਤਨ ਕੀਤੇ । ਭਗਤ ਰਵਿਦਾਸ ਜੀ ਨੂੰ ਪੰਡਤਾਂ ਨੇ ਹਰ ਹੀਲੇ ਆਪਣੇ ਰਾਹ ਵਿਚ ਰੁਕਾਵਟ ਸਮਝ ਪਾਸੇ ਕਰਨ ਦੇ ਕੋਝੇ ਤੇ ਕਠੋਰ ਯਤਨ ਕੀਤੇ । ਭਗਤ ਨਾਮ ਦੇਵ ਜੀ ਨੂੰ ਮੰਦਿਰ ਵਿਚੋਂ ਧਕੇ ਪਏ । ਇਹ ਸਭ ਕੁਝ ਕਿਉ ਵਾਪਰਿਆ । ਕਾਰਨ ਸ਼ਪਸ਼ਟ ਹੈ । ਸਮੇਂ ਦੇ ਪਰਚਲਤ ਧਾਰਮਿਕ ਅਡੰਬਰਾਂ, ਪਖੰਡਾਂ ਅਤੇ

ਜਨਤਾ ਨੂੰ ਠਗਣ ਤੇ ਲੁਟਣ ਵਾਲੇ ਰੀਤੀ ਰਿਵਾਜਾਂ ਦਾ ਵਿਰੋਧ ਭਗਤਾਂ ਨੇ ਜਿਥੇ ਆਪਣੇ ਲਈ ਕੀਤਾ ਉਥੇ ਉਹ ਮਾਨਵਤਾ ਨਾਲ ਹੁੰਦੇ ਅਜਿਹੇ ਧੱਕੇ ਨਾ ਸਹਿ, ਉਹਨਾਂ ਲਈ ਵੀ ਜਦ ਅਵਾਜ਼ ਉਠਾਉਣ ਲਗੇ ਤਾਂ ਉਹਨਾਂ ਨੂੰ ਬਾਗੀਆਂ ਦੇ ਰੂਪ ਵਿਚ ਵੇਖਿਆ ਗਿਆ। ਇਸ ਬਗਾਵਤ ਦਾ ਭਾਰ ਉਠਾਉਣ ਲਈ ਜਰੀਰਕ ਬਲ ਦੇ ਨਾਲੋਂ ਆਤਮਿਕ ਬਦ ਦੀ ਵਧੇਰੇ ਲੋੜ ਸੀ। ਆਤਮਿਕ ਬਲ ਪ੍ਰਭੂ ਦੇ ਸਿਮਰਨ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਇਸ ਲਈ ਭਗਤਾਂ ਨੇ ਨਾਮ ਸਿਮਰਨ ਤੇ ਬਲ ਦੇ ਕੇ ਜੀਵਾਂ ਨੂੰ ਨਾਮ ਰਸੀਏ ਬਣਾ ਉਸ ਅਵਸਥਾ ਨੂੰ ਪਹੁੰਚਣ ਦਾ ਰਸਤਾ ਦਸਿਆ ਜਿਥੇ ਮੌਤ ਦਾ ਭੈ ਡਰਾਉਣਾ ਨਹੀਂ ਰਹਿ ਜਾਂਦਾ। ਜਦ ਪ੍ਰਭੂ ਤੋਂ ਬਿਨਾਂ ਜੀਵ ਨੂੰ ਕਿਸੇ ਦਾ ਡਰ ਹੀ ਨਾ ਰਹਿ ਜਾਵੇ ਤਾਂ ਉਹ ਦੁਨਿਆਵੀ ਰਾਜਸੀ ਤਾਕਤਾਂ ਦੀ ਗੁਲਾਮੀ ਤੋਂ ਮੁਕਤ ਹੋ ਗਰੀਬ ਤੇ ਨਿਤਾਣੀ ਜਨਤਾ ਦਾ ਤਾਣ ਬਣ ਜਾਂਦੇ ਹਨ। ਉਹ ਆਜ਼ਾਦੀ ਤੇ ਮਨੁਖ ਮਾਤਰ ਦੀ ਬਰਾਬਰੀ ਦੇ ਝੰਡਾਬਰਦਾਰ ਬਣ ਜਾਂਦੇ ਹਨ। ਭਗਤ ਬਾਣੀ ਰਾਹੀਂ ਭਗਤਾਂ ਦੀ ਦੇਣ ਅਮੋਲ ਹੈ। ਉਹਨਾਂ ਨੇ ਸੰਸਕ੍ਰਿਤਵਾਦੀ ਸਮਾਜ ਵਿਚੋਂ ਕੁਰੀਤੀਆਂ ਨੂੰ ਕਢ ਉਸ ਦੇ ਅਸਲੇ ਤੇ ਸ਼ੁਧ ਰੂਪ ਨੂੰ ਉਘਾੜਨ ਦਾ ਯਤਨ ਕੀਤਾ। ਜੋ ਕਿ ਇਸ ਸਮਾਜ ਤੇ ਪਾਪੀ ਰਾਜ ਦੇ ਸੋਹਲੇ ਗਾਉਂਦਾ ਸੀ। ਬੰਦਿਆਂ ਦੇ ਜ਼ੁਲਮ ਭਾਵੇਂ ਉਹ ਪੰਡਤਾਂ ਰਾਹੀਂ ਹੁੰਦੇ ਸਨ, ਭਾਵੇਂ ਮੌਲਵੀਆਂ ਰਾਹੀਂ ਹੁੰਦੇ ਸਨ ਜਾਂ ਰਾਜਿਆਂ ਰਾਹੀਂ ਹੁੰਦੇ ਸਨ, ਉਸ ਨੂੰ ਜਬਰ ਦਾ ਨਾਂ ਦਿੱਤਾ ਤੇ ਈਸ਼ਵਰ ਦੀ ਰਜ਼ਾ ਵਜੋਂ ਮੰਨਣ ਤੋਂ ਇਨਕਾਰ ਕੀਤਾ। ਪਰ ਭਗਤ ਕਵੀਆਂ ਨੇ ਰਬ ਨੂੰ ਸਮਾਜ'ਚ ਚੰਗਾ ਜੀਵਨ ਜੀਉਂ ਸਕਣ ਲਈ ਨਾਮ ਪਦਾਰਥ ਦੇ ਨਾਲ ਨਾਲ ਭੌਤਿਕ ਵਸਤੂਆਂ ਦੀ ਮੰਗ ਵੀ ਕੀਤੀ ਬ੍ਰਾਹਮਣ ਵਾਦੀ ਸਮਾਜ ਦੇ ਰੀਤਾਂ ਵਿਰੁਧ ਸਗਾਵਤ ਦੀ ਅਗਨੀ ਪ੍ਰਚੰਡ ਕੀਤੀ।

ਭਗਤ ਤ੍ਰਿਲੋਚਨ ਜੀ ਪਖੰਡੀਆਂ ਬਾਰੇ ਫਰਮਾਉਂਦੇ ਹਨ :-

ਅੰਤਰੁ ਮਲਿ ਨਿਰਮਲੁ ਨਹੀਂ ਕੀਨਾ ਬਾਹਰਿ ਭੇਖ ਉਦਾਸੀ ॥
ਹਿਰਦੇ ਕਮਲੁ ਘਟਿ ਬ੍ਰਹਮ ਨ ਚੀਨਾ ਕਾਹੇ ਭਇਆ ਸੰਨਿਆਸੀ ॥੧॥
ਭਰਮੇ ਭੂਲੀ ਰੇ ਜੈ ਚੰਦਾ ॥ ਨਹੀਂ ਨਹੀਂ ਚੀਨਿਆਂ ਪਰਮਾਨੰਦਾ ॥੧॥ਰਹਾਉ॥
ਘਰਿ ਘਰਿ ਖਾਇਆ ਪਿੰਡੁ ਵਧਾਇਆ ਖਿੰਥਾ ਮੁੰਦਾ ਮਾਇਆ ॥

ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨ ਤਤੁ ਨ ਪਾਇਆ ।।2।।
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ।।
ਲਖ ਚਉਰਾਸੀਹ ਜਿਨਿ ਉਪਾਈ ਸੋ ਸਿਮਰਹੁ ਨਿਰਬਾਣੀ ।।3।।
ਕਾਇ ਕਮੰਡਲੁ ਕਾਪੜੀਆ ਰੇ, ਅਠਸਠਿ ਕਾਇ ਫਿਰਾਹੀ ।।
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ।।4।।[71]

ਭਗਤ ਨਾਮ ਦੇਵ ਜੀ ਸਮਾਜਿਕ ਬਰਾਬਰੀ ਲਈ ਭਗਤੀ ਰਾਹੀਂ ਜੀਵ ਨੂੰ ਉਪਰ ਉਠਾ ਕੇ ਰਾਜੇ ਤੇ ਭਿਖਾਰੀ ਦੇ ਫਰਕ ਨੂੰ ਖਤਮ ਕਰਨ ਲਈ ਕਹਿੰਦੇ ਹਨ ਤੇ ਨਾਲ ਦੀ ਨਾਲ ਹੀ ਪਥਰਾਂ ਦੀ ਪੂਜਾ ਵਿਰੁੱਧ ਵੀ ਅਵਾਜ਼ ਬੁਲੰਦ ਕਰਦੇ ਹੋਏ ਕਹਿੰਦੇ ਹਨ :-

ਜੌ ਰਾਜੁ ਦੇਹਿ ਤ ਕਵਨ ਬਡਾਈ ।।
ਜੌ ਭੀਖ ਮੰਗਾਵਹਿ ਤ ਕਿਆ ਘਟ ਜਾਈ ।।੧।।
ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨ ।।
ਬਹੁਰਿ ਨ ਹੋਇ ਤੇਰਾ ਆਵਨ ਜਾਨੁ ।।੧।। ਰਹਾਉ ।।
ਸਭ ਤੈ ਉਪਾਈ ਭਰਮ ਭੁਲਾਈ ।।
ਜਿਸ ਤੂੰ ਦੇਵਹਿ ਤਿਸਹਿ ਬੁਝਾਈ ।।2।।
ਸਤਿਗੁਰੁ ਮਿਲੈ ਤ ਸਹਿਜਾ ਜਾਈ ।।
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ।।3।।
ਏਕੈ ਪਥਰ ਕੀਜੈ ਭਾਉ ।। ਦੂਜੈ ਪਾਥਰ ਧਰੀਐ ਪਾਉ ।।
ਜੇ ਓਹੁ ਦੇਉ ਤ ਓਹੁ ਭੀ ਦੇਵਾ।। ਕਹਿ ਨਾਮ ਦੇਉ ਹਮ ਹਰਿ ਕੀ ਸੇਵਾ ।।4।।[7]

ਭਗਤ ਨਾਮ ਦੇਵ ਜੀ ਦੇ ਸਮੇ ਤਕ ਇਸਲਾਮ ਧਰਮ ਪੂਰਨ ਰੂਪ ਵਿਚ ਆਪਣੀਆਂ ਜੜ੍ਹਾਂ ਹਿੰਦੋਸਤਾਨ ਵਿਚ ਲਾ ਚੁੱਕਿਆ ਸੀ । ਇਸਲਾਮ ਦੇ ਜ਼ੁਲਮਾਂ ਦੇ ਹੜ੍ਹ ਤੇ ਤੁਫਾਨ ਅਗੇ ਹਿੰਦੂਆਂ ਦੀ ਕੋਈ ਪੇਸ਼ ਨਾ ਗਈ ਤੇ ਨਾ ਉਹਨਾਂ ਨੂੰ ਹੋਸ਼ ਹੀ ਰਹੀ । ਸਮਾਜ ਦਾ ਕਾਫੀ ਹਿਸਾ ਉਹਨਾਂ ਨਾਲੋਂ ਟੁਟ ਕੇ ਇਸਲਾਮ ਧਰਮ ਗ੍ਰਹਿਣ ਕਰ ਚੁੱਕਾ ਸੀ । ਉਹਨਾਂ

ਅਕਲ ਦੇ ਅੰਨਿਆਂ ਨੇ ਇਸ ਗਲ ਵਿਚ ਖੁਸ਼ੀ ਸਮਝੀ ਕਿ ਨਿਕਾਰਾ ਤੇ ਬੇਲੋੜਾ ਹਿੱਸਾ ਸਰੀਰ ਦਾ ਕਟਿਆ ਗਿਆ ਸੋ ਚੰਗਾ ਹੋਇਆ । ਉਹ ਅਕਲ ਦੇ ਅੰਨ੍ਹੇ ਇਹ ਉਕਾ ਹੀ ਨ ਸਕਝ ਸਕੇ ਕਿ ਜਿਸ ਨੂੰ ਉਹ ਸ ਰੀਰ ਦਾ ਬੇਕਾਰ ਹਿਸਾ ਸਮਝਦੇ ਹਨ ਉਹ ਸਮੇਂ ਦੀ ਤਬਦੀਲੀ ਨਾਲ ਯੋਗ ਤੇ ਉਦਮੀ ਮਹਾਂਪੁਰਖਾਂ ਦੀ ਬਦੌਲਤ ਬਹਾਦਰ ਬਣ ਜਾਂਦਾ ਹੈ । ਤੇ ਕਾਇਰ ਹਿੰਦੂਆਂ ਦੇ ਧਰਮ ਦਾ ਰਾਖਾ ਵੀ ਬਣ ਸਕਦਾ ਹੈ । ਦੂਸਰੇ ਪਾਸੇ ਬ੍ਰਾਹਮਣ ਜੋਕਾਂ ਵਾਂਗ ਕੌਮਾਂ ਦਾ ਖੂਨ ਚੂਸ ਰਹੇ ਸਨ । ਕੌਮ ਅੰਧਕਾਰ ਵਿਚ ਗਰਕ ਸੀ । ਨਾ ਤਾ ਉਹਨਾਂ ਨੂੰ ਆਪਣੇ ਆਪ ਤੇ ਵਿਸ਼ਵਾਸ਼ ਸੀ ਤੇ ਨਾ ਹੀ ਧਰਮ ਕਰਕੇ ਉਹਨਾਂ ਵਿਚ ਕੋਈ ਏਕਤਾ ਸੀ । ਨ ਸਮਾਜ ਵਿਚ, ਨ ਕਿਸੇ ਰਸਮ ਰਿਵਾਜ਼ ਵਿਚ, ਨਾ ਖਾਣ ਪੀਣ ਵਿਚ, ਨਾ ਰਹਿਣ ਸਹਿਣ ਵਿਚ ਨਾ ਰਾਜਕਾਜ ਵਿਚ ਹੀ ਕੋਈ ਸਾਂਝੀ ਸੋਚ ਸੀ । ਇਸ ਨਿਘਰੀ ਤੇ ਅੰਧਕਾਰ ਭਰਪੂਰ ਅਵਸਥਾ ਵਿਚ ਭਗਤਾਂ ਨੇ ਆਪਣੇ ਜੀਵਨ ਦਰਸ਼ਨ ਤੇ ਧੁਰ ਕੀ ਬਾਣੀ ਰਾਹੀਂ ਘੁੰਮਣ ਘੇਰੀ ਵਿਚ ਫਸੀ ਜਨਤਾ ਨੂੰ ਵੰਗਾਰਿਆ ਤੇ ਖਰੀਆਂ ਖਰੀਆਂ ਕਹਿ ਕੇ ਸਮਾਜ ਸੁਧਾਰ ਲਈ ਰਾਜਿਆਂ ਤੇ ਬ੍ਰਾਹਮਣ ਦੀਆਂ ਮੁਸੀਬਤਾਂ ਬੇਖੌਫ ਹੋ ਮੈਦਾਨ ਵਿਚ ਆਏ । ਭਗਤ ਨਾਮਦੇਵ ਜੀ ਤਾਂ ਉਸ ਸਮੇਂ ਦੇ ਜਾਲਮਰਾਜੇ ਜੋ ਇਸਲਾਮ ਧਰਮ ਦੇਧਾਰਨੀ ਸਨ ਨੂੰ ਭੀ ਕਾਣੇ ਤਕ ਕਹਿ ਗਏ :-

ਹਿੰਦੂ ਅੰਨ੍ਹਾ ਤੁਰਕੂ ਕਾਣਾ ॥
ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥[73]

ਸਾਹਸਤ ਹੀਣ ਸਮਾਜ ਨੂੰ ਬੰਦਗੀ ਦੇ ਸਾਧਣ ਵੀ ਪਰਚਲਤ ਸਾਧਨਾਂ ਤੋ ਵਖਰੇ ਭਗਤਾਂ ਨੇ ਹੀ ਪਰਦਾਨ ਕੀਤੇ । ਧਰਮਾਂ ਦੇ ਸੰਕੀਰਣ ਵਾਤਾਵਰਣ ਵਿਚੋ ਕਢ ਇਕ ਨਵੇਂ ਤੇ ਤੰਦਰੁਸਤ ਸਮਾਜ ਦੀ ਸਾਜਨਾ ਭਗਤਾਂ ਦੇ ਰੂਪ ਵਿਚ ਜਿਵੇਂ ਜੰਗਲ ਵਿਚ ਕੁਦਰਤੀ ਤੌਰ ਤੇ ਉਹ ਫ਼ੁਲ ਤੇ ਕ੍ਰਿਸ਼ਮੇ ਮਈ ਬ੍ਰਿਸ਼ ਪਲਦੇ ਰਹਿੰਦੇ ਹਨ ਦੁਨੀਆਂ ਨੂੰ ਪਤਾ ਨਹੀਂ ਲਗਦਾ । ਇਸੇ ਪਰਕਾਰ ਭਗਤੀ ਦਾ ਬੂਟਾ ਨਾ ਇਸਲਾਮ ਦੀ ਹਨੇਰੀ ਤੇ

ਬਰਬਾਦ ਹੋਇਆ ਤੇ ਨ ਹੀ ਹਿੰਦੂਆਂ ਦੀ ਵਰਣ ਵੰਡ ਦੀ ਮਾਰ ਵਿਚ ਆਇਆ । ਇਹੀ ਵਧਦਾ ਵਧਦਾ ਗੁਰੂਆਂ ਤਕ ਪਹੁੰਚ ਸਿੱਖੀ ਦਾ ਬੂਟਾ ਬਣ ਗਿਆ ਤੇ ਫਿਰ ਉਸ ਵਿਚ ਕੁਦਰਤੀ ਤੌਰ ਤੇ ਆਪਣੇ ਬਚਾ ਲਈ ਖਾਲਸੇ ਨੇ ਜਨਮ ਲੈ ਲਿਆ । ਜੋ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਤੋਂ ਨਿਆਰਾ ਹੈ । ਇਸ ਵਿਚ ਬਿਨਾਂ ਧਰਮ ਭੇਦ ਦੇ ਵਿਤਕਰੇ ਦੇ ਸਭ ਧਰਮਾਂ ਦੀਆਂ ਨੇਕ ਕਦਰਾਂ ਕੀਮਤਾਂ ਦਾ ਸਤਿਕਾਰ ਕੀਤਾ ਗਿਆ ਹੈ ਤੇ ਹਰ ਦਾਉ ਮਤ ਦਾ ਖੰਡਣ ਹੀ ਨਹੀਂ ਕੀਤਾ ਉਸ ਲਈ ਸਿਰਾਂ ਦੀ ਬਾਜੀ ਲਾਉਣ ਦੀ ਗਲ ਕਰ ਵਿਖਾਈ । ਭਗਤ ਕਬੀਰ ਜੀ ਲੁਕਾਈ ਨੂੰ ਉਚੇਰੇ ਕਰਮਾਂ ਦੀ ਬੀਰਤਾ ਤੇ ਕੁਰਬਾਨੀ ਦੀ ਪਰੇਰਨਾ ਕਰਦੇ ਹੋਏ ਫੁਰਮਾਉਂਦੇ ਹਨ :-

ਗਗਨ ਦਮਾਮਾ ਬਾਜਿਓ ਪਰਿਓ ਨੀਸ਼ਾਨੈ ਘਾਓ ।।<br>
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ<br>
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।।<br>
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।। [74]

ਭਗਤਾਂ ਦੀ ਪਰਮੁਖ ਵਿਸ਼ੇਸ਼ਤਾ ਹੀ ਇਹ ਹੈ ਕਿ ਉਹ ਵੇਲੇ ਦੇ ਸਮਾਜ ਦੇ ਦੋਹਾਂ ਅੰਗਾਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਸਮਾਜਿਕ ਵਾਤਾਵਰਣ ਨੂੰ ਤਬਾਹੀ ਦੇ ਕਿਨਾਰੇ ਜਾਣ ਤੋਂ ਰੋਕਿਆ । ਇਸ ਰੋਕ ਲਈ ਉਨ੍ਹਾਂ ਨੇ ਅਧਿਆਤਮਵਾਦ, ਦ੍ਰਿੜ ਇਰਾਦੇ ਤੇ ਨੇਕ ਕਰਮਾਂ ਰਾਹੀਂ ਇਸਲਾਮ ਤੇ ਹਿੰਦੂ ਮਤ ਦੀਆਂ ਕਟੜ ਪੰਥੀ ਹੱਦਾਂ ਨੂੰ ਤੋੜ ਉਸ ਦੇ ਵਿਚਕਾਰ ਇਕ ਮਾਰਗ ਦਰਸ਼ਨ ਕੀਤਾ ਭਟਕੇ ਹੋਏ ਲੋਕਾਂ ਨੂੰ ਸਮਾਜ ਦੀ ਸਚਾਈ ਤੋਂ ਜਾਣੂ ਕਰਵਾ ਭਰਮਾਂ ਦੇ ਜਾਲ ਵਿਚੋ ਕਢ ਸਮਾਜਿਕ ਬਗਾਵਤ ਰਾਹੀਂ ਸਚੇ ਤੇ ਸੁਚੇ ਧਰਮ ਦੀ ਬੇੜੀ ਨੂੰ ਤੂਫਾਨ ਵਿਚੋਂ ਕਢਿਆ ਹੀ ਨਹੀਂ, ਸਗੋਂ ਕੰਢੇ ਤੇ ਲਾ ਦਿੱਤਾ । ਇਹ ਸਭ ਉਪਰਾਲਾ ਭਾਰਤਵਰਸ਼ ਦੇ ਸੁਕ ਚੁੱਕੇ ਤੇ ਕੁਮਲਾ ਗਏ ਬਾਗ ਲਈ ਉਹ ਰਹਿਮਤ ਦੀ ਵਰਖਾ ਤੇ ਉਜੜ ਰਹੇ ਚਮਨ ਦਾ ਮਾਲੀ, ਦਰਦ ਵੰਡਾਉਣ ਵਾਲਾ, ਭਗਤਾਂ ਦਾ ਟੋਲਾ ਹੀ ਸੀ ।

ਸਪਸ਼ਟ ਹੈ ਕਿ ਭਗਤ ਕਵੀ ਜਿਥੇ ਦੁਨਿਆਵੀ ਰਾਜ ਵਿਚ ਜ਼ੋਰ ਜਬਰ ਦੇ ਡੰਡੇ ਵਿਰੁੱਧ ਬੇਗਮਪੁਰਾ ਸ਼ਹਿਰ ਦੇ ਅਭਿਲਾਸ਼ੀ ਸਨ ਉਥੇ ਪਭੂ ਤੇ ਚੰਗੇ ਜੀਵਨ ਨਿਰਬਾਹ

ਲਈ ਪਦਾਰਥ ਮੰਗਦੇ ਸਨ । ਉਹ ਅਜ਼ਾਦੀ ਦੇ ਢੰਡੋਰਚੀ ਸਨ, ਸੰਪਰਦਾਇਕਤਾ ਦੇ ਵਿਰੁੱਧ-ਧਾਰਮਿਕ ਬਰਾਬਰੀ ਉਹਨਾਂ ਦਾ ਨਿਸ਼ਾਨਾ ਸੀ । ਹਿੰਦੂ ਮੁਸਲਮਾਨ ਟੱਕਰ ਦੇ ਯੁੱਗ ਵਿਚ ਸਾਂਝੇ ਵਾਲਤਾ ਦੇ ਪਰਚਾਰ ਕਰਨ ਵਾਲੇ ਭਗਤ ਇਕ ਨਵੀਂ ਸੇਧ ਲੈ ਕੇ ਆਏ, ਜਿਥੇ ਧਾਰਮਿਕ ਕਟੜਤਾ ਲਈ ਕੋਈ ਥਾਂ ਨਹੀਂ ਸੀ । ਉਹ ਗ੍ਰਿਹਸਤੀ ਜੀਵਨ 'ਚ ਸੁਖ ਦੇ ਸਾਧਨ ਦੇਖਦੇ ਸਨ ਨਾ ਕਿ ਸੁਖ ਦੀ ਪ੍ਰਾਪਤੀ ਲਈ ਸੰਸਾਰ ਤਿਆਗ ਦਾ ਉਪਦੇਸ਼ ਦਿੰਦੇ ਸਨ । ਉਹਨਾਂ ਦਾ ਲਕਸ਼ ਖੁਸ਼ਹਾਲ ਸਮਾਜ ਸਿਰਜਣ ਦਾ ਇਕ ਕਲਪਣਾ ਮਈ ਸੁਪਣਾ ਸੀ । ਉਹ ਦੁਖਾਂ, ਤਕਲੀਫਾਂ, ਗਮਾਂ 'ਚੋਂ ਨਿਕਲਣ ਤੇ ਬਰਾਬਰੀ ਤੇ ਖੁਸ਼ਹਾਲੀ ਉਪਰ ਅਧਾਰਿਤ ਰਾਜ ਤੇ ਸਮਾਜ ਦੀ ਸਥਾਪਣਾ ਲਈ ਨਵੀਂ ਵੰਗਾਰ ਲੈ ਕੇ ਆਏ ਸਨ । ਭਗਤ ਹਾਕਮ ਤੇ ਪ੍ਰੋਹਿਤ ਸ਼੍ਰੇਣੀ ਦੋਹਾਂ ਲਈ ਇਕ ਵੰਗਾਰ ਬਣੇ ਤੇ ਨਵੇਂ ਢਾਂਚੇ ਲਈ ਰਾਹ ਤਿਆਰ ਕਰ ਗਏ । ਗੁਰੂ ਨਾਨਕ ਸਾਹਿਬ ਨੇ ਭਗਤ ਕਵੀਆਂ ਦੇ ਵਿਚਾਰਾਂ ਨੂੰ ਅਮਲੀ ਰੂਪ ਦਿੱਤਾ, ਤੇ ਇਕ ਬਲਵਾਨ ਵਿਚਾਰਧਾਰਾ ਦੀ ਉਤਪੱਤੀ ਕੀਤੀ । ਜਿਸ ਨੇ ਸਿੱਖ ਧਰਮ ਜਿਹੀ ਕਰਾਂਤੀਕਾਰੀ ਸ਼ਕਤੀ ਨੂੰ ਜਨਮ ਦਿੱਤਾ ।

ਸਪਸ਼ਟ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਦੇ ਵਿਸ਼ੇ ਨਾ ਕੇਵਲ ਧਾਰਮਿਕ ਹੀ ਸਨ ਸਗੋਂ ਰਾਜਸੀ ਤੇ ਸਮਾਜਿਕ ਪੈਂਤੜੇ ਤੋਂ ਵੀ ਨਵੇਂ ਇਨਕਲਾਬ ਦੇ ਸੂਚਕ ਸਨ ।

## ਪੈਰ ਟਿੱਪਣੀਆਂ ਤੇ ਹਵਾਲੇ

1. ਗੋਬਿੰਦ ਤ੍ਰਿਗੁਣਾਯਤ (ਡਾ.), ਕਬੀਰ ਦੀ ਵਿਚਾਰਧਾਰਾ, ਪੰਨਾ 172
2. ਗੁਰੂ ਅਰਜਨ ਦੇਵ ਸੰਪਾਦਕ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93
3. ਉਹੀ ਪੰਨਾ 342
4. ਉਹੀ ਪੰਨਾ 290
5. ਉਹੀ ਪੰਨਾ 487
6. ਉਹੀ ਪੰਨਾ 658
7. ਉਹੀ ਪੰਨਾ 526
8. ਉਹੀ ਪੰਨਾ 972
9. ਉਹੀ ਪੰਨਾ 1195
10. ਉਹੀ ਪੰਨਾ 526
11. ਉਹੀ ਪੰਨਾ 525
12. ਉਹੀ ਪੰਨਾ 655
13. ਉਹੀ ਪੰਨਾ 1193
14. ਉਹੀ ਪੰਨਾ 875
15. ਉਹੀ ਪੰਨਾ 484
16. ਉਹੀ ਪੰਨਾ 340
17. ਉਹੀ ਪੰਨਾ 340
18. ਉਹੀ ਪੰਨਾ 340

19. ਗੁਰੂ ਅਰਜਨ ਦੇਵ ਸੰਪਾਦਕ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93
20. ਉਹੀ ਪੰਨਾ 480
21. ਉਹੀ ਪੰਨਾ 1036
22. ਉਹੀ ਪੰਨਾ 487
23. ਉਹੀ ਪੰਨਾ 872
24. ਉਹੀ ਪੰਨਾ 972
25. ਉਹੀ ਪੰਨਾ 1381
26. ਉਹੀ ਪੰਨਾ 334
27. ਉਹੀ ਪੰਨਾ 857
28. ਉਹੀ ਪੰਨਾ 1104
29. ਉਹੀ ਪੰਨਾ 91
30. ਉਹੀ ਪੰਨਾ 333
31. ਉਹੀ ਪੰਨਾ 1377
32. ਉਹੀ ਪੰਨਾ 1365
33. ਉਹੀ ਪੰਨਾ 325
34. ਉਹੀ ਪੰਨਾ 1366
35. ਉਹੀ ਪੰਨਾ 1195
36. ਉਹੀ ਪੰਨਾ 333
37. ਉਹੀ ਪੰਨਾ 334
38. ਉਹੀ ਪੰਨਾ 1369
39. ਉਹੀ ਪੰਨਾ 326

40. ਗੁਰੂ ਅਰਜਨ ਦੇਵ ਸੰਪਾਦਕ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 526
41. ਉਹੀ ਪੰਨਾ 971
42. ਉਹੀ ਪੰਨਾ 1161
43. ਉਹੀ ਪੰਨਾ 969
44. ਉਹੀ ਪੰਨਾ 337
45. ਉਹੀ ਪੰਨਾ 93
46. ਉਹੀ ਪੰਨਾ 200
47. ਉਹੀ ਪੰਨਾ 1381
48. ਉਹੀ ਪੰਨਾ 479
49. ਉਹੀ ਪੰਨਾ 794
50. ਉਹੀ ਪੰਨਾ 1369
51. ਉਹੀ ਪੰਨਾ 1371
52. ਉਹੀ ਪੰਨਾ 1293
53. ਉਹੀ ਪੰਨਾ 488
54. ਉਹੀ ਪੰਨਾ 656-7
55. ਉਹੀ ਪੰਨਾ 1351
56. ਉਹੀ ਪੰਨਾ 1195
57. ਉਹੀ ਪੰਨਾ 525
58. ਉਹੀ ਪੰਨਾ 695
59. ਉਹੀ ਪੰਨਾ 855
60. ਉਹੀ ਪੰਨਾ 1377

61. ਗੁਰੂ ਅਰਜਨ ਦੇਵ ਸੰਪਾਦਕ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 378

62. ਉਹੀ ਪੰਨਾ 469

63. ਉਹੀ ਪੰਨਾ 331

64. ਉਹੀ ਪੰਨਾ 526

65. ਉਹੀ ਪੰਨਾ 1378

66. ਉਹੀ ਪੰਨਾ 526

67. ਉਹੀ ਪੰਨਾ 694

68. ਉਹੀ ਪੰਨਾ 1368

69. ਉਹੀ ਪੰਨਾ 345

70. ਉਹੀ ਪੰਨਾ 1104-5

71. ਉਹੀ ਪੰਨਾ 525

72. ਉਹੀ ਪੰਨਾ 525

73. ਉਹੀ ਪੰਨਾ 875

74. ਉਹੀ ਪੰਨਾ 1105


*******

***

*

ਅਧਿਆਇ ਪੰਜਵਾਂ :

## ਭਗਤ ਬਾਣੀ ਦਾ ਰੂਪਕ ਪੱਖ

5.1 ਸੰਗੀਤ ਅਥਵਾ ਰਾਗ ।

5.2 ਛੰਦ ਪ੍ਰਬੰਧ ।

5.3 ਕਾਵਿ ਰੂਪ ।

5.4 ਰਸ ।

5.5 ਬਿੰਬ ਪ੍ਰਤੀਕ ਤੇ ਅਲੰਕਾਰ ।

5.6 ਭਾਸ਼ਾ ।

*****

## ਭਗਤ ਬਾਣੀ ਦਾ ਰੂਪਕ ਪੱਖ

ਭਗਤ ਬਾਣੀ ਰਹੱਸਵਾਦੀ ਹੈ । ਸਾਹਿੱਤ ਰਹੱਸ ਨੂੰ ਰਸ ਵਿਚ ਘੋਲ ਕੇ ਵਿਸਤ੍ਰਿਤ ਕਰਦਾ ਹੈ ।[1] ਉਸ ਨੂੰ ਕਵਿਤਾ ਦੇ ਕਪੜੇ ਪੁਆਂਦਾ, ਕਲਪਣਾ ਨਾਲ ਸ਼ਿੰਗਾਰਦਾ, ਮਨੁੱਖੀ ਤਜਰਬੇ ਵਿਚ ਆਉਂਦੇ ਅਲੰਕਾਰ ਵਰਤਦਾ ਹੈ ਵੰਨ-ਸਵੰਨੇ ਛੰਦਾਂ ਵਿਚ ਬੰਨ੍ਹਦਾ ਹੈ । ਸੱਚਾ ਸੁੱਚਾ ਸਾਹਿਤ ਆਪਣੇ ਮਹਾਨ ਆਸ਼ੇ ਅਨੁਸਾਰ ਸ਼ਬਦਾਂ ਨੂੰ ਭੰਨਦਾ - ਘੜਦਾ, ਛਿਲਦਾ ਤੇ ਤ੍ਰਾਸਦਾ ਹੈ । ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਬਾਣੀ ਕਵਿਤਾ ਤੋਂ ਕਿਤੇ ਉਚੇਰੀ ਤੇ ਮਹਾਨ ਹੈ ਤੇ ਕਵਿਤਾ ਵਾਲੇ ਮਾਪ-ਦੰਡ ਨਾਲ ਇਸ ਦੀ ਪਰਖ ਕਰਨ ਤੇ ਵੀ ਹਿਚਕਚਾਹਟ ਮਹਿਸੂਸ ਕੀਤੀ ਜਾਂਦੀ ਹੈ । ਇਹ ਵੀ ਠੀਕ ਹੈ ਕਿ ਬਾਣੀ ਦਾ ਉਦੇਸ਼ ਇਸ ਸਚਿਆਈ ਨੂੰ ਦ੍ਰਿੜ੍ਹ ਕਰਾਉਣਾ ਹੈ ਕਿ ਮਨੁੱਖੀ ਆਤਮਾ ਦੇ ਦੁੱਖਾਂ ਦਾ ਕਾਰਨ ਮੂਲ-ਸੋਮੇਂ ਤੋ ਵਿਛੋੜਾ ਹੈ । ਸਾਗਰ ਵਿਚੋਂ ਉਠੀ ਛੱਲ ਭਾਵੇਂ ਕਿੰਨੀ ਵੀ ਉੱਚੀ ਕਿਉਂ ਨਾ ਪਈ ਉਠੇ, ਪਰ ਉਹ ਉਸ ਸਮੇਂ ਤਕ ਬੇਚੈਨ ਹੀ ਰਹਿੰਦੀ ਹੈ ਜਦ ਤਕ ਉਹ ਆਪ ਨੂੰ ਸਹੁ-ਸਾਗਰ ਨਾਲ ਇਕ ਮਿਕ ਨਹੀਂ ਕਰ ਦੇਂਦੀ । ਫੁੱਲ ਉਹੀ ਖਿੜਿਆ ਰਹੇਗਾ, ਜਿਹੜਾ ਟਾਹਣੀ ਦੇ ਗਲ ਲਗਾ ਹੈ । ਭਗਤ-ਬਾਣੀ ਦਾ ਉਦੇਸ਼ ਮਾਨਵ-ਮਾਤਰ ਦੇ ਕਲਿਆਣ ਲਈ ਇਸ ਲੋਕ ਦਾ ਗਿਆਨ ਦੇਣਾ ਤੇ ਦੁਖੀ ਜੀਵਾਂ ਨੂੰ ਪਰਮਾਤਮਾ ਨਾਲ ਮੇਲ ਪ੍ਰਾਪਤ ਕਰਨ ਲਈ ਭਗਤੀ ਦਾ ਰਾਹ ਦਸੱਣਾ ਸੀ । ਇਸ ਲਈ ਮੱਧਕਾਲੀਨ ਸੰਤਾਂ ਦਾ ਸਾਹਿਤਿਕ ਮੁਲਾਂਕਣ ਕਰਨ ਲੱਗਿਆਂ ਵਿਦਵਾਨ ਇਨ੍ਹਾਂ ਦੀ ਬਾਣੀ ਨੂੰ ਕਾਵਿ ਦੀ ਕੋਟੀ ਵਿਚ ਰੱਖਣ ਤੋ ਸੰਕੋਚ ਤੇ ਸ਼ੰਕਾ ਕਰਦੇ ਹਨ[2]। ਇਹ ਭਾਵੇਂ ਠੀਕ ਹੈ ਕਿ ਸੰਤਾਂ ਦਾ ਇਕ ਮਾਤਰ ਉਦੇਸ਼ ਕਵਿਤਾ ਰਚਨਾ ਨਹੀਂ ਸੀ ਸਗੋਂ ਮਨੁੱਖ ਮਾਤ੍ਰ ਦਾ ਉੱਧਾਰ ਕਰਨਾ ਸੀ । ਸ਼ਾਇਦ ਇਹੋ ਕਾਰਨ ਹੈ ਕਿ ਉਹ ਭਗਤ ਪਹਿਲਾਂ ਹਨ ਤੇ ਕਵੀ ਪਿਛੋਂ । ਇਸ ਲਈ ਇਹਨਾਂ ਦੀ ਬਾਣੀ ਵਿਚ ਅਭਿਵਿਅਕਤੀ ਨਾਲੋ ਵਿਸ਼ੇ ਨੂੰ ਵਧੇਰੇ ਮਹਤੱਵ ਪ੍ਰਾਪਤ ਹੈ । ਇਹਨਾਂ ਭਗਤ ਕਵੀਆਂ ਨੇ ਅਧਿਆਤਮਕ ਕਦਰਾਂ ਕੀਮਤਾਂ ਨੂੰ ਆਪਣੇ ਕਾਵਿ ਦਾ ਵਿਸ਼ਾ ਬਣਾਇਆ ਪਰੰਤੂ ਰੂਪ ,ਭਾਸ਼ਾ ਸ਼ੈਲੀ, ਛੰਦ

ਅਲੰਕਾਰ ਤੇ ਬਿੰਬਾਵਲੀ ਬਾਰੇ ਉਚੇਚ ਨਹੀਂ ਕੀਤਾ । ਇਸ ਤੱਥ ਦੇ ਬਾਵਜੂਦ ਭਗਤ ਕਵੀਆਂ ਨੇ ਇਕ ਪਾਸੇ ਤਾਂ ਕਾਵਿ ਦੀ ਸ਼ਾਸਤ੍ਰੀ ਪਰੰਪਰਾ ਦਾ ਅਨੁਸਰਣ ਕੀਤਾ ਅਤੇ ਦੂਜੇ ਪਾਸੇ ਕਈ ਮੌਲਿਕ ਕਾਵਿ-ਕਲਾ ਦੀਆਂ ਰਹੁ-ਰੀਤਾਂ ਬਣਾਈਆਂ । ਇਨ੍ਹਾਂ ਦੀ ਰਚਨਾ ਭਾਰਤੀ ਸਾਹਿਤਿਕ ਪਰੰਪਰਾ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਸੀ । ਉਚ-ਕੋਟੀ ਦੀ ਬਾਣੀ ਦਾ ਮਾਧਿਅਮ ਵੀ ਉੱਚ ਕਲਾ ਦੀਆਂ ਕੀਮਤਾਂ ਵਾਲਾ ਹੈ । ਭਗਤੀ ਭਾਵ ਵਿਚ ਜੋ ਰਚਨਾ ਕੀਤੀ ਗਈ ਹੈ, ਉਹ ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਵੀ ਸਰਵੋਤਮ ਹੈ[3] । ਇਸ ਬਾਣੀ ਵਿਚੋਂ ਮਿਠੱਤ, ਗਤੀ-ਪ੍ਰਵਾਹ, ਸਾਦਗੀ, ਆਤਮ-ਰਸ, ਭਾਵ-ਮਗਨਤਾ, ਉਦਾਰਤਾ ਅਤੇ ਸੁੰਦਰਤਾ ਪ੍ਰਾਪਤ ਹੁੰਦੀ ਹੈ । ਇਸ ਵਿਚੋਂ ਬ੍ਰਹਮਾਨੰਦ - ਸਹੋਦਰ ਪ੍ਰਾਪਤ ਹੁੰਦਾ ਹੈ, ਅਰਥਾਤ ਸਾਨੂੰ ਉਸ ਪ੍ਰਕਾਰ ਦੀ ਕਾਵਿ-ਸਮੱਗਰੀ ਉਪਲਬੱਧ ਅ ਹੁੰਦੀ ਹੈ । ਜਿਸਨੂੰ ਪੜ੍ਹਕੇ ਓਨਾ ਹੀ ਆਨੰਦ ਆਉਂਦਾ ਹੈ ਜਿੰਨਾ ਬ੍ਰਹਮ ਦੇ ਮਿਲਣ ਦਾ ਆਨੰਦ ਹੁੰਦਾ ਹੈ [4] ।

ਭਗਤ-ਬਾਣੀ ਕਿਉਂਕਿ ਗੁਰਮਤਿ ਸਾਹਿਤ ਦਾ ਹੀ ਇਕ ਅੰਸ਼ ਹੈ, ਇਸ ਲਈ ਇਸ ਵਿਚ ਉਹ ਸਾਰੇ ਤੱਤ ਮੌਜੂਦ ਹਨ ਜੋ ਇਸ ਨੂੰ ਅਮਰ ਤੇ ਅਬਿਨਾਸ਼ੀ ਬਣਾਉਂਦੇ ਹਨ । ਸਚਮੁੱਚ ਹੀ ਇਹ ਸਾਹਿੱਤ ' ਕੌਸਰ ਦਾ ਹੌਜ਼ ' ਹੈ [5] ।

ਭਾਰਤੀ ਜਾਂ ਪਛੱਮੀ ਮਾਪ - ਦੰਡਾਂ ਅਨੁਸਾਰ ਜੇ ਕਾਵਿ - ਸ਼ੈਲੀ ਦਾ ਵਿਵੇਚਨ ਵੀ ਕੀਤਾ ਜਾਵੇ ਤਾਂ ਵੀ ਭਗਤ-ਬਾਣੀ ਦੀ ਉੱਤਮਤਾ ਸਪਸ਼ਟ ਸਿੱਧ ਹੁੰਦੀ ਹੈ । ਇਸ ਵਿਚ ਰਸੀਲੇ ਬਚਨਾਂ, ਅਲੰਕਾਰਾਂ ਤੇ ਛੰਦਾਂ ਦੀ ਭਰਮਾਰ ਹੈ ਜੋ ਭਾਰਤੀ ਮਾਪ - ਦੰਡਾਂ ਅਨੁਸਾਰ ਕਾਵਿ ਦੀ ਸ਼ੋਭਾ ਨੂੰ ਵਧਾਉਂਦੇ ਹਨ ਅਤੇ ਇਸ ਵਿਚ ਬੁਧਿਤੱਤ, ਭਾਵਨਾ ਤੱਤ ਤੇ ਕਲਪਨਾ ਤੱਤ ਵੀ ਓਤਪੋਤ ਹੈ ਜੋ ਪਛੱਮੀ ਵਿਦਵਾਨਾਂ ਅਨੁਸਾਰ - ਕਾਵਿਕਲਾ ਦੀ ਸੰਪੂਰਨਤਾ ਲਈ ਅਨਿੱਖੜ ਹੈ [6] ।

ਜਦ ਅਸੀਂ ਭਗਤ -ਬਾਣੀ ਦੀ ਜਾਣਕਾਰੀ ਰੂਪਕ ਪੱਖ ਤੋਂ ਪ੍ਰਾਪਤ ਕਰਨੀ ਹੁੰਦੀ ਹੈ ਤਾਂ ਸਾਡਾ ਧਿਆਨ ਨਿਸਚੈ ਹੀ ਬਾਣੀ ਭਾਵ ਕਵਿਤਾ ਦੇ ਆਕਾਰ, ਛੰਦ,ਰਾਗ, ਤੋਲ, ਅਲੰਕਾਰਾਂ ਤੇ ਰਸਾਂ ਵਲ ਜਾਂਦਾ ਹੈ ਕੁਝ ਭਗਤ ਕਵੀ ਐਸੇ ਵੀ ਹਨ, ਜਿਹਨਾਂ

ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਬੜੀ ਹੀ ਅਲਪ ਮਾਤ੍ਰਾ ਵਿਚ ਹੈ, ਪਰ ਦੂਸਰੇ ਪਾਸੇ ਭਗਤ ਕਬੀਰ, ਰਵਿਦਾਸ ਤੇ ਫਰੀਦ ਆਦਿ ਦੀ ਬਾਣੀ ਵਡੇਰੇ ਅਕਾਰ ਦੀ ਹੈ, ਇਸ ਲਈ ਵਧੇਰੇ ਚਰਚਾ ਦਾ ਵਿਸ਼ਾ ਵੀ ਇਹ ਭਗਤ ਕਵੀ ਹੀ ਹੋਣਗੇ, ਭਾਵੇਂ ਇਸ ਸ਼ੋਧ - ਪ੍ਰਬੰਧ ਵਿਚ ਸਮੁੱਚੀ ਭਗਤ - ਬਾਣੀ ਨੂੰ ਹੀ ਦ੍ਰਿਸ਼ਟੀ-ਗੋਚਰ ਰੱਖਿਆ ਗਿਆ ਹੈ ।

5.1 ਸੰਗੀਤ ਪ੍ਰਬੰਧ ਅਥਵਾ ਰਾਗ : ਰਾਗ ਬਾਣੀ ਅਥਵਾ ਕਵਿਤਾ ਦੀ ਜਿੰਦ ਹੈ । ਕਿਸੇ ਵੀ ਕਵਿਤਾ ਅਥਵਾ ਬਾਣੀ ਦੇ ਸੰਗੀਤ ਵਿਧਾਨ ਦਾ ਜੇ ਵਿਵੇਚਨ ਨਾ ਕੀਤਾ ਜਾਵੇ ਤਾਂ ਇਸ ਦਾ ਰੂਪਕ ਪੱਖ ਤੋਂ ਅਧਿਅਨ ਅਧੂਰਾ ਰਹਿ ਜਾਏਗਾ । ਗੁਰਮਤਿ ਕਾਵਿ ਦੇ ਭਗਤ ਬਾਣੀ ਆਦਿ ਗ੍ਰੰਥ'ਚ ਦਰਜ ਹੈ ਤੇ ਆਦਿ ਗ੍ਰੰਥ ਦਾ ਸੰਪਾਦਨ ਹੀ ਰਾਗਾਂ ਦੇ ਆਧਾਰ ਤੇ ਕੀਤਾ ਗਿਆ ਹੈ । ਭਗਤ ਨਾਮ ਮਾਰਗ ਦੇ ਪਾਂਧੀ ਸਨ । ਨਾਮ ਦੀ ਕੁੰਜੀ ਵਿਸਮਾਦ ਹੈ ਅਤੇ ਵਿਸਮਾਦ ਉਤਪਤੀ ਦਾ ਕੰਮ ਰਾਗ ਔਰ ਕੀਰਤਨ ਨਾਲ ਹੀ ਪੂਰਾ ਹੁੰਦਾ ਹੈ [7]। ਭਗਤੀ ਲਹਿਰ ਦੇ ਸੰਤਾਂ ਭਗਤਾਂ ਨੇ ਰੂਹਾਨੀ ਰਮਜ਼ਾਂ ਨਾਲ ਪ੍ਰੇਮ ਵਿਭੋਰ ਕਰਨ ਲਈ ਆਪਣੇ ਪਦਿਆਂ ਉਤੇ ਰਾਗ, ਤਾਲ ਦੇ ਸੰਕੇਤ ਦਿੱਤੇ ਹਨ । ਸੰਭਵ ਇਹੋ ਜਾਪਦਾ ਹੈ ਕਿ ਭਗਤ ਕਵੀ ਸੰਗੀਤ ਤੋਂ ਚੰਗੀ ਤਰ੍ਹਾਂ ਜਾਣੂ ਸਨ ਤੇ ਆਪਣੀ ਕਾਵਿ ਰਚਨਾ ਦੇ ਵਿਸ਼ੇ ਵਸਤੂ ਅਨੁਸਾਰ ਸੰਗੀਤਕ ਧਾਰਨਾ ਦਾ ਆਸਰਾ ਲੈਂਦੇ ਸਨ ।

ਭਗਤ ਬਾਣੀ ਦੀ ਰੂਪਕ ਮਹਤੱਤਾ ( ਤੇ ਵਸਤੂ ਪੱਖੋਂ ਵੀ ) ਸਮਝਣ ਲਈ ਇਸ ਨੂੰ ਆਦਿ ਗ੍ਰੰਥ ਦੇ ਸੰਦਰਭ ਵਿਚ ਵਿਚਾਰਨ ਦੀ ਲੋੜ ਹੈ । ਭਾਰਤੀ ਜਨ - ਜੀਵਨ, ਧਾਰਮਕ ਜਾਂ ਸਮਾਜਕ ਰੀਤੀ ਰਿਵਾਜ ਵਿਚ ਸੰਗੀਤ ਦੀ ਸਦਾ ਵਿਸ਼ੇਸ਼ ਥਾਂ ਰਹੀ ਹੈ । ਇਸ ਵਿਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਜੇ ਸਾਡੇ ਭਗਤ ਕਵੀਆਂ ਨੇ ਰਾਗ ਨੂੰ ਪ੍ਰਾਥਮਿਕਤਾ ਦਿੱਤੀ ਹੈ । ਭਗਤ ਕਵੀਆਂ ਦੀ ਸਾਧਨਾ ਪ੍ਰਮਾਤਮਾ ਨਾਲ ਮਿਲਾਪ ਦਾ ਯਤਨ ਹੀ ਸੀ ਤੇ ਰਾਗ ਪ੍ਰਮਾਤਮਾ ਵਲੋਂ ਆਤਮਾ ਨੂੰ ਬੁਲਾਵਾ ਕਿਹਾ ਗਿਆ ਹੈ 8 । ਨਿਰਸੰਦੇਹ ਮਨੁੱਖੀ ਸਰੀਰ ਵਿਚ ਸਭ ਰਸਾਂ ਨਾਲੋਂ ਉੱਤਮ ਰਸ-ਸੰਗੀਤ ਮੰਨਿਆ ਗਿਆ ਹੈ । ਸਭ ਸਥੂਲ ਰਸਾਂ ਨਾਲ ਵੈਰਾਗ ਪੈਦਾ ਕਰਕੇ ਸੰਸਾਰੀ ਰਸਾਂ ਤੋਂ ਉੱਚਾ ਉਠਕੇ ਵਿਸਮਾਦ ਦੀ ਅਵਸਥਾ ਵਿਚ ਲਿਜਾਣ ਵਾਲਾ ਸੰਗੀਤ ਹੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗ ਰਾਗਣੀਆਂ'ਚ ਬਾਣੀ ਦੀ ਰਚਨਾ ਮਿਲਦੀ ਹੈ । ਅਤਿ ਖੁਸ਼ੀ ਜਾਂ ਅਤਿ ਗ਼ਮੀ ਦੇ ਰਾਗ ਜਿਵੇਂ ਹਿੰਡੋਲ ਜਾਂ ਦੀਪਕ ਰਾਗ ਨੂੰ ਕੋਈ ਥਾਂ ਨਹੀਂ ਦਿੱਤੀ ਗਈ । ਭਗਤ ਕਵੀਆਂ ਨੇ ਵੀ ਆਪਣੀ ਰਚਨਾ ਵਿਚ ਅਜਿਹੇ ਰਾਗ ਹੀ ਵਰਤੇ ਹਨ, ਭਾਵੇਂ ਕਿਸੇ ਖਾਸ ਰਾਗ ਨੂੰ ਵਧੇਰੇ ਵਰਤੋਂ'ਚ ਲਿਆਂਦਾ ਗਿਆ ਹੈ । ਗੁਰੂ ਕਵੀਆਂ ਤੇ ਭਗਤ ਕਵੀਆਂ ਦੀ ਬਾਣੀ ਵਿਚ ਰਾਗਾਂ ਦੇ ਤਨੁਲਾਤਮਕ ਅਧਿਐਨ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਰਾਗ ਦੀ ਕਸਵੱਟੀ ਤੇ ਭਗਤ ਬਾਣੀ ਵੀ ਉਤਨੀ ਹੀ ਉਤੱਮ ਹੈ ਜਿਤਨੀ ਕਿ ਆਦਿ - ਗ੍ਰੰਥ ਵਿਚ ਹੋਰ ਬਾਣੀ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਮਾਝ, ਗਾਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਮਾਲੀ ਗਾਉੜੀ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬੰਸਤ, ਸਾਰੰਗ, ਕਾਨੜਾ, ਮਲਾਰ, ਕਲਿਆਣ, ਪ੍ਰਭਾਤੀ, ਜੈਜਾਵੰਤੀ ਰਾਗ ਵਰਤੇ ਹਨ ।

ਸ੍ਰੀ ਗੁਰੂ ਨਾਨਕ ਨੇ ਗੋਂਡ ਤੇ ਕੇਦਾਰਾ ਰਾਗ ਨਹੀਂ ਵਰਤੇ ਬਾਕੀ ਸਾਰੀ ਬਾਣੀ ਦੀ ਰਚਨਾ 'ਚ ਉਹੋ ਰਾਗ ਵਰਤੇ ਹਨ ਜਿਹਨਾਂ ਵਿਚ ਭਗਤ ਕਬੀਰ ਜੀ ਨੇ ਰਚਨਾਵਾਂ ਰਚੀਆਂ । ਇਸ ਤੋਂ ਬਿਨਾਂ ਉਹਨਾਂ ਨੇ ਮਾਝ, ਵਡਹੰਸ ਤੇ ਮਲਾਰ ਰਾਗਾਂ ਦੀ ਵਰਤੋਂ ਵੀ ਕੀਤੀ ਹੈ । ਗੁਰੂ ਅੰਗਦ ਦੇਵ ਜੀ ਨੇ ਤੁਖਾਰੀ ਤੇ ਤਿਲੰਗ ਰਾਗ ਤੋਂ ਬਿਨਾਂ ਬਾਕੀ ਸਾਰੇ ਰਾਗ ਗੁਰੂ ਨਾਨਕ ਦੇਵ ਜੀ ਵਾਲੇ ਵਰਤੇ ਹਨ । ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ ਤੇ ਕਾਨੜਾ ਰਾਗ ਵਰਤੇ ਹਨ ਜਦੋਂ ਕਿ ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਜੈਜਾਵੰਤੀ ਰਾਗ ਨੂੰ ਛਡਕੇ ਬਾਕੀ ਦੇ 30 ਰਾਗ ਵਰਤੇ ਹਨ ।

ਗੁਰੂ ਨਾਨਕ ਸਾਹਿਬ ਨੇ 19, ਗੁਰੂ ਅੰਗਦ ਦੇਵ ਜੀ ਨੇ ਤੇ ਗੁਰੂ ਅਮਰ ਦਾਸ ਨੇ 18 ਰਾਗਾਂ ਦੀ ਵਰਤੋ ਕੀਤੀ । ਇਹ ਗੁਰੂ ਰਾਮਦਾਸ ਜੀ ਹੀ ਸਨ ਜਿਹਨਾਂ ਗਿਣਤੀ 30 ਤਕ ਪਹੁੰਚਾ ਦਿੱਤੀ । 31 ਵਾਂ ਰਾਗ ਵਰਤਣ ਵਾਲੇ ਕੇਵਲ ਗੁਰੂ ਤੇਗ ਬਹਾਦਰ

ਜੀ ਹਨ । ਭਗਤਾਂ ਵਿਚੋਂ ਕਬੀਰ ਤੇ ਨਾਮਦੇਵ ਨੇ 17 ਰਾਗਾਂ ਵਿਚ ਬਾਣੀ ਰਚੀ ਹੈ, ਰਵਿਦਾਸ ਨੇ 16 ਰਾਗਾਂ ਦਾ ਪ੍ਰਯੋਗ ਕੀਤਾ ਹੈ, ਬਾਕੀ ਭਗਤਾਂ ਨੇ ਇਕ ਜਾਂ ਦੋ ਰਾਗਾਂ ਦਾ। ਭੱਟਾਂ ਦੇ ਸਵੱਯੇ ਰਾਗਾਂ ਵਿਚ ਨਹੀਂ ਹਨ [10] ।

ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ 31 ਰਾਗ ਇਹ ਹਨ । ਭਗਤ ਕਵੀਆਂ ਨੇ ਹੇਠ ਲਿਖੇ ਵੱਖ ਵੱਖ ਰਾਗਾਂ ਵਿਚ ਰਚਨਾ ਕੀਤੀ ਹੈ :-

ਸ੍ਰੀ ਰਾਗ - ਤ੍ਰਿਲੋਚਨ, ਬੇਣੀ, ਰਵਿਦਾਸ, ਕਬੀਰ ।
ਸ੍ਰੀ ਮਾਝ -
ਸ੍ਰੀ ਗਾਉੜੀ - ਨਾਮਦੇਵ, ਰਵਿਦਾਸ, ਕਬੀਰ ।
ਆਸਾ - ਫਰੀਦ, ਨਾਮਦੇਵ, ਰਵਿਦਾਸ, ਧੰਨਾ, ਕਬੀਰ ।
ਗੂਜਰੀ - ਜੈਦੇਵ, ਤ੍ਰਿਲੋਚਨ, ਨਾਮਦੇਵ, ਰਵਿਦਾਸ, ਕਬੀਰ ।
ਦੇਵ ਗੰਧਾਰੀ –
ਬਿਹਾਗੜਾ –
ਵਡਹੰਸ –
ਸੋਰਠਿ - ਨਾਮਦੇਵ, ਰਵਿਦਾਸ, ਭੀਖਣ, ਕਬੀਰ ।
ਧਨਾਸਰੀ - ਤ੍ਰਿਲੋਚਨ, ਨਾਮਦੇਵ, ਰਵਿਦਾਸ, ਪੀਪਾ, ਸੈਣ, ਧੰਨਾ, ਕਬੀਰ ।
ਜੈਤਸਰੀ - ਰਵਿਦਾਸ ।
ਟੋਡੀ - ਨਾਮਦੇਵ
ਬੈਰਾੜੀ –
ਤਿਲੰਗ - ਨਾਮਦੇਵ ।
ਸੂਹੀ - ਫਰੀਦ, ਰਵਿਦਾਸ, ਕਬੀਰ ।
ਬਿਲਾਵਲ - ਨਾਮਦੇਵ, ਸਧਨਾ, ਰਵਿਦਾਸ, ਕਬੀਰ ।
ਗੋਂਡ- ਨਾਮਦੇਵ, ਰਵਿਦਾਸ, ਕਬੀਰ ।
ਰਾਮਕਲੀ - ਨਾਮਦੇਵ, ਬੇਣੀ, ਰਵਿਦਾਸ, ਕਬੀਰ
ਨਟ -
ਮਾਲੀ ਗਉੜੀ - ਨਾਮਦੇਵ

ਮਾਰੂ - ਜੈਦੇਵ, ਨਾਮਦੇਵ, ਰਵਿਦਾਸ, ਕਬੀਰ ।

ਤੁਖਾਰੀ –

ਕੇਦਾਰਾ - ਰਵਿਦਾਸ, ਕਬੀਰ ।

ਭੈਰਉ - ਨਾਮਦੇਵ, ਰਵਿਦਾਸ, ਕਬੀਰ ।

ਬਸੰਤ - ਨਾਮਦੇਵ, ਰਾਮਾਨੰਦ, ਰਵਿਦਾਸ, ਕਬੀਰ ।

ਸਾਰੰਗ - ਨਾਮਦੇਵ, ਪਰਮਾਨੰਦ, ਸੂਰਦਾਸ, ਕਬੀਰ ।

ਕਾਨੜਾ - ਨਾਮਦੇਵ ।

ਮਲਾਰ - ਨਾਮਦੇਵ, ਰਵਿਦਾਸ

ਕਲਿਆਣ –

ਪ੍ਰਭਾਤੀ - ਨਾਮਦੇਵ, ਬੇਣੀ, ਕਬੀਰ ।

ਜੈਜਾਵੰਤੀ –

ਰਾਗਾਂ ਦੀ ਭਰਪੂਰ ਵਰਤੋਂ ਤੋਂ ਸਿੱਧ ਹੁੰਦਾ ਹੈ ਕਿ ਭਗਤ ਕਵੀ ਰਾਗ ਵਿਦਿਆ ਵਿਚ ਪ੍ਰਬੀਨ ਸਨ । ਇਹ ਕਹਿਣਾ ਤਾਂ ਸ਼ਾਇਦ ਅਤਿਕਥਨੀ ਹੋਵੇਗਾ ਕਿ ਸਾਰੇ ਭਗਤ ਕਵੀ ਹਰ ਪ੍ਰਕਾਰ ਦੇ ਰਾਗ ਤੋਂ ਜਾਣੂ ਸਨ, ਪਰੰਤੂ ਕਬੀਰ, ਨਾਮਦੇਵ, ਰਵਿਦਾਸ, ਫਰੀਦ ਦੀ ਬਾਣੀ ਤਾਂ ਸਿੱਧੀ ਮਨ ਦੀਆਂ ਤਰਬਾਂ ਨੂੰ ਛੇੜਦੀ ਧੁਰ ਸੁਤੀ ਰੂਹ ਨੂੰ ਜਾ ਜਗਾਉਂਦੀ ਹੈ । ਰਾਗ ਪੱਖਿਂ ਵੀ ਇਹ ਬਾਣੀ ਗੁਰੂ ਕਵੀਆਂ ਦੀ ਬਾਣੀ ਨਾਲੋ ਨਾ ਅਡੱਰੀ ਹੈ ਤੇ ਨਾ ਵਖੱਰੀ ।

ਭਗਤ ਬਾਣੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ ਜਾਣਾ ਹੀ ਇਹ ਸਿੱਧ ਕਰਦਾ ਹੈ ਕਿ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਲਾ ਕੌਸ਼ਲ ਤੇ ਪੂਰਾ ਉਤਰਦੀ ਹੈ । ਨਿਸਚੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹ ਬਾਣੀ ਹੀ ਸ਼ਾਮਿਲ ਕੀਤੀ ਗਈ ਹੈ ਜੋ ਰਾਗਾਂ ਤੇ ਕਾਵਿ ਦਾ ਸਫਲ ਸੁਮੇਲ ਹੈ ।

5.2 ਛੰਦ - ਪ੍ਰਬੰਧ : ਭਗਤ - ਰਚਨਾ ਕਿਉਂਕਿ ਕਿਸੇ ਨ ਕਿਸੇ ਰਾਗ ਵਿਚ ਹੈ, ਇਸ ਲਈ ਉਹ ਨਿਸਚਿਤ ਛੰਦਾ ਅਨੁਸਾਰ ਹੈ । ਭਗਤ - ਬਾਣੀ ਦੇ ਕਾਵਿ - ਰੂਪ ਲੋਕ - ਰੁਚੀ ਦੇ ਪ੍ਰਭਾਵਾ ਅਧੀਨ ਹਨ । ਛੰਦ ਦਾ ਸ਼ਬਦੀ ਅਰਥ ਪਸੰਨ ਕਰਨਾ ਜਾਂ ਉਤਤ

ਕਰਨਾ ਵੀ ਹੈ । ਵੇਦਾਂ ਵਿਚ ਸਨਮਾਨਿਤ ਦੇਵਤਿਆਂ ਦੇ ਸਤੋਤਰ ਗਾਏ ਗਏ, ਇਸ ਕਰਕੇ ਇਨ੍ਹਾਂ ਨੂੰ ' ਛੰਦ ' ਨਾਂ ਨਾਲ ਪੁਕਾਰਿਆ ਗਿਆ । ਜਦ ਵੀ ਮਨੁੱਖ ਭਾਵਕਤਾ ਵ ਵਸ ਭਾਵਾਂ ਤੇ ਉਦਗਾਰਾਂ ਦਾ ਪ੍ਰਗਟਾਵਾ ਕਰਦਾ ਹੈ, ਛੰਦ ਦਾ ਆਸਰਾ ਲੈਂਦਾ ਹੈ ।

ਛੰਦ ਪ੍ਰਬੰਧ, ਭਾਰਤੀ ਵਿਚਾਰਧਾਰਾ ਅਧੀਨ ਉੱਤਮ ਕਾਵਿ ਦਾ ਪਾਰਖੂ ਹੈ । ਜਿਸ ਕਵਿਤਾ ਵਿਚ ਛੰਦ - ਭੰਗ, ਸ਼ਬਦ - ਭੰਗ, ਅਰਥ - ਭੰਗ, ਵਾਕ- ਭੰਗ, ਲੈਅ ਭੰਗ, ਰਸ ਭੰਗ ਜਾਂ ਸਪਸ਼ਟ ਚਿੰਤਨ ਦਾ ਦੋਸ਼ ਹੋਵੇ, ਉਹ ਕਵਿਤਾ ਨਹੀਂ ਅਖਵਾ ਸਕਦੀ [11] ।

ਭਗਤ ਬਾਣੀ ਛੰਦ ਬੰਧ ਤੇ ਸੰਗੀਤ - ਬੰਧ ਰਚਨਾ ਹੈ ਕਿਉਂਕਿ ਰਹੱਸਵਾਦੀ ਅਨੁਭਵ ਜਦੋਂ ਬਾਣੀ ਦਾ ਰੂਪ ਧਾਰਨ ਕਰਦਾ ਹੈ ਤਾਂ ਉਸ ਵਿਚ ਸੰਗੀਤਾਤਮਕਤਾ ਪ੍ਰਧਾਨ ਹੁੰਦੀ ਹੈ ਤੇ ਲੋਕ ਸੰਗੀਤ ਦਾ ਆਧਾਰ ਪ੍ਰਮੁੱਖ ਹੋਣ ਕਾਰਨ ਉਸ ਦਾ ਛੰਦ - ਪ੍ਰਬੰਧ ਵੀ ਲੋਕ ਧਾਰਨਾ ਵਾਲਾ ਹੀ ਨਿਬੜਦਾ ਹੈ । ਭਗਤ ਬਾਣੀ, ਗੁਰਬਾਣੀ ਦਾ ਅੰਗ ਹੈ । ਤੇ ਗੁਰਬਾਣੀ ਸੰਗੀਤ ਰੂਪ ਹੋਣ ਕਾਰਨ ਇਸ ਵਿਚ ਮਾਤਰਾਵਾਂ ਜਾਂ ਵਰਣਾਂ ਦੀ ਪ੍ਰਧਾਨਤਾ ਨਹੀਂ ਸਗੋਂ ਧੁਨੀ ਤੇ ਸੁਰ ਦੀ ਪ੍ਰਧਾਨਤਾ ਹੈ । ਸਪਸ਼ਟ ਹੈ ਕਿ ਰੂਹਾਨੀ ਕਵੀਆਂ ਨੇ ਕਾਵਿ-ਸ਼ਾਸ਼ਤਰ ਦੇ ਨਿਯਮਾਂ ਦਾ ਕਠੋਰਤਾ ਨਾਲ ਪਾਲਣ ਨਹੀਂ ਕੀਤਾ ਅਤੇ ਪਿੰਗਲ ਸ਼ਾਸ਼ਤ੍ਰ ਦੀਆਂ ਕਠੋਰਤਾਵਾਂ ਦੀ ਬੰਦਸ਼ ਵੀ ਕਬੂਲ ਨਹੀਂ ਕੀਤੀ । ਇਸੇ ਲਈ ਭਿੰਨ-ਭਿੰਨ ਛੰਦਾਂ ਦੀ ਵਰਤੋਂ ਵਿਚ ਮਾਤਰਾਵਾਂ ਅਤੇ ਤੁਕਾਂ ਦੀ ਗਿਣਤੀ ਘਟ ਵੱਧ ਦ੍ਰਿਸ਼ਟੀਗਤ ਹੁੰਦੀ ਹੈ । ਇਸ ਬਾਣੀ ਦੀ ਵਡਿਆਈ ਇਸ ਦੀ ਸਰੋਦੀ ਹੂਕ ਹੈ ਜੋ ਮਾਤ੍ਰਾਂ ਦੀ ਗਿਣਤੀ-ਮਿਣਤੀ ਤੇ ਲਘੂ-ਗੁਰੂ ਦੀਆਂ ਬੰਦਸ਼ਾਂ ਤੋ ਆਜ਼ਾਦ ਹੈ । ਇਹ ਅਤਿ ਉਚੀ ਕਵਿਤਾ ਦੀ ਨਿਸ਼ਾਨੀ ਹੈ ਜਿਹੜੀ ਜਜ਼ਬੇ ਦੇ ਹੜ੍ਹ ਉਤੋਂ ਪ੍ਰਵਾਨ ਪਿੰਗਲ ਦੀਆਂ ਹੱਦ - ਬੰਦੀਆਂ ਨੂੰ ਕੁਰਬਾਨ ਕਰ ਦੇਂਦੀ ਹੈ । ਗਗਨ ਛੂਹੰਦੀਆਂ ਛੱਲਾਂ ਦੀ ਛਾਤੀ ਬੰਦਾਂ ਦੀ ਬੰਦਸ਼ ਵਿਚ ਕੈਦ ਕਰਨੀ ਸੰਭਵ ਨਹੀਂ । ਆਕਾਸ਼ੀਆਂ ਉਡਦੀਆਂ ਚਿਟੀਆਂ ਅਬਾਬੀਲਾਂ ਕਦ ਪਿੰਜਰੇ ਦੀਆਂ ਮਹੁਤਾਜ ਹੁੰਦੀਆਂ ਹਨ [12]।

ਇਹੋ ਕਾਰਨ ਹੈ ਕਿ ਇਸ ਵਿਚ ਵਾਰਤਕ ਨਾਲ ਮੇਲ ਖਾਂਦੀਆਂ ਤੁਕਾਂ ਵੀ ਹਨ ਜਿਸਨੂੰ ਅਨੰਤ ਤੁਕੀ ( blank verse ) ਵੀ ਕਿਹਾ ਜਾ ਸਕਦਾ ਹੈ । ਨਾਮਦੇਵ ਦੀ ਬਾਣੀ ਵਿਚ ਇਸ ਦੀ ਘਾਟ ਨਹੀਂ ।

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ।।

**5.3 ਕਾਵਿ - ਰੂਪ :** ਭਗਤ ਕਵੀਆਂ ਨੇ ਸਿਧਾਂਤਾ ਦੇ ਅਨੁਰੂਪ ਕਾਵਿ ਦੀ ਭਾਵੇਂ ਸਿਰਜਨਾ ਨਾ ਵੀ ਕੀਤੀ ਹੋਵੇ ਫਿਰ ਵੀ ਕੁਝ ਕਾਵਿ-ਰੂਪ ਭਾਰਤੀ ਕਾਵਿ-ਸ਼ਾਸਤ੍ਰ ਦੀ ਪਰੰਪਰਾ ਅਨੁਸਾਰ ਭਗਤੀ-ਕਾਵਿ ਵਿਚ ਵਿੱਦਮਾਨ ਹਨ । ਜਿਹੜੇ ਜਿਹੜੇ ਪ੍ਰਸਿੱਧ ਕਾਵਿ-ਰੂਪ ਵਰਤੇ ਗਏ ਹਨ ਉਹਨਾਂ ਵਿਚ ਸਾਖੀ, ਸ਼ਬਦ ਰਮੈਣੀ, ਜੋਤੀਸਾ, ਬਾਵਨਅਖਰੀ, ਵਾਰ, ਥਿਤੀ, ਚਾਦਰ, ਬਸੰਤ, ਹਿੰਡੋਲ, ਬੇਲਿ, ਵਿਪਰ, ਮਤੀਸੀ, ਕਹਿਰਾ, ਬਿਰਹੁਲੀ, ਸਲੋਕ ਆਦਿ ਹਨ ।

ਇਸ ਤੋਂ ਬਿਨਾ ਭਗਤ ਬਾਣੀ ਵਿਚ ਹੇਠ ਲਿਖੇ ਕਾਵਿ-ਰੂਪਾਂ'ਚੋਂ ਅਨੇਕ ਰੂਪਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ ।

ਤੇ ਕਾਵਿ-ਭੇਦ ( ਬਾਰਾਮਾਹ, ਆਰਤੀ, ਰੁੱਤੀ, ਥਿਤੀ, ਪਹਰੈ, ਵਾਰ, ਗੀਤ, ਬਿਸਨਪਦ (ਸ਼ਬਦ), ਸਤਵਾਰਾ, ਛੰਦ, ਸੋਹਿਲਾ, ਛੱਕ, ਪੰਚਪਦੇ, ਤਿਤੁਕੇ, ਦੁਤਕੇ, ਤਿਪਦੇ, ਕਾਠੀ, ਗਾਥਾ, ਅਸਪਟਦੀ, ਚੋਬੋਲਾ, ਦੋਪਦੇ, ਆਦਿ ਵਰਤਕੇ ਪਿੰਗਲ ਗਿਆਨ ਦਾ ਸਬੂਤ ਦਿੱਤਾ ਹੈ :-

ਦੋ ਤੁਕੇ :

1. ਚੰਦ ਸਤ ਭੇਦਿਆ, ਨਾਦ ਸਤ ਪੂਰਿਆ ,
   ਸੂਰ ਸਤ ਖੋੜਸਾ ਦੱਤ ਕੀਤਾ । ( ਮਾਰੂ, ਜੈਦੇਵ )
2. ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ।
   ਜਿਸ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ।
   ( ਆਸਾ ਸ੍ਰੀ ਕਬੀਰ ਜੀਉ ਕੇ )

ਦੋਹਿਰਾ:

ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹਿ ਮਰਹੁ ਸਵਾਰਿ ।
ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ ।

ਸੋਰਠਾ:

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ।
ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ।
( ਫਰੀਦ )

ਹਰਿ ਕਾ ਨਾਮ ਅੰਮ੍ਰਿਤ ਜਲੁ ਨਿਰਮਲੁ ਇਹ ਅਖਉਧੁਜਗਿ ਧਾਰਾ ।
ਗੁਰ ਪ੍ਰਸਾਦਿ ਕਹੈ ਜਨੁ ਭੀਖਨ ਪਾਵਹੁਮੋਖ ਦੁਆਰਾ ।।
( ਭੀਖਣ )

ਬਾਵਨ ਅਖਰੀ (ਕਬੀਰ)  ੳ, ਅੰ, ਕ, ਖ, ਗ, ਘ, ਙ

ਚ, ਛ, ਜ, ਝ, ਞ,

ਟ, ਠ, ਡ, ਢ, ਣ,

ਤ, ਥ, ਦ, ਧ, ਨ,

ਪ, ਫ, ਬ, ਭ, ਮ,

ਮ, ਯ, ਰ, ਲ, ਵ,

ਵ, ਸ, ਖ, ਸ, ਹ,

ਕਈ ਅੱਖਰ ਦਹੁਰਾਏ ਵੀ ਗਏ ਹਨ। ਕਬੀਰ ਦੀ ਬਾਵਨ ਅੱਖਰੀ 'ਚ ਦੇਵਨਾਗਰੀ ਲਿੱਪੀ ਦੇ ਤਤ ਅਖੱਰ ਤਰਤੀਬ ਨਾਲ ਲਿਖੇ ਗਏ ਹਨ।

ਕਬੀਰ ਜੀ ਨੇ ਇਕ ਸਤਵਾਰਾ ਸ੍ਰਿਰੀ ਰਾਗ ਵਿਚ ਰਚਿਆ ਹੈ :

ਪੰਦ੍ਰਹ ਥਿਤੀ ਸਤਵਾਰ ।<br>
ਕਹਿ ਕਬੀਰ ਉਰਵਾਰ ਨ ਪਾਰ ।<br>
ਸਾਧਿਕ ਸਿਧ ਲਖੈ ਜਉ ਭੇਉ ।<br>
ਆਪੇ ਕਰਤਾ ਆਪੇ ਦੇਉ ।

ਥਿਤਿ - ਕਬੀਰ ਜੀ ਨੇ ਇਕ ਸਲੋਕ, 16 ਪੌੜੀਆਂ ਰਾਗ ਗਉੜੀ 'ਚ ਰਚਨਾ ਕੀਤੀ :

ਅਮਾਵਸ ਰਹਿ ਆਸ ਨਿਵਾਰਹੁ ।।<br>
ਅੰਤਰਜਾਮੀ ਰਾਮ ਸਮਾਰਹੁ ।।<br>
ਜੀਵਤ ਪਾਵਹੁ ਮੋਖ ਦੁਆਰ ।।<br>
ਅਨਭਉ ਸਬਦ ਤਤੁ ਨਿਜਸਾਰ ।।

5.4 ਰਸ :. ਰਸ ਨੂੰ ਕਵਿਤਾ ਦੀ ਆਤਮਾ ਕਿਹਾ ਗਿਆ ਹੈ। ਵਿਚਾਰਾਂ ਨੂੰ ਅਹਿਸਾਸ ਜਾਂ ਜਜ਼ਬੇ ਦੇ ਕਪੜੇ ਪੁਆਣਾ ਹੀ ਰਸ ਹੈ। ਅਲੰਕਾਰਾਂ, ਸ਼ਬਦਾਂ ਤੇ ਵਾਕੰਸ਼ਾ ਦੀ ਪ੍ਰਭਾਵਸ਼ਾਲੀ ਤੇ ਰਾਗਾਤਮਿਕ ਹੋਣ ਤੇ ਜ਼ਰੂਰਤ ਨਾਲ ਕਵਿਤਾ ਦੇ ਦੁਆਲੇ ਇਕ ਅਜਿਹਾ ਅਕਹਿ ਜਿਹਾ ਪ੍ਰਭਾਉ ਖਿਲਾਰ ਦਿੱਤਾ ਜਾਂਦਾ ਹੈ, ਜਿਵੇਂ ਚਾਨਣੀ ਦਾ ਮਧਮ ਸੁੱਤਾ, ਠੰਢ-ਮਿਠ ਕਾਸ਼ਨੀ-ਚਿੱਟਾ ਪਰਕਾਸ਼। ਅੱਗ ਦਾ ਦਰਿਆਊ ਕਿਸੇ ਡਿੱਠਾ ਨਹੀਂ, ਪਰ ਕਵੀ ਮਨ ਇਉਂ ਉਸਨੂੰ ਸਾਡੇ ਸਾਮ੍ਹਣੇ ਖੇਲਦਾ ਰੂਪ ਦੇ ਦੇਂਦਾ ਹੈ ਕਿ ਆਤਮਾ ਨੂੰ ਸੇਕ ਆਉਣ ਲੱਗ ਪੈਂਦਾ ਹੈ। ਅਸੀਂ ਅਣਹੋਏ ਪ੍ਰਛਾਵਿਆਂ ਤੇ ਤੁਰਿੰਦੇ ਤੇ ਉਜੱੜ ਉਪਰ ਖਿੜ ਖਿੜ ਹਸਦੇ ਹਾਂ। ਕਿਉਂ ਕਦੀ

ਸਾਰਾ ਮਨ ਬੁਧ ਲਏ ਮਰਦਾ , ਕਦੀ ਪਿਆਰ ਲਈ ਵਿਲਕਦਾ, ਕਦੀ ਵੈਰਾਗ ਦੇ ਘਰ ਆਕੇ ਡੁਸਕਦਾ ਹੈ। ਇਹੋ 'ਰਸ' ਹੈ[13]।

ਕਾਵਿ-ਸ਼ਾਸਤਰੀਆਂ ਅਨੁਸਾਰ ਸ਼ਿੰਗਾਰ, ਹਾਸ, ਕਰੁਣ, ਵੀਰ, ਰੌਦਰ, ਵੀਭਤਸ, ਅਦਭੁਤ ਤਥਾ ਸਾਂਤ ਰਸ ਪ੍ਰਮੁੱਖ ਮੰਨੇ ਹਨ ।[14]

ਪਰੰਤੂ ਭਗਤ - ਬਾਣੀ ਵਿਚ ਪ੍ਰਮੁੱਖ ਥਾਂ ਸ਼ਾਂਤਰਸ ਦੀ ਹੈ । ਸਾਂਤ-ਰਸ ਵਿਚ ਭਗਤ ਹਿਰਦੇ ਦੀ ਸਾਰੀ ਸੁਖ-ਸਾਂਤੀ, ਸਾਰੀ ਅਲੌਕਿਕਤਾ ਦੇ ਦਰਸ਼ਨ ਹੁੰਦੇ ਹਨ । ਉਹ ਭਗਵਾਨ ਦੇ ਰੂਪ-ਗੁਣ ਦਾ ਸਿਮਰਨ ਕਰਕੇ ਹਿਰਦੇ ਵਿਚ ਇਕ ਵਿਸ਼ੇਸ਼ ਪਰਕਾਰ ਦਾ ਚਮਤਕਾਰ ਅਨੁਭਵ ਕਰਦੇ ਹਨ ਅਤੇ ਉਸਦੇ ਅਦਭੁਤ, ਅਲੌਕਿਕ ਤੇ ਵਰਣਨ-ਅਤੀਤ ਸਰੂਪ ਤੇ ਛਬਿ ਉਤੇ ਬਲਿ-ਬਲਿ ਜਾਂਦੇ ਹਨ । ਇਨ੍ਹਾਂ ਅਰਥਾਂ ਵਿਚ ਅਦਭੁਤ ਰਸ ਦੀ ਵੀ ਨਿਸਪਤੀ ਉਹਨਾਂ ਦੇ ਕਾਵਿ ਵਿਚ ਹੁੰਦੀ ਹੈ ।[15]

ਇਸ ਦੇ ਉਪਰੰਤ ਕਰੁਣਾ-ਰਸ, ਸ਼ਿੰਗਾਰ ਰਸ, ਹਾਸਰਸ, ਤੇ ਬੀਭਤਸ ਰਸ ਦਾ ਵੀ ਅਭਾਵ ਨਹੀਂ । ਲਗਭਗ ਸਭ ਹੀ ਭਗਤਾਂ ਦੀ ਬਾਣੀ ਵਿਚ ਸਾਂਤ-ਰਸ ਇਸ ਤਰ੍ਹਾਂ ਓਤਪੋਤ ਹੈ ਜਿਸ ਤਰ੍ਹਾਂ ਫੁੱਲਾਂ ਵਿਚ ਮਹਿਕ :-

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ।
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ।।੧।।
ਹਰ ਗੁਨ ਕਹਤੇ ਕਹਨੁ ਨ ਜਾਈ ।।
ਜੈਸੇ ਗੂੰਗੇ ਕੀ ਮਠਿਆਈ ।।੧।। ਰਹਾਉ।।
ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ।।
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ।।2।।2।।
( ਰਾਗ ਸੋਰਠਿ ਬਾਣੀ ਭਗਤ ਭੀਖਣ ਕੀ )

ਜਾਂ

ਰਾਮ ਜਪਉ ਜੀ ਐਸੇ ਐਸੇ ।।
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ।।੧।।
ਦੀਨ ਦਇਆਲ ਭਰੋਸੇ ਤੇਰੇ ।।
ਸਭ ਪਰਵਾਰੁ ਚੜਾਇਆ ਬੇੜੇ ।।੧।। ਰਹਾਉ।।

ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ।।
ਇਸ ਬੇੜੇ ਕਉ ਪਾਰਿ ਲਘਾਵੈ ।।2।।
ਗੁਰ ਪਰਸਾਦਿ ਐਸੀ ਬੁਧਿ ਸਮਾਨੀ ।।
ਚੂਕਿ ਗਈ ਫਿਰਿ ਆਵਨ ਜਾਨੀ ।।3।।
ਕਹੁ ਕਬੀਰ ਭਜੁ ਸਾਰਿਗਪਾਨੀ ।।
ਉਰ ਵਾਰਿ ਪਾਰਿ ਸਭ ਏਕੋ ਦਾਨੀ ।।
( ਗਉੜੀ ਕਬੀਰ ਜੀ )

ਸਿੰਗਾਰ ਰਸ : ਭਗਤ ਬਾਣੀ 'ਚ ਸਿੰਗਾਰ ਰਸ ਦਾ ਵੀ ਅਭਾਵ ਨਹੀਂ । ਪਰਮਾਤਮਾ ਨੂੰ ਢੋਲ, ਕੰਤ, ਖਸਮੁ, ਭਤਾਰ ਆਦਿਕ ਨਾਵਾਂ ਨਾਲ ਯਾਦ ਕੀਤਾ ਹੈ। ਉਸਦੇ ਵਿਛੋੜੇ ਤੇ ਮਿਲਾਪ ਦੇ ਆਨੰਦ ਨੂੰ ਪਤੀ-ਪਤਨੀ ਦੇ ਸੰਜੋਗ ਵਿਜੋਗ ਵਾਂਗ ਹੀ ਥਾਉਂ ਥਾਈਂ ਦੇਖਿਆ ਜਾ ਸਕਦਾ ਹੈ :-

ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ ।।
ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ ।।
( ਸਲੋਕ ਕਬੀਰ )

ਜਾਂ

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢ ।।
ਤੇ ਜੇਵਡੁ ਮੈਨਾਹੀ ਕੋ ਸਭੁ ਜਗੁ ਡਿਠਾ ਹੰਢ ।।

ਅਤੇ

ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜ ਜਾਇ ।।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ।।

ਜਾਂ

ਮੈਂ ਬਉਰੀ ਮੇਰਾ ਰਾਮ ਭਤਾਰ ।।
ਰਚਿ ਰਚਿ ਤਾ ਕਉ ਕਰਉ ਸਿੰਗਾਰ ।।
( ਭੈਰਉ ਬਾਣੀ ਨਾਮਦੇਵ ਜੀਉ ਕੀ )

ਭਿਆਨਕ-ਰਸ: ਭਗਤ ਬਾਣੀ ਵਿਚ ਭੈ ਤੇ ਭਾਉ ਨੂੰ ਪਰਮ-ਪਦ ਦੀ ਪ੍ਰਾਪਤੀ ਦਾ ਵਸੀਲਾ ਮੰਨਿਆ ਹੈ । ਮਨੁੱਖ ਵੀ ਹਰ ਵਸਤੂ ਵਾਂਗ ਰੱਬ ਦੇ ਭੈ ਵਿਚ ਬੱਧਾ ਕਾਰ ਕਰਦਾ ਹੈ :-

ਥਰਹਰ ਕੰਪੈ ਬਾਲਾ ਜੀਉ ।।
ਨਾ ਜਾਨਉ ਕਿਆ ਕਰਸੀ ਪੀਉ ।।
ਰੈਨਿ ਗਈ ਮਤ ਦਿਨੁ ਭੀ ਜਾਇ ।।
ਭਵਰ ਗਏ, ਬਗ ਬੈਠੇ ਆਇ ।।
ਕਾਚੈ ਕਰਵੈ ਰਹੈ ਨ ਪਾਨੀ ।।
ਹੰਸੁ ਚਲਿਆ ਕਾਇਆ ਕੁਮਲਾਨੀ ।।
( ਸੂਹੀ ਕਬੀਰ ਜੀ ਕੀ )

ਜਾਂ

ਫਰੀਦਾ ਕੋਠੇ ਮੰਡਪ ਮਾੜੀਆਂ ਉਸਾਰੇਦੇ ਭੀ ਗਏ ।।
ਕੂੜਾ ਸਉਦਾ ਕਰ ਗਏ ਗੋਰੀ ਆਇ ਪਏ ।।
ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ।।
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ।।
ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ।।
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ।।

ਅਦਭੁਤ-ਰਸ : ਇਹ ਰਸ ਤਾਂ ਭਗਤ - ਕਵਿਤਾ ਦੇ ਪਿੰਡੇ ਵਿਚ ਇੰਝ ਰਚਿਆ ਹੈ, ਜਿਵੇਂ ਸਰੀਰ ਵਿਚ ਲਹੂ । ਜਿਵੇਂ ਭਗਤਾਂ ਦਾ ਆਦਰਸ਼ ਰਬ ' ਅਚਰਜ ' ਹੈ, ਇਵੇਂ ਹੀ ਕੁਦਰਤ ਉਹਦੀ ' ਬਿਸਮਾਂ ' ਹੈ । ਨਾ ਕੇਵਲ ਪਉਣ, ਪਾਣੀ, ਅਗਨੀ, ਧਰਤੀ ਤੇ ਖਾਣੀਆਂ ਸਾਨੂੰ ਵਿਸਮਾਦ ਕਰਦੀਆਂ ਹਨ, ਸਗੋਂ ਹਰ ਤਰ੍ਹਾਂ ਦੇ ਨਾਦ ਤੇ ਵੇਦ ਵੀ । ਸਾਨੂੰ ਜੀਅ ਤੇ ਉਹਨਾਂ ਦੇ ਭੇਦ ਵੀ ਵਿਸਮਾਦ ਕਰਦੇ ਹਨ । ਜਿਹੜੀ ਸਾਨੂੰ ਭੁੱਖ ਲਗਦੀ ਹੈ ਭੋਗ ਅਸੀਂ ਭੋਗਦੇ ਹਾਂ, ਉਹ ਵੀ ਸਾਨੂੰ ਵਿਸਮਾਦ ਕਰਦੀ ਹੈ । ਜਦ ਉਸ ਅਦਭੁਤ ਦਾ ਗਿਆਨ ਅੰਦਰ ਜਾਗਦਾ ਹੈ ਤਾਂ ਆਤਮਾ ਵਰਨਣ ਨਹੀਂ ਕਰ ਸਕਦੀ ਉਸ ਅਵਸਥਾ ਨੂੰ ਉਹ ਗੂੰਗੇ ਦੀ ਖਾਧੀ ਮਠਿਆਈ ਵਾਂਗ ਉਸ ਦਾ ਵਰਨਣ ਨਹੀਂ ਕਰ ਸਕਦੀ।

ਐਸੋ ਬੇਢੀ ਰਜਨ ਨ ਸਾਕਉ ਸਭ ਅੰਤਰਿ ਸਭ ਠਾਈ ਹੋ ।।
ਗੂੰਗੇ ਮਹਾ ਅੰਮ੍ਰਿਤ ਰਸ ਚਾਖਿਆ ਪੂਛੇ ਕਹਨ ਨ ਜਾਈ ਹੋ ।।
( ਰਾਗ ਸੋਰਠਿ, ਨਾਮਦੇਵ ਜੀ )

ਇਸ ਵਿਚ ਰਤਾ ਵੀ ਸ਼ੱਕ ਨਹੀਂ ਕਿ ਭਗਤ-ਬਾਣੀ ਵਿਚ ਆਸ਼ੇ ਅਨੁਸਾਰ ' ਸਾਂਤ-ਰਸ ' ਦੀ ਪ੍ਰਧਾਨਤਾ ਹੈ, ਪਰ ਜਿੱਥੇ ਜਿੱਥੇ ਹਾਸ ਤੇ ਬੀਭਤਸ ਰਸ ਦਾ ਪ੍ਰਯੋਗ ਹੋਇਆ ਹੈ, ਉਹ ਵੀ ਵਿਲਖਣ ਹੈ । ਇਸ ਸੰਦਰਭ ਵਿਚ ਕਬੀਰ ਜੀ, ਨਾਮਦੇਵ, ਰਵਿਦਾਸ ਤੇ ਧੰਨਾ ਭਗਤ ਦੀਆਂ ਉਦਾਹਰਣਾਂ ਕਾਫੀ ਹੋਣਗੀਆਂ ;-

ਪਰਮਾਤਮਾ ਦੀ ਪ੍ਰਾਪਤੀ ਲਈ ਪਖੰਡੀਆਂ ਨੂੰ ਭਗਤਾਂ ਨੇ ਮੁਆਫ ਨਹੀਂ ਕੀਤਾ । ਕੋਝੇ ਤੇ ਭੱਦੇ ਵਿਹਾਰਦੇ ਛਿੰਦਰ ਨੰਗੇ ਕੀਤੇ ਹਨ ਤੇ ਰਹੁ-ਰੀਤਾਂ ਦੀ , ਜ਼ਾਤ-ਪਾਤ ਤੇ ਛੂਤ-ਛਾਤ ਦੀ ਉਸ ਵਿਅੰਗ ਨਾਲ ਜੜ੍ਹ ਕੱਟੀ ਹੈ ਕਿ ਸਾਹਿੱਤ ਵਿਚ ਇਸ ਦੇ ਪੱਲੇ ਦੀ ਘੱਟ ਹੀ ਕੋਈ ਹੋਰ ਮਿਸਾਲ ਮਿਲਦੀ ਹੈ । ਕਬੀਰ ਜੀ ਪਖੰਡੀਆਂ ਪ੍ਰਤਿ ਇਕ [illegible] ਹਨ :-

ਮੂਡ ਮੁੰਡਾਏ ਜੋ ਸਿਧਿ ਪਾਈ ।।
ਮੁਕਤੀ ਭੇਡ ਨ ਗਈਆ ਕਾਈ ।।2।।
ਬਿੰਦੁ ਰਾਖਿ ਜੋ ਤਰੀਐ ਭਾਈ ।।
ਖੁਸਰੈ ਕਿਉ ਨ ਪਰਮ ਗਤਿ ਪਾਈ ।।3।।

ਜਾਂ

ਜੋ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ।।
ਤਉ ਆਨ ਬਾਟ ਕਾਹਿ ਨਹੀਂ ਆਇਆ ।।
( ਗਉੜੀ ਕਬੀਰ ਜੀ )

ਜਾਂ

ਹਰੀ ਅੰਗੂਰੀ ਗਦਹਾ ਚਰੈ ।।
ਨਿਤ ਉਠਿ ਹਾਸੈ ਹੀਗੈ ਮਰੈ ।।

ਅਤੇ

ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ ।।
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ।।

ਫਿਰ

ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ।।
ਗਲੀ ਜਿਨ੍ਹਾਂ ਜਪਮਾਲੀਆ ਲੋਟੇ ਹਥਿ ਨਿਬਗ ।।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ।।

( ਆਸਾ ਕਬੀਰ ਜੀ )

ਅਤੇ

ਢੋਲੁ ਰਬਾਬੀ ਬਲਦ ਖਖਾਵਜ ਕਊਆ ਤਾਲ ਬਜਾਵੈ ।।
ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ।।

( ਆਸਾ ਕਬੀਰ ਜੀ )

ਫਿਰ

ਭੂਖੇ ਭਗਤਿ ਨ ਕੀਜੈ ।। ਯਹ ਮਾਲਾ ਅਪਨੀ ਲੀਜੈ ।।
ਹਉ ਮਾਂਗਉ ਸੰਤਨ ਰੇਨਾ ।। ਮੈ ਨਾਹੀ ਕਿਸੀ ਕਾ ਦੇਨਾ ।।

( ਰਾਗ ਸੋਰਠਿ ਕਬੀਰ ਜੀ )

ਜਾਂ

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ।।
ਜਲ ਕੀ ਮਾਛੁਲੀ ਚਰੈ ਖਜੂਰਿ ।।੧।।
ਕਾਂਇ ਰੇ ਬਕਬਾਦੁ ਲਾਇਓ ।।
ਜਿਨ ਹਰਿ ਪਾਇਓ ਤਿਨਹਿ ਛਪਾਇਓ ।।੧।। ਰਹਾਉ।।

( ਟੋਡੀ ਬਾਣੀ ਭਗਤ ਨਾਮਦੇਵ ਕੀ )

<u>ਵੀਭਤਸ - ਰਸ</u> : ਇਹ ਹਾਸਰਸ ਤੋਂ ਅਗੇ ਲੰਘਕੇ ਘ੍ਰਿਣਾ ਦੇ ਜਜ਼ਬੇ ਉਪਜਾਉਣ ਵਾਲੀ ਕਿਰਤ ਹੈ । ਨਾਮ - ਵਿਹੂਣੇ ਮਨੁੱਖ ਨੂੰ ਕਿਸ ਤਰ੍ਹਾਂ ਘ੍ਰਿਣਾ ਨਾਲ ਯਾਦ ਕੀਤਾ ਗਿਆ ਹੈ :-

ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ।।
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ
ਤਿਸੁ ਨਾਮ ਪਰਿਓ ਹੈ ਧ੍ਰਕਟੀ ।।

5.5 ਬਿੰਬ ਪ੍ਰਤੀਕ ਤੇ ਅਲੰਕਾਰ :          ਭਗਤ ਕਵੀਆਂ ਦਾ ਨਿਸ਼ਾਨਾ

ਕਾਵਿ-ਚਾਤਰੀ ਨਹੀਂ ਸੀ[16]। ਇਸ ਲਈ ਸ਼ਾਇਦ ਅਲੰਕਾਰ, ਪ੍ਰਤੀਕ ਤੇ ਬਿੰਬ ਲੱਭਣੇ ਉਚਿਤ ਨ ਹੋਣ। ਪਰ ਇਹ ਭੁਲੇਖਾ ਖਾਣ ਦੀ ਲੋੜ ਨਹੀਂ। ਇਸ ਬਾਣੀ ਵਿਚ ਉੱਚੀ ਕਾਵਿ ਦੇ ਤੱਤ ਵਿਦਮਾਨ ਹਨ ਤੇ ਇਸੇ ਲਈ ਅਲੰਕਾਰਾਂ ਦੀ ਜੜਤ ਨੇ ਕਵਿਤਾ ਰੂਪੀ ਬਾਣੀ ਨੂੰ ਸ਼ਿੰਗਾਰਨ ਵਿਚ ਚੋਖਾ ਯੋਗਦਾਨ ਪਾਇਆ ਹੈ। ਉਪਮਾ, ਰੂਪਕ, ਅਨੁਪ੍ਰਾਸ ਦ੍ਰਿਸ਼ਟਾਂਤ, ਯਮਕ, ਸਲੇਸ਼ ਤੇ ਲੋਕੋਕਤੀ ਦੇ ਥਾਂ ਥਾਂ ਵੰਨ ਸੁਵੰਨੇ ਫੁੱਲ ਖਿੜੇ ਹਨ। ਪੂਰਵ-ਭਗਤ ਕਾਲ ਦੇ ਕਵੀਆਂ ਦੀ ਰਚਨਾ ਵਿਚ ਕਲਾ ਤੇ ਰਸ ਦਾ ਅਭਾਵ ਸੀ। ਸਿੱਧ ਕਵੀਆਂ ਦਾ ਕਾਦਰ ਤੇ ਕੁਦਰਤ ਦੋਹਾਂ ਨਾਲ ਅਜੋੜ ਸੀ। ਇਸ ਬੰਜਰ ਵਿਚ ਅਲੰਕਾਰਕ ਗੁਲਜ਼ਾਰ ਦੀ ਆਸ ਕਰਨਾ ਔਖੀ ਗੱਲ ਸੀ, ਰੇਗਿਸਤਾਨ ਵਿਚ ਚਸ਼ਮੇ ਦਾ ਵਹਿਣਾ ਅਸੰਭਵ ਸੀ[17]।

<u>ਉਪਮਾ ਅਲੰਕਾਰ :-</u> ਇਸ ਅਲੰਕਾਰ ਰਾਹੀ ਉਪਮਾਨ ਤੇ ਉਪਮੇਯ ਦੇ ਭਿੰਨ-ਭਿੰਨ ਹੋਣ ਤੇ ਵੀ ਉਹਨਾਂ ਦਾ ਸਾਂਝਾ ਗੁਣ ਦਸੱਕੇ ਪੱਦ ਰਾਹੀਂ ਸਮਾਨਤਾ ਦਰਸਾਈ ਜਾਂਦੀ ਹੈ:-

ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਨ ਮਾਹਿ ।

ਰੂਪਕ:-

ਇਸ ਵਿਚ ਉਪਮੇਯ ਤੇ ਉਪਮਾਨ ਨੂੰ ਅਭੇਦ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ:-

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥

(ਸਲੋਕ ਫਰੀਦ)

ਜਾਂ

ਸਰੀਰ ਸਰੋਵਰ ਭੀਤਰੇ ਆਛੇ ਕਮਲ ਅਨੂਪ ॥
ਪਰਮ ਜੋਤਿ ਪੁਰਖੋਤਮ ਜਾਂ ਕੈ ਰੇਖ ਨ ਰੂਪ ॥

( ਕਬੀਰ )

ਜਾਂ

ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥
ਜਿਮੀ ਨਾਹੀਂ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥
ਊਪਰਿ ਭੁਜਾ ਕਰਿ ਮੈ ਰਾਹ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥

( ਕਬੀਰ )

ਅਨੁਪ੍ਰਾਸ :- ਇਸ ਵਿਚ ਇਕ ਹੀ ਅਖੱਰ ਨਾਲ ਆਦਿ ਜਾਂ ਅੰਤਲੇ ਸ਼ਬਦਾਂ ਨੂੰ ਜੋੜਿਆ ਗਿਆ ਹੈ :-

ਸਰਬੇਸਰ ਸਰਵੰਗੀ ਗਰਬ ਮਤਿ, ਕਰਤਾ ਹਰਤਾ ਸੋਈ ।।
ਸਿਵ ਨ ਅਸਿਵ ਸਾਧ ਅਰੁ ਸੇਵਕੁ, ਉਭੈ ਭਾਵ ਨਹੀਂ ਹੋਈ ।।
( ਰਵਿਦਾਸ )

ਤੇਰੇ ਜਨ ਕਾਹੇ ਕੋ ਬੋਲੈ ।।
ਬੋਲਿ ਬੋਲਿ ਆਪਣੀ, ਭਗਤਿ ਕਯੂੰ ਬੋਲੈ ।।
ਬੋਲਿ ਬੋਲਤਾ ਬਢੈ ਬਿਆਧੀ ਬੋਲ ਅਬੋਲੈ ਜਾਈ ।।
ਬੋਲੈ ਬੋਲ ਅਬੋਲ ਕੋ ਪਕਰੈ ਬੋਲ ਬੋਲ ਕੂੰ ਖਾਈ ।।

ਦ੍ਰਿਸ਼ਟਾਂਤ:- ਇਸ ਅਲੰਕਾਰ ਅਧੀਨ ਕਿਸੇ ਘਟਨਾ, ਸਥਿਤੀ ਜਾਂ ਪ੍ਰਸੰਗ ਦੀ ਉਦਾਹਰਣ ਲੈ ਕੇ ਗੱਲ ਕਹੀ ਜਾਂਦੀ ਹੈ :-

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ।।
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ।।
( ਸਲੋਕ ਕਬੀਰ )

ਜਾਂ

ਰਾਮ ਜਪਉ ਜੀਅ ਐਸੇ ਐਸੇ ।।
ਧ੍ਰੂ ਪ੍ਰਹਿਲਾਦ ਜਪਿਓ ਹਰ ਜੈਸੇ ।।
( ਗਉੜੀ ਕਬੀਰ ਜੀ ਕੀ )

ਜਾਂ

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ।।
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ।।
( ਸਲੋਕ ਫਰੀਦ )

ਜਾਂ

ਜੈਸੇ ਬਿਖੈ ਹੇਤ ਪਰ ਨਾਰੀ ।।
ਤੈਸੀ ਨਾਮੇ ਪ੍ਰੀਤ ਮਰਾਰੀ ।।
( ਗੋਡ ਨਾਮ ਦੇਵ )

ਜਾਂ

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ।।
ਉਦਕ ਮਾਹਿ ਜੈਸਾ ਬਗੁ ਧਿਆਨ ਮਾਡੈ ।।
( ਗੋਂਡ ਨਾਮਦੇਵ )

ਜਾਂ

ਪਾਨੀਆ ਬਿਨ ਮੀਨੁ ਤਲਫੈ ।।
ਐਸੇ ਰਾਮ ਨਾਮ ਬਿਨ ਬਾਪੁਰੋ ਨਾਮਾ ।।

ਯਮਕ ਅਲੰਕਾਰ :- ਇਸ ਵਿਚ ਇਕ ਹੀ ਸ਼ਬਦ ਦੀ ਵਰਤੋਂ ਇਕ ਤੋ ਵਧ ਵਾਰ ਕੀਤੀ ਜਾਂਦੀ ਹੈ ਪਰੰਤੂ ਅਰਥ ਦਾ ਪ੍ਰਗਟਾਵਾ ਭਿੰਨ ਰੂਪ ਵਿਚ ਹੁੰਦਾ ਹੈ :

ਸੋ ਜੀਵਤ ਜਿਹ ਜੀਵਤ ਜਪਿਆ ।
( ਰਾਗ ਗਉੜੀ ਮਹੱਲਾ 5 )

ਜਾਂ

ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ।
( ਸੂਹੀ ਮਹਲਾ ੧ )

ਲੋਕੋਕਤੀ ਦੇ ਪੱਖ ਤੋਂ ਬਾਣੀ ਅਦੁਤੀ ਹੈ । ਥਾਂ ਥਾਂ ਤੇ ਅਟੱਲ ਸਚਾਈਆਂ ਹੀਰੇ ਮੋਤੀ ਦੇ ਹਾਰ ਵਾਂਗ ਬਾਣੀ ਭਵਨ ਦੀ ਸੋਭਾ ਵਧਾ ਰਹੀਆਂ ਹਨ :

1. ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ।।
( ਸਲੋਕ ਫਰੀਦ ਜੀ - 1382 )

2. ਉਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ।।
( ਸਲੋਕ ਫਰੀਦ ਜੀ - 1365 )

3. ਓਇ ਭੀ ਚੰਦਨ ਹੋਇ ਰਹੇ ਬਸੇ ਸੁ ਚੰਦਨ ਪਾਸਿ ।।
( ਸਲੋਕ ਕਬੀਰ ਜੀ - 1365 )

4. ਆਪਨ ਕੀਆ ਕਛੂ ਨ ਹੋਵੈ ਕਿਆ ਕੋ ਕਰੈ ਪਰਾਨੀ ।।
( ਕੇਦਾਰਾ ਕਬੀਰ ਜੀ 1124 )

5. ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

( ਪ੍ਰਭਾਤੀ ਕਬੀਰ ਜੀ - 1349 )

6. ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ ॥
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥

( ਧਨਾਸਰੀ ਰਵਿਦਾਸ ਜੀ - 694 )

7. ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ ॥
ਪੁਰਜਾ ਪੁਰਜਾ ਕਟ ਮਰੈ ਕਬਹੂੰ ਨ ਛਾਡੈ ਖੇਤੁ ॥

( ਮਾਰੂ ਕਬੀਰ ਜੀ - 1105 )

8. ਸੋ ਕਤ ਜਾਨੈ ਪੀਰ ਪਰਾਈ ॥
ਜਾ ਕੈ ਅੰਤਰਿ ਦਰਦੁ ਨ ਪਾਈ ॥

( ਸੂਹੀ ਰਵਿਦਾਸ ਜੀ - 793 )

9. ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥

( ਗਉੜੀ ਕਬੀਰ ਜੀ - 337 )

10. ਕਹੁ ਕਬੀਰ ਛੂਛਾ ਘਟ ਬੋਲੈ ॥
ਭਰਿਆ ਹੋਇ ਕਬਹੁ ਨ ਡੋਲੈ ॥

( ਗੋਂਡ ਕਬੀਰ ਜੀ - 870 )

11. ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨੁ ॥

( ਸਲੋਕ ਕਬੀਰ ਜੀ - 1370 )

12. ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥

( ਸਲੋਕ ਕਬੀਰ ਜੀ - 1371 )

13. ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰ ॥
ਚਲਤੀ ਬਾਰ ਨ ਕਛੁ ਮਿਲਿਉ ਲਈ ਲੰਗੋਟੀ ਤੋਰਿ ॥

( ਸਲੋਕ ਕਬੀਰ ਜੀ - 1372 )

14. ਕਾਮੀ ਪੁਰਖ ਕਾਮਨੀ ਪਿਆਰੀ ॥
ਐਸੇ ਨਾਮੇ ਪ੍ਰੀਤਿ ਮੁਰਾਰੀ ॥

( ਭੈਰਉ ਨਾਮਦੇਵ - 1164 )

15. ਘ੍ਰਿਤ ਕਾਰਨ ਦੁਧਿ ਮਥੈ ਸਇਆਨ ।।

( ਭੈਰਉ ਰਵਿਦਾਸ ਜੀ - 1167 )

16. ਚਲੇ ਜੁਆਰੀ ਦੁਇ ਹਥ ਝਾਰਿ ।।

( ਭੈਰਉ ਕਬੀਰ ਜੀ - 1158 )

17. ਛੋਡਹਿ ਅੰਨੁ ਕਰਹਿ ਪਾਖੰਡ ।। ਨਾ ਸੋਹਾਗਨਿ ਨਾ ਉਹਿ ਰੰਡ ।।

( ਗੋਂਡ ਕਬੀਰ ਜੀ - 873 )

18. ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ।।

( ਸਲੋਕ ਫਰੀਦ ਜੀ - 1384 )

19. ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ।।

( ਬਿਲਾਵਲ, ਸਧਨਾ ਜੀ - 858 )

20. ਪਾਰੋਸੀ ਕੇ ਜੋ ਹੂਆ ਤੂੰ ਅਪਨੇ ਭੀ ਜਾਨੁ ।।

( ਸਲੋਕ ਕਬੀਰ ਜੀ - 1373 )

21. ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ।।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ।।

( ਸਲੋਕ ਫਰੀਦ ਜੀ - 1380 )

22. ਬਿਨੁ ਸਤ ਸਤੀ ਹੋਇ ਕੈਸੇ ਨਾਰਿ ।।

( ਗਉੜੀ, ਕਬੀਰ ਜੀ - 328 )

23. ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ।।
ਮਰਣੁ ਭਉ ਵਿਸਰਿ ਗਇਆ ।।

( ਸਿਰੀ ਰਾਗ, ਤ੍ਰਿਲੋਚਨ, 92 )

5.6 <u>ਭਾਸ਼ਾ :-</u> ਭਗਤ-ਬਾਣੀ ਦਾ ਸਰੂਪ ਸਮਝਣ ਲਈ ਆਦਿ ਗ੍ਰੰਥ ਵਿਚਲੀ ਬਾਣੀ ਨਾਲੋਂ ਹੋਰ ਕੋਈ ਪ੍ਰਮਾਣਿਕ ਸ੍ਰੋਤ ਲੱਭਣਾ ਅਸੰਭਵ ਹੈ । ਇਹ ਬਾਣੀ ਸਾਨੂੰ ਲਗਭਗ 500 ਸਾਲ ਦੇ ਮਧਕਾਲ ਦੇ ਭਾਰਤ ਦੀ ਜਿੱਥੇ ਜਾਣਕਾਰੀ ਦਿੰਦੀ ਹੈ, ਉਥੇ ਭਾਰਤ

ਦੇ ਵੱਖ ਵੱਖ ਭਾਗਾਂ ਦੀ ਬੋਲੀ ਦੀ ਚਾਸ਼ਨੀ ਵੀ ਉਪਲਬਧ ਕਰਦੀ ਹੈ । ਜੇ ਕਬੀਰ, ਰਵਿਦਾਸ ਤੇ ਰਾਮਾਨੰਦ ਦੀ ਬੋਲੀ ਵਿਚ ਪੂਰਬੀ ਹਿੰਦੀ ਦਾ ਪ੍ਰਭਾਵ ਵਧੇਰੇ ਹੈ ਤਾਂ ਜੈਦੇਵ ਦੀ ਬੋਲੀ'ਚ ਬੰਗਾਲੀ ਨਾਮਦੇਵ'ਚ ਮਰਾਠੀ ਤੇ ਧੰਨਾ ਭਗਤ ਦੀ ਬਾਣੀ'ਚ ਰਾਜਸਥਾਨੀ ਦਾ ਪ੍ਰਭਾਵ ਹੈ । ਇਸ ਵਿਭਿੰਨਤਾ ਦੇ ਬਾਵਜੂਦ ਸਾਰੇ ਭਗਤ-ਕਵੀਆਂ ਦੀ ਬਾਣੀ ਵਿਚ ਇਕ ਅਜਿਹੀ ਬੋਲੀ ਦਾ ਚਮਤਕਾਰ ਹੈ ਜੋ ਭਾਰਤ ਭਰ ਦੇ ਬਹੁਤ ਭਾਗਾਂ ਵਿਚ ਸਮਝੀ ਜਾ ਸਕਦੀ ਹੈ ਤੇ ਜਿਸ ਸਦਕਾ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਕ-ਕੌਮ ਰਾਸ਼ਟਰੀ ਤੇ ਲੋਕ-ਮੁਖੀ ਬਣ ਜਾਂਦਾ ਹੈ । ਇਸ ਬੋਲੀ 'ਚ ਹਿੰਦੂ-ਮੁਸਲਮ ਸਭਿਆਚਾਰ ਦੀ ਵੀ ਪੁੱਠ ਹੈ । ਪੂਰਬੀ ਹਿੰਦੀ, ਬ੍ਰਜ ਭਾਸ਼ਾ, ਰਾਜਸਥਾਨੀ ਗੁਜਰਾਤੀ, ਮਰਾਠੀ, ਪੰਜਾਬੀ, ਫਾਰਸੀ ਤੇ ਸਭ ਤੋਂ ਵਧ ਸੰਤ ਭਾਸ਼ਾ ਦਾ ਵਿਸ਼ੇਸ਼ ਪ੍ਰਯੋਗ ਹੋਇਆ ਹੈ । ਅਸਲ ਵਿਚ ਸਾਧੂ ਪੁਰਸ਼ਾਂ ਦੀ ਕੋਈ ਇਕ ਬੋਲੀ ਨਹੀਂ ਹੁੰਦੀ[18]। ਉਹ ਲੋਕ-ਭਾਸ਼ਾ'ਚ ਆਪਣੀ ਗੱਲ ਕਹਿੰਦੇ ਹਨ । ਇਹ ਲੋਕ ਉਨ੍ਹਾਂ ਦੇ ਸਾਧੂ ਮਿੱਤਰ, ਗੁਰੂ ਤੇ ਗੁਰ-ਭਾਈ ਤੇ ਦੇਸ਼-ਪ੍ਰਦੇਸ਼ ਦੇ ਸਾਧਾਰਨ ਇਸਤਰੀ ਪੁਰਸ਼ ਹੁੰਦੇ ਹਨ, ਜਿਨ੍ਹਾਂ ਦੀ ਸੰਗਤ ਨਾਲ ਉਹ ਆਪਣੀ ਭਾਸ਼ਾ ਦਾ ਨਿਰਮਾਣ ਕਰਦੇ ਹਨ । ਜਿਸ ਸਮਾਜ-ਪਰਿਵਾਰ ਵਿਚ ਉਹਨਾਂ ਦਾ ਜਨਮ ਹੁੰਦਾ ਹੈ, ਉਸ ਦਾ ਭਾਸ਼ਾ-ਭੰਡਾਰ ਤਾਂ ਉਨ੍ਹਾਂ ਦੀ ਮੂਲ ਸੋਭਾ ਹੁੰਦੀ ਹੀ ਹੈ, ਸੰਗਤ ਨਾਲ, ਸ਼ਾਸਤਰ ਚਰਚਾ ਨਾਲ, ਤੁਰਨ-ਫਿਰਨ ਤੇ ਭਰਮਣ ਕਰਨ ਨਾਲ ਉਹ ਜਿੱਥੇ ਜ਼ਾਤਾਂ, ਮਜ਼ਹਬਾਂ ਤੇ ਪ੍ਰਾਂਤਾਂ ਦਾ ਭੇਦ ਮਿਟਾ ਦਿੰਦੇ ਹਨ, ਉਥੇ ਉਹਨਾਂ ਦੀ ਭਾਸ਼ਾ ਵਿਚ ਵੀ ਇਕ ਭੇਦ ਮਿਟ ਜਾਂਦਾ ਹੈ ਤੇ ਫਲਸਰੂਪ ਜੋ ਭਾਸ਼ਾ ਤਿਆਰ ਹੁੰਦੀ ਹੈ ਉਹ ਸਾਧ-ਭਾਖਾ, ਸਧੁਕੜੀ ਭਾਸ਼ਾ ਅਖਵਾਉਂਦੀ ਹੈ। ਸਧੁਕੜੀ ਭਾਸ਼ਾ ਕਾਰਨ ਕਾਲੰਤਰ ਹੋਣ ਤੇ ਵੀ ਫਰੀਦ ਤੇ ਜੈਦੇਵ ਦੀ ਬਾਣੀ ਜੋ ਕਿ 12ਵੀਂ ਸਦੀ 'ਚ ਹੋਏ ਹਨ । ਪ੍ਰਮਾਨੰਦ ਤੇ ਸੂਰਦਾਸ ਆਦਿ ਜੋ 16ਵੀ ਸਦੀ'ਚ ਹੋਏ ਹਨ, ਬਹੁਤੀ ਭਿੰਨ ਨਹੀਂ :-

> ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ।।
> ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਅ
> ( ਰਾਗੁ ਮਾਰੂ ਬਾਣੀ ਜੈਦੇਉ ਜੀਉਕੀ )

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ।।
ਏਹੁ ਹਮਾਰਾ ਜੀਵਣਾ ਤੂੰ ਸਾਹਿਬ ਸਚੇ ਵੇਖੁ ।

( ਫਰੀਦ 1173-1265 )

ਅੰਤਰੁ ਮਲਿ ਨਿਰਮਲੁ ਨਹੀਂ ਕੀਨਾ ਬਾਹਰਿ ਭੇਖ ਉਦਾਸੀ ।।
ਹਿਰਦੇ ਕਮਲੁ ਘਟਿ ਬ੍ਰਹਮ ਨ ਚੀਨ੍ਹ ਕਾਹੇ ਭਇਆ ਸੰਨਿਆਸੀ ।।

( ਤ੍ਰਿਲੋਚਨ ਰਾਗ ਗੂਜਰੀ 1263-1335)

ਐਸੇ ਬੇਢੀ ਬਰਨ ਨ ਸਾਕਉ ਸਭ ਅੰਤਰਿ ਸਭ ਠਾਈ ਹੈ ।।
ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨ ਨ ਜਾਈ ਹੈ ।।

( ਰਾਗ ਸੋਰਠ ਨਾਮਦੇਵ 1270-1370 )

ਏਕ ਬੂੰਦ ਜਲ ਕਾਰਨੇ ਚਾਤ੍ਰਿਕ ਦੁਖੁ ਪਾਵੈ ।।
ਪ੍ਰਾਨ ਗਏ ਸਾਗਰ ਮਿਲੈ ਫੁਨਿ ਕਾਮਿ ਨ ਆਵੈ ।।

( ਰਾਗ ਬਿਲਾਵਲ ਭਗਤ ਸਧਨਾ )

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ।।
ਊਪਰਿ ਹਾਟੁ ਹਾਟ ਪਰਿਆਲਾ ਆਲੇ ਭੀਤਰਿ ਬਾਤੀ ।।

( ਰਾਗ ਰਾਮਕਲੀ - ਭਗਤ ਬੇਣੀ ਜੀ )

ਰਾਮਾਨੰਦ ਸੁਆਮੀ ਰਮਤ ਬ੍ਰਹਮ ।।
ਗੁਰ ਕਾ ਸਬਦ ਕਾਟੈ ਕੋਟਿ ਕਰਮ ।।

( ਸੁਆਮੀ ਰਾਮਾਨੰਦ - ਰਾਗ ਸਬੰਤ 1366-1467

ਸਭ ਮਹਿ ਸਚਾ ਏਕੋ ਸੋਈ ਤਿਸ ਕਾ ਦੀਆ ਸਭ ਕਛੁ ਹੋਈ ।।
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ।।

( ਭਗਤ ਕਬੀਰ 1308-1495 ਰਾਗ ਪ੍ਰਭਾਤੀ )

ਕਹਿ ਰਵਿਦਾਸ ਖਲਾਸ ਚਮਾਰਾ ।।
ਜੋ ਹਮ ਸਹਰੀਸੁ ਮੀਤੁ ਹਮਾਰਾ ।।

( ਭਗਤ ਰਵਿਦਾਸ ਗਉੜੀ ਰਾਗ )

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ।।
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ।।

(ਭਗਤ ਪੀਪਾ 1426 ਰਾਗ ਧਨਾਸਰੀ )

ਰਾਮਾ ਭਗਤਿ ਰਾਮਾਨੰਦ ਜਾਨੈ ।।
ਪੂਰਨ ਪਰਮਾਨੰਦ ਬਖਾਨੈ ।।

( ਭਗਤ ਸੈਣ - 1390-1440 ਰਾਗ ਧਨਾਸਰੀ )

ਜਨਨੀ ਕੇਰੇ ਉਦਰ ਉਦਕ ਮਹਿ ।।
ਪਿੰਡੁ ਕੀਆ ਦਸ ਦੁਆਰਾ ।।
ਦੇਇ ਅਹਾਰੁ ਅਗਨਿ ਮਹਿ ਰਾਖੈ ।।
ਐਸਾ ਖਸਮੁ ਹਮਾਰਾ ।।

( ਭਗਤ ਧੰਨਾ 1415 - ਰਾਗ ਆਸਾ )

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ।
ਗੁਰ ਪ੍ਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ।।

( ਭਗਤ ਭੀਖਨ 1480-1573 ਰਾਗ ਸੋਰਠਿ )

ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ
ਲੋਭੁ ਨ ਛੂਟਿਓ ਦੇਵਾ ।
ਪਰਨਿੰਦਾ ਮੁਖ ਤੇ ਨਹੀਂ ਛੂਟੀ
ਨਿਫਲ ਭਈ ਸਭ ਸੇਵਾ ।

( ਭਗਤ ਪਰਮਾਨੰਦ - ਰਾਗ ਸਾਰੰਗ )

ਇਸ ਸਾਂਝ ਦਾ ਕਾਰਨ ਉਸ ਸੰਤ ਭਾਸ਼ਾ ਦਾ ਪ੍ਰਯੋਗ ਹੈ ਜੋ ਉਸ ਸਮੇਂ ਦੇਸ਼ ਦੇ ਇਕ ਕੋਨੇ ਤੋ ਦੂਸਰੇ ਕੋਨੇ ਤਕ Lingua Franca ਵਜੋਂ ਆਮ ਵਰਤੀ ਜਾਂਦੀ ਸੀ ।

ਪਰ ਇਸ ਸਾਂਝ ਦੇ ਨਾਲ ਨਾਲ ਭਾਸ਼ਾ ਦੇ ਇਲਾਕਾਈ ਅੰਤਰ, ਸੰਪਰਦਾਇਕ ਪ੍ਰਭਾਵ ਅਤੇ ਨਵੇਂ ਪੁਰਾਣੇ ਰੂਪ ਮਿਲਦੇ ਹਨ ।

ਭਗਤ ਜੈਦੇਵ ਦੇ ਗੁਰੂ ਗ੍ਰੰਥ ਸਾਹਿਬ ਵਿਚ ਜੋ ਸ਼ਬਦ ਮਿਲਦੇ ਹਨ ਉਹਨਾਂ ਵਿਚ ਪੂਰਬੀ ਅਪਭ੍ਰੰਸ਼ ਤੇ ਸੰਸਕ੍ਰਿਤ ਸ਼ਬਦਾਂ ਦੀ ਭਰਮਾਰ ਹੈ :-

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ।
ਪਰਮਦਭੁਤੰ ਪਰਕ੍ਰਿਤਿਪਰੰ ਜਦਿ ਚਿੰਤਿ ਸਰਬ ਗਤੰ ॥੧॥
ਕੇਵਲ ਰਾਮ ਨਾਮ ਮਨੋਰਮੰ ।
ਬਦਿ ਅੰਮ੍ਰਿਤ ਤਤ ਮਇਅੰ ।
ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ਰਹਾਉ॥
ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥
ਭਵ ਭੂਤ ਭਾਵ ਸਮਬ੍ਯਿਅੰ ਪਰਮੰ ਪ੍ਰਸੰਨਮਿਦੰ ॥2॥
ਲੋਭਾਦਿ ਦ੍ਰਿਸਟਿ ਪਰਗ੍ਰਿਹੰ ਜਦਿ ਬਿਧਿ ਆਚਰਣੰ ।
ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥3॥
ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥
ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥4॥
ਗੋਬਿੰਦ ਗੋਬਿੰਦ ਏਤਿ ਜਪਿ ਨਰ ਸਕਲ ਸਿਧਿ ਪਦੰ ।
ਜੈ ਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥5॥

( ਗੂਜਰੀ ਸ੍ਰੀ ਜੈਦੇਵ ਜੀਉ ਦਾ ਪਦਾ ਘਰ 4 )

ਇਹ ਸ਼ਬਦ ਸੰਸਕ੍ਰਿਤ ਤੇ ਗੰਵਾਰੂ ਬੋਲੀ ਦਾ ਅਜੀਬ ਮਿਲਗੋਭਾ ਹੈ[19]। ਸ਼ੁਰੂ ਦਾ ਯ ਨੂੰ ਜ ( ਯਦਿ - ਜਦਿ, ਯਮਾਦਿ - ਜਮਾਦਿ ) 'ਚ ਬਦਲਣਾ ਪ੍ਰਾਕ੍ਰਿਤ ਨਿਯਮਾਂ ਅਨੁਸਾਰ ਹੈ । ਇਸੇ ਤਰ੍ਹਾਂ ਵ ਨੂੰ ਬ 'ਚ ਬਦਲਿਆ ਗਿਆ । ਵਰਸ਼ - ਬਰਸ, ਗੋਵਿੰਦ - ਗੋਬਿੰਦ, ਸਰਵ-ਸਰਬ ਦਾ ਪ੍ਰਯੋਗ ਬਿਨਾ ਜ਼ਰੂਰਤ ਤੋਂ ਵੀ ਕੀਤਾ ਗਿਆ ਹੈ ਜਿਵੇਂ ਨਿਹਕੇਵਲਾ ਵਿਚ । ਇਹ ਸਾਰੇ ਤੱਤ ਅਪਭ੍ਰੰਸ਼ ਵਾਲੇ ਤੇ ਖਾਸ ਕਰਕੇ ਪੂਰਬੀ ਅਪਭ੍ਰੰਸ਼ ਦੇ ਹਨ ।

ਨਾਮਦੇਵ ਜੀ ਦੀ ਬਾਣੀ ਵਿਚ ਦੱਖਣੀ ਅਪਭ੍ਰੰਸ਼ ਦੇ ਦਰਸ਼ਨ ਹੁੰਦੇ ਹਨ । ਉਹਦੀ ਬਾਣੀ ਸਾਧ ਭਾਸ਼ਾ ਤੇ ਮਰਾਠੀ ਵਿਚ ਹੈ । ਨਾਮਦੇਵ ਦੀ ਮਰਾਠੀ ਦੱਖਣੀ ਅਪਭ੍ਰੰਸ਼ ਦੇ ਬਹੁਤ ਨੇੜੇ ਹੈ। ਨਾਮਦੇਵ ਦੀ ਭਾਸ਼ਾ ਦੇ ਮੁੱਖ ਤੱਤਾਂ 'ਚ ਸ਼ਬਦ ਦੇ ਅਖੀਰ 'ਚ

ਲਾ, ਨ, ਅਲੇ, ਨ, ਬੇ ਜਾਂ ਬੇ ਦੀ ਵਰਤੋਂ, ਕਿਰਿਆ ਤੇ ਅੰਤ ਤੇ ਓ ਅਖੀਰ'ਚ ਤ, ਤੀ, ਤੇ ਦੀ ਵਰਤੋ, ਅਧਿ, ਗਾਂ, ਗੋ, ਚੇ, ਚੈ, ਕ ਤੇ ਸ਼ਬਦਾਂ ਵਿਚਕਾਰ ਆ ਦਾ ਪ੍ਰਯੋਗ ਸਪਸ਼ਟ ਕਰਦੇ ਹਨ ਕਿ ਨਾਮਦੇਵ ਦੀ ਬੋਲੀ ਮਰਾਠੀ ਤਾਂ ਸੀ ਹੀ ਜਿਸ'ਚ ਦੱਖਣੀ ਅਪਭ੍ਰੰਸ ਦਾ ਪ੍ਰਭਾਵ ਸੀ , ਪਰ ਉਸ ਉਪਰ ਫਾਰਸੀ, ਅਰਬੀ, ਗੁਜਰਾਤੀ, ਸੰਤ ਭਾਸ਼ਾ ਦਾ ਰੰਗ ਵੀ ਗੂੜ੍ਹਾ ਸੀ । ਨਾਮਦੇਵ ਦਾ ਰਾਗ ਮਲਾਰ ਦਾ ਸ਼ਬਦ ਭਾਸ਼ਾ ਦੇ ਇਸ ਸਰੂਪ ਨੂੰ ਦਰਸਾਉਂਦਾ ਹੈ :-

> ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ।
> ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ ।।੧।। ਰਹਾਉ।।
> ਜਾਂਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਚਿਤ੍ਰਸਾਲ
> ਸਪਤ ਲੋਕ ਸਮਾਨਿ ਪੂਰੀਅਲੇ ।
> ਜਾਂਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜ ਦੀਵੜੇ
> ਕਉਤਕ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ ।
> ਸੁ ਐਸਾ ਰਾਜਾ ਸ੍ਰੀ ਨਰਹਰੀ ।।੧।।

ਇਸ ਵਿਚ ਜਿਥੇ ਅਕੁਲ, ਗੋਪਾਲ, ਨਿਰੰਜਨ, ਦੀਜੈ, ਸੰਤ, ਜਨ, ਦਿਗ, ਦਿਸੈ, ਭਵਨ ਆਦਿ ਸੰਸਕ੍ਰਿਤ ਤਤਸਮ ਸ਼ਬਦ ਹਨ, ਉਥੇ ਲਛਿਮੀ, ਦੀਵੜੇ, ਕੁਆਰੀ, ਕਉਤੁਕ, ਬਪੁੜਾ, ਸਿਰੀ ਆਦਿ ਤਦਭਵ ਸ਼ਬਦ ਵੀ ਹਨ । ਜੇ ਮਰਾਠੀ ਦੇ ਅੰਤ ਵਾਲੇ ਸੇਵੀਲੇ, ਜਾਚਹਿ, ਪੂਰੀਅਲੇ ਹਨ ਤਾਂ ਸਰਾਇਚਾ ਫਾਰਸੀ ਦਾ ਤੇ ਰਾਇ ਗੁਜਰਾਤੀ ਸ਼ਬਦ ਦਾ ਪ੍ਰਯੋਗ ਹੈ ।

ਅਸਲੀਅਤ ਤਾਂ ਹੈ ਕਿ ਸੰਤ ਨਾਮਦੇਵ ਜੀ ਨੇ ਮਰਾਠੀ ਅੰਤ ਵਾਲੇ ਸ਼ਬਦਾਂ ਦਾ ਪ੍ਰਯੋਗ ਕੀਤਾ, ਸੁਧ ਮਰਾਠੀ ਦਾ ਨਹੀਂ ਤੇ ਇਹੋ ਭਾਸ਼ਾ ਪਛੱਮੀ ਅਪਭ੍ਰੰਸ਼ ਦੇ ਨੇੜੇ ਹੈ ਜੋ ਸੰਤ ਭਾਸ਼ਾ ਦਾ ਚਸ਼ਮਾ ਹੈ ।

ਨਾਮਦੇਵ ਜੀ ਦੇ ਸਮਕਾਲੀ ਭਗਤ ਤ੍ਰਿਲੋਚਨ ਦੀ ਭਾਸ਼ਾ ਵੀ ਨਾਮਦੇਵ ਨਾਲ ਮਿਲਦੀ ਹੈ ਕਿਉਂਕਿ ਉਹ ਵੀ ਮਹਾਰਾਸ਼ਟਰ ਦਾ ਵਾਸੀ ਸੀ ।

ਦਾਧੀਲੇ ਲੰਕਾ ਗੜ ਉਪਾੜੀਲੇ ਰਾਵਣ

ਬਣੁ ਸਲਿਬਿਸਲਿ ਆਣਿ ਤੋਖੀਲੇ ਹਰੀ ।

ਕਰਮ ਕਰ ਕਛਉਟੀ ਮਫੀਟਸਿ ਰੀ ।।4।।

ਪੂਰਬਲੋ ਕ੍ਰਿਤ ਕਰਮੁ ਨ ਮਿਟੇ ਰੀ ਘਰ ਗੇਹਿਣਿ ਤਾਚੇ ।

ਮੋਹਿ ਜਾਪੀਅਲੇ ਰਾਮਚੇ ਨਾਮੰ ।

ਬਦਤਿ ਤ੍ਰਿਲੋਚਨ ਰਾਮ ਜੀ ।।੧।।

( ਧਨਾਸਰੀ ਬਾਣੀ ਭਗਤ ਤ੍ਰਿਲੋਚਨ ਜੀ ਕੀ )

ਇਸ ਸ਼ਬਦ ਵਿਚ ਦਾਧੀਲੇ, ਉਪਾੜੀਲੇ, ਤੋਖੀਲੇ, ਮਫੀਟਸਿ, ਤਾਚੇ, ਰਾਮਚੇ ਆਦਿ ਮਰਾਠੀ ਜਾਂ ਮਰਾਠੀ ਅੰਤ ਵਾਲੇ ਹਨ ।

ਬਦਤਿ ਸ਼ਬਦ ਸੰਸਕ੍ਰਿਤ ਸ਼ਬਦ ਵਦਤ ਦਾ ਤਦਭਵ ਬਣਾਕੇ ਵਰਤਿਆ ਗਿਆ ਹੈ । ਭਗਤ ਜੈਦੇਵ ਨੇ ਵੀ ਇਹੋ ਸ਼ਬਦ ਵਰਤਿਆ ਹੈ[20]। ਰਾਗ ਗੂਜਰੀ ਦੇ ਦੋ ਸ਼ਬਦ ਸੰਤ ਭਾਸ਼ਾ 'ਚ ਹਨ ਜਦ ਕਿ ਧਨਾਸਰੀ ਤੇ ਸ੍ਰੀ ਰਾਗ ਵਾਲੇ ਦੋ ਸ਼ਬਦਾਂ'ਚ ਮਰਾਠੀ ਪ੍ਰਭਾਵ ਹੈ ।

ਭਗਤ ਸਧਨਾ ਦਾ ਇਕੋ ਇਕ ਸ਼ਬਦ ਰਾਗ ਬਿਲਾਵਲ'ਚ ਹੈ ਜੋ ਸੰਤ ਭਾਸ਼ਾ'ਚ ਹੈ ਜਦ ਕਿ ਬੇਣੀ ਭਗਤ ਦਾ ਰਾਗ ਪ੍ਰਭਾਤੀ ਵਾਲਾ ਸ਼ਬਦ ਸੰਸਕ੍ਰਿਤੀ ਵਿਚ ਹੈ । ਜਦੋਂਕਿ ਸ੍ਰੀ ਰਾਗ ਤੇ ਰਾਗ ਰਾਮਕਲੀ ਵਾਲੇ ਸ਼ਬਦ ਸੰਤ ਭਾਸ਼ਾ'ਚ ਹਨ । ਮਗਰੋਂ ਆਉਣ ਵਾਲੇ ਸਾਰੇ ਭਗਤ ਕਵੀਆਂ ਕਬੀਰ, ਸੈਣ, ਧੰਨਾ, ਪੀਪਾ, ਪਰਮਾਨੰਦ, ਰਵਿਦਾਸ ਤੇ ਸੂਰਦਾਸ ਨੇ ਸੰਤ-ਭਾਸ਼ਾ ਦਾ ਹੀ ਪ੍ਰਯੋਗ ਕੀਤਾ ਹੈ । ਸੰਤ ਕਵੀ ਆਮ ਲੋਕਾਂ ਦੇ ਪ੍ਰਤਿਨਿਧ ਵੀ ਸਨ ਤੇ ਅਮਰ ਦੂਤ ਵੀ । ਉਹਨਾਂ ਨੇ ਪਿਆਰ ਸੂਤਰ ਵਿਚ ਪਰੋਣ ਲਈ ਭਾਰਤ ਭਰ ਦੀ ਯਾਤਰਾ ਕੀਤੀ ਤੇ ਇਸ ਦੇ ਫਲਸਰੂਪ ਭਾਸ਼ਾਈ ਏਕਤਾ ਦੇ ਪ੍ਰਤਿਫਲ'ਚ ਸੰਤ ਭਾਸ਼ਾ ਉਹਨਾਂ ਦੇ ਕਾਵਿ ਦਾ ਮਾਧਿਅਮ ਬਣ ਗਈ ।

ਭਗਤ ਕਵੀਆਂ ਨੇ ਜੋ ਭਾਸ਼ਾ ਵਰਤੀ ਉਸਦੇ ਮੁੱਖ ਲੱਛਣ ਸਨ :-

1. ਧਾਰਮਕ ਸ਼ਬਦਾਵਲੀ ਦਾ ਪਿੰਡਾ ਸੰਸਕ੍ਰਿਤ ਤੇ ਪ੍ਰਾਕ੍ਰਿਤ ਸਨ ।
2. ਅਗੇਤ ਪਿਛੇਤ ਸਥਾਨਕ ਭਾਸ਼ਾਵਾਂ ਵਾਲੇ ਵਰਤੇ ਗਏ ।
3. ਭਾਸ਼ਾ ਦਾ ਤੱਤ ਵਿਸ਼ਲੇਸ਼ਣਕ ਸੀ ।
4. ਭਾਸ਼ਾ ਦਾ ਸਰੂਪ ਮਿਲਗੋਭਾ ਸੀ । ਫਾਰਸੀ, ਅਰਬੀ, ਮੁਸਲਿਮ ਸਭਿਆਚਾਰ ਦਾ ਪ੍ਰਭਾਵ ਵੀ ਪ੍ਰਤੱਖ ਸੀ ।

ਭਗਤ ਕਵੀਆਂ ਦੀ ਦੇਣ ਵਿਚਾਰਨਯੋਗ ਹੈ । ਪੂਰਵ-ਭਗਤ ਕਾਲ ਦਾ ਸਾਹਿੱਤ ਸੰਸਕ੍ਰਿਤ ਸਾਹਿੱਤ ਸੀ ਤੇ ਇਹ ਲੋਕਾਂ ਦਾ ਨ ਰਹਿਕੇ ਹੌਲੀ ਹੌਲੀ ਉਪਰਲੇ ਵਰਗ ਤਕ ਸੀਮਿਤ ਹੁੰਦਾ ਜਾ ਰਿਹਾ ਸੀ । ਆਮ ਆਦਮੀ ਦੀ ਪਹੁੰਚ ਇਸ ਸਾਹਿੱਤ ਤਕ ਨਹੀਂ ਸੀ । ਮੱਧਕਾਲ ਦੇ ਸੰਤ-ਕਵੀਆਂ ਨੇ ਇਸ ਦ੍ਰਿਸ਼ਟੀ ਤੋਂ ਭਾਸ਼ਕ-ਕ੍ਰਾਂਤੀ ਲਿਆਂਦੀ । ਉਹਨਾਂ ਨੇ ਆਪਣੇ ਵਿਚਾਰ ਸਿਧੀ-ਸਾਦੀ ਭਾਸ਼ਾ ਵਿਚ ਲੋਕਾਂ ਤਕ ਪਹੁੰਚਾਏ । ਜਿਸ ਭਾਸ਼ਾ ਦਾ ਇਨ੍ਹਾਂ ਸੰਤਾਂ-ਭਗਤਾਂ ਨੇ ਪ੍ਰਯੋਗ ਕੀਤਾ, ਉਹ ਭਾਸ਼ਾ ਆਡੰਬਰ ਰਹਿਤ ਸੀ ।[21]

ਭਾਸ਼ਾ ਪੱਖੋਂ ਭਗਤ ਬਾਣੀ ਵਿਚ ਸਥਾਨਕ ਤੱਤ ਹੁੰਦਿਆਂ ਅਜਿਹੀ ਸ਼ਬਦਾਵਲੀ ਵੀ ਹੈ ਜੋ ਜਨ-ਸੰਪਰਕ ਲਈ ਬੜੀ ਢੁਕਵੀਂ ਸੀ ਤੇ ਸੰਤ-ਕਵੀਆਂ ਦਾ ਉਦੇਸ਼ ਵੀ ਇਹੋ ਸੀ । ਉਹ ਭਾਸ਼ਾ ਸ਼ਾਸਤਰੀ ਨਹੀਂ ਸਨ, ਸਗੋਂ ਅਜਿਹੇ ਸਮਾਜ-ਸ਼ਾਸਤਰੀ ਸਨ ਜੋ ਮਨੁੱਖ ਨੂੰ ਅਸਲੇ ਤੇ ਅਸਲੀਅਤ ਨਾਲ ਜੋੜਨ ਲਈ ਬਾਣੀ ਰਚਦੇ ਸਨ । ਜੈਦੇਵ ਦੀ ਭਾਸ਼ਾ ਸੰਸਕ੍ਰਿਤ ਤੇ ਬੰਗਲਾ ਪ੍ਰਭਾਵ ਕਬੂਲਦੀ ਹੈ, ਕਬੀਰ ਦੀ ਪੂਰਬੀ ਹਿੰਦੀ ਪ੍ਰਭਾਵ ਹੇਠ ਹੈ, ਧੰਨਾ ਰਾਜਸਥਾਨੀ ਫਰੀਦ ਫਾਰਸੀ ਤੇ ਲਹਿੰਦੀ, ਨਾਮਦੇਵ ਤ੍ਰਿਲੋਚਨ ਮਰਾਠੀ ਆਦਿ ਸਬਦਾਵਲੀ ਗ੍ਰਹਿਣ ਕਰਦੇ ਹਨ । ਪਰ ਇਹ ਪ੍ਰਭਾਵ ਨਾ ਤਾਂ ਮਾਰੂ ਹੀ ਹੈ ਤੇ ਨਾ ਹੀ ਭਾਰੂ । ਭਗਤ - ਕਵੀਆਂ ਦੀ ਬੋਲੀ ਇਸ ਭਾਂਤ ਸੁਭਾਂਤੇ ਪ੍ਰਭਾਵ ਦੇ ਹੁੰਦਿਆਂ ਵੀ ਇਤਨੀ ਓਜਮਈ ਤੇ ਉਦਾਤ ਵਾਲੀ ਹੈ ਕਿ ਉੱਚ ਕੋਟੀ ਦਾ ਦੁਨੀਆਵੀ ਸਾਹਿੱਤ ਇਸ ਸਾਮ੍ਹਣੇ ਫਿੱਕਾ ਪੈ ਜਾਂਦਾ ਹੈ :-

ਨਾਮੁ ਤੇਰੋ ਆਰਤੀ ਨਾਮੁ ਤੇਰੋ ਉਰਸਾ<br>
ਨਾਮ ਤੇਰਾ ਕੇਸਰੋ ਲੇ ਛਿਟਕਾਰੇ ।<br>
ਨਾਮੁ ਮੇਰਾ ਅੰਭੁਲਾ ਨਾਮ ਤੇਰੋ ਚੰਦਨੋ,<br>
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ।<br>
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ,<br>
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ।<br>
ਨਾਮ ਤੇਰੋ ਤਾਗਾ ਨਾਮ ਫੂਲ ਮਾਲਾ,<br>
ਭਾਰ ਅਠਾਰਹ ਸਗਲ ਜੂਠਾਰੇ

( ਰਾਗ ਧਨਾਸਰੀ, ਰਵਿਦਾਸ )

ਕੱਤਿਕ ਕੂੰਜਾ, ਚੇਤਿ ਡਉ ਸਾਵਣਿ ਬਿਜਲੀਆਂ ।

ਸਿਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ।

( ਫਰੀਦ )

ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨ ਭੀਨਾ ।

ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ।

( ਕਬੀਰ )

ਬਿਨੁ ਸਤ ਸਤੀ ਹੋਇ ਕੈਸੇ ਨਾਰਿ ।

ਪੰਡਤ ਦੇਖਹੁ ਰਿਦੈ ਬੀਚਾਰਿ ।।੧।।

ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ।।

ਜਬ ਲਗੁ ਰਸੁ ਤਬ ਲਗੁ ਨਹੀ ਨੇਹੁ ।।੧।।ਰਹਾਉ।।

( ਗਉੜੀ ਕਬੀਰ )

ਲੋਗੁ ਜਾਨੈ ਇਹੁ ਗੀਤੁ ਹੈ ਇਹ ਤਉ ਬ੍ਰਹਮ ਬੀਚਾਰ ।।

ਜਿਉ ਕਾਸੀ ਉਪਦੇਸ਼ ਹੋਇ ਮਾਨਸ ਮਰਤੀ ਬਾਰ ।।

ਜੌ ਰਾਜੁ ਦੇਹਿ ਤ ਕਵਨ ਬਡਾਈ ।।

ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ।।੧।।

ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ।।

ਬਹੁਰ ਨ ਹੋਇ ਤੇਰਾ ਆਵਨ ਜਾਨੁ ।।੧।। ਰਹਾਉ।।

( ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰ ੧ )

ਅੰਤਰੁ ਮਲਿ ਨਿਰਮਲੁ ਨਹੀਂ ਕੀਨਾ ਬਾਹਰਿ ਭੇਖ ਉਦਾਸੀ ।।

ਹਿਰਦੈ ਕਮਲੁ ਘਟਿ ਬ੍ਰਹਮ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ।।

( ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰ ੧ )

ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ।।

ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ।।

ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥
ਹਰਿ ਕੇ ਨਾਮ ਬਿਨ ਕਿਨਿ ਗਤਿ ਪਾਈ ਕਹਿ ਉਪਦੇਸ ਕਬੀਰਾ ॥

( ਰਾਗੁ ਸੋਰਠਿ ਬਾਣੀ ਭਗਤੀ ਕਬੀਰ ਜੀ ਕੀ )

ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨਸਰੋਵਰ ਹੰਸੁਲਾ ॥
ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥

( ਧਨਾਸਰੀ ਬਾਣੀ ਭਗਤ ਜੀ ਨਾਮਦੇਵ ਜੀ ਕੀ )

ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥
ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥
ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥
ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥

( ਰਾਗ ਤਿਲੰਗ ਭਗਤਾਂ ਕੀ ਨਾਮਦੇਵ )

ਊਚੇ ਮੰਦਰ ਸਾਲ ਰਸੋਈ ॥ ਏਕ ਘਰੀ ਫੁਨਿ ਰਹਨੁ ਨ ਹੋਈ ॥੧॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥

( ਰਾਗ ਸੂਹੀ ਬਾਣੀ ਰਵਿਦਾਸ ਜੀ )

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

( ਸਲੋਕ ਕਬੀਰ ਜੀ )

ਘਰਿ ਕੀ ਨਾਰਿ ਤਿਆਗੀ ਅੰਧਾ ॥
ਪਰ ਨਾਰੀ ਸਿਉ ਘਾਲੈ ਧੰਧਾ ॥
ਜੈਸੇ ਸਿੰਬੁਲ ਦੇਖਿ ਸੂਆ ਬਿਗਸਾਨਾ ॥
ਅੰਤ ਕੀ ਬਾਰ ਮੂਆ ਲਪਟਾਨਾ ॥

( ਭੈਰਉ ਨਾਮਦੇਵ ਜੀ )

ਕਬੀਰ ਸੂਏ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ।।
ਦੇਹੀ ਕਿਸ ਕੀ ਬਪੁਰੀ ਪਵਿਤ੍ਰ ਹੋਇਗੋ ਗ੍ਰਾਮੁ ।।
( ਸਲੋਕ ਕਬੀਰ )

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ ।।
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ।।ਸਲੋਕ 203

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ।।
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ।।
ਜਾਂ
ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ।।
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ।।
ਜਾਂ
ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ।।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ।।

ਭਗਤ ਬਾਣੀ ਮੱਧਕਾਲੀਨ ਭਾਰਤੀ ਸਾਹਿਤ ਦੀ ਉਹ ਕੜੀ ਹੈ ਜੋ ਇਕ ਪਾਸੇ ਗੁਰਬਾਣੀ ਕਾਵਿ ਦਾ ਅਟੁੱਟ ਅੰਗ ਹੈ ਤਾਂ ਦੂਸਰੇ ਪਾਸੇ ਸੰਸਕ੍ਰਿਤਕ ਪਿਛੋਕੜ ਨਾਲ ਜੁੜੀ ਹੋਈ ਹੈ । ਰੂਪਕ ਪੱਖੋਂ ਵੀ ਜਿੱਥੇ ਇਸ ਦੇ ਕਵੀਆਂ ਨੇ ਨਵੀਆਂ ਲੀਹਾਂ ਪਾਈਆਂ ਉਥੇ ਕੁਝ ਪੁਰਾਣੀਆਂ ਲੀਹਾਂ ਦਾ ਅਨੁਸਰਣ ਕੀਤਾ । ਛੰਦਾਂ ਦੀ ਵੰਨ-ਸੁਵੰਨਤਾ ਵਿਚ ਨਵਤਨ ਹੈ, ਅਲੰਕਾਰਾਂ ਦੀ ਵਰਤੋਂ'ਚ ਸਿਖਰਾਂ ਛੋਹੀਆਂ ਹਨ, ਭਾਸ਼ਾ ਪੱਖੋਂ ਨਵੇਂ ਤਜਰਬੇ ਕੀਤੇ ਹਨ ਤੇ ਸਥਾਨਕ ਰੰਗ ਦੇ ਬਾਵਜੂਦ ਜਨ-ਸਮੂਹ ਤਕ ਅਰਥ-ਸੰਚਾਰ ਨੂੰ ਸੰਭਵ ਬਣਾਇਆ ਹੈ। ਭਾਰਤੀ ਪਰੰਪਰਾ ਅਨੁਸਾਰ ਰਸਾਂ ਦੀ ਅਨੂਪਮ ਵਰਤੋਂ ਕੀਤੀ ਹੈ। ਭਗਤ ਕਵੀਆਂ ਦੇ ਵਚਨ ਲੋਕ-ਰੂੜੀ ਦਾ ਅੰਗ ਬਣ ਗਏ ਹਨ । ਕਵਿਤਾ ਦੀ ਸਰਵ-ਪ੍ਰਿਅਤਾ ਤੇ ਵਲੱਖਣਤਾ ਦਾ ਹੋਰ ਪ੍ਰਮਾਣ ਕੀ ਹੋ ਸਕਦਾ ਹੈ ?

ਭਗਤ ਬਾਣੀ ਭਾਸ਼ਾ, ਸ਼ੈਲੀ, ਰਾਗ, ਰਸ, ਅਲੰਕਾਰ ਗੱਲ ਕੀ ਹਰ ਪੱਖ ਤੋਂ ਅਦੁੱਤੀ ਹੈ। ਇਸ ਦੀ ਅਨਾਦੀ ਰਮਜ਼, ਇਲਾਹੀ ਸੁਰ ਤੇ ਖਿੱਚ ਆਤਮਾ ਨੂੰ ਧੂਹ ਪਾਉਂਦੀ ਹੈ, ਮਨ ਦੀ ਕੁਸੰਭ ਅਵਸਥਾ ਨੂੰ ਮਜੀਠ ਰੰਗ ਚਾੜ੍ਹਦੀ ਹੈ। ਸਾਨੂੰ ਧਰਤੀ ਤੋਂ ਅਕਾਸ਼ ਪਹੁੰਚਾਂਦੀ ਹੈ। ਇਹ ਕਵਿਤਾ ਨਹੀਂ ਰਹਿੰਦੀ, ਬਾਣੀ ਬਣ ਜਾਂਦੀ ਹੈ। ਗੀਤ ਸ਼ਬਦ ਦਾ ਰੂਪ ਧਾਰ ਲੈਂਦੇ ਹਨ । ਇਹੋ ਇਸ ਦੀ ਵਡਿਆਈ ਹੈ ।

******
***
*

## ਪੈਰ ਟਿੱਪਣੀਆਂ ਤੇ ਹਵਾਲੇ

1. ਗੋਪਾਲ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ ਪੰਨਾ 48
2. ਗੁਰਨਾਮ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਅਲੋਚਨਾਤਮਕ ਅਧਿਐਨ, ਪੰਨਾ 267
3. ਧਰਮ ਪਾਲ ਸਿੰਗਲ (ਡਾ.), ਸੰਤ ਸਿਰੋਮਣੀ ਰਵਿਦਾਸ ਪੰਨਾ 114
4. ਉਹੀ
5. ਜੋਤ ਸਿੰਘ ਸੀਤਲ (ਡਾ.), ਗੁਰਮਤਿ ਸਾਹਿਤ ਪੰਨਾ ੬
6. ਕੁਲਵੰਤ ਕੌਰ (ਡਾ.), ਗੁਰਮਤਿ ਕਾਵਿ ਇਕ ਅਧਿਐਨ ਪੰਨਾ 112
7. ਜੋਤ ਸਿੰਘ ਸੀਤਲ (ਡਾ.), ਗੁਰਮਤਿ ਸਾਹਿਤ ਪੰਨਾ ੬
8. ਸਾ[illegible]ਨ ਮੋਹਿਬ, ਅਰਬੀ ਤੋਂ ਅਨੁਵਾਦ ਗੁਰਮਤਿ ਸੰਗੀਤ ਭਾਗ ਪਹਿਲਾ ਵਿਚ ਹਵਾਲਾ, ਪੰਨਾ 54
9. ਉਹੀ
10. ਗੁਰਨਾਮ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਦਾ ਅਲੋਚਨਾਤਮਕ ਅਧਿਐਨ, ਪੰਨਾ 165
11. ਕੁਲਵੰਤ ਕੌਰ (ਡਾ.), ਗੁਰਮਤਿ ਕਾਵਿ-ਇਕ ਅਧਿਐਨ ਪੰਨਾ 117
12. ਗੋਪਾਲ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ ਪੰਨਾ 72
13. ਉਹੀ

14. ਰਾਮ ਚੰਦਰ ਵਰਮਾ ਸਾਸਤਰੀ (ਡਾ.), ਭਾਰਤੀਯ ਕਾਵਯ ਸਾਸਤਰ
ਪੰਨਾ 252

15. ਧਰਮ ਪਾਲ ਸਿੰਗਲ (ਡਾ.), ਸੰਤ ਸਿਰੋਮਣੀ ਰਵਿਦਾਸ
ਪੰਨਾ 116

16. ਉਹੀ ਪੰਨਾ 117

17. ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼
ਪੰਨਾ 233

18. ਧਰਮ ਪਾਲ ਸਿੰਗਲ (ਡਾ.), ਸੰਤ ਸਿਰੋਮਣੀ ਰਵਿਦਾਸ
ਪੰਨਾ 117

19. ਐਫ. ਕਿਲਹੋਰਨ, ਸੰਸਕ੍ਰਿਤ ਭਾਸ਼ਾ ਦਾ ਵਿਆਕਰਣ ( ਹਵਾਲਾ)
ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ 29

20. ਸੁਰਿੰਦਰ ਸਿੰਘ ਕੋਹਲੀ (ਡਾ.), ਏ ਕਰਿਟੀਕਲ ਸਟੱਡੀ ਆਫ
ਆਦਿ ਗ੍ਰੰਥ, ਪੰਨਾ 47

21. ਗੁਰਨਾਮ ਕੌਰ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ
ਕਬੀਰ ਬਾਣੀ ਦਾ ਆਲੋਚਨਾਤਮਕ ਅਧਿਐਨ (ਸੋਧ ਪ੍ਰਬੰਧ )
ਪੰਨਾ 268.

## ਸਾਰ ਤੇ ਸਿੱਟੇ

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਦੀ ਵਿਸ਼ੇਸ਼ਤਾ ਦੇ ਵਿਸਤ੍ਰਿਤ ਅਧਿਐਨ ਪਿਛੋਂ ਯਥਾ-ਯੁਕਤ ਸਾਰ ਸਮਝ ਕੇ ਸਿਟਿਆਂ ਤੇ ਪਹੁੰਚਣਾ ਸੰਭਵ ਵੀ ਹੈ ਤੇ ਜ਼ਰੂਰੀ ਵੀ । ਭਾਰਤੀ ਭਗਤੀ ਲਹਿਰ ਦਾ ਪਿਛੋਕੜ, ਮੂਲ ਸੰਚਾਲਕ, ਗੁਰਬਾਣੀ ਨਾਲ ਸਮਰੂਪਤਾ, ਆਸ਼ੇ ਅਤੇ ਰੂਪਕ ਪੱਖ ਦੀ ਪਰਿਪਕਤਾ, ਖੋਜੀਆਂ ਲਈ ਜਿਥੇ ਭਗਤ ਬਾਣੀ ਦੀ ਮਹੱਤਾ ਸਮਝਣ ਲਈ ਵਿਸ਼ਾਲ ਭੰਡਾਰ ਹੈ ਉਥੇ ਆਮ ਪਾਠਕ, ਸਾਧਾਰਨ ਨਾਗਰਿਕ ਅਤੇ ਅਨਿੰਨ ਸ਼ਰਧਾਲੂ ਸਭਨਾਂ ਲਈ ਹੀ ਭਗਤ ਬਾਣੀ ਇਕ ਵਰਦਾਨ ਹੈ । ਇਸ ਲਈ ਸਾਰ ਤੇ ਸਿਟਿਆਂ ਦੀ ਜਾਣ ਪਛਾਣ ਨਾਲ ਉਪਰੋਕਤ ਕਥਨ ਅਰਥ ਭਰਭੂਰ ਹੋ ਜਾਂਦਾ ਹੈ ।

ਭਗਤੀ ਲਹਿਰ ਨਾ ਤਾਂ ਅਚਾਨਕ ਪੈਦਾ ਹੋਈ ਤੇ ਨਾ ਹੀ ਭਾਰਤੀ ਜਨ ਜੀਵਨ ਨਾਲੋਂ ਵਿਕੋਲਿਤ੍ਰੀ ਹੈ, ਇਹ ਤਾਂ ਰੂਹ ਦੇ ਦੇਸ ਚੁੰਗੀਆਂ ਭਰਨ ਵਾਲੀ ਲਹਿਰ ਹੈ । ਉਂਞ ਮਨੁੱਖ ਸਦਾ ਹੀ ਕੁਦਰਤ ਦੀ ਅਲੌਕਿਕ ਸ਼ਕਤੀ ਤੇ ਵਿਸਵਾਸ਼ ਕਰਦਾ ਆ ਰਿਹਾ ਹੈ ਕਿਉਂਕਿ ਮਨੁੱਖ ਨੇ ਸਦਾ ਪਰਾ-ਮਨੁੱਖੀ ਤਾਕਤਾਂ ਦੀ ਕਲਪਣਾ ਕੀਤੀ ਇਸ ਕਲਪਣਾ ਨੇ ਮਨੁੱਖ ਵਿਚ ਸ਼ਰਧਾ ਤੇ ਪ੍ਰੇਮ ਦੇ ਤੱਤਾਂ ਨੂੰ ਜਗਾਇਆ ਜੋ ਭਗਤੀ ਦਾ ਰੂਪ ਧਾਰਨ ਕਰ ਗਏ । ਭਾਰਤੀ ਚਿੰਤਨ ਦਾ ਮੁੱਢ ਵੇਦ ਹਨ । ਸਾਨੂੰ ਭਗਤੀ ਦੇ ਤੱਤ ਭੀ ਵੇਦਾਂ ਤੋ ਪ੍ਰਾਪਤ ਹੁੰਦੇ ਹਨ । ਗੁਰੂ ਅਮਰ ਦਾਸ ਦੇ ਸ਼ਬਦ " ਵੇਦਾਂ ਮਹਿ ਨਾਮ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ " ਤੋ ਇਹ ਕਥਨ ਸਿਧ ਹੁੰਦਾ ਹੈ ਅਤੇ ਇਸ ਦੇ ਨਾਲ ਹੀ ਭਗਤ ਬਾਣੀ ਤੇ ਗੁਰਬਾਣੀ ਵਿਚ ਅਨੇਕਾਂ ਵੈਦਿਕ ਸੰਕੇਤ ਤੇ ਪ੍ਰਮਾਣ ਮਿਲਦੇ ਹਨ । ਵੇਦਾਂ ਤੋਂ ਉਪਰੰਤ ਭਾਗਵਤ ਗੀਤਾ ਵਿਚ ਭੀ ਭਗਤੀ ਲਹਿਰ ਦਾ ਬੀਜ ਅੰਸ਼ ਮੌਜੂਦ ਹੈ ਤੇ ਉਪਨਿਸ਼ਦਾਂ ਵਿਚ ਤਾਂ ' ਭਗਤੀ ' ਸ਼ਬਦ ਦਾ ਪ੍ਰਯੋਗ ਭੀ ਕੀਤਾ ਗਿਆ ਮਿਲਦਾ ਹੈ ਇਸ ਕਾਲ ਤੋ ਬਾਅਦ ਜਦ ਕਰਮ ਕਾਂਡ ਗਿਆਨ ਦੀਆਂ ਘੁਣਤਰਾਂ ਰਾਹੀ ਸੱਚੀ ਤੇ ਸੁੱਚੀ ਭਗਤੀ ਨਾਲੋ ਨਿਖੜ ਗਿਆ ਤਾਂ ਉਸਦੀ ਪ੍ਰਤਿਕ੍ਰਿਆ ਦੇ ਸਿਟੇ ਵਜੋ ਦੋ ਧਰਮ ਭਾਰਤੀ ਸਮਾਜ ਵਿਚ ਉਭਰ ਕੇ ਸਾਹਮਣੇ ਆਏ, ਜੈਨ ਧਰਮ

ਤੇ ਬੁੱਧ ਧਰਮ ਜਿਨ੍ਹਾਂ ਨੇ ਮੁਢਲੇ ਰੂਪ ਵਿਚ ਸਦੀਆਂ ਤੱਕ ਭਾਰਤੀ ਲੋਕਾਂ ਨੂੰ ਅੰਦੋਲਿਤ ਕੀਤਾ । ਪਰ ਇਹ ਭੀ ਅੰਤ ਵਿਚ ਦੁਨਿਆਵੀ ਨਸ਼ੇ ਵਾਂਗ ਆਪਣਾ ਅਸਰ ਉਹ ਨਾ ਰਖ ਸਕੇ ਜੋ ਸ਼ੁਰੂ ਸ਼ੁਰੂ ਵਿਚ ਸੀ । ਜਿਥੇ ਜੈਨ ਧਰਮ ਦਿਗੰਬਰ ਅਤੇ ਸਵੇਤੰਬਰ ਦੋ ਭਾਗਾਂ ਵਿਚ ਵੰਡਿਆਂ ਗਿਆਂ ਉਥੇ ਬੁਧ ਧਰਮ ਸਿਧਾਂ ਤੇ ਨਾਥਾਂ ਦੇ ਰੂਪ ਵਿਚ ਨਾਮ ਦੇ ਪ੍ਰਵਾਹ ਤੋ ਵਿਹੂਣੇ ਰਿੱਧੀਆਂ ਸਿੱਧੀਆਂ, ਤੰਤਰਾਂ-ਮੰਤਰਾਂ ਅਤੇ ਹੋਰ ਸ਼ਰਾਬ, ਮਾਸ ਤੇ ਵਿਕਾਰਾਂ ਦੀ ਮਾਰ ਹੇਠ ਆ ਕੇ ਜਨਤਾ ਨੂੰ ਸਿਧੇ ਰਾਹ ਪਾਉਣ ਦੀ ਬਜਾਏ ਕੁਰੀਤਿਆਂ ਵਿਚ ਵਾਧਾ ਕਰਨ ਲੱਗੀ ।

ਸ਼ੰਕਰਾਚਾਰਯ ਗਿਆਨ ਦੀ ਗੱਲ ਕਰਦਾ ਹੋਇਆ ਵੀ ਅਗਿਆਨ ਦੇ ਭੰਬਲਭੂਸੇ ਵਿਚ ਫਸ ਗਿਆ । ਉਹਨਾਂ ਨੇ ਉਪਨਿਸ਼ਦਾਂ ਦੀ ਪਰੰਪਰਾਗਤ ਵਿਚਾਰਧਾਰਾ ਦੀ ਹੋਰ ਜ਼ਿਆਦਾ ਸਪੱਸ਼ਟ ਤੇ ਨਵੇ ਰੂਪ ਵਿਚ ਵਿਆਖਿਆ ਤਾਂ ਕੀਤੀ ਅਤੇ ਅਦ੍ਵੈਤਵਾਦ ਦਾ ਪ੍ਰਚਾਰ ਵੀ ਕੀਤਾ ਪਰ ਉਸਦਾ ਇਹ ਉੱਦਮ ਉਸ ਨੂੰ ਭਗਤੀ ਭਾਵਨਾ ਤੋ ਦੂਰ ਲੈ ਗਿਆ । ਇਸ ਦਾ ਅਸਰ ਘਟ ਕਰਨ ਲਈ ਰਾਮਾਨੁਜਾਚਾਰਯ ਨੇ ਵਿਸ਼ਿਸ਼ਟ ਅਦ੍ਵੈਤਵਾਦ ਦੀ ਸਥਾਪਨਾ ਕੀਤੀ । ਇਸ ਮਤ ਅਨੁਸਾਰ ਬ੍ਰਹਮ ਤੇ ਜੀਵ ਇਕ ਤਾਂ ਹਨ ਪਰ ਤਾਕਤ ਦੇ ਆਧਾਰ ਤੇ ਦੋਵੇਂ ਵੱਖ ਵੱਖ ਹਨ । ਬ੍ਰਹਮ ਵੱਡਾ ਹੈ ਤੇ ਜੀਵ ਛੋਟਾ । ਸ਼ੰਕਰਾਚਾਰਯ ਦੇ ਇਸ ਕਥਨ ਦਾ ਵੀ ਖੰਡਨ ਕੀਤਾ ਕਿ ਜੀਵ ਤੇ ਜਗਤ ਦੋਵੇਂ ਮਿਥਿਆ ਹਨ । ਕੇਵਲ ਗਿਆਨ ਰਾਹੀਂ ਹੀ ਪ੍ਰਭੂ ਤੱਕ ਪਹੁੰਚ ਸਕੀਦਾ ਹੈ ਆਦਿ ਕਥਨਾਂ ਦਾ ਖੰਡਨ ਕਰਕੇ ਭਗਤੀ ਰਾਹੀ ਉਸ ਪ੍ਰਭੂ ਤੱਕ ਪਹੁੰਚਣ ਦਾ ਮਾਰਗ ਦੱਸਿਆ । ਰਾਘਵਾਨੰਦ ਰਾਹੀ ਰਾਮਾਨੰਦ ਤੱਕ ਪਹੁੰਚ ਇਹ ਭਗਤੀ ਦੀ ਸਿਧੀ ਜਰਨੈਲੀ ਸੜਕ ਤੱਕ ਪਹੁੰਚ ਗਏ ਜਿਥੇ ਭਗਤਾਂ ਦਾ ਇਕੱਠ ਇਕ ਕਾਫਲੇ ਦਾ ਰੂਪ ਧਾਰਨ ਕਰ ਗਿਆ, ਜਿਸ ਨੇ ਕਰਮ ਕਾਂਡ ਤੇ ਗਿਆਨ ਮਾਰਗ ਨਾਲੋ ਭਗਤੀ ਮਾਰਗ ਨੂੰ ਪ੍ਰਭੂ ਪ੍ਰਾਪਤੀ ਦਾ ਸਹੀ ਰਾਹ ਦਸਿਆ । ਇਸ ਰਸਤੇ ਤੇ ਤੁਰਨ ਨਾਲ ਉਹ ਜੰਗਲ ਦੇ ਭੁਲ ਭੁੱਲਈਆਂ ਵਾਲੇ ਰਸਤਿਆਂ ਤੋ ਸਦਾ ਲਈ ਛੁਟਕਾਰਾ ਪਾ ਗਏ ।

ਧਰਮਾਂ ਦੇ ਫਰਕ ਤੋ ਉਪਰ ਉਠੇ ਭਗਤਾਂ ਦੇ ਸੰਗ ਵਿਚੋ ਪੰਦਰਾਂ ਭਗਤਾਂ ਦੀ ਬਾਣੀ ਜੋ ਗੁਰਮਤਿ ਆਸ਼ੇ ਅਨੁਕੂਲ ਸੀ, ਨੂੰ ਅਧਾਰ ਬਣਾ ਕੇ ਇਸ ਉਪਰ ਸਿੱਖੀ

ਦਾ ਮਹਿਲ ਸ੍ਰੀ ਗੁਰੂ ਗ੍ਰੰਥ ਸਾਹਿਬ ਉਸਾਰਿਆ ਗਿਆ ਜੋ ਆਧੁਨਿਕ ਯੁਗ ਦੀ ਲੋੜ ਨੂੰ ਪੂਰਦਾ ਹੋਇਆ ਦੁਨੀਆ ਨੂੰ ਇਕ ਕਰਨ ਲਈ ਆਧਾਰ ਤਿਆਰ ਕਰ ਗਿਆ।

( ਅਧਿਆਇ ਪਹਿਲਾ )

ਭਗਤ ਜੈ ਦੇਵ ਜੀ ਨੂੰ ਮਾਤਾ, ਪਿਤਾ ਪਿਆਰ ਤੋਂ ਵਾਂਝੇ, ਗਰੀਬੀ ਭਰਪੂਰ ਜ਼ਿੰਦਗੀ ਕੁਦਰਤ ਵਲੋਂ ਹਿੱਸੇ ਆਈ । ਪਰ ਪਰਮਾਤਮਾ ਦੀ ਅਪਾਰ ਕਿਰਪਾ ਦੁਆਰਾ ਆਪ ਪਰਮਾਤਮਾ ਦਾ ਸੁੰਦਰ ਨਾਮ ਸਿਮਰਨ ਲੱਗੇ ਜੋ ਅੰਮ੍ਰਿਤ ਭਰਪੂਰ ਹੈ ਜਿਸਨੇ ਜਗਤ ਦੀ ਅਸਲੀਅਤ ਤੋਂ ਆਪ ਨੂੰ ਜਾਣੂ ਕਰਵਾ ਦਿੱਤਾ ਤੇ ਜਨਮ, ਮਰਨ ਬੁਢੇਪੇ ਦੀ ਚਿੰਤਾ, ਫਿਕਰ ਤੇ ਮੌਤ ਦਾ ਡਰ ਦੂਰ ਕਰ ਦਿੱਤਾ । ਆਪ ਜੀ ਨੇ ਪਰਮਾਤਮਾ ਨੂੰ ਸਭ ਤੋਂ ਉੱਚੀ ਸੱਤਾ ਦੇ ਰੂਪ ਵਿਚ ਪਛਾਣ ਲਿਆ, ਜੋ ਸਭ ਦਾ ਮੂਲ ਹੈ, ਸਭ ਵਿਚ ਵਿਆਪਕ ਹੈ, ਉਸ ਵਰਗਾ ਹੋਰ ਕੋਈ ਨਹੀਂ, ਉਸ ਵਿਚ ਸਥਿਰਤਾ ਆਦਿ ਸਾਰੇ ਗੁਣ ਮੌਜੂਦ ਹਨ, ਉਹ ਪ੍ਰਭੂ ਬਹੁਤ ਅਸਚਰਜ ਹੈ, ਮਾਇਆ ਤੋਂ ਪਰੇ ਹੈ, ਉਸ ਦਾ ਮੁਕੰਮਲ ਸਰੂਪ ਹੈ । ਇਹ ਸੋਚ ਮੰਡਲ ਵਿਚ ਨਹੀਂ ਆ ਸਕਦਾ ਤੇ ਹਰ ਥਾਂ ਵਿਆਪਕ ਹੈ । ਉਪਰੋਕਤ ਪਹੁੰਚੀ ਹੋਈ ਅਵਸਥਾ ਦੇ ਬਾਵਜੂਦ ਆਪ ਦੁਨਿਆਵੀ ਪੱਖ ਤੋਂ ਭੀ ਬੰਗਾਲ ਦੇ ਰਾਜਾ ਲਛਮਨ ਸੈਨ ਦੇ ਪੰਜ ਦਰਬਾਰੀ ਕਵੀਆਂ ਵਿਚੋਂ ਇਕ ਸਨ । ਇਸ ਤੋਂ ਭੀ ਵੱਧ ਮਾਣ ਵਾਲੀ ਗਲ ਇਹ ਹੈ ਕਿ ਭਗਤ ਜੈ ਦੇਵ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪ੍ਰਾਚੀਨ ਹੈ ।

ਬਾਬਾ ਫਰੀਦ ਦਾ ਜੀਵਨ ਅਦਭੁਤ ਤੇ ਰਹੱਸਮਈ ਸੀ । ਵਿਸ਼ਵਾਸੀਆਂ ਦਾ ਖਿਆਲ ਹੈ ਕਿ ਜਦ ਬਚਪਨ ਵਿਚ ਮਾਂ ਕੰਮ ਵਿਚ ਰੁਝ ਕੇ ਭੁਲ ਗਈ ਕਿ ਨਮਾਜ਼ ਲਈ ਵਿਛਾਈ ਸਫ ਥੱਲੇ ਰੋਜ਼ ਵਾਂਗ ਸ਼ੱਕਰ ਦੀ ਪੋਟਲੀ ਰਖਣੀ ਹੈ ਤਾਂ ਅੱਲਾ ਤਾਲਾ ਨੇ ਆਪ ਸ਼ੱਕਰ ਵਿਛਾ ਦਿੱਤੀ ਤੇ ਜਦ ਆਪ ਨਮਾਜ਼ ਉਪਰੰਤ ਰੋਜ਼ਾਨਾ ਵਾਂਗ ਸ਼ੱਕਰ ਸਫ ਥਲਿਉਂ ਕਢਣ ਲੱਗੇ ਤਾਂ ਇਕ ਪੋਟਲੀ ਵਿਚ ਸ਼ੱਕਰ ਦੀ ਥਾਂ ਸਾਰੇ ਸ਼ੱਕਰ ਹੀ ਵਿਛੀ ਪਈ ਸੀ । ਇਸ ਤੋਂ ਭੀ ਵੱਧ ਪ੍ਰਭਾਵਸ਼ਾਲੀ ਘਟਨਾ ਜਿਸ ਦਾ ਇਤਿਹਾਸ ' ਫਰੀਦਕੋਟ ਨਾਂ ਦੇ ਸ਼ਹਿਰ ਦੀ ਬੁੱਕਲ ਵਿਚ ਬੰਦ ਪਿਆ ਹੈ । ਮੋਕਲ ਹਰ ਰਾਜੇ ਵਲੋਂ ਕਿਲੇ ਦੀ ਉਸਾਰੀ ਸਮੇਂ ਵਾਪਰੀ, ਟੋਕਰੀ ਢੋਂਦੇ ਫਰੀਦ ਤੇ ਕਿਸ ਤਰ੍ਹਾਂ ਸਭ ਅੱਖਾਂ ਲੱਗ ਜਾਂਦੀਆਂ ਹਨ ਤੇ ਸਭ ਨੂੰ ਉਹ ਕਰਤਾਰੀ ਤੇ ਕਰਾਮਾਤੀ ਪੁਰਸ਼ ਲੱਗਦਾ ਹੈ ।

ਰਾਜਾ ਆਪਣੀ ਵਧੀਕੀ ਤੇ ਪਛਤਾਉਂਦਾ ਹੈ ਤੇ ਕਿਲੇ ਦਾ ਨਾਮ ਫਰੀਦ ਦੇ ਨਾਮ ਤੇ ਰਖ ਦਿੰਦਾ ਹੈ ਤੇ ਫਿਰ ਪਿਛੋਂ ਸ਼ਹਿਰ ਹੀ ਫਰੀਦ ਦੇ ਨਾਮ ਤੇ ਇਕ ਸਦੀਵੀ ਯਾਦ ਦੇ ਰੂਪ ਵਿਚ ਕਾਇਮ ਹੈ । ਰੱਬੀ ਰੰਗ ਵਿਚ ਰੰਗੇ ਬਾਬਾ ਫਰੀਦ ਨੂੰ ਲੇਖਕ ਆਮ ਕਰਕੇ ਇਸਲਾਮ ਦੇ ਪ੍ਰਚਾਰਕ ਦੇ ਰੂਪ ਵਿਚ ਪੇਸ਼ ਕਰਦੇ ਹਨ । ਪਰ ਇਸ ਤੋ ਭੀ ਵੱਧ ਬਾਬਾ ਫਰੀਦ ਦੀ ਅੱਲਾ ਤਾਲਾ ਕਹੋ ਜਾਂ ਵਾਹਿਗੁਰੂ ਕਹੋ ਜਾਂ ਰਾਮ ਨਾਮ ਕਹੋ ਜਾਂ ਗਾਡ ਕਹੋ, ਉਸ ਦੇ ਨਾਮ ਦੇ ਪ੍ਰਚਾਰਕ ਹੀ ਨਹੀ ਸਗੋ ਵਾਂਡੀ ਭੀ ਹੋ ਨਿਬੜੇ ਹਨ । ਇਸੇ ਸਦਕਾਂ ਅੱਜ ਤੱਕ ਸਭ ਪੰਜਾਬੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਫਰੀਦ ਦੇ ਸ਼ਲੋਕ ਜ਼ੁਬਾਨੀ ਯਾਦ ਹਨ ।

ਭਗਤ ਤ੍ਰਿਲੋਚਨ ਜੀ ਭਗਤ ਨਾਮਦੇਵ ਜੀ ਦੇ ਸਮਕਾਲੀ ਸਨ । ਦੋਹਾਂ ਭਗਤਾਂ ਦਾ ਆਪਸ ਵਿਚ ਸਤਿਸੰਗ ਹੁੰਦਾ ਰਹਿੰਦਾ ਸੀ । ਜਿਥੇ ਭਗਤ ਨਾਮਦੇਵ ਜੀ ਗਰੀਬੀ ਵਿਚ ਨਿਰਬਾਹ ਕਰਦੇ ਸਨ ਉਥੇ ਆਪ ਜੀ ਕੋਲ ਗੁਜ਼ਾਰੇ ਜੋਗੀ ਧੰਨ ਦੋਲਤ ਸੀ । ਆਪ ਆਏ ਗਏ ਸਾਧੂਆਂ, ਸੰਤਾਂ ਨੂੰ ਭੋਜਨ ਭੀ ਛਕਾਉਂਦੇ ਤੇ ਨਾਲ ਹੀ ਵਸਤਰਾਂ ਆਦਿ ਦੀ ਸੇਵਾ ਭੀ ਕਰਦੇ । ਇਹਨਾਂ ਦੇ ਇਸ ਨੇਕ ਕੰਮ ਤੋ ਖੁਸ਼ ਹੋ ਕੇ ਪਰਮਾਤਮਾ ਨੇ ਆਪ, ਆਪ ਜੀ ਦੇ ਘਰ ਅੰਤਰਜਾਮੀ ਨਾਮ ਦੇ ਇਕ ਨੌਕਰ ਵਜੋ ਆਪ ਦੀ ਪਤਨੀ ਦਾ ਹੱਥ ਸੰਤਾਂ ਦੀ ਸੇਵਾ ਵਿਚ ਵਟਾਉਣਾ ਸ਼ੁਰੂ ਕੀਤਾ, ਪਰ ਪਤਨੀ ਵਲੋ ਅੰਤਰਜਾਮੀ ਜੀ ਦੀ ਨਿੰਦਿਆ ਦੇ ਫਲਸਰੂਪ ਵਾਹਿਗੁਰੂ ਦਾ ਰੂਪ ਨੌਕਰ ਅਲੋਪ ਹੋ ਗਿਆ । ਇਸ ਤਰ੍ਹਾਂ ਆਪ ਜੀ ਨੇ ਨਿੰਦਕ ਨੂੰ ਕਾਲੇ ਮੂੰਹ ਤੇ ਨਰਕ ਦੇ ਵਾਸੀ ਵਜੋ ਜਾਣਿਆ । ਆਪ ਜੀ ਨੇ ਆਵਾਗਵਨ ਬਾਰੇ ਭੀ ਇਕ ਸ਼ਬਦ ਵਿਚ ਦਰਸਾਇਆ ਹੈ ਕਿ ਜੋ ਅੰਤ ਵੇਲੇ ਜੀਵ ਦੇ ਮਨ ਵਿਚ ਆਉਂਦਾ ਹੈ ਉਹ ਉਹੀ ਬਣਦਾ ਹੈ । ਜੇ ਧਨ ਦਾ ਖਿਆਲ ਆਵੇ ਤਾਂ ਸੱਪ, ਵੇਸਵਾ, ਸੂਰ ਆਦਿ ਤੇ ਨਰਾਇਣ ਦੇ ਯਾਦ ਆਉਣ ਨਾਲ ਤਰ ਜਾਂਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦਾ ਇਹੋ ਇਕ ਸ਼ਬਦ ਹੈ ਜੋ ਆਵਾਗਵਨ ਬਾਰੇ ਮਨੁਖੀ ਕਲਪਨਾਂ ਵਿਚ ਚਿੱਤਰ ਘੜਨ ਦੀ ਸਮਰਥਾ ਰਖਦਾ ਹੈ ।

ਭਗਤ ਨਾਮਦੇਵ ਜੀ ਨੂੰ ਭਗਤੀ ਵਿਰਸੇ ਵਿਚ ਮਿਲੀ । ਆਪ ਜੀ ਦੇ ਪਿਤਾ ਧਾਰਮਿਕ ਬਿਰਤੀ ਵਾਲੇ ਨਿਤਨੇਮੀ ਸਨ । ਇਕ ਦਿਨ ਪਿਤਾ ਦੀ ਗੈਰ ਹਾਜ਼ਰੀ ਵਿਚ ਉਹਨਾਂ ਦੇ ਕਹੇ ਮੁਤਾਬਕ ਆਪ ਮੂਰਤੀ ਅਗੇ ਦੁਧ ਰਖਕੇ ਉਸ ਨੂੰ ਭੋਗ ਲਾਉਣ ਦੀ ਬੇਨਤੀ ਕਰਨ ਲਗੇ ਪਰ ਮੂਰਤੀ ਨੇ ਦੁੱਧ ਕੀ ਪੀਣਾ ਸੀ ਆਪ ਭਗਤ ਦੇ ਸਚੇ ਰੂਪ ਵਿਚ

ਜ਼ਿੰਦਗੀ ਮੌਤ ਦਾ ਸਵਾਲ ਬਣਾ ਕੇ ਉਸ ਮੂਰਤੀ ਨੂੰ ਰੱਬ ਸਮਝਣ ਲਗ ਗਏ । ਅੰਤ ਭਗਤ ਦੀ ਦ੍ਰਿੜ੍ਹਤਾ ਤੇ ਪਿਆਰ ਵਸ ਉਹ ਦੁਧ ਭਗਵਾਨ ਨੂੰ ਪੀਣਾ ਪਿਆ ਇਸੇ ਤਰ੍ਹਾਂ ਮੰਦਰ ਦੇ ਦਰਵਾਜ਼ੇ ਦਾ ਘੁੰਮਣਾ, ਮਰੀ ਹੋਈ ਗਊ ਦਾ ਜੀਉਂਦੇ ਹੋਣਾ, ਸੁਕੇ ਖੂਹ ਵਿਚੋਂ ਪਾਣੀ ਦਾ ਉਪਰ ਆਉਣਾ ਆਦਿ ਘਟਨਾਵਾਂ ਆਪ ਜੀ ਦੇ ਜੀਵਨ ਨਾਲ ਵਾਪਰੀਆਂ ਦਸੀਆਂ ਜਾਂਦੀਆਂ ਹਨ । ਪਰ ਆਪ ਜੀ ਮੂਰਤੀ ਪੂਜਾ, ਕਰਮ ਕਾਂਡ ਅਤੇ ਜਾਤ ਪਾਤ ਦੇ ਵਿਰੋਧੀ ਸਨ ।

ਭਗਤ ਸਧਨਾ ਜੀ ਕਿੱਤੇ ਵਜੋ ਭਾਵੇਂ ਕਸਾਈ ਦਾ ਕੰਮ ਕਰਦੇ ਸਨ ਪਰ ਹਿਰਦੇ ਵਿਚ ਉਹ ਭਗਤ ਦੇ ਰੂਪ ਵਿਚ ਪ੍ਰਭੂ ਦਾ ਸਿਮਰਨ ਕਰਦੇ ਸਨ । ਆਪ ਪਾਸ ਸਾਲਗਰਾਮ ਸੀ ਜਿਸ ਤੇ ਉਹ ਵਟਿਆਂ ਦੀ ਥਾਂ ਮਾਸ ਤੋਲਣ ਦਾ ਕੰਮ ਲੈਂਦੇ ਸਨ । ਇਸ ਤੇ ਪੰਡਤ ਚਿੜ੍ਹਦੇ ਸਨ ਜੋ ਕਿ ਇਕ ਕੌਤਕ ਸੀ । ਆਪ ਜੀ ਦੀ ਜ਼ਿੰਦਗੀ ਨਾਲ ਕਈ ਅਦਭੁਤ ਘਟਨਾਵਾਂ ਵਾਪਰੀਆਂ । ਸਭ ਤੋ ਵੱਧ ਹੈਰਾਨ ਕਰਨਵਾਲੀ ਘਟਨਾ ਇਕ ਰਾਤ ਇਕ ਗ੍ਰਹਿਸਤੀ ਇਸਤਰੀ ਦੇ ਘਰੇ ਰਹਿਣ ਵਾਲੀ ਹੈ । ਉਹ ਆਪਣੇ ਪਤੀ ਨੂੰ ਆਪ ਕਤਲ ਕਰਕੇ ਪਹਿਲਾਂ ਭਗਤ ਜੀ ਨੂੰ ਕੁਕਰਮ ਕਰਨ ਲਈ ਮਜਬੂਰ ਕਰਦੀ ਹੈ । ਉਹਨਾਂ ਵਲੋ ਇਨਕਾਰ ਕਰਨ ਤੇ ਉਹਨਾਂ ਉਪਰ ਆਪਣੇ ਪਤੀ ਨੂੰ ਕਤਲ ਕਰਨ ਦਾ ਦੋਸ਼ ਲਾ ਕੇ ਰੌਲਾ ਪਾ ਦਿੰਦੀ ਹੈ । ਕਮਾਲ ਇਹ ਕਿ ਉਹ ਆਪਣੇ ਪਤੀ ਨਾਲ ਭੀ ਆਪ ਹੀ ਸਤੀ ਹੋ ਜਾਂਦੀ ਹੈ । ਭਾਵੇ ਦੁਨੀਆ ਵਿਚ ਤੇ ਉਪਰੋਕਤ ਘਟਨਾਵਾਂ ਭੁਲੇਖੇ ਪਾ ਸਕਦੀਆਂ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨ ਹਾਰੇ ਨੇ ਭਗਤ ਸਧਨਾ ਜੀ ਦੀ ਬਾਣੀ ਨੂੰ ਪ੍ਰਭੂ ਭਗਤਾਂ ਵਿਚ ਲਿਆ ਕੇ ਸਭ ਭੁਲੇਖੇ ਦੂਰ ਕਰ ਦਿੱਤੇ ।

ਭਗਤ ਬੇਣੀ ਜੀ ਗੁਰਬਤ ਦੇ ਹੁੰਦਿਆ ਹੋਇਆਂ ਪ੍ਰਭੂ ਭਗਤੀ ਤੋ ਥਿੜਕੇ ਨਹੀ ਤੇ ਉਸ ਪ੍ਰਭੂ ਉਪਰ ਵਿਸ਼ਵਾਸ਼ ਰਖਕੇ ਉਸ ਦੇ ਲੜ ਲਗੇ ਰਹੇ । ਜਦ ਭਗਤੀ ਪਰਵਾਨ ਹੋਈ ਤਾਂ ਕਹਿੰਦੇ ਹਨ ਕਿ ਪਰਮਾਤਮਾਂ ਆਪ ਰਾਜੇ ਦੇ ਰੂਪ ਵਿਚ ਆ ਕੇ ਭਗਤ ਜੀ ਦੇ ਘਰ ਦੀਆ ਲੋੜ ਦੀਆਂ ਵਸਤਾਂ ਗਡਿਆਂ ਦੇ ਗੱਡੇ ਭਰ ਕੇ ਦੇ ਗਿਆ ।

ਭਗਤ ਰਾਮਾਨੰਦ ਜੀ ਨੇ ਭਗਤੀ ਦੀ ਬਿਨਾਂ ਤੇ ਸਾਰੇ ਜੀਵਾਂ ਨੂੰ ਜਾਤ, ਵਰਣ ਦੀ ਹੱਦ ਤੋੜ ਕੇ ਆਪਣੇ ਵਿਚ ਸ਼ਾਮਲ ਕਰ ਲੈਣ ਦਾ ਉਪਦੇਸ਼ ਦਿੱਤਾ । ਸਾਰਿਆਂ ਨੂੰ ਇਕੋ ਪੰਗਤ ਵਿਚ ਬੈਠਕੇ ਭੋਜਨ ਛਕਣ ਦੀ ਆਗਿਆ ਦਿੱਤੀ ਜਿਸ ਨੇ ਗੁਰਮਤਿ ਕਾਲ

ਵਿਚ ਆ ਕੇ ਲੰਗਰ ਦਾ ਰੂਪ ਧਾਰਨ ਕੀਤਾ ਇਹ ਮਹਾਨ ਪਰੰਪਰਾ ਦਾ ਮੁਢ ਭਗਤ ਰਾਮਾਨੰਦ ਜੀ ਨੇ ਰਖਿਆ । ਆਪ ਜੀ ਨੇ ਭਗਤੀ ਦੇ ਨਿਸਚੇ ਨੂੰ ਦ੍ਰਿੜਾਉਂਦੇ ਹੋਏ ਪਰਚਾਰਿਆ ਕਿ ਅਖਾਉਤੀ ਨੀਚ ਜਾਤ ਦੇ ਜੀਵ ਜੇਕਰ ਪ੍ਰਭੂ ਦੀ ਭਗਤੀ ਕਰਦੇ ਹਨ ਤਾਂ ਉਹ ਉਸ ਕਰਮਕਾਂਡੀ ਬ੍ਰਾਹਮਣ ਨਾਲੋਂ ਚੰਗੇ ਹਨ ਜਿਸ ਦੇ ਦਿਲ ਵਿਚ ਪ੍ਰਭੂ ਪਿਆਰ ਨਹੀਂ । ਆਪ ਜੀ ਉਪਰ ਜਿਥੇ ਰਾਘਵਾਨੰਦ ਜੀ ਦੀ ਕਿਰਪਾ ਹੋਈ ਉਥੇ ਆਪ ਨੇ ਅਨੇਕ ਜੀਵਾਂ ਨੂੰ ਭਗਤਾਂ ਦੀ ਕਤਾਰ ਵਿਚ ਲਿਆ ਖੜਾ ਕੀਤਾ ।

ਭਗਤ ਕਬੀਰ ਜੀ ਦੀ ਸ਼ਖਸ਼ੀਅਤ ਨੇ ਧਰਮਾਂ ਦੀਆਂ ਕੰਧਾਂ ਨੂੰ ਢਾਅ ਕੇ ਦਲੀਲ ਰਾਹੀਂ ਪ੍ਰਭੂ ਪ੍ਰਾਪਤੀ ਹਰ ਇਕ ਦਾ ਜਨਮ ਸਿਧ ਅਧਿਕਾਰ ਸਥਾਪਤ ਕਰ ਦਿੱਤਾ । ਜ਼ਿੰਦਗੀ ਦੇ ਹਰ ਪੱਖ ਨੂੰ ਸਮਝਣ ਗੋਚਰਾ ਬਣਾ ਕੇ ਉਸ ਦੀ ਅਸਲੀਅਤ ਨੂੰ ਖੋਲ੍ਹ ਕੇ ਰਖ ਦਿੱਤਾ । ਇਥੇ ਤੱਕ ਕਿ ਭਗਤ ਜੀ ਦੇ ਅੰਤ ਕਾਲ ਵੇਲੇ ਦੀਆਂ ਸਾਖੀਆਂ ਤੇ ਗੁਰੂ ਨਾਨਕ ਦੇਵ ਜੀ ਦੇ ਅੰਤ ਦੀਆਂ ਸਾਖੀਆਂ ਭੀ ਇਕ ਭਾਸਦੀਆਂ ਹਨ ਜਿਸ ਵਿਚ ਕਿਹਾ ਗਿਆ ਹੈ ਕਿ ਓਹਨਾਂ ਦੇ ਸਰੀਰ ਨੂੰ ਮੁਸਲਮਾਨ ਦਫਨਾਉਣਾ ਚਾਹੁੰਦੇ ਸਨ ਤੇ ਹਿੰਦੂ ਸੰਸਕਾਰ ਕਰਨਾ ਚਾਹੁੰਦੇ ਸਨ ਆਦਿ।

ਭਗਤ ਰਵਿਦਾਸ ਜੀ ਪ੍ਰਭੂ ਭਗਤੀ ਦੀ ਬਦੌਲਤ ਨੀਵੀਂ ਜ਼ਾਤ ਦਾ ਹੋਣ ਦੇ ਬਾਵਜੂਦ ਭੀ ਉਚੀ ਕੁਲ ਦੇ ਰਾਜਿਆਂ ਰਾਣੀਆਂ ਵਿਚ ਸਤਿਕਾਰਿਆ ਹੀ ਨਹੀਂ ਗਿਆ ਸਗੋਂ ਚਿਤੌੜ ਦੇ ਰਾਜ ਘਰਾਨੇ ਵਿਚ ਗੁਰੂ ਰੂਪ ਵਿਚ ਸਤਿਕਾਰਿਆ ਗਿਆ । ਮੀਰਾਂ ਆਪ ਦੀ ਚੇਲੀ ਸੀ । ਆਪ ਨੇ ਬ੍ਰਾਹਮਣਾਂ ਵਲੋਂ ਕੀਤੀ ਗੰਗਾਂ ਦੀ ਯਾਤਰਾਂ ਸਮੇਂ ਭੇਜੀ ਦਮੜੀ ਤੇ ਉਸ ਦੇ ਬਦਲੇ ਗੰਗਾਂ ਮਾਈ ਵਲੋਂ ਭੇਜੀ ਸੁਗਾਤ ਜਿਸਨੂੰ ਪੰਡਤ ਹੜੱਪ ਕਰਨ ਦੀ ਨੀਤ ਨਾਲ ਜਦ ਛੁਪਾ ਲੈਂਦੇ ਹਨ ਤਾਂ ਭਗਤ ਜੀ ਉਹਨਾਂ ਦਾ ਮਾਣ ਤੋੜਨ ਲਈ ਸਿਲ ਚੁਕ ਕੇ ਦਿਖਾਂਦੇ ਹਨ ਤਾ ਉਸ ਸਿਲ ਥਲੇ ਵਹਿੰਦੀ ਗੰਗਾਂ ਵਿਚ ਅਨੇਕਾਂ ਕੰਗਣ ਉਹੋ ਜਿਹੇ ਹਨ ਜਿਸ ਵਿਚੋਂ ਇਕ ਨੂੰ ਉਹਨਾਂ ਨੇ ਛੁਪਾਇਆ ਸੀ । ਇਵੇਂ ਹੀ ਸਾਧੂ ਵਲੋਂ ਪਾਰਸ ਆਪ ਜੀ ਨੂੰ ਦੇਣ ਤੇ ਆਪ ਵਲੋਂ ਉਸ ਦੀ ਵਰਤੋਂ ਨਾ ਕਰ ਉਸ ਪਰਮਾਤਮਾ ਤੇ ਸਾਕਾਰ ਰਹਿਣ ਦੇ ਕਰੰਮ ਨੂੰ ਦ੍ਰਿੜ੍ਹ ਕਰਾਇਆ । ਆਪ ਮਿੱਠ ਬੋਲੜੇ ਪ੍ਰਭੂ ਭਗਤ ਸਨ ।

ਭਗਤ ਪੀਪਾ ਜੀ ਰਾਜਾ ਹੁੰਦੇ ਹੋਏ ਵੀ ਕਈ ਕੁਰੀਤੀਆਂ ਤੋਂ ਪ੍ਰਭੂ ਭਗਤੀ ਦੁਆਰਾ ਛੁਟਕਾਰਾ ਪਾ ਕੇ ਭਗਤਾਂ ਦੀ ਕਤਾਰ ਵਿਚ ਆ ਖੜੇ ਹੋਏ । ਆਪ ਜੀ ਨੂੰ ਸਾਧੂਆਂ ਸੰਤਾਂ ਦੀ ਸੇਵਾ ਹੀ ਤਾਰ ਗਈ ਜਿਸ ਸਦਕਾ ਆਪ ਉਹਨਾਂ ਦੀ ਸੰਗਤ ਕਰਦੇ ਹੋਏ ਕੁਰੀਤੀਆਂ ਤੋ ਮੁਕਤ ਹੋ ਕੇ ਰਾਜ ਭਾਗ ਨਾਲੋਂ ਤੀਰਥ ਯਾਤਰਾ ਤੇ ਭਗਤੀ ਨੂੰ ਉਤਮ ਸਮਝ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਕਰ ਗਏ ।

ਭਗਤ ਸੈਣ ਜੀ ਬਾਂਧਵ ਗੜ੍ਹ, ਰਿਆਸਤ ਰੀਵਾ, ਮੱਧ ਪ੍ਰਦੇਸ਼ ਦੇ ਰਾਜਾ ਰਾਮ ਨਾਂ ਦੇ ਰਾਜੇ ਦੇ ਨਾਈ ਸਨ । ਆਪ ਦੀ ਪ੍ਰਭੂ ਭਗਤੀ ਤੇ ਪ੍ਰੇਮ ਤੋਂ ਖੁਸ਼ ਹੋ ਕੇ ਕਹਿੰਦੇ ਹਨ ਇਕ ਵਾਰ ਪਰਮਾਤਮਾਂ ਆਪ ਭਗਤ ਸੈਣ ਜੀ ਦੀ ਥਾਂ ਰਾਜੇ ਦੀ ਸੇਵਾ ਕਰ ਆਇਆ । ਜਿਸ ਉਪਰੰਤ ਰਾਜਾ ਭੀ ਭਗਤ ਸੈਨ ਜੀ ਦੀ ਦਾ ਸ਼ਰਧਾਲੂ ਹੋ ਗਿਆ ਤੇ ਭਗਤ ਜੀ ਵੀ ਰਾਜੇ ਦੀ ਸੇਵਾ ਕਰਨ ਦੀ ਬਜਾਏ ਉਸ ਪ੍ਰਭੂ ਦੀ ਭਗਤੀ ਵਿਚ ਦਿਨ ਰਾਤ ਲੀਨ ਹੋ ਗਏ ।

ਭਗਤ ਧੰਨਾ ਜੀ ਜੱਟ ਹਿਰਦੇ ਦੇ ਮਾਲਕ ਸਨ ਜੋ ਛਲ, ਕਪਟ, ਸੁਆਰਥ ਤੇ ਵਿਕਾਰਾਂ ਦੀ ਮਾਰ ਤੋ ਪਰੇ ਪ੍ਰਭੂ ਭਗਤੀ ਦੀ ਬਦੌਲਤ ਡੰਗਰ ਚਾਰਦੇ ਚਾਰਦੇ ਪਰਮਾਤਮਾ ਤੱਕ ਪਹੁੰਚ ਗਏ । ਪਰਮਾਤਮਾ ਨੂੰ ਪਾਉਣ ਉਪਰੰਤ ਕਹਿੰਦੇ ਹਨ ਕਿ ਪ੍ਰੇਮ ਬਧ ਪ੍ਰਭੂ ਆਪ ਜੀ ਦੇ ਡੰਗਰ ਭੀ ਮੋੜਦਾ ਰਿਹਾ । ਅਜਿਹੀ ਲੀਲਾ ਭਗਤ ਪ੍ਰਤੀ ਪਰਮਾਤਮਾਂ ਦੇ ਅਥਾਹ ਪਿਆਰ ਨੂੰ ਪ੍ਰਗਟਾਉਂਦੀ ਹੈ । ਆਪ ਦੀਆਂ ਪਰਮਾਤਮਾਂ ਪਾਸੋ ਮੰਗਾਂ ਭੀ ਜੱਟ ਦੇ ਸੁਭਾਅ ਵਰਗੀਆਂ ਸਿਧੀਆਂ ਸਾਦੀਆਂ ਹਨ ਜਿਵੇਂ ਮੱਝ, ਘੋੜਾ, ਜੋਗ, ਰਸਦ ਰਹਿਣ ਲਈ ਛੁੱਗਾ ਤੇ ਰੋਟੀ ਪਕਾਉਣ ਲਈ ਵਹੁਟੀ ਆਦਿ ।

ਭਗਤ ਭੀਖਨ ਜੀ ਮੁਸਲਮਾਨ ਦਰਵੇਸ਼ ਹੋਏ ਹਨ । ਕੇਵਲ ਪਰਮਾਤਮਾ ਦੇ ਨਾਮ ਨੂੰ ਹੀ ਇਕ ਅਮੋਲਕ ਪਦਾਰਥ ਸਮਝ ਉਸ ਨੂੰ ਪ੍ਰਾਪਤ ਕਰਨ ਲਈ ਪ੍ਰਭੂ ਭਗਤੀ ਕਰ ਉਸ ਨੂੰ ਪ੍ਰਾਪਤ ਕਰ ਗਏ । ਸਭ ਦੁਖਾਂ ਦਾ ਇਲਾਜ ਉਹ ਪ੍ਰਭੂ ਭਗਤੀ ਹੀ ਦਸਦੇ ਹਨ ।

ਭਗਤ ਪਰਮਾਨੰਦ ਜੀ ਪੂਰਨ ਤਿਆਗੀ ਤੇ ਪ੍ਰਭੂ ਭਗਤੀ ਵਿਚ ਸੰਤੁਸ਼ਟ ਪੂਰਨ ਗਿਆਨੀ ਸਨ । ਭਗਤ ਜੀ ਉਹਨਾਂ ਜੀਵਾਂ ਨੂੰ ਲਾਹਨਤ ਪਾਉਂਦੇ ਹਨ ਜੋ ਧਾਰਮਿਕ ਪੁਸਤਕਾਂ ਸੁਣ ਕੇ ਗਿਆਨਵਾਨ ਹੋ ਕੇ ਭੀ ਉਹਨਾਂ ਤੇ ਅਮਲ ਨਹੀ ਕਰਦੇ । ਇਕ ਵਾਰ

ਕਿਸੇ ਸੌਦਾਗਰ ਵਲੋਂ ਕੀਮਤੀ ਰੇਸ਼ਮੀ ਕਪੜਾ ਆਪ ਜੀ ਨੂੰ ਤਨ ਢਕਣ ਲਈ ਦਿੱਤਾ ਗਿਆ ਤਾਂ ਆਪ ਨੇ ਲੈਣ ਤੋਂ ਇਨਕਾਰ ਕਰਦਿਆਂ ਹੋਇਆਂ ਕਿਹਾ ਕਿ ਕਿਸੇ ਮੈਥੋਂ ਵੱਧ ਲੋੜਵੰਦ ਨੂੰ ਇਹ ਦਿੱਤਾ ਜਾਵੇ ।

ਭਗਤ ਸੂਰਦਾਸ ਜੀ ਦੀ ਸੱਤਰ " ਛਾਡਿ ਮਨ ਹਰਿ ਬਿਮੁਖਨ ਕੋ ਸੰਗ " ਹੀ ਭਗਤੀ ਦਾ ਨਿਚੋੜ ਹੈ । ਜਦ ਬੇਮੁਖ ਦਾ ਸੰਗ ਛੁਟ ਗਿਆ ਤੇ ਗੁਰਮੁਖਾਂ ਨਾਲ ਪ੍ਰੀਤ ਪੈ ਗਈ ਤਾਂ ਸਭ ਕੁਝ ਪ੍ਰਾਪਤ ਹੋ ਗਿਆ । ਭਗਤ ਜੀ ਨੇ ਤਾਂ ਆਪਣੀਆਂ ਅੱਖਾਂ ਤੱਕ ਨੂੰ ਆਪ ਖਤਮ ਕਰ ਦਿੱਤਾ ਜੋ ਪਰਮਾਤਮਾਂ ਦੇ ਰਸਤੇ ਤੇ ਬੇਮੁਖ ਕਰਕੇ ਕਾਮ ਦੇ ਰਸਤੇ ਤੇ ਤੋਰਦੀਆਂ ਸਨ । ਇਸ ਪ੍ਰਕਾਰ ਭਗਤ ਜੀ ਨੇ ਜੋ ਕਿਹਾ ਪਹਿਲਾਂ ਉਸ ਉਪਰ ਚਲਕੇ ਵਿਖਾਇਆ ।

( ਅਧਿਆਇ ਦੂਸਰਾ )

ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਨ ਕਰਨ ਵੇਲੇ ਤੋ ਪਹਿਲਾਂ ਦਾ ਪੰਧ ਬਹੁਤ ਲੰਮਾ ਹੈ । ਪਹਿਲੇ ਭਗਤ ਜੈਦੇਵ ਜੀ ਦਾ ਜਨਮ 1150 ਈਸਵੀ ਦੇ ਲਾਗੇ ਚਾਗੇ ਹੋਇਆ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1504 ਈਸਵੀ ਵਿਚ ਸੰਪੂਰਨ ਕੀਤਾ । ਇਸ ਲੰਮੇਰੇ ਸਮੇ ਵਿਚ ਭਗਤ ਬਾਣੀ ਦੀ ਸੰਭਾਲ ਤੇ ਉਸ ਵਿਚ ਰਲਾਉ ਤੋ ਬਚਾਅ ਗੁਰਮਤਿ ਦੀ ਮਹਾਨਤਾ ਦਰਸਾਉਂਦਾ ਹੈ ਜਿਸ ਦੀ ਬਦੌਲਤ ਗੁਰੂ ਸਾਹਿਬਾਨ ਨੇ ਇਕ ਅਮੋਲਕ ਵਸਤ ਤੋਂ ਵੀ ਵੱਧ ਇਸ ਦੀ ਕਦਰ ਕੀਤੀ । ਭਗਤ ਬਾਣੀ ਨੂੰ ਇਕੱਤਰ ਕਰਨ ਦਾ ਕੰਮ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਕੀਤਾ ਤੇ ਇਸ ਬਾਣੀ ਨੂੰ ਸਿੱਖ ਮਤ ਦੀ ਨੀਂਹ ਵਜੋਂ ਸਤਿਕਾਰਿਆ । ਫਿਰ ਗੁਰੂ ਅੰਗਦ ਦੇਵ ਜੀ ਤੋਂ ਅਮਰਦਾਸ ਜੀ ਤੱਕ ਤੇ ਫਿਰ ਬਾਬਾ ਮੋਹਨ ਜੀ ਪਾਸ ਪਹੁੰਚ ਸੈਂਚੀਆਂ ਦਾ ਰੂਪਧਾਰ ਗਈ । ਗੁਰੂ ਰਾਮਦਾਸ ਜੀ ਨੇ ਭੀ ਸਮਕਾਲੀ ਭਗਤਾਂ ਦੀ ਬਾਣੀ ਇਕੱਤਰ ਕੀਤੀ ਤੇ ਨਾਲ ਹੀ ਆਪਣੀ ਬਾਣੀ ਵੀ ਲਿਖੀ । ਜਦ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਬਾਣੀ ਨੂੰ ਇਕ ਥਾਂ ਇਕੱਤਰ ਕਰਨ ਦਾ ਉਪਰਾਲਾ ਕੀਤਾ ਤਾਂ ਗੁਰੂ ਰਾਮਦਾਸ ਜੀ ਤੋਂ ਜੋ ਬਾਣੀ ਮਿਲੀ ਉਸ ਤੋ ਬਿਨਾਂ ਰਹਿੰਦੀ ਬਾਣੀ ਭਗਤਾਂ ਦੀ ਤੇ ਪਹਿਲੇ ਗੁਰੂ ਸਾਹਿਬਾਨ ਦੀ ਆਪ ਗੋਇੰਦਵਾਲ ਜਾਂ ਬਾਬਾ ਮੋਹਨ ਜੀ ਪਾਸੋ ਪਿਆਰ ਤੇ ਹਲੀਮੀ ਨਾਲ ਪ੍ਰਾਪਤ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ । ਹੋ ਸਕਦਾ ਹੈ ਕਿ ਕੁਝ ਬਾਣੀ ਹੋਰ ਭੀ ਭਗਤਾਂ ਦੀ ਗੁਰੂ ਅਰਜਨ ਦੇਵ ਜੀ ਨੇ ਆਪ ਘੋਖ ਪਰਖ ਕੇ

ਦਰਜ ਕੀਤੀ ਹੋਵੇ । ਇਸ ਉਪਰੰਤ ਸਭ ਭਗਤਾਂ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣਾ ਉਸਦੀ ਪ੍ਰਮਾਣਿਕਤਾ ਉਪਰ ਮੋਹਰ ਲਾਉਂਦਾ ਹੈ ।

ਗੁਰਮਤਿ ਤੇ ਭਗਤ ਬਾਣੀ ਦੀ ਸਿੱਧਾਂਤਕ ਸਾਂਝ ਨੂੰ ਵੇਖਣ ਉਪਰੰਤ ਅਸੀਂ ਇਸ ਨਤੀਜੇ ਤੇ ਪੁਜਦੇ ਹਾਂ ਕਿ ਭਗਤ ਬਾਣੀ ਦੀ ਵਿਵਹਾਰਕ ਸਾਂਝ ਦਸਾਂ ਨਹੁੰਆਂ ਦੀ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦੀ ਗੁਰਮਤਿ ਨਾਲ ਦਿਖਾਉਣੀ ਕਠਨ ਹੈ । ਕਾਰਨ ਇਹ ਹੈ ਕਿ ਜੇ ਇਸ ਵਿਸ਼ੇ ਉਪਰ ਕੋਈ ਫਰਕ ਹੋਵੇ ਤਾਂ ਉਸ ਵਿਚੋ ਸਾਂਝ ਵਾਲੀ ਗੱਲ ਦੂਸਰੀ ਨਾਲ ਰਲਾ ਦੇਣੀ ਸੌਖੀ ਹੈ ਤੇ ਦਿਸ ਭੀ ਸੌਖੀ ਪੈਂਦੀ ਹੈ ਪਰ ਜਿਥੇ ਫਰਕ ਹੋਵੇ ਹੀ ਕੋਈ ਨਾਂ, ਹੋਣ ਹੀ ਦੋਵੇਂ ਇਕੋ ਤਾਂ ਫਿਰ ਇਹਤਾਂ ਉਵੇ ਹੀ ਹੋਇਆ ਜਿਵੇਂ ਸੱਚ ਨੂੰ ਕਹਿਣਾ ਸੱਚ ਹੈ, ਪਰ ਸੱਚ ਦਾ ਪਤਾ ਨਿਖਰ ਕੇ ਤਾਂ ਹੀ ਲਗਦਾ ਹੈ ਜੇ ਬਰਾਬਰ ਝੂਠ ਹੋਵੇ । ਇਸ ਲਈ ਗੁਰਮਤਿ ਤੇ ਭਗਤ ਬਾਣੀ ਜਿਥੇ ਅਧਿਆਤਮਿਕ ਤੌਰ ਤੇ ਇਕ ਹਨ, ਉਥੇ ਵਿਵਹਾਰਕ ਰੂਪ ਵਿਚ ਭੀ ਇਕ ਹੀ ਹਨ ।

ਭਗਤ ਬਾਣੀ ਤੇ ਗੁਰਬਾਣੀ ਦਾ ਤੁਲਨਾਤਮਿਕ ਅਧਿਐਨ ਭੀ ਸਾਨੂੰ ਉਪਰੋਕਤ ਨਿਸਚੇ ਤੇ ਪਹੁੰਚਾਂਦਾ ਹੈ ਜਿਸ ਵਿਚ ਸ਼ਬਦਾਂ ਦੇ ਸ਼ਬਦ, ਤੁਕਾਂ ਦੀਆਂ ਤੁਕਾਂ ਸਾਂਝੀਆਂ ਹਨ । ਕਈ ਵਾਰ ਤਾਂ ਪਾਠਕ ਭਗਤ ਜਨਾਂ ਦੀ ਬਾਣੀ ਨੂੰ ਗੁਰੂ ਸਾਹਿਬਾਨ ਦੀ ਬਾਣੀ ਹੀ ਸਮਝ ਲੈਂਦੇ ਹਨ । ਇਥੇ ਤੱਕ ਭਗਤ ਕਬੀਰ ਜੀ ਦੀ ਵਿਚਾਰਧਾਰਾ ਤਾਂ ਗੁਰੂ ਗੋਬਿੰਦ ਸਿੰਘ ਦੀ ਵਿਚਾਰਧਾਰਾ ਨਾਲ ਇਕ ਮਿਕ ਜਾਪਦੀ ਹੈ । " ਸੂਰਾ ਸੋ ਪਹਿਚਾਨੀਏ " ਵਾਲਾ ਸ਼ਬਦ ਆਮ ਪਾਠਕ ਗੁਰੂ ਗੋਬਿੰਦ ਸਿੰਘ ਜੀ ਵਲੋ ਰਚਿਆ ਹੋਣ ਦਾ ਭੁਲੇਖਾ ਖਾ ਜਾਂਦੇ ਹਨ ।

( ਅਧਿਆਇ ਤੀਸਰਾ )

ਭਗਤ ਬਾਣੀ ਤੇ ਵਿਸ਼ੇ ਬਹੁਮੁਖੀ, ਬਹੁ-ਪੱਖੀ ਤੇ ਵਿਚਾਰਧਾਰਕ ਤੌਰ ਤੇ ਅਥਾਹ ਸਮੁੰਦਰ ਦੇ ਸਮਾਨ ਹਨ ਜਿਸ ਦਾ ਪਾਰ, ਅੰਤ, ਡੂਘਾਈ ਤੇ ਥਾਹ ਪੂਰੀ ਤਰ੍ਹਾਂ ਪਾ ਸਕਣਾ ਬੁਧੀ ਤੇ ਲਿਖਤ ਦੁਆਰਾ ਕਠਨ ਹੈ । ਕਾਰਨ ਇਹ ਕਿ ਭਗਤ ਬਾਣੀ ਅਨੁਭਵ ਦੀ ਵਸਤੂ ਹੈ ਦਰਸ਼ਨ ਦੀ ਨਹੀਂ । ਦਰਸ਼ਨ ਬੁਧੀਮਾਨ ਵਰਗ ਦੀ ਵਸਤੂ ਹੈ । ਸਮਾਜ ਵਿਚ ਗਿਆਨਵਾਨ ਦੇ ਤੌਰ ਤੇ ਉਹਨਾਂ ਦਾ ਸਤਿਕਾਰ ਹੋ ਸਕਦਾ ਹੈ ਪਰ ਜਨ ਸਧਾਰਨ ਦੀ ਸ਼ਰਧਾ ਤਾਂ ਭਗਤਾਂ ਦੇ ਜੀਵਨ ਦਰਸ਼ਨ ਵਿਚੋ ਅਛੋਪਲੇ ਉਪਜੀ ਹੋਈ ਪਤੀ ਹੀ ਹੁੰਦੀ ਹੈ । ਭਗਤਾਂ ਦੇ ਜੀਵਨ ਦਰਸ਼ਨ ਨੇ ਹੀ ਵਿਗੜੀ ਤੇ ਉਲਝੇ ਤਾਣੀ ਨੂੰ ਸੁਲਝਾ ਕਰਮਕਾਂਡੀ ਪਾਖੰਡ ਤੇ ਗਿਆਨ ਦੀਆਂ ਉਲਝਾਉਣ ਵਾਲੀਆਂ ਘੁਣਤਰਾਂ ਤੋ ਉਪਰ ਇਨਸਾਨ ਨੂੰ ਉਠਣ ਲਈ ਉਪਰਾਲੇ

ਦੇ ਸਰਲ ਸਿੱਧੇ ਤੇ ਪਰਪਕ ਰਸਤੇ ਦਾ ਮਾਰਗ ਦਰਸ਼ਨ ਕੀਤਾ । " ਭੋਲੇ ਭਾਇ ਮਿਲੈ ਰਘੁਰਾਇਆ " ਜਿਹੀਆਂ ਪਰਿਭਾਸਾਵਾਂ ਰਾਹੀਂ ਜੀਵ ਨੂੰ ਪ੍ਰਭੂ ਮਿਲਾਪ ਤਕ ਦੇ ਔਖੇ ਰਸਤੇ ਨੂੰ ਸੁਖੇਨ ਬਣਾ ਦਿਤਾ । ਇਸੇ ਲਈ ਭਗਤ ਬਾਣੀ ਵਿਚ ਵਿਸ਼ਿਆਂ ਦੇ ਰੂਪ ਵਿਚ ਜ਼ਿੰਦਗੀ ਦੇ ਦਿਸਦੇ ਤੇ ਅਣਦਿਸਦੇ ਹਰ ਪੱਖ ਉਪਰ ਉਠਾਏ ਨੁਕਤੇ ਭਗਤ ਬਾਣੀ ਵਿਚ ਅਥਾਹ ਮਿਲਦੇ ਹਨ । ਦੁਨਿਆਵੀ ਤੌਰ ਤੇ ਸਮਝਣ ਤੇ ਸਮਝਾਉਣ ਵਾਲਿਆਂ ਵਿਦਵਾਨਾਂ, ਪੰਡਤਾਂ ਤੇ ਖੋਜੀਆਂ ਵਲੋਂ ਨਿਰਧਾਰਿਤ ਪਰਿਭਾਸ਼ਕ ਸ਼ਬਦਾਵਲੀ ਦੇ ਸ਼ਬਦ ਅਧਿਆਤਮਿਕ, ਧਾਰਮਿਕ, ਸਮਾਜਿਕ, ਸਾਂਸਕ੍ਰਿਤਕ ਅਤੇ ਦਾਰਸ਼ਨਿਕ ਆਦਿ ਵਿਸ਼ਿਆਂ ਦੀਆਂ ਔਕੜਾਂ ਵਿਚੋ ਵੀ ਭਗਤ ਬਾਣੀ ਨੂੰ ਵਾਚੀਏ ਤਾਂ ਹਰ ਵਿਸ਼ੇ ਦਾ ਸਹਿ ਸੁਭਾਅ ਹੀ ਘਰ ਪੂਰਾ ਹੋ ਜਾਂਦਾ ਹੈ । ਮੱਧ ਯੁਗ ਦੀਆਂ ਮੂਲ ਪ੍ਰਵਿਰਤੀਆਂ ਭਗਤ ਬਾਣੀ ਦੇ ਅਧਿਐਨ ਰਾਹੀਂ ਹੀ ਸਮਝ ਗੋਚਰ ਹੋ ਸਕਦੀਆਂ ਹਨ । ਇਸ ਦੇ ਅਧਿਐਨ ਤੋਂ ਬਗੈਰ ਹੋਰ ਰਚਨਾਵਾਂ ਨਿਆਇ ਪੂਰਬਕ ਨਾ ਹੋ ਕੇ ਇਕ ਪਾਸੜ ਰੁੱਖ ਹੀ ਪ੍ਰਦਾਨ ਕਰਦੀਆਂ ਹਨ । ਇਸ ਦਾ ਕਾਰਨ ਇਹ ਹੈ ਕਿ ਭਗਤੀ ਅੰਦੋਲਨ ਹੀ ਉਸ ਸਮੇ ਦੀ ਸਹੀ ਵਿਚਾਰਧਾਰਾ ਦਾ ਕੇਂਦਰ ਸੀ । ਨਾ ਜਾਤ ਪਾਤ ਦਾ ਕੋਈ ਥਾਂ ਸੀ, ਨਾ ਕਰਮਕਾਂਡਾ ਦਾ ਕੂੜਾ ਕਰਕਟ ਸੀ ਤੇ ਨਾ ਗਿਆਨ ਹੀ ਅਗਿਆਨਤਾ ਪੈਦਾ ਕਰਨ ਵਾਲੇ ਨੂੰ ਕੋਈ ਥਾਂ ਸੀ । ਭਗਤਾਂ ਨੇ ਪਰੰਪਰਾ ਤੋ ਚਲੀ ਆ ਰਹੀ ਵਿਰਾਸਤ ਰੂਪੀ ਵਿਚਾਰਧਾਰਾ ਨੂੰ ਹੀ ਆਪਣੀ ਵਿਚਾਰਧਾਰਾ ਦਾ ਅਧਾਰ ਨਹੀਂ ਬਣਾਇਆ ਸਗੋ ਜਿਥੇ ਉਸਦੀ ਨੀਂਹ ਵਿਚ ਨੁਕਸ ਜਾਂ ਵਲ ਵਿੰਗ ਸਨ ਉਸ ਨੂੰ ਬਦਲਕੇ ਕੁਝ ਲੋਕਾਂ ਲਈ ਵਰਤਨ ਯੋਗ ਬਨਾਉਣ ਦੀ ਥਾਂ ਉਸਨੂੰ ਸਰਬੱਤ ਯੋਗ ਬਨਾਉਣ ਲਈ ' ਏਕ ਨੂਰ ਤੇ ਸਭੁ ਜਗੁ ਉਪਜਿਆ ' ਕਹਿ ' ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ' ਜਾਣ ਸਭ ਰੰਧਾਂ ਢਾਹ ਇਕ ਪ੍ਰਮਾਤਮਾ ਦੇ ਆਸਰੇ ਇਕ ਹੋ ਸਭ ਵਿਖਰੇਵੇਂ ਛਡ, ਉਸ ਪ੍ਰਭੂ ਦੇ ਲੜ ਲਗ ਤੇ ਹੋਰਾਂ ਨੂੰ ਲਗਣ ਦਾ ਉਪਦੇਸ਼ ਦੇ ਸਵਰਗ ਦੀ ਲਾਲਸਾ ਵਾਲਿਆਂ ਨੂੰ ਉਸ ਪ੍ਰਭੂ ਚਰਨਾਂ ਵਿਚ ਜੁੜਨ ਦੇ ਆਨੰਦ ਤੋ ਜਾਣੂ ਕਰਾ ਸੱਚ ਖੰਡ ਤੱਕ ਪਹੁੰਚਣਾ ਸੌਖਾ ਬਣਾ ਦਿਤਾ ਜਿਵੇਂ ਅੱਖ ਦੇ ਫੋਰੇ ਵਿਚ ਉਸ ਪ੍ਰਭੂ ਕੋਲ ਪਹੁੰਚ ਜਾਈਦਾ ਹੈ, ਪਰ ਇਹ ਸੰਭਵ ਤਦ ਹੀ ਹੈ ਜੇ ਆਤਮਿਕ ਸਮਰਪਨ ਉਸ ਦਾਤੇ ਅਗੇ ਹਰ ਪੱਖ ਹੋ ਸਕੇ ।

ਭਗਤ ਕਵੀਆਂ ਨੇ ਜਗਤ, ਮੌਤ, ਸਰੀਰ, ਕਰਮ, ਆਵਾਗਵਨ, ਸਵਰਗ ਨਰਕ ਤੇ ਮੁਕਤੀ ਆਦਿ ਵਿਸ਼ਿਆ ਰਾਹੀਂ ਸੰਸਾਰਿਕ ਤੇ ਭੌਤਿਕ ਅਸਥਿਰਤਾ ਵਲ ਧਿਆਨ ਦੁਆ ਕੇ ਪ੍ਰਮਾਤਮਾ ਦੀ ਅਟੱਲਤਾ ਵਿਚਵਿਸ਼ਵਾਸ਼ ਪਕੇਰਿਆਂ ਕੀਤਾ ਹੈ । ਪ੍ਰਭੂ ਦੀ ਪ੍ਰਾਪਤੀ ਲਈ ਜੋ ਮਾਰਗ ਦਰਸ਼ਨ ਕੀਤਾ ਹੈ ਉਸ ਵਿਚ ਸਾਧ-ਸੰਗਤ, ਵੈਰਾਗ ਗਿਆਨ, ਨਾਮ ਸਿਮਰਨ, ਕੀਰਤਨ, ਅਰਦਾਸ ਆਦਿ ਦੀ ਮਹੱਤਤਾ ਦਿਰ੍ਹਾਈ ਹੈ। ਪ੍ਰੰਤੂ ਜੋਰ ਕੇਵਲ ਅਧਿਆਤਮਿਕ ਪੱਖ ਤੇ ਹੀ ਨਹੀਂ ਦਿਤਾ ਸਗੋਂ ਸਮਾਜ ਪ੍ਰਤੀ ਵੀ ਇਨ੍ਹਾਂ ਦੀ ਦੇਣ ਦਾ ਅੰਤ ਕੋਈ ਨਹੀਂ ਹੈ । ਜਾਤ-ਪਾਤ, ਧਾਰਮਿਕ ਕੱਟੜਤਾ ਤੇ ਜਬਰ ਦਾ ਵਿਰੋਧ ਕਰਕੇ ਭਗਤ ਕਵੀਆਂ ਨੇ ਲੋਕ ਤੇ ਪਰਲੋਕ ਦੋਹਾਂ ਵਿਚ ਵਿਅਕਤੀ ਦੀ ਬੰਦ ਖਲਾਸੀ ਦਾ ਰਾਹ ਪਧਰਾ ਕੀਤਾ ।

' ਅਧਿਆਇ ਚੌਥਾ '

ਰੂਪਕ ਪੱਖ ਤੋ ਭਗਤ ਬਾਣੀ ਇਕ ਅਮੋਲ ਖਜ਼ਾਨਾਂ ਹੈ ਜਿਸ ਵਿਚਲਾ ਸੰਗੀਤ ਪ੍ਰਬੰਧ, ਰਾਗ, ਛੰਦ ਪ੍ਰਬੰਧ ਤੇ ਕਾਵਿ ਰੂਪਾਂ ਦੀ ਬਹੁਲਤਾ, ਰਸ, ਬਿੰਬ, ਪ੍ਰਤੀਕ ਤੇ ਅਲੰਕਾਰ ਇਸ ਨੂੰ ਭਰਪੂਰ ਕਰਦੇ ਹਨ । ਬਾਣੀ ਦਾ ਕੁਝ ਵਾਰ ਪਾਠ ਕਰਨ ਤੇ ਇਹ ਮਨ ਤੇ ਆਤਮਾ ਤੇ ਤਾਂ ਦੈਵੀ ਪ੍ਰਭਾਵ ਛਡਦੀ ਹੀ ਹੈ ਨਾਲ ਦੀ ਨਾਲ ਇਹ ਜਬਾਨ ਤੇ ਵੀ ਚੜ੍ਹ ਜਾਂਦੀ ਹੈ । ਸਾਡੀ ਰੋਜਾਨਾਂ ਦੀ ਜ਼ਿੰਦਗੀ ਤੇ ਗਲਬਾਤ ਵਿਚ ਇਹ ਸੁਤੇ ਸਿਧ ਹੀ ਵਰਤੀਣ ਲਗ ਜਾਂਦੀ ਹੈ । ਭਾਸ਼ਾ ਪੱਖੋ ਭਗਤ ਬਾਣੀ ਵਿਚ ਵਰਤੀ ਗਈ ਭਾਸ਼ਾ ਅਜੋਕੀ ਰਾਸ਼ਟਰੀ ਭਾਸ਼ਾ ਦਾ ਪੂਰਵਜ ਮੰਨੀ ਜਾ ਸਕਦੀ ਹੈ । ਇਸ ਪੱਖੋ ਭਗਤ ਬਾਣੀ ਵਿਸ਼ੇਸ ਤੇ ਅਦੁੱਤੀ ਵਰਦਾਨ ਹੈ ।

' ਅਧਿਆਇ ਪੰਜਵਾਂ '

ਭਗਤ ਬਾਣੀ ਦੇ ਅਧਿਐਨ ਤੋਂ ਕਈ ਤੱਤ ਬੜੇ ਸਪਸ਼ਟ ਹੋ ਜਾਂਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਬਾਣੀ ਦਰਜ ਹੈ ਉਸ ਵਿਚ ਗੁਰਮਤਿ ਦੇ ਪ੍ਰਤਿਕੂਲ ਕੁਝ ਵੀ ਨਹੀਂ ਹੈ । ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਨੂੰ ਉਤਨਾ ਹੀ ਆਦਰਯੋਗ ਸਥਾਨ ਦਿੱਤਾ ਹੈ ਜੋ ਗੁਰੂ ਸਾਹਿਬਾਨ ਦੇ ਇਲਾਹੀ ਸ਼ਬਦਾਂ ਨੂੰ । ਇਸ ਲਈ ਕੁਝ ਵਿਦਵਾਨਾਂ ਦੀ ਭਗਤ ਬਾਣੀ ਬਾਰੇ ਕੀਤੀ ਆਪੱਤੀ ਜਾਂ ਤਾਂ ਨਿਰਮੂਲ ਹੈ ਜਾਂ ਭੁਲੇਖੇ ਦੀ ਉਪਜ ।

ਦੂਸਰਾ ਸਿੱਟਾ ਇਹ ਨਿਕਲਦਾ ਹੈ ਕਿ ਗੁਰਬਾਣੀ ਦਾ ਅੰਕੁਰ ਭਗਤ ਬਾਣੀ'ਚ ਹੈ ਤੇ ਭਗਤ ਬਾਣੀ ਦਾ ਭਾਰਤੀ ਚਿੰਤਨ'ਚ ਹੈ । ਇਸ ਪੱਖੋਂ ਇਹ ਰਚਨਾਵਾਂ ਉਸ ਬੀਜ ਦੀ ਆਧਾਰ-ਭੂਮੀ ਹੈ ਜਿਸਦੀ ਸਿਖਰ ਗੁਰਬਾਣੀ ਹੈ । ਇਸ ਵਿਚਾਰ ਅਨੁਸਾਰ ਭਗਤੀ ਕਾਵਿ ਗੁਰਮਤਿ ਨੂੰ ਭਾਰਤੀ ਪਰੰਪਰਾ ਨਾਲ ਜੋੜਦਾ ਹੈ । ਜੋ ਲੋਕ ਭਾਰਤੀ ਚਿੰਤਨ ਨੂੰ ਭਗਤੀ-ਲਹਿਰ ਨਾਲ ਜੋੜਦੇ ਹਨ, ਪਰ ਗੁਰਬਾਣੀ ਨਾਲੋਂ ਨਿਖੇੜਦੇ ਹਨ ਇਹ ਤੱਥਾਂ ਦੇ ਵਿਪਰੀਤ ਹੈ । ਭਗਤ ਬਾਣੀ ਦਾ ਵਿਸਤ੍ਰਿਤ ਅਧਿਐਨ ਸਾਨੂੰ ਇਹ ਨਿਰਣਾ ਲੈਣ ਵਿਚ ਸਹਾਇਤਾ ਕਰਦਾ ਹੈ ਕਿ ਸੌੜੀ ਸੋਚ ਵਿਨਾਸ਼ਕਾਰੀ ਹੈ ਜਦੋਂ ਕਿ ਭਗਤ ਬਾਣੀ ਇਕ ਵਿਸ਼ਾਲ ਪਹੁੰਚ ਦੀ ਧਾਰਨੀ ਹੈ ।

ਤੀਸਰਾ ਤੱਤ ਇਹ ਵੀ ਸਪਸ਼ਟ ਹੁੰਦਾ ਹੈ ਕਿ ਸਮੁੱਚੀ ਭਗਤ-ਬਾਣੀ ਇਕ ਇਤਿਹਾਸਿਕ ਅੜਾਉਣੀ ਨੂੰ ਵੀ ਸਪਸ਼ਟ ਕਰਦੀ ਹੈ । ਇਲਾਕਿਆਂ ਤੇ ਭਾਸ਼ਾਵਾਂ ਦੇ ਅੰਤਰ ਵਿਸ਼ੇਸ਼ ਹਾਲਤਾਂ'ਚ ਰੁਕਾਵਟ ਨਹੀਂ ਬਣਦੇ । ਮੱਧ ਕਾਲੀਨ ਹਾਕਮਾਂ ਦੀ ਜਬਰ ਦੀ ਦ੍ਰਿਸ਼ਟੀ ਨਾਲ ਜੋ ਭਾਰਤੀ ਚਿੰਤਕਾਂ ਲਈ ਵੰਗਾਰ ਉਤਪੰਨ ਹੋਈ ਸੀ, ਉਸ ਦਾ ਟਾਕਰਾ ਕਰਨ ਲਈ ਭਗਤ ਕਵੀਆਂ ਨੇ ਮਿਲਦਾ ਜੁਲਦਾ ਸਮਾਧਾਨ ਹੀ ਲੱਭਿਆ । ਬੰਗਾਲ ਦੇ ਜੈਦੇਵ, ਸਿੰਧ ਦੇ ਸਧਨਾ ਰਾਜਸਥਾਨ ਦੇ ਪੀਪਾ ਤੇ ਧੰਨਾ ਭਗਤ, ਪੰਜਾਬ ਦੇ ਫਰੀਦ, ਉੱਤਰ ਪ੍ਰਦੇਸ਼ ਦੇ ਰਵਿਦਾਸ ਤੇ ਕਬੀਰ ਰਾਮਾਨੰਦ ਤੇ ਪਰਮਾਨੰਦ ਮਹਾਰਾਸ਼ਟਰ ਦੇ ਨਾਮਦੇਵ ਤੇ ਤ੍ਰਿਲੋਚਨ ਸਭਨਾਂ ਦੀ ਬੋਲੀ ਤੇ ਵਿਚਾਰਾਂ ਦੀ ਸਾਂਝ ਇਹੋ ਸਪਸ਼ਟ ਕਰਦੀ ਹੈ ਕਿ ਮੁਸ਼ਕਲ ਸਮੇਂ ਵੀ ਪ੍ਰਭੂ ਹੀ ਮਨੁੱਖ ਦੀ ਟੇਕ ਹੈ ।

ਇਹ ਨਿਰਣਾ ਵੀ ਉਚਿਤ ਹੀ ਹੈ ਕਿ ਭਗਤ ਕਵੀਆਂ ਨੂੰ ਗੁਰੂ ਕਵੀਆਂ ਦੇ ਟਾਕਰੇ ਛੁਟਿਆਉਣਾ ਤਰਕ-ਸੰਗਤ ਨਹੀਂ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ ਹੋਣ ਉਪਰੰਤ ਭਗਤ-ਬਾਣੀ ਵੀ ਗੁਰਬਾਣੀ ਦਾ ਦਰਜਾ ਪ੍ਰਾਪਤ ਕਰਦੀ ਹੈ । ਪ੍ਰੰਤੂ ਕੁਝ ਲੋਕਾਂ ਦਾ ਕੱਲੇ ਕੱਲੇ ਭਗਤ ਕਵੀ ਜਿਵੇਂ " ਰਵਿਦਾਸ " ਆਦਿ ਨੂੰ ਗੁਰੂ ਕਹਿਕੇ ਵਡਿਆਉਣਾ ਵੀ ਤਰਕ-ਸੰਗਤ ਨਹੀਂ ਜਾਪਦਾ । ਕਿਉਂਕਿ ਭਗਤ ਨਾਮ ਦੇਵ ਅਨੁਸਾਰ ਤਾਂ ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨ ਛੂਟੈ ਮੋਹਿ ।। ਵਿਚ ਤਾਂ ਭਗਤ ਦੀ ਸ਼ਕਤੀ ਗੁਰੂ ਤੋਂ ਭੀ ਵਧ ਹੈ । ਪਰ ਭਗਤੀ ਭਾਵ ਰਾਹੀਂ ਜੋ ਕੋਈ ਗੁਰੂ ਸ਼ਬਦ ਭਗਤਾਂ ਲਈ ਵਰਤਦਾ ਵੀ ਹੈ ਤਾਂ

ਉਸ ਉਪਰ ਕਿੰਤੂ ਕਰਨਾ ਭੀ ਠੀਕ ਨਹੀਂ ਹੈ । ਗੁਰੂ ਅਰਜਨ ਦੇਵ ਜੀ ਵਲੋਂ ਦਿੱਤਾ ਹੋਇਆ ਨਾਮ ਭਗਤ ਕੁਝ ਘੱਟ ਸਨਮਾਨ ਵਾਲਾ ਨਹੀਂ ਇਸ ਨੂੰ ਬਦਲਣਾ ਠੀਕ ਨਹੀਂ ਲਗਦਾ । ਇਸ ਤਰ੍ਹਾਂ ਗੁਰਬਾਣੀ ਦਾ ਅਧਿਐਨ ਕਰਦਿਆਂ ( ਸਣੇ ਭਗਤ ਬਾਣੀ ਦੇ ) ਜੋ ਸਰਧਾ ਉਪਜਦੀ ਹੈ, ਉਹੋ ਹੀ ਸਾਡੀ ਟੇਕ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚੋਂ ਹੀ ਭਗਤ-ਕਵੀਆਂ ਦੇ ਵੀ ਦੀਦਾਰ ਹੁੰਦੇ ਹਨ । ਜੇ ਅਸੀਂ ਇਕੱਲੇ ਇਕੱਲੇ ਕਵੀ ਦੀ ਥਾਂ ਤੇ ਸਮੁੱਚੇ ਗੁਰੂ-ਗ੍ਰੰਥ ਸਾਹਿਬ ਨੂੰ ਭਾਰਤੀ ਚਿੰਤਨ ਦਾ ਸਿਖਰ ਸਮਝਕੇ, ਮਧਕਾਲ ਦੀ ਸਮਾਜਿਕ, ਧਾਰਮਿਕ ਹਾਲਤ ਦਾ ਪ੍ਰਤਿਬਿੰਬ ਸਮਝਕੇ ਵਿਚਾਰੀਏ ਤਾਂ ਵੱਖ ਵੱਖ ਜ਼ਾਤਾਂ, ਖੇਤਰਾਂ ਤੇ ਭਾਸ਼ਾਵਾਂ ਦਾ ਸੰਗਮ ਅਨੁਭਵ ਕਰੀਏ ਤਾਂ ਸਾਡੇ ਲਈ ਇਹ ਭਗਤ ਬਾਣੀ ਰਾਸਟਰੀ-ਏਕਤਾ ਦਾ ਨਵਾਂ ਦਰ ਖੋਲ੍ਹਦੀ ਹੈ ।

ਦੇਸ਼ ਦੀ ਅਜੋਕੀ ਰਾਜਸੀ ਸਥਿਤੀ ਨਾਲ ਨਜਿਠੱਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ( ਜਿਸ ਵਿਚ ਭਗਤ ਬਾਣੀ ਵੀ ਦਰਜ ਹੈ ) ਅਪਾਰ ਸ਼ਰਧਾ ਤੇ ਬੱਧੀ ਵਿਵੇਕ ਨਾਲ ਅਧਿਐਨ ਕਰਨਾ ਹੋਰ ਵੀ ਲਾਭਕਾਰੀ ਰਹੇਗਾ । ਭਗਤ-ਬਾਣੀ ਨਿਸਚੇ ਹੀ ਇਸ ਸਾਂਝ ਦਾ ਮਾਰਗ ਦਰਸ਼ਨ ਕਰਦੀ ਹੈ ।

# ਪੁਸਤਕ - ਸੂਚੀ

## (ੳ) ਮੁੱਖ ਸੋਮੇ


1. ਸ੍ਰੀ ਗੁਰੂ ਅਰਜਨ ਦੇਵ ਸੰਪਾਦਕ — ਸ੍ਰੀ ਗੁਰੂ ਗ੍ਰੰਥ ਸਾਹਿਬ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਅੰਮ੍ਰਿਤਸਰ ।

ਪੋਥੀ ਭਗਤ ਬਾਣੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਅੰਮ੍ਰਿਤਸਰ ।

2. ਭਾਈ ਗੁਰਦਾਸ ਜੀ — ਗਿਆਨ ਰਤਨਾਵਲੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਅੰਮ੍ਰਿਤਸਰ 1981.


## (ਅ) ਸਹਾਇਕ ਸੋਮੇ


1. ਅਤਰ ਸਿੰਘ (ਡਾ.) — ਸ਼ੇਖ ਫਰੀਦ ਦੀ ਕਾਵਿ ਕਲਾ
ਸੁਦਰਸ਼ਨ, ਰਘਬੀਰ ਰਚਨਾ ਪ੍ਰਕਾਸ਼ਨ
ਅੰਮ੍ਰਿਤਸਰ, 1975

2. ਸਾਹਿਬ ਸਿੰਘ (ਡਾ.) — ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦਸ ਭਾਗ
ਰਾਜ ਪਬਲਿਸ਼ਰਜ਼, ਜਲੰਧਰ ।

ਗੁਰਬਾਣੀ ਤੇ ਇਤਿਹਾਸ ਬਾਰੇ
ਸਿੰਘ ਬ੍ਰਦਰਜ਼, ਮਾਈ ਸੇਵਾ, ਅੰਮ੍ਰਿਤਸਰ
ਪੰਜਵੀਂ ਵਾਰ 1981.

3. ਐਸ.ਐਸ.ਅਮੋਲ — ਧਰਮਾਂ ਦੀ ਮੁੱਢਲੀ ਜਾਣਕਾਰੀ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਜਨਵਰੀ 1985.

4. ਸੁਰਿੰਦਰ ਸਿੰਘ ਸ਼ੇਰਗਿੱਲ — ਪੰਡਤ ਤਾਰਾ ਸਿੰਘ ਨਰੋਤਮ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ,
ਪਟਿਆਲਾ, 1985

| | | |
|---|---|---|
| 5. | ਸ਼ਰਮਾ ਬੀ.ਪੀ.(ਡਾ.) | ਸੰਤ ਗੁਰੂ ਰਵਿਦਾਸ<br>ਹਜ਼ੂਰੀਆਂ ਐਂਡ ਸਨਜ਼, ਜਲੰਧਰ 1974 |
| 6. | ਐਸ.ਐਲ.ਸੋਂਧੀ ਪ੍ਰਕਾਸ਼ਕ | ਸੰਤ ਨਾਮਦੇਵ ਜੀ<br>ਰਾਧਾ ਸਵਾਮੀ ਸਤਸੰਗ ਬਿਆਸ 1984<br>ਸੰਤ ਕਬੀਰ<br>ਰਾਧਾ ਸਵਾਮੀ ਸਤਸੰਗ ਬਿਆਸ 1984<br>ਨਾਮ ਸਿਧਾਂਤ<br>ਰਾਧਾ ਸਵਾਮੀ ਸਤਸੰਗ ਬਿਆਸ 1984 |
| 7. | ਹਜਾਰੀ ਪ੍ਰਸ਼ਾਦ ਦਵੇਦੀ ਅਨੁਵਾਦ ਕਰਤਾਰ ਸਿੰਘ ਸੂਰੀ (ਡਾ.) | ਕਬੀਰ<br>ਭਾਸ਼ਾ ਵਿਭਾਗ ਪੰਜਾਬ, ਫਰਵਰੀ 1982 |
| 8. | ਹਰਭਜਨ ਸਿੰਘ (ਡਾ) | ਫਰੀਦ ਬਾਣੀ ਮੂਲ ਤੇ ਮੁਲਾਂਕਣ<br>ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ 1972 |
| 9. | ਹਰਦੇਵ ਸਿੰਘ ਪੰਡਿਤ | ਸ੍ਰੀ ਨਾਰਾਇਣ ਹਰੀ ਉਪਦੇਸ਼<br>ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ. ਮਾਈ ਸੇਵਾ, ਅੰਮ੍ਰਿਤਸਰ । |
| 10. | ਕਾਨ੍ਹ ਸਿੰਘ ਭਾਈ | ਮਹਾਨ ਕੋਸ਼<br>ਭਾਸ਼ਾ ਵਿਭਾਗ ਪੰਜਾਬ 1981 |
| 11. | ਕਾਲਾ ਸਿੰਘ ਬੇਦੀ (ਡਾ.) | ਗੁਰੂ ਨਾਨਕ ਸ਼ਬਦ ਰਤਨਾਕਰ<br>ਭਾਸ਼ਾ ਵਿਭਾਗ ਪੰਜਾਬ 1969 |
| 12. | ਕੁਲਵੰਤ ਕੌਰ | ਗੁਰਮਤਿ ਕਾਵਿ ਇਕ ਅਧਿਐਨ<br>ਲੋਕਾਇਤ ਪ੍ਰਕਾਸ਼ਨ ਚੰਡੀਗੜ੍ਹ, 1984 |
| 13. | ਕ੍ਰਿਪਾਲ ਸਿੰਘ ਕਸੇਲ ਸੰਪਾਦਕ | ਪੰਜਾਬੀ ਸਾਹਿਤ ਦਾ ਇਤਿਹਾਸ<br>ਭਾਸ਼ਾ ਵਿਭਾਗ ਪੰਜਾਬ ਪਟਿਆਲਾ 1975 |

14. ਗਿਆਨ ਸਿੰਘ ਗਿਆਨੀ
ਤਵਾਰੀਖ ਗੁਰੂ ਖਾਲਸਾ
ਭਾਸ਼ਾ ਵਿਭਾਗ ਪੰਜਾਬ 1970

15. ਜੋਧ ਸਿੰਘ (ਭਾਈ )
ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

16. ਜੋਧ ਸਿੰਘ ( ਭਾਈ )
ਗੁਰੂ ਨਾਨਕ ਮੱਤ ਦਰਪਨ
ਭਾਸ਼ਾ ਵਿਭਾਗ ਪੰਜਾਬ, 1970

17. ਜੋਧ ਸਿੰਘ
ਭਗਤ ਕਬੀਰ ਜੀ ਜੀਵਨੀ ਅਤੇ ਸਿਖਿਆ
ਪੰਜਾਬੀ ਯੂਨੀਵਰਸਿਟੀ ਪਟਿਆਲਾ 1985

18. ਤਾਰਨ ਸਿੰਘ (ਡਾ.)ਸੰਪਾਦਕ
ਸ੍ਰੀ ਗੁਰੂ ਗ੍ਰੰਥ ਰਤਨਾਵਲੀ
ਪੰਜਾਬੀ ਯੂਨੀਵਰਸਿਟੀ ਪਟਿਆਲਾ ।
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ
ਇਤਿਹਾਸ, ਫਕੀਰ ਸਿੰਘ ਐਂਡ ਸਨਜ਼,
ਘੰਟਾ ਘਰ, ਅੰਮ੍ਰਿਤਸਰ ।
ਨਾਨਕ ਪ੍ਰਕਾਸ਼ ਪਤ੍ਰਿਕਾ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਜੂਨ 1970.

19. ਤੇਜਾ ਸਿੰਘ ਸੋਢੀ
ਸ੍ਰੀ ਗੁਰਬਾਣੀ ਪ੍ਰਕਾਸ਼
ਬੇਦੀ ਗਿਆਨ ਸਿੰਘ ਜੀ ਪਬਲੀਸਰਜ਼
ਲਾਹੌਰ 1932.

20. ਦਰਸ਼ਨ ਸਿੰਘ
ਗੁਰੂ ਗ੍ਰੰਥ ਸਾਹਿਬ ਬਾਣੀ ਵਿਚ ਗੁਰੂ
ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ
ਪਟਿਆਲਾ 1976.

21. ਧਰਮ ਪਾਲ ਸਿੰਗਲ (ਡਾ.)
ਸੰਤ ਸ਼੍ਰੋਮਣੀ ਰਵਿਦਾਸ
ਦੀਪਕ ਪਬਲੀਸਰਜ਼, ਮਾਈ ਹੀਰਾਂ ਗੇਟ
ਜਲੰਧਰ 1983.

22. ਨਰੈਣ ਸਿੰਘ ਗਿਆਨੀ — ਗੁਰੂ ਭਗਤ ਮਾਲ
ਭਾਈ ਚਤਰ ਸਿੰਘ ਜੀਵਨ ਸਿੰਘ
ਮਾਈ ਸੇਵਾ, ਅੰਮ੍ਰਿਤਸਰ ।

ਭਗਤ ਬਾਣੀ ਸਟੀਕ
ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ.
ਮਾਈ ਸੇਵਾ, ਅੰਮ੍ਰਿਤਸਰ 1980.

23. ਪ੍ਰਭਾਕਰ ਮਾਚਵੇ ਅਨੁਵਾਦ ਤੇ ਸੰਪਾਦਨ ਵਜੀਰ ਸਿੰਘ — ਨਾਮ ਦੇਵ ਜੀਵਤ ਤੇ ਦਰਸ਼ਨ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਜਨਵਰੀ 1969.

24. ਪ੍ਰਤਾਪ ਸਿੰਘ ਗਿਆਨੀ — ਭਗਤ ਦਰਸ਼ਨ
ਖਾਲਸਾ ਬ੍ਰਦਰਜ਼ ਮਾਈ ਸੇਵਾ, ਅੰਮ੍ਰਿਤਸਰ

ਗੁਰਮਤਿ ਫਿਲਾਸਫੀ
ਖਾਲਸਾ ਬ੍ਰਦਰਜ਼ ਮਾਈ ਸੇਵਾ ਅੰਮ੍ਰਿਤਸਰ
1979

ਗੁਰਮਤਿ ਲੈਕਚਰ
ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ.
ਮਾਈ ਸੇਵਾ, ਅੰਮ੍ਰਿਤਸਰ 1974.

25. ਪ੍ਰਤਾਪ ਸਿੰਘ ਜੋਤਸ਼ੀ ਗਿਆਨੀ — ਭਗਤ ਨਾਮ ਦੇਵ
ਭਾਈ ਬੂਟਾ ਸਿੰਘ ਪ੍ਰਤਾਪ ਸਿੰਘ
ਮਾਈ ਸੇਵਾ, ਅੰਮ੍ਰਿਤਸਰ

ਭਗਤ ਸ਼ੇਖ ਫਰੀਦ
ਭਾਈ ਬੂਟਾ ਸਿੰਘ ਪ੍ਰਤਾਪ ਸਿੰਘ
ਮਾਈ ਸੇਵਾ, ਅੰਮ੍ਰਿਤਸਰ

26. ਪ੍ਰੇਮ ਪ੍ਰਕਾਸ਼ ਸਿੰਘ (ਡਾ.) — ਗੁਰੂ ਨਾਨਕ ਤੇ ਨਿਰਗੁਣ ਧਾਰਾ
ਭਾਸ਼ਾ ਵਿਭਾਗ ਪੰਜਾਬ 1973

27. ਪਿਆਰਾ ਸਿੰਘ ਪਦਮ ਸੰਪਾਦਕ — ਗੁਰੂ ਗ੍ਰੰਥ ਵੀਚਾਰ ਕੋਸ਼
ਪੰਜਾਬੀ ਯੂਨੀਵਰਸਿਟੀ ਪਟਿਆਲਾ
ਸਤੰਬਰ 1969

28. ਬਦਨ ਸਿੰਘ ਗਿਆਨੀ — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ
( ਫਰੀਦਕੋਟ ਵਾਲਾ ਟੀਕਾ )
ਦੋ ਜਿਲਦਾਂ, ਭਾਸ਼ਾ ਵਿਭਾਗ ਪੰਜਾਬ 1970

29. ਭਗਤ ਸਿੰਘ ਗਿਆਨੀ — ਕਥਾ ਉਪਦੇਸ਼ ਸਾਗਰ
ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ.
ਮਾਈ ਸੇਵਾ, ਅੰਮ੍ਰਿਤਸਰ ।

30. ਮਨਮੋਹਨ ਸਿੰਘ (ਡਾ.) — ਗੁਰੂ ਤੇਗ ਬਹਾਦਰ ਜੀ ਦਾ ਭਗਤੀ ਦਰਸ਼ਨ
ਮਨਦੀਪ ਪ੍ਰਕਾਸ਼ਨ ਨਵੀਂ ਦਿੱਲੀ

31. ਮਹਿੰਦਰ ਕੌਰ ਗਿੱਲ (ਡਾ.) — ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ
ਨਿਊ ਏਜ ਬੁਕ ਸੈਂਟਰ ਅੰਮ੍ਰਿਤਸਰ 1982

32. ਰਜਨੀਸ਼ ਕੁਮਾਰ ਸੰਪਾਦਕ — ਗੁਰੂ ਰਵਿਦਾਸ ਅੰਕ
ਭਾਸ਼ਾ ਵਿਭਾਗ ਪੰਜਾਬ 1971.

33. ਰਜਨੀਸ਼ ਕੁਮਾਰ ਸੰਪਾਦਕ — ਗੁਰਬਾਣੀ ਅਖਾਣ ਤੇ ਅਖੋਤਾਂ
ਭਾਸ਼ਾ ਵਿਭਾਗ ਪੰਜਾਬ 1972.

34. ਰਤਨ ਸਿੰਘ ਜੱਗੀ (ਡਾ.) ਸੰਪਾਦਕ — ਖੋਜ ਪਤ੍ਰਿਕਾ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਮਾਰਚ 1970
ਗੁਰੂ ਨਾਨਕ ਦੀ ਵੀਚਾਰ ਧਾਰਾ
ਨਵਯੁਗ ਪਬਲੀਸ਼ਰਜ਼ ਦਿੱਲੀ 1969
ਗੁਰੂ ਅਰਜਨ
ਭਾਸ਼ਾ ਵਿਭਾਗ ਪੰਜਾਬ ਪਟਿਆਲਾ 1970

35. ਲਾਲ ਸਿੰਘ ਸੰਪਾਦਕ — ਭਗਤੀ ਕਾਵਿ
ਨਿਰਗੁਣ ਸਾਹਿਤ
ਭਾਸ਼ਾ ਵਿਭਾਗ ਪੰਜਾਬ ਪਟਿਆਲਾ

## ਹਿੰਦੀ

1. ਸ਼ਿਵ ਕੁਮਾਰ ਸ਼ਰਮਾ (ਡਾ.) ਹਿੰਦੀ ਸਾਹਿਤ ਜਗ ਔਰ ਪ੍ਰਵਿਰਤੀਆਂ ਅਸ਼ੋਕ ਪ੍ਰਕਾਸ਼ਨ ਦਿੱਲੀ ਅਠਵਾਂ ਸੰਸਕਰਣ 1980.

2. ਸੁਰੈਣ ਸਿੰਘ ਵਿਲਖੁ (ਡਾ.) ਆਦਿ ਗ੍ਰੰਥ ਕੇ ਪਰੰਪਰਾਗਤ ਤਤਵੋਂ ਕਾ ਅਧਿਐਨ, ਭਾਸ਼ਾ ਵਿਭਾਗ ਪੰਜਾਬ ਪਟਿਆਲਾ 1978.

3. ਹਜ਼ਾਰੀ ਪ੍ਰਸ਼ਾਦ ਦਵੇਦੀ (ਡਾ.) ਹਿੰਦੀ ਸਾਹਿਤ ਕੀ ਭੂਮਿਕਾ ਰਾਜ ਕਮਲ ਪ੍ਰਕਾਸ਼ਨ ਦਿੱਲੀ 1969.

4. ਹਰਿਭਜਨ ਸਿੰਘ (ਡਾ.) ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ ਭਾਰਤੀ ਸਾਹਿਤਯ ਮੰਦਿਰ, ਦਿੱਲੀ 1963.

5. ਹਰਿਵੰਸ਼ ਲਾਲ ਸ਼ਰਮਾ (ਡਾ.) ਨਿਰਗੁਣ ਭਗਤੀ ਸਾਧਨਾ ਸੋਧ ਪੱਤਰ- ਗੁਰੂ ਰਵਿਦਾਸ ਗੋਸ਼ਠੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1977.

6. ਗਣਪਤੀ ਚੰਦਰ ਗੁਪਤ (ਡਾ.) ਹਿੰਦੀ ਸਾਹਿਤ ਕਾ ਵਿਗਿਆਨਕ ਇਤਿਹਾਸ ਭਾਰਤੇਂਦੂ ਭਵਨ ਚੰਡੀਗੜ੍ਹ, 1965.

7. ਗੋਬਿੰਦ ਰਾਮ ਸ਼ਰਮਾ (ਡਾ.) ਹਿੰਦੀ ਸਾਹਿਤ ਔਰ ਉਸ ਕੀ ਪ੍ਰਵਿਰਤੀਆਂ ਰੀਗਲ ਬੁਕ ਡਿਪੂ ਦਿੱਲੀ 1900

8. ਗੋਵਿੰਦ ਤ੍ਰਿਗੁਣਾਇਤ (ਡਾ.) ਕਬੀਰ ਕੀ ਵਿਚਾਰ ਧਾਰਾ ਸਾਹਿਤ ਨਿਕੇਤਨ ਕਾਨਪੁਰ ਪਹਿਲਾ ਸੰਸਕਰਣ ਸੰਮਤ 2009.

9. ਧਰਮ ਪਾਲ ਮੈਂਨੀ (ਡਾ.) ਰੈਦਾਸ ਸਾਹਿਤ ਅਕਾਦਮੀ ਨਵੀਂ ਦਿੱਲੀ 1979

10. ਧਰਮ ਪਾਲ ਸਰੀਨ ਡਾ. — *ਨੀਚ ਤੇ ਊਚ ਕੀਓ ਮੇਰੇ ਸਤਿਗੁਰੂ*
ਐਸ. ਚਾਂਦ ਐਂਡ ਕੰਪਨੀ, ਨਵੀਂ ਦਿੱਲੀ 1977.

11. ਧਰਮ ਪਾਲ ਸਿੰਗਲ (ਡਾ.) — *ਸੰਤ ਸਿਰੋਮਣੀ ਰਵਿਦਾਸ*
ਦੀਪਕ ਪਬਲਿਸ਼ਰਜ਼ ਜਲੰਧਰ 1983.

12. ਧਰਮ ਪਾਲ ਸਿੰਗਲ (ਡਾ.) ਅਤੇ ਰੋਸ਼ਨ ਲਾਲ ਅਹੂਜਾ (ਡਾ.) — *ਗੁਰ ਪਰਮੇਸ਼ਰ ਨਾਨਕ*
ਰਾਜ ਪਬਲੀਸ਼ਰਜ਼ ਜਲੰਧਰ, 1969

13. ਪਦਮ ਗੁਰਚਰਨ ਸਿੰਘ (ਡਾ.) — *ਸੰਤ ਰਵਿਦਾਸ: ਵਿਚਾਰਕ ਔਰ ਕਵੀ*
ਨਵਚਿੰਤਨ ਪ੍ਰਕਾਸ਼ਨ, ਜਲੰਧਰ 1977.

14. ਪਰਸ਼ੂ ਰਾਮ ਚਤੁਰਵੇਦੀ (ਆਚਾਰਯ) — *ਉੱਤਰੀ ਭਾਰਤ ਕੀ ਸੰਤ ਪਰੰਪਰਾ*
ਦਿੱਲੀ

15. ਪ੍ਰਿਥਵੀ ਸਿੰਘ ਅਜ਼ਾਦ (ਆਚਾਰਯ) — *ਰਵਿਦਾਸ-ਦਰਸ਼ਨ*
*ਗੁਰੂ ਰਵਿਦਾਸ*
ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 197

16. ਬੇਨੀ ਪ੍ਰਸ਼ਾਦ ਸ਼ਰਮਾ (ਡਾ.) — *ਸੰਤ ਗੁਰੂ ਰਵਿਦਾਸ*
ਸੂਰਯ ਪ੍ਰਕਾਸ਼ਨ, ਦਿੱਲੀ 1972.
*ਸੰਤ ਗੁਰੂ ਰਵਿਦਾਸ ਬਾਣੀ*
ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ,
ਸੰਮਤ 2035.
*ਸੰਤ ਰਵਿਦਾਸ ਕੀ ਭਕਤਿ ਸਾਧਨਾ*
ਵਿਸ਼ਵ ਭਾਰਤੀ ਪ੍ਰਕਾਸ਼ਨ ਚੰਡੀਗੜ੍ਹ,
ਸੰਮਤ 2037.

18. ਮਨਮੋਹਨ ਸਹਿਗਲ (ਡਾ.) — *ਗੁਰੂ ਗ੍ਰੰਥ ਸਾਹਿਬ: ਏਕ ਸਰਵੇਖਣ*
ਭਾਸ਼ਾ ਵਿਭਾਗ ਪੰਜਾਬ ਪਟਿਆਲਾ 1971

18. ਰਜਨੀਸ਼ ਕੁਮਾਰ ਸੰਪਾਦਕ — ਗੁਰਮਤਿ ਨਿਰਣੈ
ਭਾਸ਼ਾ ਵਿਭਾਗ ਪੰਜਾਬ, ਪਟਿਆਲਾ
1975.

19. ਰਤਨ ਸਿੰਘ ਜੱਗੀ (ਡਾ.) — ਗੁਰੂ ਨਾਨਕ, ਵਿਅਕਤਿਤ੍ਵ, ਕ੍ਰਿਤਤ ਔਰ ਚਿੰਤਨ, ਭਾਸ਼ਾ ਵਿਭਾਗ ਪੰਜਾਬ ਪਟਿਆਲਾ
1972.

20. ਰਾਮ ਕੁਮਾਰ ਵਰਮਾ (ਡਾ.) — ਸੰਤ ਕਬੀਰ
ਸਾਹਿਤਯ ਭਵਨ ਪ੍ਰਾ.ਲਿ. ਇਲਾਹਾਬਾਦ
1966.
ਹਿੰਦੀ ਸਾਹਿਤਯ ਕਾ ਆਲੋਚਨਾਤਮਿਕ ਇਤਿਹਾਸ, ਰਾਮ ਨਰਾਇਣ ਲਾਲ,
ਇਲਾਹਾਬਾਦ 1948.

21. ਰਾਮ ਚੰਦ੍ਰ ਸ਼ੁਕਲ (ਆਚਾਰਯ) — ਹਿੰਦੀ ਸਾਹਿਤਯ ਕਾ ਇਤਿਹਾਸ
ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ
2018 ਸੰਮਤ.

## ਅੰਗ੍ਰਜ਼ੀ


1. ਅਰਨਸਟ ਟਰੰਪ ਡਾ. — ਦੀ ਆਦਿ ਗ੍ਰੰਥ, ਮੁਨਸ਼ੀ ਰਾਮ ਮਨੋਹਰ ਲਾਲ ਨਵੀਂ ਦਿੱਲੀ 1970
2. ਐਮ. ਏ. ਮੈਕਾਲਿਫ — ਦਾ ਸਿੱਖ ਰੀਲਿਜਨ ਭਾਗ 5-6, ਐਸ.ਚਾਂਦ ਐਂਡ ਕੰਪਨੀ, ਨਵੀਂ ਦਿੱਲੀ 1963.
3. ਸਤਿਆ ਪ੍ਰਕਾਸ਼ ਸਰਸਵਤੀ ਸਵਾਮੀ ਅਨੁਵਾਦਕ. — ਰਿੱਗ ਵੇਦ ਸਹਿਤਾ ਭਾਗ ਦਸ, ਵੇਦ ਪ੍ਰਤਿਸ਼ਠਾਨ ਨਵੀਂ ਦਿੱਲੀ 1983.
4. ਸੁਰਿੰਦਰ ਸਿੰਘ ਕੋਹਲੀ (ਡਾ.) — ਏ ਕਰਿਟੀਕਲ ਸਟੱਡੀ ਆਫ ਆਦਿ ਗ੍ਰੰਥ, ਪੰਜਾਬੀ ਰਾਈਟਰ ਕੋਆਪਰੇਟਿਵ ਸੋਸਾਇਟੀ ਦਿੱਲੀ 1961.
5. ਦਰਸ਼ਨ ਸਿੰਘ (ਡਾ.) — ਇੰਡੀਅਨ ਭਗਤੀ ਟਰੇਡੀਸ਼ਨਜ਼ ਐਂਡ ਸਿਖ ਗੁਰੂ, ਲਾਇਲ ਬੁਕ ਡਿਪੋ, ਲੁਧਿਆਣਾ 1968.
6. ਮੋਹਨ ਸਿੰਘ ਦੀਵਾਨਾ (ਡਾ.) — ਏ ਹਿਸਟਰੀ ਆਫ ਪੰਜਾਬੀ ਲਿਟਰੇਚਰ, ਭਾਰ ਪ੍ਰਕਾਸ਼ਨ ਜਲੰਧਰ ਤੀਜੀ ਵਾਰ 1971.